

# ਫਾਸ਼ੀਵਾਦ ਨੂੰ ਵੰਗਾਰ

ਡੋਲੋਰਸ ਇਬਾਰੂਰੀ

1

# ਫਾਸ਼ੀਵਾਦ ਨੂੰ ਵੰਗਾਰ

(ਲਾ ਪੈਸੀਓਨਾਰੀਆ ਦੀ ਸਵੈ-ਜੀਵਨੀ)

ਅਨੁਵਾਦ: ਬੂਟਾ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

2

This book is Punjabi translation of the auto-biography "They Shall Not Pass" of Spanish communist leader La Pasionaria. Its English version was published in 1961, by International Publishers. (The original Spanish Edition was "No Pasaran!")

Author : Dolores Ibarruri (La Pasionaria)

Punjabi translation By Boota Singh
e-mail: atoozed@gmail.com
Mobile: 94634-74342

ਪਹਿਲੀ ਵਾਰ : ਅਪ੍ਰੈਲ 2010
ਦੂਜਾ ਐਡੀਸ਼ਨ : ਅਕਤੂਬਰ 2010

© ਪ੍ਰਕਾਸ਼ਕ

ਪਹਿਲੀ ਵਾਰ: ਅਗਸਤ, 2010
ਮੁੱਲ: 200 ਰੁਪਏ

ਪ੍ਰਕਾਸ਼ਕ: 5 ਆਬ ਪ੍ਰਕਾਸ਼ਨ, ਜਲੰਧਰ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
*5aabparkashan@gmail.com*
*www. 5aabparkashan.com*

ਕੰਪੋਜ਼: ਰਣਜੀਤ ਕੌਰ

ਪ੍ਰਿੰਟਰਜ਼: ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

# ਤਤਕਰਾ

## ਹਿੱਸਾ ਪਹਿਲਾ


1. ਸ਼ੁਰੂ ਵਿਚ ਇੱਥੇ..... 7
2. ਪ੍ਰੋਲੇਤਾਰੀ 12
3. ਸਮਾਜਵਾਦੀ ਲਫ਼ਜ਼ 16
4. ਸਸਕਾਰ 'ਚ ਖ਼ਲੱਲ 24
5. ਫ਼ੌਜ ਸੜਕਾਂ 'ਤੇ 33
6. ਖਾਣ ਮਜ਼ਦੂਰਾਂ ਦੇ ਬੱਚੇ 37
7. ਹੋਣੀ 49
8. ਬਚਪਨ ਤੋਂ ਪਰਪੱਕਤਾ.. 54
9. 1917: ਫ਼ੈਸਲਾਕੁਨ ਵਰ੍ਹਾ 59
10. ਮਿਸ਼ਨਰੀ 69
11. ਤਾਨਾਸ਼ਾਹੀ ਦਾ ਖ਼ਾਤਮਾ 80


## ਹਿੱਸਾ ਦੂਜਾ


12. ਮੇਰੀ ਪਹਿਲੀ ਗ੍ਰਿਫ਼ਤਾਰੀ 86
13. ਮੈਡਰਿਡ ਨੂੰ ਵਾਪਸੀ 99
14. ਸਿਆਸੀ ਕੈਦਣਾਂ 108
15. ਸਮਾਜਵਾਦੀ ਚੁਰਾਹੇ 'ਤੇ 117
16. 1934 ਦੀ ਬਗ਼ਾਵਤ 123
17. ਔਰਤਾਂ ਫਾਸ਼ੀਵਾਦ ਦੇ ਵਿਰੋਧ 'ਚ 128
18. ਇਕ ਗ਼ੈਰ-ਸੈਲਾਨੀ ਫੇਰੀ 133
19. ਖੁੱਲ੍ਹ-ਦਿਲੀ ਨਾਲ ਸਹਾਇਤਾ 145
20. ਲੋਕ ਮੁਹਾਜ਼ ਦੀ ਜਿੱਤ 150
21. ਮੈਂ ਡਿਪਟੀ ਬਣੀ 158
22. ਸੰਸਦ ਦੇ ਅੰਦਰ ਕਮਿਊਨਿਸਟ 164
23. ਤੂਫ਼ਾਨ ਦੇ ਬੀਜ 172


## ਹਿੱਸਾ ਤੀਜਾ


24. ਬਗ਼ਾਵਤ 183
25. ਸੈਨਿਕ 188
26. ਦਖ਼ਲਅੰਦਾਜ਼ੀ ਨਾ ਕਰਨ ਦੀ ਨੀਤੀ 194
27. ਪਰਖ ਦਾ ਦੌਰ 198
28. ਪੰਜਵੀਂ ਰੇਜੀਮੈਂਟ 205
29. ਪੈਰਿਸ 'ਚ ਨੁਮਾਇੰਦਗੀ 215
30. ਕਮਿਊਨਿਸਟ ਸਰਕਾਰ 'ਚ ਸ਼ਾਮਲ ਕਿਉਂ ਹੋਏ 224
31. ਵਿਚਾਰਾਂ ਦੀ ਖੁੱਲ੍ਹ 230
32. ਮੈਡਰਿਡ ਦੀ ਰਾਖੀ 239
33. ਅਭੁੱਲ ਪਲ 245
34. ਸੋਵੀਅਤ ਸਹਾਇਤਾ 254
35. ਦੋਸਤ 258
36. ਔਖੀਆਂ ਘੜੀਆਂ 263
37. ਕੈਟਾਲੋਨੀਆ 'ਚ ਉਲਟ ਇਨਕਲਾਬ 275
38. ਲਾਰਗੋ ਤੋਂ ਨੈਗਰਿਨ ਤੱਕ 281
39. ਉੱਤਰ ਦੀ ਹਾਰ 286
40. ਟੇਰੂਅਲ ਦੀ ਜਿੱਤ ਤੇ ਹਾਰ 293
41. ਤੇਰਾਂ ਨੁਕਤੇ 300
42. ਆਤਮ-ਸਮਰਪਣ ਦਾ ਜ਼ੋਰ ਪੈ ਗਿਆ 307
43. ਕੈਟਾਲੋਨੀਆ ਦੁਸ਼ਮਣ ਦੇ ਹਵਾਲੇ 314
44. ਤਬਾਹੀ 317
45. ਨੈਗਰਿਨ ਕਿੱਧਰ ਨੂੰ ? 327
46. ਬੱਜਰ ਜੁਰਮ 331
47. ਨਵੀਂ ਸ਼ੁਰੂਆਤ 339

# ਮੁੱਖਬੰਦ

ਇਹ ਕਿਤਾਬ ਅੰਗਰੇਜ਼ੀ 'ਚ ਪ੍ਰਕਾਸ਼ਤ ਹੋਣ ਦੇ ਮੌਕੇ 'ਤੇ ਮੈਂ ਅੰਗਰੇਜ਼ੀ ਜ਼ਬਾਨ ਬੋਲਣ ਵਾਲੀਆਂ ਦੁਨੀਆਂ ਦੀਆਂ ਜਮਹੂਰੀ ਲਹਿਰਾਂ ਨੂੰ ਨਿੱਘ ਭਰਪੂਰ ਅਤੇ ਦਿਲ ਦੀਆਂ ਪੂਰੀਆਂ ਗਹਿਰਾਈਆਂ 'ਚੋਂ ਦੋਸਤਾਨਾ ਭਰਾਤਰੀ ਵਧਾਈਆਂ ਦਿੰਦੀ ਹਾਂ, ਉਚੇਚੇ ਤੌਰ 'ਤੇ ਅਬਰਾਹਮ ਲਿੰਕਨ, ਬਰਤਾਨਵੀ ਅਤੇ ਮੈਕਕੈਨਜ਼ੀ-ਪੈਪਿਨਿਊ ਬਟਾਲੀਅਨਾਂ ਦੇ ਸੂਰਮੇ ਯੋਧਿਆਂ ਨੂੰ, ਜਿਨ੍ਹਾਂ ਨੇ 1936 ਤੋਂ ਲੈ ਕੇ 1939 ਤੱਕ ਦੇ ਮੁਸ਼ਕਲਾਂ ਭਰੇ ਸਾਲਾਂ 'ਚ ਸਪੇਨ ਦੀ ਜਮਹੂਰੀਅਤ ਦੀ ਰਾਖੀ ਕਰਨ ਲਈ ਸੇਵਾਵਾਂ ਅਰਪਿਤ ਕੀਤੀਆਂ।

ਜਦੋਂ ਮੈਂ ਇਹ ਕਿਤਾਬ ਲਿਖ ਰਹੀ ਸੀ ਤਾਂ ਮੇਰੇ ਦਿਮਾਗ 'ਚ ਸਿਰਫ਼ ਕੁਝ ਸੰਖੇਪ ਯਾਦਾਂ ਨੂੰ ਛਪਵਾਉਣਾ ਹੀ ਨਹੀਂ ਸੀ, ਇਸ ਦੀ ਮਹੱਤਤਾ ਮੈਂ ਦੋਮ ਦਰਜੇ ਦੀ ਸਮਝਦੀ ਸੀ, ਅਸਲ ਵਿਚ, ਮੇਰੀ ਇੱਛਾ ਸਪੇਨੀ ਲੋਕਾਂ ਦੀਆਂ ਸੰਘਰਸ਼ ਦੀਆਂ ਰਵਾਇਤਾਂ ਦੀ ਲਿਖਤੀ ਤਸਦੀਕ ਪੇਸ਼ ਕਰਨਾ, ਅਤੇ ਅੱਜ ਦੇ ਪਿਛਾਖੜੀ ਕੂੜ-ਪ੍ਰਚਾਰ ਦੇ ਜਵਾਬ 'ਚ ਸਾਡੀ ਜੰਗ ਦਾ ਸੱਚ ਸਾਹਮਣੇ ਲਿਆਉਣਾ ਸੀ।

ਸਭ ਤੋਂ ਵੱਧ ਅਤੇ ਬਹੁਤ ਹੀ ਉਚੇਚੇ ਤੌਰ 'ਤੇ ਮੈਂ ਗਣਰਾਜਵਾਦੀ ਯੋਧਿਆਂ ਦੀ ਅਡੋਲ ਸੂਰਮਗਤੀ, ਕੌਮਾਂਤਰੀ ਬ੍ਰਿਗੇਡਾਂ ਦੇ ਯੋਧਿਆਂ ਦੇ ਤਿਆਗ, ਜਾਹੋ-ਜਲਾਲ ਅਤੇ ਲੜਾਕੂ ਜਜ਼ਬੇ ਨੂੰ ਪੇਸ਼ ਕਰਨਾ ਚਾਹੁੰਦੀ ਸੀ, ਮੇਰੇ ਪਿਆਰੇ ਸਤਿਕਾਰਯੋਗ ਦੋਸਤੋ, ਜਿਸ ਦਾ ਤੁਸੀਂ ਹਿੱਸਾ ਸੀ, ਜਿਨ੍ਹਾਂ ਦੇ ਰੂਪ 'ਚ ਸਾਡੇ ਲੋਕਾਂ ਨੂੰ ਉਨ੍ਹਾਂ ਲੋਕਾਂ ਦੀ ਭਰਾਤਰੀ ਨੁਮਾਇੰਦਗੀ ਦੇ ਦੀਦਾਰ ਹੋਏ ਜੋ ਸਪੇਨ ਤੋਂ ਬਹੁਤ ਦੂਰ ਪਰ ਸਾਡੇ ਪਿਆਰ ਅਤੇ ਸਾਡੇ ਦਿਲਾਂ ਦੇ ਬਹੁਤ ਨੇੜੇ ਸਨ।

ਦਿਨ ਅਤੇ ਵਰ੍ਹੇ ਗੁਜ਼ਰ ਗਏ ਹਨ। ਪੁਰਾਣੇ ਵੈਰ-ਵਿਰੋਧ ਮਿਟ ਚੁੱਕੇ ਹਨ; ਸਮੇਂ ਨੇ ਉਹ ਜ਼ਖਮ ਭਰ ਦਿੱਤੇ ਹਨ ਜੋ ਜੰਗ ਨੇ ਦਹਿ-ਲੱਖਾਂ ਮਨੁੱਖਾਂ ਦੇ ਪਿੰਡਿਆਂ ਅਤੇ ਰੂਹਾਂ 'ਤੇ ਪੱਛ ਦਿੱਤੇ ਸਨ।

ਨਵੀਂ ਪੀੜ੍ਹੀ ਹੁਣ ਸੰਘਰਸ਼ ਦੇ ਅਖਾੜੇ 'ਚ ਪੈਰ ਧਰ ਰਹੀ ਹੈ। ਅਤੇ ਇਨ੍ਹਾਂ 'ਚ ਉਹ ਹਨ ਜੋ ਜੰਗ 'ਚ ਸ਼ਾਮਲ ਨਹੀਂ ਸਨ ਜਾਂ ਜਿਨ੍ਹਾਂ ਨੇ ਜੰਗ ਆਪਣੇ ਪਿੰਡਿਆਂ 'ਤੇ ਨਹੀਂ ਹੰਢਾਈ, ਉਨ੍ਹਾਂ ਨੇ ਜਮਹੂਰੀਅਤ, ਮੁਕਤੀ ਅਤੇ ਨਿਆਂ ਦਾ ਪਰਚਮ ਨਵੇਂ ਸਿਰਿਉਂ ਲਹਿਰਾਇਆ ਹੈ, ਜਿਸ ਦੀ ਖ਼ਾਤਰ ਸਾਡੀ ਮੁਕਤੀ ਦੀ ਜੰਗ ਦੇ ਸਿਰੇ ਦੇ ਸੂਰਬੀਰ ਯੋਧਿਆਂ ਨੇ ਆਪਣਾ ਲਹੂ ਡੋਲ੍ਹਿਆ ਸੀ ਅਤੇ ਜਾਨਾਂ ਵਾਰੀਆਂ ਸਨ।

ਅਤੇ ਜਦੋਂ ਇਕ ਵਾਰ ਫਿਰ, ਸਾਡੇ ਸ਼ਹਿਰਾਂ ਦੀਆਂ ਸੜਕਾਂ 'ਤੇ ਆ ਕੇ ਜਵਾਨੀ, ਸਾਡੇ ਦੇਸ਼ ਦੀ ਭਵਿੱਖੀ ਜਮਹੂਰੀਅਤ ਨੂੰ ਸਮਰਪਿਤ ਹੋ ਕੇ ਸਪੇਨ ਨੂੰ ਤਰੱਕੀ ਲਈ ਖੁੱਲ੍ਹਾ ਆਜ਼ਾਦ ਦੇਸ਼ ਬਣਾਉਣ ਦੀ ਇੱਛਾ ਦਾ ਐਲਾਨ ਕਰਦੀ ਹੈ, ਜਿਸ ਵਿਚ ਸਾਰੇ ਸਪੇਨ ਵਾਸੀਆਂ ਦੀਆਂ

5

ਸ਼ਹਿਰੀ ਆਜ਼ਾਦੀਆਂ ਅਤੇ ਸਭਨਾਂ ਸਿਆਸੀ ਧੜਿਆਂ ਨੂੰ ਕੰਮ ਕਰਨ ਦੀ ਆਜ਼ਾਦੀ ਸੰਭਵ ਹੋਵੇਗੀ, ਤਾਂ ਅਸੀਂ ਸੋਚਦੇ ਹਾਂ ਕਿ ਸਾਡਾ ਸੰਘਰਸ਼ ਅਜਾਈਂ ਨਹੀਂ ਗਿਆ। ਲੰਮੀ ਫਾਸ਼ੀਵਾਦੀ ਰਾਤ ਤੋਂ ਬਾਦ, ਸਪੇਨ 'ਚ ਨਵੇਂ ਦਿਨ ਦੀ ਪਹੁ ਫੁੱਟ ਰਹੀ ਹੈ। ਸਾਡੇ ਲੋਕਾਂ ਦੀਆਂ ਕੁਰਬਾਨੀਆਂ ਨੂੰ ਫ਼ਲ ਪੈ ਰਹੇ ਹਨ—ਫ਼ਲ ਜਿਨ੍ਹਾਂ ਦੇ ਬੀਜਾਂ ਨੂੰ ਸਾਡੀਆਂ ਔਰਤਾਂ ਨੇ ਹੰਝੂਆਂ ਨਾਲ, ਸਾਡੇ ਬਿਹਤਰੀਨ ਇਨਸਾਨਾਂ ਨੇ ਆਪਣੇ ਲਹੂ ਨਾਲ, ਉਨ੍ਹਾਂ ਸਾਰਿਆਂ ਨੇ ਆਪਣੇ ਮੁੜ੍ਹਕੇ ਨਾਲ ਸਿੰਜਿਆ ਸੀ ਜੋ ਅਮਨ, ਮੁਕਤੀ ਅਤੇ ਜਮਹੂਰੀਅਤ ਵਾਲੇ ਸਪੇਨ ਦੀ ਖ਼ਾਤਰ ਲੜੇ।

ਉੱਤਰੀ ਅਮਰੀਕਾ, ਬਰਤਾਨੀਆ ਅਤੇ ਕਾਮਨ ਵੈਲਥ ਦੇ ਦੇਸ਼ਾਂ ਦੇ ਦੋਸਤੋ, ਬੀਤੇ ਦੇ ਤੁਹਾਡੇ ਸੰਘਰਸ਼, ਅਤੇ ਸਪੇਨੀ ਲੋਕਾਂ ਲਈ ਤੁਹਾਡੀ ਗਹਿ-ਗੱਡਵੀਂ ਮਿੱਤਰਤਾ ਲਈ ਧੰਨਵਾਦ!

ਡੋਲੋਰਸ ਇਬਾਰੂਰੀ

ਜੂਨ 1966

# ਦੂਜੇ ਪੰਜਾਬੀ ਐਡੀਸ਼ਨ ਬਾਰੇ

ਛੇ ਮਹੀਨੇ ਬਾਅਦ ਇਸ ਅਹਿਮ ਕਿਤਾਬ ਦਾ ਦੂਜਾ ਪੰਜਾਬੀ ਐਡੀਸ਼ਨ ਛਾਪਿਆ ਜਾ ਰਿਹਾ ਹੈ। ਕਿਤਾਬ ਨੂੰ ਸਾਡੀ ਆਸ ਤੋਂ ਕਿਤੇ ਵੱਧ ਹੁੰਗਾਰਾ ਮਿਲਿਆ ਹੈ।

ਕਿਤਾਬ ਪੜ੍ਹਕੇ ਸਾਡੇ ਸੰਜੀਦਾ ਆਲੋਚਕਾਂ ਵੱਲੋਂ ਅਨੁਵਾਦ ਦੇ ਸਬੰਧ 'ਚ ਕਈ ਅਹਿਮ ਸੁਝਾਅ ਦਿੱਤੇ ਗਏ। ਅਨੁਵਾਦ ਸਮੇਂ ਰਹਿ ਗਈਆਂ ਘਾਟਾਂ-ਕਮੀਆਂ ਮੇਰੇ ਧਿਆਨ 'ਚ ਲਿਆਉਣ ਅਤੇ ਇਨ੍ਹਾਂ ਨੂੰ ਦੂਰ ਕਰਨ 'ਚ ਜਸ ਮੰਡ ਅਤੇ ਸਤਨਾਮ ਵੱਲੋਂ ਬਹੁਮੁੱਲੀ ਸਹਾਇਤਾ ਕੀਤੀ ਗਈ। ਇਨ੍ਹਾਂ ਸੁਝਾਵਾਂ ਨੂੰ ਮੱਦੇ-ਨਜ਼ਰ ਰੱਖਕੇ ਕੁਝ ਥਾਵਾਂ 'ਤੇ ਅਨੁਵਾਦ 'ਚ ਲੋੜੀਂਦੀ ਸੋਧ ਕਰ ਦਿੱਤੀ ਗਈ ਹੈ। ਜੇ ਫੇਰ ਵੀ ਅਨੁਵਾਦ 'ਚ ਕੋਈ ਕਮੀ ਮਹਿਸੂਸ ਹੁੰਦੀ ਹੋਵੇ ਤਾਂ ਪਾਠਕ ਤੇ ਆਲੋਚਕ ਇਸ ਬਾਰੇ ਠੋਸ ਸੁਝਾਅ ਜ਼ਰੂਰ ਦੇਣ ਤਾਂ ਜੋ ਕਿਤਾਬ ਦੇ ਅਗਲੇ ਐਡੀਸ਼ਨ ਜਾਂ ਹੋਰ ਅਨੁਵਾਦ ਕਰਦੇ ਸਮੇਂ ਮੈਂ ਇਨ੍ਹਾਂ ਕਮੀਆਂ ਨੂੰ ਦੂਰ ਕਰ ਸਕਾਂ।

—ਬੂਟਾ ਸਿੰਘ

12 ਅਕਤੂਬਰ 2010

# ਸੰਦੇਸ਼

ਸੰਸਾਰ ਪ੍ਰਸਿੱਧ ਕਮਿਊਨਿਸਟ ਆਗੂ ਡੋਲੋਰਸ ਇਬਾਰੂਰੀ ਦੀ ਸਵੈ-ਜੀਵਨੀ "They Shall Not Pass" ਦੀ ਦੁਰਲੱਭ ਕਾਪੀ ਕਾ. ਸੱਤਪਾਲ ਡਾਂਗ ਨੇ ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ ਨੂੰ ਭੇਂਟ ਕੀਤੀ ਸੀ। ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨੂੰ ਹਾਸਲ ਕਰਾਉਣਾ ਕਾਬਲੇ-ਤਾਰੀਫ਼ ਉਪਰਾਲਾ ਹੈ। ਇਸ ਸਵੈ-ਜੀਵਨੀ ਨੂੰ ਪੜ੍ਹਕੇ ਪੰਜਾਬੀ ਪਾਠਕਾਂ ਨੂੰ ਸਪੇਨ ਦੀ ਖ਼ਾਨਾਜੰਗੀ ਦੇ ਇਤਿਹਾਸਕ ਤੱਥਾਂ ਅਤੇ ਸਬਕਾਂ ਬਾਰੇ ਵੱਡਮੁੱਲੀ ਜਾਣਕਾਰੀ ਹਾਸਲ ਹੋਵੇਗੀ।

ਇਸ ਕਿਤਾਬ ਦਾ ਪੰਜਾਬੀ ਅਨੁਵਾਦ ਉਸ ਵਕਤ ਛਾਪਿਆ ਜਾ ਰਿਹਾ ਹੈ ਜਦੋਂ ਸੰਸਾਰ ਸਰਮਾਏਦਾਰੀ ਪ੍ਰਬੰਧ ਇਕ ਵਾਰ ਫਿਰ ਡੂੰਘੇ ਆਰਥਕ ਸੰਕਟ ਦੀ ਲਪੇਟ 'ਚ ਹੈ, ਜਦੋਂ 'ਇਤਹਾਸ ਦਾ ਅੰਤ' ਦੇ ਬੁਰਜੂਆ ਵਿਚਾਰਧਾਰਕ ਹਮਲੇ ਦੀ ਫੂਕ ਨਿਕਲ ਚੁੱਕੀ ਹੈ ਅਤੇ ਦੁਨੀਆਂ ਦੇ ਹਾਲਾਤ ਇਕ ਵਾਰ ਫਿਰ ਦਰਸਾ ਰਹੇ ਹਨ ਕਿ ਸਰਮਾਏਦਾਰੀ ਇਕ ਐਸਾ ਲਾਇਲਾਜ਼ ਪ੍ਰਬੰਧ ਹੈ, ਜਿਸ ਦਾ ਬਦਲ ਸਿਰਫ਼ ਸਮਾਜਵਾਦ ਕੋਲ ਹੀ ਹੈ। ਅਜਿਹੇ ਘੋਰ ਸੰਕਟ ਦੇ ਸਮਿਆਂ 'ਚ ਹੀ ਯੂਰਪ ਦੇ ਬੁਰਜੂਆ ਜਮਹੂਰੀ ਦੇਸ਼ਾਂ ਅੰਦਰ ਫਾਸ਼ੀਵਾਦ ਦਾ ਘਾਤਕ ਵਰਤਾਰਾ ਉੱਭਰਿਆ ਸੀ। ਗਣਰਾਜੀ ਸਪੇਨ ਉੱਭਰ ਰਹੇ ਫਾਸ਼ੀਵਾਦ ਖ਼ਿਲਾਫ਼ ਜਮਹੂਰੀ ਤਾਕਤਾਂ ਦੀ ਲੜਾਈ ਦਾ ਪਹਿਲਾ ਮੋਰਚਾ ਸੀ। ਜੇ ਇਹ ਮੋਰਚਾ ਫ਼ਤਹਿ ਹੋ ਜਾਂਦਾ ਤਾਂ ਫਾਸ਼ੀਵਾਦ ਦੀ ਕਾਂਗ ਸ਼ਾਇਦ ਇੱਥੇ ਹੀ ਰੁਕ ਜਾਂਦੀ ਅਤੇ ਬਾਕੀ ਦੇਸ਼ਾਂ ਨੂੰ ਐਨਾ ਸੰਤਾਪ ਨਾ ਭੋਗਣਾ ਪੈਂਦਾ, ਖ਼ਾਸ ਕਰਕੇ ਸੋਵੀਅਤ ਯੂਨੀਅਨ ਉੱਪਰ ਹਿਟਲਰ ਦੇ ਹਮਲੇ ਸਮੇਂ ਸੋਵੀਅਤ ਕਮਿਊਨਿਸਟਾਂ ਨੂੰ ਦੋ ਕਰੋੜ ਅਣਮੋਲ ਜੁਝਾਰੂਆਂ ਦੀ ਕੁਰਬਾਨੀ ਨਾ ਦੇਣੀ ਪੈਂਦੀ।

ਸਪੇਨ ਦੀ ਕਮਿਊਨਿਸਟ ਪਾਰਟੀ ਨੇ ਦੇਸ਼ ਦੀਆਂ ਜਮਹੂਰੀ ਤਾਕਤਾਂ ਨਾਲ ਸਾਂਝਾ ਮੋਰਚਾ ਬਣਾਕੇ ਫਾਸ਼ੀਵਾਦ ਨੂੰ ਰੋਕਣ ਲਈ ਜਿਹੜੀ ਜਾਨ-ਹੂਲਵੀਂ ਲੜਾਈ ਲੜੀ ਸੀ, ਮੁੱਖ ਤੌਰ 'ਤੇ ਇਹ ਸਵੈ-ਜੀਵਨੀ ਖ਼ਾਨਾਜੰਗੀ ਦੇ ਉਨ੍ਹਾਂ ਤਿੰਨ ਸਾਲਾਂ ਦੇ ਸੰਗਰਾਮੀ ਇਤਹਾਸ ਦੀ ਗਾਥਾ ਦਾ ਵੇਰਵੇ ਸਹਿਤ ਵਰਨਣ ਹੈ ਪਰ ਨਾਲ ਹੀ ਇਹ ਸਪੇਨ ਦੇ ਉਸ ਸਮੇਂ ਦੇ ਸਮਾਜਿਕ-ਸਿਆਸੀ ਹਾਲਾਤ ਦਾ ਬਹੁ-ਪਰਤੀ, ਬਹੁ-ਪੱਖੀ ਚਿੱਤਰਣ ਵੀ ਹੈ। ਫਾਸ਼ੀਵਾਦ ਵਿਰੁੱਧ ਇਸ ਲੜਾਈ ਦੀ ਇਕ ਕਾਬਲੇ-ਗ਼ੌਰ ਵਿਸ਼ੇਸ਼ਤਾ 40 ਤੋਂ ਵੱਧ ਦੇਸ਼ਾਂ ਦੇ ਕਮਿਊਨਿਸਟ ਜੁਝਾਰੂਆਂ, ਖ਼ਾਸ ਤੌਰ 'ਤੇ ਬੁੱਧੀਜੀਵੀਆਂ ਵੱਲੋਂ "ਕੌਮਾਂਤਰੀ ਬ੍ਰਿਗੇਡਾਂ" 'ਚ ਭਰਤੀ ਹੋ ਕੇ ਲੜਾਈ ਦੇ ਮੋਰਚੇ ਉੱਤੇ ਨਿਭਾਈ ਸ਼ਾਨਾਮੱਤੀ ਕੌਮਾਂਤਰੀਵਾਦੀ ਭੂਮਿਕਾ ਸੀ। ਇਸ ਇਤਿਹਾਸਕ ਮਿਸਾਲ ਦਾ ਸਬਕ ਇਹ ਹੈ ਕਿ ਬੁੱਧੀਜੀਵੀਆਂ ਨੇ ਸਿਰਫ਼ ਪੜ੍ਹਨ-ਲਿਖਣ ਦੇ ਕੰਮ ਤੱਕ ਹੀ ਸੀਮਤ ਨਹੀਂ ਰਹਿਣਾ ਹੁੰਦਾ ਸਗੋਂ ਇਤਹਾਸ ਦੀ ਸਿਰਜਣਾ ਦੀਆਂ ਅਹਿਮ ਘੜੀਆਂ ਅੰਦਰ ਮੈਦਾਨੇ-ਜੰਗ 'ਚ ਕੁੱਦਕੇ ਲੜ ਰਹੀਆਂ ਤਾਕਤਾਂ ਦੇ ਮੋਢੇ ਨਾਲ ਮੋਢਾ ਜੋੜਕੇ ਅਹਿਮ ਭੂਮਿਕਾ ਵੀ ਨਿਭਾਉਣੀ ਹੁੰਦੀ ਹੈ ਤੇ ਆਪਣਾ ਲਹੂ ਵੀ ਡੋਲ੍ਹਣਾ ਹੁੰਦਾ ਹੈ। ਅਜੋਕੇ ਚੁਣੌਤੀਆਂ ਭਰੇ ਹਾਲਾਤ 'ਚ ਪ੍ਰੋਲੇਤਾਰੀ ਜਮਾਤ ਨੂੰ ਡੋਲੋਰਸ ਵਰਗੇ ਧੜੱਲੇਦਾਰ ਕਮਿਊਨਿਸਟ ਆਗੂਆਂ ਦੀ ਫਿਰ ਜ਼ਰੂਰਤ ਹੈ, ਜੋ ਸਮੇਂ ਦੀਆਂ ਚੁਣੌਤੀਆਂ ਨੂੰ ਕਬੂਲ ਕਰਦੇ ਹੋਏ ਜਮਾਤ ਰਹਿਤ ਤੇ ਲੁੱਟ ਰਹਿਤ ਸੰਸਾਰ ਉਸਾਰਨ ਦੇ ਲੁਟੀਂਦੀ ਤੇ ਦੱਬੀ-ਕੁਚਲੀ ਮਨੁੱਖਤਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅਗਵਾਈ ਕਰ ਸਕਣ।

ਮਿਤੀ : ਪਹਿਲੀ ਅਪ੍ਰੈਲ 2010

ਕਾ. ਨੌਨਿਹਾਲ ਸਿੰਘ
ਸਕੱਤਰ,
*ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।*

[1]
# ਸ਼ੁਰੂ ਵਿਚ ਇੱਥੇ ਖਣਿਜ ਹੁੰਦੇ ਸਨ......

> ਜਦੋਂ ਮੈਂ ਆਪਣੇ ਆਪ ਨੂੰ ਤਲਾਸ਼ਣ ਲਈ ਤੇਰੇ ਕੋਲ ਜਾਂਦਾ ਹਾਂ, ਬਿਲਬਾਓ, ਮੇਰੇ ਬਚਪਨ ਦੇ ਦ੍ਰਿਸ਼, ਉਸ ਮਹਿਬੂਬ ਨੁੱਕਰੇ, ਜਿੱਥੇ ਮੈਂ ਪਹਿਲੀ ਵਾਰ ਜਗਿਆਸਾ ਨਾਲ ਆਪਣੇ ਪਰ ਤੋਲੇ, ਤਾਂ ਮੇਰੇ ਬਚਪਨ ਦੇ ਸਾਲ ਮੇਰੀ ਰੂਹ ਦੀ ਬਾਹਰੀ ਸਤਹ ਤੱਕ ਉੱਭਰ ਆਉਂਦੇ ਹਨ ਅਤੇ ਆਸ ਤੇ ਢਾਰਸ ਬੰਨ੍ਹਾਉਣ ਵਾਲੀਆਂ ਯਾਦਾਂ ਨਾਲ ਓਤਪੋਤ ਹੋ ਕੇ ਮੇਰੇ ਲਈ ਪੈਗੰਬਰੀ ਗੀਤ ਗਾਉਂਦੇ ਹਨ।
>
> —*ਮਿਗੁਏਲਾ ਡੀ ਓਨਾਮੁਨੋ*

ਤਿੰਨ ਸੂਬਿਆਂ, ਜਿਨ੍ਹਾਂ ਨੂੰ ਮਿਲਾਕੇ ਅਜੋਕਾ ਯੁਜ਼ਕੈਡੀ ਬਣਦਾ ਹੈ ਤੇ ਜੋ ਪਹਿਲਾਂ ਯੁਜ਼ਕਲੇਰੀਆ ਵਜੋਂ ਜਾਣਿਆ ਜਾਂਦਾ ਸੀ, ਵਿਚੋਂ ਵਿਜ਼ਕਾਇਆ ਸਭ ਤੋਂ ਮਸ਼ਹੂਰ ਹੈ। ਇਹ ਸੂਬਾ ਐਨਾ ਪ੍ਰਸਿੱਧ ਹੈ ਕਿ ਸਮੁੱਚੇ ਬਾਸਕ ਦੇਸ਼ ਨੇ ਆਪਣਾ ਨਾਂਅ ਇਸੇ ਤੋਂ ਲਿਆ ਹੈ।

ਇਹ ਮੰਨ ਲੈਣਾ ਚਾਹੀਦਾ ਹੈ ਕਿ ਵਿਜ਼ਕਾਇਆ ਕੋਲ ਉਹ ਵੰਨਗੀਆਂ ਨਹੀਂ ਹਨ ਜੋ ਸਪੇਨ ਦੇ ਹੋਰ ਖੇਤਰਾਂ ਨੂੰ ਉਨ੍ਹਾਂ ਦਾ ਅੰਦਾਜ਼ ਤੇ ਚਰਿੱਤਰ ਬਖਸ਼ਦੀਆਂ ਹਨ। ਇੱਥੇ ਨਾ ਕੋਈ ਮਸੀਤਾਂ ਹਨ, ਨਾ ਪੁਰਾਤਨ ਜਰਮਨ ਗਿਰਜਾ ਘਰ, ਨਾ ਰੋਮਨ ਜਲ ਮਾਰਗ ਜਾਂ ਕੰਧਾਂ, ਨਾ ਮਾਰੂ ਮੈਦਾਨ ਜਿਹੋ ਜਿਹੇ ਡਾਨ ਕਿਊਇਕਸੋ ਨੂੰ ਸ਼ੁਦਾਈ ਬਣਾ ਦਿੰਦੇ ਸਨ।

ਵਿਜ਼ਕਾਇਆ ਨੂੰ ਪ੍ਰਸਿੱਧੀ ਆਪਣੇ ਲੋਕਾਂ ਤੋਂ ਮਿਲੀ ਹੈ, ਜਿਨ੍ਹਾਂ ਦੀ ਉਤਪਤੀ ਤੇ ਕੁਰਸੀਨਾਮੇ ਦਾ ਪਤਾ ਨਹੀਂ ਹੈ। ਤੇ ਇਸ 'ਚੋਂ ਮਿਹਨਤੀ ਤੇ ਮਿਆਦੀ ਮੁਸੀਬਤਾਂ ਝੱਲਣ ਵਾਲੀ, ਸਖ਼ਤ ਮਿੱਟੀ, ਐਨੀ ਸਖ਼ਤ ਜਿਸ ਨੂੰ ਲੱਕੜ ਦੇ ਹਲ ਨਾਲ ਨਹੀਂ ਸਿਰਫ਼ ਲੋਹੇ ਦੇ ਸੰਦ ਨਾਲ ਹੀ ਵਾਹਿਆ ਜਾ ਸਕਦਾ ਹੈ, ਨਾਲ ਹਰ ਸਮੇਂ ਜੱਦੋਜਹਿਦ 'ਚ ਢਲੇ, ਤੇ ਅੱਥਰੇ, ਸ਼ੂਕਦੇ ਸਮੁੰਦਰ ਨਾਲ ਜੱਦੋਜਹਿਦ ਕਰਨ ਵਾਲੇ ਇਨਸਾਨ ਪੈਦਾ ਹੋਏ, ਜਿਸਦਾ ਸਿੱਲ੍ਹਾ ਫੁੰਕਾਰਾ ਪੁਰਾਤਨ ਬਾਸਕ ਦੇਸ਼ ਦੇ ਪਹਾੜਾਂ ਤੇ ਘਾਟੀਆਂ ਨੂੰ ਮੀਂਹਾਂ ਤੇ ਧੁੰਦ ਨਾਲ ਢੱਕ ਦਿੰਦਾ ਹੈ।

ਜਦੋਂ ਗਰੀਕਾਂ ਤੇ ਰੋਮਨਾਂ ਵੱਲੋਂ ਇਤਹਾਸ ਲਿਖਿਆ ਜਾ ਰਿਹਾ ਸੀ ਅਤੇ ਸਪੇਨ ਰੋਮ ਦਾ ਇਕ ਸੂਬਾ ਸੀ, ਤਾਂ ਬਾਸਕਾਂ ਦੀ ਪ੍ਰਸਿੱਧੀ ਓਨੇ ਸੰਸਾਰ ਤੱਕ ਪਹੁੰਚ ਗਈ ਸੀ ਜਿੰਨੇ ਤੱਕ ਦੀ ਜਾਣਕਾਰੀ ਸੀ, ਇਸ ਦੇ ਨਾਲ ਹੀ ਉਨ੍ਹਾਂ ਦੇ ਕਿਰਦਾਰ ਤੇ ਰੀਤੀ ਰਿਵਾਜਾਂ ਅਤੇ ਉਨ੍ਹਾਂ ਦੇ ਪਹਾੜਾਂ 'ਚ ਛੁਪੀ ਦੌਲਤ ਬਾਰੇ ਮਿੱਥਾਂ ਤੇ ਦੰਦ ਕਥਾਵਾਂ ਵੀ ਜਾ ਪਹੁੰਚੀਆਂ।

ਇਤਿਹਾਸਕਾਰਾਂ ਦੀ ਦਿਲਚਸਪੀ ਖ਼ਾਸ ਤੌਰ 'ਤੇ ਇਕ ਅਨੋਖੇ ਪਹਾੜ ਦੀਆਂ ਕਹਾਣੀਆਂ ਨੇ ਜਗਾਈ ਜੋ ਪੂਰੀ ਤਰਾਂ ਲੋਹੇ ਦਾ ਬਣਿਆ ਸੀ, ਤੇ ਜਿਸ ਦੀਆਂ ਤੂਫ਼ਾਨ ਦੀਆਂ ਝੰਬੀਆਂ ਤਿੱਖੀਆਂ ਢਲਾਨਾਂ ਬਿਸਕੇ ਦੀ ਖਾੜੀ 'ਚ ਡੁੱਬਦੀਆਂ ਸਨ। ਤੇ ਲੋਹੇ ਦੇ ਪਹਾੜ ਦੀਆਂ ਦੰਦ-

ਕਥਾਵਾਂ ਨਿਰੀ ਕਲਪਨਾ ਦੀ ਉਪਜ ਨਹੀਂ ਸਨ। ਕੱਚੇ ਲੋਹੇ ਦਾ ਲੋਹੜੇ ਦਾ ਅਮੀਰ ਭੰਡਾਰ, ਧਰਤੀ ਦੀ ਸਤਹ ਉੱਤੇ ਸਾਂਤਾਂਦੇਰ ਸੂਬੇ ਤੋਂ ਲੈ ਕੇ ਬਿਲਬਾਓ ਦੇ ਪੱਛਮ ਤੱਕ, 20 ਮੀਲਾਂ ਤੋਂ ਵੱਧ ਫੈਲਿਆ ਹੋਇਆ ਸੀ। ਇਹ ਤਕਰੀਬਨ ਇਕਸਾਰ ਸੀ ਅਤੇ ਜਿਨ੍ਹਾਂ ਪਹਾੜਾਂ 'ਚੋਂ ਇਹ ਲੰਘਦਾ ਸੀ ਉਨ੍ਹਾਂ ਨੂੰ ਇਸ ਨੇ ਵਿਸ਼ੇਸ਼ ਨੁਹਾਰ ਬਖਸ਼ੀ ਹੋਈ ਸੀ।

ਸਦੀਆਂ ਤੱਕ ਇਸ ਅਥਾਹ ਕੁਦਰਤੀ ਦੌਲਤ ਦਾ ਇਕ ਬਹੁਤ ਛੋਟਾ ਹਿੱਸਾ ਹੀ ਕੱਢਿਆ ਗਿਆ ਸੀ। ਇਹ ਸਿਰਫ਼ ਲੰਘੀ ਸਦੀ ਦੇ ਅੱਧ, ਜਦੋਂ ਕਈ ਯੂਰਪੀ ਦੇਸ਼ਾਂ 'ਚ ਸਨਅਤੀ ਇਨਕਲਾਬ ਪਹਿਲਾਂ ਹੀ ਹੋ ਚੁੱਕਿਆ ਸੀ, ਦੇ ਨੇੜੇ ਜਾ ਕੇ ਹੋਇਆ ਕਿ ਇੰਜਣ ਭੱਠੀਆਂ ਅਤੇ ਵੱਡੀਆਂ ਸਟੀਲ ਮਿੱਲਾਂ ਨੇ ਮੁੱਢਲੇ ਕਾਰਖ਼ਾਨਿਆਂ ਦੀ ਥਾਂ ਲੈ ਲਈ, ਇੰਜ ਬਾਸਕ ਦੇਸ਼ ਸਪੇਨ ਦੀ ਭਾਰੀ ਸਨਅਤ ਦਾ ਧੁਰਾ ਬਣ ਗਿਆ।

ਬਾਸਕ ਦੀ ਖਣਿਜਾਂ ਦੀ ਅਮੀਰੀ ਨਿਆਰੀ ਸੀ। ਜਿੱਥੇ ਬਦੇਸ਼ਾਂ ਦੀਆਂ ਕੱਚੀਆਂ ਧਾਤਾਂ ਦੀ ਉਪਜ 48 ਪ੍ਰਤੀਸ਼ਤ ਸੀ, ਉੱਥੇ ਵਿਜ਼ਕਾਇਆ ਦੀਆਂ ਧਾਤਾਂ ਦੀ ਉਪਜ 56 ਪ੍ਰਤੀਸ਼ਤ ਨੂੰ ਜਾ ਪਹੁੰਚੀ ਤੇ ਲੋਹੇ ਦੀ ਇਸ ਤੋਂ ਵੀ ਵੱਧ। ਕੌਮੀ ਆਰਥਕਤਾ ਲਈ ਬਾਸਕ ਦੀ ਧਾਤ ਦੀ ਮਹੱਤਤਾ ਦੀ ਕਦਰ ਕਰਦਿਆਂ 16ਵੀਂ ਸਦੀ ਦੇ ਪ੍ਰਸਿੱਧ ਸਪੇਨੀ ਨਾਟਕਕਾਰ, *ਟਿਰਸੋ ਡੀ ਮੋਲਿਨਾ* ਨੇ ਲਿਖਿਆ: "ਵਿਜ਼ਕਾਇਆ ਦੇ ਲੋਹੇ ਦੀ ਬਦੌਲਤ/ਸਪੇਨ ਆਪਣਾ ਸੋਨਾ ਬਚਾ ਸਕਦਾ ਹੈ.......।" ਬਦਕਿਸਮਤੀ ਨਾਲ, ਇਹ ਕਵੀ ਦੀ ਆਸ਼ਾਵਾਦੀ ਮਨੌਤ ਹੀ ਸੀ। ਸਪੇਨੀ ਹਾਕਮ ਜਮਾਤਾਂ ਦੀ ਬੇਮੁੱਖਤਾ ਤੇ ਨਾਲਾਇਕੀ ਨੇ ਸਪੇਨੀ ਰਾਜ ਦੇ ਕਰੀਬ-ਕਰੀਬ ਖਾਲੀ ਹੋ ਚੁੱਕੇ ਖਜ਼ਾਨੇ ਵਿਚਲਾ ਬਚਦਾ ਸੋਨਾ ਹੀ ਨਹੀਂ ਸਗੋਂ ਲੋਹਾ ਵੀ ਬਦੇਸ਼ੀ ਹੱਥਾਂ 'ਚ ਸੌਂਪ ਦਿੱਤਾ ਜਿਸਨੇ ਸਪੇਨੀ ਖਜ਼ਾਨੇ ਨੂੰ ਬਚਾਉਣਾ ਸੀ।

ਹਾਕਮ ਜਮਾਤਾਂ ਦਾ ਕੌਮੀ ਹਿੱਤ ਨਾਲ ਕੋਈ ਲਗਾਉ ਨਹੀਂ ਸੀ ਅਤੇ ਇਹ ਸਪੇਨ ਦੀ ਕੁਦਰਤੀ ਦੌਲਤ ਨੂੰ ਲੁੱਟਣ ਵਾਲੇ ਬਦੇਸ਼ੀਆਂ ਵੱਲੋਂ ਸੁੱਟੀਆਂ ਬੁਰਕੀਆਂ ਨਾਲ ਹੀ ਸੰਤੁਸ਼ਟ ਸਨ। ਇਨ੍ਹਾਂ ਨੇ ਸਪੇਨ ਦੀ ਮਿੱਟੀ ਵਿਚਲਾ ਤੇ ਮਿੱਟੀ ਦੀ ਸਤਹ ਹੇਠਲਾ ਬੇਸ਼ੁਮਾਰ ਤਾਂਬਾ, ਸਿੱਕਾ, ਜ਼ਿੰਕ, ਟਿਨ, ਚਾਂਦੀ ਅਤੇ ਪਾਰਾ ਬਦੇਸ਼ੀ ਕਾਰੋਬਾਰਾਂ ਨੂੰ ਸੌਂਪ ਦਿੱਤਾ। ਇੰਜ, ਸਪੇਨ ਉਨ੍ਹਾਂ ਵਸੀਲਿਆਂ ਤੋਂ ਵਾਂਝਾ ਹੋ ਗਿਆ ਜੋ ਉਸ ਦੇ ਸਨਅਤੀ ਵਿਕਾਸ ਅਤੇ ਆਰਥਕ ਤੇ ਸਮਾਜਿਕ ਆਜ਼ਾਦੀ ਦੀ ਬੁਨਿਆਦ ਸਨ।

ਜਦੋਂ ਗ਼ੈਰ-ਜ਼ਿੰਮੇਵਾਰ ਹਾਕਮਾਂ ਨੇ ਰਿਓ ਟਿੰਟੋ ਦਾ ਤਾਂਬਾ, ਅਲਮਾਡੇਨ ਦਾ ਪਾਰਾ, ਲਿਨੇਅਰਜ਼ ਦਾ ਸਿੱਕਾ ਜਾਂ ਸਾਂਤਾਂਦੇਰ ਦਾ ਜ਼ਿੰਕ ਸਚਮੁੱਚ ਹੀ ਬਦੇਸ਼ੀਆਂ ਨੂੰ ਸੌਂਪ ਦਿੱਤਾ ਤਾਂ ਉਨ੍ਹਾਂ ਨੂੰ ਕਿਸੇ ਵੱਡੀ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ। ਪਰ ਸਥਾਨਕ ਕਾਨੂੰਨਾਂ ਅਤੇ ਰਵਾਇਤਾਂ ਦੀ ਮੌਜੂਦਗੀ ਕਰਕੇ ਬਾਸਕ ਦੇਸ਼ ਦਾ ਕੱਚਾ ਲੋਹਾ ਇਕ ਨਿਸ਼ਚਿਤ ਹੱਦ ਤੱਕ ਮਹਿਫੂਜ਼ ਬਣਿਆ ਰਿਹਾ ਜਿਨ੍ਹਾਂ ਦੀ ਮਾਨਤਾ ਤੇ ਮਾਣ-ਸਤਿਕਾਰ ਸਪੇਨੀ ਰਾਜ ਦੇ ਹੋਂਦ 'ਚ ਆਉਣ ਤੋਂ ਵੀ ਪਹਿਲਾਂ ਤੋਂ ਚਲਿਆ ਆ ਰਿਹਾ ਸੀ। 1833 ਵਿਚ ਫਰਨੈਂਡੋ ਸੱਤਵੇਂ ਦੀ ਮੌਤ, ਜੋ ਪਹਿਲੇ ਕਾਰਲਸਵਾਦੀ ਯੁੱਧ* ਦਾ ਅਖੌਤੀ ਕਾਰਨ ਸੀ, ਤੋਂ ਬਾਦ ਰਾਜਗੱਦੀ ਦੀ ਜਾਨਸ਼ੀਨੀ ਦੇ ਝਗੜਿਆਂ

---

* ਇਕ ਪਾਸੇ ਰੂੜ੍ਹੀਵਾਦੀ ਚਰਚ ਅਤੇ ਉੱਤਰੀ ਖਿਤਾਪ੍ਰਸਤਾਂ, ਤੇ ਦੂਜੇ ਪਾਸੇ ਉਦਾਰਵਾਦੀ ਫ਼ੌਜ ਵਿਚਕਾਰ ਪਹਿਲਾ ਕਾਰਲਸਵਾਦੀ ਯੁੱਧ, *[1834–1839]*। ਇਸ ਕੁਝ ਧਾਰਮਿਕ, ਕੁਝ ਵੱਖਵਾਦੀ ਟੱਕਰ 'ਚ ਮਗਰਲੀ ਤਾਕਤ ਜੇਤੂ ਰਹੀ। ਕਾਰਲਸਵਾਦੀ, ਸਪੇਨ ਦੇ ਰਾਜਾ ਚਾਰਲਸ ਦੂਜੇ ਦੇ ਪੁੱਤਰ ਡਾਨ ਕਾਰਲਸ ਦੇ ਪੈਰੋਕਾਰ ਸਨ।

ਦੀ ਵਰਤੋਂ ਉਨ੍ਹਾਂ ਨੇ ਪੂਰੀ ਮੁਹਾਰਤ ਨਾਲ ਕੀਤੀ ਜੋ ਪਰਦੇ ਪਿੱਛਿਓਂ ਦੋਵਾਂ ਧਿਰਾਂ ਨੂੰ ਲੜਨ ਲਈ ਉਕਸਾ ਰਹੇ ਸਨ ਤਾਂ ਕਿ ਸਪੇਨ ਦੇ ਉੱਤਰ ਵਿਚਲੇ ਖਣਿਜ ਭੰਡਾਰਾਂ ਤੱਕ ਰਸਾਈ ਕਰ ਸਕਣ।

ਇਸ ਤੱਥ ਨੂੰ ਬਹਾਨਾ ਬਣਾਉਂਦਿਆਂ ਕਿ ਬਾਸਕ ਦੇਸ਼ ਨੇ ਯੁੱਧ ਸਮੇਂ ਕਾਰਲਸਵਾਦੀਆਂ ਦੀ ਮਦਦ ਕੀਤੀ ਸੀ, ਮੈਡਰਿਡ ਸਰਕਾਰ ਨੇ ਸਦੀਆਂ ਪੁਰਾਣੇ ਬਾਸਕ ਵਿਸ਼ੇਸ਼-ਅਧਿਕਾਰਾਂ ਨੂੰ ਆਪਹੁਦਰੇ ਹੀ ਨਹੱਕੇ ਤੌਰ 'ਤੇ ਮਨਸੂਖ਼ ਕਰ ਦਿੱਤਾ।

ਇਹ ਉਨ੍ਹਾਂ ਯੋਜਨਾਵਾਂ 'ਤੇ ਪਰਦਾ ਪਾਉਣ ਦੀ ਇਕ ਭੱਦੀ ਸਿਆਸੀ ਚਾਲ ਸੀ ਜੋ ਬਾਸਕ ਦੇਸ਼ ਦੀ ਕੁਦਰਤੀ ਦੌਲਤ ਨੂੰ ਲੁੱਟਣ 'ਚ ਦਿਲਚਸਪੀ ਰੱਖਣ ਵਾਲਿਆਂ ਵੱਲੋਂ ਬਿਦੇਸ਼ੀ ਚਾਂਸਲਰ ਦਫ਼ਤਰਾਂ 'ਚ ਘੜੀ ਗਈ ਸੀ। ਹਾਲਾਂਕਿ ਇਹ ਸੱਚ ਹੈ ਕਿ ਬਾਸਕ ਦੇ ਪਿੰਡਾਂ, ਜੋ ਗਿਰਜਾ ਘਰ ਵੱਲੋਂ ਭਰਮਾਏ ਹੋਏ ਸਨ ਅਤੇ ਬਹੁਤ ਜ਼ਿਆਦਾ ਰਵਾਇਤਾਂ ਨਾਲ ਬੱਝੇ ਹੋਏ ਸਨ, ਨੇ ਕਾਰਲਸਵਾਦੀਆਂ ਨੂੰ ਆਪਣੇ ਧਰਮ ਤੇ ਆਪਣੇ ਵਿਸ਼ੇਸ਼ ਅਧਿਕਾਰਾਂ ਦੇ ਰਖਵਾਲੇ ਸਮਝਿਆ। ਇਹ ਵੀ ਓਨਾ ਹੀ ਸੱਚ ਹੈ ਕਿ ਦੇਸ਼ ਦੀ ਵਣਜਿਕ, ਆਰਥਕ ਤੇ ਸਿਆਸੀ ਜ਼ਿੰਦਗੀ ਦੇ ਸ਼ਕਤੀ ਕੇਂਦਰ ਸ਼ਹਿਰ ਸਰਕਾਰ ਦੇ ਨਾਲ ਰਹੇ।

ਲੋਕਾਂ ਨੂੰ ਕੌਮੀ ਆਜ਼ਾਦੀਆਂ ਦਾ ਹਰਜ਼ਾ ਹੋਇਆ, ਪਰ ਦੇਸੀ ਤੇ ਬਿਦੇਸ਼ੀ ਬੁਰਜੂਆਜ਼ੀ ਨੇ ਅਮੀਰ ਹੋਣ ਦੇ ਵਿਸ਼ੇਸ਼ ਮੌਕਿਆਂ ਦੇ ਰੂਪ 'ਚ ਲਾਹਾ ਖੱਟਿਆ। ਕਿਉਂਕਿ ਇੱਥੇ, ਜਿਵੇਂ ਹਰ ਥਾਂ ਹੋਇਆ, ਸਰਮਾਏਦਾਰੀ ਉਸ ਸਭ ਕਾਸੇ ਨੂੰ ਬੇਝਿਜਕ ਤਬਾਹ ਕਰਕੇ ਅੱਗੇ ਵਧੀ ਜਿਸ ਨੂੰ ਲੋਕ ਸਭ ਤੋਂ ਪਵਿੱਤਰ ਸਮਝਦੇ ਸਨ: ਜਿਵੇਂ ਮੁਕਤੀ, ਆਜ਼ਾਦੀ, ਕੌਮੀ ਰੀਤੀ-ਰਿਵਾਜ, ਸਮਾਜਿਕ ਤੇ ਪਰਿਵਾਰਕ ਰਿਸ਼ਤੇ।

ਹੁਣ ਸ਼ਾਹੀ ਕਾਨੂੰਨਾਂ ਦੀ ਸੁਰੱਖਿਆ ਹੇਠ ਅਤੇ ਉਨ੍ਹਾਂ ਤਾਕਤਾਂ ਦੇ ਜ਼ੋਰ ਬਾਸਕ ਦੇਸ਼ ਦੀ ਕੁਦਰਤੀ ਦੌਲਤ ਦੀ ਲੁੱਟ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ ਸੀ ਜਿਹੜੀਆਂ ਉਸ ਸਮੇਂ ਸਪੇਨੀ ਸਿਆਸਤ ਦੀਆਂ ਤਣੀਆਂ ਨੂੰ ਚਲਾਕੀ ਨਾਲ ਪ੍ਰਭਾਵਤ ਕਰਦੀਆਂ ਸਨ। ਕੁਦਰਤੀ ਭੰਡਾਰਾਂ ਦੀ ਵਿਅਕਤੀਗਤ ਵਰਤੋਂ ਖ਼ਤਮ ਕਰ ਦਿੱਤੀ ਗਈ ਜਿਸ ਦਾ ਪਹਿਲਾਂ ਸਭਨਾਂ ਬਾਸਕ ਵਾਸੀਆਂ ਨੂੰ ਹੱਕ ਸੀ। ਅਜਿਹੀਆਂ ਸ਼ਰਤਾਂ ਤੇ ਕਾਨੂੰਨ ਹੋਂਦ 'ਚ ਆ ਗਏ ਜੋ ਕੁਝ ਕੁ ਵਿਅਕਤੀਆਂ ਦੇ ਫ਼ਾਇਦੇ ਲਈ ਖਾਣਾਂ ਨੂੰ ਨਿਯਮਤ ਕਰਦੇ ਸਨ। ਪੁਰਾਣੇ ਕਾਰਖ਼ਾਨਿਆਂ ਨੂੰ ਕੱਚੀ ਧਾਤ ਦੀ ਬਾਕਾਇਦਾ ਸਪਲਾਈ ਖ਼ਤਮ ਕਰ ਦਿੱਤੀ ਗਈ। ਇੰਗਲੈਂਡ, ਫਰਾਂਸ ਤੇ ਬੈਲਜੀਅਮ ਦੀਆਂ ਇੰਜਣ ਭੱਠੀਆਂ ਨੂੰ ਕਰੋੜਾਂ ਟਨ ਬਾਸਕ ਦੀ ਕੱਚੀ ਧਾਤ ਲੋੜੀਂਦੀ ਸੀ ਤੇ ਉਨ੍ਹਾਂ ਨੂੰ ਇਹ ਮੁਫ਼ਤ ਹੀ ਮਿਲ ਗਈ। ਜੇ ਸਾਡੇ ਕੌਮੀ ਵਸੀਲਿਆਂ ਦੀ ਵਰਤੋਂ ਵਧੇਰੇ ਤਰਕਸੰਗਤ ਕੀਤੀ ਜਾਂਦੀ ਤਾਂ ਸ਼ਾਇਦ ਰਵਾਇਤੀ ਵਿਸ਼ੇਸ਼ ਅਧਿਕਾਰ ਇਨ੍ਹਾਂ ਦੀ ਲੁੱਟਮਾਰ ਦੀ ਰਫ਼ਤਾਰ ਘਟਾ ਦਿੰਦੇ। ਪਰ ਇਹ ਹੁਣ ਲਾਗੂ ਨਹੀਂ ਸਨ।

ਪਰ ਬਾਸਕਾਂ ਦੇ ਵਿਰੋਧ ਕਾਰਨ, ਜੋ ਕਦੇ ਵੀ ਵਾਪਸ ਨਾ ਆਉਣ ਵਾਲੇ ਬੀਤੇ ਨੂੰ ਬੁਰੀ ਤਰ੍ਹਾਂ ਚਿੰਬੜੇ ਹੋਏ ਸਨ, ਵਿਜ਼ਕਾਇਆ ਦੀਆਂ ਖਾਣਾਂ ਦੀ ਮੁਕੰਮਲ ਤੇ ਖੁੱਲ੍ਹੀ ਲੁੱਟਮਾਰ ਅਸਲ 'ਚ 1868 ਦੇ ਇਨਕਲਾਬ* ਜਾਂ ਸ਼ਾਇਦ ਇਸ ਤੋਂ ਵੀ ਬਾਦ 'ਚ ਜਾ ਕੇ ਹੀ ਸ਼ੁਰੂ ਹੋਈ, ਜਦੋਂ

---

* 30 ਸਾਲ ਰਾਜ-ਪਲਟਿਆਂ ਤੇ ਵਿਰੋਧੀ ਰਾਜ-ਪਲਟਿਆਂ ਤੋਂ ਬਾਦ, ਜੋ ਬਦਲ ਬਦਲਕੇ ਉਦਾਰਵਾਦੀ ਤੇ ਰੂੜ੍ਹੀਵਾਦੀ ਜਰਨੈਲਾਂ ਦੀ ਸਹਾਇਤਾ ਨਾਲ ਹੁੰਦੇ ਰਹੇ, ਖ਼ੁਦ ਰਾਣੀ ਇਸਾਬੇਲਾ ਦੂਜੀ ਨੂੰ ਉਦਾਰਵਾਦੀ ਜਰਨੈਲ ਪ੍ਰਿਮ ਨੇ ਗੱਦੀ ਤੋਂ ਲਾਹ ਦਿੱਤਾ। ਜਦੋਂ ਇਕ ਸਾਲ ਬਾਦ ਉਸ ਦੀ ਜਾਨਸ਼ੀਨ ਅਮੇਦਿਓ ਪਹਿਲੀ ਨੇ ਗੱਦੀ ਛੱਡੀ, ਪਹਿਲੇ ਸਪੇਨੀ ਗਣਰਾਜ ਦਾ ਐਲਾਨ ਓਦੋਂ ਕੀਤਾ ਗਿਆ ਸੀ।

19ਵੀਂ ਸਦੀ ਦੀ ਚੌਥੀ ਤੇ ਅੰਤਮ ਘਰੇਲੂ ਜੰਗ 'ਚ ਬਿਲਬਾਓ ਦੀ ਰਾਖੀ ਕਰਦੀਆਂ ਤੋਪਾਂ ਦੀ ਗੜਗੜਾਹਟ ਹੇਠ ਰਵਾਇਤਵਾਦੀਆਂ ਦੇ ਆਖ਼ਰੀ ਭਰਮ ਚਕਨਾਚੂਰ ਹੋ ਗਏ।

ਜਦੋਂ ਕਾਰਲਸਵਾਦੀਆਂ ਦੀ ਹਾਰ ਉਪਰੰਤ ਅਮਨ ਬਹਾਲ ਹੋਇਆ ਓਦੋਂ ਭਰਾਮਾਰ ਸੰਘਰਸ਼ ਦੀ ਕੁਡੱਤਣ ਦਾ ਇਜ਼ਹਾਰ ਵਿਜ਼ਕਾਇਆ ਦੇਹਾਤ ਦੀ ਖ਼ੂਨੀ ਤਬਾਹੀ 'ਚ ਹੋਇਆ। ਵਿਰੋਧੀ ਫ਼ੌਜਾਂ ਦੀਆਂ ਮੋਰਚਾਬੰਦੀਆਂ ਨੂੰ ਦਰਸਾਉਂਦੀਆਂ ਧਰਤੀ ਦੀਆਂ ਲੰਮੀਆਂ, ਟੁੱਟਵੀਆਂ ਪੱਟੀਆਂ ਨੇ ਹੁਣ ਦੋਵਾਂ ਪਾਸਿਆਂ ਦੇ ਹਜ਼ਾਰਾਂ ਫ਼ੌਜੀਆਂ ਲਈ ਸਾਂਝੀ ਕਬਰ ਦਾ ਕੰਮ ਦਿੱਤਾ—ਜੋ ਲੜਾਈ 'ਚ ਤਾਂ ਸਮਝੌਤਾ ਰਹਿਤ ਵਿਰੋਧੀ ਰਹੇ, ਪਰ ਹੁਣ ਮੌਤ 'ਚ ਇਕੱਠੇ ਸਨ।

ਕਸਬਿਆਂ ਤੇ ਪਿੰਡਾਂ 'ਚ ਕਾਲੇ ਪਹਿਰਾਵੇ ਵਾਲੀਆਂ ਔਰਤਾਂ ਨੇ ਆਪਣੇ ਮਰ ਚੁੱਕੇ ਪਤੀਆਂ ਦੀ ਥਾਂ 'ਤੇ ਘਰਾਂ ਦਾ ਪ੍ਰਬੰਧ ਸਾਂਭ ਲਿਆ। ਯੁੱਧ 'ਚ ਮਰ ਗਿਆਂ ਦੇ ਪਿਆਰ ਤੇ ਸਹਾਇਤਾ ਤੋਂ ਸਦਾ ਲਈ ਵਾਂਝੇ ਹੋਏ ਪਰਿਵਾਰ ਕਦੀ ਵੀ ਸਮਝ ਨਾ ਸਕੇ ਕਿ ਉਨ੍ਹਾਂ ਦੇ ਪੁੱਤਰ, ਪਤੀ, ਭਰਾ ਤੇ ਪਿਉ ਇਕ ਬੇਤੁਕੀ ਤੇ ਮੁਜਰਮਾਨਾ ਲੜਾਈ 'ਚ ਬਲੀ ਦੇ ਬੱਕਰੇ ਕਿਉਂ ਬਣੇ, ਜਿਸ ਨੇ ਹਰੇਕ ਕਸਬੇ ਤੇ ਪਿੰਡ ਵਿਚ, ਤੇ ਕਿੱਧਰੇ ਤਾਂ ਉਸੇ ਪਰਿਵਾਰ 'ਚ ਹੀ ਨਫ਼ਰਤ ਤੇ ਬਦਲੇ ਦੇ ਬੀਜ ਬੀਜ ਦਿੱਤੇ ਸਨ।

ਮਰ ਚੁੱਕਿਆਂ ਲਈ ਹੰਝੂ ਹਾਲੇ ਸੁੱਕੇ ਵੀ ਨਹੀਂ ਸਨ, ਹਾਲੇ ਉਨ੍ਹਾਂ "ਜੋ ਹੁਣ ਸਾਡੇ ਦਰਮਿਆਨ ਨਹੀਂ ਰਹੇ ਸਨ", ਲਈ ਦੁਆਵਾਂ ਕੀਤੀਆਂ ਜਾ ਰਹੀਆਂ ਸਨ ਤੇ ਮੋਮਬੱਤੀਆਂ ਬਾਲੀਆਂ ਜਾ ਰਹੀਆਂ ਸਨ ਜਦੋਂ ਬਾਸਕ ਦੀਆਂ ਘਾਟੀਆਂ ਤੇ ਪਹਾੜਾਂ 'ਚ ਬਦੇਸ਼ੀਆਂ ਦੇ ਲਲਕਾਰੇ ਗੂੰਜ ਉੱਠੇ, ਤੇ ਇਸ ਨਾਲ ਹਜ਼ਾਰਾਂ ਪਰਿਵਾਰਾਂ 'ਤੇ ਵਰਤੇ ਕਹਿਰ ਦੇ ਕਾਰਨ ਨੂੰ ਸਮਝਣਾ ਸੁਖ਼ਾਲਾ ਹੋ ਗਿਆ।

ਦੇਸ਼ 'ਚ ਆਏ ਅਜਨਬੀ, ਪਹਾੜਾਂ ਤੇ ਪਹਾੜੀਆਂ, ਖੇਤਾਂ ਤੇ ਚਰਾਂਦਾਂ, ਟਿੱਲਿਆਂ ਤੇ ਖੱਡਾਂ ਦਾ ਲਲਚਾਈਆਂ ਨਜ਼ਰਾਂ ਨਾਲ ਮੁਆਇਨਾ ਕਰਦੇ ਫਿਰਦੇ ਸਨ, ਉਨ੍ਹਾਂ ਦੇ ਕਿੱਲਾਂ ਵਾਲੇ ਬੂਟ ਤਾਜ਼ੀਆਂ ਢਕੀਆਂ ਕਬਰਾਂ ਨੂੰ ਲਿਤਾੜ ਰਹੇ ਹੁੰਦੇ। ਉਹ ਜ਼ਮੀਨ ਨੂੰ ਮਾਪਦੇ ਤੇ ਨਿਸ਼ਾਨਦੇਹੀ ਕਰਦੇ ਜਿਵੇਂ ਇਹ ਉਨ੍ਹਾਂ ਦੀ ਹੋਵੇ। ਸਰਵੇਖਣ ਕਰਦੇ, ਨਕਸ਼ੇ ਬਣਾਉਂਦੇ, ਕਿੱਲੇ ਗੱਡਦੇ, ਹੱਦਬੰਦੀ ਦੇ ਨਿਸ਼ਾਨਾਂ ਵਜੋਂ ਪੱਥਰ ਗੱਡਦੇ ਅਤੇ ਐਸੀ ਓਪਰੀ ਬੋਲੀ ਬੋਲਦੇ ਜੋ ਕਿਸੇ ਦੇ ਸਮਝ ਨਾ ਪੈਂਦੀ: "ਇਨਕਾਰਪੋਰੇਟਿਡ ਕੰਪਨੀਆਂ, ਮਾਲਕੀ, ਛੋਟਾਂ, ਜਬਰੀ ਕਬਜ਼ੇ, ਪੂੰਜੀ ਦੀ ਦਰਾਮਦ, ਸਸਤੀ ਕਿਰਤ, ਕੱਚੀ ਧਾਤ ਦੀ ਬਰਾਮਦ, ਸਨਅਤੀਕਰਨ।"

ਜਨਤਕ ਕਾਨੂੰਨ ਬਦਲ ਰਹੇ ਸਨ ਕਿਉਂਕਿ ਜਾਇਦਾਦ ਦੇ ਰਿਸ਼ਤੇ ਤਬਦੀਲ ਹੋ ਰਹੇ ਸਨ। ਕੱਲ੍ਹ, ਜ਼ਮੀਨ ਦਾ ਇਹ ਟੁਕੜਾ ਸਾਂਝੀ ਮਾਲਕੀ ਹੇਠ ਸੀ, ਔਹ ਟੁਕੜਾ ਇਕ ਪਰਿਵਾਰ ਕੋਲ ਸੀ, ਤੇ ਉੱਥੇ ਦੂਜਾ ਇਕ ਹੋਰ ਪਰਿਵਾਰ ਕੋਲ ਸੀ। ਅੱਜ, ਹਰ ਚੀਜ਼ ਅਜੀਬ ਸੀ।

ਆਜੜੀ ਹੁਣ ਸਾਂਝੀਆਂ ਜ਼ਮੀਨਾਂ ਉੱਪਰ ਆਪਣੇ ਇੱਜੜ ਨਹੀਂ ਸੀ ਚਾਰ ਸਕਦੇ। ਨਾ ਹੀ ਲੋਕ ਨਗਰਪਾਲਿਕਾ ਦੇ ਜੰਗਲਾਂ 'ਚੋਂ ਬਾਲਣ ਵੱਢ ਸਕਦੇ ਸਨ। ਸਰਾਵਾਂ ਹੁਣ ਸਰਾਵਾਂ ਨਹੀਂ ਸੀ ਰਹੀਆਂ; ਇਹ ਰਿਆਇਤੀ ਪਟਿਆਂ ਦੇ ਘੇਰੇ 'ਚ ਆ ਗਈਆਂ ਸਨ ਤੇ ਇਹ ਕੰਡੇਦਾਰ ਤਾਰ ਵਲਕੇ ਬੰਦ ਕਰ ਦਿੱਤੀਆਂ ਗਈਆਂ ਸਨ। ਜਿਸ ਜ਼ਮੀਨ ਉੱਤੇ ਹਾਲੇ ਤੱਕ ਉਨ੍ਹਾਂ ਦੇ ਦਾਦਿਆਂ-ਪੜਦਾਦਿਆਂ ਤੇ ਅਗਾਂਹ ਉਨ੍ਹਾਂ ਦੇ ਮਾਪਿਆਂ ਦੀ ਮਿਹਨਤ ਦੀ ਛਾਪ ਲੱਗੀ ਹੋਈ ਸੀ, ਉਸ ਉੱਪਰ ਹੁਣ ਨਵੇਂ ਮਾਲਕਾਂ ਨੇ ਦਾਅਵਾ ਕਰ ਦਿੱਤਾ ਸੀ। ਇਕ ਕਾਨੂੰਨ ਬਣਾ ਦਿੱਤਾ ਗਿਆ ਜੋ ਬਾਹਰਲੇ ਲੋਕਾਂ ਦੇ ਹੱਕਾਂ ਨੂੰ ਜਾਇਜ਼ ਠਹਿਰਾਉਂਦਾ ਸੀ ਅਤੇ ਲੋਕਾਂ ਨੂੰ ਉਨ੍ਹਾਂ ਹੱਕਾਂ ਤੋਂ ਵਾਂਝੇ

ਕਰਦਾ ਸੀ ਜੋ ਉਨ੍ਹਾਂ ਨੂੰ ਸਦੀਆਂ ਤੋਂ ਵਰਤੋਂ ਅਤੇ ਰਵਾਇਤ ਦੀ ਬਦੌਲਤ ਮਿਲੇ ਹੋਏ ਸਨ ਤੇ ਚਲੇ ਆ ਰਹੇ ਸਨ। ਮਾਰਗ-ਸੂਚਕ ਫੱਟਿਆਂ ਉੱਪਰ ਅਜੀਬ ਨਾਂਅ ਪ੍ਰਗਟ ਹੋ ਗਏ। ਇੱਧਰ ਲੂਚਾਨਾ ਖਾਣ ਪੁਟਾਈ; ਉੱਧਰ ਟੋਰਕੋਲੇਰਾ ਖਾਣ; ਹੋਰ ਅੱਗੇ, ਫਰੈਂਕੋ ਬੈਲਜੀਅਨ, ਰੌਚਾਈਲਡ ਐਂਡ ਗਾਲਡੇਮਜ਼ ਖਾਣਾਂ; ਪੋਸਾਟੇਰੋ ਅਤੇ ਕੋਵਾਰਨ 'ਚ, ਮੈਕਲੇਨਨ ਤੇ ਹੋਰ ਛੋਟੀਆਂ ਖਾਣਾਂ। ਖਾਣ ਦੇ ਪਾੜਾਂ ਵਿਚੋਂ ਪੁਰਾਣੇ ਕਾਰਖ਼ਾਨਿਆਂ ਤੱਕ ਅਤੇ ਗੋਲਿੰਡੋ ਤੇ ਸੋਮੋਰੋਸਤਰੋ ਦਰਿਆਵਾਂ ਵਿਚਲੀਆਂ ਢੋਆ-ਢੁਆਈ ਬੇੜੀਆਂ ਵਿਚ ਲੱਦਣ ਲਈ ਕੱਚੀਆਂ ਧਾਤਾਂ ਢੋਣ ਵਾਲੇ ਭਾਰੀ ਬੈਲ ਗੱਡਿਆਂ ਦੀ ਥਾਂ ਰੇਲਾਂ ਲੈ ਰਹੀਆਂ ਸਨ ਜਿਹੜੀਆਂ ਖਾਣਾਂ ਦੇ ਦੂਰ-ਦੁਰਾਡੇ ਖੇਤਰਾਂ ਨੂੰ ਬੰਦਰਗਾਹਾਂ ਨਾਲ ਅਤੇ ਲੋਹਾ ਉਦਯੋਗ ਦੇ ਖੇਤਰਾਂ ਨਾਲ ਜੋੜਦੀਆਂ ਸਨ, ਜੋ ਸਮਾਂਤਰ ਵਿਕਾਸ ਦੇ ਤਜ਼ਰਬੇ ਵਿਚੋਂ ਲੰਘ ਰਹੇ ਸਨ।

ਦੇਸ਼ ਦੇ ਭੂਗੋਲ ਦਾ ਕਾਇਆ ਕਲਪ ਹੋ ਗਿਆ। ਪਹਾੜ ਅਲੋਪ ਹੋ ਗਏ, ਘਾਟੀਆਂ ਨਸ਼ਟ ਹੋ ਗਈਆਂ, ਖੇਤ ਤੇ ਚਰਾਂਦਾਂ ਕੂੜੇ-ਕਰਕਟ ਹੇਠ ਦੱਬੇ ਗਏ। ਪਹਾੜੀਆਂ ਪੱਧਰੀਆਂ ਕਰਕੇ ਘਾਟੀਆਂ ਦੇ ਬਰਾਬਰ ਕਰ ਦਿੱਤੀਆਂ ਅਤੇ ਖੱਡਾਂ ਦਾ ਪੱਧਰ ਸਾਵਾਂ ਕਰ ਦਿੱਤਾ। ਢਾਲਵੇਂ ਤਲ ਬਣਾ ਦਿੱਤੇ, ਖੰਦਕਾਂ ਮੁੜ ਪੱਟ ਲਈਆਂ, ਪੁੱਲ ਬਣਾ ਦਿੱਤੇ। ਲੱਕੜ ਦੀਆਂ ਉੱਚੀਆਂ-ਉੱਚੀਆਂ ਘੋੜੀਆਂ ਉੱਪਰ ਚੱਲਣ ਵਾਲੀਆਂ ਕੱਚੀ ਧਾਤ ਨਾਲ ਲੱਦੀਆਂ ਗੱਡੀਆਂ ਕਿਰਤੀਆਂ ਦੀਆਂ ਝੁੱਗੀਆਂ ਦੇ ਉੱਪਰੋਂ, ਕਾਜੂ ਤੇ ਬਲੂਤ ਦੇ ਰੁੱਖ਼ਾਂ ਤੋਂ ਉੱਚੀਆਂ ਲੰਘਦੀਆਂ।

ਡਾਇਨਾਮਾਈਟ ਦੇ ਧਮਾਕੇ, ਤਾਰਾਂ ਤੇ ਰੇਲ ਗੱਡੀਆਂ ਦੀ ਚੀਂ-ਚੀਂ, ਰੇਲ ਇੰਜਣਾਂ ਦੀ ਧਕ-ਧਕ ਅਤੇ ਗੈਂਤੀਆਂ ਤੇ ਵਰਮਿਆਂ ਦੀ ਲਗਾਤਾਰ ਟਨ-ਟਨ ਘਾਟੀਆਂ ਦੀ ਖ਼ਾਮੋਸ਼ੀ ਨੂੰ ਭੰਗ ਕਰਨ ਲੱਗੀ, ਅਤੇ ਨਵੀਆਂ ਇੱਛਾਵਾਂ, ਫ਼ਿਕਰਾਂ ਤੇ ਤੌਖ਼ਲਿਆਂ ਨਾਲ ਭਰਪੂਰ ਨਵੀਂ ਜ਼ਿੰਦਗੀ ਉੱਥੇ ਖੌਲਣ ਲੱਗ ਪਈ ਜਿੱਥੇ ਕਦੇ ਖ਼ਾਮੋਸ਼ ਪਹਾੜ ਤੇ ਸ਼ਾਂਤ ਪਿੰਡ ਹੁੰਦੇ ਸਨ।

ਦੇਹਾਤ ਦੇ ਆਲੇ-ਦੁਆਲੇ ਮਜ਼ਦੂਰ ਜਮਾਤ ਦੀ ਬਸਤੀ ਆ ਟਪਕੀ—ਫਟੇਹਾਲ, ਭੀੜ ਭੜੱਕੇ ਵਾਲੀ ਤੇ ਬੇਪਛਾਣ।

ਦੇਹਾਤ ਦੀ ਸ਼ਾਂਤੀ 'ਚ ਸੁੱਤਾ ਪਿਆ ਦੂਰ-ਦਰਾਜ ਪਿੰਡ ਅੱਭੜਵਾਹੇ ਜਾਗ ਉੱਠਿਆ ਸੀ, ਤੇ ਇਹ ਤੇਜ਼ੀ ਨਾਲ ਸਨਅਤੀ ਜਾਂ ਵਪਾਰਕ ਕੇਂਦਰ 'ਚ ਵਿਕਸਤ ਹੋ ਗਿਆ।

ਯੁੱਧਾਂ ਦੇ, ਲੋਕ-ਗਾਥਾ ਦੇ ਸੂਰਮਿਆਂ ਅਤੇ ਆਜ਼ਾਦੀ ਦੇ ਹੇਰਵੇ ਵਾਲੇ ਜ਼ੋਰਟ ਜ਼ਿਕੋ ਤੇ ਬਾਸਕ ਦੇ ਹੋਰ ਗੀਤ ਹੁਣ ਸੁਣਾਈ ਨਾ ਦਿੰਦੇ। ਇਚੈਕੋਜੁਆਨਾ, ਜਿਵੇਂ ਅਲਟਾਬਿਸਕਰ ਦੇ ਗੀਤ 'ਚ ਹੈ, ਹੁਣ ਨਰਸਿੰਗਾ ਲੈ ਕੇ ਆਪਣੇ ਵਤਨ ਦੀ ਬਦੇਸ਼ੀਆਂ ਤੋਂ ਰਾਖੀ ਕਰਨ ਦਾ ਸੱਦਾ ਬਾਸਕਾਂ ਨੂੰ ਦੇਣ ਲਈ ਵੱਡੇ-ਵਡੇਰਿਆਂ ਦੇ ਘਰ ਦੀ ਦਹਿਲੀਜ਼ 'ਤੇ ਨਹੀਂ ਆਉਂਦਾ। ਹੁਣ ਤਾਂ ਬਦੇਸ਼ੀਆਂ ਨੂੰ ਬਾਸਕ ਘਰਾਂ 'ਚ ਬੁਲਾਇਆ ਜਾਂਦਾ ਅਤੇ ਅੱਗ ਦੇ ਐਨ ਨੇੜੇ ਬਲੂਤ ਦੇ ਵੱਡੇ-ਵੱਡੇ ਮੇਜ਼ਾਂ ਦੁਆਲੇ ਸੁਸ਼ੋਭਤ ਕੀਤਾ ਜਾਂਦਾ। ਉਹ ਭੁੰਨੀਆਂ ਹੋਈਆਂ ਕਾਡ ਮੱਛੀਆਂ ਛਕਦੇ ਅਤੇ ਮਿੱਠੀ ਸੇਬਾਂ ਦੀ ਸ਼ਰਾਬ ਜਾਂ ਖੱਟੀ ਚਕੋਲੀ (Chacoli) ਪੀਂਦੇ। ਅਖਰੋਟ ਅੱਗ 'ਚ ਭੁੱਜਦੇ ਰਹਿੰਦੇ, ਤੇ ਉਹ ਆਪਣੇ ਮੇਜ਼ਬਾਨਾਂ ਨਾਲ ਵਿਸ਼ੇਸ਼ ਰਿਆਇਤਾਂ ਦੀ ਅਦਾਇਗੀ, ਖਾਣਾਂ ਦੇ ਸਟਾਕ ਦੇ ਮੁੱਲ ਅਤੇ ਸਮੁੰਦਰੀ ਜਹਾਜ਼ ਕੰਪਨੀ ਦੇ ਸਟਾਕਾਂ ਬਾਰੇ ਮੰਡੀ ਦੇ ਭਾਵਾਂ ਦੀ ਚਰਚਾ ਕਰਦੇ ਰਹਿੰਦੇ।

[2]

# ਪ੍ਰੋਲੇਤਾਰੀ

ਵਿਜ਼ਕਾਇਆ ਦਾ ਜਨੂੰਨੀ ਰਫ਼ਤਾਰ ਨਾਲ ਸਨਅਤੀਕਰਨ ਕੀਤਾ ਜਾ ਰਿਹਾ ਸੀ। ਖਾਣਾਂ ਦੀ ਬੇਤਹਾਸ਼ਾ ਲੁੱਟ-ਖਸੁੱਟ ਦੇ ਨਾਲ-ਨਾਲ, ਵੱਡੀਆਂ-ਵੱਡੀਆਂ ਫੈਕਟਰੀਆਂ, ਇੰਜਣ ਭੱਠੀਆਂ, ਜਹਾਜ਼ਾਂ ਦੇ ਨਿਰਮਾਣ ਲਈ ਖੁਸ਼ਕ ਘਾਟ ਅਤੇ ਹਰ ਤਰ੍ਹਾਂ ਦੀਆਂ ਮਿੱਲਾਂ ਪੁਰਤਗਾਲ ਤੋਂ ਸੋਰੋਸਾ, ਲਾਮੈਕੋ ਤੋਂ ਦਿਊਸਤੋ ਤੱਕ ਨਮੂਦਾਰ ਹੋ ਰਹੀਆਂ ਸਨ।

ਨਰਵੀਅਨ ਦਰਿਆ ਪੱਥਰ ਤੇ ਲੋਹੇ ਨਾਲ ਬਣਾਏ ਜਲ-ਮਾਰਗ 'ਚ ਘਿਰਕੇ ਰਹਿ ਗਿਆ ਸੀ। ਤੇ ਸਭਨਾਂ ਕੌਮਾਂ ਦੇ ਸਮੁੰਦਰੀ ਜਹਾਜ਼ ਮੀਂਹਾਂ ਤੇ ਧੁੰਦ 'ਚ ਬਹੁ-ਰੰਗੇ ਝੰਡਿਆਂ ਦਾ ਜੰਗਲ ਉਠਾਈ ਸਲੇਟੀ ਬਿਲਬਾਓ ਦੀਆਂ ਕੱਚੀਆਂ ਧਾਤਾਂ ਦੀ ਭਾਲ 'ਚ ਆਉਣ ਲੱਗ ਪਏ।

ਨਵੇਂ ਜਲ-ਮਾਰਗਾਂ ਰਾਹੀਂ ਜ਼ਿੰਦਗੀ ਵਗਣੀ ਸ਼ੁਰੂ ਹੋ ਗਈ। ਸ਼ਾਂਤੀ ਜੰਗ ਉੱਤੇ ਜੇਤੂ ਹੋ ਗਈ; ਅਤੇ ਸ਼ਾਂਤੀ ਦੇ ਨਾਲ ਸਨਅਤ ਤੇ ਵਣਜ ਆ ਪਹੁੰਚੇ। ਅਥਾਹ ਪੈਦਾਵਾਰੀ ਤਾਕਤਾਂ ਬੰਧਨ ਮੁਕਤ ਹੋ ਗਈਆਂ। ਵਿਜ਼ਕਾਇਆ ਆਦਮੀਆਂ ਤੇ ਸਰਮਾਏ ਨੂੰ ਚੁੰਬਕ ਬਣਕੇ ਖਿੱਚਣ ਲੱਗਿਆ।

ਪੁਰਾਣੇ ਗੁੱਟਾਂ ਦੀ ਨਫ਼ਰਤ, ਜਿਸਨੇ ਦੇਸ਼ ਨੂੰ ਵਾਰ-ਵਾਰ ਲਹੂ-ਲੁਹਾਣ ਕੀਤਾ ਸੀ, ਮਿਟ ਗਈ ਸੀ। ਪੈਦਾਵਾਰ ਤੇ ਅਮੀਰ ਬਨਣ ਦੇ ਜਨੂੰਨ ਨੇ ਬੀਤੇ ਅਤੇ ਜਨਮ ਰਹੇ ਭਵਿੱਖ ਵਿਚਕਾਰ ਹੱਦ ਖੜ੍ਹੀ ਕਰ ਦਿੱਤੀ ਸੀ। ਇਹ ਕਾਰੋਬਾਰੀ ਲੈਣ-ਦੇਣ, ਵਣਜ, ਸਨਅਤੀਕਰਨ, ਅਤੇ ਸਿਰੇ ਦੀ ਅਣਮਨੁੱਖੀ ਲੁੱਟਖਸੁੱਟ ਦਾ ਸ਼ਿਕਾਰ ਹਜ਼ਾਰਾਂ ਮਜ਼ਦੂਰਾਂ ਦੀ ਉਜਰਤੀ ਮਿਹਨਤ ਦਾ ਆਧੁਨਿਕ ਦੌਰ ਸੀ।

ਖੇਤੀਬਾੜੀ ਵਾਲੇ ਖੇਤਰਾਂ ਅਤੇ ਵੱਡੇ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ 'ਚ ਆਈ ਭਾਂਤ-ਸੁਭਾਂਤੀ ਕਿਰਤੀ ਵਸੋਂ ਦੀਆਂ ਭੀੜਾਂ, ਖਾਣ ਕੰਪਨੀਆਂ ਵੱਲੋਂ ਖਾਣਾਂ ਦੇ ਨੇੜੇ ਉਸਾਰੀਆਂ ਗੰਦੀਆਂ ਬਸਤੀਆਂ 'ਚ, ਜਾਂ ਪੱਕੀ ਰਿਹਾਇਸ਼ ਵਾਲੇ ਖਾਣ-ਪੁੱਟ ਪਰਿਵਾਰਾਂ ਦੇ ਕਮਰਿਆਂ 'ਚ, ਜਮਾਂ ਹੋਣ ਲੱਗੀਆਂ।

ਖਾਣਾਂ ਸਾਧਾਰਣ, ਸਸਤੇ ਤਰੀਕੇ ਨਾਲ ਬਣਾਈਆਂ ਜਾਂਦੀਆਂ ਸਨ। ਰਹਿੰਦ-ਖੂੰਹਦ ਹਟਾਉਣ ਦੀ ਸ਼ਾਇਦ ਹੀ ਕੋਈ ਜ਼ਰੂਰਤ ਸੀ। ਨਾ ਡੂੰਘੇ ਮੋਘਿਆਂ ਦੀ ਜ਼ਰੂਰਤ ਸੀ ਨਾ ਮਹਿੰਗੇ ਲਾਂਘਿਆਂ ਦੀ। ਖਣਿਜ ਐਨ ਉੱਥੇ, ਜ਼ਮੀਨ ਦੀ ਸਤਹ ਉੱਤੇ ਸਨ, ਹਰ ਥਾਂ ਪਾਂਡੂ ਰੰਗੀ ਜਾਂ ਜਾਮਣੀ ਭਾਅ ਮਾਰਦੀਆਂ ਝਲਕਾਂ ਦਿਖਾਈ ਦਿੰਦੀਆਂ ਜੋ ਖਾਣਾਂ ਦੇ ਖੇਤਰ ਨੂੰ ਰੰਗ-ਬਰੰਗੀ ਵਿਸ਼ੇਸ਼ਤਾ ਪ੍ਰਦਾਨ ਕਰਦੀਆਂ ਸਨ।

ਖਾਣਾਂ ਦੀ ਲੁੱਟ-ਖਸੁੱਟ, ਜਿਸ ਰਾਹੀਂ ਦੇਸ਼ ਦੀ ਪ੍ਰਮੁੱਖ ਦੌਲਤ ਲੁੱਟੀ ਖੋਹੀ ਜਾਂਦੀ ਸੀ, ਦੀ ਵਿਸ਼ੇਸ਼ਤਾ ਨੂੰ ਸਿਰਫ਼ ਲਾਲਚੀ ਤਰੀਕਾ ਹੀ ਨਹੀਂ ਸਗੋਂ ਇਨ੍ਹਾਂ 'ਚ ਕੰਮ ਕਰਨ ਵਾਲੇ ਆਦਮੀਆਂ ਨਾਲ ਵਹਿਸ਼ੀ ਸਲੂਕ ਵੀ ਪ੍ਰਗਟਾਉਂਦਾ ਸੀ। ਖਾਣ ਮਜ਼ਦੂਰ ਪਹੁ ਫੁਟਾਲੇ ਤੋਂ ਲੈ ਕੇ ਹਨੇਰਾ ਹੋਣ ਤੱਕ ਕੰਮ ਕਰਦੇ। ਕੰਮ ਦੇ ਕੋਈ ਘੰਟੇ ਤੈਅ ਨਹੀਂ ਸਨ। ਸੂਰਜ ਦੀ ਲੋਅ ਹੋਣ ਤੋਂ ਪਹਿਲਾਂ ਹੀ ਉਹ ਘਰੋਂ ਚੱਲ ਪੈਂਦੇ ਅਤੇ ਰਾਤ ਪੈਣ ਤੋਂ ਬਾਦ ਵਾਪਸ ਮੁੜਦੇ। ਹੋਰ ਖੇਤਰਾਂ ਤੋਂ ਆਉਣ ਵਾਲੇ

ਕਿਰਤੀਆਂ ਨੂੰ ਖਾਣ ਕੰਪਨੀਆਂ ਜਿਹੜੇ ਪੜਛੱਤੇ ਵਾਲੇ ਘਰ ਰਿਹਾਇਸ਼ ਲਈ ਦਿੰਦੀਆਂ, ਉਹ ਮਨੁੱਖੀ ਰੈਣ-ਬਸੇਰੇ ਨਾਲੋਂ ਵੱਧ ਜਾਨਵਰਾਂ ਦੇ ਘੁਰਨਿਆਂ ਨਾਲ ਮਿਲਦੇ-ਜੁਲਦੇ ਸਨ।

ਰਾਤ ਨੂੰ, ਜਦੋਂ ਖਾਣ ਮਜ਼ਦੂਰ ਬਿਸਤਰੇ 'ਚ ਜਾਂਦੇ ਤਾਂ ਉਨ੍ਹਾਂ ਦੇ ਪੜਛੱਤਾਂ ਵਾਲੇ ਘਰਾਂ ਦੇ ਅੰਦਰਲੇ ਦ੍ਰਿਸ਼ ਦਾਂਤੇ ਦੀਆਂ ਲਿਖਤਾਂ ਦੇ ਦ੍ਰਿਸ਼ਾਂ ਵਰਗੇ ਦਿਖਾਈ ਦਿੰਦੇ। ਹਵਾ ਤੇਜ਼ ਤੰਬਾਕੂ ਦੇ ਧੂੰਏਂ ਨਾਲ ਭਰੀ ਹੁੰਦੀ ਅਤੇ ਕਮਰੇ ਦੇ ਵਿਚਕਾਰ ਤੇਲ ਵਾਲੇ ਲੈਂਪ ਦੀ ਕੰਬਦੀ ਲੋਅ ਜਗ ਰਹੀ ਹੁੰਦੀ। ਮੁੜ੍ਹਕੇ, ਖ਼ਮੀਰੀ ਖਾਣੇ, ਅਤੇ ਟੱਟੀਆਂ ਦੀ ਬਦਬੋ ਵਾਲੇ ਰਲੇ-ਮਿਲੇ ਗੰਦੇ ਮਾਹੌਲ 'ਚ ਆਪਣੀਆਂ ਮੰਜੀਆਂ ਦੁਆਲੇ ਘੁੰਮਦੇ ਜਾਂ ਆਪਣੇ ਬਿਸਤਰੇ ਨਾਲ ਢੋਅ ਲਾ ਕੇ ਬੈਠੇ ਅਧ-ਨੰਗੇ ਮਨੁੱਖਾਂ ਦੇ ਧੁੰਦਲੇ ਅਕਸ ਦਿਖਾਈ ਦਿੰਦੇ। ਟੱਟੀਆਂ ਹਰੇਕ ਟੱਪਰੀ ਦੇ ਅੰਦਰ ਇਕ ਛੋਟੇ ਜਹੇ ਹਿੱਸੇ 'ਚ ਬਣਾਈਆਂ ਹੁੰਦੀਆਂ। ਇਨ੍ਹਾਂ ਦਾ ਦਰਵਾਜ਼ਾ ਮੁੱਖ ਕਮਰੇ ਵੱਲ ਹੁੰਦਾ।

ਆਦਮੀ ਲੱਕੜੀ ਦੇ ਤੰਗ ਬੈਂਚਾਂ ਉੱਪਰ ਵਿਛਾਏ ਫੱਕ ਨਾਲ ਤੂਸੇ ਬਿਸਤਰਿਆਂ 'ਤੇ ਸੌਂਦੇ। ਉਹ ਆਪਣੇ ਉੱਪਰ ਆਪਣੇ ਹੀ *ਟਾਪਾਬੋਕਾ* ਓੜ੍ਹ ਲੈਂਦੇ। ਇਹ ਇਕ ਤਰਾਂ ਦਾ ਉੱਨ ਦਾ ਖੁਰਦਰਾ ਕੰਬਲ ਹੁੰਦਾ ਸੀ ਜਿਹੜਾ ਉਹ ਠੰਡ ਤੇ ਮੀਂਹ ਤੋਂ ਬਚਣ ਲਈ ਆਪਣੇ ਉੱਪਰ ਲੈਂਦੇ ਸਨ, ਜਿਹੜਾ ਗਰਮੀ ਨੂੰ ਛੱਡਕੇ, ਬਾਕੀ ਮੌਸਮਾਂ 'ਚ ਸਦਾ ਸਲਾਬ੍ਹਿਆ ਜਾਂ ਭਿੱਜਿਆ ਹੁੰਦਾ ਸੀ।

ਖਾਣ ਮਜ਼ਦੂਰ ਦੇ ਪਸੀਨੇ ਤੇ ਚਿੱਕੜ ਨਾਲ ਗੜੁੱਚ ਕੱਪੜੇ, ਸਾਰਡਿਨ, ਹੈਰਿੰਗ ਤੇ ਕਾਡ ਮੱਛੀਆਂ, ਮੁਸ਼ਕਿਆ ਹੋਇਆ ਸੂਰ ਦਾ ਮਾਸ ਅਤੇ ਝਟਕੇ ਦਾ ਮੀਟ ਇਕੋ ਜਗ੍ਹਾ ਉਸਦੇ ਬਿਸਤਰੇ ਦੇ ਨੇੜੇ ਕਿੱਲੀਆਂ 'ਤੇ ਟੰਗੇ ਹੁੰਦੇ—ਲਸਣ ਦੀਆਂ ਗੰਢੀਆਂ, ਪਿਆਜ਼ ਅਤੇ ਕਾਲੀ ਮਿਰਚ, ਹਰ ਚੀਜ਼ ਦੀ ਆਪਣੀ ਹੀ ਦੁਰਗੰਧ ਤੇ ਲਪਟ ਹੁੰਦੀ।

ਇਹ ਰਿਹਾਇਸ਼ੀ ਮਕਾਨ ਚੇਚਕ ਜਾਂ ਟਾਈਫ਼ਸ ਵਰਗੀਆਂ ਉਸ ਸਮੇਂ ਦੀਆਂ ਮਹਾਂਮਾਰੀ ਬੀਮਾਰੀਆਂ ਦਾ ਪੱਕਾ ਸੋਮਾ ਹੁੰਦੇ ਸਨ। ਜਿਸ ਕਿਸੇ ਨੂੰ ਇਹ ਬੀਮਾਰੀਆਂ ਚਿੰਬੜ ਜਾਂਦੀਆਂ, ਉਸ ਨੂੰ ਉਸ ਦੀ ਮੰਜੀ ਤੋਂ ਚੁੱਕਕੇ ਇਕ ਝੁੱਗੀ 'ਚ ਲੈ ਜਾਂਦੇ ਜਿੱਥੇ ਬੀਮਾਰਾਂ ਨੂੰ ਰੱਖਿਆ ਜਾਂਦਾ ਸੀ। ਜੇ ਉਹ ਮਰ ਜਾਂਦਾ ਤਾਂ ਉਸ ਦੇ ਖਾਨੇ ਵਿਚ ਚੂਨੇ ਦੇ ਪਾਣੀ ਦਾ ਛਿੜਕਾਅ ਕਰ ਦਿੱਤਾ ਜਾਂਦਾ ਅਤੇ ਉਸ ਦੀ ਮੰਜੀ ਉੱਪਰ ਝੱਟ ਕੋਈ ਹੋਰ ਕਬਜ਼ਾ ਕਰ ਲੈਂਦਾ। ਕੱਚੇ ਮਜ਼ਦੂਰਾਂ 'ਚ ਬਹੁਤੇ ਕਿਸਾਨੀ ਪਿਛੋਕੜ 'ਚੋਂ ਹੁੰਦੇ ਸਨ। ਹਾਲਾਤ ਸਿਹਤ ਲਈ ਸਾਜ਼ਗਾਰ ਨਾ ਹੋਣ ਕਰਕੇ ਉਹ ਜਾਨਲੇਵਾ ਬੀਮਾਰੀਆਂ ਅਤੇ ਮਹਾਂਮਾਰੀਆਂ ਦੇ ਰੋਗਾਣੂ-ਵਾਹਕ ਬਣੇ ਰਹਿੰਦੇ ਜੋ ਵਿਜ਼ਕਾਇਆ ਤੋਂ ਕਾਸਟਾਇਲ ਅਤੇ ਕਾਸਟਾਇਲ ਤੋਂ ਵਿਜ਼ਕਾਇਆ ਤੱਕ ਬੇਲਗਾਮ ਫੈਲਦੀਆਂ ਰਹਿੰਦੀਆਂ ਸਨ।

ਉਨ੍ਹਾਂ ਮਨੁੱਖੀ ਛੱਤਿਆਂ 'ਚ ਸਪੇਨ ਦੇ ਹਰੇਕ ਖੇਤਰ, ਭਾਸ਼ਾ, ਰੀਤੀ-ਰਿਵਾਜਾਂ, ਵਿਸ਼ਵਾਸਾਂ ਅਤੇ ਅੰਧ-ਵਿਸ਼ਵਾਸਾਂ ਦਾ ਮਿਲਗੋਭਾ ਵਿਅਕਤੀ ਵਸੇ ਹੋਏ ਸਨ, ਉਹ ਆਪਣੀ ਸਾਂਝੀ ਜ਼ਿੰਦਗੀ ਦੀ ਕੁਠਾਲੀ 'ਚ ਢਲੇ ਤੇ ਮੁੜ-ਢਲੇ ਹੋਏ ਸਨ। ਮਿਲ-ਜੁਲਕੇ ਕੰਮ ਕਰਦਿਆਂ ਤੇ ਮੁਸ਼ਕਲਾਂ ਸਹਿੰਦਿਆਂ, ਉਨ੍ਹਾਂ ਨੇ ਆਪਣਾ ਹੀ ਇਕ ਵਿਚਾਰ ਪ੍ਰਬੰਧ ਤੇ ਸਦਾਚਾਰ ਬਣਾ ਲਿਆ ਸੀ ਜਿਸ ਵਿਚ ਧਾਰਮਿਕ ਅਕੀਦਾ ਤੇ ਜਾਦੂ-ਟੂਣੇ 'ਚ ਅੰਨ੍ਹਾ ਵਿਸ਼ਵਾਸ ਆਪੋ 'ਚ ਗੁੰਦੇ ਹੋਏ ਤੇ ਰਲ਼ਗੱਡ ਸਨ। ਉਹ ਚੁੜੇਲਾਂ, ਭੂਤਾਂ ਅਤੇ ਸਾਇਆਂ ਦਾ ਡਰ ਮੰਨਦੇ, ਤੇ ਬੁਰੀ ਨਜ਼ਰ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੋਟੈਸਟੈਂਟ ਧਾਰਮਿਕ ਸਿਧਾਂਤ ਦੀ ਜਾਂ ਸੰਤ ਪੀਟਰ ਜ਼ਾਰਿਕੁਵੇ, ਜਾਦੂ-ਟੂਣੇ ਦੇ ਸਰਪ੍ਰਸਤ ਸੰਤ, ਦੀ ਤਾਕਤ 'ਚ ਭਰੋਸਾ ਸੀ। ਉਨ੍ਹਾਂ ਦਾ ਸੰਤ ਬਲੇਸ ਜਾਂ ਸੰਤ ਐਂਟੋਨੀ ਦੇ ਪਵਿੱਤਰ ਧਾਗਿਆਂ ਜਾਂ ਈਸਟਰ ਤੋਂ ਪਹਿਲੇ ਐਤਵਾਰ ਨੂੰ ਦਿੱਤੇ ਮੰਤਰ ਦੀਆਂ ਚਮਤਕਾਰੀ ਤਾਕਤਾਂ 'ਚ ਵਿਸ਼ਵਾਸ

ਸੀ ਜੋ ਮਨੁੱਖਾਂ ਜਾਂ ਪਸ਼ੂਆਂ ਦੀਆਂ ਬੀਮਾਰੀਆਂ ਦਾ ਇਲਾਜ ਕਰਨ ਲਈ, ਤੂਫ਼ਾਨਾਂ ਨੂੰ ਭਜਾਉਣ ਲਈ ਅਤੇ ਆਪਣੇ ਘਰਾਂ ਜਾਂ ਇੱਜੜਾਂ ਨੂੰ ਅਸਮਾਨੀ ਬਿਜਲੀ ਤੋਂ ਬਚਾਉਣ ਲਈ ਵਰਤੇ ਜਾਂਦੇ।

ਪਰ ਧਰਮ ਤੇ ਕੁਫ਼ਰ ਦੇ, ਅਗਿਆਨਤਾ ਤੇ ਅੰਧਵਿਸ਼ਵਾਸ ਦੇ ਸਖ਼ਤ ਖੋਲ, ਜਿਸਦਾ ਸਿੱਟਾ ਅਸੀਲ ਸਮਰਪਣ ਅਤੇ ਘਾਤਕ ਸਬਰ-ਸੰਤੋਖ 'ਚ ਨਿਕਲਿਆ ਸੀ, ਦੇ ਹੇਠਾਂ ਇਨ੍ਹਾਂ ਮਨੁੱਖਾਂ ਦੀਆਂ ਰੂਹਾਂ ਅੰਦਰ ਹਾਲੇ ਵੀ, ਸੁਆਹ 'ਚ ਦੱਬੀ ਚਿੰਗਾੜੀ ਵਾਂਗ, ਮਨੁੱਖੀ ਸਵੈ-ਮਾਣ ਅਤੇ ਵਿਦਰੋਹ ਦੀ ਪ੍ਰਬਲ ਭਾਵਨਾ ਜ਼ਿੰਦਾ ਸੀ ਜਿਸ ਨੂੰ ਕੋਈ ਵੀ ਤਾਕਤ ਬੁਝਾਉਣ 'ਚ ਸਫ਼ਲ ਨਹੀਂ ਹੋਈ ਸੀ। ਕਦੇ ਕਦੇ ਜਦੋਂ ਅਸਹਿ ਅਨਿਆਂ ਜਾਂ ਪੀੜਾ, ਮਾਣ-ਸਤਿਕਾਰ ਅਤੇ ਸਬਰ ਦੇ ਕੰਢਿਆਂ ਉੱਤੋਂ ਦੀ ਉੱਛਲ ਪੈਂਦੇ ਤਾਂ ਅੱਗ ਦੀਆਂ ਚਿੰਗਾੜੀਆਂ ਬੇਕਾਬੂ ਲਾਟਾਂ ਬਣ ਉੱਠਦੀਆਂ।

ਜਿਨ੍ਹਾਂ ਹਾਲਤਾਂ 'ਚ ਖਾਣਾਂ ਦਾ ਕੰਮ ਚੱਲਦਾ ਸੀ, ਅਕਸਰ ਹੀ ਢਿੱਗਾਂ ਡਿਗ ਜਾਂਦੀਆਂ, ਅਤੇ ਬੇਸ਼ੁਮਾਰ ਜਾਨਲੇਵਾ ਹਾਦਸੇ ਪੀੜਤਾਂ ਦੀ ਜਾਨ ਲੈ ਲੈਂਦੇ। ਇਹੋ ਜਿਹੀ ਹੀ ਇਕ ਤਬਾਹੀ 80ਵਿਆਂ 'ਚ ਸੈਨ ਮਿਗੂਅਲ ਖਾਣ 'ਚ ਵਾਪਰੀ ਸੀ ਜਿੱਥੇ, ਜਿਸ ਨੂੰ ਖਾਣ ਮਜ਼ਦੂਰ "ਟੋਪੀ" ਕਹਿੰਦੇ ਸਨ, ਦੇ ਡਿਗਣ ਨਾਲ ਮਜ਼ਦੂਰਾਂ ਦੀ ਵੱਡੀ ਟੋਲੀ ਹੇਠਾਂ ਆ ਕੇ ਦਬ ਗਈ। ਉਹ ਖ਼ਤਰੇ ਤੋਂ ਜਾਣੂ ਸਨ ਪਰ ਉਨ੍ਹਾਂ ਨੂੰ ਡਿੱਗਣ ਵਾਲੀ ਢਿੱਗ ਹੇਠਾਂ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਖਾਣਾਂ ਦੇ ਮਾਲਕ ਮਹਿਸੂਸ ਕਰਦੇ ਸਨ, ਤੇ ਹਾਕਮ ਇਸ ਬਾਰੇ ਉਨ੍ਹਾਂ ਨਾਲ ਸਹਿਮਤ ਸਨ, ਕਿ ਉਸ ਢਿੱਗ ਹੇਠੋਂ ਖਾਣ ਮਜ਼ਦੂਰਾਂ ਨੂੰ ਕੱਢਣ ਲਈ ਵਿਅਰਥ ਖਰਚ ਤੇ ਖੇਚਲ ਹੋਵੇਗੀ। ਉਹ ਕਹਿੰਦੇ, "ਆਖ਼ਿਰ ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਉਹ ਇੱਥੇ ਦਫ਼ਨ ਹੁੰਦੇ ਹਨ ਜਾਂ ਕਬਰਸਤਾਨ ਵਿਚ!"

ਖਾਣ ਮਜ਼ਦੂਰਾਂ ਨੂੰ ਮਹੀਨੇ ਦੇ ਅਖ਼ੀਰ 'ਚ ਉਜਰਤ ਦਿੱਤੀ ਜਾਂਦੀ ਅਤੇ ਉਨ੍ਹਾਂ ਨੂੰ ਖਾਣਾ ਤੇ ਕੱਪੜੇ ਖਾਣ ਮਾਲਕਾਂ ਜਾਂ ਕੰਪਨੀ ਦੇ ਉੱਚ ਅਧਿਕਾਰੀਆਂ ਦੇ ਸਟੋਰਾਂ ਤੋਂ ਖ਼ਰੀਦਣ ਲਈ ਮਜਬੂਰ ਕੀਤਾ ਜਾਂਦਾ। ਅਤੇ ਕਈ ਵਾਰ ਜਦੋਂ, ਚਾਰ ਲੰਮੇ ਹਫ਼ਤਿਆਂ ਦੇ ਲਗਾਤਾਰ ਕੰਮ ਉਪਰੰਤ ਪਸੀਨੋ-ਪਸੀਨਾ ਹੋ ਕੇ ਮੰਦੇਹਾਲ ਮਜ਼ਦੂਰ ਉਜਰਤਾਂ ਲੈਣ ਲਈ ਭੁਗਤਾਨ ਖਿੜਕੀ 'ਤੇ ਜਾਂਦੇ ਤਾਂ ਉਹ ਦੇਖਦੇ ਕਿ ਲੈਣ ਲਈ ਬਚਿਆ ਹੀ ਕੁਝ ਨਹੀਂ ਸੀ। ਕੰਪਨੀ ਦੇ ਸਟੋਰ ਦੇ ਮੈਨੇਜਰਾਂ ਵੱਲੋਂ ਰੱਖੇ ਜਾਂਦੇ ਹਿਸਾਬ-ਕਿਤਾਬ ਮੁਤਾਬਿਕ, ਉਨ੍ਹਾਂ ਦੇ ਖ਼ਰਚੇ ਮਹੀਨੇ ਦੀ ਲੱਕ-ਤੋੜ ਮਿਹਨਤ ਦੀਆਂ ਉਜਰਤਾਂ ਤੋਂ ਵੱਧ ਨਿਕਲਦੇ। ਤੇ ਕੋਈ ਚਾਰਾ ਵੀ ਨਹੀਂ ਸੀ। ਵਧਾਇਆ-ਚੜ੍ਹਾਇਆ ਅਤੇ ਕਈ ਵਾਰ ਕਲਰਕਾਂ ਜਾਂ ਮੈਨੇਜਰਾਂ ਦੀਆਂ ਚੋਰੀਆਂ 'ਤੇ ਪਰਦਾ ਪਾਉਣ ਲਈ ਝੂਠ ਘੜਿਆ ਕਰਜ਼ਾ ਉਨ੍ਹਾਂ ਨੂੰ ਖਾਣ ਦੇ ਨਾਲ ਨੂੜੀ ਰੱਖਦਾ। ਖਾਣਾਂ ਦੇ ਮਾਲਕ ਕਰਜ਼ਾਈਆਂ ਦੀਆਂ ਸੂਚੀਆਂ ਤੇ ਨਾਲ ਹੀ ਵਧੇਰੇ ਬਾਗ਼ੀ ਮਜ਼ਦੂਰਾਂ ਦੀਆਂ ਕਾਲੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕਰਦੇ ਰਹਿੰਦੇ। ਜਦੋਂ ਇਕ ਮਜ਼ਦੂਰ ਇਕ ਖਾਣ ਮਾਲਕ ਦਾ ਕਰਜ਼ਾਈ ਹੁੰਦਾ ਉਸ ਨੂੰ ਓਦੋਂ ਤੱਕ ਦੂਜੀ ਖਾਣ ਵਿਚ ਨਾ ਲਿਆ ਜਾਂਦਾ ਜਦੋਂ ਤੱਕ ਕਰਜ਼ਾ ਵਾਪਸ ਨਾ ਮੋੜਿਆ ਜਾਂਦਾ। ਰੋਸ ਪ੍ਰਗਟਾਉਣ ਦਾ ਕੋਈ ਫ਼ਾਇਦਾ ਨਹੀਂ ਸੀ। ਕਾਨੂੰਨ ਮਾਲਕ ਦੇ ਪੱਖ 'ਚ ਸੀ, ਤੇ ਕਾਨੂੰਨ ਦੇ ਨਾਲ ਹੀ ਆਈਆਂ ਸਿਵਲ ਗਾਰਡਾਂ (ਆਮ ਪੁਲਿਸ) ਦੀਆਂ ਰਾਈਫਲਾਂ ਅਤੇ ਜੇਲ੍ਹਾਂ ਤੇ ਸ਼ਹਿਰਾਂ ਵਿਚਲੀਆਂ ਘਟੀਆਂ ਰਿਹਾਇਸ਼ਾਂ, ਜਾਂ ਖਾਣ ਮੈਨੇਜਰਾਂ ਦੇ ਗੁੰਡਾ ਗ੍ਰੋਹਾਂ ਦੇ ਛੁਰੇ ਤੇ ਡਾਗਾਂ ਆ ਗਏ।

ਫਿਰ ਵੀ, ਖਾਣ ਮਾਲਕ ਆਪਣੇ ਬੋਝਲ ਕਾਰੋਬਾਰੀ ਮਾਮਲਿਆਂ ਦੇ ਬਾਵਜੂਦ ਖਾਣ ਮਜ਼ਦੂਰਾਂ ਦੀ ਰੂਹਾਨੀ ਸਿਹਤ ਨੂੰ ਅੱਖੋਂ ਓਹਲੇ ਨਾ ਕਰਦੇ। ਐਤਵਾਰ ਤੇ ਧਾਰਮਿਕ ਛੁੱਟੀਆਂ ਦੇ ਦਿਨ ਉਹ ਦਰਿਆ-ਦਿਲ ਹੋ ਕੇ ਉਨ੍ਹਾਂ ਨੂੰ ਥ੍ਰਿਕ ਘੰਟਾ ਦਿੰਦੇ, ਤਾਂ ਕਿ ਉਹ ਖਾਣਾਂ ਦੇ ਸਭ ਤੋਂ ਨੇੜਲੇ ਗਿਰਜਾ ਘਰਾਂ ਦੇ ਪੂਜਾ-ਪਾਠ 'ਚ ਸ਼ਾਮਲ ਹੋ ਸਕਣ। ਇਹ ਜ਼ਰੂਰੀ ਸੀ।

ਘੱਟ ਰੂਹਾਨੀ ਸੁਭਾਅ ਵਾਲੀਆਂ ਹੋਰ ਲੋੜਾਂ ਦਾ ਧਿਆਨ ਰੱਖਦੇ ਹੋਏ ਉਨ੍ਹਾਂ ਨੇ ਬਦਕਾਰ ਲੋਕਾਂ ਨੂੰ ਸੂਬਾਈ ਰਾਜਧਾਨੀ ਦੀਆਂ ਸਭ ਤੋਂ ਨੀਵੀਂ ਕਿਸਮ ਦੀਆਂ ਵੇਸਵਾਵਾਂ ਭਰਤੀ ਕਰਕੇ ਤਨਖਾਹ ਦੇ ਦਿਨ ਖਾਣ ਖੇਤਰ ਦੇ ਸ਼ਹਿਰਾਂ 'ਚ ਲਿਆਉਣ ਦੀ ਇਜਾਜ਼ਤ ਦੇ ਦਿੱਤੀ। ਵੱਧ ਖੁਸ਼ਕਿਸਮਤ ਖਾਣ ਮਜ਼ਦੂਰਾਂ ਨੂੰ ਆਪਣੇ ਪੈਸਿਆਂ ਤੋਂ ਰਾਹਤ ਮਿਲ ਜਾਂਦੀ ਸੀ; ਉਨ੍ਹਾਂ ਦੇ ਘੱਟ ਖੁਸ਼ਕਿਸਮਤ ਭਰਾ ਬਾਕੀ ਦਿਨਾਂ ਲਈ ਭਿਆਨਕ ਬੀਮਾਰੀਆਂ ਸਹੇੜ ਲੈਂਦੇ ਸਨ।

ਖਾਣਾਂ 'ਚ ਕੰਮ ਕਰਨ ਆਏ ਵਿਅਕਤੀ ਸਪੇਨ ਦੇ ਅਨੇਕਾਂ ਵੱਖ-ਵੱਖ ਖੇਤਰਾਂ ਤੋਂ ਸਨ। ਇਸ ਤੱਥ ਤੋਂ ਮੈਨੇਜਮੈਂਟ ਨੂੰ ਇਹ ਫੁਰਨਾ ਫੁਰਿਆ ਕਿ ਮਜ਼ਦੂਰਾਂ ਨੂੰ ਉਨ੍ਹਾਂ ਦੇ ਸੂਬਿਆਂ ਜਾਂ ਖੇਤਰਾਂ ਦੇ ਅਧਾਰ 'ਤੇ ਟੋਲੀਆਂ 'ਚ ਵੰਡਕੇ ਖੇਤਰੀ ਦੁਸ਼ਮਣੀਆਂ ਤੇ ਤੁਅੱਸਬ ਭੜਕਾਏ ਜਾਣ। ਇੰਜ, ਇਕ ਕੰਮ ਵਾਲੀ ਟੋਲੀ ਪੂਰੀ ਤਰਾਂ ਨਵਾਰੇ ਦੇ ਆਦਮੀਆਂ ਨੂੰ ਲੈ ਕੇ ਬਣਾਈ ਜਾਂਦੀ, ਦੂਜੀ ਕੈਸਟਿਲੀਅਨਾਂ ਨੂੰ ਲੈ ਕੇ। ਮਜ਼ਦੂਰਾਂ ਨੂੰ ਖੇਤਰੀ ਧੜਿਆਂ 'ਚ ਵੰਡਕੇ ਦੋ ਮਕਸਦ ਪੂਰੇ ਕੀਤੇ ਗਏ: ਇਸ ਨਾਲ ਖਾਣਾਂ ਵਿਚੋਂ ਕੱਢੀ ਜਾਂਦੀ ਕੱਚੀ ਧਾਤ ਦੀ ਮਾਤਰਾ ਬਿਨਾ ਵਾਧੂ ਲਾਗਤ ਦੇ ਵਧ ਗਈ, ਅਤੇ ਇਸ ਨੇ ਮਜ਼ਦੂਰਾਂ 'ਚ ਸਾਥੀਆਂ ਵਾਲੀ ਭਾਵਨਾ ਪੈਦਾ ਨਾ ਹੋਣ ਦਿੱਤੀ ਜੋ ਉਨ੍ਹਾਂ ਨੂੰ ਆਪਣੀ ਲੁੱਟ ਕਰਨ ਵਾਲਿਆਂ ਦੇ ਵਿਰੁੱਧ ਇਕਮੁੱਠ ਕਰ ਸਕਦੀ ਸੀ।

ਹਰੇਕ ਸਵੇਰ ਮੈਨੇਜਰ ਇਕ ਟੋਲੀ ਕੋਲ ਜਾਂਦਾ। ਸੋਮਵਾਰ ਨੂੰ ਉਹ ਨਵਾਰੇ ਦੇ ਮਜ਼ਦੂਰਾਂ ਨਾਲ ਗੱਲਬਾਤ ਕਰਦਾ, ਮੰਗਲਵਾਰ ਨੂੰ ਐਰਾਗਨ ਵਾਲਿਆਂ ਨਾਲ। ਢੰਗ-ਤਰੀਕਾ ਹਮੇਸ਼ਾ ਇਕੋ ਹੀ ਹੁੰਦਾ, ਤੇ ਨਤੀਜੇ ਵੀ ਇਕੋ ਜਹੇ।

ਉਹ ਐਰਾਗਨ ਵਾਲਿਆਂ ਨੂੰ ਦੱਸਦਾ, "ਅੱਜ ਨਵਾਰੇ ਵਾਲਿਆਂ ਨੇ ਕਿਹਾ ਹੈ ਕਿ ਉਹ ਐਨੀਆਂ ਬੋਗੀਆਂ ਭਰਨ ਜਾ ਰਹੇ ਹਨ।"

ਮਜ਼ਦੂਰ ਦੰਦ ਪੀਹਦੇ ਤੇ ਉਸ ਵੱਲ ਗੁੱਸੇ ਨਾਲ ਦੇਖਦਿਆਂ ਸੁਣਦੇ ਰਹਿੰਦੇ। ਮੈਨੇਜਰ ਦੇ ਲਫ਼ਜ਼ਾਂ ਦਾ ਡੰਗ ਉਨ੍ਹਾਂ ਦੇ ਘੋੜਾ-ਮੱਖ ਵਾਂਗ ਦੇ ਲੜਨ ਵਾਂਗ ਜਲੂਣ ਪੈਦਾ ਕਰਦਾ, ਪਰ ਉਨ੍ਹਾਂ ਦਾ ਖੇਤਰੀ ਤੇ ਮਨੁੱਖੀ ਘੁਮੰਡ ਉਨ੍ਹਾਂ ਨੂੰ ਬਾਕੀਆਂ ਤੋਂ ਦੂਰ ਹੋਣ ਦੀ ਇਜਾਜ਼ਤ ਨਾ ਦਿੰਦਾ। ਥੋੜ੍ਹੇ ਵਿਚਾਰ ਵਟਾਂਦਰੇ ਉਪਰੰਤ ਉਹ ਵੰਗਾਰ ਕਬੂਲ ਕਰ ਲੈਂਦੇ।

"ਅਸੀਂ ਵੱਧ ਬੋਗੀਆਂ ਲੱਦਾਂਗੇ।"

"ਕਿੰਨੀਆਂ ? "

"ਨਵਾਰੇ ਐਰਾਗਨ ਨੂੰ ਮਾਤ ਨਹੀਂ ਕਰ ਪਾਏਗਾ।"

ਇਸ ਪਿੱਛੋਂ ਮੈਨੇਜਰ ਖੇਤਰੀ ਸ਼ਰੀਕੇਬਾਜ਼ੀ ਦੀ ਚੋਭ ਨਾਲ ਦੂਜੀ ਟੋਲੀ ਨੂੰ ਉਕਸਾਉਣ ਚਲਿਆ ਜਾਂਦਾ। ਇਸ ਤਰਾਂ, ਜਨੂੰਨੀ ਤੇ ਥਕਾ ਦੇਣ ਵਾਲੀ ਚਾਲ ਨਾਲ ਕੰਮ ਸ਼ੁਰੂ ਹੋ ਜਾਂਦਾ। ਜੇ ਕੋਈ ਮਜ਼ਦੂਰ ਮੁੜ੍ਹਕਾ ਪੂੰਝਣ ਲਈ ਜਾਂ ਸਰਸਰੀ ਦਮ ਲੈਣ ਖ਼ਾਤਰ ਬਿੰਦ ਝੱਟ ਰੁਕ ਜਾਂਦਾ, ਤਾਂ ਉਸਦੇ ਨਾਲ ਦੇ ਉਸਨੂੰ ਲਾਹਣਤਾਂ ਪਾਉਂਦੇ ਤੇ ਬੇਇੱਜ਼ਤੀ ਕਰਦੇ। ਅੰਨ੍ਹੀ ਹੈਵਾਨੀ ਨਫ਼ਰਤ ਹਰੇਕ ਟੋਲੀ ਦੇ ਮੈਂਬਰਾਂ ਅੰਦਰ ਇਕ ਦੂਜੇ ਦੇ ਖ਼ਿਲਾਫ਼ ਵੀ ਭੜਕਦੀ ਰਹਿੰਦੀ। ਸਿਆਣੀ ਉਮਰ ਵਾਲੇ ਗੱਭਰੂਆਂ ਨੂੰ ਚੁੱਭਦੇ ਰਹਿੰਦੇ, ਜਿਨ੍ਹਾਂ ਤੋਂ ਉਨ੍ਹਾਂ ਵਾਂਗ ਤੇਜ਼ੀ ਨਾਲ ਕੰਮ ਨਹੀਂ ਸੀ ਹੁੰਦਾ,

ਸਿਆਣੀ ਉਮਰ ਦਿਆਂ ਨੂੰ ਗੱਭਰੂ ਚੁੱਭਦੇ ਰਹਿੰਦੇ, ਜੋ ਘਾਤਕ ਰਫ਼ਤਾਰ ਬਣਾਈ ਜਾਂਦੇ ਸਨ। ਦਿਹਾੜੀ ਮੁੱਕ ਜਾਂਦੀ ਤੇ ਐਰਾਗਨ ਵਾਲੇ ਜਿੱਤ ਜਾਂਦੇ। ਉਸ ਖੇਤਰ ਦੇ ਆਦਮੀਆਂ 'ਚ ਆਪਣੇ ਸ਼ਰੀਕਾਂ ਬਾਰੇ ਚੁੱਭਵੇਂ ਗੀਤ ਨਾਲ ਵਿਅੰਗ ਕੱਸਣ ਲਈ ਹਾਲੇ ਵੀ ਲੋੜੀਂਦਾ ਸਾਹ-ਸਤ ਬਾਕੀ ਹੁੰਦਾ:

ਨਵਾਰੇ ਵਾਲਿਆ ਐਨੀਆਂ ਸ਼ੇਖੀਆਂ ਨਾ ਮਾਰ
ਕਿਉਂਕਿ ਨਵਾਰੇ ਦੇ ਸਿੱਕੇ
ਐਰਾਗਨ 'ਚ ਨਹੀਂ ਚੱਲਦੇ।

ਅਗਲੇ ਦਿਨ ਨਵਾਰੇ ਵਾਲੇ ਦੂਜੀ ਟੋਲੀ ਨਾਲ ਵਹਿਸ਼ੀ ਮੁਕਾਬਲੇ 'ਚ ਜਿੱਤ ਜਾਂਦੇ। ਅਤੇ ਸ਼ੇਖੀ ਕੌਮੀ ਤਾਰੀਫ਼ ਦੇ ਪੱਧਰ ਤੱਕ ਉੱਚੀ ਉੱਠ ਜਾਂਦੀ ਤੇ ਇਸ ਤੋਂ ਪ੍ਰੇਰਤ ਹੋ ਕੇ ਇਕ ਹੋਰ ਸ਼ੇਖੀਖੋਰਾ ਗੀਤ ਗੂੰਜ ਉੱਠਦਾ :

ਕੋਈ ਵੀ ਨਵਾਰੇ ਦੇ ਜ਼ੱਰਾਬਕਤਰ ਦੀਆਂ
ਜ਼ੰਜੀਰਾਂ ਨਹੀਂ ਤੋੜ ਸਕਦਾ
ਕਿਉਂਕਿ ਉਹ ਫ਼ੌਲਾਦ ਦੀਆਂ ਬਣੀਆਂ ਹੋਈਆਂ
ਜਿਹੜਾ ਵਿਜ਼ਕਾਇਆ ਦੀਆਂ ਖਾਣਾਂ 'ਚੋਂ ਨਿੱਕਲਦਾ।

ਇਨ੍ਹਾਂ ਬਨਾਉਟੀ ਤੌਰ 'ਤੇ ਭੜਕਾਈਆਂ ਸ਼ਰੀਕੇਬਾਜ਼ੀਆਂ ਦੀ ਭੜਾਸ ਸਦਾ ਗੀਤਾਂ ਦੁਆਰਾ ਨਿੱਕਲਣ ਤੱਕ ਸੀਮਤ ਨਾ ਰਹਿੰਦੀ। ਕਈ ਵਾਰ ਝਗੜਿਆਂ ਦਾ ਨਬੇੜਾ ਬੰਦੂਕਾਂ ਜਾਂ ਚਾਕੂਆਂ ਨਾਲ ਹੁੰਦਾ ਅਤੇ ਇਸਦਾ ਅੰਤ ਕਿਸੇ ਦੇ ਹਸਪਤਾਲ ਜਾਂ ਕਬਰਸਤਾਨ ਪਹੁੰਚਣ ਅਤੇ ਹੋਰਨਾਂ ਦੇ ਜੇਲ੍ਹ ਜਾਣ ਨਾਲ ਹੁੰਦਾ।

[ 3 ]

## ਸਮਾਜਵਾਦੀ ਲਫ਼ਜ਼

ਬਾਸਕ ਦੇਸ਼ ਵਿਚ ਸਮਾਜਵਾਦੀ ਲਹਿਰ ਦਾ ਮੁੱਢ 1868 'ਚ ਇਨਕਲਾਬ ਤੋਂ ਬਾਦ ਸਪੇਨ ਅੰਦਰ ਸਥਾਪਤ ਕੀਤੀਆਂ ਗਈਆਂ ਕੌਮਾਂਤਰੀ ਮਜ਼ਦੂਰ ਸਭਾ ਦੀਆਂ ਪਹਿਲੀਆਂ ਜਥੇਬੰਦੀਆਂ ਨਾਲ ਬੱਝਾ ਸੀ।

ਬਾਸਕ ਦੇਸ਼ ਦੀ ਰਾਜਧਾਨੀ, ਬਿਲਬਾਓ, ਉਨ੍ਹਾਂ ਖਾਣਾਂ ਵਿਚੋਂ ਇਕ ਸੀ, ਜਿੱਥੇ ਮਾਰਕਸ ਤੇ ਏਂਗਲਜ਼ ਦੀ ਕੌਮਾਂਤਰੀ ਜਥੇਬੰਦੀ, ਪਹਿਲੀ ਕੌਮਾਂਤਰੀ, ਨਾਲ ਸਬੰਧਤ ਪਹਿਲੀਆਂ ਮਜ਼ਦੂਰ ਜਥੇਬੰਦੀਆਂ ਬਣਾਈਆਂ ਗਈਆਂ ਸਨ। ਇਸ ਖੇਤਰ ਵਿਚ ਬਾਕੂਨਿਨਵਾਦ* ਦੀਆਂ ਜੜ੍ਹਾਂ ਨਹੀਂ ਸਨ, ਜਿਸ ਵਿਚ ਖਾਣਾਂ ਤੇ ਧਾਤ ਸਨਅਤਾਂ ਰਾਹੀਂ ਪ੍ਰੋਲੇਤਾਰੀਆਂ ਦੀ ਵੱਡੀ ਤਾਦਾਦ ਦੇ ਉੱਥੇ ਜੁੜਨ ਦੀ ਸ਼ੁਰੂਆਤ ਹੋਣ ਜਾ ਰਹੀ ਸੀ।

---

* ਇਕ ਰੂਸੀ ਇਨਕਲਾਬੀ ਅਤੇ ਅਰਾਜਕਤਾਵਾਦ ਦੇ ਮੋਢੀ, ਮਿਖਾਇਲ ਬਾਕੂਨਿਨ (1814-76) ਦੀ ਵਿਚਾਰਧਾਰਾ, ਮਾਰਕਸ ਨਾਲ ਉਸਦੇ ਵਾਦ-ਵਿਵਾਦ ਕਰਕੇ 1872 'ਚ ਕੌਮਾਂਤਰੀ ਮਜ਼ਦੂਰ ਸਭਾ 'ਚ ਹੇਗ ਕਾਂਗਰਸ ਵਿਖੇ ਫੁੱਟ ਪੈ ਗਈ ਸੀ।

ਉਨ੍ਹਾਂ ਸਭਾਵਾਂ ਵੱਲੋਂ ਛਾਪਿਆ ਜਾਂਦਾ ਹਫ਼ਤਾਵਰ ਅਖ਼ਬਾਰ, ਮਜ਼ਦੂਰ ਆਵਾਜ਼, ਮਜ਼ਦੂਰਾਂ ਦੇ ਛੋਟੇ-ਛੋਟੇ ਧੜਿਆਂ ਨੂੰ ਜਥੇਬੰਦ ਤੇ ਇਕਮੁੱਠ ਕਰਨ ਵਾਲੀ ਤਾਕਤ ਸੀ ਜਿਨ੍ਹਾਂ ਨੇ ਆਪਣੇ ਜਮਾਤੀ ਹਿੱਤਾਂ ਦੀ ਰਾਖੀ ਕਰਨ ਲਈ ਵਿਰੋਧ ਸਭਾਵਾਂ ਬਣਾਈਆਂ ਹੋਈਆਂ ਸਨ।

ਮਜ਼ਦੂਰ ਜਮਾਤ ਦੀਆਂ ਇਹ ਨਿਆਣੀਆਂ ਜਥੇਬੰਦੀਆਂ, ਜੋ ਸਨਅਤ ਦੇ ਵੇਗ ਨਾਲ ਕਿਤੇ-ਕਿਤੇ ਉੱਭਰ ਆਈਆਂ ਸਨ, ਨੂੰ ਜਬਰ ਦੇ ਪਹਿਲੇ ਜ਼ੋਰਦਾਰ ਹੱਲਿਆਂ ਨੇ ਕੁਚਲ ਦੇਣਾ ਸੀ। ਪਰ ਸਮਾਜਵਾਦ ਦੇ ਬੀਜ ਬੀਜੇ ਜਾ ਚੁੱਕੇ ਸਨ ਅਤੇ ਸਮਾਂ ਆਉਣ 'ਤੇ ਇਨ੍ਹਾਂ ਨੇ ਉੱਗ ਪੈਣਾ ਸੀ।

ਬਾਕੂਨਿਨਵਾਦੀਆਂ ਦੀਆਂ ਫੁੱਟਪਾਊ ਕਾਰਵਾਈਆਂ ਕਰਕੇ ਕੌਮਾਂਤਰੀ ਮਜ਼ਦੂਰ ਸਭਾ ਦੇ ਸਪੇਨੀ ਹਿੱਸੇ ਅੱਡ ਹੋ ਗਏ ਸਨ ਅਤੇ 1879 'ਚ ਸਮਾਜਵਾਦੀ ਪਾਰਟੀ ਬਣਾ ਲਈ ਗਈ ਸੀ। ਇਸ ਉਪਰੰਤ ਦਸ ਸਾਲ ਬਾਦ, ਜਨਰਲ ਵਰਕਰਜ਼ ਯੂਨੀਅਨ (UGT), ਸਮਾਜਵਾਦੀ ਮਜ਼ਦੂਰ ਲਹਿਰ ਦੀ ਜਥੇਬੰਦੀ ਤੇ ਗਿਣਤੀ ਬਾਸਕ ਦੇਸ਼, ਖ਼ਾਸ ਤੌਰ 'ਤੇ ਰਾਜਧਾਨੀ ਅੰਦਰ, ਵਧਣੀ ਸ਼ੁਰੂ ਹੋ ਗਈ।

ਸਦੀ ਦੇ ਅਖ਼ੀਰ 'ਚ, ਖਾਣਾਂ ਅੰਦਰ ਮਜ਼ਦੂਰਾਂ ਤੱਕ ਪਹੁੰਚਣਾ ਸੁਖਾਲਾ ਕੰਮ ਨਹੀਂ ਸੀ। ਖਾਣਾਂ ਦੇ ਖੇਤਰਾਂ ਵਿਚਲੇ ਕਸਬੇ ਬਦੇਸ਼ੀ ਕੰਪਨੀਆਂ ਦੇ ਨਿੱਜੀ ਰਾਖਵੇਂ ਖੇਤਰ ਹੁੰਦੇ ਸਨ। ਸਿਵਲ ਗਾਰਡ ਤੇ ਕੰਪਨੀ ਦੇ ਗੁੰਡੇ ਇਨ੍ਹਾਂ ਨੂੰ ਇਨਕਲਾਬੀ ਛੂਤ ਤੋਂ ਚੌਕਸੀ ਨਾਲ ਬਚਾਉਂਦੇ ਸਨ। ਫਿਰ ਵੀ, ਮੁਕਾਬਲਤਨ ਥੋੜ੍ਹੇ ਸਮੇਂ 'ਚ ਹੀ ਵਿਜ਼ਕਾਇਆ ਸਮਾਜਵਾਦੀ ਮਜ਼ਦੂਰ ਲਹਿਰ ਦਾ ਗੜ੍ਹ ਬਣ ਗਿਆ ਸੀ।

ਮੁੱਢਲੇ ਅਰਸੇ ਦੇ, ਇੱਥੋਂ ਤੱਕ ਕਿ 20ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਵੀ, ਸਮਾਜਵਾਦੀ ਪ੍ਰਚਾਰਕਾਂ ਦਾ ਇਕ ਮੁੱਖ ਕਾਰਜ ਖੇਤਰੀ ਸ਼ਰੀਕੇਬਾਜ਼ੀਆਂ ਨੂੰ ਖ਼ਤਮ ਕਰਨਾ ਅਤੇ ਖਾਣ ਮਜ਼ਦੂਰਾਂ ਅੰਦਰ ਇਕਮੁੱਠਤਾ, ਯੂਨੀਅਨ ਅਤੇ ਸਾਥੀਆਂ ਵਾਲਾ ਜਜ਼ਬਾ ਜਗਾਉਣ ਦਾ ਸੀ, ਤਾਂ ਕਿ ਉਹ ਸਾਰੇ ਮਜ਼ਦੂਰਾਂ ਨੂੰ ਲੁੱਟਣ ਵਾਲਿਆਂ ਤੋਂ ਆਪਣੇ ਸਾਂਝੇ ਹਿੱਤਾਂ ਦੀ ਰਾਖੀ ਕਰ ਸਕਣ।

ਜਦੋਂ ਤੱਕ ਉਨ੍ਹਾਂ ਦੀ ਚੇਤਨਾ 'ਚ ਸਮਾਜਵਾਦ ਦੇ ਬੀਜਾਂ ਦੀਆਂ ਜੜ੍ਹਾਂ ਨਹੀਂ ਲੱਗ ਗਈਆਂ, ਉਨ੍ਹਾਂ ਨੂੰ ਆਪਣੀ ਤਾਕਤ ਦਿਖਾਈ ਨਹੀਂ ਦਿੱਤੀ। ਮਜ਼ਦੂਰ ਇਹ ਯਕੀਨ ਨਹੀਂ ਸੀ ਕਰਦੇ ਕਿ ਉਨ੍ਹਾਂ ਦੇ ਵੀ ਹੱਕ ਹਨ ਤੇ ਉਹ ਆਪਣੇ ਹਾਲਾਤ ਬਦਲ ਸਕਦੇ ਹਨ। ਉਹ ਖੁਸ਼ ਨਾ ਰਹਿੰਦੇ, ਉਹ ਕਰ ਕੀ ਸਕਦੇ ਸਨ ?ਉਨ੍ਹਾਂ 'ਚੋਂ ਥੋੜ੍ਹੇ ਜਹੇ ਕਦੇ-ਕਦੇ ਰੋਸ ਪ੍ਰਗਟਾਉਂਦੇ। ਬਾਕੀ ਦੇ ਬੁੱਲ੍ਹ ਟੁੱਕਦੇ ਤੇ ਅਨਿਆਂ ਮੂਹਰੇ ਮੁੱਠੀਆਂ ਮੀਚਦੇ ਰਹਿੰਦੇ ਪਰ ਲੁੱਟ ਕਰਨ ਵਾਲਿਆਂ ਮੂਹਰੇ ਬੇਵਸ ਮਹਿਸੂਸ ਕਰਦੇ।

ਮਜ਼ਦੂਰ ਓਦੋਂ ਤੱਕ ਆਪਣੀ ਜਮਾਤ ਦੀ ਤਾਕਤ ਨਹੀਂ ਸੀ ਜਾਣਦੇ। ਉਹ ਸਿਰਫ਼ ਆਪਣੀ ਗਿਣਤੀ ਤੋਂ ਹੀ ਜਾਣੂ ਸਨ। ਸਮੇਂ-ਸਮੇਂ 'ਤੇ ਉਹ ਆਪਣੀ ਮਾਯੂਸੀ ਤੇ ਗੁੱਸਾ ਖਾਣਾਂ 'ਚ ਕੰਮ ਕਰਨ ਲਈ ਆਉਣ ਵਾਲੇ ਨਵੇਂ ਕਾਮਿਆਂ 'ਤੇ ਕੱਢਦੇ, ਜਿਵੇਂ ਉਹ ਪਹਿਲਾਂ ਆਪ ਆਏ ਸਨ, ਨਵੇਂ ਆਉਣ ਵਾਲਿਆਂ ਨੂੰ ਉਹ ਬਦਕਿਸਮਤ ਸਮਿਆਂ 'ਚ ਆਪਣੇ ਸਾਥੀ ਤੇ ਆਪਣੀ ਜਮਾਤ ਦਾ ਅੰਗ ਸਮਝਣ ਦੀ ਬਜਾਏ ਸ਼ਰੀਕ ਸਮਝਦੇ ਕਿਉਂਕਿ ਉਹ ਉਨ੍ਹਾਂ ਤੋਂ ਥੋੜ੍ਹੇ ਘੱਟ ਸਿੱਕਿਆਂ 'ਤੇ ਕੰਮ ਕਰਨ ਦੀ ਪੇਸ਼ਕਸ਼ ਕਰਕੇ ਉਸੇ ਖਾਣ 'ਚ ਜਾਂ ਰਿਹਾਇਸ਼ 'ਚ ਉਨ੍ਹਾਂ ਦੀ ਜਗ੍ਹਾ ਨੂੰ ਚੁਣੌਤੀ ਬਨਣ ਜਾ ਰਹੇ ਸਨ।

1890 ਤੱਕ ਖਾਣਾਂ ਵਿਚ ਟਾਵੇਂ-ਟਾਵੇਂ ਰੋਸ-ਵਿਖਾਵੇ ਹੀ ਹੁੰਦੇ ਸਨ, ਜਿਨ੍ਹਾਂ ਦਾ ਅੰਤ ਹਮੇਸ਼ਾ ਮਜ਼ਦੂਰਾਂ ਦੀ ਹਾਰ 'ਚ ਹੁੰਦਾ ਅਤੇ ਇਸ ਦੇ ਸਿੱਟੇ ਵਜੋਂ ਇਨ੍ਹਾਂ ਗ਼ੈਰ-ਜਥੇਬੰਦ ਮਜ਼ਦੂਰਾਂ 'ਚ ਹੋਰ ਵੀ ਨਿਰਾਸ਼ਤਾ ਛਾ ਜਾਂਦੀ ਜਿਨ੍ਹਾਂ ਦੀ ਜਮਾਤੀ ਚੇਤਨਾ ਹਾਲੇ ਜਾਗਣੀ ਸ਼ੁਰੂ ਹੀ ਹੋਈ ਹੁੰਦੀ ਸੀ। ਉਹ ਅਨਿਆਂ, ਦਾਬੇ ਜਾਂ ਗਾਲੀ-ਗਲੋਚ ਦੇ ਵਿਰੁੱਧ ਸਹਿਜ-ਸੁਭਾਅ ਪ੍ਰਤੀਕਰਮ ਦਿਖਾਉਂਦੇ ਅਤੇ ਅਕਸਰ ਹੀ ਫੋਰਮੈਨਾਂ ਜਾਂ ਮੈਨੇਜਰਾਂ ਨਾਲ ਝਗੜਿਆਂ ਦਾ ਹੱਲ ਆਪਣੇ ਮੁੱਕਿਆਂ ਜਾਂ ਚਾਕੂਆਂ ਰਾਹੀਂ ਕਰਦੇ।

ਹੁਣ ਉਨ੍ਹਾਂ ਦੇ ਬੋਲਣ ਦਾ ਅਤੇ ਵੱਖਰੇ ਤਰੀਕੇ ਨਾਲ ਅਮਲ 'ਚ ਉੱਤਰਨ ਦਾ ਆਗਾਜ਼ ਹੋਣ ਵਾਲਾ ਸੀ। ਸਮਾਜਵਾਦੀ ਪ੍ਰਚਾਰਕਾਂ ਦੀ ਮਿਹਨਤ ਨੂੰ ਫ਼ਲ ਲੱਗਣ ਵਾਲੇ ਸਨ। ਵੱਖ-ਵੱਖ ਖਾਣਾਂ ਦੇ ਮੋਘਿਆਂ 'ਚ ਦੁਪਹਿਰ ਦੇ ਖਾਣੇ ਸਮੇਂ ਮਜ਼ਦੂਰਾਂ 'ਚ ਨਵੀਂ ਭਾਸ਼ਾ ਸੁਣਨ ਨੂੰ ਮਿਲਦੀ। ਉਹ ਮੱਧਮ ਆਵਾਜ਼ਾਂ 'ਚ ਹੜਤਾਲਾਂ, ਰੋਸ-ਮੁਜ਼ਾਹਰਿਆਂ, ਮੰਗਾਂ ਦੀਆਂ ਗੱਲਾਂ ਕਰਦੇ।

1890 ਦੇ ਅੰਤ 'ਚ ਖਾਣ ਦੇ ਖੇਤਰ 'ਚ ਹਾਲਤ ਐਨੀ ਤਣਾਓ ਵਾਲੀ ਸੀ ਕਿ ਹਰ ਕੋਈ ਅੰਦਾਜ਼ਾ ਲਾਉਂਦਾ ਕਿ ਕੁਝ ਬਹੁਤ ਹੀ ਗੰਭੀਰ ਵਰਤਾਰਾ ਵਾਪਰਨ ਵਾਲਾ ਹੈ। ਮਜ਼ਦੂਰ ਲੁੱਟ ਕਰਨ ਵਾਲਿਆਂ ਪ੍ਰਤੀ ਆਪਣੀ ਦੁਸ਼ਮਣੀ ਲੁਕੋਂਦੇ ਨਹੀਂ ਸਨ। ਉਹ ਘਟੀਆ ਰਿਹਾਇਸ਼ ਤੇ ਕੰਪਨੀ ਸਟੋਰਾਂ ਵਿਰੁੱਧ ਰੋਸ ਪ੍ਰਗਟਾਉਂਦੇ ਅਤੇ ਕਾਲੀਆਂ ਸੂਚੀਆਂ ਬਾਰੇ ਸ਼ਰੇਆਮ ਚਰਚਾ ਕਰਦੇ। ਉਹ ਫੋਰਮੈਨਾਂ ਤੇ ਮੈਨੇਜਰਾਂ ਦੀਆਂ ਚੋਰੀਆਂ ਤੇ ਹੇਰਾਫੇਰੀਆਂ ਦੀ ਸ਼ਰੇਆਮ ਭੰਡੀ ਕਰਦੇ। ਉਨ੍ਹਾਂ ਦੇ ਰੋਸ ਠੋਸ ਸ਼ਕਲ ਅਖ਼ਤਿਆਰ ਕਰਨ ਵਾਲੇ ਸਨ।

ਇਹੋ ਜਿਹਾ ਹੀ ਵਰਤਾਰਾ ਸਟੀਲ ਮਿੱਲਾਂ 'ਚ ਵਾਪਰ ਰਿਹਾ ਸੀ, ਅਤੇ ਖਾਣ ਮਜ਼ਦੂਰ ਤੇ ਮਿੱਲ ਮਜ਼ਦੂਰ ਵੱਧ ਤੋਂ ਵੱਧ ਨੇੜੇ ਹੋ ਕੇ ਇਕਮੁੱਠ ਹੋ ਰਹੇ ਸਨ।

ਬਰਤਾਨਵੀ ਕੰਪਨੀ ਓਰਕੋਨੇਰਾ, ਵਿਜ਼ਕਾਇਆ ਖਾਣ ਦੀ ਲੁੱਟਮਾਰ ਕਰਨ ਵਾਲੇ ਵਿਦੇਸ਼ੀ ਕਾਰੋਬਾਰਾਂ 'ਚੋਂ ਸਭ ਤੋਂ ਤਾਕਤਵਰ ਸੀ ਜਿਸ ਬਾਰੇ ਮਸ਼ਹੂਰ ਸੀ ਕਿ ਉਸਦਾ ਲਫ਼ਜ਼ ਹੀ ਕਾਨੂੰਨ ਹੈ। ਇਸਨੇ ਕੌਂਚਾ ਖਾਣ 'ਚ 13 ਮਈ 1890 ਨੂੰ ਪੰਜ ਸਭ ਤੋਂ ਖਾੜਕੂ ਮਜ਼ਦੂਰਾਂ ਉੱਤੇ ਗੋਲੀ ਚਲਾ ਦਿੱਤੀ।

ਖਾਣ ਮਜ਼ਦੂਰਾਂ ਨੇ ਯਕਦਮ ਪ੍ਰਤੀਕਰਮ ਦਿਖਾਇਆ। ਜਿਨ੍ਹਾਂ 'ਤੇ ਗੋਲੀ ਚਲਾਈ ਗਈ ਸੀ ਉਨ੍ਹਾਂ ਦੀ ਟੋਲੀ ਨੇ ਆਪਣੇ ਸਾਥੀਆਂ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਦਿਆਂ ਕੰਮ ਬੰਦ ਕਰ ਦਿੱਤਾ। ਉਸੇ ਦਿਨ ਪੂਰੀ ਖਾਣ ਠੱਪ ਹੋ ਗਈ। ਅਗਲੇ ਦਿਨ ਓਰਕੋਨੇਰਾ ਖਾਣਾਂ ਦਾ ਕੋਈ ਵੀ ਮਜ਼ਦੂਰ ਕੰਮ 'ਤੇ ਨਹੀਂ ਗਿਆ, ਅਤੇ ਉਨ੍ਹਾਂ ਨਾਲ ਇਕਮੁੱਠਤਾ ਦਰਸਾਉਣ ਲਈ, ਸਮੁੱਚੇ ਖਾਣ ਖੇਤਰ ਦੇ ਸਾਰੇ ਮਜ਼ਦੂਰ ਹੜਤਾਲ 'ਤੇ ਚਲੇ ਗਏ।

ਇਹ ਪਹਿਲੀ ਵੱਡੀ ਹੜਤਾਲ ਸੀ, ਜਿਸ ਰਾਹੀਂ ਖਾਣ ਮਜ਼ਦੂਰ ਪੂਰੀ ਜ਼ੁਅਰਤ ਨਾਲ ਖਾੜਕੂ ਪ੍ਰੋਲੇਤਾਰੀ ਦੀ ਮੋਹਰੀ ਟੁਕੜੀ ਵਾਂਗ ਸਮਾਜਿਕ ਦ੍ਰਿਸ਼ ਉੱਪਰ ਉੱਭਰ ਆਏ, ਜਿਸ ਨੇ ਵਿਜ਼ਕਾਇਆ ਦੇ ਪੂੰਜੀਵਾਦੀ ਸਮਾਜਿਕ ਢਾਂਚੇ ਦੀਆਂ ਨੀਂਹਾਂ ਹਿਲਾ ਦਿੱਤੀਆਂ। ਖਾਣ ਮਜ਼ਦੂਰਾਂ ਨਾਲ ਹਮਦਰਦੀ ਵਜੋਂ ਮਿੱਲ, ਉਸਾਰੀ ਅਤੇ ਰੇਲਵੇ ਮਜ਼ਦੂਰ ਸਾਰੇ ਹੀ ਹੜਤਾਲ 'ਤੇ ਚਲੇ ਗਏ। ਵਿਜ਼ਕਾਇਆ ਦਾ ਸਨਅਤੀ ਜੀਵਨ ਠੱਪ ਹੋ ਗਿਆ ਸੀ। ਗੁੱਸੇ ਨਾਲ ਭਰੀ-ਪੀਤੀ ਬੁਰਜੂਆਜ਼ੀ ਲਈ ਇਹ ਅਚੰਭੇ ਵਾਲੀ ਗੱਲ ਸੀ। ਉਹ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਉਹ ਸਰਵ-ਸ਼ਕਤੀਮਾਨ ਨਹੀਂ ਅਤੇ ਉਹ ਕਰਦੀ ਵੀ ਇੰਜ ਹੀ ਆ ਰਹੀ ਸੀ, ਪਰ ਹੁਣ ਖਾਣਾਂ ਵਿਚ ਮਜ਼ਦੂਰਾਂ ਦੀ ਲੁੱਟ ਦਾ ਦਸਤੂਰ ਉਵੇਂ ਨਹੀਂ ਸੀ ਚੱਲਣਾ।

ਹੜਤਾਲੀਆਂ ਉੱਪਰ ਦਬਾਅ ਪਾਉਣ ਲਈ ਸਰਕਾਰ ਨੇ ਯੁੱਧ ਦੀ ਹਾਲਤ ਐਲਾਨ ਦਿੱਤੀ। ਸਾਰੇ ਸਪੇਨ 'ਚੋਂ ਹਥਿਆਰਬੰਦ ਤਾਕਤਾਂ ਹੜਤਾਲੀਆਂ ਦੇ ਵਿਰੁੱਧ ਭੇਜੀਆਂ ਗਈਆਂ; ਉਨ੍ਹਾਂ ਦੇ ਇਕੱਠ ਤੇ ਮੁਜ਼ਾਹਰੇ ਗੋਲੀਆਂ ਨਾਲ ਖਿੰਡਾ ਦਿੱਤੇ ਗਏ। ਵਹਿਸ਼ੀ ਹਮਲੇ 'ਚ ਦਰਜਣਾਂ ਮਾਰੇ ਗਏ ਤੇ ਜ਼ਖ਼ਮੀ ਹੋਏ।

ਪਰ ਮਾਲਕਾਂ ਤੇ ਹਾਕਮਾਂ ਦਾ ਅੰਦਾਜ਼ਾ ਗ਼ਲਤ ਸੀ। ਅਮਨ-ਕਾਨੂੰਨ ਦੀਆਂ ਤਾਕਤਾਂ ਦੀਆਂ ਬੰਦੂਕਾਂ ਉਨ੍ਹਾਂ ਮਨੁੱਖਾਂ ਦੀ ਨਿਆਂ ਦੀ ਪਿਆਸ ਨੂੰ ਖਤਮ ਨਾ ਕਰ ਸਕੀਆਂ ਜੋ ਹਰ ਰੋਜ਼ ਖਾਣਾਂ 'ਚ ਮੌਤ ਦਾ ਸਾਹਮਣਾ ਕਰਦੇ ਸਨ। ਇਸ ਵਾਰ ਸੰਘਰਸ਼ ਨਾਲ ਜੁੜਕੇ ਉਹ ਇਸ ਨੂੰ ਸਿਰੇ ਲਾਉਣ ਲਈ ਦ੍ਰਿੜ ਸਨ, ਚਾਹੇ ਕੋਈ ਵੀ ਕੀਮਤ ਦੇਣੀ ਪੈ ਜ਼ਾਵੇ। ਮਜ਼ਦੂਰਾਂ ਨੇ ਹਿੰਸਾ ਦਾ ਜਵਾਬ ਹਿੰਸਾ ਨਾਲ ਦਿੱਤਾ। ਉਨ੍ਹਾਂ ਨੇ ਰਿਹਾਇਸ਼ੀ ਘੁਰਨੇ ਜਲਾ ਦਿੱਤੇ, ਕੰਪਨੀ ਸਟੋਰਾਂ ਉੱਤੇ ਹਮਲੇ ਕੀਤੇ, ਇਨ੍ਹਾਂ ਦਾ ਸਮਾਨ ਬਾਹਰ ਗਲੀਆਂ 'ਚ ਸੁੱਟ ਦਿੱਤਾ, ਤੇ ਖਾਣਾਂ ਦੇ ਢਾਂਚੇ ਤਬਾਹ ਕਰ ਦਿੱਤੇ। ਬਰੇਕਾਂ ਤੇ ਤਾਰਾਂ ਖੋਲ੍ਹਕੇ ਉਨ੍ਹਾਂ ਨੇ ਧਾਤ ਢੋਣ ਵਾਲੀਆਂ ਗੱਡੀਆਂ ਨੂੰ ਢਲਾਨਦਾਰ ਖੱਡਿਆਂ 'ਚ ਰੇੜ ਦਿੱਤਾ ਤਾਂ ਜੋ ਹੇਠਾਂ ਜਾਕੇ ਇਹ ਨਸ਼ਟ ਹੋ ਜਾਣ। ਉਨ੍ਹਾਂ ਨੇ ਰੇਲਾਂ ਤੇ ਇੰਜਣ ਡਾਇਨਾਮਾਈਟ ਨਾਲ ਉਡਾ ਦਿੱਤੇ। ਉਨ੍ਹਾਂ ਨੇ ਉਹ ਜੁਗਾੜ ਸਾੜ ਦਿੱਤੇ ਜਿਨ੍ਹਾਂ ਦੇ ਉੱਪਰ ਗੱਡੀਆਂ ਚੱਲਦੀਆਂ ਸਨ ਅਤੇ ਸੰਦ ਧਾਤ ਗਾਲਣ ਵਾਲੀਆਂ ਭੱਠੀਆਂ 'ਚ ਸੁੱਟ ਦਿੱਤੇ। ਲਾਈਆਂ ਰੋਕਾਂ ਨੂੰ ਛੜੱਪੇ ਮਾਰਕੇ ਟੱਪਕੇ ਤੇ ਰੋਕਾਂ ਚਕਨਾਚੂਰ ਕਰਕੇ ਉਹ ਹੜ੍ਹ ਵਾਂਗ ਅੱਗੇ ਵਧੇ, ਉਨ੍ਹਾਂ ਦੇ ਰਾਹ 'ਚ ਜੋ ਕੁਝ ਵੀ ਆਇਆ ਸਭ ਤਹਿਸ਼-ਨਹਿਸ਼ ਹੋ ਗਿਆ।

ਸੰਘਰਸ਼ ਦੌਰਾਨ ਮਜ਼ਦੂਰ ਆਪਣੀ ਤਾਕਤ ਤੋਂ ਜਾਣੂ ਹੋ ਗਏ ਤੇ ਉਨ੍ਹਾਂ ਨੇ ਸਿੱਖ ਲਿਆ ਕਿ ਉਹ ਵੀ ਕਿਸੇ ਗਿਣਤੀ 'ਚ ਆਉਂਦੇ ਹਨ, ਕਿ ਉਨ੍ਹਾਂ ਤੋਂ ਬਗ਼ੈਰ ਧਾਤਾਂ ਦੀ ਲਦਾਈ ਨਹੀਂ ਹੋਵੇਗੀ, ਕੋਈ ਮੁਨਾਫ਼ੇ ਪੈਦਾ ਨਹੀਂ ਹੋਣਗੇ, ਕੋਈ ਮਹਿਲ ਨਹੀਂ ਰਹਿਣਗੇ, ਠਾਠਦਾਰ ਗੱਡੀਆਂ ਨਹੀਂ ਬਣਨਗੀਆਂ, ਧਨ-ਦੌਲਤ ਨਹੀਂ ਹੋਵੇਗੀ, ਬੈਂਕ ਖਾਤਿਆਂ 'ਚ ਚੈੱਕ ਨਹੀਂ ਜਾਣਗੇ। ਥੋੜ੍ਹੇ ਦਿਨਾਂ 'ਚ ਹੀ ਹੜਤਾਲ ਨੇ ਹਜ਼ਾਰਾਂ ਮਜ਼ਦੂਰਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ। ਹੁਣ ਉਹ ਕਦੇ ਵੀ ਨਿਰੇ ਕੰਮ ਦੇ ਕਰਿੰਦੇ, ਛੇਕੇ ਹੋਇਆਂ ਵਾਂਗ ਜਿਊਣ-ਮਰਨ ਲਈ ਸਰਾਪੀ ਪੀੜਤ ਭੀੜ ਨਹੀਂ ਰਹਿਣਗੇ।

ਮਜ਼ਦੂਰਾਂ ਦੀ ਦ੍ਰਿੜਤਾ ਤੋਂ ਚੁਕੰਨੀ ਹੋਈ ਸਰਕਾਰ ਨੂੰ ਦਖ਼ਲ ਦੇਣਾ ਪਿਆ। ਇਸ ਨੇ ਗੁਇਜ਼ਕੋਰਮਾ ਦੇ ਫ਼ੌਜੀ ਗਵਰਨਰ, ਜਰਨੈਲ ਲੋਮਾ ਨੂੰ ਵਿਚੋਲਗੀ ਕਰਨ ਲਈ ਭੇਜਿਆ। ਜਦੋਂ ਜਰਨੈਲ ਨੂੰ ਖਾਣ ਮਜ਼ਦੂਰਾਂ ਦੀਆਂ ਰਹਿਣ ਹਾਲਤਾਂ ਅਤੇ ਉਨ੍ਹਾਂ ਦੀ ਮੰਗਾਂ ਹੱਕੀ ਹੋਣ ਦੀ ਜਾਣਕਾਰੀ ਹੋਈ ਤਾਂ ਉਸਨੇ ਖਾਣ ਮਾਲਕਾਂ ਨੂੰ ਧਮਕਾਇਆ ਕਿ ਜੇ ਉਨ੍ਹਾਂ ਨੇ ਮਜ਼ਦੂਰਾਂ ਨਾਲ ਗੱਲਬਾਤ ਨਾ ਕੀਤੀ ਤਾਂ ਉਹ ਫ਼ੌਜ ਵਾਪਸ ਬੁਲਾ ਲਏਗਾ।

ਹੜਤਾਲ ਖਾਣ ਮਜ਼ਦੂਰਾਂ ਦੀ ਜਿੱਤ ਨਾਲ ਸਮਾਪਤ ਹੋਈ। ਜਰਨੈਲ ਲੋਮਾ ਦੇ ਐਲਾਨ ਦੇ ਅਨੁਸਾਰ, ਮਾਲਕ ਇਹ ਸ਼ਰਤਾਂ ਮੰਨੇ ਗਏ : ਪਹਿਲੀ, ਰਿਹਾਇਸ਼ੀ ਘੁਰਨੇ ਖ਼ਤਮ ਕਰਨਾ ਅਤੇ ਮਜ਼ਦੂਰ ਜਿੱਥੇ ਚਾਹੁਣ ਉੱਥੇ ਰਹਿਣ ਦੀ ਇਜਾਜ਼ਤ ਦੇਣਾ; ਮਜ਼ਦੂਰਾਂ ਨੂੰ ਕੰਪਨੀ ਦੇ ਚਲਾਏ ਸਟੋਰਾਂ ਤੋਂ ਇਲਾਵਾ ਹੋਰ ਸਟੋਰਾਂ ਤੋਂ ਸਮਾਨ ਖ਼ਰੀਦਣ ਦੀ ਇਜਾਜ਼ਤ ਦੇਣਾ; ਅਤੇ ਤੀਜੀ, ਪੂਰੇ ਸਾਲ ਵਾਸਤੇ ਕੰਮ ਦਿਹਾੜੀ ਨੂੰ ਔਸਤ ਦਸ ਘੰਟੇ ਤੱਕ ਇਸ ਤਰ੍ਹਾਂ ਘਟਾਉਣਾ: ਜਨਵਰੀ, ਫਰਵਰੀ ਤੇ ਦਸੰਬਰ 'ਚ ਨੌਂ ਘੰਟੇ; ਮਾਰਚ, ਅਪ੍ਰੈਲ, ਸਤੰਬਰ ਤੇ ਅਕਤੂਬਰ 'ਚ ਦਸ ਘੰਟੇ, ਅਤੇ ਮਈ, ਜੂਨ ਅਤੇ ਅਗਸਤ 'ਚ ਗਿਆਰਾਂ ਘੰਟੇ।

ਇਸ ਸੰਘਰਸ਼ ਅਤੇ ਇਸ ਪਹਿਲੀ ਜਿੱਤ ਤੋਂ ਬਾਦ ਵਿਜ਼ਕਾਇਆ ਦਾ ਖਾਣ ਖੇਤਰ ਪਿਛਾਖੜ ਦਾ ਗੜ੍ਹ ਨਾ ਰਿਹਾ। ਇਹ ਨਵੇਂ ਅਮੀਰਾਂ, ਪਿਛਾਖੜੀ ਸਰਮਾਏਦਾਰਾਂ ਦੇ ਵਿਜ਼ਕਾਇਆ ਵਿਰੁੱਧ ਬਗ਼ਾਵਤ ਦਾ ਗੜ੍ਹ ਬਣ ਗਿਆ। 1890 ਦੀ ਹੜਤਾਲ ਬਾਸਕ ਦੀ ਮਜ਼ਦੂਰ ਜਮਾਤ ਲਹਿਰ ਦੇ ਇਤਹਾਸ 'ਚ ਦੋ ਦੌਰਾਂ ਦੇ ਨਿਖੇੜੇ ਨੂੰ ਦਰਸਾਉਂਦੇ ਸੂਚਨਾ ਬੋਰਡ ਵਾਂਗ ਮੌਜੂਦ ਹੈ।

1890 ਅਤੇ 1906 ਦੇ ਵਿਚਕਾਰ ਜਿਹੜੀਆਂ ਹੜਤਾਲਾਂ ਤੇ ਰੋਸ-ਮੁਜ਼ਾਹਰੇ ਹੋਏ, ਉਨ੍ਹਾਂ 'ਚ ਵੱਖ-ਵੱਖ ਖਾਣਾਂ 'ਚ ਚਾਰ ਆਮ ਹੜਤਾਲਾਂ, 17 ਅੰਸ਼ਕ ਹੜਤਾਲਾਂ ਅਤੇ ਅਨੇਕਾਂ ਰੋਸ-ਮੁਜ਼ਾਹਰੇ ਹੋਏ ਸਨ। ਇਹ ਦਰਸਾਉਂਦੇ ਸਨ ਕਿ ਮਜ਼ਦੂਰਾਂ ਨੇ ਆਪਣੀਆਂ ਜਿਊਣ ਤੇ ਕੰਮ ਹਾਲਤਾਂ ਨੂੰ ਸੁਧਾਰਨ ਲਈ ਸੰਘਰਸ਼ 'ਚ, ਅਤੇ ਆਪਣੀ ਜਮਾਤੀ ਚੇਤਨਾ ਦੇ ਵਿਕਾਸ 'ਚ ਕਿੰਨਾ ਪੈਂਡਾ ਤੈਅ ਕਰ ਲਿਆ ਸੀ।

ਲਗਾਤਾਰ ਸੰਘਰਸ਼ ਦੌਰਾਨ ਮਜ਼ਦੂਰ ਲਹਿਰ ਜਿਉਂ ਹੀ ਵਿਕਾਸ ਕਰਦੀ ਗਈ, ਤਾਂ ਇਸ ਦੀ ਇਕ ਬੁਨਿਆਦੀ ਜ਼ਰੂਰਤ ਸੀ ਮੀਟਿੰਗ ਲਈ ਢੁੱਕਵੀਆਂ ਥਾਵਾਂ ਦੀ। ਇਹ ਹਾਸਲ ਕਰਨੀਆਂ ਮੁਸ਼ਕਲ ਸਨ ਕਿਉਂਕਿ ਸਥਾਨਕ ਬੁਰਜੂਆਜ਼ੀ ਉਨ੍ਹਾਂ ਮਾਲਕਾਂ ਨੂੰ ਛੇਕ ਦੇਣ ਦੀ ਧਮਕੀ ਦੇ ਦਿੰਦੀ ਸੀ ਜੋ ਮਜ਼ਦੂਰ ਲਹਿਰ ਨੂੰ ਕਿਰਾਏ 'ਤੇ ਥਾਂ ਦੇਣਾ ਚਾਹੁੰਦੇ। ਇਸ ਦੇ ਬਾਵਜੂਦ, ਜਿੰਨਾ ਕਿਰਾਇਆ ਕੋਈ ਹੋਰ ਦਿੰਦਾ ਸੀ ਉਸ ਤੋਂ ਦੁੱਗਣਾ ਦੇ ਕੇ ਢੁੱਕਵੇਂ ਹਾਲ ਲੱਭ ਲਏ ਗਏ।

ਜਿਉਂ-ਜਿਉਂ ਲਹਿਰ ਵਧਦੀ ਗਈ, ਮੀਟਿੰਗ ਲਈ ਢੁੱਕਵੀਆਂ ਥਾਵਾਂ ਆਸਾਨ ਹੋ ਗਈਆਂ, ਅਤੇ ਗਾਲਰਟਾ ਵਿਚ ਮਜ਼ਦੂਰ ਪਹਿਲਾਂ ਇਕ ਮਕਾਨ 'ਚ ਦੋ ਰਿਹਾਇਸ਼ੀ ਕਮਰੇ ਅਤੇ ਬਾਦ 'ਚ, ਇਕ ਵੱਡੇ ਮਕਾਨ 'ਚ ਪਹਿਲੀ ਮੰਜ਼ਲ ਕਿਰਾਏ 'ਤੇ ਲੈਣ 'ਚ ਕਾਮਯਾਬ ਹੋ ਗਏ। ਗਾਲਰਟਾ ਖਾਣਾਂ ਦਾ ਮੁੱਖ ਕੇਂਦਰ ਸੀ, ਪਰ ਖਾਣਾਂ ਵਾਲੇ ਖੇਤਰ ਦੇ ਹੋਰ ਕਸਬਿਆਂ 'ਚ ਵੀ ਇਵੇਂ ਹੀ ਵਾਪਰਿਆ।

ਮਜ਼ਦੂਰਾਂ ਨੇ ਮੀਟਿੰਗਾਂ ਤੇ ਸਮਾਗਮਾਂ ਵਾਸਤੇ ਭਵਨ ਤਿਆਰ ਕਰ ਲਿਆ। ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਦੀਆਂ ਕਾਰਜਕਾਰੀ ਕਮੇਟੀਆਂ ਇੱਥੇ ਮੀਟਿੰਗਾਂ ਕਰਦੀਆਂ, ਮਜ਼ਦੂਰਾਂ ਦੀਆਂ ਮੰਗਾਂ ਤੇ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ।

ਸਥਾਨਕ ਯੂਨੀਅਨ ਨੂੰ ਸਦਰ ਮੁਕਾਮ ਵਜੋਂ ਵਰਤਕੇ ਇਕ ਆਪਸੀ ਸਹਾਇਤਾ ਸੁਸਾਇਟੀ ਬਣਾਈ ਗਈ। ਭਵਨ ਦੀ ਪ੍ਰਬੰਧਕੀ ਕਮੇਟੀ ਨੇ, ਮਜ਼ਦੂਰਾਂ ਦੀਆਂ ਫਰਮਾਇਸ਼ਾਂ ਨੂੰ ਦੇਖਕੇ ਇਕ ਢੁਕਵੀਂ ਲਾਇਬਰੇਰੀ ਬਣਾਈ, ਜੋ ਨਾਮਾਤਰ ਖਰਚ ਵਸੂਲਕੇ ਮਜ਼ਦੂਰਾਂ ਨੂੰ ਕਿਤਾਬਾਂ ਮੁਹੱਈਆ ਕਰਦੀ ਜਿਨ੍ਹਾਂ ਦਾ ਖਰਚਾ ਉਹ ਆਪਣੇ ਤੁਛ ਵਸੀਲਿਆਂ ਨਾਲ ਨਹੀਂ ਸੀ ਚੁੱਕ ਸਕਦੇ।

ਯੂਨੀਅਨ ਭਵਨ ਨਾਲ ਜੁੜੀ ਹਰੇਕ ਯੂਨੀਅਨ ਦੇ ਝੰਡੇ ਕੰਧਾਂ ਦੇ ਨਾਲ ਨਾਲ ਸ਼ੀਸ਼ੇ ਦੇ ਫਰੇਮ ਜੜਕੇ ਉੱਥੇ ਰੱਖੇ ਜਾਂਦੇ ਸਨ। ਸਮਾਜਵਾਦੀ ਕੌਮਾਂਤਰੀ ਵੱਲੋਂ ਦੁਨੀਆਂ ਭਰ 'ਚ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਐਲਾਨੇ ਜਾਣ ਤੋਂ ਬਾਦ, ਆਪਣੀ ਏਕਤਾ ਤੇ ਇਕਮੁੱਠਤਾ ਦਰਸਾਉਣ ਲਈ, ਇਹ ਝੰਡੇ ਮਈ ਦਿਵਸ ਦੇ ਮਾਰਚ 'ਚ ਲਿਜਾਏ ਜਾਣ ਲੱਗੇ।

ਖਾਣਾਂ ਦੀ ਯੂਨੀਅਨ ਇਸ ਢੰਗ ਨਾਲ ਹਿੱਸਿਆਂ 'ਚ ਵੰਡੀ ਹੁੰਦੀ ਸੀ ਜੋ ਪੁਰਾਣੇ ਗਿਲਡਾਂ ਦੀ ਯਾਦ ਕਰਾਉਂਦਾ ਸੀ। ਡਰਿੱਲ ਚਾਲਕ, ਹੈਲਪਰ, ਲੱਕੜ ਮਿਸਤਰੀ, ਰੇਲ ਇੰਜਣ ਦੇ ਇੰਜੀਨੀਅਰ, ਸਟਾਕ ਰੱਖਣ ਵਾਲੇ—ਹਰੇਕ ਗਰੁੱਪ ਆਪਣੀਆਂ ਮੰਗਾਂ ਤਿਆਰ ਕਰਦਾ, ਅੰਸ਼ਕ ਹੜਤਾਲਾਂ ਜਥੇਬੰਦ ਕਰਦਾ ਅਤੇ ਹਰੇਕ ਦਾ ਆਪਣਾ ਜਥੇਬੰਦਕ ਢਾਂਚਾ ਤੇ ਝੰਡਾ ਹੁੰਦਾ ਸੀ।

ਮਈ ਦਿਵਸ ਦੇ ਮੁਜ਼ਾਹਰਿਆਂ 'ਚ ਇਹ ਹਿੱਸੇ ਆਪੋ-ਆਪਣੇ ਝੰਡੇ ਲੈ ਕੇ ਮਾਰਚ ਕਰਦੇ। ਇਨ੍ਹਾਂ 'ਚ ਇਹ ਹਾਂਪੱਖੀ ਮੁਕਾਬਲੇਬਾਜ਼ੀ ਰਹਿੰਦੀ ਕਿ ਕਿਸ ਦੇ ਝੰਡੇ ਸਭ ਤੋਂ ਵਧੀਆ ਹਨ, ਕੁਝ ਦਸਤਕਾਰਾਂ ਦੀਆਂ ਅਨੋਖੀਆਂ ਕਿਰਤਾਂ ਹੁੰਦੇ, ਇਨ੍ਹਾਂ ਉੱਤੇ ਕਢਾਈ ਕੀਤੀ ਹੁੰਦੀ ਤੇ ਸੋਟੀਆਂ ਉੱਪਰ ਸੂਖ਼ਮ ਮੀਨਾਕਾਰੀ ਕੀਤੀ ਹੁੰਦੀ। ਮਜ਼ਦੂਰ ਇਨ੍ਹਾਂ ਨੂੰ ਅਥਾਹ ਮਾਣ-ਸਤਿਕਾਰ ਦਿੰਦੇ।

ਸਥਾਨਕ ਯੂਨੀਅਨ ਦੇ ਇਕੱਠ ਜੋਸ਼ ਭਰਪੂਰ ਹੁੰਦੇ, ਭਾਸ਼ਣ ਕਲਾ ਦੀ ਖਿੱਚ ਨਾਲੋਂ ਖਾਣ ਮਜ਼ਦੂਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਰਗਰਮ ਸ਼ਮੂਲੀਅਤ ਤੋਂ ਉਪਜੀ ਤਾਕਤ ਤੇ ਗਰਮਜੋਸ਼ੀ ਇਸ ਜੋਸ਼ ਦਾ ਵੱਧ ਕਾਰਨ ਹੁੰਦੇ—ਹਾਲਾਂਕਿ ਕੁਝ ਬੁਲਾਰੇ ਸਿਰਕੱਢ ਅੰਦੋਲਨਕਾਰੀ ਸਨ। ਜੇ ਇਹ ਇਕੱਠ ਇਸ ਜਾਂ ਉਸ ਖਾਣ 'ਚ ਪੈਦਾ ਹੋਏ ਟਕਰਾਅ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਹੁੰਦਾ ਤਾਂ ਨਿਹਚਾ ਤੇ ਦ੍ਰਿੜਤਾ ਦਾ ਪੁਰਜੋਸ਼ ਇਜ਼ਹਾਰ ਹੁੰਦਾ। ਜੇ ਉਹ ਕੋਈ ਤਕਰੀਰ ਸੁਣ ਰਹੇ ਹੁੰਦੇ ਤਾਂ ਉਹ ਪੂਰੀ ਤਰ੍ਹਾਂ ਖੁੱਭਕੇ ਸੁਣਦੇ, ਖ਼ਾਸ ਕਰਕੇ ਜਦੋਂ ਬੁਲਾਰਾ ਉਨ੍ਹਾਂ ਦੀਆਂ ਆਪਣੀਆਂ ਸਮੱਸਿਆਵਾਂ ਦੀ ਡੂੰਘੀ ਜਾਣਕਾਰੀ ਪੇਸ਼ ਕਰਦਾ ਤੇ ਜਦੋਂ ਉਹ ਇਹ ਮੰਨ ਲੈਂਦੇ ਕਿ ਮਜ਼ਦੂਰਾਂ ਦੀਆਂ ਸਮੱਸਿਆਵਾਂ ਤੇ ਦੁੱਖਾਂ-ਦਰਦਾਂ ਨਾਲ ਹੋਰ ਲੋਕ ਵੀ ਸਰੋਕਾਰ ਰੱਖਦੇ ਹਨ। ਪਰ ਖ਼ਾਸ ਤੌਰ 'ਤੇ ਇਹ ਹੜਤਾਲ ਤੋਂ ਐਨ ਪਹਿਲਾਂ ਦੇ ਮੌਕੇ ਹੁੰਦਾ ਕਿ ਭਵਨ ਐਸੀ ਭੱਠੀ ਬਣ ਜਾਂਦਾ ਜਿਸ ਵਿਚ ਖਾਣ ਮਜ਼ਦੂਰਾਂ ਦਾ ਲੜਾਕੂ ਜਜ਼ਬਾ ਸਿਖ਼ਰ 'ਤੇ ਪੁੱਜ ਜਾਂਦਾ।

ਸਹਿਜੇ-ਸਹਿਜੇ ਯੂਨੀਅਨ ਦੇ ਭਵਨਾਂ ਨੇ ਨਵੀਂ ਜ਼ਿੰਦਗੀ ਦੇ ਭਵਿੱਖ-ਨਕਸ਼ੇ ਖੋਹਲਕੇ ਮਜ਼ਦੂਰਾਂ ਨੂੰ ਮੈਖ਼ਾਨਿਆਂ ਤੇ ਗੰਦੇ ਢਾਬਿਆਂ ਤੋਂ ਦੂਰ ਕਰ ਦਿੱਤਾ। ਛੋਟੀਆਂ-ਛੋਟੀਆਂ ਨਾਟਕ ਟੋਲੀਆਂ ਤੇ ਸਮੂਹ-ਗਾਣ ਮੰਡਲੀਆਂ ਜਥੇਬੰਦ ਹੋ ਗਈਆਂ। ਸਮੂਹ-ਗਾਣ ਟੋਲੀਆਂ ਭਵਨ ਦੇ ਬਾਹਰ ਪੇਸ਼ਕਾਰੀ ਕਰਦੀਆਂ, ਤੇ ਉਨ੍ਹਾਂ ਦੇ ਗੀਤ ਖਾਣਾਂ ਤੇ ਮਜ਼ਦੂਰ ਜਮਾਤ ਦੀਆਂ ਬਸਤੀਆਂ 'ਚ ਫੈਲ ਗਏ। ਇਹ ਲੋਕ ਸਭਿਆਚਾਰ ਦਾ ਅੰਗ ਬਣ ਗਏ ਅਤੇ ਇਹ ਅੰਦੋਲਨ ਤੇ ਜਥੇਬੰਦੀ ਦਾ ਕਾਰਗਰ ਸਾਧਨ ਹੋ ਨਿੱਬੜੇ, ਖ਼ਾਸ ਕਰਕੇ ਨੌਜਵਾਨਾਂ 'ਚ।

ਹਰੇਕ ਮਜ਼ਦੂਰ ਘੋਲ ਜਾਂ ਸਮਾਗਮ ਦੇ, ਹਰੇਕ ਇਨਕਲਾਬੀ ਵਰ੍ਹੇ-ਗੰਢ ਦੇ ਆਪਣੇ ਗੀਤ ਹੁੰਦੇ ਸਨ ਜੋ ਪਹਿਲਾਂ ਯੂਨੀਅਨ ਭਵਨ 'ਚ ਗਾਏ ਜਾਂਦੇ ਤੇ ਫਿਰ ਹਜ਼ਾਰਾਂ ਮਰਦਾਂ ਤੇ ਔਰਤਾਂ, ਨੌਜਵਾਨਾਂ ਤੇ ਬਜ਼ੁਰਗਾਂ ਵੱਲੋਂ ਗਾਏ ਜਾਂਦੇ। ਓਦੋਂ ਕੌਣ ਪ੍ਰਭਾਵਤ ਹੋਏ ਬਿਨਾ ਰਹਿ ਸਕਦਾ ਸੀ ਜਦੋਂ ਉਹ ਸਮੂਹ ਗਾਣ ਟੋਲੀ ਨੂੰ ਪਹਿਲੀ ਮਈ ਦੇ ਪਹੁ-ਫੁਟਾਲੇ ਵੇਲੇ ਮਜ਼ਦੂਰ ਬਸਤੀਆਂ ਵਿਚੋਂ ਗਾਉਂਦੇ ਲੰਘਦਿਆਂ ਸੁਣਦਾ:

ਉੱਠੋ, ਮਜ਼ਦੂਰ ਸਾਥੀਓ,
ਪਹੁ ਫੁੱਟ ਗਈ ਹੈ
ਪਹਿਲੀ ਮਈ ਦਾ ਦਿਹਾੜਾ ਹੈ
ਜਦੋਂ ਆਮ ਹੜਤਾਲ ਦਾ ਸੱਦਾ ਆਉਂਦਾ ਹੈ,
ਤੁਸੀਂ ਦੇਖੋਗੇ ਕਿੰਨੀ ਛੇਤੀ
ਅਸੀਂ ਮਜ਼ਦੂਰ ਅੱਗੇ ਆਉਂਦੇ ਹਾਂ
ਧਨਾਢਾਂ ਨੂੰ ਇਹ ਚੇਤਾਵਨੀ ਦਿੰਦੇ ਹੋਏ,
ਕਿ "ਤੁਸੀਂ ਹੁਣ ਲੁੱਟ ਨਹੀਂ ਸਕੋਗੇ।"
ਆਓ ਰਲ਼ਕੇ ਗਾਈਏ
ਕਿਰਤ ਦੀ ਸ਼ਾਨ

ਗ਼ੁਲਾਮੀ ਦੇ ਜੂਲੇ ਨੂੰ ਵਗਾਹ ਮਾਰਦੀ
ਅਨਿਆਂ 'ਤੇ ਪਲਦੀ
ਸਰਮਾਏਦਾਰੀ ਮੁਰਦਾਬਾਦ।
ਭਰਾਤਰੀ ਭਾਵ 'ਚ ਇਕਜੁੱਟ
ਮਜ਼ਦੂਰ ਜ਼ਿੰਦਾਬਾਦ!

ਹਰੇਕ ਸਾਲ ਦੀ 18 ਮਾਰਚ ਨੂੰ, ਪੈਰਿਸ ਕਮਿਊਨ ਦੀ ਵਰ੍ਹੇ-ਗੰਢ 'ਤੇ, ਸੰਜੀਦਾ ਸਮਾਗਮ ਆਯੋਜਤ ਕੀਤਾ ਜਾਂਦਾ ਜਿਸ ਵਿਚ ਪੈਰਿਸ ਦੇ ਮਜ਼ਦੂਰਾਂ ਦੇ ਬੀਰਤਾਪੂਰਨ ਸੰਘਰਸ਼ ਦੇ ਜਸ਼ਨੀ ਗੀਤ ਗਾਏ ਜਾਂਦੇ। ਕਮਿਊਨ ਦੇ ਅਰਥਾਂ ਅਤੇ ਇਸ ਲਈ ਜੂਝਣ ਵਾਲਿਆਂ ਦੀ ਬਹਾਦਰੀ ਦੀ ਯਾਦ ਦਿਵਾਉਂਦੀਆਂ ਤਕਰੀਰਾਂ ਕੀਤੀਆਂ ਜਾਂਦੀਆਂ :

ਆਓ ਉਨ੍ਹਾਂ ਦੀ ਯਾਦ 'ਚ ਗਾਈਏ
ਜਿਨ੍ਹਾਂ ਨੇ ਸੂਹਾ ਪਰਚਮ ਬੁਲੰਦ ਕੀਤਾ
ਬਹਾਦਰ ਕਮਿਊਨਾਰਡਾਂ ਦੀ ਯਾਦ 'ਚ ਗਾਈਏ
ਜੋ ਆਪਣੀ ਕੌਮ ਦੀ ਸ਼ਾਨ ਸਨ।
ਫਰਾਂਸ ਦੇ ਸੂਰਬੀਰ ਮਜ਼ਦੂਰਾਂ
ਆਪਣੀ ਬਹਾਦਰੀ ਦਾ ਸਬੂਤ ਦਿੱਤਾ
ਦੌਲਤ ਦੇ ਨਸ਼ਿਆਏ ਕਾਤਲਾਂ ਨੂੰ
ਜੋ ਬੇਰਹਿਮ ਜੰਮੇ ਹਨ।
ਪਿਆਰੇ ਕਮਿਊਨ, ਅਸੀਂ ਤੇਰਾ ਸਤਿਕਾਰ ਕਰਦੇ ਹਾਂ,
ਤੇ ਜਦੋਂ ਇਕ ਹੋਰ ਕਮਿਊਨ ਜਨਮ ਲਵੇਗਾ
ਤਾਂ ਤੇਰੀ ਰਾਖੀ ਲਈ ਮਰ ਮਿਟਣ ਵਾਲਿਆਂ ਦਾ ਬਦਲਾ ਲਿਆ ਜਾਵੇਗਾ।
ਅਸੀਂ ਇਹ ਵਾਅਦਾ ਕਰਦੇ ਹਾਂ
ਤੇ ਇਹ ਹੋ ਕੇ ਰਹੇਗਾ।

ਚੋਣ ਮੁਹਿੰਮਾਂ 'ਚ, ਜਦੋਂ ਬੁਰਜੂਆਜ਼ੀ ਦੇ ਅੱਤਿਆਚਾਰਾਂ, ਜੋ ਉਨ੍ਹਾਂ ਦੇ ਵੋਟ ਦੇ ਹੱਕ ਨੂੰ ਕੁਚਲ ਦਿੰਦੀ ਸੀ ਅਤੇ ਜੋ ਰਿਸ਼ਵਤ, ਧੋਖਾਧੜੀ ਅਤੇ ਵੋਟਾਂ ਦੇ ਡੱਬਿਆਂ 'ਚ ਜਾਅਲੀ ਵੋਟਾਂ ਰਾਹੀਂ ਚੋਣਾਂ ਜਿੱਤਦੀ ਸੀ, ਦੇ ਵਿਰੁੱਧ ਜਨਤਾ ਨੂੰ ਲਾਮਬੰਦ ਕੀਤਾ ਜਾਂਦਾ ਸੀ ਤਾਂ ਕਰਿੰਦੇ ਪ੍ਰਚਾਰ ਦੌਰਾਨ ਮਜ਼ਦੂਰਾਂ ਨੂੰ ਚੋਣਾਂ ਦੇ ਬਾਈਕਾਟ ਲਈ ਪ੍ਰਭਾਵਸ਼ਾਲੀ ਢੰਗ ਨਾਲ ਪ੍ਰੇਰਤ ਕਰਨ ਵਾਸਤੇ ਇਹ ਗੀਤ ਗਾਉਂਦੇ :

ਸਾਥੀਓ, ਚੋਣਾਂ ਵਿਚ
ਸਾਡੀ ਜਿੱਤ ਲਾਜ਼ਮੀ ਹੋਵੇਗੀ
ਸਾਨੂੰ ਕਦੇ ਵੀ ਲੜਾਈ ਬੰਦ ਨਹੀਂ ਕਰਨੀ ਚਾਹੀਦੀ
ਜਦੋਂ ਤੱਕ ਅਸੀਂ ਜਿੱਤ ਨਹੀਂ ਜਾਂਦੇ।
ਬਰਾਬਰਤਾ ਦੇ ਹਾਮੀ ਸਾਡੇ ਉਮੀਦਵਾਰ
ਜਿੱਤਣਗੇ,
ਤੇ ਹਰ ਤਰ੍ਹਾਂ ਦੀ ਦੌਲਤ ਦੀ ਮਾਲਕ ਜਮਾਤ
ਹਰਾ ਦਿੱਤੀ ਜਾਵੇਗੀ।

ਬੇਯਕੀਨਾ ਮਜ਼ਦੂਰ
ਜੋ ਆਪਣੀ ਵੋਟ ਮਾਲਕਾਂ ਨੂੰ ਵੇਚਦੈ
ਸਾਡੀ ਨਫ਼ਰਤ ਦਾ ਹੈ ਹੱਕਦਾਰ
ਆਪਣੇ ਦੋਗਲੇਪਣ ਦੇ ਕਰਕੇ।
ਹੁਣ ਚੋਣਾਂ 'ਚ ਜਕੋ ਨਾ,
ਆਓ ਹਰਾਈਏ
ਸਾਡੀ ਆਜ਼ਾਦੀ ਦੇ ਦੁਸ਼ਮਣਾਂ ਨੂੰ।

ਉਹ ਹੜਤਾਲਾਂ ਦੌਰਾਨ ਵੀ ਗਾਉਂਦੇ, ਤੇ ਗੀਤਾਂ ਦੀ ਪੁਰਜੋਸ਼ ਭਾਸ਼ਾ ਉਨ੍ਹਾਂ ਲਈ ਚੇਤਾਵਨੀ ਦਾ ਕੰਮ ਕਰਦੀ ਜੋ, ਆਪਣੇ ਹਿੱਤਾਂ ਦੇ ਉਲਟ ਜਾਕੇ, ਮਜ਼ਦੂਰਾਂ ਦੇ ਵਿਰੋਧ ਨੂੰ ਤੋੜਨ ਦੀਆਂ ਕੋਸ਼ਿਸ਼ਾਂ 'ਚ ਬੁਰਜੂਆਜ਼ੀ ਦੀ ਮਦਦ ਕਰਦੇ। ਇਕ ਗੀਤ ਇਸ ਤਰ੍ਹਾਂ ਸੀ :

ਹੜਤਾਲ ਤੋੜੂ ਬੰਦਾ ਸਮਾਜ 'ਚੋਂ ਛੇਕਿਆ ਹੋਇਆ
ਜੋ ਮਜ਼ਦੂਰਾਂ ਤੋਂ ਬਿਹਤਰ ਜ਼ਿੰਦਗੀ ਦਾ ਹੱਕ ਚੁਰਾਉਣ 'ਚ
ਮਾਲਕ ਦੀ ਮਦਦ ਕਰਦੈ।
ਗ਼ੱਦਾਰ!
ਜਿਹੜਾ ਮਜ਼ਦੂਰ ਹੜਤਾਲ ਨਾਲ ਗ਼ੱਦਾਰੀ ਕਰਦੈ
ਜਿਸਦਾ ਹੈ ਹੱਕਦਾਰ ਉਹੀ ਪਾਏ
ਬਹੁਤ ਛੇਤੀ
ਉਹ ਦੇਖੇਗਾ ਆਪਣੇ ਬੱਚਿਆਂ ਨੂੰ ਨਫ਼ਰਤ ਹੁੰਦੀ
ਘ੍ਰਿਣਾ ਹੁੰਦੀ ਤੇ ਖੇਡ੍ਹਾਂ ਤੋਂ ਬਾਹਰ ਕੱਢੇ ਜਾਂਦੇ
ਉਸੇ ਦੇ ਕਰਕੇ,
ਕਿਸੇ ਦਿਨ ਉਸ ਨੂੰ ਅਹਿਸਾਸ ਹੋਵੇਗਾ
ਉਸ ਗਲੀਜ਼ ਕੰਮ ਦਾ ਜੋ ਉਸ ਨੇ ਸੀ ਕੀਤਾ
ਆਪਣੇ ਹੀ ਹਿੱਤਾਂ ਦੇ ਖ਼ਿਲਾਫ਼।

ਜਦੋਂ ਸਦੀ ਦੇ ਪਹਿਲੇ ਵਰ੍ਹਿਆਂ 'ਚ ਥਾਮਸ ਮੀਅਬੇ ਨੇ ਸਮਾਜਵਾਦੀ ਨੌਜਵਾਨ ਜਥੇਬੰਦੀ ਦੀ ਨੀਂਹ ਰੱਖੀ ਸੀ ਤਾਂ "ਨੌਜਵਾਨਾਂ ਦਾ ਗੀਤ" ਆਸ ਦੀ ਐਸੀ ਪੁਕਾਰ ਸੀ ਜੋ ਨੌਜਵਾਨਾਂ ਦੀ ਆਪਣੀ ਪਛਾਣ ਬਾਰੇ ਵਧ ਰਹੀ ਚੇਤਨਾ ਤੇ ਇਸ ਵਰਗ ਦੇ ਭਵਿੱਖ ਦਾ ਪ੍ਰਤੀਕ ਸੀ :

ਨੌਜਵਾਨ ਮਜ਼ਦੂਰੋ, ਨਵੇਂ ਪ੍ਰੋਲੇਤਾਰੀਓ,
ਸਾਡੇ ਨਾਲ ਆਵੋ, ਬੇਖ਼ੌਫ਼ ਹੋਕੇ.....
ਅਸੀਂ ਸ਼ਾਨਦਾਰ ਕਾਜ਼ ਦੇ ਸਿਪਾਹੀ ਹਾਂ,
ਅਸੀਂ ਬਿਹਤਰ ਸੰਸਾਰ ਦੀ ਮੂਹਰਲੀ ਕਤਾਰ ਹਾਂ,
ਆਓ, ਸਾਡੀਆਂ ਸਫ਼ਾਂ 'ਚ ਸ਼ਾਮਲ ਹੋਵੋ,
ਸਾਡੇ ਵੱਲ ਹੱਥ ਵਧਾਓ, ਤਿਆਰ ਹੋ ਜਾਓ,
ਕਿਉਂਕਿ ਸਾਡੀ ਲੜਾਈ ਮਨੁੱਖਤਾ ਦਾ ਕਾਜ਼ ਹੈ
ਤੇ ਜਿੱਤਣ ਤੱਕ ਹੋਵੇਗੀ ਲੰਬੀ ਤੇ ਸਖ਼ਤ
ਸਮਾਜਵਾਦ ਹੈ ਸਾਡਾ ਲਾਲ ਝੰਡਾ,

ਅਸੀਂ ਇਸ ਨੂੰ ਨੀਵਾਂ ਨਹੀਂ ਹੋਣ ਦੇਣਾ
ਇਸ ਨੂੰ ਬੁਲੰਦ ਰੱਖਣ ਲਈ ਅਸੀਂ ਜਾਨਾਂ ਲਾ ਦੇਵਾਂਗੇ,
ਅਸੀਂ ਇਸ ਨੂੰ ਜਿੱਤ ਤੱਕ ਲਿਜਾਵਾਂਗੇ।
ਸਾਡਾ ਲਾਲ ਝੰਡਾ ਰਹੇਗਾ
ਇਸਦੇ ਪਵਿੱਤਰ ਮਿਸ਼ਨ ਦਾ ਵਫ਼ਾਦਾਰ ਚਿੰਨ;
ਦੱਬੇ-ਕੁਚਲਿਆਂ ਦੀ ਅਗਵਾਈ
ਉਨ੍ਹਾਂ ਦੀ ਮੁਕਤੀ ਲਈ ਕਰਨ ਦੀ ਖ਼ਾਤਰ।

ਸਪੇਨੀ ਪ੍ਰੋਲੇਤਾਰੀ ਨੇ ਰੂਸ 'ਚ 1905 ਦੇ ਇਨਕਲਾਬ ਨਾਲ ਇਕਮੁੱਠਤਾ ਪ੍ਰਗਟਾਈ, ਤੇ ਉਸ ਸਮੇਂ ਇਕ ਗੀਤ ਦੀ ਰਚਨਾ ਕੀਤੀ ਗਈ ਜੋ ਮੈਂ ਆਪਣੇ ਖੇਤਰ ਅੰਦਰ ਇਕ ਬੱਚੇ ਵਜੋਂ ਖਾਣ ਮਜ਼ਦੂਰਾਂ ਤੋਂ ਸਿੱਖਿਆ :

ਦਿਲ ਨਾ ਛੱਡੋ, ਰੂਸੀ ਲੋਕੋ,
ਲੜਦੇ ਰਹੋ, ਕਮਜ਼ੋਰ ਨਾ ਹੋਣ ਦਿਓ ਜਦੋਜਹਿਦ, ਕਿਉਂਕਿ ਕੌਮਾਂਤਰੀ
ਤੁਹਾਡੇ ਇਨਕਲਾਬ ਦੀ ਹਮਾਇਤ ਕਰਦੀ ਹੈ।
ਅਸੀਂ, ਵੀ, ਮੰਗ ਕਰਦੇ ਹਾਂ ਬਦਲੈਾ ਲੈਣ ਦੀ
ਆਪਾਸ਼ਾਹ ਕਮੀਨੇ ਤੋਂ।
ਜ਼ਾਲਮ ਦਾ ਖ਼ੂਨ
ਵਗਣ ਦਿਓ ਸੜਕਾਂ 'ਤੇ ਦਰਿਆ ਵਾਂਗੂੰ।

ਜਿਨ੍ਹੀਂ ਦਿਨੀਂ ਮਜ਼ਦੂਰ ਆਪਣੀਆਂ ਜਥੇਬੰਦੀਆਂ ਦੇ ਸੂਹੇ ਝੰਡੇ ਯੂਨੀਅਨ ਭਵਨ ਦੀਆਂ ਅਲਮਾਰੀਆਂ 'ਚ ਸਾਂਭਦੇ, ਸਮੁੱਚੇ ਗੁਆਂਢ 'ਚ ਗਹਿਮਾ-ਗਹਿਮੀ ਹੁੰਦੀ। ਇੱਥੋਂ ਤੱਕ ਕਿ ਜਿਹੜੇ ਯੂਨੀਅਨ ਨਾਲ ਨਹੀਂ ਜੁੜੇ ਹੁੰਦੇ ਸਨ, ਉਨ੍ਹਾਂ ਨੂੰ ਵੀ ਸੂਹਾ ਝੰਡਾ ਕੋਈ ਸੁਨੇਹਾ ਦਿੰਦਾ ਜਿਸ ਨੂੰ ਉਹ ਸ਼ਬਦਾਂ 'ਚ ਭਾਵੇਂ ਕਹਿ ਨਾ ਸਕਦੇ ਪਰ ਇਹ ਫਿਰ ਵੀ ਉਨ੍ਹਾਂ ਨੂੰ ਧੁਰ ਅੰਦਰ ਤੱਕ ਹਲੂਣ ਦਿੰਦਾ।

ਸਥਾਨਕ ਯੂਨੀਅਨਾਂ ਮਜ਼ਦੂਰ ਲਹਿਰ ਦੀ ਪੇਸ਼ਕਦਮੀ ਅਤੇ ਕੁਝ ਹੱਦ ਤੱਕ ਮਜ਼ਦੂਰ ਜਮਾਤ ਦੀ ਚੇਤਨਾ ਦੇ ਵਿਕਾਸ ਨੂੰ ਦਰਸਾਉਂਦੀਆਂ ਸਨ। ਯੂਨੀਅਨ ਦੀਆਂ ਜਥੇਬੰਦੀਆਂ ਵਹਿਸ਼ੀ ਲੁੱਟ ਖਸੁੱਟ ਵਿਰੁੱਧ ਸੰਘਰਸ਼ 'ਚ, ਲੋਕਾਂ ਨੂੰ ਸਿਖਿਅਤ ਕਰਨ 'ਚ, ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ 'ਚ, ਅਤੇ ਉਨ੍ਹਾਂ ਨੂੰ ਆਪਣੀ ਤਾਕਤ ਤੇ ਸਮਾਜ 'ਚ ਆਪਣੀ ਭੂਮਿਕਾ ਬਾਰੇ ਚੇਤਨ ਕਰਨ 'ਚ ਸਹਾਈ ਹੋਈਆਂ।

[ 4 ]

## ਸਸਕਾਰ 'ਚ ਖ਼ਲੱਲ

ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ 'ਚ ਖਾਸੀ ਪੇਸ਼ਕਦਮੀ ਕਰ ਲਈ ਗਈ ਸੀ, ਫਿਰ ਵੀ ਇਹ ਅਮਲ ਹਾਲੇ ਰੁਕ-ਰੁਕਕੇ ਚੱਲ ਰਿਹਾ ਸੀ ਤੇ ਬੇਯਕੀਨੀ ਸੀ। ਸਦੀ ਦੇ ਸ਼ੁਰੂ 'ਚ ਵਿਜ਼ਕਾਇਆ

ਅੰਦਰ ਸਮਾਜਵਾਦੀ ਪ੍ਰਚਾਰਕਾਂ ਅਤੇ ਜਥੇਬੰਦੀ ਉਸਾਰਨ ਵਾਲਿਆਂ ਦੇ ਕੰਮ ਨੂੰ ਸਮੱਸਿਆਵਾਂ ਤੇ ਚੁਣੌਤੀਆਂ ਨੇ ਘੇਰਿਆ ਹੋਇਆ ਸੀ।

ਮਾਲਕਾਂ ਤੇ ਸੱਤਾ ਅਧਿਕਾਰੀਆਂ ਦੀ ਸਖ਼ਤੀ ਤੋਂ ਇਲਾਵਾ, ਉਨ੍ਹਾਂ ਨੂੰ ਗਿਰਜਾ ਘਰ ਦੀ ਕੱਟੜਤਾ ਨਾਲ ਵੀ ਨਜਿੱਠਣਾ ਪੈਂਦਾ ਸੀ, ਜੋ ਲੋਕਾਂ 'ਚ ਕਿਸੇ ਨਵੇਂ ਵਿਚਾਰ ਪ੍ਰਤੀ ਦੁਸ਼ਮਣੀ ਦਾ ਮਾਹੌਲ ਬਣਾਈ ਰੱਖਦਾ ਸੀ। ਗਿਰਜਾ ਘਰ ਉਨ੍ਹਾਂ ਨੂੰ ਬੁਰੀ ਤਰ੍ਹਾਂ ਚਿੰਬੜਿਆ ਹੋਇਆ ਸੀ ਜਿਨ੍ਹਾਂ ਉੱਤੇ ਇਸ ਨੇ ਸਦੀਆਂ ਤੋਂ ਚੁਣੌਤੀ ਰਹਿਤ ਤਾਕਤ ਰਾਹੀਂ ਕਬਜ਼ਾ ਜਮਾ ਰੱਖਿਆ ਸੀ, ਤੇ ਹੁਣ ਇਹ ਸਮਾਜਵਾਦੀ ਵਿਰੋਧ ਨੂੰ ਜ਼ਿੰਦਾ ਜਲਾਉਣ ਲਈ ਸ਼ਹਿਰਾਂ ਦੇ ਚੌਂਕਾਂ ਅੰਦਰ ਈਸਾਈ ਧਰਮ ਦੇ ਕਾਫ਼ਰਾਂ ਨੂੰ ਸਾੜ ਦੇਣ ਦੇ ਹੁਕਮ ਦੀ ਚੁਆਤੀ ਲਾ ਸਕਦਾ ਸੀ।

ਵਿਸ਼ਾਲ ਕਾਰਲਸਵਾਦੀ ਕੈਥੋਲਿਕ ਸਮਾਗਮ ਦੌਰਾਨ ਜਿਹੜੀਆਂ ਕੁਝ ਖ਼ਾਸ ਘਟਨਾਵਾਂ ਅਕਤੂਬਰ 1908 'ਚ ਬਿਲਬਾਓ ਵਿਚ ਵਾਪਰੀਆਂ, ਉਨ੍ਹਾਂ ਤੋਂ ਬਾਦ ਸਮਾਜਵਾਦ ਦੀ ਗੁਸੈਲ ਖ਼ਿਲਾਫ਼ਤ 'ਚ ਹੋਰ ਵਾਧਾ ਹੋ ਗਿਆ। ਕਾਰਲਸਵਾਦੀ ਕੁਲੀਨ ਵਰਗ ਜੋ ਬਾਸਕ ਦੇਸ਼ ਦੀ ਰਾਜਧਾਨੀ ਦੇ ਅੰਦਰ ਟਿਕਿਆ ਬੈਠਾ ਸੀ, ਉਸ ਨੂੰ ਚੁਣੌਤੀ ਦੇਣ ਲਈ ਸਾਰੀਆਂ ਹੀ ਨਰਮ-ਖ਼ਿਆਲ ਤੇ ਜਮਹੂਰੀ ਤਾਕਤਾਂ ਅਤੇ ਖ਼ਾਸ ਕਰਕੇ ਮਜ਼ਦੂਰ ਤੇ ਸਮਾਜਵਾਦੀ ਇਕਜੁੱਟ ਹੋ ਗਏ।

ਇਸ ਕੈਥੋਲਿਕ ਸਮਾਗਮ 'ਚ ਹਿੱਸਾ ਲੈਣ ਵਾਲਿਆਂ ਦੀ ਇਕ ਸਮਾਜਵਾਦੀ ਪਾਰਟੀ ਦੇ ਇਕੱਠ 'ਚ ਸ਼ਾਮਲ ਗਰੁੱਪ ਨਾਲ ਝੜਪ ਹੋ ਗਈ, ਅਤੇ ਕਾਰਲਸਵਾਦੀਆਂ ਨੇ ਮਜ਼ਦੂਰਾਂ ਉੱਪਰ ਘਸੁੰਨਾਂ ਤੇ ਲਾਠੀਆਂ ਨਾਲ ਹਮਲਾ ਕਰਕੇ ਆਪਣੇ ਈਸਾਈ ਜੋਸ਼ ਦਾ ਮੁਜ਼ਾਹਰਾ ਕੀਤਾ। ਇਸ ਹਮਲੇ ਤੋਂ ਰੋਹ 'ਚ ਆ ਕੇ ਮਜ਼ਦੂਰਾਂ ਨੇ ਕਾਰਲਸਵਾਦੀਆਂ ਦੇ ਬੈਨਰ, ਝੰਡੇ, ਧਾਰਮਿਕ ਚਿੰਨ੍ਹ ਤੇ ਲਾਲਟੈਣ ਦਰਿਆ 'ਚ ਵਗਾਹ ਮਾਰੇ, ਜਿੱਥੇ ਥੋੜ੍ਹਾ ਸਮਾਂ ਤੈਰਨ ਤੋਂ ਬਾਦ ਇਹ ਨਰਵੀਅਨ ਦਰਿਆ ਦੇ ਖੌਲ਼ਦੇ ਪਾਣੀਆਂ 'ਚ ਅਲੋਪ ਹੋ ਗਏ। ਕਾਰਲਸਵਾਦੀਆਂ ਤੇ ਪੁਲਿਸ ਵੱਲੋਂ ਅਨੇਕਾਂ ਮਜ਼ਦੂਰ ਫੱਟੜ ਕਰ ਦਿੱਤੇ ਗਏ; ਸਮਾਜਵਾਦੀ ਇਕੱਠ 'ਚ ਸ਼ਾਮਲ ਹੋਣ ਵਾਲਿਆਂ ਨੂੰ ਸਬਕ ਸਿਖਾਉਣ ਲਈ ਬਾਕੀ ਮਜ਼ਦੂਰਾਂ ਦੇ ਖ਼ਿਲਾਫ਼ ਉਨ੍ਹਾਂ ਦੇ ਕੰਮ ਦੀਆਂ ਥਾਵਾਂ 'ਤੇ ਜਾਕੇ ਬਦਲਾ ਲਊ ਕਾਰਵਾਈ ਕੀਤੀ ਗਈ।

ਕਾਰਲਸਵਾਦੀਆਂ ਦੇ ਵਿਰੋਧ 'ਚ ਇਸ ਜ਼ੋਰਦਾਰ ਪ੍ਰਤੀਕਰਮ, ਜਿਸਨੇ ਉਨ੍ਹਾਂ ਨੂੰ ਦਿਖਾ ਦਿੱਤਾ ਕਿ ਉਹ ਹਾਲੇ ਬਿਲਬਾਓ 'ਤੇ ਕਬਜ਼ਾ ਕਰ ਲੈਣ ਦੀ ਹਾਲਤ 'ਚ ਨਹੀਂ ਹਨ, ਨੇ ਈਸਾਈ ਮੁਖੀਆਂ ਤੇ ਉਨ੍ਹਾਂ ਦੇ ਵਫ਼ਾਦਾਰ ਪੈਰੋਕਾਰਾਂ ਨੂੰ ਹੋਰ ਵੀ ਚੀੜ੍ਹੇ ਬਣਾ ਦਿੱਤਾ। ਹਰੇਕ ਕਸਬੇ ਤੇ ਪਿੰਡ ਵਿਚ ਜਨੂੰਨੀ ਅਸਹਿਣਸ਼ੀਲਤਾ ਦੀਆਂ ਬੇਰਹਿਮ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ।

ਫੇਰ ਖਾਣ ਦੇ ਖੇਤਰ 'ਚ ਇਕ ਐਸਾ ਮਨੁੱਖੀ ਦੁਖਾਂਤ ਵਾਪਰ ਗਿਆ, ਜਿਸ ਨੇ ਧਾਰਮਿਕ ਜਨੂੰਨ ਦੀ ਅੱਗ ਭੜਕਾ ਦਿੱਤੀ। ਇਸ ਦਾ ਨਤੀਜਾ ਮਾੜਾ ਨਿਕਲਿਆ ਇਸ ਨੇ ਆਖ਼ਿਰ ਭੜਕਾਊ ਅਨਸਰਾਂ 'ਤੇ ਉਲਟਾ ਅਸਰ ਹੀ ਕੀਤਾ।

ਖਾਣ ਦਫ਼ਤਰ ਦੇ ਇਕ ਕਲਰਕ, ਜੋ ਗਾਲਰਟਾ ਵਿਚ ਆਪਣੇ ਅਗਾਂਹਵਧੂ ਖ਼ਿਆਲਾਂ ਲਈ ਮਸ਼ਹੂਰ ਸੀ, ਦੀ 15 ਸਾਲਾਂ ਦੀ ਧੀ ਟੀ.ਬੀ. ਨਾਲ ਬਹੁਤ ਜ਼ਿਆਦਾ ਬੀਮਾਰ ਸੀ। ਬੀਮਾਰੀ ਆਖ਼ਰੀ ਪੜਾਅ 'ਤੇ ਪਹੁੰਚੀ ਹੋਈ ਸੀ ਅਤੇ ਲੜਕੀ ਦੀ ਮੌਤ ਨੇੜੇ ਜਾਪਦੀ ਸੀ। ਉਸਦੇ ਮਾਪਿਆਂ ਨੇ ਆਪਣੀ ਲਾਡਲੀ ਧੀ ਨਾਲ ਉਸ ਦੇ ਭਵਿੱਖ ਦੀਆਂ ਯੋਜਨਾਵਾਂ ਬਣਾਕੇ ਉਸਨੂੰ ਹੌਸਲਾ ਦੇਣ ਅਤੇ ਉਸ ਕੋਲੋਂ ਉਸ ਦੀ ਹਾਲਤ ਦੀ ਨਜ਼ਾਕਤ ਛੁਪਾਉਣ ਦੀ ਕੋਸ਼ਿਸ਼ ਕੀਤੀ।

ਲੜਕੀ ਦੀ ਹਾਲਤ ਬਾਰੇ ਸਾਰੇ ਕਸਬੇ ਨੂੰ ਪਤਾ ਸੀ ਜਿੱਥੇ ਹਰ ਕੋਈ ਹਰ ਕਿਸੇ ਨੂੰ ਜਾਣਦਾ ਸੀ। ਜਨਤਕ ਨੈਤਿਕਤਾ ਦੀਆਂ ਆਪੇ ਸਜੀਆਂ ਰਖਵਾਲੀਆਂ ਕੁਝ ਜਨੂੰਨੀ ਔਰਤਾਂ, ਨੇ ਮਾਪਿਆਂ ਉੱਪਰ ਹਜ਼ਾਰਾਂ ਵੱਖ-ਵੱਖ ਤਰੀਕਿਆਂ ਰਾਹੀਂ ਦਬਾਅ ਪਾਇਆ ਕਿ ਲੜਕੀ ਨੂੰ ਮਿਲਾਉਣ ਲਈ ਪੁਜਾਰੀ ਨੂੰ ਸੱਦਿਆ ਜਾਵੇ। ਪਿਤਾ ਨੇ ਪੁਜਾਰੀ ਨੂੰ ਘਰ ਵਾੜਨ ਤੋਂ ਸਖ਼ਤੀ ਨਾਲ ਮਨ੍ਹਾ ਕਰ ਦਿੱਤਾ। ਤੇ ਉਸਨੇ ਆਪਣੀ ਪਤਨੀ ਨੂੰ ਮਨਾ ਲਿਆ ਕਿ ਪੁਜਾਰੀ ਅਤੇ ਕਿਸੇ ਪਾਖੰਡੀ ਔਰਤ ਨੂੰ ਕਿਸੇ ਵੀ ਬਹਾਨੇ ਲੜਕੀ ਦੇ ਨੇੜੇ ਨਾ ਜਾਣ ਦਿੱਤਾ ਜਾਵੇ।

ਪਿਤਾ ਦੇ ਇਸ ਫ਼ੈਸਲੇ ਬਾਰੇ ਵਿਆਪਕ ਜਾਣਕਾਰੀ ਸੀ ਕਿ ਉਸ ਨੇ ਆਪਣੀ ਧੀ ਨੂੰ ਇਸ ਤਰ੍ਹਾਂ ਦਫ਼ਨਾਉਣਾ ਹੈ ਕਿ ਗਿਰਜਾਘਰ ਨੂੰ ਇਸ ਦਾ ਕੋਈ ਲਾਹਾ ਨਾ ਹੋਵੇ। ਇਸ ਸੰਭਾਵਨਾ ਨੇ ਕਸਬੇ ਦੀਆਂ ਕੁਲੀਨ ਔਰਤਾਂ ਨੂੰ ਐਨਾ ਪ੍ਰੇਸ਼ਾਨ ਕੀਤਾ ਕਿ ਇੰਜ ਲੱਗਦਾ ਸੀ ਕਿ ਜਿਵੇਂ ਉਨ੍ਹਾਂ ਦੀਆਂ ਆਪਣੀਆਂ ਰੂਹਾਂ ਦੀ ਮੁਕਤੀ ਇਸ ਨੂੰ ਰੋਕਣ 'ਤੇ ਨਿਰਭਰ ਹੋਵੇ। "ਅੱਗੇ ਕੀ ਹੋਵੇਗਾ?" ਉਹ ਇਕ ਦੂਜੀ ਨੂੰ ਪੁੱਛਦੀਆਂ। "ਜੇ ਅਸੀਂ ਸ਼ਹਿਰ ਵਿਚ ਗ਼ੈਰ-ਧਾਰਮਿਕ ਸਸਕਾਰ ਨੂੰ ਸਹਿਣ ਕਰ ਲੈਂਦੇ ਹਾਂ ਤਾਂ ਇਸ ਨਾਲ ਹਰ ਤਰ੍ਹਾਂ ਦੀ ਬੇਅਦਬੀ ਦਾ ਰਾਹ ਖੁੱਲ੍ਹ ਜਾਵੇਗਾ। ਤੇ ਜੇ ਇਕ ਵਾਰ ਬੰਦਸ਼ਾਂ ਟੁੱਟ ਜਾਂਦੀਆਂ ਹਨ ਤਾਂ ਰੱਬ ਜਾਣੇ ਇਹ ਸ਼ੈਤਾਨ ਸਾਨੂੰ ਕਿੱਥੇ ਪਹੁੰਚਾਉਣਗੇ। ਕੋਈ ਗੱਲ ਨਹੀਂ ਕੋਈ ਵੀ ਕੀਮਤ ਦੇਣੀ ਪੈ ਜਾਵੇ, ਗਿਰਜਾਘਰ ਤੋਂ ਪ੍ਰਵਾਹਰੇ ਹੋ ਕੇ ਲੜਕੀ ਨੂੰ ਦਫ਼ਨਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।"

ਉਨ੍ਹਾਂ ਨੇ ਜੰਗੀ ਯੋਜਨਾਵਾਂ ਉਲੀਕ ਲਈਆਂ। ਬੀਮਾਰ ਕੁੜੀ ਦੇ ਘਰ ਦੀ ਪੱਕੀ ਨਿਗਰਾਨੀ ਸ਼ੁਰੂ ਕਰ ਦਿੱਤੀ ਗਈ। ਉਸ ਦੀ ਹਾਲਤ ਦੀ ਸੂਹ ਰੱਖੀ ਜਾਣ ਲੱਗੀ, ਉਸਦੇ ਰਿਸ਼ਤੇਦਾਰਾਂ ਤੇ ਗੁਆਂਢੀਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਣ ਲੱਗਿਆ, ਇਨ੍ਹਾਂ ਨੇ ਭੋਰਾ ਵੀ ਪ੍ਰਵਾਹ ਨਾ ਕੀਤੀ ਕਿ ਅਣਚਾਹੀ ਜ਼ਿਦ ਕੁੜੀ ਦੇ ਮਾਪਿਆਂ ਤੇ ਸਕੇ-ਸਬੰਧੀਆਂ ਨੂੰ ਕਿੰਨਾ ਦੁੱਖ ਪਹੁੰਚਾਉਂਦੀ ਸੀ।

ਪਤਝੜ ਦੇ ਸ਼ੁਰੂ ਦੇ ਦਿਨਾਂ 'ਚ ਲੜਕੀ ਦੀ ਮੌਤ ਹੋ ਗਈ। ਉਸ ਦੇ ਪਿਤਾ ਨੇ ਫ਼ੈਸਲਾ ਕੀਤਾ ਕਿ ਮ੍ਰਿਤਕ ਨੂੰ ਗ਼ੈਰ-ਧਾਰਮਿਕ ਤਰੀਕੇ ਨਾਲ ਦਫਨਾਇਆ ਜਾਵੇਗਾ। ਉਸ ਤੋਂ ਇਸੇ ਤਰ੍ਹਾਂ ਦੇ ਫ਼ੈਸਲੇ ਦੀ ਆਸ ਸੀ, ਫਿਰ ਵੀ ਇਸ ਨੇ ਚੋਖੀ ਹਲਚਲ ਪੈਦਾ ਕਰ ਦਿੱਤੀ। ਲਾਗਣਾਂ ਆਮ ਤੌਰ 'ਤੇ ਮੌਤ ਦੀ ਖ਼ਬਰ ਅਤੇ ਸਸਕਾਰ ਦਾ ਸਮਾਂ (ਥੋੜ੍ਹੇ ਜਿਹੇ ਪੈਸੇ ਲੈ ਕੇ) ਘਰ-ਘਰ ਜਾ ਕੇ ਦੱਸਣ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਸਨ, ਪਰ ਇਸ ਮਾਮਲੇ 'ਚ ਉਨ੍ਹਾਂ ਨੇ ਬੇਮੁੱਖਤਾ ਦਿਖਾਈ। ਕਸਬੇ ਦੀਆਂ ਧਨਾਢ ਔਰਤਾਂ ਦੀ ਕਰੋਪੀ ਤੋਂ ਡਰਦਿਆਂ, ਉਨ੍ਹਾਂ ਨੇ ਇਸ ਸਸਕਾਰ ਦੇ ਸੁਨੇਹੇ ਨਾ ਦਿੱਤੇ। ਫਿਰ ਵੀ ਖ਼ਬਰ ਤੇਜ਼ੀ ਨਾਲ ਸਾਰੇ ਕਸਬੇ 'ਚ ਫੈਲ ਗਈ।

ਹਰ ਥਾਂ ਭਖਵੀਂ ਚਰਚਾ ਹੋਣ ਲੱਗੀ। ਮਜ਼ਦੂਰ ਦੁਖੀ ਪਰਿਵਾਰ ਦੇ ਵੱਲ ਸਨ, ਅਤੇ ਕਈ ਖਾਣਾਂ 'ਚ ਉਨ੍ਹਾਂ ਨੇ ਸਮੇਂ ਤੋਂ ਘੰਟਾ ਪਹਿਲਾਂ ਕੰਮ ਛੱਡਣ ਦਾ ਫ਼ੈਸਲਾ ਕੀਤਾ ਤਾਂ ਕਿ ਜਨਾਜ਼ੇ 'ਚ ਸ਼ਾਮਲ ਹੋ ਸਕਣ।

ਖਾਣ ਮਾਲਕਾਂ ਦੇ ਹੱਥਠੋਕਾ ਅਧਿਕਾਰੀ ਘੋਰ ਦੋਚਿੱਤੀ 'ਚ ਸਨ। ਇਹ ਸਮਝਿਆ ਜਾਂਦਾ ਸੀ ਕਿ ਕਬਰਸਤਾਨ ਗਿਰਜਾਘਰ ਦੇ ਵਿਸ਼ੇਸ਼ ਅਧਿਕਾਰ ਹੇਠ ਹੈ; ਅਤੇ ਜਿਸ ਵਿਅਕਤੀ ਨੂੰ ਦਫ਼ਨਾਉਣ ਦੀ ਰਸਮ ਕੈਥੋਲਿਕ ਮਰਯਾਦਾ ਦੇ ਅਨੁਸਾਰ ਨਹੀਂ ਕੀਤੀ ਜਾਂਦੀ ਸੀ ਉਸ ਨੂੰ ਧਾਰਮਿਕ ਅਥਾਰਟੀ ਦੀ ਵਿਸ਼ੇਸ਼ ਮਨਜ਼ੂਰੀ ਤੋਂ ਬਗੈਰ ਦਫ਼ਨਾਇਆ ਨਹੀਂ ਜਾ ਸਕਦਾ ਸੀ।

ਗਿਰਜਾਘਰ ਦੇ ਸਟੋਰ 'ਚ ਜੁੜੀਆਂ ਔਰਤਾਂ ਦੀ ਸੋਚ ਸੀ ਕਿ ਲੜਾਈ ਜਿੱਤ ਲਈ ਗਈ ਹੈ। ਉਹ ਕਹਿਣ ਲੱਗੀਆਂ, "ਕਿਉਂਕਿ ਕੋਈ ਗ਼ੈਰ-ਧਾਰਮਿਕ ਕਬਰਸਤਾਨ ਹੈ ਨਹੀਂ, ਉਹ

ਉਸਨੂੰ ਕਿਥੇ ਦਫਨਾ ਲੈਣਗੇ? ਪੁਜਾਰੀ ਦੀ ਸਲੀਬ ਦੇ ਪਿਛਲੇ ਪਾਸਿਉਂ ਹੀ ਕਬਰਸਤਾਨ 'ਚ ਦਾਖ਼ਲ ਹੋਇਆ ਜਾ ਸਕਦਾ ਹੈ।"

ਪਰ ਮ੍ਰਿਤਕ ਕੁੜੀ ਦਾ ਪਿਉ ਦ੍ਰਿੜ੍ਹ ਰਿਹਾ। ਭਾਵੇਂ ਕਿੰਨਾ ਵੀ ਦਬਾਅ ਪਾਇਆ ਗਿਆ ਉਹ ਨਹੀਂ ਝੁਕਿਆ। "ਮੇਰੀ ਧੀ ਨੂੰ ਗ਼ੈਰ-ਧਾਰਮਿਕ ਦਫ਼ਨਾਇਆ ਜਾਵੇਗਾ। ਕੀ ਹੋਇਆ ਕੋਈ ਗ਼ੈਰ-ਧਾਰਮਿਕ ਕਬਰਸਤਾਨ ਨਹੀਂ ਹੈ, ਇਹ ਮੇਰਾ ਦੋਸ਼ ਨਹੀਂ ਹੈ। ਕਬਰਸਤਾਨ ਗਿਰਜਾਘਰ ਦੀ ਨਿੱਜੀ ਜਾਇਦਾਦ ਨਹੀਂ ਹੈ। ਇਹ ਨਗਰਪਾਲਿਕਾ, ਲੋਕਾਂ, ਧਾਰਮਿਕ ਤੇ ਗ਼ੈਰ-ਧਾਰਮਿਕ ਸਭਨਾਂ ਲਈ ਬਰਾਬਰ ਹੈ। ਪੁਜਾਰੀ ਉਸ ਸਥਾਨ ਉੱਤੇ ਆਪਣੇ ਅਸ਼ੀਰਵਾਦ ਦੀ 'ਬਖ਼ਸ਼ਿਸ਼' ਨਹੀਂ ਕਰਨਾ ਚਾਹੁੰਦੇ ਜਿੱਥੇ ਮੇਰੀ ਧੀ ਦਾ ਸਰੀਰ ਦਫ਼ਨਾਇਆ ਜਾ ਰਿਹਾ ਹੈ, ਤਾਂ ਉਹ ਆਪਣਾ ਅਸ਼ੀਰਵਾਦ ਉਨ੍ਹਾਂ ਵਿਅਕਤੀਆਂ ਤੱਕ ਸੀਮਤ ਕਰੀ ਰੱਖਣ ਜਿਨ੍ਹਾਂ ਦੀ ਇਸ ਤਰ੍ਹਾਂ ਦੀ ਇੱਛਾ ਹੈ। ਉਹ ਸਮੁੱਚੇ ਕਬਰਸਤਾਨ 'ਤੇ ਹੱਕ ਨਾ ਜਮਾਉਣ। ਕਬਰਸਤਾਨ ਨਗਰਪਾਲਿਕਾ ਦੀ ਜਾਇਦਾਦ ਹੈ, ਅਤੇ ਮੇਰੀ ਧੀ ਉੱਥੇ ਦਫ਼ਨਾਈ ਜਾਵੇਗੀ।"

ਜਜ਼ਬਾਤ ਐਨੇ ਭੜਕੇ ਹੋਏ ਸਨ ਕਿ ਸੂਬੇ ਦੇ ਗਵਰਨਰ ਨੇ ਅਮਨ ਬਹਾਲ ਰੱਖਣ ਲਈ ਚੋਖੀ ਗਿਣਤੀ 'ਚ ਸਿਵਲ ਗਾਰਡ ਭੇਜਣ ਦੀ ਲੋੜ ਮਹਿਸੂਸ ਕੀਤੀ।

ਸਥਾਨਕ ਅਧਿਕਾਰੀਆਂ ਨੇ ਸ਼ੋਕ 'ਚ ਡੁੱਬੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਕਿ ਜੇ ਉਨ੍ਹਾਂ ਨੇ ਗ਼ੈਰ-ਧਾਰਮਿਕ ਸਸਕਾਰ ਕਰਨ ਦੀ ਜ਼ਿਦ ਕੀਤੀ, ਤਾਂ ਉਹ ਜਨਾਜ਼ੇ ਨੂੰ ਕਬਰਸਤਾਨ ਲਈ ਆਮ ਰਸਤਿਉਂ ਨਹੀਂ ਲਿਜਾ ਸਕਣਗੇ। ਉਨ੍ਹਾਂ ਨੂੰ ਜਨਾਜ਼ਾ ਤੰਗ, ਇੱਧਰ-ਉੱਧਰ ਦੇ ਰਸਤੇ ਥਾਣੀਂ ਬਿਨਾ ਮਾਤਮ ਜਲੂਸ ਕੱਢੇ ਲਿਜਾਣਾ ਪਵੇਗਾ, ਜਿਵੇਂ ਕਿਤੇ ਉਨ੍ਹਾਂ ਨੇ ਪਲੇਗ ਪੀੜਤ ਨੂੰ ਲਿਜਾਣਾ ਹੋਵੇ। ਸ਼ਹਿਰ ਦੇ ਵਿਚਕਾਰੋਂ ਲੰਘਣ ਦੀ ਉਨ੍ਹਾਂ ਨੂੰ ਉੱਕਾ ਹੀ ਮਨਾਹੀ ਕਰ ਦਿੱਤੀ ਗਈ।

"ਮੇਰੀ ਧੀ ਨੂੰ ਆਮ ਰਸਤੇ ਥਾਣੀ ਲਿਜਾਇਆ ਜਾਵੇਗਾ," ਪਿਤਾ ਨੇ ਉਸ ਸਿਪਾਹੀ ਨੂੰ ਦੱਸ ਦਿੱਤਾ ਜੋ ਅਧਿਕਾਰੀਆਂ ਦੇ ਫ਼ੈਸਲੇ ਦੀ ਇਤਲਾਹ ਉਸਨੂੰ ਦੇਣ ਲਈ ਆਇਆ ਸੀ।

ਸਸਕਾਰ ਦੇ ਮਿੱਥੇ ਸਮੇਂ 'ਤੇ ਯੂਨੀਅਨ ਭਵਨ ਤੋਂ ਝੰਡੇ ਚੁੱਕ ਕੇ ਵੱਡੀ ਗਿਣਤੀ ਮਜ਼ਦੂਰ ਪਰਿਵਾਰ ਦੇ ਘਰ ਮੂਹਰੇ ਇਕੱਠੇ ਹੋ ਗਏ। ਉਨ੍ਹਾਂ 'ਚ ਔਰਤਾਂ ਦੀ ਛੋਟੀ ਜਿਹੀ ਟੋਲੀ ਵੀ ਸੀ, ਜੋ ਪਿਛਾਖੜੀਆਂ ਦੀਆਂ ਧਮਕੀਆਂ ਦੇ ਬਾਵਜੂਦ, ਲਾਸ਼ ਦੇ ਨਾਲ ਜਾਣਾ ਅਤੇ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੋਣਾ ਚਾਹੁੰਦੀ ਸੀ।

ਚਾਰ ਮਜ਼ਦੂਰਾਂ ਨੇ ਜਨਾਜ਼ਾ ਮੋਢਿਆਂ 'ਤੇ ਚੁੱਕ ਲਿਆ ਤੇ ਖ਼ਾਮੋਸ਼ ਜਲੂਸ ਤੁਰ ਪਿਆ। ਲਾਸ਼ ਦੇ ਪਿੱਛੇ ਪਿਉ ਇਕੱਲਾ ਚੱਲ ਰਿਹਾ ਸੀ; ਅਤੇ ਉਸ ਤੋਂ ਕੁਝ ਕਦਮ ਪਿੱਛੇ ਮਜ਼ਦੂਰ ਜਥੇਬੰਦੀਆਂ ਦੇ ਸੂਹੇ ਝੰਡੇ ਚੁੱਕੀ ਸੈਂਕੜੇ ਮਰਦ ਤੇ ਔਰਤਾਂ ਚੱਲ ਰਹੇ ਸਨ, ਜੋ ਉਸਦੇ ਦੁੱਖ ਤੇ ਦ੍ਰਿੜਤਾ ਨਾਲ ਇਕਜੁੱਟ ਹੋ ਕੇ ਹੱਕ ਲਈ ਜੂਝ ਰਹੇ ਸਨ ਜਿਹੜਾ ਹੱਕ ਕੱਟੜ ਅਨਸਰ ਉਨ੍ਹਾਂ ਤੋਂ ਖੋਹਣ ਦੀ ਕੋਸ਼ਿਸ਼ 'ਚ ਲੱਗੇ ਹੋਏ ਸਨ।

ਜਿਉਂ ਹੀ ਗ਼ਮ 'ਚ ਡੁੱਬਿਆ ਜਲੂਸ ਘਰ ਤੋਂ ਚੱਲਿਆ, ਇਕ ਗੰਭੀਰ ਆਵਾਜ਼ ਨੇ ਜਨਾਜ਼ੇ ਦਾ ਸੋਹਲਾ ਪੜ੍ਹਨਾ ਸ਼ੁਰੂ ਕਰ ਦਿੱਤਾ, ਜਿਸ ਨੂੰ ਤੁਰੰਤ ਸਾਰਾ ਕਾਫ਼ਲਾ ਗਾਉਣ ਲੱਗਿਆ :

ਸੁਣੋ, ਫ਼ਾਨੀ ਮਨੁੱਖੋ
ਜਨਾਜ਼ੇ ਦੇ ਸੋਹਲੇ
ਮਜ਼ਦੂਰ ਗਾ ਰਹੇ

ਆਪਣੇ ਮੁਰਦੇ ਲਈ.........
ਸੋਚ ਦੇ ਸਿਪਾਹੀ
ਪਿਆਰ ਤੇ ਤਰੱਕੀ ਦੇ
ਉਹ ਹਮੇਸ਼ਾ ਬਹਾਦਰੀ ਨਾਲ ਲੜਿਆ
ਪਿਛਾਖੜ ਦੀਆਂ ਤਾਕਤਾਂ ਦੇ ਖ਼ਿਲਾਫ਼.........

ਗਲੀ ਦੇ ਤਣਾਅ ਭਰੇ ਮਾਹੌਲ ਵਿਚ, ਉਨ੍ਹਾਂ ਆਦਮੀਆਂ, ਜੋ ਹਰ ਰੋਜ਼ ਖਾਣਾਂ ਵਿਚ ਮੌਤ ਦਾ ਸਾਹਮਣਾ ਕਰਦੇ ਸਨ, ਵੱਲੋਂ ਗਾਏ ਜਨਾਜ਼ੇ ਦੇ ਸਧਾਰਨ, ਸੁਹਣੇ ਬੋਲਾਂ ਨੇ ਪ੍ਰਭਾਵਸ਼ਾਲੀ ਸ੍ਰੇਸ਼ਟਤਾ ਤੇ ਗੰਭੀਰਤਾ ਅਖ਼ਤਿਆਰ ਕਰ ਲਈ। ਜਨਾਜ਼ੇ ਦਾ ਜਲੂਸ ਐਨਾ ਟੁੰਬਵਾਂ ਸੀ ਕਿ ਔਰਤਾਂ ਰੋ ਪੈਂਦੀਆਂ ਤੇ ਗੋਡਿਆਂ ਭਾਰ ਝੁਕ ਜਾਂਦੀਆਂ ਅਤੇ ਮਰਦ ਟੋਪੀਆਂ ਲਾਹਕੇ ਸਤਿਕਾਰ ਨਾਲ ਸਿਰ ਝੁਕਾ ਲੈਂਦੇ।

ਕਬਰਸਤਾਨ ਨੂੰ ਜਾਂਦੀ ਸੜਕ, ਜੋ ਕਸਬੇ ਦੀ ਮੁੱਖ ਸੜਕ ਸੀ, ਗਿਰਜਾਘਰ ਦੇ ਮੂਹਰਿਉਂ ਲੰਘਦੀ ਸੀ। ਜਿਉਂ ਹੀ ਜਲੂਸ ਇੱਥੇ, ਕਸਬੇ ਦੇ ਵਿਚਕਾਰ, ਪਹੁੰਚਿਆ, ਸਿਵਲ ਗਾਰਡ ਆਲੇ-ਦੁਆਲੇ ਦੀਆਂ ਸੜਕਾਂ 'ਤੇ ਆ ਪਹੁੰਚੇ ਜਦਕਿ ਕਸਬੇ ਦੀਆਂ ਕੁਲੀਨ ਔਰਤਾਂ ਗਿਰਜਾਘਰ ਮੂਹਰੇ ਉਡੀਕ 'ਚ ਖੜ੍ਹੀਆਂ ਸਨ। ਉਨ੍ਹਾਂ ਦੇ ਇਰਾਦਿਆਂ ਬਾਰੇ ਸ਼ੱਕ ਨਹੀਂ ਸੀ ਰਹਿ ਗਿਆ।

ਬਹੁਤੇ ਹਠੀਆਂ ਦਾ ਟੋਲਾ ਜਲੂਸ ਨੂੰ ਖਿੰਡਾਉਣ ਲਈ ਤੇ ਇਸ ਨੂੰ ਗਿਰਜਾਘਰ ਵੱਲ ਜਾਣ ਲਈ ਮਜਬੂਰ ਕਰ ਵਾਸਤੇ ਅੱਗੇ ਵਧਿਆ। ਲੜਕੀ ਦੇ ਪਿਤਾ ਤੇ ਉਸ ਦੇ ਕੁਝ ਸਾਥੀਆਂ ਨੇ ਇਨ੍ਹਾਂ ਹੁੱਲੜਬਾਜ਼ਾਂ ਨੂੰ ਕੁੱਟ ਕੇ ਦਬੱਲ ਦਿੱਤਾ। ਓਦੋਂ ਹੀ, ਜਿਵੇਂ ਇਸ਼ਾਰੇ 'ਤੇ ਵਾਪਰਦਾ ਹੈ, ਨੇੜਲੇ ਘਰਾਂ ਦੇ ਛੱਜਿਆਂ ਤੇ ਖਿੜਕੀਆਂ ਵਿਚੋਂ ਉੱਬਲਦੇ ਪਾਣੀ ਦੀਆਂ ਬਾਲਟੀਆਂ ਤੇ ਵੱਟੇ ਜਲੂਸ ਉੱਪਰ ਵਰਸਾਏ ਜਾਣ ਲੱਗੇ, ਜਿਸ ਨਾਲ ਅਨੇਕਾਂ ਮਜ਼ਦੂਰ ਫੱਟੜ ਹੋ ਗਏ, ਜਦਕਿ ਬਹੁਤੀਆਂ ਦਲੇਰ ਕੁਲੀਨ ਔਰਤਾਂ ਤਾਬੂਤ ਉੱਪਰ ਝਪਟ ਪਈਆਂ। ਤੇ ਮਜ਼ਦੂਰਾਂ ਨੇ ਥੋੜ੍ਹੀ ਵਾਹ ਲਾ ਕੇ ਉਨ੍ਹਾਂ ਨੂੰ ਰਸਤੇ 'ਚੋਂ ਹਟਾ ਦਿੱਤਾ।

ਐਨ ਇਸੇ ਵਕਤ ਸਿਵਲ ਗਾਰਡ ਹਮਲਾਵਰ ਔਰਤਾਂ ਦੀ ਮਦਦ 'ਤੇ ਆ ਕੇ ਦਖ਼ਲਅੰਦਾਜ਼ੀ ਕਰਨ ਲੱਗੇ। ਤੇ ਨਾਲ ਹੀ ਮਜ਼ਦੂਰਾਂ ਤੋਂ ਝੰਡੇ ਖੋਹਕੇ ਪਾੜਨ ਦੀ ਕੋਸ਼ਿਸ਼ ਕਰਨ ਲੱਗ ਪਏ, ਪਰ ਉਹ ਗਾਰਡਾਂ ਦੀਆਂ ਰਾਈਫਲਾਂ ਦੇ ਬੱਟਾਂ ਤੋਂ ਆਪਣਾ ਬਚਾਅ ਕਰਦੇ ਹੋਏ ਡਟੇ ਰਹੇ। ਸਿਵਲ ਗਾਰਡਾਂ ਨੇ ਲੜਕੀ ਦੇ ਪਿਤਾ ਨੂੰ ਤੇ ਜਨਾਜ਼ੇ ਨੂੰ ਮੋਢਾ ਦੇਣ ਵਾਲੇ ਬੰਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੇ ਪਹਿਰੇ ਹੇਠ, ਪਾਗਲ ਹੋਈਆਂ ਕੁਲੀਨ ਔਰਤਾਂ ਆਖ਼ਿਰ ਲਾਸ਼ ਖੋਹਕੇ ਕਬਰਸਤਾਨ 'ਚ ਲੈ ਗਈਆਂ। ਪਾਦਰੀ ਉੱਥੇ ਜੇਤੂ ਸ਼ਰਧਾਲੂਆਂ ਦਾ ਇੰਤਜ਼ਾਰ ਕਰ ਰਿਹਾ ਸੀ ਜੋ ਚਿੱਟੇ ਤਾਬੂਤ ਨੂੰ ਯੁੱਧ 'ਚ ਜਿੱਤੇ ਮਾਲ ਵਾਂਗ ਬੁਰੀ ਤਰਾਂ ਘੜੀਸਦੇ ਆਣ ਪਹੁੰਚੇ।

ਪਰ ਉਨ੍ਹਾਂ ਦੀ ਜਿੱਤ ਦੇ ਜਸ਼ਨ ਬਹੁਤਾ ਸਮਾਂ ਨਾ ਰਹੇ। ਜਿਸ ਦਿਨ ਸਸਕਾਰ ਦੀ ਬੇਅਦਬੀ ਕੀਤੀ ਗਈ, ਉਸੇ ਦਿਨ ਤੋਂ ਮਜ਼ਦੂਰਾਂ ਨੇ ਮਜ਼ਦੂਰ ਸਭਾ ਨੂੰ ਹਲਫ਼ਨਾਮੇ ਭੇਜਣੇ ਸ਼ੁਰੂ ਕਰ ਦਿੱਤੇ ਜਿਸ ਵਿਚ ਇਹ ਇੱਛਾ ਜ਼ਾਹਿਰ ਕੀਤੀ ਗਈ ਸੀ ਕਿ ਮੌਤ ਦੇ ਹਾਲਾਤ ਭਾਵੇਂ ਕੋਈ ਵੀ ਹੋਣ, ਸਸਕਾਰ ਗ਼ੈਰ-ਧਾਰਮਿਕ ਕਰਨਾ ਹੈ। ਇਸ ਤਰ੍ਹਾਂ ਪ੍ਰਸ਼ਾਸਨ ਨੂੰ ਕਬਰਸਤਾਨ ਦਾ ਇਕ ਹਿੱਸਾ ਗ਼ੈਰ-ਧਾਰਮਿਕ ਕਬਰਸਤਾਨ ਵਜੋਂ ਰਾਖਵਾਂ ਕਰਨ ਲਈ ਮਜਬੂਰ ਹੋਣਾ ਪੈ ਗਿਆ।

ਧਾਰਮਿਕ ਮੁਖੀਆਂ ਅਤੇ ਜੋਸ਼ੀਲੀਆਂ ਕੁਲੀਨ ਔਰਤਾਂ ਨੇ ਨਾ ਸਿਰਫ਼ ਗ਼ੈਰ-ਧਾਰਮਿਕ ਸਸਕਾਰ ਨੂੰ ਹੀ ਕਬੂਲ ਕਰਨਾ ਪਿਆ ਸਗੋਂ ਵੱਧ ਅਗਾਂਹਵਧੂ ਮਜ਼ਦੂਰਾਂ ਨੇ ਆਪਣੇ ਬੱਚਿਆਂ ਨੂੰ

ਪਵਿੱਤਰ ਕਰਾਉਣ ਦੀ ਰਸਮ ਬੰਦ ਕਰ ਦਿੱਤੀ, ਅਤੇ ਜਿਹੜੇ ਵਿਆਹ ਗਿਰਜਾਘਰ ਵੱਲੋਂ ਤਸਦੀਕ ਨਹੀਂ ਸੀ ਹੁੰਦੇ ਉਹ ਹੁਣ ਬਦਨਾਮ ਤੇ ਜੱਗੋ ਤੇਰਵੇਂ ਕੰਮ ਨਾ ਰਹੇ।

ਛੋਟੇ ਸ਼ਹਿਰਾਂ ਦੇ ਜਨੂੰਨੀ ਧਾਰਮਿਕ ਅਮਲਾਂ 'ਚ ਤਾਂ ਬਹੁਤ ਜ਼ਿਆਦਾ ਗਲਤਾਨ ਸਨ, ਪਰ ਉਹ ਖਾਣ ਖੇਤਰ ਦੀ ਵਧ ਰਹੀ ਵਸੋਂ ਲਈ ਸਫ਼ਾਈ ਸਹੂਲਤਾਂ ਤੇ ਡਾਕਟਰਾਂ ਦੀ ਜ਼ੋਰਦਾਰ ਜ਼ਰੂਰਤ ਵੱਲ ਬਹੁਤ ਹੀ ਘੱਟ ਧਿਆਨ ਦਿੰਦੇ।

ਬੀਮਾਰੀਆਂ ਤੇ ਮੌਤਾਂ ਨੂੰ ਦੈਵੀ ਰਜ਼ਾ ਮੰਨਕੇ ਸਬਰ ਕਰ ਲਿਆ ਜਾਂਦਾ ਸੀ। ਬੱਚਿਆਂ ਦੀਆਂ ਮੌਤਾਂ, ਜੋ ਮਾਵਾਂ ਨੂੰ ਗ਼ਮ 'ਚ ਡੁਬੋ ਦਿੰਦੀਆਂ, ਮੌਕੇ ਧਾਰਮਿਕ ਰਸਮਾਂ ਕਰਨੀਆਂ ਪੈਂਦੀਆਂ। ਅਖੇ "ਉਹ ਤਾਂ ਦੇਵਤੇ ਹਨ ਜੋ ਸਵਰਗ ਨੂੰ ਵਾਪਸ ਚਲੇ ਗਏ। ਉਨ੍ਹਾਂ ਦਾ ਮਾਤਮ ਕਿਉਂ ?"

ਪਰ ਮੌਤ ਤੇ ਬੀਮਾਰੀ ਨੂੰ ਕੋਈ ਵੀ ਭਾਣਾ ਮੰਨਕੇ ਨਾ ਬਹਿੰਦਾ। ਤੇ ਇਹੀ ਕਾਰਣ ਸੀ ਕਿ ਇਨ੍ਹਾਂ ਪਰਿਵਾਰਾਂ 'ਚ ਟੂਣੇ-ਟਾਮਣ ਸੁਭਾਵਿਕ ਸਨ। ਉਨ੍ਹਾਂ ਕੋਲ ਢੁਕਵਾਂ ਇਲਾਜ਼ ਕਰਾਉਣ ਲਈ ਪੈਸਾ ਨਹੀਂ ਸੀ ਤੇ ਉਹ ਆਪਣੇ ਦੁੱਖਾਂ ਦਾ ਇਲਾਜ਼ ਲੱਭਣਾ ਲੋਚਦੇ ਸਨ।

ਇੱਥੇ "ਰਹਿਮਤ" ਨਾਲ ਵਰੋਸਾਏ ਤੇ "ਸੰਤ ਦਾ ਅਸ਼ੀਰਵਾਦ ਪ੍ਰਾਪਤ" ਅਜਿਹੇ ਕਈ ਲੋਕ ਸਨ ਜੋ ਥੋੜ੍ਹੇ ਜਹੇ ਪੈਸੇ ਲੈ ਕੇ ਉੱਤਰੇ ਹੋਏ ਮੌਢੇ ਨੂੰ ਥਾਂ ਸਿਰ ਚੜ੍ਹਾ ਦਿੰਦੇ ਸਨ; ਇਹ ਉਹ ਵਿਅਕਤੀ ਸਨ ਜਿਨ੍ਹਾਂ ਕੋਲ ਹਲਕੇ ਕੁੱਤੇ ਦੇ ਵੱਢਣ 'ਤੇ ਦਿੱਤੀ ਜਾਣ ਵਾਲੀ ਦਵਾਈ ਹੁੰਦੀ ਸੀ; ਇਹ ਦੈਵੀ ਤਾਕਤਾਂ ਦੇ ਦਾਅਵੇਦਾਰ ਤੇ ਅਜਿਹੇ ਵਿਅਕਤੀ ਸਨ ਜੋ ਬੁੱਝਕੇ ਦੱਸਦੇ ਸਨ ਕਿ ਕਿਸੇ ਨੂੰ ਨਜ਼ਰ ਤਾਂ ਨਹੀਂ ਲੱਗੀ ਹੋਈ।

ਉਨ੍ਹਾਂ ਦੇ ਇਲਾਜ਼ ਕਰਨ ਦੇ ਢੰਗ, ਸਿਰੇ ਦੇ ਸਾਧਾਰਣ ਤਰੀਕਿਆਂ ਤੋਂ ਲੈ ਕੇ ਘੋਰ ਭਿਆਨਕ ਤੱਕ ਹੁੰਦੇ ਸਨ। ਬਹੁਤੇ ਸਾਦਾ ਤਰੀਕੇ ਸਨ ਜ਼ਖ਼ਮਾਂ ਤੇ ਵਹਿੰਦੇ ਖ਼ੂਨ ਨੂੰ ਰੋਕਣ ਲਈ ਜਾਲਾ ਅਤੇ ਗਲ਼ੇ ਹੋਏ ਜ਼ਖ਼ਮਾਂ ਲਈ ਪੁਜਾਰੀ ਦੇ ਘਰ ਦੇ ਨਿਗਰਾਨ ਵੱਲੋਂ ਬਣਾਈ ਮਲ੍ਹਮ ਜਾਂ ਵੈਦ ਵਲੋਂ ਸੱਪਾਂ ਤੋਂ ਬਣਾਈ ਲੇਪ। ਤਪਦਿਕ ਦਾ ਇਲਾਜ਼ ਭਿਆਨਕ ਹੁੰਦਾ ਸੀ। ਤੇ ਖ਼ੂਨੀ ਬਵਾਸੀਰ ਦੇ ਇਲਾਜ਼ ਲਈ ਗਰਦਨ ਦੇ ਦੁਆਲੇ ਕੁਝ ਜੜ੍ਹੀਆਂ-ਬੂਟੀਆਂ ਦੀ ਥੈਲੀ ਬੰਨ੍ਹ ਦਿੱਤੀ ਜਾਂਦੀ ਸੀ। ਨਮੂਨੀਆ ਤੇ ਠੰਡ ਲੱਗੀ ਹੋਣ 'ਤੇ ਸਰੋਂ ਦਾ ਲੇਪ ਤੇ ਬਰਾਂਡੀ ਲਗਾਏ ਜਾਂਦੇ ਸਨ।

ਇਨ੍ਹਾਂ ਇਲਾਜ਼ਾਂ ਵਿਚੋਂ ਸਭ ਤੋਂ ਦਿਲਕਸ਼ ਉਹ ਇਲਾਜ਼ ਸੀ ਜੋ ਹਰਨੀਆ ਦੀ ਬੀਮਾਰੀ ਵਾਲੇ ਦਾ ਕੀਤਾ ਜਾਂਦਾ ਸੀ। ਇਹ ਲਗਭਗ ਇਕ ਪਵਿੱਤਰ ਰਸਮ ਸੀ। ਇਸ ਲਈ ਗਰਮੀਆਂ ਦੇ ਅਯਨਾਂਤ (ਸਾਲ ਦੇ ਦੋ ਮੌਕਿਆਂ 'ਚੋਂ ਇਕ ਜਦੋਂ ਸੂਰਜ ਭੂਮੱਧ ਰੇਖਾ ਤੋਂ ਉੱਤਰ ਜਾਂ ਦੱਖਣ ਦੇ ਪਾਸੇ ਸਭ ਤੋਂ ਦੂਰ ਹੁੰਦਾ ਹੈ) ਦੀ ਉਡੀਕ ਕਰਨੀ ਪੈਂਦੀ ਸੀ, ਜੋ ਸੰਤ ਜੌਹਨ ਦੇ ਤਿਓਹਾਰ, 23 ਜੂਨ, ਦੇ ਸ਼ੁਰੂ ਹੋਣ ਦੇ ਮੁਤਾਬਿਕ ਹੁੰਦਾ ਸੀ। ਉਸ ਦਿਨ ਪਿੰਡ ਦੇ ਨੇੜੇ ਇਕ ਦਰੱਖ਼ਤ ਚੁਣ ਲਿਆ ਜਾਂਦਾ ਸੀ। ਇਸ ਦੇ ਪੂਰੀ ਤਰਾਂ ਦੋ ਅੱਡ-ਅੱਡ ਹਿੱਸੇ ਕੀਤੇ ਬਗ਼ੈਰ ਇਸ ਨੂੰ ਵਿਚਕਾਰੋਂ ਚੀਰਿਆ ਜਾਂਦਾ ਅਤੇ ਇਕ ਵੱਡਾ ਸਾਰਾ ਫਾਨਾ ਠੋਕਕੇ ਇਸ ਨੂੰ ਬਿਨਾ ਤੋੜੇ ਓਦੋਂ ਤੱਕ ਵੱਖ-ਵੱਖ ਰੱਖਿਆ ਜਾਂਦਾ ਜਦੋਂ ਤੱਕ ਰਾਤ ਨਾ ਪੈ ਜਾਂਦੀ।

ਅੱਧੀ ਰਾਤ ਤੋਂ ਕੁਝ ਮਿੰਟ ਪਹਿਲਾਂ ਮਰੀਜ਼ ਨੂੰ ਦਰਖ਼ਤ ਕੋਲ ਲਿਜਾਇਆ ਜਾਂਦਾ ਤੇ ਨੰਗਾ ਕਰ ਲਿਆ ਜਾਂਦਾ। ਜਦੋਂ ਸ਼ਹਿਰ ਦੇ ਘੰਟਾ ਘਰ ਦੀ ਘੰਟੀ ਵੱਜਣ ਲੱਗਦੀ ਤਾਂ ਮਰੀਜ ਨੂੰ ਦਰਖ਼ਤ ਦੇ ਦੋ ਹਿੱਸਿਆਂ ਵਿਚੋਂ ਦੀ ਲੰਘਾਇਆ ਜਾਂਦਾ ਜਦੋਂ ਕਿ ਉਸ ਦੇ ਮਾਂ-ਪਿਉ, ਸਕੇ ਸਬੰਧੀ ਜਾਂ ਮਿੱਤਰ-ਸੱਜਣ ਹੇਠ ਲਿਖਿਆ ਭਜਨ ਗਾਉਂਦੇ:

ਹੇ ਪੀਟਰ, ਉਸ ਨੂੰ ਲੈ ਜਾਵੋ।

ਉਸ ਨੂੰ ਮੈਨੂੰ ਦੇ ਦੇਵੋ, ਜਾਹਨ।
ਤਾਂ ਜੋ ਸਾਡਾ ਮਾਲਕ, ਸੰਤ ਜੌਹਨ,
ਉਸ ਨੂੰ ਰਾਜ਼ੀ ਕਰ ਦੇਵੇ।
ਹੇ ਪੀਟਰ, ਉਸ ਨੂੰ ਲੈ ਜਾਵੋ।
ਉਸ ਨੂੰ ਮੈਨੂੰ ਦੇ ਦੇਵੋ, ਜੌਹਨ।
ਤਾਂ ਜੋ ਸਾਡਾ ਮਾਲਕ, ਸੰਤ ਜੌਹਨ,
ਉਸ ਨੂੰ ਰਾਜ਼ੀ ਕਰ ਦੇਵੇ।

ਫਿਰ ਦਰੱਖ਼ਤ ਦੇ ਦੋਵੇਂ ਹਿੱਸਿਆਂ ਨੂੰ ਮੇਲ ਦਿੱਤਾ ਜਾਂਦਾ, ਗੋਹੇ ਨਾਲ ਲਿੱਪ ਦਿੱਤਾ ਜਾਂਦਾ ਅਤੇ ਤਾਰਾਂ ਨਾਲ ਕੱਸਕੇ ਬੰਨ੍ਹ ਦਿੱਤਾ ਜਾਂਦਾ। ਜੇ ਦਰੱਖ਼ਤ ਨਾ ਸੁੱਕਦਾ ਤਾਂ ਇਹ ਮੰਨ ਲਿਆ ਜਾਂਦਾ ਕਿ ਮਰੀਜ਼ ਠੀਕ ਹੋਵੇਗਾ। ਕਦੇ-ਕਦੇ ਦਰੱਖ਼ਤ ਨਾ ਸੁੱਕਦਾ, ਪਰ ਬੇਚਾਰਾ ਪੀੜਤ ਓਦੋਂ ਤੱਕ ਹਰਨੀਆ ਦਾ ਤਸੀਹਾ ਭੋਗਦਾ ਰਹਿੰਦਾ ਜਦੋਂ ਤੱਕ ਜਾਂ ਤਾਂ ਗੱਦੀਦਾਰ ਪੇਟੀ ਨਾਲ ਘੁੱਟਕੇ ਬੰਨ੍ਹਿਆ ਨਾ ਜਾਂਦਾ ਜਾਂ, ਗੰਭੀਰ ਮਾਮਲਿਆਂ 'ਚ ਅਪਰੇਸ਼ਨ ਨਾ ਕਰ ਦਿੱਤਾ ਜਾਂਦਾ।

ਜੇ ਕੋਈ ਕਿਸੇ ਅਸੰਭਵ ਨੂੰ ਵੱਸ 'ਚ ਕਰਨਾ ਚਾਹੁੰਦਾ, ਉਹ ਸੰਤਣੀ ਰੀਟਾ ਨੂੰ ਅਰਦਾਸ ਕਰਦਾ, ਜੇ ਉਸ ਨੂੰ ਦੰਦ ਦਰਦ ਹੁੰਦਾ ਤਾਂ ਸੰਤਣੀ ਫ਼ਿਲੋਮਿਨਾ ਨੂੰ। ਜੇ ਅਸੰਭਵ ਚੀਜ਼ ਵੱਸ 'ਚ ਨਾ ਹੁੰਦੀ ਜਾਂ ਦਰਦ ਨਾ ਹੱਟਦਾ ਤਾਂ ਲੋਕ ਬੇਚਾਰੇ ਸੰਤਾਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਕੁਲ ਵੱਡੇ-ਵਡੇਰਿਆਂ ਦੀ ਸ਼ਰ੍ਹੇਆਮ ਭੰਡੀ ਕਰਦੇ।

ਬਾਸਕ ਦੇਸ਼ 'ਚ ਲਗਭਗ ਹਰ ਕਿਸੇ ਦੇ ਦੰਦ ਖਰਾਬ ਹੁੰਦੇ ਸਨ। ਇਸ ਦਾ ਕਾਰਨ ਪਾਣੀ ਦਾ ਭਾਰਾਪਣ ਸਮਝਿਆ ਜਾਂਦਾ ਸੀ, ਪਰ ਸਚਾਈ ਇਹ ਸੀ ਕਿ ਲੋਕ ਆਪਣੇ ਦੰਦਾਂ ਨੂੰ ਬੁਰਸ਼ ਨਹੀਂ ਸੀ ਕਰਦੇ। ਆਪਣੇ ਦੰਦਾਂ ਦੀ ਸੰਭਾਲ ਕਰਨ ਤੇ ਖੋੜਾਂ ਤੋਂ ਬਚਾਅ ਕਰਨ ਦਾ ਇਹ ਸਾਧਾਰਣ ਜਿਹਾ ਤਰੀਕਾ ਉਹ ਨਹੀਂ ਸੀ ਜਾਣਦੇ।

ਸੰਤਣੀ ਫ਼ਿਲੋਮਿਨਾ ਨੂੰ ਅਰਦਾਸ ਕਰਨਾ ਜਾਂ ਦਮਤੂਰੇ ਦੀ ਧੂਣੀ ਲੈਣਾ ਦੰਦਾਂ ਦੇ ਦਰਦ ਦਾ ਪ੍ਰਚਲਤ ਇਲਾਜ਼ ਸੀ, ਓੜਕ ਨੂੰ ਹੀ ਵੈਦ ਦੇ ਕੋਲ ਜਾਇਆ ਜਾਂਦਾ ਸੀ। ਖਾਣ ਮਜ਼ਦੂਰਾਂ ਦੇ ਇਲਾਜ਼ ਲਈ ਦੰਦਾਂ ਦਾ ਕੋਈ ਡਾਕਟਰ ਨਹੀਂ ਸੀ; ਇਸ ਦੀ ਬਜਾਏ, ਉੱਥੇ ਦੰਦ ਕੱਢਣ ਵਾਲੇ ਅਧਿਕਾਰਤ ਵਿਅਕਤੀ ਹੁੰਦੇ ਸਨ, ਮੇਰੇ ਕਸਬੇ 'ਚ ਵੈਦ ਨੂੰ *ਕਾਰਕੈਮੋ* ਕਹਿੰਦੇ ਸਨ।

ਵੈਦ ਜੜ੍ਹੀਆਂ-ਬੂਟੀਆਂ ਵੇਚਦਾ, ਹਰ ਤਰਾਂ ਦੇ ਜ਼ਖ਼ਮ ਦਾ ਇਲਾਜ਼ ਕਰਦਾ, ਦੰਦ ਕੱਢਦਾ, ਦਰਖਾਸਤਾਂ ਲਿਖਦਾ, ਅਤੇ ਗੀਹ ਦੇ ਮਰੀਜ਼ ਨੂੰ ਤੇ ਇਸੇ ਤਰਾਂ ਵੱਛੇ ਨੂੰ ਅਫਾਰਾ ਪੈਣ 'ਤੇ ਜਾਂ ਖੱਚਰ ਨੂੰ ਸੂਲ ਹੋਣ 'ਤੇ ਅਨੀਮਾ ਦਿੰਦਾ ਜਾਂ ਲੇਪ ਕਰਦਾ। ਐਤਵਾਰ ਜਾਂ ਛੁੱਟੀ ਦੇ ਦਿਨ ਵਾਹਵਾ ਰੌਣਕ ਹੋਣ 'ਤੇ ਵੈਦ ਬਜ਼ਾਰ ਦੇ ਚੌਂਕ ਦੇ ਇਕ ਪਾਸੇ ਜੜ੍ਹੀਆਂ-ਬੂਟੀਆਂ, ਅਰਕਾਂ ਅਤੇ ਮਲ੍ਹਮਾਂ ਦੀ ਫੜ੍ਹੀ ਲਾ ਲੈਂਦਾ। ਇੱਥੇ ਬੈਠਕੇ ਉਹ ਤਰ੍ਹਾਂ-ਤਰ੍ਹਾਂ ਦੇ ਕੰਮ ਕਰਦਾ। ਉਸ ਨੇ ਇਕ ਸਹਾਇਕ ਰੱਖਿਆ ਹੁੰਦਾ ਸੀ ਜੋ ਪਹਾੜਾਂ ਤੇ ਖੱਡਾਂ 'ਚ ਬਾਂਦਰ ਵਾਂਗ ਭੱਜਦੌੜ ਕਰਦਾ ਰਹਿੰਦਾ, ਕੀਮਤੀ ਜੜ੍ਹੀਆਂ-ਬੂਟੀਆਂ ਲੱਭਦਾ ਰਹਿੰਦਾ ਅਤੇ ਕਿਰਲੀਆਂ ਤੇ ਸੱਪ ਮਾਰਦਾ ਰਹਿੰਦਾ।

ਜਿਹੜਾ ਕੋਈ ਵੈਦ ਕੋਲ ਦੰਦ ਕਢਾਉਣ ਜਾਂਦਾ ਉਹ ਜਾਂ ਤਾਂ ਕੋਈ ਦਲੇਰ ਮਨੁੱਖ ਹੁੰਦਾ ਜਾਂ ਪਾਗਲ। ਮਰੀਜ਼ ਨੂੰ ਕੁਰਸੀ 'ਤੇ ਬੈਠਾ ਲਿਆ ਜਾਂਦਾ, ਜਦਕਿ ਵੈਦ ਦਾ ਸਹਾਇਕ ਉਸ ਦਾ ਸਿਰ ਪਿੱਛਾਂਹ ਵੱਲ ਧੱਕ ਕੇ ਰੱਖਦਾ ਤੇ ਉਸ ਦੇ ਮੂੰਹ ਵਿਚ ਲੱਕੜ ਦਾ ਡੱਟ ਜਿਹਾ ਫਸਾ ਦਿੱਤਾ ਜਾਂਦਾ ਤਾਂ ਕਿ ਉਹ ਮੂੰਹ ਨਾ ਘੁੱਟ ਸਕੇ। ਤਦ ਵੈਦ ਮਰੀਜ਼ ਦੇ ਦੱਸੇ ਹੋਏ ਦੰਦ ਨੂੰ ਜੰਬੂਰਾਂ ਨਾਲ

ਘੁੱਟਕੇ ਓਦੋਂ ਤੱਕ ਖਿੱਚਦਾ ਰਹਿੰਦਾ ਜਦੋਂ ਤੱਕ ਇਹ ਬਾਹਰ ਨਾ ਆ ਜਾਂਦਾ। ਪੀੜਤ ਵਿਅਕਤੀ ਦਰਦ ਨਾਲ ਕੁਰਲਾਉਂਦਾ ਅਤੇ ਉੱਠਣ ਦੀ ਕੋਸ਼ਿਸ਼ ਕਰਦਾ ਤੇ ਤਸੀਹੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ। ਪਰ ਅਸੰਭਵ। ਸਹਾਇਕ ਉਸ ਦੇ ਸਿਰ ਨੂੰ ਜਕੜਕੇ ਰੱਖਦਾ, ਤੇ ਜੇ ਉਹ ਬਹੁਤ ਜ਼ਿਆਦਾ ਜ਼ੋਰ ਲਾਉਂਦਾ ਤਾਂ ਉਸਦੀ ਗਰਦਣ ਟੁੱਟਣ ਦਾ ਖ਼ਤਰਾ ਹੁੰਦਾ।

ਕਈ ਵਾਰ ਵੈਦ ਟਪਲਾ ਖਾ ਜਾਂਦਾ ਤੇ ਉਹ ਗ਼ਲਤ ਦੰਦ ਕੱਢ ਦਿੰਦਾ। ਇਸ ਨਾਲ ਉਸ 'ਤੇ ਆਫਤ ਆ ਜਾਂਦੀ। ਮਲ੍ਹਮਾਂ ਤੇ ਜੜੀਆਂ-ਬੂਟੀਆਂ ਹਵਾ 'ਚ ਉਡ ਜਾਂਦੀਆਂ, ਤੇ ਬੇਚਾਰੇ ਵੈਦ ਨੂੰ ਦਰਸ਼ਕਾਂ ਤੇ ਪੁਲਿਸ ਦੀ ਦਖ਼ਲਅੰਦਾਜ਼ੀ ਮਰੀਜ਼ ਦੇ ਕਹਿਰ ਤੋਂ ਮਸਾਂ ਬਚਾਉਂਦੀ।

ਖੋਤੇ, ਬਕਰੀਆਂ, ਗਊਆਂ, ਸੂਰਾਂ ਜਾਂ ਭੇਡਾਂ ਦੇ "ਝੂਰਨ" ਜਾਂ "ਨਾਮਾਲੂਮ" ਬੀਮਾਰੀਆਂ ਦਾ ਇਲਾਜ਼ ਕਰਨ ਲਈ, ਉਹ ਉਨ੍ਹਾਂ ਦੀਆਂ ਗਰਦਣਾਂ ਦੁਆਲੇ ਸੰਤ ਬਲੇਸ ਦਾ ਪਵਿੱਤਰ ਧਾਗਾ ਜਾਂ ਸੰਤ ਐਂਥੋਨੀ ਦੇ ਚੋਗੇ ਦੀ ਲੀਰ ਬੰਨ੍ਹ ਦਿੰਦਾ ਅਤੇ ਉਨ੍ਹਾਂ ਨੂੰ ਤਹਿ ਮਾਰੀ ਰੋਟੀ ਦਾ ਟੁਕੜਾ ਚਾਰ ਦਿੰਦਾ। ਇਹ ਰੋਟੀ ਸੰਤਾਂ ਦੇ ਦਿਵਸ 'ਤੇ ਮੰਤਰ ਕੇ ਹਰ ਘਰ ਵਿਚ ਰੱਖੀ ਜਾਂਦੀ ਸੀ।

ਇਕ ਵਾਰ ਸਾਡੇ ਇਕ ਗੁਆਂਢੀ ਬਜ਼ੁਰਗ ਬਾਸਕ, ਜੋ ਨਜ਼ਰ ਲੱਗਣ 'ਚ ਬਹੁਤ ਜ਼ਿਆਦਾ ਵਿਸ਼ਵਾਸ ਰੱਖਦਾ ਸੀ, ਦੀ ਗਾਂ ਬੀਮਾਰ ਹੋ ਗਈ। ਉਸ ਨੇ ਐਸੀ ਸਿਆਣੀ ਨੂੰ ਸੱਦਿਆ ਜੋ ਇਹੋ-ਜਹੇ ਟੂਣੇ-ਟਾਮਣ ਜਾਣਦੀ ਸੀ, ਅਤੇ ਉਸਨੇ ਉਨ੍ਹਾਂ ਦੀ ਸ਼ੱਕ 'ਤੇ ਮੋਹਰ ਲਾ ਦਿੱਤੀ। ਗਾਂ ਨੂੰ ਕੀਲਿਆ ਗਿਆ। ਘਰ 'ਚ ਵੈਣ ਪੈਣ ਲੱਗੇ ਤੇ ਪਸ਼ੂ ਦੀ ਦੇਹ 'ਚ ਵੜੀਆਂ ਰੂਹਾਂ ਦਾ ਝਾੜਾਂ ਕਰਨ ਲਈ ਉਪਰਾਲੇ ਕੀਤੇ ਗਏ।

ਜਿਹੜੀ ਸਦਾਬਹਾਰ ਝਾੜੀ ਈਸਟਰ ਤੋਂ ਪਹਿਲੇ ਐਤਵਾਰ ਨੂੰ ਸ਼ੁੱਧ ਕਰਕੇ ਰੱਖੀ ਗਈ ਸੀ ਉਹ ਉਸ ਤਬੇਲੇ 'ਚ ਜਲਾਈ ਗਈ ਜਿੱਥੇ ਪਈ ਗਾਂ ਦਾ ਦਮ ਘੁੱਟ ਰਿਹਾ ਸੀ। ਫਿਰ ਉਨ੍ਹਾਂ ਨੇ ਈਸਟਰ ਤੋਂ ਪਹਿਲੇ ਸ਼ਨੀਵਾਰ ਨੂੰ ਗਿਰਜਾ ਘਰ ਦੇ ਕੁੰਡ 'ਚੋਂ ਲਿਆਂਦੇ ਪਵਿੱਤਰ ਪਾਣੀ ਦਾ ਛਿੱਟਾ ਫਰਸ਼ ਤੇ ਕੰਧਾਂ 'ਤੇ ਦਿੱਤਾ, ਤੇ ਪਸ਼ੂ ਦੇ ਗਲ਼ ਦੁਆਲੇ ਸੰਤ ਐਂਥੋਨੀ ਦੇ ਮੋਢੇ ਦਾ ਕੱਪੜਾ ਬੰਨ੍ਹ ਦਿੱਤਾ। ਇਕ ਖੂੰਜੇ 'ਚ ਇਕ ਖਾਲੀ ਬਕਸੇ ਦੇ ਉੱਪਰ ਉਨ੍ਹਾਂ ਨੇ ਸੰਤ ਪੀਟਰ ਜ਼ਾਰਿਕਵੇ ਦੀ ਮੂਰਤੀ ਰੱਖਕੇ ਇਸ ਦੇ ਮੂਹਰੇ ਦੋ ਮੋਮਬੱਤੀਆਂ ਜਗਾ ਦਿੱਤੀਆਂ। ਹਾਲਾਂਕਿ ਇਹ ਸਪਸ਼ਟ ਸੀ ਕਿ ਇਨ੍ਹਾਂ ਸਾਰੀਆਂ ਰਸਮਾਂ ਦੇ ਬਾਵਜੂਦ ਪਸ਼ੂ ਮਰ ਰਿਹਾ ਸੀ।

ਇਕ ਔਰਤ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਗਾਂ ਦੇ ਕੋਲ ਸੰਤ ਬੈਨੀਡਿਕਟ ਵੱਲੋਂ ਦਰਸਾਏ ਸੰਤਾਂ ਦੇ ਮੰਤਰ ਪੜ੍ਹੇ ਜਾਣ। ਆਖ਼ਿਰ ਇਕ ਗੁਆਂਢੀ ਨੇ ਸਿਆਣੀ ਸਲਾਹ ਦਿੱਤੀ ਕਿ ਇਸ ਤੋਂ ਪਹਿਲਾਂ ਕਿ ਦੇਰ ਹੋ ਜਾਵੇ ਗਾਂ ਦਾ ਮਾਲਕ ਪਸ਼ੂ-ਚਕਿਤਸਕ ਨੂੰ ਸੱਦ ਲਿਆਵੇ। ਮਾਲਕ ਨੇ ਨਾਉਮੀਦੀ ਨਾਲ ਮੋਢੇ ਹਿਲਾਏ:

"ਸਾਡੀ ਗਾਂ ਨੂੰ ਕੁਝ ਕੀਤਾ ਹੋਇਆ ਹੈ। ਪਸ਼ੂ-ਚਕਿਤਸਕ ਇਸ ਦਾ ਕੀ ਕਰ ਸਕਦਾ ਹੈ?" ਉਸ ਨੇ ਉਦਾਸੀ ਨਾਲ ਜਵਾਬ ਦਿੱਤਾ।

"ਮੂਰਖ ਨਾ ਬਣ; ਪਸ਼ੂ-ਚਕਿਤਸਕ ਨੂੰ ਬੁਲਾ ਲੈ। ਗਾਂ ਤੁਹਾਡੇ ਹੱਥੋਂ ਜਾਣ ਵਾਲੀ ਹੈ।"

ਸੋਚ-ਸੋਚਕੇ ਉਸਨੇ ਆਖ਼ਿਰ ਪਸ਼ੂ-ਚਕਿਤਸਕ ਨੂੰ ਸੱਦਣ ਜਾਣ ਦਾ ਫ਼ੈਸਲਾ ਕੀਤਾ। ਇਹ ਚਕਿਤਸਕ ਨੇਕ ਇਰਾਦੇ ਨਾਲ ਕਸਬੇ 'ਚ ਆਇਆ ਸੀ, ਤੇ ਕਿਸਾਨਾਂ ਦੀ ਮਦਦ ਕਰਨੀ ਚਾਹੁੰਦਾ ਸੀ। ਉਸ ਦੇ ਇਰਾਦਿਆਂ ਦਾ ਮੱਥਾ ਅੰਧ-ਵਿਸ਼ਵਾਸ ਅਤੇ ਨੀਮ ਹਕੀਮੀ ਦੀ ਕੰਧ ਨਾਲ ਲੱਗਿਆ ਸੀ, ਪਰ ਉਹ ਡਟਿਆ ਰਿਹਾ, ਤੇ ਹੁਣ ਉਸ ਦੇ ਵਿਚਾਰਾਂ ਦੇ ਵਿਰੋਧ ਦੇ ਤਿੜਕਣ ਦੀ ਸ਼ੁਰੂਆਤ ਹੋਣ ਜਾ ਰਹੀ ਸੀ।

ਜਦੋਂ ਉਹ ਤਬੇਲੇ 'ਚ ਵੜਿਆ ਤਾਂ ਉਸ ਨੇ ਦੇਖਿਆ ਕਿ ਗਾਂ ਪਵਿੱਤਰਤਾ ਦੇ ਊਲ-ਜਲੂਲ 'ਚ ਘਿਰੀ ਹੋਈ ਸੀ, ਉਹ ਥੋੜ੍ਹਾ ਰੁਕਿਆ ਤੇ ਐਸੀ ਸੁਰ 'ਚ ਬੋਲਿਆ ਜੋ ਦਲੀਲਬਾਜ਼ੀ ਨਹੀਂ ਸੀ ਕਰਨਾ ਚਾਹੁੰਦੀ:

"ਜਾਂ ਤਾਂ ਸੰਤ ਐਂਥੋਨੀ ਰਹੇਗਾ ਜਾਂ ਮੈਂ ਰਹਾਂਗਾ। ਚੋਣ ਕਰ ਲਵੋ। ਮੈਂ ਤੁਹਾਡੀਆਂ ਚਲਾਕੀਆਂ ਜਾਣਦਾ ਹਾਂ। ਜੇ ਗਾਂ ਰਾਜ਼ੀ ਹੋ ਗਈ, ਤੁਸੀਂ ਕਹੋਗੇ ਸੰਤ ਨੇ ਕਰ ਦਿੱਤੀ। ਜੇ ਇਹ ਮਰ ਗਈ, ਤੁਸੀਂ ਦੋਸ਼ ਚਕਿਤਸਕ ਨੂੰ ਦਿਓਗੇ।"

ਪਿੱਛੇ ਵੱਲ ਮੁੜਦਿਆਂ ਉਹ ਸਾਬਤ ਕਦਮੀ ਦਰਵਾਜ਼ੇ ਵੱਲ ਤੁਰ ਪਿਆ। ਗਾਂ ਦੇ ਮਾਲਕ ਸੁੰਨ ਹੋ ਗਏ। ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗਦਾ ਕਿ ਕੀ ਕਹਿਣ, ਤੇ ਉਨ੍ਹਾਂ ਨੇ ਤਾਂ ਥਾਂ ਤੋਂ ਹਿੱਲਣ ਦੀ ਵੀ ਹਿੰਮਤ ਨਾ ਕੀਤੀ। ਉਹ ਜੱਕੋਤੱਕੀ 'ਚ ਇਕ ਦੂਜੇ ਵੱਲ ਝਾਕਣ ਲੱਗੇ ਇਸ ਉਡੀਕ 'ਚ ਕਿ ਕੋਈ ਹੋਰ ਵਿਅਕਤੀ ਕੁਝ ਕਰੇ। ਪਰ ਐਸੇ ਨਾਜ਼ੁਕ ਫੈਸਲੇ 'ਚ ਪਹਿਲ ਕੌਣ ਕਰੇ? ਤਮਾਮ ਪਸ਼ੂਆਂ ਦਾ ਰਖਵਾਲਾ ਮੰਨੇ ਜਾਂਦੇ ਸੰਤ ਦੀ ਖਿਲਾਫ਼ ਵਰਜੀ ਕਰਨਾ ਕੋਈ ਛੋਟੀ ਗੱਲ ਨਹੀਂ ਸੀ।

ਆਦਮੀ ਪ੍ਰੇਸ਼ਾਨ ਹੋ ਕੇ ਬਾਸਕ ਟੋਪੀ ਆਪਣੇ ਹੱਥਾਂ 'ਚ ਮਰੋੜਣ ਲੱਗਿਆ, ਜਦਕਿ ਅੱਖਾਂ 'ਚ ਹੰਝੂ ਭਰੀ ਉਸਦੀ ਘਰਵਾਲੀ, ਆਪਣੇ ਘਰ ਵਾਲੇ ਵਾਂਗ ਹੀ, ਸੋਚਦੀ ਪਈ ਸੀ: "ਜੇ ਗਾਂ ਮਰ ਗਈ ਫਿਰ ਕੀ ਬਣੂੰ?"

ਔਰਤ ਦੀ ਭੈਣ ਨੇ ਪੀਚਵੀਂ ਗੰਢ ਖੋਹਲ ਦਿੱਤੀ। ਉਸਨੇ ਪਸ਼ੂ ਦੇ ਗਲ ਦੁਆਲੇ ਬੰਨ੍ਹਿਆ ਕੱਪੜਾ ਖਿੱਚਕੇ ਲਾਹ ਦਿੱਤਾ, ਮੋਮਬੱਤੀਆਂ ਬੁਝਾ ਦਿੱਤੀਆਂ, ਸੰਤ ਦੀ ਮੂਰਤੀ ਨੂੰ ਠੁੱਡਾ ਮਾਰਕੇ ਕੂੜੇ 'ਤੇ ਵਗਾਹ ਮਾਰਿਆ ਤੇ ਦ੍ਰਿੜਤਾ ਨਾਲ ਕਹਿਣ ਲੱਗੀ: "ਨਰਕ 'ਚ ਜਾਣ ਅਸ਼ੀਰਵਾਦ! ਗਾਂ ਦਾ ਇਲਾਜ਼ ਕਰੋ।"

ਬੁੱਢਾ ਕਿਸਾਨ ਡਰਕੇ ਹਟਕੋਰੇ ਲੈਣ ਲੱਗਿਆ, ਪਰ ਜਦੋਂ ਉਸਨੇ ਦੇਖਿਆ ਕਿ ਕੋਈ ਆਫ਼ਤ ਨਹੀਂ ਆਈ, ਉਹ ਇਕਦਮ ਸੰਭਲ ਗਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੇ ਸਿਰ ਤੋਂ ਭਾਰੀ ਬੋਝ ਲਹਿ ਗਿਆ ਹੋਵੇ। "ਕੁਝ ਵੀ ਹੋਵੇ", ਉਹ ਸੋਚਣ ਲੱਗਿਆ, "ਸੰਤ ਨੂੰ ਘਰ 'ਚੋਂ ਬਾਹਰ ਸੁੱਟਣ ਵਾਲਾ ਮੈਂ ਨਹੀਂ ਹਾਂ। ਤੇ ਮੇਰੀ ਸਾਲੀ ਦਾ ਆਪਣਾ ਕੋਈ ਪਸ਼ੂ ਨਹੀਂ ਹੈ।"

ਪਸ਼ੂ-ਚਕਿਤਸਕ ਨੇ ਪਸ਼ੂ ਦਾ ਇਲਾਜ਼ ਕਰ ਦਿੱਤਾ, ਤੇ ਕੁਝ ਹਫ਼ਤੇ ਬਾਦ ਬਾਸਕ ਕਿਸਾਨ ਤੇ ਉਸ ਦੀ ਪਤਨੀ ਉਸ ਦਾ ਦਰਵਾਜ਼ਾ ਖੜਕਾ ਰਹੇ ਸਨ। ਉਹ ਉਸਦੀ ਫੀਸ ਦੇਣ ਅਤੇ ਉਸ ਨੂੰ ਇਹ ਕਹਿਣ ਆਏ ਸਨ ਕਿ ਉਨ੍ਹਾਂ ਦੇ ਪਸ਼ੂ ਬੀਮਾਰ ਹੋਣ ਦੀ ਸੂਰਤ 'ਚ ਹੋਰਨਾਂ ਦੇ ਵਾਂਗ ਉਨ੍ਹਾਂ ਨਾਲ ਵੀ ਇਲਾਜ਼ ਕਰਨ ਦੀ ਗੱਲ ਮੁਕਾ ਲਵੇ। ਗਾਂ, ਜੋ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਦੌਲਤ ਸੀ, ਨੂੰ ਬਚਾਉਣ ਲਈ ਸ਼ੁਕਰੀਆ ਅਦਾ ਕਰਨ ਵਾਸਤੇ ਉਹ ਆਪਣੇ ਨਾਲ ਮੁਰਗਿਆਂ ਦਾ ਜੋੜਾ ਤੇ ਟੋਕਰੀ ਸੇਬਾਂ ਦੀ ਤੋਹਫਾ ਵੀ ਲਿਆਏ ਸਨ।

[5]
# .ਫੌਜ ਸੜਕਾਂ 'ਤੇ

1903 ਦਾ ਵਰ੍ਹਾ ਮੇਰੇ ਧੁੰਦਲੇ ਚੇਤਿਆਂ 'ਚ ਪਹਾੜ ਦੀ ਉੱਭਰਵੀਂ ਟੀਸੀ ਵਾਂਗ ਸਾਫ਼ ਉੱਭਰਿਆ ਹੋਇਆ ਹੈ ਜਿਸ ਨੂੰ ਨਾ ਤਾਂ ਵਕਤ ਧੁੰਦਲਾ ਕਰ ਸਕਿਆ ਜਾਂ ਤੋੜ-ਮਰੋੜ ਸਕਿਆ ਤੇ ਨਾ ਹੀ ਇਸ ਪਿੱਛੋਂ ਹੋਣ ਵਾਲੀਆਂ ਘਟਨਾਵਾਂ।

ਮੇਰੇ ਬਚਪਨ ਦੀਆਂ ਯਾਦਾਂ ਦਾ ਆਗਾਜ਼ ਇਸੇ ਵਰ੍ਹੇ ਤੋਂ ਹੁੰਦਾ ਹੈ, ਤੇ ਤਕਰੀਬਨ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਨ੍ਹਾਂ ਖ਼ਾਸ ਘਟਨਾਵਾਂ ਤੋਂ ਜਾਗਰੂਕ ਹੋਈ ਸੁਚੇਤ ਜ਼ਿੰਦਗੀ ਦਾ ਆਰੰਭ ਸੀ ਜਿਨ੍ਹਾਂ ਨੂੰ ਮੈਂ ਖ਼ੌਫ਼ਨਾਕ ਹੈਰਾਨੀ ਨਾਲ ਓਦੋਂ ਤੱਕਦੀ ਹੁੰਦੀ ਸੀ ਜਦੋਂ ਮੈਂ ਹਾਲੇ ਅੱਠ ਸਾਲ ਦੀ ਵੀ ਨਹੀਂ ਸੀ ਹੋਈ।

ਸਾਡੇ ਖੇਤਰ ਅੰਦਰ ਖਾਣ ਮਜ਼ਦੂਰਾਂ ਨੇ 1903 ਦੀ ਬਸੰਤ 'ਚ ਨਵੀਂ ਆਮ ਹੜਤਾਲ ਦਾ ਸੱਦਾ ਦਿੱਤਾ ਸੀ। ਕਾਰਵਾਈ ਤੇ ਅਗਵਾਈ ਦਾ ਕੇਂਦਰ ਉਹੀ ਕਸਬਾ ਸੀ ਜਿੱਥੇ ਮੇਰਾ ਜਨਮ ਹੋਇਆ ਸੀ, ਇਹ ਉਸੇ ਜ਼ਿਲ੍ਹੇ 'ਚ ਸੀ ਜਿੱਥੇ ਮੈਂ ਆਪਣੇ ਮਾਪਿਆਂ ਦੇ ਨਾਲ ਰਹਿੰਦੀ ਸੀ ਤੇ ਜਿੱਥੇ ਯੂਨੀਅਨ ਦਾ ਭਵਨ ਸੀ।

ਇਹ ਤੀਜੀ ਆਮ ਹੜਤਾਲ ਸੀ, ਇਸ ਦੀ ਮਹੱਤਤਾ 1890 'ਚ ਹੋਈ ਹੜਤਾਲ ਜਿੰਨੀ ਹੀ ਸੀ। ਇਸ ਦਾ ਦੂਜਾ ਮਹੀਨਾ ਜਾ ਰਿਹਾ ਸੀ, ਤੇ ਖਾਣ ਮਾਲਕਾਂ ਦੀ ਜ਼ਿਦ ਕਾਰਨ ਹੱਲ ਦੀ ਕੋਈ ਸੰਭਾਵਨਾ ਨਹੀਂ ਸੀ। ਇਸ ਤੱਥ ਦੇ ਬਾਵਜੂਦ ਕਿ ਮਜ਼ਦੂਰਾਂ ਦੀਆਂ ਮੰਗਾਂ ਬੇਹੱਦ ਜਾਇਜ਼ ਸਨ, ਫਿਰ ਵੀ ਹੜਤਾਲੀਆਂ ਤੇ ਹਥਿਆਰਬੰਦ ਤਾਕਤਾਂ ਵਿਚਕਾਰ ਅਨੇਕਾਂ ਝੜਪਾਂ 'ਚ ਪਹਿਲਾਂ ਹੀ ਲਹੂ ਡੁੱਲ੍ਹ ਚੁੱਕਿਆ ਸੀ। ਕਈ ਥਾਈਂ ਨਾਕੇ ਲਗਾ ਦਿੱਤੇ ਗਏ ਸਨ।

ਸਪੇਨੀ ਮਜ਼ਦੂਰ ਜਮਾਤ ਦੀ ਇਕਮੁੱਠਤਾ ਦਾ ਪਤਾ ਉਸ ਸਹਾਇਤਾ ਤੋਂ ਲੱਗ ਰਿਹਾ ਸੀ ਜੋ ਖਾਣ ਮਜ਼ਦੂਰਾਂ ਨੂੰ ਹਾਸਲ ਹੋਈ ਸੀ। ਕੁਝ ਸਹਾਇਤਾ ਮੱਧ ਵਰਗੀ ਲੋਕਾਂ ਵੱਲੋਂ ਵੀ ਆਈ ਸੀ ਜੋ ਮਾਲਕਾਂ ਦੇ ਬੇਰਹਿਮ ਤੇ ਬੇਤੁਕੇ ਰਵੱਈਏ ਤੋਂ ਖ਼ਫ਼ਾ ਸਨ।

ਹੜਤਾਲ ਦੇ ਸਮੇਂ ਉਦਯੋਗਿਕ ਖੇਤਰ ਦੇ ਮਜ਼ਦੂਰਾਂ, ਦਫ਼ਤਰੀ ਮੁਲਾਜ਼ਮਾਂ ਤੇ ਛੋਟੇ ਕਾਰੋਬਾਰੀਆਂ ਦੇ ਪਰਿਵਾਰ ਖਾਣ ਮਜ਼ਦੂਰਾਂ ਦੇ ਬੱਚਿਆਂ ਨੂੰ ਆਪਣੇ ਘਰਾਂ 'ਚ ਲੈ ਗਏ। ਖਾਣ ਮਜ਼ਦੂਰ ਆਪਣੇ ਬੱਚਿਆਂ ਨੂੰ ਅੱਖਾਂ ਤੋਂ ਦੂਰ ਭੇਜਣ ਤੋਂ ਝਿਜਕਦੇ ਸਨ, ਪਰ ਲੰਮੀ ਹੜਤਾਲ ਦੀ ਮੰਦਹਾਲੀ ਤੋਂ ਬੱਚਿਆਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਇੰਜ ਕਰਨਾ ਪੈ ਗਿਆ। ਹੜਤਾਲ ਨੂੰ ਉਹ ਓਦੋਂ ਤੱਕ ਜਾਰੀ ਰੱਖਣ ਲਈ ਤਿਆਰ ਸਨ ਜਦੋਂ ਤੱਕ ਮੰਗਾਂ ਪੂਰੀਆਂ ਨਾ ਹੋ ਜਾਣ।

ਗਰਮੀ ਲੰਘਦੀ ਜਾ ਰਹੀ ਸੀ ਤੇ ਇਸ ਦੇ ਨਾਲ ਹੀ ਕੱਚੀ ਧਾਤ ਸਮੁੰਦਰੀ ਜਹਾਜ਼ਾਂ 'ਚ ਭੇਜਣ ਦਾ ਸਭ ਤੋਂ ਢੁਕਵਾਂ ਮੌਸਮ ਵੀ ਲੰਘਦਾ ਜਾ ਰਿਹਾ ਸੀ। ਨਰਮ ਪੈਣ ਦੇ ਕੁਝ ਸੰਕੇਤ ਮਾਲਕਾਂ ਦੀ ਸਭਾ 'ਚ ਦਿਖਾਈ ਦੇਣ ਲੱਗੇ ਸਨ, ਤਾਂ ਜੋ ਕੱਚੀ ਧਾਤ ਬਰਾਮਦ ਕਰਨ ਲਈ ਸਭ ਤੋਂ ਢੁਕਵੇਂ ਮੌਸਮ ਦੇ ਬਾਕੀ ਹਫ਼ਤਿਆਂ ਦਾ ਲਾਹਾ ਲੈ ਲਿਆ ਜਾਵੇ, ਪਰ ਬਹੁਤੇ ਅੜੀਅਲ ਵਿਅਕਤੀਆਂ ਨੇ ਟਕਰਾਅ ਨੂੰ ਸਮੇਂ ਸਿਰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ 'ਚ ਆਖ਼ਰੀ ਦਾਅ ਵਰਤਣ ਦਾ ਫ਼ੈਸਲਾ ਕਰ ਲਿਆ।

ਪਹਿਲੀ ਚਾਲ ਉਨ੍ਹਾਂ ਨੇ ਇਹ ਖੇਡ੍ਹੀ ਕਿ ਦਫ਼ਤਰੀ ਕਾਮਿਆਂ, ਜਿਨ੍ਹਾਂ ਨੂੰ ਹੜਤਾਲੀਆਂ ਦੇ ਨਾਲੋਂ ਬਿਹਤਰ ਤਨਖ਼ਾਹ ਦਿੱਤੀ ਜਾਂਦੀ ਸੀ, ਕੋਲੋਂ ਗੱਡੀਆਂ ਚਲਵਾਕੇ ਖਾਣ ਮਜ਼ਦੂਰਾਂ ਦੇ ਟਾਕਰੇ ਨੂੰ ਸੱਟ ਮਾਰਨ ਦਾ ਯਤਨ ਕੀਤਾ ਗਿਆ, ਜਿਹੜੀਆਂ ਕੱਚੀ ਧਾਤ ਨੂੰ ਬੰਦਰਗਾਹ ਤੱਕ ਢੋਂਹਦੀਆਂ ਸਨ। ਇਹ ਕੋਸ਼ਿਸ਼ ਅਸਫ਼ਲ ਰਹੀ ਕਿਉਂਕਿ ਮਜ਼ਦੂਰਾਂ ਦੀਆਂ ਪਤਨੀਆਂ ਆਪਣੇ ਬੱਚਿਆਂ ਨੂੰ ਬਾਹਾਂ 'ਚ ਲੈ ਕੇ ਇੰਜਣਾਂ ਮੂਹਰੇ ਲਾਈਨਾਂ 'ਤੇ ਲੰਮੀਆਂ ਪੈ ਗਈਆਂ, ਤੇ ਰੇਲ ਗੱਡੀਆਂ ਰੋਕ ਦਿੱਤੀਆਂ ਗਈਆਂ।

ਹੜਤਾਲ ਜਿੰਨੀ ਲੰਮੀ ਹੁੰਦੀ ਗਈ, ਟਕਰਾਅ ਓਨੇ ਹੀ ਹਿੰਸਕ ਹੁੰਦੇ ਗਏ। ਪੂਰੇ ਸਪੇਨ ਦੇ ਮਜ਼ਦੂਰ ਵਿਜ਼ਕਾਇਆ ਦੇ ਖਾਣ ਮਜ਼ਦੂਰਾਂ ਦੇ ਸੰਘਰਸ਼ ਦੀ ਪੈਰਵੀ ਡੂੰਘੀ ਚਿੰਤਾ ਨਾਲ ਕਰ ਰਹੇ ਸਨ ਕਿਉਂਕਿ ਹੜਤਾਲ ਸਿਰਫ਼ ਆਰਥਕ ਮੰਗਾਂ ਦਾ ਮਾਮਲਾ ਬਿਲਕੁਲ ਨਹੀਂ ਸੀ, ਜਿਵੇਂ ਹਫ਼ਤਾਵਾਰ ਤਨਖ਼ਾਹ ਦਾ ਅਸੂਲ ਲਾਗੂ ਕਰਾਉਣ ਤੇ ਕੰਪਨੀ ਦੇ ਸਟੋਰ (ਜਨਰਲ ਲੋਮਾ ਦੀ ਕੋਸ਼ਿਸ਼ ਦੇ ਬਾਵਜੂਦ ਇਹ ਬਰਕਰਾਰ ਸਨ) ਖ਼ਤਮ ਕਰਨ ਦੀਆਂ ਮੰਗਾਂ ਸਨ। ਮਜ਼ਦੂਰਾਂ ਦੀ ਆਪਣੀ ਜਥੇਬੰਦੀ ਹੋਵੇ ਤੇ ਇਨ੍ਹਾਂ ਜਥੇਬੰਦੀਆਂ ਨੂੰ ਮਾਲਕ ਮਾਨਤਾ ਦੇਣ, ਇਹ ਹੱਕ ਪ੍ਰਮੁੱਖ ਮੁੱਦਾ ਸਨ। ਯੂਨੀਅਨਾਂ ਦੇ ਫੌਰੀ ਭਵਿੱਖ ਲਈ ਇਹ ਸੰਘਰਸ਼ ਫ਼ੈਸਲਾਕੁਨ ਸੀ, ਅਤੇ ਇਹ ਖਾਣਾਂ ਦੇ ਮਾਲਕਾਂ ਤੇ ਠੇਕੇਦਾਰਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਦੇ ਕਾਰਣ ਨੂੰ ਦਰਸਾਉਂਦਾ ਸੀ।

ਇਕ ਦਿਨ ਅਫ਼ਵਾਹ ਫੈਲ ਗਈ ਕਿ ਕੰਪਨੀਆਂ ਨੇ ਮਜ਼ਦੂਰ ਭਰਤੀ ਕਰਨ ਵਾਸਤੇ ਕਾਸਟਾਇਲ ਤੇ ਲਿਓਨ ਨੂੰ ਦਲਾਲ ਭੇਜੇ ਸਨ। ਕਿ ਖਾਣ ਮਜ਼ਦੂਰਾਂ ਨੂੰ ਜਿੰਨੀ ਤਨਖ਼ਾਹ ਮਿਲਦੀ ਸੀ, ਉਨ੍ਹਾਂ ਨੂੰ ਉਸ ਤੋਂ ਦੁੱਗਣੀ ਦਾ ਵਾਅਦਾ ਕਰਕੇ ਲਿਆਂਦਾ ਜਾਣਾ ਸੀ। ਸ਼ੁਰੂ 'ਚ ਲੋਕਾਂ ਨੇ ਇਸ ਉੱਤੇ ਵਿਸ਼ਵਾਸ ਨਾ ਕੀਤਾ; ਫਿਰ ਅਫ਼ਵਾਹ ਵਧੇਰੇ ਠੋਸ ਸ਼ਕਲ ਅਖ਼ਤਿਆਰ ਕਰਨ ਲੱਗੀ। ਕਿਸੇ ਨੇ ਹੜਤਾਲ ਤੋੜੂਆਂ ਦੇ ਆਉਣ ਦੀ ਤਰੀਕ ਤੇ ਰਸਤੇ ਦੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਸੂਬਾਈ ਅਧਿਕਾਰੀਆਂ ਨੇ ਐਲਾਨ ਕਰ ਦਿੱਤਾ ਕਿ ਉਹ "ਕੰਮ ਦੇ ਅਧਿਕਾਰ ਦੀ ਤਾਕਤ ਨਾਲ ਰਾਖੀ ਕਰਨ" ਦੀ ਤਿਆਰੀ 'ਚ ਹਨ।

ਦੂਜੇ ਪਾਸੇ, ਖਾਣ ਮਜ਼ਦੂਰ ਕਿਸੇ ਵੀ ਕੀਮਤ 'ਤੇ ਹੜਤਾਲ ਨੂੰ ਜੇਤੂ ਬਣਾਉਣ ਲਈ ਦ੍ਰਿੜ ਸਨ। ਉਹ ਵੀ ਨਵੀਂ ਚਾਲ ਨੂੰ ਮਾਤ ਦੇਣ ਲਈ ਜ਼ਰੂਰੀ ਚੌਕਸੀ ਤੇ ਹੋਰ ਬੰਨ੍ਹ-ਸੁੱਬ ਕਰਨ ਲੱਗ ਗਏ। ਇਸ ਤਰਾਂ ਉਨ੍ਹਾਂ ਨੂੰ ਐਨ ਉਸ ਵਕਤ ਦੀ ਸਹੀ ਜਾਣਕਾਰੀ ਸੀ ਜਦੋਂ ਕਿਸਾਨਾਂ ਵਰਗੇ ਝੁੰਡ ਨੂੰ ਕਸਬੇ 'ਚ ਲਿਆਕੇ ਕਿਸੇ ਭੀੜੀ ਥਾਂ ਓਦੋਂ ਤੱਕ ਡੱਕ ਕੇ ਰੱਖਿਆ ਜਾਣਾ ਸੀ ਜਦੋਂ ਤੱਕ ਉਨ੍ਹਾਂ ਨੂੰ ਕੰਮ 'ਤੇ ਲਿਜਾਣ ਦਾ ਸਮਾਂ ਨਹੀਂ ਆ ਜਾਂਦਾ। ਦੋਵਾਂ ਧਿਰਾਂ ਨੇ ਸਖ਼ਤ ਲੜਾਈ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਹੜਤਾਲ-ਤੋੜੂ ਅਜਿਹੇ ਇਕੱਲੇ ਨਹੀਂ ਸਨ ਜਿਨ੍ਹਾਂ ਨੂੰ ਖਾਣ ਦੇ ਖੇਤਰ 'ਚ ਹੁਣੇ ਲਿਆਂਦਾ ਗਿਆ ਸੀ। ਪੈਦਲ ਫ਼ੌਜ ਦੀ ਇਕ ਟੁਕੜੀ ਸਵੇਰੇ ਸਾਝਰੇ ਲਿਆਂਦੀ ਗਈ ਤਾਂ ਕਿ ਸੜਕ 'ਤੇ ਉਨ੍ਹਾਂ ਦੀ ਅਚਾਨਕ ਆਮਦ ਦਾ ਵੱਧ ਤੋਂ ਵੱਧ ਪ੍ਰਭਾਵ ਪਵੇ। ਸਰਕਾਰ ਨੇ ਉਨ੍ਹਾਂ ਨੂੰ "ਕੰਮ ਦੇ ਅਧਿਕਾਰ ਨੂੰ ਯਕੀਨੀ ਬਣਾਉਣ" ਲਈ ਭੇਜਿਆ। ਉਸ ਰਾਤ ਪੂਰੇ ਖਾਣ ਖੇਤਰ ਨੂੰ ਇਹ ਪਤਾ ਲੱਗ ਚੁੱਕਿਆ ਸੀ ਕਿ ਫ਼ੌਜੀ ਦਸਤਿਆਂ ਦੀ ਵਰਤੋਂ ਹੜਤਾਲੀਆਂ ਦੇ ਵਿਰੁੱਧ ਕੀਤੀ ਜਾਵੇਗੀ।

ਅਗਲੀ ਸਵੇਰ ਢੋਲਾਂ ਦੀ ਆਵਾਜ਼ ਨੇ ਸਮੁੱਚੇ ਕਸਬੇ 'ਚ ਹਲਚਲ ਪੈਦਾ ਕਰ ਦਿੱਤੀ। ਇਕ ਅਫ਼ਸਰ ਫ਼ੌਜੀਆਂ ਦਾ ਇਕ ਦਸਤਾ ਲੈ ਕੇ ਮਜ਼ਦੂਰਾਂ ਦੇ ਪ੍ਰਮੁੱਖ ਇਲਾਕਿਆਂ ਵਿਚੋਂ ਲੰਘਦਾ ਗਿਆ। ਉਹ ਫ਼ੌਜੀ ਗਵਰਨਰ ਦਾ ਇਕ ਫੁਰਮਾਨ ਪੜ੍ਹਕੇ ਦੱਸ ਰਿਹਾ ਸੀ ਜਿਸ ਰਾਹੀਂ ਸੂਬੇ 'ਚ

ਜੰਗੀ ਹਾਲਤ ਐਲਾਨ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਜਾ ਰਹੀ ਸੀ।ਐਲਾਨ ਦਾ ਇਸ਼ਤਿਹਾਰ ਕਈ ਥਾਵਾਂ ਉੱਤੇ ਲਾ ਵੀ ਦਿੱਤਾ ਗਿਆ। ਇਹ ਮੀਟਿੰਗਾਂ 'ਤੇ ਰੋਕ ਲਾਉਂਦਾ ਸੀ ਅਤੇ ਇਸ 'ਚ ਕਿਹਾ ਗਿਆ ਸੀ ਕਿ "ਕੰਮ ਦੇ ਅਧਿਕਾਰ" 'ਚ ਦਖ਼ਲ ਦੇਣ ਦੇ ਕਿਸੇ ਵੀ ਯਤਨ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਸ 'ਚ ਇਹ ਵੀ ਕਿਹਾ ਗਿਆ ਕਿ ਤਿੰਨ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਬਿਨਾ ਚੇਤਾਵਨੀ ਦੇ ਗੋਲੀ ਚਲਾ ਦਿੱਤੀ ਜਾਵੇਗੀ।

ਜਦੋਂ ਮਜ਼ਦੂਰਾਂ ਨੂੰ ਸਰਕਾਰੀ ਕਦਮਾਂ ਦੀ ਇਤਲਾਹ ਮਿਲੀ ਤਾਂ ਗੁੱਸੇ ਨਾਲ ਉਨ੍ਹਾਂ ਦੀਆਂ ਮੁੱਠੀਆਂ ਮੀਟੀਆਂ ਗਈਆਂ।"ਹਰਾਮਜ਼ਾਦੇ! ਫਿਰ 1890 ਵਾਂਗ!" ਇਹ ਸੀ ਉਨ੍ਹਾਂ ਦੀ ਟਿੱਪਣੀ। "ਸੋ ਉਹ ਦੰਦ ਦਿਖਾ ਰਹੇ ਹਨ? ਦੇਖਾਂਗੇ ਕਿਸਦੇ ਤਿੱਖੇ ਨੇ!"

ਉਸ ਰਾਤ ਬਹੁਤੇ ਸਰਗਰਮ ਸਮਾਜਵਾਦੀ ਮਜ਼ਦੂਰ ਘਰ 'ਚ ਨਹੀਂ ਸੁੱਤੇ। ਇਹ ਪੁਲਿਸ ਦਾ ਛਾਪਾ ਪੈਣ 'ਤੇ ਗ੍ਰਿਫ਼ਤਾਰੀ ਤੋਂ ਬਚਣ ਲਈ, ਚੌਕਸੀ ਵਜੋਂ ਕੀਤਾ ਗਿਆ।ਔਰਤਾਂ ਵੀ ਯੋਜਨਾਵਾਂ ਬਣਾ ਰਹੀਆਂ ਸਨ। ਉਨ੍ਹਾਂ ਨੇ ਵੀ ਆਪਣੇ ਬੰਦਿਆਂ ਨੂੰ ਗ੍ਰਿਫ਼ਤਾਰ ਨਾ ਹੋਣ ਦੇਣ ਦੀ ਧਾਰ ਲਈ ਸੀ। ਸੋ ਫ਼ੈਸਲਾ ਹੋ ਗਿਆ ਕਿ ਜੇ ਹੜਤਾਲ ਤੋੜੂਆਂ ਨੂੰ ਵਰਤਿਆ ਗਿਆ, ਤਾਂ ਉਨ੍ਹਾਂ ਦੇ ਖਾਣ ਤੱਕ ਪਹੁੰਚਣ ਤੋਂ ਪਹਿਲਾਂ ਹੀ ਕਈਆਂ ਦੇ ਸਿਰ ਭੰਨ ਦਿੱਤੇ ਜਾਣ ।

ਖਾਣ ਮਜ਼ਦੂਰਾਂ ਦੀਆਂ ਕੁਝ ਟੋਲੀਆਂ ਖਾਣਾਂ ਤੋਂ ਉਤਾਂਹ ਪਹਾੜੀ ਢਲਾਣਾਂ ਉੱਪਰ ਉੱਚੇ-ਨੀਵੇਂ ਧਰਾਤਲ 'ਚ ਲੁਕ ਕੇ ਬੈਠ ਗਈਆਂ, ਕਾਰਵਾਈ ਕਰਨ ਲਈ ਤਿਆਰ-ਬਰ-ਤਿਆਰ।

ਖਾਣਾਂ 'ਚ ਵੱਸਦੇ ਪਰਿਵਾਰ ਪਹੁ-ਫੁਟਾਲੇ ਸਮੇਂ ਉੱਠਣ ਦੇ ਆਦੀ ਸਨ। ਉਸ ਦਿਨ ਹਰ ਕੋਈ ਲੋਅ ਹੋਣ ਤੋਂ ਪਹਿਲਾਂ ਹੀ ਉੱਠਿਆ ਹੋਇਆ ਸੀ, ਪਰ ਜਦੋਂ ਉਨ੍ਹਾਂ ਦੀ ਨਿਗਾਹ ਸੜਕਾਂ 'ਤੇ ਪਈ ਤਾਂ ਉਨ੍ਹਾਂ ਦੇ ਦਿਲਾਂ ਨੂੰ ਡੋਬੂ ਪੈਣ ਲੱਗੇ। ਉੱਥੇ ਤਾਂ ਫ਼ੌਜੀ ਸਨ। ਤੇ ਉਹ ਵੀ ਸਾਧਾਰਣ ਫ਼ੌਜੀ ਨਹੀਂ ਸਨ, ਉਨ੍ਹਾਂ ਵਰਗੇ ਨਹੀਂ ਜਿਹੜੇ ਕਿਊਬਾ ਦੀ ਜੰਗ ਤੋਂ ਵਾਪਸ ਮੁੜ ਰਹੇ ਹੁੰਦੇ, ਬੀਮਾਰ ਤੇ ਧੁੱਪ ਦੇ ਲੂਹੇ, ਧਾਰੀਦਾਰ ਸੂਤੀ ਕੱਪੜੇ ਤੇ ਤੀਲਿਆਂ ਦੇ ਟੋਪ ਪਹਿਨੇ ਹੋਏ। ਇਹ ਤਾਂ ਪੇਸ਼ੇਵਰ ਫ਼ੌਜੀ ਸਨ, ਜਿਹੋ ਜਹੇ ਤੁਸੀਂ ਤਸਵੀਰਾਂ 'ਚ ਦੇਖਦੇ ਹੋ, ਜਿਨ੍ਹਾਂ ਦੀਆਂ ਨੀਲੀਆਂ ਵਰਦੀਆਂ ਦੀਆਂ ਪੈਂਟਾਂ ਦੀ ਬਾਹਰਲੀ ਕਿਨਾਰੀ 'ਤੇ ਲਾਲ ਧਾਰੀਆਂ ਹੁੰਦੀਆਂ ਹਨ ਤੇ ਸਿਰਾਂ ਉੱਤੇ ਮੋਮਜਾਮੇ ਦੇ ਲੰਮੇ ਟੋਪ, ਠੋਡੀਆਂ ਦੇ ਹੇਠਾਂ ਬੱਧਰੀਆਂ ਵਾਲੇ।

ਇਸ ਪ੍ਰਭਾਵ ਨੂੰ ਸਭ ਤੋਂ ਪਹਿਲਾਂ ਬੱਚਿਆਂ ਨੇ ਤੋੜਿਆ। ਅਸੀਂ ਭੱਜਕੇ ਸੜਕਾਂ 'ਤੇ ਆ ਗਏ ਅਤੇ ਫ਼ੌਜੀਆਂ ਨੂੰ ਉੱਪਰੋਂ, ਹੇਠਾਂ ਤੇ ਸਾਰੇ ਪਾਸਿਆਂ ਤੋਂ ਦੇਖਣ ਲੱਗੇ। ਉਹ ਬੇਹਰਕਤ ਸਨ, ਰਾਈਫਲਾਂ ਉੱਤੇ ਝੁਕੇ ਹੋਏ ਹਾਵ-ਭਾਵ ਰਹਿਤ ਚਿਹਰਿਆਂ ਵਾਲੇ। ਉਹ ਕੀ ਸੋਚਦੇ ਹੋਣਗੇ?

ਫਿਰ ਅਸੀਂ ਸਾਡੇ ਇਲਾਕੇ ਨੂੰ ਖਾਣ ਨਾਲ ਜੋੜਨ ਵਾਲੇ ਪੁਲ ਤੋਂ ਇਹ ਦੇਖਣ ਚਲੇ ਗਏ ਕਿ ਕੀ ਹੋ ਰਿਹਾ ਸੀ। ਉੱਥੋਂ ਦਾ ਦ੍ਰਿਸ਼ ਭਿਆਨਕ ਸੀ। ਫ਼ੌਜੀ ਤੇ ਸਿਵਲ ਗਾਰਡ ਅਤੇ ਹੋਰ ਹਥਿਆਰਬੰਦ ਗਾਰਡ ਹਰ ਥਾਂ ਮੌਜੂਦ ਸਨ। ਫ਼ੌਜੀਆਂ ਨੂੰ ਸਖ਼ਤ ਹਦਾਇਤ ਸੀ ਕਿ ਕਿਸੇ ਨੂੰ ਸੜਕ ਤੋਂ ਲੰਘਣ ਨਾ ਦਿੱਤਾ ਜਾਵੇ।

ਰਾਤ ਨੂੰ ਔਰਤਾਂ ਨੇ ਜਿਹੜੀਆਂ ਯੋਜਨਾਵਾਂ ਘੜੀਆਂ ਸਨ, ਉਨ੍ਹਾਂ ਦੀ ਸੋਚ ਸੀ ਕਿ ਸਿਰਫ਼ ਹੜਤਾਲ ਤੋੜੂਆਂ ਜਾਂ ਸਿਵਲ ਗਾਰਡਾਂ ਨਾਲ ਹੀ ਨਜਿੱਠਣਾ ਪਵੇਗਾ, ਇਹ ਓਦੋਂ ਗੜਬੜਾ ਗਈਆਂ ਜਦੋਂ ਉਨ੍ਹਾਂ ਨੇ ਦੇਖਿਆ ਕਿ ਸੜਕਾਂ ਉੱਪਰ ਤਾਂ ਫ਼ੌਜੀਆਂ ਦਾ ਪਹਿਰਾ ਸੀ। ਪਲ ਕੁ ਵਾਸਤੇ ਉਹ ਝਿਜਕੀਆਂ। ਉਹ ਫ਼ੌਜੀਆਂ ਨੂੰ ਉਵੇਂ ਨਫ਼ਰਤ ਨਹੀਂ ਸੀ ਕਰਦੀਆਂ ਜਿਵੇਂ ਸਿਵਲ ਗਾਰਡਾਂ ਨੂੰ ਕਰਦੀਆਂ ਸਨ।

"ਸੁਣੋ। ਆਪਾਂ ਫ਼ੌਜੀਆਂ ਨੂੰ 'ਕੱਲੇ ਛੱਡ ਦੇਈਏ। ਉਨ੍ਹਾਂ ਨੂੰ ਨਾ ਸਤਾਈਏ। ਪਰ ਰੱਬ ਹੜਤਾਲ ਤੋੜੂਆਂ ਨੂੰ ਸੁਮੱਤ ਬਖਸ਼ੇ। ਉਨ੍ਹਾਂ ਨੂੰ ਤਾਂ ਅਸੀਂ ਚੀਰਕੇ ਰੱਖ ਦਿਆਂਗੀਆਂ!"

ਔਰਤਾਂ ਸਹਿਮਤ ਹੋ ਗਈਆਂ। ਫਿਰ ਹਰ ਕਿਸੇ ਨੇ ਯੋਜਨਾ ਅਨੁਸਾਰ, ਬੰਦ ਖਿੜਕੀਆਂ ਤੇ ਛੱਜਿਆਂ ਦੇ ਪਿੱਛੇ ਮੋਰਚੇ ਮੱਲ ਲਏ। ਇਹ ਤਕਰੀਬਨ ਵਕਤ ਸਿਰ ਹੋ ਗਿਆ। ਫਿਰ ਬੱਚਿਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਉਹ ਆ ਰਹੇ ਹਨ, ਉਹ ਆ ਰਹੇ ਹਨ!"

ਜਦੋਂ ਹੜਤਾਲ ਤੋੜੂਆਂ ਦੀ ਪਹਿਲੀ ਟੋਲੀ ਇਲਾਕੇ 'ਚ ਦਾਖ਼ਲ ਹੋਈ, ਖਿੜਕੀਆਂ ਤੇ ਛੱਜੇ ਜ਼ੋਰ ਨਾਲ ਖੁੱਲ੍ਹ ਗਏ ਅਤੇ ਜਿਉਂ ਹੀ ਉਹ ਸਿਵਲ ਗਾਰਡਾਂ ਦੇ ਪਹਿਰੇ ਹੇਠ, ਸਿਰ ਝੁਕਾਈ, ਖਾਣ ਵਲ ਵਧੇ ਉਨ੍ਹਾਂ ਉੱਪਰ ਫਿਟਕਾਰਾਂ ਦੀ ਬੌਛਾੜ ਹੋਣ ਲੱਗੀ।

"ਹੜਤਾਲ ਤੋੜੂਓ! ਟੋਡੀਓ! ਬੁਜ਼ਦਿਲੋ!"

ਇਕ ਛੋਟੀ ਉਮਰ ਦੇ ਤੇ ਹੋਰਨਾਂ ਤੋਂ ਵੱਧ ਨਿਡਰ ਹੜਤਾਲ ਤੋੜੂ ਨੇ ਔਰਤਾਂ ਵੱਲ ਅਸ਼ਲੀਲ ਇਸ਼ਾਰਾ ਕੀਤਾ। ਉਸ ਨੂੰ ਦੁਹਰਾਉਣ ਦਾ ਮੌਕਾ ਨਹੀਂ ਮਿਲਿਆ। ਉਸਦੇ ਤੇ ਉਸਦੇ ਸਾਥੀਆਂ ਉੱਪਰ ਪੱਥਰ ਵਰ੍ਹਨ ਲੱਗੇ।

ਸਿਵਲ ਗਾਰਡਾਂ ਨੇ ਬੰਦੂਕਾਂ ਤਾਣ ਲਈਆਂ, ਅਤੇ ਔਰਤਾਂ ਛੱਜਿਆਂ ਤੋਂ ਪਿੱਛੇ ਹੱਟਕੇ ਭੱਜਕੇ ਸੜਕਾਂ 'ਤੇ ਆ ਗਈਆਂ। ਫ਼ੌਜੀ ਪੀਲੇ ਭੂਕ ਤੇ ਬੁੱਤ ਬਣੇ ਉਨ੍ਹਾਂ ਵੱਲ ਝਾਕ ਰਹੇ ਸਨ। ਉਹ ਪੱਥਰ ਦੇ ਬੁੱਤ ਜਾਪਦੇ ਸਨ। ਬਾਹਵਾਂ 'ਚ ਬੱਚੇ ਚੁੱਕੀ ਔਰਤਾਂ ਹਰ ਪਾਸਿਉਂ ਆ ਗਈਆਂ।

"ਤੁਸੀਂ ਸਾਡੇ ਬੱਚੇ ਹੋ," ਉਹ ਫ਼ੌਜੀਆਂ ਨੂੰ ਕਹਿਣ ਲੱਗੀਆਂ। "ਤੁਸੀਂ ਸਾਡੇ 'ਤੇ ਗੋਲੀ ਨਹੀਂ ਚਲਾ ਸਕਦੇ। ਅਸੀਂ ਤਾਂ ਆਪਣੀ ਰੋਜ਼ੀ ਦੀ ਰਾਖੀ ਕਰਦੇ ਪਏ ਹਾਂ! ਦੇਖੋ ਸਾਡੀ ਹਾਲਤ ਕੀ ਹੈ?"

ਫ਼ੌਜੀਆਂ ਨੇ ਗੋਲੀ ਨਹੀਂ ਚਲਾਈ ਅਤੇ ਔਰਤਾਂ ਨੇ ਘੇਰਾ ਤੋੜ ਦਿੱਤਾ। ਫ਼ੌਜ ਨੇ ਆਪਣੇ ਦਸਤੇ ਤੁਰੰਤ ਵਾਪਸ ਬੁਲਾ ਲਏ ਕਿਉਂਕਿ ਹਰ ਥਾਂ ਉਹ ਲੋਕਾਂ ਨਾਲ ਸਾਂਝ ਦਿਖਾ ਰਹੇ ਸਨ।

ਬੰਦਿਆਂ ਨੂੰ ਕੰਮ 'ਤੇ ਸੱਦਣ ਵਾਲੀ ਘੰਟੀ ਵੱਜਣ ਲੱਗੀ; ਅਤੇ ਔਰਤਾਂ ਚਿੰਤਤ ਨਿਗਾਹਾਂ ਨਾਲ ਖਾਣ ਵੱਲ ਦੇਖਣ ਲੱਗੀਆਂ। ਉਸ ਥਾਂ 'ਤੇ ਹੜਤਾਲ ਦੀ ਹੋਣੀ ਦਾ ਫ਼ੈਸਲਾ ਹੋਣਾ ਸੀ। ਹਰ ਕੋਈ ਇਕੋ ਗੱਲ ਸੋਚ ਰਿਹਾ ਸੀ : ਕੀ ਉਹ ਹਿੰਮਤ ਕਰਨਗੇ?

ਉਨ੍ਹਾਂ ਨੇ ਹਿੰਮਤ ਕੀਤੀ। ਚਿੱਟੀਆਂ ਕਮੀਜ਼ਾਂ ਪਹਿਨੀਂ ਬੰਦਿਆਂ ਦੀ ਇਕ ਟੋਲੀ ਖਾਣ ਵੱਲ ਵਧ ਰਹੀ ਸੀ। ਇਹ ਰੰਗ ਖਾਣ ਮਜ਼ਦੂਰ ਨਹੀਂ ਸੀ ਪਹਿਨਦੇ ਜਿਸ ਕਰਕੇ ਹੜਤਾਲ ਤੋੜੂ ਬਹੁਤ ਦੂਰੋਂ ਪਛਾਣੇ ਜਾਂਦੇ ਸਨ। ਸਿਵਲ ਗਾਰਡ ਬੰਦੂਕਾਂ ਤਾਣਕੇ ਉਨ੍ਹਾਂ ਤੋਂ ਉਤਾਂਹ ਦੀਆਂ ਚੋਟੀਆਂ ਵੱਲ ਚੌਕਸੀ ਨਾਲ ਝਾਕ ਰਹੇ ਸਨ। ਉਨ੍ਹਾਂ ਦੀ ਸ਼ੱਕ ਸਹੀ ਸੀ, ਖਾਣ ਮਜ਼ਦੂਰ ਉੱਥੇ ਛੁਪੇ ਹੋਏ ਸਨ।

ਸਿਵਲ ਗਾਰਡ ਦੇ ਪਹਿਰੇ ਦੇ ਬਾਵਜੂਦ ਹੜਤਾਲ ਤੋੜੂ ਖਾਣ ਤੱਕ ਨਾ ਪਹੁੰਚ ਸਕੇ। ਚਟਾਨਾਂ 'ਚ ਛੁਪੇ ਹੜਤਾਲੀਆਂ ਨੇ ਡਾਈਨਾਮਾਈਟ ਨੂੰ ਕੁਝ ਪਲੀਤੇ ਲਾ ਦਿੱਤੇ; ਚਟਾਨਾਂ ਉੱਤੇ ਮਿੱਟੀ-ਘੱਟੇ ਦਾ ਗੁਬਾਰ ਉੱਭਰ ਆਇਆ ਤੇ ਭਿਆਨਕ ਕੁਹਰਾਮ ਮੱਚ ਗਿਆ। ਇਸ ਨੇ ਕੰਮ 'ਤੇ ਜਾਣ ਵਾਲਿਆਂ ਦੇ ਦਿਲ ਦਹਿਲਾ ਦਿੱਤੇ।

ਹੜਤਾਲ ਤੋੜੂਆਂ ਨੂੰ ਇਹ ਸਬਕ ਕਦੇ ਨਾ ਭੁੱਲਿਆ। ਉਨ੍ਹਾਂ ਨੇ ਪਹਿਲਾਂ ਕਦੇ ਡਾਇਨਾਮਾਈਟ ਦਾ ਧਮਾਕਾ ਹੁੰਦਾ ਨਹੀਂ ਸੀ ਸੁਣਿਆ; ਅਤੇ ਉਹ ਇਕ ਦੂਜੇ ਨੂੰ ਘਰ ਮੁੜ

ਜਾਣ ਲਈ ਚੀਕਦਿਆਂ ਜਿਸ ਰਸਤਿਉਂ ਆਏ ਸਨ ਉਸੇ ਤੋਂ ਤੁਰੰਤ ਵਾਹੋਦਾਹੀ ਵਾਪਸ ਭੱਜ ਤੁਰੇ।

ਬਿਨਾ ਹਿੱਲੇ ਜੁਲੇ ਸਿਵਲ ਗਾਰਡ ਅਦਿੱਖ ਪਰ ਸਰਗਰਮ ਦੁਸ਼ਮਣ ਉੱਪਰ ਗੋਲੀਆਂ ਚਲਾਉਣ ਲੱਗੇ। ਉਨ੍ਹਾਂ ਦੀਆਂ ਗੋਲੀਆਂ ਬਿਨਾ ਨੁਕਸਾਨ ਕੀਤਿਆਂ ਚਟਾਨਾਂ ਉੱਪਰ ਬੁੜ੍ਹਕਣ ਲੱਗੀਆਂ; ਪਰ ਗਾਰਡਾਂ ਨੇ ਅੱਗੇ ਵਧਣ ਦੀ ਹਿੰਮਤ ਨਾ ਕੀਤੀ। ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦਾ ਸਵਾਗਤ ਵੀ ਹੜਤਾਲ ਤੋੜੂਆਂ ਵਰਗਾ ਹੋਵੇਗਾ।

ਸਾਰੇ ਵਿਵਹਾਰਕ ਉਦੇਸ਼ਾਂ ਪੱਖੋਂ, ਹੜਤਾਲ ਜੇਤੂ ਹੋ ਗਈ ਸੀ। ਪੂਰੇ ਦੇਸ਼ 'ਚ ਜ਼ੋਰਦਾਰ ਮੰਗ ਉੱਠ ਪਈ ਸੀ ਕਿ ਗੱਲਬਾਤ ਤੋਂ ਇਨਕਾਰੀ ਮਾਲਕਾਂ ਦੀ ਅੜੀ ਖਤਮ ਕਰਾਈ ਜਾਵੇ। ਮੈਡਰਿਡ ਦੀ ਸਮਾਜਿਕ ਸੁਧਾਰਾਂ ਲਈ ਸੰਸਥਾ ਦੇ ਵਿਸ਼ੇਸ਼ ਪ੍ਰਤੀਨਿਧੀ ਮੰਡਲ ਨੇ ਮਜ਼ਦੂਰਾਂ ਦੀਆਂ ਮੰਗਾਂ ਦੀ ਪੜਤਾਲ ਕੀਤੀ ਤੇ ਦੇਖਿਆ ਕਿ ਇਹ ਜਾਇਜ਼ ਹਨ। ਅਤੇ ਹਥਿਆਰਬੰਦ ਤਾਕਤਾਂ ਦੇ ਕਮਾਂਡਰ ਜਨਰਲ ਜ਼ੈਪਿਕੋ ਨੇ—1890 'ਚ ਜਨਰਲ ਲੋਮਾ ਦੇ ਕੀਤੇ ਵਾਂਗ—ਮਾਲਕਾਂ ਤੇ ਖਾਣ ਮਜ਼ਦੂਰਾਂ ਵਿਚਕਾਰ ਸਾਲਸੀ ਦੀ ਪੇਸ਼ਕਸ਼ ਕੀਤੀ।

31 ਅਕਤੂਬਰ 1903 ਨੂੰ, ਕਈ ਮਹੀਨਿਆਂ ਦੇ ਸੰਘਰਸ਼ ਤੋਂ ਬਾਦ, ਮਜ਼ਦੂਰਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ। ਸਰਕਾਰ ਦੇ ਮੰਤਰੀ ਨੇ ਸੰਸਦ 'ਚ ਇਕ ਬਿੱਲ ਪੇਸ਼ ਕੀਤਾ ਜਿਸ ਵਿਚ ਖਾਣ ਮਾਲਕਾਂ ਨੂੰ ਕਿਹਾ ਗਿਆ ਕਿ ਮਜ਼ਦੂਰਾਂ ਨੂੰ ਨਗਦ ਤਨਖ਼ਾਹ ਦਿੱਤੀ ਜਾਵੇ ਅਤੇ ਕੰਪਨੀ ਦੇ ਸਟੋਰਾਂ 'ਚੋਂ ਸਮਾਨ ਖਰੀਦਣ ਲਈ ਉਨ੍ਹਾਂ ਨੂੰ ਮਜਬੂਰ ਨਾ ਕੀਤਾ ਜਾਵੇ।

ਖਾਣ ਮਜ਼ਦੂਰ ਜਿੱਤ ਕੇ ਕੰਮ 'ਤੇ ਪਰਤੇ। ਪਰ ਹੜਤਾਲ ਦੇ ਖ਼ਤਮ ਹੋਣ ਦਾ ਅਰਥ ਖਾਣਾਂ 'ਚ ਟਕਰਾਵਾਂ ਦਾ ਖਤਮ ਹੋਣਾ ਨਹੀਂ ਸੀ। ਮਾਲਕ ਆਪਣੇ ਰਵਾਇਤੀ ਦਾਅਪੇਚ ਅਪਣਾਉਂਦੇ ਰਹੇ। ਉਹ ਜਦੋਂ ਮਜਬੂਰ ਹੋ ਜਾਂਦੇ ਤਾਂ ਹੀ ਢੈਲੇ ਪੈਂਦੇ, ਮੌਕਾ ਮਿਲਦੇ ਹੀ ਉਹ ਫਿਰ ਮਜ਼ਦੂਰਾਂ ਨੂੰ ਲੁੱਟ ਦਾ ਸ਼ਿਕਾਰ ਬਣਾਉਂਦੇ, ਅਤੇ ਅਰਸਾਵਾਰ ਮੰਦਵਾੜਿਆਂ ਜਾਂ ਬਰਾਮਦਾਂ ਘਟਣ ਸਮੇਂ ਪਏ ਘਾਟੇ ਉਨ੍ਹਾਂ ਤੋਂ ਪੂਰੇ ਕਰਦੇ।

## [6]
## ਖਾਣ ਮਜ਼ਦੂਰਾਂ ਦੇ ਬੱਚੇ

ਬਾਸਕ ਦੇਸ਼ ਬਾਗ਼ੀਆਂ ਦਾ, ਨਿੱਤ ਦਿਹਾੜੇ ਸੰਘਰਸ਼ਾਂ ਦਾ, ਸਭ ਤੋਂ ਵੱਧ ਪਿਛਾਖੜੀਆਂ ਦਾ, ਮੱਧਯੁਗੀ ਜਨੂੰਨੀਪੁਣੇ ਦਾ ਅਤੇ ਅੰਧ-ਵਿਸ਼ਵਾਸ ਦਾ ਪੰਘੂੜਾ ਸੀ। ਮੇਰੇ ਮਾਪਿਆਂ ਨੇ ਇਨ੍ਹਾਂ ਉੱਚੇ-ਨੀਵੇਂ, ਖਣਿਜ ਭਰਪੂਰ ਚਟਾਨੀ ਪਾੜਾਂ ਵਾਲੇ ਪਹਾੜਾਂ 'ਚ, ਇਸ ਖਾਣ ਘਾਟੀ ਵਿਚ ਰਹਿਕੇ ਮੰਦਹਾਲੀ ਹੰਢਾਈ, ਜਿਸ ਘਾਟੀ ਦਾ ਨੋਕਦਾਰ ਚਿਹਰਾ ਕੈਂਟਾਬਰੀਅਨ ਸਮੁੰਦਰ ਮੂਹਰੇ ਉੱਚਾ ਉੱਠਿਆ ਹੋਇਆ ਹੈ।

ਮੇਰਾ ਜਨਮ 1895 'ਚ ਦਸੰਬਰ ਦੇ ਇਕ ਦਿਨ ਗਾਲਰਟਾ 'ਚ ਹੋਇਆ ਸੀ। ਮੈਂ ਐਨਤੋਨੀਓ ਡੀ ਗੁਨਰ, ਜਿਵੇਂ ਮੇਰੇ ਪਿਤਾ ਨੂੰ ਖਾਣਾਂ 'ਚ ਉਸ ਦੇ ਕੰਮ ਕਾਰਣ ਇਸ ਨਾਂਅ ਨਾਲ ਸੱਦਿਆ ਜਾਂਦਾ ਸੀ, ਦੇ ਗਿਆਰਾਂ ਬੱਚਿਆਂ ਵਿਚੋਂ ਅੱਠਵੇਂ ਥਾਂ ਸੀ।

ਮੇਰੇ ਕੁਲ ਰਿਸ਼ਤੇਦਾਰ, ਕਾਸਟਿਲੀਅਨ ਅਤੇ ਬਾਸਕ, ਖਾਣ ਮਜ਼ਦੂਰ ਸਨ। ਮੇਰੇ ਦਾਦਾ ਦੀ ਮੌਤ, ਕੱਚੀ ਧਾਤ ਦੀ ਇਕ ਸਿਲ ਹੇਠ ਕੁਚਲੇ ਜਾਣ ਨਾਲ ਹੋਈ ਸੀ। ਮੇਰੀ ਮਾਂ ਜਦੋਂ ਤੱਕ ਵਿਆਹੀ ਨਾ ਗਈ ਖਾਣਾਂ 'ਚ ਕੰਮ ਕਰਦੀ ਰਹੀ, ਅਤੇ ਮੇਰਾ ਪਿਉ ਕਾਰਲਸਵਾਦੀ ਫ਼ੌਜ ਤੋਂ 18 ਸਾਲ ਦੀ ਉਮਰੇ ਰੁਖ਼ਸਤ ਹੋਣ ਦੇ ਸਮੇਂ ਤੋਂ ਲੈ ਕੇ 67 ਸਾਲ ਦੀ ਉਮਰੇ ਮਰਨ ਤੱਕ ਖਾਣ ਮਜ਼ਦੂਰ ਰਿਹਾ। ਮੇਰੇ ਭਰਾ ਖਾਣ ਮਜ਼ਦੂਰ ਸਨ ਅਤੇ ਮੇਰਾ ਪਤੀ ਖਾਣ ਮਜ਼ਦੂਰ ਸੀ। ਇਸ ਲਈ ਮੈਂ ਖਾਣਾਂ ਦੇ ਲੋਕਾਂ ਦੀ ਕੁਲ 'ਚੋ ਹਾਂ: ਖਾਣ ਮਜ਼ਦੂਰਾਂ ਦੀ ਪੋਤੀ, ਧੀ, ਪਤਨੀ ਅਤੇ ਭੈਣ। ਖਾਣਾਂ 'ਚ ਵਸਦੇ ਲੋਕਾਂ ਦੀ ਜ਼ਿੰਦਗੀ ਵਿਚਲਾ ਕੁਝ ਵੀ ਮੇਰੇ ਲਈ ਅਜੀਬ ਨਹੀਂ ਹੈ, ਨਾ ਉਨ੍ਹਾਂ ਦੇ ਦੁੱਖ, ਨਾ ਉਨ੍ਹਾਂ ਦੀਆਂ ਇਛਾਵਾਂ, ਤੇ ਨਾ ਉਨ੍ਹਾਂ ਦਾ ਖਰ੍ਹਵਾਪਣ।

ਖਾਣ ਮਜ਼ਦੂਰ ਜਦੋਂ ਭਰ ਜੋਬਨ 'ਚ ਹੁੰਦੇ ਓਦੋਂ ਤਾਂ ਉਨ੍ਹਾਂ ਦਾ ਕੰਮ ਸਖ਼ਤ ਹੁੰਦਾ ਹੀ ਤੇ ਜਦੋਂ ਉਹ ਬੁੱਢੇ ਹੋ ਜਾਂਦੇ ਤਾਂ ਇਹ ਅਸਹਿ ਤੇ ਅਣਮਨੁੱਖੀ ਹੋ ਜਾਂਦਾ। ਉਨ੍ਹਾਂ ਤੋਂ ਪੂਰਾ ਕੰਮ ਨਾ ਹੁੰਦਾ ਕਿਉਂਕਿ ਉਹ ਉਵੇਂ ਤਕੜੇ ਨਾ ਰਹਿੰਦੇ ਜਿਵੇਂ ਜਦੋਂ ਉਹ ਗਭਰੇਟ ਉਮਰ 'ਚ ਹੁੰਦੇ। ਉਨ੍ਹਾਂ ਨੂੰ ਕੰਮ ਹੀ ਅਜਿਹਾ ਮਿਲਦਾ ਸੀ—ਉਹ ਵੀ ਤਾਂ ਜੇ ਉਹ ਖਾਣਾਂ 'ਚੋਂ ਬਾਹਰ ਨਾ ਧੱਕੇ ਗਏ ਖੁਸ਼ਕਿਸਮਤ ਹੁੰਦੇ।

ਮੈਨੂੰ ਕੁਝ ਵੀ ਭੁੱਲਿਆ ਨਹੀਂ ਹੈ। ਇਕ ਉਦਾਸ ਬਚਪਨ ਅਤੇ ਚੜ੍ਹਦੀ ਜਵਾਨੀ ਦੀਆਂ ਦੁਖਦਾਈ ਯਾਦਾਂ ਦੇ ਝਰੋਖੇ 'ਚੋਂ ਮੈਨੂੰ ਆਪਣਾ ਬਾਪ, ਜੋ ਬਜ਼ੁਰਗ ਹੋ ਚੁੱਕਾ ਸੀ, ਮੀਂਹ ਦੇ ਜਾਂ ਕੱਚੀ ਧਾਤ ਦੇ ਟੋਇਆਂ 'ਚ ਹੜ੍ਹਾਏ ਕੂੜੇ-ਕਰਕਟ ਨੂੰ ਸਾਫ਼ ਕਰਦਾ ਦਿਖਾਈ ਦੇਂਦਾ ਰਹਿੰਦਾ ਹੈ।

ਉਹ ਆਪਣੇ ਵਰਗੇ ਬੁੱਢੇ ਖਾਣ ਮਜ਼ਦੂਰਾਂ ਦੀ ਛੋਟੀ ਜਹੀ ਟੋਲੀ ਨਾਲ ਮਿਲਕੇ ਕੰਮ ਕਰਦਾ, ਜੋ ਆਪਣੀਆਂ ਪੈਂਟਾਂ ਨੂੰ ਗੋਡਿਆਂ ਤੋਂ ਉੱਪਰ ਤੱਕ ਮੋੜਕੇ ਚਿੱਕੜ ਦੇ ਸਮੁੰਦਰ 'ਚ ਖੜ੍ਹੇ, ਚਿੱਕੜ ਨੂੰ ਬੇਲਚੇ ਨਾਲ ਛਾਨਣਿਆਂ ਉੱਪਰ ਸੁੱਟਦੇ, ਜਿਸ 'ਚ ਧਾਤ ਦੇ ਛੋਟੇ-ਛੋਟੇ ਟੁਕੜੇ ਹੁੰਦੇ।

ਜਦੋਂ ਉਹ ਪਾਣੀ 'ਚੋਂ ਬਾਹਰ ਆਉਂਦੇ ਉਨ੍ਹਾਂ ਕੋਲੋਂ ਆਪਣੇ ਬੂਟ ਨਾ ਪਾਏ ਜਾਂਦੇ। ਉਨ੍ਹਾਂ ਦੇ ਨੀਲ ਪਏ, ਹੰਭੇ ਸਰੀਰ ਠੰਢ ਨਾਲ ਕੰਬਦੇ ਰਹਿੰਦੇ। ਪਰ ਉਨ੍ਹਾਂ ਦਾ ਇਸ ਤਕਲੀਫ ਦੇਹ ਕੰਮ ਤੋਂ ਖਹਿੜਾ ਨਾ ਛੁੱਟਦਾ। ਬੁੱਢੇ ਹੋਣ ਕਰਕੇ ਉਨ੍ਹਾਂ ਕੋਲ ਕੋਈ ਹੋਰ ਬਦਲ ਨਾ ਹੁੰਦਾ। ਜਾਂ ਤਾਂ ਅਣਮਨੁੱਖੀ, ਜਾਨਲੇਵਾ ਮਿਹਨਤ ਕਰਨੀ ਪੈਂਦੀ ਜਾਂ ਭੀਖ ਮੰਗਣੀ ਪੈਂਦੀ, ਅਤੇ ਭੀਖ ਮੰਗਣੀ ਤਾਂ ਹੋਰ ਵੀ ਭਿਆਨਕ, ਜ਼ਲੀਲ ਕਰਨ ਵਾਲੀ, ਮਨੁੱਖਤਾ ਤੋਂ ਗਿਰਿਆ ਕੰਮ ਹੁੰਦੀ। ਇਸ ਦਾ ਅਰਥ ਹੁੰਦਾ ਕੁੱਤੇ ਵਾਂਗ ਰੋਟੀ ਦਾ ਸੁੱਟਿਆ ਹੋਇਆ ਟੁਕੜਾ ਚੁੱਕਣਾ, ਜਾਂ ਕੁਝ ਸਿੱਕੇ, ਜਾਂ ਬਸ "ਰੱਬ ਤੁਹਾਡਾ ਭਲਾ ਕਰੇ" ਦੀ ਅਸੀਸ। ਇਸ ਦਾ ਅਰਥ ਹੁੰਦਾ ਆਪਣੇ ਬੱਚਿਆਂ ਉੱਪਰ ਭਾਰੀ ਬੋਝ ਬਣ ਜਾਣਾ ਅਤੇ ਨਵੀਂ ਸਮਾਜਿਕ ਸ਼੍ਰੇਣੀ, ਕੰਗਾਲੀ, 'ਚ ਸ਼ਾਮਲ ਹੋ ਜਾਣਾ। ਅਜਿਹਾ ਕਰਨ ਨਾਲੋਂ ਮਰਨਾ ਬਿਹਤਰ ਸੀ। ਅੰਤ ਤੱਕ ਕੰਮ ਕਰਦੇ ਹੋਏ, ਸਵੈ-ਮਾਣ ਨਾਲ ਮੌਤ ਨੂੰ ਗਲੇ ਲਗਾਉਣਾ ਬਿਹਤਰ ਹੁੰਦਾ।

ਇਹ ਸੀ ਸਾਡੇ ਮਾਪਿਆਂ ਦੀ ਜ਼ਿੰਦਗੀ, ਤੇ ਇਹੀ ਸੀ ਸਾਡੀ ਜ਼ਿੰਦਗੀ। ਇਹ ਡੂੰਘੇ ਟੋਏ ਵਰਗੀ ਸੀ ਜਿਸ ਦੇ ਕੋਈ ਦਿਸਹੱਦੇ ਨਾ ਹੁੰਦੇ, ਜਿੱਥੇ ਸੂਰਜ ਦੀ ਲੋਅ ਕਦੇ ਨਾ ਪਹੁੰਚਦੀ। ਕਦੇ-ਕਦਾਈਂ ਇਹ ਸੰਘਰਸ਼ਾਂ ਦੀ ਖ਼ੂਨੀ ਲਿਸ਼ਕੋਰ ਨਾਲ ਰੌਸ਼ਨ ਹੋ ਉੱਠਦੀ ਜੋ ਓਦੋਂ ਹਿੰਸਾ ਦੀਆਂ ਲਾਟਾਂ ਬਣਕੇ ਫੁੱਟ ਤੁਰਦੇ ਜਦੋਂ ਵਹਿਸ਼ੀ ਵਤੀਰੇ ਨੂੰ ਸਹਿਣ ਦੀ ਸਮਰੱਥਾ ਮਨੁੱਖੀ ਸਬਰ ਦੀਆਂ ਹੱਦਾਂ ਟੱਪ ਜਾਂਦੀ।

ਚੜ੍ਹਦੀ ਜਵਾਨੀ ਸਮੇਂ ਮੇਰੇ 'ਚ ਤਲਖ਼, ਸੁਭਾਵਿਕ ਗੁੱਸਾ ਜਮ੍ਹਾਂ ਹੋ ਗਿਆ ਸੀ ਜਿਸ ਨੇ ਮੈਨੂੰ ਹਰ ਚੀਜ਼ ਤੇ ਹਰ ਕਿਸੇ ਨਾਲ ਸਖ਼ਤੀ ਨਾਲ ਪੇਸ਼ ਆਉਣ ਵਾਲੀ ਬਣਾ ਦਿੱਤਾ (ਘਰ 'ਚ ਮੈਨੂੰ ਅਮੋੜ ਮੰਨਿਆ ਜਾਂਦਾ ਸੀ), ਇਹੀ ਬਗ਼ਾਵਤ ਦੀ ਭਾਵਨਾ ਸੀ ਜੋ ਬਾਦ 'ਚ ਸੁਚੇਤ ਰੋਸ 'ਚ ਵਟ ਗਈ।

ਪਰ ਇਕ ਨਿੱਕੇ ਜਹੇ ਕਸਬੇ ਦੀ ਸਾਧਾਰਣ ਔਰਤ ਦੀ ਇਕ ਇਨਕਲਾਬੀ ਲੜਾਕੂ, ਇਕ ਕਮਿਊਨਿਸਟ 'ਚ ਕਾਇਆਕਲਪ ਸਿੱਧੇ-ਸਾਦੇ ਤਰੀਕੇ ਨਾਲ ਨਹੀਂ ਹੋ ਗਈ ਅਤੇ ਇਹ ਨਿਰੀ ਉਨ੍ਹਾਂ ਮਨੁੱਖਤਾ ਤੋਂ ਨੀਵੇਂ ਹਾਲਾਤ ਵਿਰੁੱਧ ਸੁਭਾਵਿਕ ਪ੍ਰਤੀਕਰਮ 'ਚੋਂ ਨਹੀਂ ਹੋ ਗਿਆ ਜਿਨ੍ਹਾਂ 'ਚ ਖਾਣ ਮਜ਼ਦੂਰ ਪਰਿਵਾਰ ਰਹਿੰਦੇ ਸਨ। ਇਹ ਇਕ ਐਸਾ ਅਮਲ ਸੀ ਜਿਸ ਉੱਪਰ ਉਸ ਧਾਰਮਿਕ ਸਿੱਖਿਆ ਦੇ ਨਾਂਹਪੱਖੀ ਅਸਰ ਨੇ ਬਰੇਕ ਦਾ ਕੰਮ ਕੀਤਾ ਜੋ ਮੈਂ ਸਕੂਲ, ਗਿਰਜਾਘਰ ਅਤੇ ਘਰ ਤੋਂ ਹਾਸਲ ਕੀਤੀ ਸੀ।

ਜਿਉਂ ਹੀ ਅਸੀਂ ਬੋਲਣਾ ਤੇ ਤੁਰਨਾ ਸਿੱਖ ਜਾਂਦੇ ਸਾਨੂੰ ਉਨ੍ਹਾਂ ਕਿੰਡਰਗਾਰਟਨਾਂ 'ਚ ਲਿਜਾਇਆ ਜਾਂਦਾ ਜਿਨ੍ਹਾਂ ਵਿਚ ਦੀ ਖਾਣ ਮਜ਼ਦੂਰਾਂ ਦੇ ਬੱਚਿਆਂ ਦੀਆਂ ਅਨੇਕਾਂ ਪੀੜ੍ਹੀਆਂ ਲੰਘ ਚੁੱਕੀਆਂ ਸਨ।

ਉਸ ਸਕੂਲ 'ਚ ਅਧਿਆਪਕ ਨੂੰ, ਇਕ ਪਿਸੇਟਾ (ਸਪੇਨੀ ਸਿੱਕਾ) ਰੋਜ਼ਾਨਾ ਦੀ ਤੁਛ ਜਹੀ ਰਕਮ ਦੇ ਕੇ, ਸਾਡੀਆਂ ਮਾਵਾਂ ਦਾ ਦਿਨ ਦੇ ਕਾਫ਼ੀ ਸਮੇਂ ਤੱਕ ਆਪਣੇ ਨੰਨੇ-ਮੁੰਨੇ ਬੱਚਿਆਂ ਦੀ ਦੇਖਭਾਲ ਕਰਨ ਦੀ ਜ਼ਰੂਰਤ ਤੋਂ ਖਹਿੜਾ ਛੁੱਟਿਆ।

ਇਕ ਪੁਰਾਣੀ ਵੱਡੀ ਇਮਾਰਤ 'ਚ ਸਥਿੱਤ ਇਹ ਸਕੂਲ, ਹਨੇਰਾ, ਠੰਢਾ ਤੇ ਸਿੱਲਾ ਸੀ, ਸੱਚਮੁੱਚ ਇਸਦਾ ਕੁਝ ਵੀ ਅਜਿਹਾ ਨਹੀਂ ਸੀ ਜੋ ਸਾਨੂੰ ਚੰਗਾ ਲੱਗੇ। ਸਾਡੇ ਪਹਿਲੇ ਸਕੂਲ 'ਚ ਹੇਠ ਲਿਖੀ ਪੜ੍ਹਨ ਸਮੱਗਰੀ ਹੁੰਦੀ ਸੀ : ਮੋਟੇ ਤੇ ਛੋਟੇ ਅੱਖਰਾਂ 'ਚ ਵਰਣਮਾਲਾ ਨੂੰ ਦਰਸਾਉਂਦੇ ਅਤੇ ਸਾਲਾਂ ਤੋਂ ਸੋਟੀ ਦਾ ਇਸ਼ਾਰਾ ਕਰਕੇ ਸਮਝਾਉਣ ਰਾਹੀਂ ਹੋਈਆਂ ਮੋਰੀਆਂ ਨਾਲ ਵਿੰਨ੍ਹੇ ਦੋ ਪੁਰਾਣੇ ਪੋਸਟਰ; ਇਕ ਬਲੈਕਬੋਰਡ, ਤੇ ਇਕ ਸਪੇਨ ਦਾ ਨਕਸ਼ਾ, ਜਿਸਨੂੰ ਸਾਨੂੰ ਸਾਡੇ ਵਤਨ ਦੇ ਕਸਬੇ ਤੇ ਸ਼ਹਿਰ ਦਿਖਾਉਣ ਵਾਸਤੇ ਕਦੇ ਵੀ ਲਾਹਿਆ ਨਹੀਂ ਗਿਆ।

"ਗੰਦੀ ਰਿਹਾਇਸ਼" ਵਜੋਂ ਮਸ਼ਹੂਰ ਕਸਬੇ ਦੀ ਜੇਲ੍ਹ ਸਾਡੇ ਸਕੂਲ ਤੋਂ ਹੇਠਲੀ ਮੰਜ਼ਲ 'ਤੇ ਸੀ, ਇੰਜ ਇਸ ਦੀ ਝਲਕ ਭਿਆਨਕ ਬਣੀ ਹੋਈ ਸੀ। ਅਸੀਂ ਪੁਰਾਣੀ, ਬੋਦੀ ਲੱਕੜ ਦੀਆਂ ਮੋਰੀਆਂ ਵਿਚੋਂ ਦੀ ਝਾਕਕੇ ਉਨ੍ਹਾਂ ਵਿਅਕਤੀ ਨੂੰ ਦੇਖ ਸਕਦੇ ਸਾਂ ਜਿਨ੍ਹਾਂ ਨੂੰ ਕਾਨੂੰਨ ਖ਼ਤਰਨਾਕ ਮੰਨਦਾ ਸੀ ਪਰ ਜੋ ਹਮੇਸ਼ਾ ਹੀ ਮਾਲਕਾਂ ਦੇ ਹੁਕਮਾਂ 'ਤੇ ਜੇਲ੍ਹ ਭੇਜੇ ਗਏ ਬਾਗ਼ੀ ਖਾਣ ਮਜ਼ਦੂਰ ਹੁੰਦੇ, ਜਾਂ ਉਹ ਆਦਮੀ ਹੁੰਦੇ ਜੋ ਐਤਵਾਰ ਨੂੰ ਹੁੰਦੇ ਝਗੜਿਆਂ 'ਚ ਫੜੇ ਹੁੰਦੇ, ਜਾਂ ਫਿਰ ਮੰਗਤੇ।

ਜੇਲ੍ਹ ਤੇ ਸਕੂਲ ਵਿਚਲਾ ਇਹ ਬੇਮੇਲ ਰਿਸ਼ਤਾ, ਸਮਾਜਿਕ ਚੇਤਨਾ ਗ੍ਰਹਿਣ ਕਰਨ 'ਚ ਸਾਡਾ ਪਹਿਲਾ ਪੌਡਾ ਸੀ, ਜਿਸਨੇ ਸਾਨੂੰ ਬੇਰਹਿਮ ਬਣਾ ਦਿੱਤਾ ਅਤੇ ਸਾਡੀਆਂ ਕੁਦਰਤੀ ਭਾਵਨਾਵਾਂ 'ਚ ਵਿਗਾੜ ਦੀ ਰੁਚੀ ਪੈਦਾ ਹੋ ਗਈ। ਜਿਹੜਾ ਵੀ ਕੋਈ ਸਥਾਪਤ ਦਸਤੂਰ ਦੇ ਉਲਟ ਕੰਮ ਕਰਦਾ ਸੀ ਉਹ ਸਜ਼ਾ ਦਾ ਹੱਕਦਾਰ ਮੁਜਰਮ ਹੁੰਦਾ—ਸਾਡਾ ਅਧਿਆਪਕ ਉਨ੍ਹਾਂ ਕੈਦੀਆਂ ਦੀਆਂ ਗ੍ਰਿਫ਼ਤਾਰੀਆਂ ਦੀ ਇਸੇ ਤਰ੍ਹਾਂ ਵਿਆਖਿਆ ਕਰਦਾ ਜਿਨ੍ਹਾਂ ਨੂੰ ਅਸੀਂ ਦੇਖਦੇ ਸਾਂ। ਇਸ ਤੋਂ ਸਾਨੂੰ ਇਨਸਾਫ਼ਪਸੰਦ ਤਾਕਤਾਂ ਦੀ ਤਿਲ-ਫੁਲ ਮਦਦ ਕਰਨ ਦੀ ਪ੍ਰੇਰਣਾ ਮਿਲੀ।

ਜਦੋਂ ਅਧਿਆਪਕ ਦਾ ਧਿਆਨ ਪਾਸੇ ਹੁੰਦਾ, ਵੱਡੇ ਮੁੰਡੇ ਫਰਸ਼ ਦੀਆਂ ਝੀਤਾਂ ਵਿਚੋਂ ਦੀ ਪੇਸ਼ਾਬ ਕਰ ਦਿੰਦੇ ਜਾਂ ਪਾਣੀ ਵਾਲੇ ਜੱਗ ਦੀਆਂ ਮੋਰੀਆਂ ਵਿਚੋਂ ਦੀ ਪਾਣੀ ਡੋਲ੍ਹ ਦਿੰਦੇ। ਹੇਠਾਂ

ਰਹਿੰਦੇ ਕੈਦੀ ਗੁੱਸੇ 'ਚ ਚੀਕਦੇ ਅਤੇ ਕਈ ਵਾਰ ਉਹ ਛੱਤ ਵੱਲ ਜੁੱਤੀਆਂ ਵਗਾਹਕੇ ਮਾਰਦੇ। ਬੱਚਿਆਂ ਲਈ ਇਹ ਵਾਹਵਾ ਮਨੋਰੰਜਨ ਹੁੰਦਾ ਜੋ ਜਾਣ ਜਾਂਦੇ ਕਿ ਉਨ੍ਹਾਂ ਦਾ ਨਿਸ਼ਾਨਾ ਸਹੀ ਲੱਗਿਆ ਸੀ।

ਜਦੋਂ ਬੱਚੇ ਸੱਤ ਸਾਲ ਦੇ ਹੋ ਜਾਂਦੇ, ਤਾਂ ਇਹ ਸੋਚ ਲਿਆ ਜਾਂਦਾ ਕਿ ਇਨ੍ਹਾਂ ਨੂੰ ਮੁੱਢਲੇ ਸਕੂਲ 'ਚ ਦਾਖ਼ਲ ਕਰਾਉਣ ਦਾ ਵੇਲਾ ਆ ਗਿਆ ਹੈ, ਹਾਲਾਂਕਿ ਕਈ ਵਾਰ ਉਹ ਅੱਠ ਜਾਂ ਨੌਂ ਸਾਲ ਦੇ ਹੋਣ ਤੱਕ ਕਿੰਡਰਗਾਰਟਨ 'ਚ ਹੀ ਰਹਿੰਦੇ, ਕਿਉਂਕਿ ਵੱਡੇ ਸਕੂਲ 'ਚ ਕੋਈ ਥਾਂ ਖਾਲੀ ਨਾ ਹੁੰਦੀ।

ਸਕੂਲ 'ਚ ਅਸੀਂ ਪੜ੍ਹਨਾ-ਲਿਖਣਾ ਸਿੱਖਦੇ, ਪਰ ਸਾਡੀ ਅਸਲ ਯੂਨੀਵਰਸਿਟੀ ਗਲੀਆਂ ਹੁੰਦੀਆਂ। ਜਦੋਂ ਸਾਨੂੰ ਦੁਪਹਿਰ ਨੂੰ ਸਕੂਲੋਂ ਛੁੱਟੀ ਹੁੰਦੀ ਤਾਂ ਇੱਥੇ ਗਲੀਆਂ 'ਚ ਅਸੀਂ ਆਪਣੀਆਂ ਬਚਗਾਨਾ ਦਲੀਲਬਾਜ਼ੀਆਂ ਤੇ ਝਗੜਿਆਂ ਦਾ ਨਿਬੇੜਾ ਕਰਦੇ ਅਤੇ ਸਥਾਨਕ ਘਟਨਾਵਾਂ ਬਾਰੇ ਵਿਚਾਰ-ਚਰਚਾ ਕਰਦੇ, ਜੋ ਤਕਰੀਬਨ ਹਮੇਸ਼ਾ ਦਰਦਨਾਕ ਹਾਦਸਿਆਂ ਬਾਰੇ ਹੁੰਦੀ ਜਿਹੜੇ ਖਾਣਾਂ ਦੇ ਅੰਦਰ ਲਗਭਗ ਰੋਜ਼ ਹੀ ਵਾਪਰਦੇ ਰਹਿੰਦੇ ਸਨ।

ਸਾਡੀਆਂ ਰੁਚੀਆਂ ਤੇ ਝੁਕਾਅ ਉਸ ਮਾਹੌਲ 'ਚ ਪੈਦਾ ਹੋ ਕੇ ਵਿਕਸਤ ਹੁੰਦੇ ਜਿਸ 'ਚ ਅਸੀਂ ਰਹਿੰਦੇ ਸਾਂ। ਖਾਣ ਮਜ਼ਦੂਰ ਪਰਿਵਾਰਾਂ ਦੀ ਦੁਖਦਾਈ ਕਰੜੀ ਅਜ਼ਮਾਇਸ਼ੀ ਜ਼ਿੰਦਗੀ 'ਚ ਮਾਵਾਂ ਦੀ ਆਪਣੇ ਬੱਚਿਆਂ ਨੂੰ ਘੱਟੋ-ਘੱਟ ਤਾਲੀਮ ਦਿਵਾਉਣ ਦੀ ਇੱਛਾ ਦੇਖਕੇ ਦਿਲ ਪਿਘਲ ਜਾਂਦਾ। ਮਾਵਾਂ ਡਰਦੀਆਂ ਕਿ ਬਾਦ 'ਚ ਉਹ ਉਨ੍ਹਾਂ ਦੀ ਪੜ੍ਹਾਈ ਦਾ ਖਰਚ ਨਹੀਂ ਚੁੱਕ ਸਕਣਗੀਆਂ, ਤੇ ਇਹ ਡਰ ਇਕ ਡੂੰਘੇਰੇ ਭੈਅ, ਕਿਸੇ ਹਾਦਸੇ ਦੇ ਭੈਅ, 'ਤੇ ਅਧਾਰਤ ਹੁੰਦਾ। ਖਾਣ ਮਜ਼ਦੂਰਾਂ ਦੀਆਂ ਜ਼ਿੰਦਗੀਆਂ ਦੀ ਬੁਨਿਆਦੀ ਅਸੁਰੱਖਿਆ ਇਸ ਹਮੇਸ਼ਾ ਮੰਡਲਾਉਂਦੇ ਖ਼ਤਰੇ ਦੇ ਕਾਰਣ ਸੀ।

"ਘੱਟੋ-ਘੱਟ ਸਾਡੇ ਬੱਚੇ ਪੜ੍ਹਨਾ-ਲਿਖਣਾ ਸਿੱਖ ਲੈਣ," ਉਹ ਕਹਿੰਦੀਆਂ। ਹਰੇਕ ਸਵੇਰ ਜਾਂ ਦੁਪਹਿਰ ਨੂੰ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਜਾਂਦੀਆਂ ਮਾਵਾਂ ਦਾ ਦ੍ਰਿਸ਼ ਆਮ ਦੇਖਣ ਨੂੰ ਮਿਲਦਾ।

ਵਿਜ਼ਕਾਇਆ ਦੇ ਖਾਣਾਂ ਦੇ ਖੇਤਰ ਦੇ ਕਸਬੇ ਨਿਰਾਸ਼ਾ ਭਰੇ ਤੇ ਗੰਦੇ ਸਨ, ਸੋਮੋਰੋਸਤਰੋ ਨੂੰ ਛੱਡਕੇ, ਜੋ ਇਕ ਅਨੂਠੀ ਘਾਟੀ 'ਚ ਵਸਿਆ ਹੋਇਆ ਹੈ। ਇੱਥੇ ਖਾਣਾਂ ਕਸਬੇ ਤੋਂ ਬਾਹਰ ਸਨ, ਖਾਣਾਂ ਦੇ ਖੇਤਰਾਂ ਦੇ ਹੋਰ ਕਸਬਿਆਂ 'ਚ ਇੰਝ ਨਹੀਂ ਸੀ।

ਇਨ੍ਹਾਂ ਕਸਬਿਆਂ 'ਚ ਨਾ ਜੰਗਲ ਸਨ ਨਾ ਪਾਰਕਾਂ, ਨਾ ਬਾਗ਼ ਸਨ ਨਾ ਚੌੜੀਆਂ ਸੜਕਾਂ ਤੇ ਨਾ ਹੀ ਬੱਚਿਆਂ ਦੇ ਖੇਡ੍ਹਣ ਲਈ ਥਾਵਾਂ। ਇਸ ਦੀ ਬਜਾਏ ਉੱਥੇ ਸਨ ਬੰਨ੍ਹ, ਸੁਰੰਗਾਂ, ਕੂੜੇ ਦੇ ਢੇਰ, ਡਰੇਨਾਂ, ਤਿੱਖੀ ਚੜ੍ਹਾਈ, ਪੁਲ, ਹੌਦੀਆਂ, ਜ਼ਮੀਨਦੋਜ਼ ਰਾਹ, ਢਲਾਣਾਂ, ਉਚਾਈ 'ਤੇ ਉਸਾਰੇ ਰੇਲਵੇ ਮਾਰਗ, ਬੋਗੀਆਂ ਅਤੇ ਰੇਲ ਇੰਜਣ। ਇਹ ਸਭ ਕੁਝ, ਹਾਲਾਂਕਿ ਬਚਪਨ ਨਾਲ ਪੂਰੀ ਤਰ੍ਹਾਂ ਬੇਮੇਲ ਸੀ, ਫਿਰ ਵੀ ਸਾਡੀਆਂ ਜ਼ਿੰਦਗੀਆਂ ਦਾ ਹਿੱਸਾ ਬਣਿਆ ਸੀ ਕਿਉਂਕਿ ਅਸੀਂ ਇਸ ਆਲੇ-ਦੁਆਲੇ 'ਚ ਖੇਡ੍ਹਾਂ ਖੇਡ੍ਹਦੇ ਅਤੇ ਆਪਣੇ ਦਿਨ ਗੁਜ਼ਾਰਦੇ।

ਐਸਾ ਕੋਈ ਨਾ ਹੁੰਦਾ ਜਿਸ ਨੂੰ ਦਸ ਸਾਲਾਂ ਦਾ ਹੋ ਕੇ, ਡਾਇਨਾਮਾਇਟ ਦੀ ਤਬਾਹਕੁਨ ਤਾਕਤ ਦੀ ਅਤੇ ਇਹ ਜਾਣਕਾਰੀ ਨਾ ਹੋਵੇ ਕਿ ਕਾਰਤੂਸਾਂ ਨੂੰ ਕਿਵੇਂ ਭਰਿਆ ਜਾਵੇ ਕਿ ਉਹ ਹੋਰ ਵੀ ਸ਼ਕਤੀਸ਼ਾਲੀ ਬਣ ਜਾਣ। ਬਹੁਤ ਛੇਤੀ ਹਾਸਲ ਕੀਤੇ ਇਸ ਗਿਆਨ ਕਰਕੇ ਅਕਸਰ ਹੀ

ਹਾਦਸੇ ਵਾਪਰਦੇ ਰਹਿੰਦੇ—ਖਾਣਾਂ ਦੇ ਖੇਤਰ ਦੀ ਜ਼ਿੰਦਗੀ ਦੇ ਹਾਲਾਤ 'ਚ ਇਨ੍ਹਾਂ ਤੋਂ ਬਚਣਾ ਮੁਸ਼ਕਲ ਹੁੰਦਾ।

ਔਸਤਨ 120 ਕੁੜੀਆਂ, ਕੁੜੀਆਂ ਦੇ ਮੁੱਢਲੇ ਸਕੂਲ ਜਾਂਦੀਆਂ, ਤੇ ਇੰਨੇ ਹੀ ਮੁੰਡੇ ਮੁੰਡਿਆਂ ਵਾਲੇ ਸਕੂਲ ਜਾਂਦੇ। ਜਮਾਤ ਸਵੇਰ ਨੂੰ ਸਾਢੇ ਅੱਠ ਵਜੇ ਤੋਂ ਦੁਪਹਿਰ ਤੱਕ, ਅਤੇ ਦੁਪਹਿਰ ਨੂੰ ਡੇਢ ਵਜੇ ਤੋਂ ਪੰਜ ਵਜੇ ਤੱਕ ਲੱਗਦੀ। ਜਿੱਥੋਂ ਤੱਕ ਸਾਡੇ ਅਧਿਆਪਕਾਂ ਦਾ ਸੰਬੰਧ ਸੀ, ਉਨ੍ਹਾਂ ਨੂੰ ਆਪਣੇ ਕੰਮ ਦਾ ਸੱਚੀਉਂ ਹੀ ਵਿਸ਼ਵਕੋਸ਼ੀ ਗਿਆਨ ਰੱਖਣਾ ਪੈਂਦਾ, ਅਤੇ ਉਨ੍ਹਾਂ 'ਚੋਂ ਕੁਝ ਸਚਮੁੱਚ ਇਹ ਕਰਦੇ। ਉਨ੍ਹਾਂ ਦੇ ਹੱਕ 'ਚ ਇਹ ਕਿਹਾ ਜਾ ਸਕਦਾ ਹੈ ਕਿ ਉਹ ਧਰਮ-ਪ੍ਰਚਾਰਕਾਂ ਵਰਗੀ ਲਗਨ ਨਾਲ—ਚਪੇੜਾਂ ਤੇ ਚੂੰਢੀਆਂ ਵਿਚਕਾਰ—ਸਾਡੀ ਅਗਿਆਨਤਾ ਨਾਲ ਜੂਝਦੇ ਤੇ ਸਾਡੀ ਸੂਝ ਨੂੰ ਚੰਡਦੇ।

ਹਾਲਾਂਕਿ ਬੱਚੇ ਆਪਣੇ ਅਧਿਆਪਕਾਂ ਨੂੰ ਪਿਆਰ ਕਰਦੇ (ਮੈਂ ਆਪਣੀ ਅਧਿਆਪਕਾ ਡੋਨਾ ਐਨਟੋਨੀਆ ਇਜ਼ਾਰ ਡੀ ਲਾ ਫਿਓਏਂਟੇ ਨੂੰ ਸੱਚੇ ਮੋਹ ਨਾਲ ਯਾਦ ਕਰਦੀ ਹਾਂ, ਜੋ ਬਜ਼ੁਰਗ ਸੀ ਤੇ ਸੇਵਾ-ਮੁਕਤ ਹੋਣ ਤੋਂ ਬਾਦ, ਗਵੇਰਨਿਕਾ ਦੀ ਬੰਬਾਰੀ 'ਚ ਮਾਰੀ ਗਈ ਸੀ), ਅਤੇ ਹਾਲਾਂਕਿ ਸਕੂਲ ਭੱਦਾ ਨਹੀਂ ਸੀ, ਇਸ ਦੀਆਂ ਵੱਡੀਆਂ ਵੱਡੀਆਂ ਖਿੜਕੀਆਂ ਸਨ ਤੇ ਇਸ ਦੀਆਂ ਕੰਧਾਂ ਮਨੁੱਖਤਾ ਦੀ ਚੰਗਿਆਈ ਦੇ ਪਤਨ ਤੋਂ ਲੈ ਕੇ ਸੂਲੀ ਚੜ੍ਹਾਏ ਜਾਣ ਦੇ ਧਾਰਮਿਕ ਦ੍ਰਿਸ਼ਾਂ ਨੂੰ ਦਰਸਾਉਂਦੀਆਂ ਰੰਗਦਾਰ ਪੱਟੀਆਂ ਨਾਲ ਸਜਾਈਆਂ ਹੁੰਦੀਆਂ ਸਨ, ਫਿਰ ਵੀ ਇਹ ਸਾਨੂੰ ਟੁੰਬਦੀਆਂ ਨਾ।

ਇਸ ਦਾ ਕਾਰਨ ਸਾਡੇ ਅਧਿਆਪਕਾਂ ਵੱਲੋਂ ਨਿੱਤਨੇਮ ਜਹੀ ਪੜ੍ਹਾਈ, ਨੀਰਸ ਜਮਾਤਾਂ ਅਤੇ ਉਸ ਲਾਤੀਨੀ ਕਹਾਵਤ ਨੂੰ ਅਮਲ 'ਚ ਲਿਆਉਣਾ ਸੀ ਜਿਹੜੀ ਕਹਿੰਦੀ ਸੀ ਕਿ, "ਅੱਖਰ ਖ਼ੂਨ ਦੇ ਰਾਹੀਂ ਅੰਦਰ ਜਾਂਦੇ ਹਨ"। ਕਈ ਵਾਰ ਕਿਸੇ ਸ਼ਰਾਰਤ ਕਰਕੇ ਜਾਂ ਜਦੋਂ ਸਾਨੂੰ ਸਬਕ ਯਾਦ ਨਾ ਹੁੰਦਾ ਤਾਂ ਸਾਡੇ ਮੋਢਿਆਂ 'ਤੇ ਸੋਟੀ ਆ ਚੁੱਭਦੀ। ਫਿਰ ਵੀ ਅਸੀਂ ਸੋਮੋਰੋਸਤਰੋ ਦੇ ਮੁਕਾਬਲੇ ਆਪਣੇ ਕਸਬੇ 'ਚ ਖੁਸ਼ਕਿਸਮਤ ਸਾਂ, ਜਿੱਥੇ ਅਧਿਆਪਕ ਡਾਨ ਡੋਮਿੰਗੋ ਆਪਣੇ ਜ਼ੁਲਮਾਂ ਲਈ ਬਦਨਾਮ ਸੀ।

ਇਹ ਕਿਹਾ ਜਾਂਦਾ ਸੀ ਕਿ ਉਸ ਕਸਬੇ 'ਚ ਬੱਚਿਆਂ ਦੇ ਕੰਨ ਉਨ੍ਹਾਂ ਦੇ ਐਨ ਮੱਥਿਆਂ ਤੱਕ ਲੰਬੇ ਹੋ ਜਾਂਦੇ ਸਨ ਕਿਉਂਕਿ ਜਦੋਂ ਉਹ ਉਨ੍ਹਾਂ ਨੂੰ ਕੰਨਾਂ ਤੋਂ ਫੜਕੇ ਖਿੱਚਦਾ ਸੀ ਤਾਂ ਉਹ ਵਧ ਜਾਂਦੇ ਸਨ। ਉਸ ਸਕੂਲ ਦੇ ਵਿਦਿਆਰਥੀ ਡਾਨ ਡੋਮਿੰਗੋ ਤੋਂ ਐਨਾ ਸਹਿਮੇ ਹੋਏ ਸਨ ਕਿ ਜਦੋਂ ਉਹ ਜਮਾਤ ਵਿਚ ਆਪਣੀ ਕੁਰਸੀ ਤੋਂ ਹੌਲੀ ਜਹੇ ਉੱਠਦਿਆਂ ਸੋਟੀ ਚੁੱਕਦਾ, ਆਪਣੀਆਂ ਐਨਕਾਂ ਦੇ ਉੱਪਰੋਂ ਦੀ ਵਿਦਿਆਰਥੀਆਂ ਨੂੰ ਘੂਰਦਾ ਤਾਂ ਬੱਚੇ ਉਦੋਂ ਤੱਕ ਬਚਾਅ ਦੇ ਪੈਂਤੜੇ 'ਤੇ ਰਹਿੰਦੇ ਜਦੋਂ ਤੱਕ ਉਹ ਇਹ ਨਾ ਜਾਣ ਲੈਂਦੇ ਕਿ ਉਹ ਕਿੱਧਰ ਜਾ ਰਿਹਾ ਸੀ। ਜਦੋਂ ਇਹ ਸਪਸ਼ਟ ਹੋ ਜਾਂਦਾ ਕਿ ਉਹ ਜਮਾਤ ਦੇ ਕਮਰੇ ਦੇ ਕਿਸ ਹਿੱਸੇ ਵੱਲ ਜਾ ਰਿਹਾ ਹੈ ਤਾਂ ਉਸ ਥਾਂ ਬੈਠੇ ਬੱਚੇ ਆਪਣੀਆਂ ਸੀਟਾਂ ਤੋਂ ਉੱਠਕੇ ਡੈਸਕਾਂ 'ਤੇ ਛਾਲਾਂ ਮਾਰਦੇ ਹੋਏ ਭਿਆਨਕ ਸੋਟੀ ਦੀ ਮਾਰ ਤੋਂ ਪਰ੍ਹਾਂ ਹੋ ਜਾਂਦੇ। ਬਾਕੀਆਂ ਦੇ ਹਾਸੇ ਦੇ ਫੁਹਾਰੇ ਛੁੱਟ ਪੈਂਦੇ। ਦੋਸ਼ੀਆਂ ਦੇ ਬਚ ਨਿਕਲਣ ਨੂੰ ਦੇਖਕੇ ਅਤੇ ਹਾਸੇ ਤੋਂ ਚਿੜਕੇ ਉਹ ਸਭ ਤੋਂ ਨੇੜੇ ਬੈਠਿਆਂ ਉੱਪਰ ਸੋਟੀਆਂ ਦਾ ਮੀਂਹ ਵਰਸਾ ਦਿੰਦਾ। ਇਸ ਨਾਲ ਭਾਜੜ ਮੱਚ ਜਾਂਦੀ, ਹਰ ਕੋਈ ਇਕਦਮ ਦਰਵਾਜ਼ੇ 'ਚੋਂ ਬਾਹਰ ਭੱਜਣ ਦਾ ਯਤਨ ਕਰਦਾ।

ਸਕੂਲ 'ਚ ਅਸੀਂ ਪੜ੍ਹਦੇ, ਗੀਤ ਗਾਉਂਦੇ ਤੇ ਅਰਦਾਸਾਂ ਕਰਦੇ। ਪਰ ਅਸੀਂ ਖਾਣ ਮਜ਼ਦੂਰਾਂ ਦੇ ਬੱਚੇ ਸਾਂ, ਉਨ੍ਹਾਂ ਖਾਣ ਮਜ਼ਦੂਰਾਂ ਦੇ ਜਿਨ੍ਹਾਂ ਦੀਆਂ ਹੜਤਾਲਾਂ ਤੇ ਰੋਸ ਮੁਜ਼ਾਹਰਿਆਂ ਨਾਲ ਵਿਜ਼ਕਾਇਆ ਹਿੱਲ ਉੱਠਦਾ, ਅਤੇ ਭਾਵੇਂ ਸਕੂਲ 'ਚ ਉਹ ਸਾਨੂੰ ਰੱਬ ਨਾਲ ਪਿਆਰ ਦਾ ਗੀਤ ਗਾਉਣ ਲਈ ਮਜਬੂਰ ਕਰਦੇ, ਪਰ ਗਲੀਆਂ 'ਚ ਅਸੀਂ ਯੂਨੀਅਨ ਭਵਨ ਵਾਲੇ ਗੀਤ ਗਾਉਂਦੇ। ਇਹ ਸਾਨੂੰ ਹੋਰ ਵੀ ਖਿੱਚ ਪਾਉਂਦੇ ਕਿਉਂਕਿ ਸਕੂਲ 'ਚ ਇਨ੍ਹਾਂ ਦੀ ਮਨਾਹੀ ਸੀ, ਇਸ ਲਈ ਅਸੀਂ ਗਾਉਂਦੇ :

ਰਾਜੇ ਤੇ ਪੋਪ, ਬਾਦਸ਼ਾਹ ਤੇ ਧਾਰਮਿਕ ਰਹਿਬਰ,
ਅਤੇ ਕੁਲ ਪਿਛਾਖੜੀ ਮੰਤਰੀ,
ਕਹਿੰਦੇ ਹਨ ਕਿ ਉਹ ਗਰੀਬ ਹਨ ਜਦੋਂਕਿ ਉਹ ਦੌਲਤ 'ਚ ਨਹਾਉਂਦੇ ਹਨ–
ਇਨ੍ਹਾਂ ਦੇ ਸਿਰ ਇਨਕਲਾਬ ਸਮੇਂ ਲੁੜ੍ਹਕਦੇ ਫਿਰਨ!

ਸਕੂਲ 'ਚ ਅਸੀਂ ਖਾਣਾਂ ਦੇ ਗ਼ੁਲਾਮ ਮਜ਼ਦੂਰਾਂ ਦੀ ਮਹਿਮਾ ਦੇ ਗੀਤ ਗਾਉਂਦੇ, ਇਸ ਤਰਾਂ ਦੇ:

ਵਿਜ਼ਕਾਇਆ ਦੇ ਪਹਾੜ
ਨਿਰਾ ਲੋਹਾ ਤੇ ਹੋਰ ਕੁਝ ਨਹੀਂ...
ਤੇ ਉਸਦੇ ਪੁੱਤਰ ਖਾਣਾਂ ਦੇ ਵਿਚੋਂ ਧਾਤ ਕੱਢਣ
ਲੋਹੜੇ ਦੀ ਖੁਸ਼ੀ ਤੇ ਤ੍ਰਿਪਤੀ ਨਾਲ।

ਪਰ ਗਲੀਆਂ 'ਚ ਅਸੀਂ ਉਸ ਗੀਤ ਦੀਆਂ ਤੁਕਾਂ ਗਾਉਂਦੇ ਜੋ ਸਭ ਤੋਂ ਵੱਧ ਇਨਕਲਾਬੀ ਸਮਝਿਆ ਜਾਂਦਾ, ਤੇ "ਸਤਿਕਾਰਤ" ਲੋਕਾਂ ਨੂੰ ਚੰਗਾ ਨਾ ਲੱਗਦਾ :

ਆਓ, ਕਿਰਤੀਓ, ਆਪਾਂ
ਖੇਤ, ਫੈਕਟਰੀਆਂ ਤੇ ਖਾਣਾਂ ਛੱਡ ਦੇਈਏ
ਵਿਹਲੜਾਂ ਨੂੰ ਅਮੀਰ ਬਣਾਉਣ ਵਾਲੀ ਮਿਹਨਤ ਛੱਡ ਦੇਈਏ
ਤੇ ਇਨਕਲਾਬ ਲਈ ਜੁੱਟ ਜਾਈਏ।

ਜਦੋਂ ਅਸੀਂ ਮੁੱਢਲੇ ਸਕੂਲ 'ਚ ਚਲੇ ਜਾਂਦੇ ਤਾਂ ਅਸੀਂ ਸੱਚਮੁੱਚ ਵਿਗਿਆਨ ਦੇ ਵਾਹ 'ਚ ਆ ਜਾਂਦੇ। "ਦੁਨੀਆਂ ਕਿਸ ਨੇ ਬਣਾਈ? ਇਸ ਨੂੰ ਬਣਾਉਣ 'ਤੇ ਕਿੰਨੇ ਦਿਨ ਲੱਗੇ? ਪਹਿਲੇ ਦਿਨ ਉਸ ਨੇ ਕੀ ਸਿਰਜਿਆ, ਦੂਜੇ ਤੇ ਤੀਜੇ ਦਿਨ ਕੀ, ਛੇ ਦਿਨ ਤਕ ਕੀ, ਕਿਉਂਕਿ ਸੱਤਵੇਂ ਦਿਨ ਉਹ ਹੋਰ ਕੁਝ ਨਹੀਂ ਬਣਾ ਸਕਿਆ ਹੋਣੈ ਅਤੇ ਆਰਾਮ ਕੀਤਾ ਹੋਣੈ?" ਸੂਰਜ ਤੇ ਤਾਰਾ-ਮੰਡਲ, ਦਹਿ ਲੱਖਾਂ ਤਾਰੇ, ਸਾਡੇ ਗ੍ਰਹਿ ਤੋਂ ਵੱਡੇ ਤੇ ਛੋਟੇ, ਅਤੇ ਹਰ ਤਰ੍ਹਾਂ ਦੇ ਪੌਦੇ ਤੇ ਜਾਨਵਰ, ਮਰਦ ਤੇ ਔਰਤ ਤੋਂ ਲੈ ਕੇ ਕੀਟ-ਪਤੰਗੇ, ਡੱਡੂ ਜਾਤੀ, ਰੋਗਾਣੂ ਤੇ ਕੀਟਾਣੂ ਸਿਰਜਣ ਦੇ ਦਿਓਕੱਦ ਕਾਰਜ ਦਾ ਨਿਬੇੜਾ ਕੁਝ ਸੰਖੇਪ ਸਵਾਲਾਂ-ਜਵਾਬਾਂ 'ਚ ਹੋ ਜਾਂਦਾ। ਇਹ ਕਈ ਸਾਲਾਂ ਤੱਕ ਵਾਰ-ਵਾਰ ਦੁਹਰਾਏ ਜਾਂਦੇ ਰਹੇ ਜਦੋਂ ਤੱਕ ਸਾਡਾ ਅਨਿੱਖੜ ਹਿੱਸਾ ਨਾ ਬਣ ਗਏ।

ਤਾਰਾ-ਵਿਗਿਆਨ, ਕੁਦਰਤ ਵਿਗਿਆਨ ਅਤੇ ਸੰਸਾਰ ਇਤਹਾਸ ਦੇ ਸਭ ਤੋਂ ਗੁੰਝਲਦਾਰ ਮਸਲਿਆਂ ਦੇ ਸੰਖੇਪ ਤੇ ਸਿੱਧੇ-ਸਾਦੇ ਨਿਚੋੜ, ਜਿਹੜੇ ਮੈਂ 1899 ਤੋਂ ਲੈ ਕੇ 1910 ਦੇ ਸਕੂਲੀ ਵਰ੍ਹਿਆਂ ਸਮੇਂ ਗ੍ਰਹਿਣ ਕੀਤੇ ਸੀ, ਦੀ ਵੀਹ ਸਾਲ ਬਾਦ ਮੈਨੂੰ ਓਦੋਂ ਮੁੜ-ਦੁਹਰਾਈ ਕਰਨੀ ਪਈ, ਉਸੇ ਪਾਠ ਦੇ ਸੰਸਕਾਰਵਾਦੀ ਲਫ਼ਜ਼ਾਂ 'ਚ, ਜਦੋਂ ਮੇਰੀ ਧੀ ਅਮਾਇਆ ਪਹਿਲੇ ਦਿਨ ਸਕੂਲੋਂ ਵਾਪਸ ਮੁੜੀ।

ਪਵਿੱਤਰ ਇਤਹਾਸ ਦੇ ਸਬਕਾਂ ਤੋਂ ਬਾਦ ਧਾਰਮਿਕ ਸਿੱਖਿਆ ਦੀ ਜਮਾਤ ਲੱਗਦੀ ਸੀ। ਸਾਡੇ ਅਧਿਆਪਕ ਤੇ ਪੁਜਾਰੀ ਸਿਰਜਣਹਾਰ ਦੀ ਹੋਂਦ ਤੇ ਸਰਵ-ਸ਼ਕਤੀਮਾਨਤਾ ਦੇ ਨਾਲ ਜਾਣ-ਪਛਾਣ ਕਰਾਉਂਦੇ ਅਤੇ ਸਾਨੂੰ ਉਸ ਦੇ ਅਣਬਦਲ ਨਿਯਮਾਂ ਅਤੇ ਅਟੱਲ ਨਿਆਂ ਤੋਂ ਜਾਣੂੰ ਕਰਾਉਂਦੇ। ਭਾਵੇਂ ਇਹ ਹੋਣੀਵਾਦ ਤੇ ਸਬਰ-ਸੰਤੋਖ ਦੀ ਭਾਵਨਾ ਪੈਦਾ ਕਰਨ ਵੱਲ ਰੁਚਿਤ ਸੀ, ਪਰ ਨਾਲ ਹੀ ਇਹ ਛੇਤੀ ਹੀ ਸੰਦੇਹਵਾਦ ਤੇ ਸ਼ੱਕ ਵੱਲ ਲੈ ਤੁਰਿਆ, ਕਿਉਂਕਿ, ਹਰ ਚੀਜ਼ ਦੇ ਬਾਵਜੂਦ, "ਆਤਮਾ ਦੀਆਂ ਤਾਕਤਾਂ" ਅਤੇ "ਯਾਦਦਾਸ਼ਤ, ਸਮਝ ਅਤੇ ਇੱਛਾ ਸ਼ਕਤੀ" ਸਾਡੇ ਕੋਲ ਵੀ ਸੀ।

ਮਿਸਾਲ ਵਜੋਂ, ਉਹ ਸਾਡੇ ਤੋਂ ਰੂਹਾਂ ਨੂੰ ਸ਼ੁੱਧੀ ਸਥਾਨ ਤੋਂ ਬਾਹਰ ਲਿਆਉਣ ਲਈ ਅਰਦਾਸ ਕਰਾਉਂਦੇ। ਤੇ ਇਕਵੰਜਵੇਂ ਭਜਨ ਜਾਂ Ora pro nobis ਦੀ ਨੀਰਸ ਬੰਦਗੀ ਸਮੇਂ ਸੰਦੇਹਵਾਦੀ ਸੋਚ ਅਚਾਨਕ ਇਸ ਤਰਕਪੂਰਨ ਸਵਾਲ ਨਾਲ ਮਨ ਨੂੰ ਰੁਸ਼ਨਾ ਦਿੰਦੀ : "ਜੇ ਰੱਬ ਦੇ ਫ਼ੈਸਲੇ ਅਟੱਲ ਹਨ ਅਤੇ ਜੇ ਉਸਨੇ ਇਨ੍ਹਾਂ ਰੂਹਾਂ ਨੂੰ ਸੈਂਕੜੇ ਸਾਲਾਂ ਲਈ ਸ਼ੁੱਧੀ-ਸਥਾਨ 'ਚ ਸਰਾਪਿਆ ਹੋਇਆ ਹੈ ਤਾਂ ਫਿਰ ਅਸੀਂ ਅਰਦਾਸ ਕਿਉਂ ਕਰ ਰਹੇ ਹਾਂ?"

ਮੇਰੇ ਕਸਬੇ ਦੇ ਗਿਰਜਾਘਰ ਵਿਚ, ਜਿੱਥੇ ਅਸੀਂ ਆਪਣੇ ਪਰਿਵਾਰ ਦੇ ਮ੍ਰਿਤਕਾਂ ਨੂੰ ਅਰਦਾਸ ਕਰਦੇ, "ਕਬਰ" ਸਾਖੀ ਦੀ ਵੇਦੀ ਦੇ ਨੇੜੇ ਸੀ, ਅਤੇ ਵੇਦੀ ਉੱਪਰ ਇਕ ਆਲੇ ਵਿਚ ਸ਼ੀਸ਼ੇ ਦਾ ਬਕਸਾ ਸੀ ਜਿਸ ਦੇ ਅੰਦਰ ਹੱਡੀਆਂ ਦੀ ਮੁੱਠ ਬਣੇ ਈਸਾ ਦੀ ਮੂਰਤੀ ਪਈ ਸੀ, ਇਸ ਦ੍ਰਿਸ਼ ਦੀ ਭਿਆਨਕਤਾ ਬਾਰੀਕ ਜਾਲੀਦਾਰ ਤੇ ਲੈਸਦਾਰ ਪਰਦੇ ਨਾਲ ਮੱਧਮ ਪਈ ਹੋਈ ਸੀ। ਸੰਤ ਜੌਹਨ ਅਤੇ ਉਦਾਸ ਮਰੀਅਮ ਈਸਾ ਦੀ ਸਦੀਵੀ ਨੀਂਦ ਵੱਲ ਇਸ ਆਲੇ ਦੇ ਉੱਪਰੋਂ ਆਪੋ ਆਪਣੀ ਗੁੱਠ 'ਚੋਂ ਤੱਕ ਰਹੇ ਸਨ, ਜਦਕਿ ਉਨ੍ਹਾਂ ਦਾ ਦਰਦ ਉਨ੍ਹਾਂ ਦੇ ਉਦਾਸ ਜ਼ਰਦ ਚਿਹਰਿਆਂ ਉੱਤੇ ਕਲਾਕਾਰੀ ਨਾਲ ਚਿਤਰਿਆ ਹੋਇਆ ਸੀ।

ਮੇਰਾ ਖ਼ਿਆਲ ਉਸ ਵੇਦੀ 'ਤੇ ਟਿਕਿਆ ਹੁੰਦਾ। ਗ਼ਮਗੀਨ ਮਾਂ ਤੇ ਉਸ ਦੇ ਮ੍ਰਿਤਕ ਪੁੱਤਰ ਦੇ ਦ੍ਰਿਸ਼ ਤੱਕਕੇ ਮੇਰੀਆਂ ਅੱਖਾਂ ਭਰ ਆਉਂਦੀਆਂ। ਮੈਂ ਉਸ ਸਾਧਾਰਣ ਕੁਆਰੀ ਮਾਂ ਦੇ ਜਿਉਂਦੇ ਜਾਗਦੇ ਅਕਸ ਦੀ ਪੂਜਾ ਕਰਦੀ, ਜਿਸ ਦਾ ਸੱਤ ਛੁਰਿਆਂ ਨਾਲ ਚੀਰਿਆ ਦਿਲ ਕਾਲੀ ਮਖ਼ਮਲੀ ਪੁਸ਼ਾਕ ਉੱਪਰ ਲਿਸ਼ਕ ਰਿਹਾ ਹੁੰਦਾ। ਕਦੇ-ਕਦਾਈਂ, ਜਦੋਂ ਮੋਮਬੱਤੀਆਂ ਦੀਆਂ ਲਾਟਾਂ ਦੀ ਲਿਸ਼ਕੋਰ ਕੁਆਰੀ ਮਾਂ ਦੇ ਚਿਹਰੇ 'ਚ ਜੜੇ ਸ਼ੀਸ਼ੇ ਦੇ ਹੰਝੂਆਂ 'ਚ ਨੱਚਦੀ, ਮੈਨੂੰ ਇੰਝ ਜਾਪਦਾ ਜਿਵੇਂ ਉਹ ਸੱਚੀਉਂ ਕੁਰਲਾ ਰਹੀ ਹੈ। ਇਸਦਾ ਮੇਰੇ ਉੱਪਰ ਡੂੰਘਾ ਅਸਰ ਪੈਂਦਾ।

ਮੇਰੇ ਕੋਲੋਂ ਕਦੇ ਇਹ ਸੋਚਣੋਂ ਨਾ ਰਿਹਾ ਜਾਂਦਾ ਕਿ ਇਹ ਦ੍ਰਿਸ਼ ਕਾਸਦਾ ਬਣਿਆ ਹੋਇਆ ਸੀ, ਜਾਂ ਇਹ ਦ੍ਰਿਸ਼ ਕਿਸ ਉਦੇਸ਼ ਲਈ ਬਣਾਇਆ ਗਿਆ ਸੀ। ਮੈਂ ਇਸ ਨੂੰ ਉਸੇ ਤਰਾਂ ਦੇਖਣ ਦੀ ਆਦੀ ਸੀ ਜਿਵੇਂ ਇਹ ਵੇਦੀ ਉੱਤੇ ਜਾਪਦਾ ਸੀ, ਤੇ ਜੇ ਕੋਈ ਮੈਨੂੰ ਪੁੱਛ ਲੈਂਦਾ, ਮੈਂ ਜਵਾਬ ਦੇਣੋਂ ਨਾ ਜਕਦੀ ਕਿ ਇਹ ਦੁਰਲੱਭ ਚੀਜ਼ਾਂ ਦਾ ਬਣਿਆ ਹੋਇਆ ਹੈ ਤੇ ਦੈਵੀ ਸੁਆਸ ਨਾਲ ਇਸ 'ਚ ਜਾਨ ਪਾਈ ਗਈ ਹੈ.......

ਇਹ ਸਿਲਸਿਲਾ ਮੇਰੇ ਯਕੀਨ ਨੂੰ ਡੂੰਘਾ ਸਦਮਾ ਪਹੁੰਚਣ ਦੇ ਦਿਨ ਤੱਕ ਚੱਲਦਾ ਰਿਹਾ। ਮੇਰੇ ਸਕੂਲ ਦੀ ਅਧਿਆਪਕਾ ਈਸਾ ਦੀ ਰੂਹ ਨਾਲ ਸੰਬੰਧਤ ਮਹਿਲਾ ਧਰਮ ਸੰਘ ਦੀ ਪ੍ਰਬੰਧਕ ਸੀ ਅਤੇ ਹਰੇਕ ਹਫ਼ਤੇ ਵੇਦੀ ਨੂੰ ਸਾਂਭਣ-ਸੰਵਾਰਨ ਦੀ ਜ਼ਿੰਮੇਵਾਰੀ ਉਸੇ ਦੀ ਸੀ। ਉਹ ਵੱਡੀ ਉਮਰ ਦੀਆਂ ਕੁੜੀਆਂ ਨੂੰ ਆਮ ਤੌਰ 'ਤੇ ਆਪਣੀ ਮਦਦ ਵਾਸਤੇ ਗਿਰਜਾ-ਘਰ ਆਪਣੇ ਨਾਲ

ਲੈ ਜਾਂਦੀ, ਅਤੇ ਮੈਂ ਵੀ ਕਈ ਦਿਨ ਉਸ ਦੇ ਨਾਲ ਜਾਂਦੀ ਰਹੀ, ਸਭ ਕੁਝ ਆਮ ਵਾਂਗ ਚੱਲਦਾ ਰਿਹਾ। ਪਰ ਇਸ ਦਿਨ, ਉਸ ਦੀਆਂ ਹਦਾਇਤਾਂ ਅਨੁਸਾਰ, ਮੈਂ ਇਕ ਆਲ਼ੇ ਨੂੰ ਝਾੜਣ ਪੂੰਝਣ ਵਾਸਤੇ ਵੇਦੀ ਵਾਲੇ ਤਖਤ ਪੋਸ਼ 'ਤੇ ਚੜ੍ਹ ਗਈ। ਜਦੋਂ ਮੈਂ ਮੂਰਤੀਆਂ ਵੱਲ ਪਿੱਠ ਕੀਤੇ ਬਿਨਾਂ, ਜਿਸ ਨੂੰ ਪਾਪੀ ਬੇਅਦਬੀ ਮੰਨਿਆ ਜਾਂਦਾ ਸੀ, ਹੇਠਾਂ ਉੱਤਰੀ ਤਾਂ ਮੈਂ ਵੇਦੀ ਦੀ ਸਿੱਲ ਉੱਪਰ ਆਪਣੇ ਪੈਰ ਨਾ ਰੱਖੇ ਜਾਣ ਤੋਂ ਬਚਣ ਲਈ ਮੋਢਿਆਂ ਉੱਪਰੋਂ ਦੀ ਦੇਖਿਆ। ਅਤੇ ਜਿਹੜਾ ਦ੍ਰਿਸ਼ ਮੈਂ ਦੇਖਿਆ ਉਸ ਨਾਲ ਮੇਰੇ ਕਦਮ ਉੱਥੇ ਹੀ ਜੰਮ ਗਏ। ਖ਼ੈਰਾਤੀ ਸੰਸਥਾ ਦੀਆਂ ਦੋ ਜਣੀਆਂ ਨੇ ਇਕ ਪਿੰਜਰ ਜਿਹਾ ਬਿਨਾ ਕਿਸੇ ਸਤਿਕਾਰ ਦੇ ਫੜਿਆ ਹੋਇਆ ਸੀ। ਜਿੱਥੇ ਲੱਤਾਂ ਹੋਣੀਆਂ ਚਾਹੀਦੀਆਂ ਸਨ ਉੱਥੇ ਲੱਕੜੀ ਦੀਆਂ ਫੱਟੀਆਂ ਦੀਆਂ ਦੋ ਤਿਕੋਣਾਂ ਸਨ। ਪੁਤਲਾ ਤਿਕੋਣਾਂ ਦੇ ਉੱਪਰ ਜੜਿਆ ਹੋਇਆ ਸੀ। ਬਾਹਲੇ ਚਿੱਟੇ ਹੱਥਾਂ 'ਚ ਜਾਕੇ ਖ਼ਤਮ ਹੁੰਦੀਆਂ ਮੋਟੀਆਂ ਤਾਰਾਂ ਲੱਕੜ ਦੇ ਬੂਰ ਦੇ ਥੈਲੇ ਦੇ ਪਾਸਿਆਂ ਤੋਂ ਨਿਕਲੀਆਂ ਹੋਈਆਂ ਸਨ, ਅਤੇ ਸਭ ਤੋਂ ਉੱਪਰ—ਉੱਪਰ ਵਾਲੇ ਦੀ ਕ੍ਰਿਪਾ!—ਕੁਆਰੀ ਮਰੀਅਮ ਦਾ ਸਿਰ ਸੀ। ਉਸਦੇ ਭੂਰੇ ਕੁੰਡਲਦਾਰ ਵਾਲ ਉਸ ਦੇ ਚਿਹਰੇ ਤੇ ਮੋਢਿਆਂ ਉੱਪਰੋਂ ਦੀ ਖਿੱਲਰੇ ਹੋਏ ਸਨ ਜਿਵੇਂ ਹੁਣੇ ਬਿਸਤਰੇ 'ਚੋਂ ਉੱਠੀ ਹੋਵੇ।

ਮੇਰੀ ਕੁਆਰੀ ਮਰੀਅਮ ਉਨ੍ਹਾਂ ਡਰਨਿਆਂ ਵਰਗੀ ਸੀ ਜਿਹੋ ਜਿਹੇ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਜਨੌਰਾਂ ਨੂੰ ਡਰਾਉਣ ਵਾਸਤੇ ਗੱਡੇ ਹੁੰਦੇ ਹਨ।

ਮੈਂ ਪੁਤਲੇ ਨੂੰ ਕੱਪੜੇ ਪਹਿਨਾਉਂਦੀਆਂ ਨੂੰ ਇਸ ਤਰ੍ਹਾਂ ਦੇਖਦੀ ਰਹੀ ਜਿਵੇਂ ਸੰਮੋਹਤ ਹੋ ਗਈ ਹੋਵਾਂ। ਪਹਿਲਾਂ ਉਨ੍ਹਾਂ ਨੇ ਮਲਮਲ ਦੀ ਸਮੀਜ਼, ਫਿਰ ਘੱਗਰੀ ਤੇ ਪੁਸ਼ਾਕ ਪਹਿਨਾਈ, ਫਿਰ ਉਨ੍ਹਾਂ ਨੇ ਉਸ ਦੇ ਵਾਲਾਂ ਦੇ ਕੁੰਡਲ ਸੰਵਾਰੇ ਅਤੇ ਅਖ਼ੀਰ ਚਾਂਦੀ ਰੰਗੀ ਕਢਾਈ ਵਾਲਾ ਕਾਲਾ ਚੋਗਾ, ਉਸ ਦਾ ਸਿਤਾਰਿਆਂ ਵਾਲਾ ਤਾਜ ਅਤੇ ਸੱਤ ਛੁਰਿਆਂ ਵਾਲਾ ਦਿਲ ਪਹਿਨਾ ਦਿੱਤੇ।

ਮੈਂ ਕੰਬ ਗਈ ਅਤੇ ਮੇਰੀ ਅਧਿਆਪਕਾ ਮੈਨੂੰ ਪੁੱਛਣ ਲੱਗੀ ਕੀ ਮੈਂ ਬੀਮਾਰ ਹੋ ਗਈ ਹਾਂ। ਥਥਲਾਉਂਦੀ ਹੋਈ ਨੇ ਮੈਂ ਬਹਾਨਾ ਲਾ ਦਿੱਤਾ। ਵੇਦੀ ਨੂੰ ਸਜਾ ਕੇ ਅਸੀਂ ਮੁੜ ਆਈਆਂ। ਮੈਂ ਕੁਆਰੀ ਮਰੀਅਮ ਵੱਲ ਝਾਕਿਆ ਵੀ ਨਹੀਂ।

ਉਸ ਰਾਤ ਮੈਨੂੰ ਕਾਲੇ ਜਾਂ ਜਾਮਣੀ ਮਖ਼ਮਲੀ ਪੁਸ਼ਾਕਾਂ ਵਾਲੇ ਪੂਰੀ ਦੁਨੀਆਂ 'ਚ ਖਿੰਡੇ ਡਰਨਿਆਂ ਦੇ, ਚਿਲਾਉਂਦੇ ਲੋਕਾਂ ਦੇ ਸੁਪਨੇ ਆਉਂਦੇ ਰਹੇ।

ਕਦੇ-ਕਦੇ ਘਰ 'ਚ ਆਪਣੀ ਮਾਂ ਨਾਲ ਮੇਰੇ ਛੋਟੇ ਭੈਣਾਂ-ਭਰਾਵਾਂ ਤੇ ਮੇਰੀ ਗਿਆਨ ਗੋਸ਼ਟੀ ਹੁੰਦੀ। ਸਾਡੇ 'ਚੋਂ ਕੋਈ ਜਣਾ ਉਸਨੂੰ ਪੁੱਛ ਲੈਂਦਾ:

"ਕੀ ਇਹ ਸੱਚ ਹੈ ਕਿ ਅਸੀਂ ਸਾਰੇ ਪ੍ਰਮਾਤਮਾ ਦੀ ਔਲਾਦ ਹਾਂ?"

"ਬਿਲਕੁਲ ਸੱਚ।"

"ਤੇ ਅਸੀਂ ਸਾਰੇ ਭਾਈ-ਭਾਈ ਹਾਂ?"

"ਹਰ ਕੋਈ।"

"ਜੇ ਫਿਰ ਫਲਾਣਾ-ਫਲਾਣਾ ਸਾਡੇ ਭਰਾ ਹਨ—ਤੇ ਅਸੀਂ ਕਸਬੇ ਦੇ ਸਭ ਤੋਂ ਅਮੀਰ ਵਿਅਕਤੀਆਂ ਦਾ ਨਾਂ ਲੈਂਦੇ—ਤਾਂ ਕਿਉਂ ਸਾਡੇ ਪਿਉ ਨੂੰ ਹਰ ਰੋਜ਼ ਕੰਮ 'ਤੇ ਜਾਣਾ ਪੈਂਦਾ ਹੈ, ਚਾਹੇ ਮੀਂਹ ਪਿਆ ਵਰ੍ਹਦਾ ਹੋਵੇ, ਤੇ ਉਨ੍ਹਾਂ ਦੇ ਪਿਉ ਉੱਕਾ ਹੀ ਕੰਮ ਨਹੀਂ ਕਰਦੇ, ਤੇ ਫਿਰ ਵੀ ਉਹ ਸਾਡੇ ਤੋਂ ਬਿਹਤਰ ਜ਼ਿੰਦਗੀ ਕਿਉਂ ਬਿਤਾਉਂਦੇ ਹਨ?"

ਇੱਥੇ ਆਕੇ ਸਾਡੀ ਮਾਂ ਦਾ ਧਰਮ-ਗਿਆਨ ਮੁੱਕ ਜਾਂਦਾ, ਅਤੇ, ਇਹ ਨਾ ਜਾਣਦਿਆਂ ਕਿ ਕੀ ਕਹਿਣਾ ਹੈ, ਉਹ ਗੁੱਸੇ ਨਾਲ ਕਹਿ ਦਿੰਦੀ:

"ਹੁਣ ਚੁੱਪ ਹੋ ਜਾਉ! ਬੱਚਿਆਂ ਨੂੰ ਅਜਿਹੇ ਸਵਾਲ ਨਹੀਂ ਪੁੱਛਣੇ ਚਾਹੀਦੇ।"

ਬੇਚਾਰੀ ਮਾਂ! ਉਹ ਸਾਨੂੰ ਉਸਦੀ ਵਿਆਖਿਆ ਕਿਵੇਂ ਕਰ ਦੇਂਦੀ ਜੋ ਹਕੀਕਤ 'ਚ ਉਸ ਲਈ ਇਕ ਦੁਖਦਾਈ ਬੁਝਾਰਤ ਸੀ, ਜਿਸ ਦਾ ਸਾਹਮਣਾ ਉਹ ਹਰ ਰੋਜ਼ ਆਪਣੇ ਬੁੱਲ੍ਹਾਂ ਉੱਤੇ ਲਾਜਵਾਬ "ਕਿਉਂ" ਨਾਲ ਕਰਦੀ, "ਕਿਉਂ" ਜਿਸਦਾ ਜਵਾਬ ਉਹ ਕਿਸੇ ਵੀ ਤਰ੍ਹਾਂ ਸੋਚ ਨਾ ਪਾਉਂਦੀ ਜਾਂ ਕਲਪਨਾ ਨਾ ਕਰ ਪਾਉਂਦੀ।

ਸਾਡੇ ਸਭ ਤੋਂ ਖੁਸ਼ੀ ਦੇ ਦਿਨ ਛੁੱਟੀਆਂ ਦੇ ਹੁੰਦੇ ਸਨ। ਸਾਡੀਆਂ ਮਾਵਾਂ ਸਾਨੂੰ ਪੂਰੀ ਤਰ੍ਹਾਂ ਆਪਣੀਆਂ ਜੁਗਤਾਂ ਸਹਾਰੇ ਛੱਡ ਦਿੰਦੀਆਂ। ਅਸੀਂ ਡੰਡੀਓ ਡੰਡੀ ਘੁੰਮਦਿਆਂ ਕਸਬੇ ਦੇ ਸਿਰੇ 'ਤੇ ਪਹੁੰਚ ਜਾਂਦੇ, ਅਸੀਂ ਨੇੜਲੇ ਪਹਾੜਾਂ ਦਾ ਸੈਰ ਸਪਾਟਾ ਕਰਦੇ ਰਹਿੰਦੇ, ਅਸੀਂ ਸੇਰਾਂਟੀਜ਼, ਮੌਨਟੈਨੋ ਜਾਂ ਪੁੰਟਾ ਲੂਸੀਰੋ 'ਤੇ ਚੜ੍ਹ ਜਾਂਦੇ, ਜਿਥੋਂ ਅਸੀਂ ਦੂਰ ਤੱਕ ਬਿਸਕੇ ਦੀ ਖਾੜੀ ਦੀ ਝਲਕ ਦੇਖਦੇ। ਤੇ ਅਸੀਂ ਸੁਪਨੇ ਲੈਂਦੇ, ਸੁਪਨੇ......।

ਅਸੀਂ ਅਰਜਨਟਾਈਨਾ ਦੇ ਤੇ ਮੈਕਸੀਕੋ ਦੇ, ਪੁਰਾਣਕ ਐਲਦੋਰੇਦੋ ਦੇ ਸੁਪਨੇ ਲੈਂਦੇ। ਅਸੀਂ ਸਮੁੰਦਰੀ ਖੋਜੀਆਂ ਦੇ ਨਾਂਅ ਚੇਤੇ ਕਰਦੇ.....ਕ੍ਰਿਸਟੋਫਰ ਕੋਲੰਬਸ! ਜੁਆਨ ਸੈਬੇਸਟੀਅਨ, ਬਲੈਕੋ! ਮੈਗੇਲਨ, ਪਿਜ਼ੈਰੋ, ਹਰਨਨ ਕੋਰਟਸ, ਵਾਸਕੋ ਡੀ ਗਾਮਾ! ਅਸੀਂ ਸਮੁੰਦਰ ਦੀ ਵਿਸ਼ਾਲਤਾ ਨੂੰ ਪਿਆਰਦੇ, ਜਿਸ ਦੀ ਸੀਮਾ ਅਸੀਂ ਅਨੰਤ ਸਮਝਦੇ।

ਗਰਮੀਆਂ 'ਚ ਅਸੀਂ ਜੰਗਲੀ ਬੇਰ ਤੇ ਮੈਡਰੋਨਾ ਸੇਬ ਤੋੜਨ ਅਤੇ ਪੱਤਝੜ ਮੌਕੇ ਅਖਰੋਟ ਚੁਗਣ ਲਈ ਪਹਾੜੀਆਂ 'ਤੇ ਚੜ੍ਹ ਜਾਂਦੇ। ਮੁਸ਼ਕਲ ਜ਼ਿੰਦਗੀ ਦੇ ਗਿੱਝੇ ਹੋਣ ਕਾਰਣ ਅਸੀਂ ਜੋਖ਼ਮ 'ਚ ਪੈਣੋ ਨਾ ਡਰਦੇ। ਅਸੀਂ—ਮੁੰਡੇ ਤੇ ਕੁੜੀਆਂ ਦੋਵੇਂ—ਖਾਣਾਂ 'ਚ ਦੌੜਾਂ ਲਾਉਂਦੇ ਰਹਿੰਦੇ, ਢੁਆਈ ਵਾਲੀਆਂ ਬੋਗੀਆਂ ਨਾਲ ਲਟਕ ਜਾਦੇ, ਤਿੱਖੀਆਂ ਚੋਟੀਆਂ ਤੋਂ ਫਿਸਲਦੇ; ਅਸੀਂ ਧਰਤੀ ਤੋਂ ਉੱਪਰ ਚੱਲਣ ਵਾਲੀਆਂ ਬੋਗੀਆਂ ਦੀਆਂ ਤਾਰਾਂ ਨਾਲ ਝੂਟਦੇ, ਸੁਰੰਗਾਂ 'ਚ ਗੀਂਘਦੇ; ਅਸੀਂ ਖਾਣ ਦੀ ਰੋੜ੍ਹ ਤੇ ਰੇਲ ਲਾਈਨਾਂ ਦੀਆਂ ਘੋੜੀਆਂ ਦੀ ਫਰੋਲਾ ਫਰਾਲੀ ਕਰਦੇ ਰਹਿੰਦੇ। ਸਾਡੇ ਕੋਲ ਖਿਡਾਉਣੇ ਨਹੀਂ ਸੀ ਹੁੰਦੇ, ਪਰ ਸਾਡੇ 'ਚੋਂ ਹਰ ਕੋਈ ਬੱਚਿਆਂ ਦੇ ਗੀਤਾਂ ਜਾਂ ਖੇਡ੍ਹਾਂ ਦਾ ਸੰਗ੍ਰਹਿ ਰਚ ਸਕਦਾ ਸੀ।

ਦਹਿਲਾ ਦੇਣ ਵਾਲੇ ਵਿਸ਼ਵਾਸ ਤੇ ਅੰਧਵਿਸ਼ਵਾਸ, ਜਿਨ੍ਹਾਂ ਨੂੰ ਗਿਰਜਾ ਘਰ ਸਹਿਣ ਕਰਦਾ ਤੇ ਉਤਸ਼ਾਹਤ ਕਰਦਾ, ਬਾਪ ਤੋਂ ਪੁੱਤ ਤੱਕ ਸੰਚਾਰ ਹੁੰਦੇ; ਇਨ੍ਹਾਂ 'ਚੋਂ ਕਈ ਟੂਣਾ ਕੀਤੇ ਜਾਂ ਬੁਰੀ ਰੂਹ ਦੀ ਲਪੇਟ 'ਚ ਆਏ ਵਿਅਕਤੀ ਨੂੰ ਬੁਰੀਆਂ ਰੂਹਾਂ ਤੋਂ ਛੁਡਾਉਣ ਨਾਲ ਸੰਬੰਧਤ ਹੁੰਦੇ ਸਨ। ਜਿਸ ਦਿਨ ਸਾਡਾ ਜਨਮ ਹੁੰਦਾ, ਸਾਡੀਆਂ ਮਾਵਾਂ ਸਾਡੀਆਂ ਪੇਟੀਆਂ ਜਾਂ ਬਲਾਊਜ਼ਾਂ 'ਚ ਨਿੱਕੇ ਨਿੱਕੇ ਤਬੀਤ ਸਿਉਂ ਦਿੰਦੀਆਂ। ਟਰਾਇਨੋ ਹਸਪਤਾਲ ਦੀਆਂ ਛੋਟੀਆਂ ਨਰਸਾਂ ਵੱਲੋਂ ਵੇਚੇ ਜਾਂਦੇ ਇਨ੍ਹਾਂ ਤਬੀਤਾਂ 'ਚ ਬਾਈਬਲ ਦੇ ਚਾਰ ਲੇਖਕਾਂ ਦੀਆਂ ਜਾਂ ਜਾਦੂ-ਟੂਣੇ ਦੇ ਸਰਪ੍ਰਸਤ ਸੰਤ ਪੀਟਰ ਜ਼ਾਰਿਕੁਵੇ ਦੀਆਂ ਮੂਰਤੀਆਂ ਹੁੰਦੀਆਂ।

ਦੋਖੀ ਜੀਵਾਂ ਨੂੰ ਹੱਲਾਸ਼ੇਰੀ ਨਾ ਮਿਲੇ, ਪਾਖੰਡੀਆਂ ਨੂੰ ਠੇਸ ਨਾ ਪਹੁੰਚੇ, ਇਸ ਲਈ ਮੈਂ ਵਿਸਥਾਰ 'ਚ ਨਹੀਂ ਜਾਵਾਂਗੀ ਕਿ ਕਿਵੇਂ ਦਸ ਸਾਲ ਦੀ ਉਮਰ 'ਚ, ਮੈਨੂੰ ਟੂਣਾ ਉਤਾਰਨ ਲਈ ਦਿਓਸਤੋ ਕਸਬੇ ਦੇ ਗਿਰਜਾ ਘਰ 'ਚ ਲਿਜਾਇਆ ਗਿਆ ਸੀ, ਜਿੱਥੇ ਸੈਨ ਫੈਲੀਸਿਜ਼ਮੋ ਸ਼ੁਸ਼ੋਭਤ ਸੀ। ਮੈਂ ਪੂਰੀ ਕਹਾਣੀ ਬਿਆਨ ਨਹੀਂ ਕਰਾਂਗੀ। ਤਾਂ ਕਿ ਉਤਸੁਕਤਾ ਬਣੀ ਰਹੇ ਕਿ ਮੇਰੇ ਸਰੀਰ 'ਚੋਂ ਸੱਚੀਂ ਮੁੱਚੀ ਕਦੇ ਭੂਤ ਕੱਢੇ ਗਏ ਸਨ!

ਭੂਤਾਂ ਦਾ ਭੈਅ ਬੱਚਿਆਂ ਤੇ ਬਾਲਗਾਂ ਦੋਵਾਂ 'ਚ ਫੈਲਿਆ ਹੋਇਆ ਸੀ।

ਜਿਵੇਂ "ਸ਼ੈਤਾਨਾਂ ਤੇ ਚੁੜੇਲਾਂ ਦੇ ਅੱਧੀ ਰਾਤੀਂ ਇਕੱਠ," ਦੇ ਵਿਸ਼ਵਾਸ ਵਾਲੇ, ਚਮਤਕਾਰਾਂ ਅਤੇ ਅਗਨੀ ਦੰਡ ਦੀ ਵਿਸ਼ੇਸ਼ਤਾ ਵਾਲੇ ਪੁਰਾਤਨ ਯੁੱਗਾਂ 'ਚ ਹੋਇਆ ਕਰਦਾ ਸੀ, ਪਿੰਡ ਵਾਸੀ ਦਾਅਵਾ ਕਰਦੇ ਕਿ ਉਨ੍ਹਾਂ ਨੇ ਗਿਰਜਾ ਘਰ ਦੇ "ਆਤਮਾ ਸ਼ੁੱਧੀ ਸਥਾਨ 'ਚ ਰੂਹਾਂ" ਦੇਖੀਆਂ ਸਨ, ਰੂਹਾਂ ਜਿਨ੍ਹਾਂ ਦੇ ਪਹਿਲੇ ਸਰੀਰ ਪੁਰਾਣਕ ਮਲਾਹ ਕੈਰਨ ਦੀ ਬੇੜੀ 'ਚ ਬੈਠਕੇ ਦੂਰ ਚਲੇ ਗਏ ਸਨ, ਕਿ ਉਨ੍ਹਾਂ ਨੇ ਇਕ ਸੰਤ ਨਾਲ ਕੀਤਾ ਇਕਰਾਰ ਨਹੀਂ ਨਿਭਾਇਆ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਅਦਿੱਖ ਰੂਹਾਂ ਦਾ ਇਕੋ ਇਕ ਮੰਤਵ ਮ੍ਰਿਤਕ ਦੇ ਸਾਬਕਾ ਦੋਸਤਾਂ ਜਾਂ ਸਕੇ ਸੰਬੰਧੀਆਂ ਨੂੰ ਜਨਤਾ 'ਚ ਜਾਂ ਕੈਥੋਲਿਕ ਗਿਰਜਾ ਘਰ ਦੀ ਨੌ ਰੋਜ਼ਾ ਅਰਦਾਸ 'ਚ ਜਾ ਕੇ ਉਸਦੀ ਅਦਾਇਗੀ ਕਰਨ ਦੀ ਮੰਗ ਕਰਨਾ ਸੀ ਜੋ ਵਾਅਦਾ ਉਨ੍ਹਾਂ ਨੇ ਆਪਣੇ ਜੀਵਨ ਕਾਲ ਸਮੇਂ ਕੀਤਾ ਸੀ, ਕਿਉਂਕਿ ਸਵਰਗ ਦੀਆਂ ਮੰਗਾਂ ਸਖ਼ਤ ਸਨ, ਅਤੇ ਕੋਈ ਵੀ ਕਰਜ਼ਾਈ ਹਾਲਤ 'ਚ ਸਵਰਗ 'ਚ ਦਾਖ਼ਲ ਨਹੀਂ ਹੋ ਸਕਦਾ ਸੀ। ਇੰਜ ਜਾਪਦਾ ਜਿਵੇਂ ਸੰਤ ਪੀਟਰ ਦਾ ਦਫ਼ਤਰ, ਮ੍ਰਿਤਕਾਂ ਦੀਆਂ ਰੂਹਾਂ ਦੇ ਨਾਲ ਹੀ ਕਰਜ਼ਦਾਰਾਂ ਦੀਆਂ ਕਾਲੀਆਂ ਸੂਚੀਆਂ ਵੀ ਲੈਂਦਾ ਹੋਵੇ! ਅਤੇ ਸਵਰਗ ਦਾ ਦਰਬਾਨ ਐਨ ਉਸੇ ਤਰਾਂ ਕਰਦਾ ਹੋਵੇ ਜਿਵੇਂ ਵਿਜ਼ਕਾਇਆ ਦੀ ਖਾਣ ਦਾ ਨਿਗਰਾਨ ਜਾਂ ਪ੍ਰਬੰਧਕ ਕਰਦਾ ਹੈ: "ਹੂੰ ਤੁਹਾਡੇ ਸਿਰ ਕਰਜ਼ਾ ਹੈ? ਤਾਂ ਫਿਰ, ਤੁਹਾਡੇ ਲਈ ਸਵਰਗ 'ਚ ਕੋਈ ਥਾਂ ਨਹੀਂ।" ਅਤੇ ਬੇਚਾਰੀ ਰੂਹ ਟਿਕਾਣੇ ਦੀ ਭਾਲ 'ਚ ਓਦੋਂ ਤੱਕ ਭਟਕਦੀ ਰਹਿੰਦੀ, ਜਦੋਂ ਤੱਕ ਉਸ ਨੂੰ ਪ੍ਰਮੁੱਖ ਫਰਿਸ਼ਤਾ ਟੱਕਰ ਨਾ ਜਾਂਦਾ ਜੋ ਰਿਸ਼ਵਤ ਲੈਣ ਦਾ ਵਿਰੋਧੀ ਨਾ ਹੁੰਦਾ।

ਗਰਮੀ ਦੀਆਂ ਤਰਕਾਲਾਂ ਨੂੰ ਅਸੀਂ ਆਪਣੀਆਂ ਸਰਦਲਾਂ 'ਤੇ ਬੈਠਕੇ ਬਾਤਾਂ ਪਾਉਂਦੇ; ਅਕਸਰ ਹੀ ਇਹ ਗ਼ੈਰ-ਕੁਦਰਤੀ ਤਾਕਤਾਂ ਦੀਆਂ ਬਾਤਾਂ ਹੁੰਦੀਆਂ ਅਤੇ ਸਾਡੀਆਂ ਆਵਾਜ਼ਾਂ ਭੈਅ ਨਾਲ ਕੰਬ ਜਾਂਦੀਆਂ। ਫਿਰ ਗਲੀ ਦੀ ਖ਼ਾਮੋਸ਼ੀ ਸਾਡੀਆਂ ਮਾਵਾਂ ਦੀਆਂ ਸਾਨੂੰ ਸੌਂ ਜਾਣ ਦੀਆਂ ਹਦਾਇਤਾਂ ਦੀ ਕਾਵਾਂ-ਰੌਲੀ ਨਾਲ ਭੰਗ ਹੋ ਜਾਂਦੀ; ਆਪਣੀਆਂ ਹੀ ਬਾਤਾਂ ਤੋਂ ਦਹਿਲੇ ਹੋਏ, ਅਸੀਂ ਨੇੜ੍ਹੇ 'ਚ ਭੂਤ ਚਿੰਬੜ ਜਾਣ ਦੇ ਡਰੋਂ ਹਿੱਲਣ ਦੀ ਹਿੰਮਤ ਨਾ ਕਰਦੇ। ਤਦ ਸਾਡੀਆਂ ਮਾਵਾਂ ਜਾਂ ਵੱਡੀਆਂ ਭੈਣਾਂ ਸਾਨੂੰ ਭਾਲਦੀਆਂ ਆ ਜਾਂਦੀਆਂ ਤੇ ਸਾਡੇ ਚਪੇੜਾਂ ਜੜ੍ਹਕੇ ਘਰ ਲੈ ਜਾਂਦੀਆਂ ਜੋ ਐਨੀਆਂ ਕਰਾਰੀਆਂ ਹੁੰਦੀਆਂ ਕਿ ਗ਼ੈਬੀ ਬਾਸ਼ਿੰਦੇ ਛੂ-ਮੰਤਰ ਹੋ ਜਾਂਦੇ।

ਖਾਣ ਮਜ਼ਦੂਰਾਂ ਦੇ ਘਰਾਂ ਦੀਆਂ ਪੌੜੀਆਂ ਘੁੱਪ-ਹਨੇਰ ਹੁੰਦੀਆਂ ਸਨ; ਇਵੇਂ ਹੀ ਰਾਤ ਨੂੰ ਗਲੀਆਂ ਘੁੱਪ-ਹਨੇਰ ਹੁੰਦੀਆਂ; ਗਲੀ 'ਚ ਲੱਗੀਆਂ ਲਾਲਟੈਣਾਂ ਮਸਾਂ ਹੀ ਚਾਨਣ ਕਰਦੀਆਂ। ਬਾਦ 'ਚ ਉਦੋਂ ਤੱਕ ਇੰਜ ਹੀ ਰਿਹਾ, ਜਦੋਂ ਤੱਕ ਬਿਜਲੀ ਦੀਆਂ ਤਾਰਾਂ ਨਹੀਂ ਪੈ ਗਈਆਂ। ਵਧੇਰੇ ਡਰਾਕਲ ਔਰਤਾਂ ਤੇ ਬੱਚਿਆਂ ਨਾਲ ਸ਼ਰਾਰਤਾਂ ਕਰਕੇ ਆਨੰਦ ਲੈਣ 'ਚ ਹਨੇਰਾ ਸਾਡਾ ਸਾਥ ਦਿੰਦਾ। ਅਸੀਂ ਬਗ਼ੀਚੀਆਂ 'ਚੋਂ ਕੱਦੂ ਤੋੜ ਲੈਂਦੇ ਜਾਂ ਉਸ ਸ਼ੈੱਡ 'ਚੋਂ ਚੁਰਾ ਲੈਂਦੇ ਜਿੱਥੇ ਸੂਰਾਂ ਨੂੰ ਪਾਉਣ ਲਈ ਉਨ੍ਹਾਂ ਦਾ ਢੇਰ ਲਾਇਆ ਹੁੰਦਾ। ਪਹਿਲਾਂ ਅਸੀਂ ਇਨ੍ਹਾਂ ਨੂੰ ਅੰਦਰੋਂ ਖੋਖਲੇ ਕਰ ਲੈਂਦੇ, ਫਿਰ ਅਸੀਂ ਉਸ 'ਚ ਅੱਖਾਂ, ਨੱਕ ਅਤੇ ਮੂੰਹ ਰੂਪੀ ਮੋਰੀਆਂ ਕਰਕੇ ਕੱਦੂ ਨੂੰ ਅਸਲੀ ਖੋਪੜੀ ਵਰਗਾ ਬਣਾ ਲੈਂਦੇ ਜਿਹੋ ਜਹੀਆਂ ਅਸੀਂ ਅਕਸਰ ਕਬਰਸਤਾਨ ਦੇ ਮੁਰਦਾਘਰ 'ਚ ਦੇਖਦੇ ਸਾਂ। ਫਿਰ ਅਸੀਂ ਮੋਰੀਆਂ ਨੂੰ ਲਾਲ ਪਿਆਜ ਦੇ ਛਿਲਕੇ ਨਾਲ ਬੰਦ ਕਰਕੇ ਇਸ ਦੇ ਅੰਦਰ ਜਗਦੀ ਹੋਈ ਮੋਮਬੱਤੀ ਰੱਖ ਦਿੰਦੇ; ਹਨੇਰੇ 'ਚ ਇਸ ਦਾ ਡਰਾਉਣਾ ਪ੍ਰਭਾਵ ਪੈਂਦਾ।

ਇਸ ਕੱਦੂ-ਖੋਪੜੀ ਨੂੰ ਸੋਟੀ ਦੀ ਨੋਕ 'ਤੇ ਟੰਗ ਕੇ ਅਸੀਂ ਆਪਣੀ ਪਸੰਦ ਦੀਆਂ ਪੌੜੀਆਂ ਦੇ ਸਭ ਤੋਂ ਹਨੇਰੇ ਖੂੰਜੇ 'ਚ ਰੱਖ ਦਿੰਦੇ ਤੇ ਦਰਵਾਜ਼ੇ 'ਤੇ ਬੈਠਕੇ ਇਸ ਦੇ ਨਤੀਜੇ ਉਡੀਕਦੇ। ਅਸੀਂ ਤਕਰੀਬਨ ਹਮੇਸ਼ਾ ਸਫ਼ਲ ਹੁੰਦੇ; ਭੈਭੀਤ ਹੋਏ ਪੀੜਤਾਂ ਦੀਆਂ ਚੀਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ

ਦੀਆਂ ਫਿਟਕਾਰਾਂ ਨਾਲ ਘਰ 'ਚ ਹਾਲ ਦੁਹਾਈ ਮਚ ਜਾਂਦੀ। ਇਸੇ ਸਮੇਂ ਸਾਡਾ ਹਾਸਾ ਛੁੱਟ ਪੈਂਦਾ, ਜਿਸ 'ਚ ਘਬਰਾਹਟ ਵੀ ਰਲੀ ਹੁੰਦੀ, ਕਿਉਂਕਿ ਅਸੀਂ ਖ਼ੁਦ ਵੀ ਸਹਿਮ ਜਾਂਦੇ ਸਾਂ।

ਇਕ ਵਾਰ ਸਾਡੀ ਚਲਾਕੀ ਠੁੱਸ ਹੋ ਗਈ; ਇਸ ਤੋਂ ਬਾਦ ਇਹ ਕਦੇ ਨਾ ਦੁਹਰਾਈ। ਸਾਡੇ ਗੁਆਂਢ ਦਫ਼ਤਰ 'ਚ ਕੰਮ ਕਰਦੇ ਮਜ਼ਦੂਰ ਦਾ ਪਰਿਵਾਰ ਰਹਿੰਦਾ ਸੀ, ਜਿਸਦੇ ਮੈਂਬਰਾਂ 'ਚ ਇੱਕ ਐਸਾ ਲਾਡਲਾ ਬੱਚਾ ਵੀ ਸੀ ਜੋ ਕਦੇ ਵੀ ਸਾਡੇ ਨਾਲ ਨਹੀਂ ਸੀ ਖੇਡਦਾ। ਆਪਣੇ ਰਾਹ ਦੀਆਂ ਤਮਾਮ ਰੁਕਾਵਟਾਂ ਆਪਣੇ ਮਾਪਿਆਂ ਤੋਂ ਦੂਰ ਕਰਾਉਣ ਦਾ ਆਦੀ ਹੋਣ ਕਰਕੇ ਉਹ ਐਨਾ ਸਾਹ-ਸਤਹੀਣ ਹੋ ਗਿਆ ਸੀ ਕਿ ਆਪਣੇ ਆਪ ਚਿੱਕੜ ਵਾਲਾ ਟੋਆ ਵੀ ਨਹੀਂ ਸੀ ਲੰਘ ਸਕਦਾ। ਉਹ ਚੁਗਲਖ਼ੋਰ ਵੀ ਸੀ। ਕਿਉਂਕਿ ਅਸੀਂ ਉਸ ਦੀ ਡਰਪੋਕਤਾ ਜਾਣਦੇ ਸੀ, ਅਸੀਂ ਨਾ ਸਿਰਫ ਕੱਦੂ-ਖੋਪੜੀ ਤਿਆਰ ਕੀਤੀ ਸਗੋਂ ਇਕ ਸੱਚੀਮੁੱਚੀਂ ਦਾ ਜਿਉਂਦਾ ਜਾਗਦਾ "ਭੂਤ" ਵੀ ਤਿਆਰ ਕਰ ਲਿਆ, ਜਿਸ ਦਾ ਕੰਮ ਦ੍ਰਿਸ਼ ਨੂੰ ਹੋਰ ਯਥਾਰਥਵਾਦੀ ਬਣਾਉਣਾ ਸੀ।

ਸਾਡੇ ਗਰੁੱਪ 'ਚੋਂ ਇਕ ਜਣਾ ਸਵੈ-ਇੱਛਾ ਨਾਲ "ਭੂਤ" ਬਣਨ ਲਈ ਤਿਆਰ ਹੋ ਗਿਆ। ਪੱਸਲੀਆਂ ਦੀ ਨਕਲ ਕਰਨ ਲਈ ਅਸੀਂ ਉਸ ਦੀ ਬੁਨੈਣ ਉੱਤੇ ਕੁਝ ਲਕੀਰਾਂ ਵਾਹ ਦਿੱਤੀਆਂ; ਇਹ ਲਕੀਰਾਂ ਮਾਚਿਸ ਦੀ ਫਾਸਫੋਰਸ ਵਾਲੀ ਸੀਖ ਦੀ ਨੋਕ ਨਾਲ ਵਾਹੀਆਂ ਸਨ, ਤਾਂ ਕਿ ਹਨੇਰੇ 'ਚ ਪੱਸਲੀਆਂ ਫਿੱਕੀ ਹਰੀ ਲੋਅ ਨਾਲ ਚਮਕਣ। ਇਸੇ ਤਰੀਕੇ ਨਾਲ ਅਸੀਂ ਉਸਦੀਆਂ ਹਥੇਲੀਆਂ ਬਣਾਈਆਂ, ਤਾਂ ਕਿ ਉਹ ਵੱਡੇ-ਵੱਡੇ ਜੁਗਨੂਆਂ ਵਾਂਗ ਚਮਕਣ।

ਅਸੀਂ ਕੱਦੂ ਨੂੰ ਆਮ ਵਾਂਗ ਹਨੇਰੇ 'ਚ ਰੱਖਕੇ ਆਪਣੇ "ਪਿੰਜਰ" ਦੇ ਨੇੜੇ ਖੜ੍ਹੇ ਹੋ ਗਏ, ਉਸ ਦੇ ਚਮਕਦੇ ਹੱਥ ਡਰਾਉਣੇ ਇਸ਼ਾਰੇ ਕਰਦੇ ਹਿੱਲ ਰਹੇ ਸਨ। ਫਿਰ ਕਹਾਣੀ ਦਾ ਸਿਖ਼ਰ ਆਣ ਪੁੱਜਿਆ। ਸਾਡਾ ਸ਼ਿਕਾਰ, ਜੋ ਆਪਣੇ ਪਿਉ ਦੇ ਕੰਮ ਗਿਆ ਹੋਇਆ ਸੀ, ਡਿਓੜੀ 'ਚ ਵੜ ਗਿਆ; ਅਸੀਂ ਸਾਹ ਰੋਕ ਕੇ ਤੇ ਇਕ ਦੂਜੇ ਨੂੰ ਕੂਹਣੀਆਂ ਮਾਰਦੇ ਖ਼ਾਮੋਸ਼ ਅੱਗੇ ਵਧੇ। ਉਹ ਬਿਨਾ ਕੋਈ ਆਵਾਜ਼ ਕੀਤੇ, ਬੋਚ ਬੋਚਕੇ ਪੌੜੀਆਂ ਚੜ੍ਹ ਰਿਹਾ ਸੀ ਤਾਂ ਕਿ ਆਪਣੀ ਪੈੜਚਾਲ ਤੋਂ ਵੀ ਡਰ ਨਾ ਲੱਗੇ। ਅਚਾਨਕ ਜ਼ੋਰਦਾਰ ਖੜਾਕ ਹੋਇਆ, ਇਕਦਮ ਸ਼ੀਸ਼ਾ ਟੁੱਟਣ ਦੀ ਛਣਕਾਰ ਸੁਣਾਈ ਦਿੱਤੀ—ਲੜਕਾ ਆਪਣੇ ਪਿਉ ਲਈ ਸ਼ਰਾਬ ਦੀ ਬੋਤਲ ਲਿਜਾ ਰਿਹਾ ਸੀ—ਅਤੇ ਨਾਲ ਹੀ ਇਕ ਭਿਆਨਕ ਚੀਕ। "ਬ....ਾ....ਪੂ! ਬ...ਾ....ਪ...ੂ!" ਸਾਡਾ ਪਿੰਜਰ ਚਮਕਦੇ ਹੱਥ ਹਿਲਾਉਂਦਾ ਰਿਹਾ।

ਫਿਰ ਦਰਵਾਜ਼ਾ ਖੁੱਲ੍ਹਿਆ ਤੇ ਲੜਕੇ ਦਾ ਬਾਪ, ਹੱਥ 'ਚ ਲਾਲਟੈਣ ਫੜੀ, ਸਰਦਲ 'ਤੇ ਆ ਖੜ੍ਹਿਆ। ਉਸਦੀ ਨਿਗਾਹ ਦ੍ਰਿਸ਼ 'ਤੇ ਪਈ, ਤੇ ਉਸ ਦਾ ਗੁੱਸਾ ਹੱਦਾਂ ਟੱਪ ਗਿਆ। ਸਾਡਾ ਪਿੰਜਰ ਹੈਰਾਨੀ 'ਚ ਐਨਾ ਬੌਂਦਲ ਗਿਆ ਸੀ ਕਿ ਉਹ ਚਾਹੁੰਦਾ ਸੀ ਕਿ ਧਰਤੀ ਵਿਹਲ ਦੇ ਦੇਵੇ ਤੇ ਉਸ ਨੂੰ ਅੰਦਰ ਸਮਾ ਲਵੇ। ਉਸਨੇ ਪਾਸਾ ਮੋੜਕੇ, ਆਪਣੀਆਂ ਚਮਕਦੀਆਂ ਪਸਲੀਆਂ ਛੁਪਾਉਣ ਦਾ ਯਤਨ ਕੀਤਾ; ਤੇ ਉਹ ਭੱਜ ਜਾਣਾ ਚਾਹੁੰਦਾ ਸੀ ਪਰ ਉੱਥੇ ਹੀ ਪੱਥਰ ਬਣਿਆ ਰਿਹਾ।

ਗੁੱਸੇ 'ਚ ਭਰੇ ਪੀਤੇ ਪਿਉ ਨੇ ਉਸ ਨੂੰ ਕਾਲਰ ਤੋਂ ਫੜ੍ਹ ਲਿਆ ਤੇ ਵਾਹਵਾ ਘਸੁੰਨ ਜੜੇ; ਫਿਰ ਕੱਦੂ ਚੁੱਕਕੇ ਪੌੜੀਆਂ 'ਚ ਵਗਾਹ ਮਾਰਿਆ; ਓਥੇ ਕੰਨ ਪਾੜਵੀਂ ਆਵਾਜ਼ ਨਾਲ ਇਹ ਖੱਖੜੀਆਂ ਹੋ ਗਿਆ। ਹੈਰਾਨ-ਪ੍ਰੇਸ਼ਾਨ ਹੋਏ ਅਸੀਂ ਸਾਡੇ ਭੂਤ ਦੇ ਪ੍ਰਗਟ ਹੋਣ ਦੀ ਇੰਤਜ਼ਾਰ 'ਚ ਸਾਂ; ਜਦੋਂ ਅਸੀਂ ਉਸ ਨੂੰ ਇਕੋ ਸਮੇਂ ਹੱਸਦਿਆਂ ਤੇ ਚੀਕਦਿਆਂ, ਪਿਉ-ਪੁੱਤ ਨੂੰ ਲਾਹਣਤਾਂ ਪਾਉਂਦੇ ਦੇਖਿਆ ਤਾਂ ਅਸੀਂ ਸੁੱਖ ਦਾ ਸਾਹ ਲਿਆ। ਉਸਨੇ ਸਾਨੂੰ ਆਪਣੇ ਯੁੱਧ ਦੇ ਨਿਸ਼ਾਨ

ਦਿਖਾਏ; ਅਤੇ ਕਸਮ ਖਾਧੀ ਕਿ ਉਹ ਬਚਾਅ ਲਈ ਆਪਣੇ ਪਿਉ ਨੂੰ ਸੱਦਣ ਵਾਲੇ ਉਸ ਡਰਪੋਕ ਛੋਕਰੇ ਦਾ ਜਬਾੜਾ ਭੰਨਕੇ ਹਟੇਗਾ।

ਖਾਣ ਮਾਲਕਾਂ ਵੱਲੋਂ ਸ਼ਸ਼ਕੇਰੀ ਖੇਤਰੀ ਸ਼ਰੀਕੇਬਾਜ਼ੀ ਦਾ ਪ੍ਰਗਟਾਵਾ ਮਜ਼ਦੂਰਾਂ 'ਚ ਇਲਾਕਿਆਂ ਤੇ ਪਿੰਡਾਂ ਵਿਚਕਾਰ ਜ਼ਬਰਦਸਤ ਮੁਕਾਬਲੇਬਾਜ਼ੀ 'ਚ ਹੋਣ ਲੱਗਿਆ, ਇੱਥੋਂ ਤੱਕ ਕਿ ਬੱਚੇ ਵੀ ਇਸ 'ਚ ਸ਼ਾਮਲ ਹੁੰਦੇ।

ਆਪਣੇ ਪਿਉ ਜਾਂ ਭਰਾਵਾਂ ਲਈ ਦੁਪਹਿਰ ਜਾਂ ਰਾਤ ਦਾ ਖਾਣਾ ਕੌਂਚਾ ਖਾਣ 'ਚ ਪਹੁੰਚਾਉਣ ਲਈ, ਅਸੀਂ ਲਾ ਕੌਂਚਾ ਪਿੰਡ 'ਚੋਂ ਲੰਘਕੇ ਜਾਂਦੇ ਸਾਂ। ਲਾ ਕੌਂਚਾ ਦੇ ਬੱਚੇ ਸਾਡੇ ਘੋਰ ਦੁਸ਼ਮਣ ਸਨ; ਤੇ ਹਰ ਰੋਜ਼ ਉਹ ਸਾਡੇ ਨਾਲ ਘਸੁੰਨ ਮੁੱਕੀ ਹੁੰਦੇ ਤੇ ਝਗੜਦੇ। ਅਸੀਂ ਖਾਣੇ ਦੇ ਡੱਬੇ ਤੇ ਟੋਕਰੀਆਂ ਹਵਾ 'ਚ ਲਹਿਰਾਉਂਦੇ ਜਾਂ ਢਲਾਣਾਂ 'ਤੇ ਲੋਟਣੀਆਂ ਖਾਂਦੇ, ਜਦੋਂਕਿ ਭੇੜ 'ਚ ਰੁੱਝੇ ਬੱਚੇ ਜ਼ਮੀਨ 'ਤੇ ਡਿੱਗੇ ਇੱਕ ਦੂਜੇ ਦੇ ਘਸੁੰਨ ਜੜ੍ਹਦੇ ਤੇ ਘਰੂਟ ਵੱਢਦੇ। ਰੁਮਾਲਾਂ 'ਚ ਲਪੇਟੇ ਵੱਟੇ ਸਾਡੇ ਹਥਿਆਰ ਬਣ ਜਾਂਦੇ। ਲਾ ਕੌਂਚਾ ਦਾ ਜਿਹੜਾ ਕੋਈ ਮੁੰਡਾ "ਸਾਡੇ ਇਲਾਕੇ" ਗਾਲਰਟਾ 'ਚ ਵੜਨ ਦੀ ਹਿੰਮਤ ਕਰਦਾ, ਉਸ ਨੂੰ ਵੀ ਇਸੇ ਤਰ੍ਹਾਂ ਦੇ ਵਰਤਾਅ ਦਾ ਖ਼ਤਰਾ ਰਹਿੰਦਾ।

ਜਦੋਂ ਵੀ ਅਸੀਂ ਖਾਣਾਂ 'ਚ ਦੁਪਹਿਰ ਦਾ ਖਾਣਾ ਦੇਣ ਜਾਂਦੇ ਤਾਂ ਅਸੀਂ "ਦੁਸ਼ਮਣ ਦੇ ਇਲਾਕੇ" ਵਿਚੋਂ ਦੀ ਛੋਟੇ-ਛੋਟੇ ਭੀੜੇ ਝੁੰਡ ਬਣਾਕੇ ਲੰਘਦੇ, ਸਾਡੇ ਵਿਚੋਂ ਜ਼ਿਆਦਾ ਦਲੇਰ ਵਗਲਾਂ 'ਤੇ ਰਹਿਕੇ ਸਾਡੀ ਰਾਖੀ ਕਰਦੇ: "ਕੌਂਚੇਰੋ" ਜਦੋਂ ਗਾਲਰਟਾ ਵਿਚੋਂ ਦੀ ਲੰਘਦੇ ਤਾਂ ਉਹ ਵੀ ਇਹੋ ਨੀਤੀ ਅਪਣਾਉਂਦੇ। ਇੰਜ, ਦੋ ਬੱਚਿਆਂ ਦਾ ਝਗੜਾ ਕਈਆਂ ਦੀ ਗਹਿਗੱਚ ਲੜਾਈ ਬਣ ਜਾਂਦਾ, ਮੁੱਖ ਹਥਿਆਰ ਵੱਟੇ ਹੁੰਦੇ: ਇਹ ਜਾਂ ਤਾਂ ਸਿੱਧੇ ਮਾਰੇ ਜਾਂਦੇ ਜਾਂ ਫਿਰ ਗੁਲੇਲ ਨਾਲ। ਕੁਝ ਬੱਚੇ ਵਿਲੱਖਣ ਨਿਸ਼ਾਨਚੀ ਹੁੰਦੇ; ਉਹ ਜਿੱਥੇ ਵੀ ਨਿਸ਼ਾਨਾ ਲਾਉਂਦੇ, ਪੱਥਰ ਐਨ ਉੱਥੇ ਜਾ ਵੱਜਦਾ। ਛੋਟੇ ਬੱਚਿਆਂ ਦੀ ਭੂਮਿਕਾ ਪਿੱਛੇ ਰਹਿਕੇ ਚੌਕਸੀ ਨਾਲ ਕਾਰਵਾਈ ਕਰਨ ਦੀ ਹੁੰਦੀ।

ਕੌਂਚਾ ਵਾਲਿਆਂ ਦਾ ਇੱਕ ਆਗੂ ਸੀ ਜਿਸ ਨੂੰ ਅਸੀਂ "ਕੈਨਾਨਸ" (ਕਾਰਤੂਸੀ ਪੇਟੀ) ਕਹਿੰਦੇ ਕਿਉਂਕਿ ਉਹ ਕਾਰਤੂਸ ਪਾਉਣ ਵਾਲੇ ਵੱਡੇ-ਵੱਡੇ ਬੋਝਿਆਂ ਵਾਲੀ ਪੁਰਾਣੇ ਸ਼ਿਕਾਰੀਆਂ ਵਾਲੀ ਪੇਟੀ ਬੰਨਕੇ ਰੱਖਦਾ ਸੀ। ਕੈਨਾਨਸ ਬਹਾਦਰ ਤੇ ਦਲੇਰ ਸੀ, ਫਿਰ ਵੀ ਇਹ ਸੱਚ ਸੀ ਕਿ ਉਹ ਵੀ ਕਈ ਵਾਰ ਪੱਥਰਬਾਜ਼ੀ ਦਾ ਸ਼ਿਕਾਰ ਹੋਇਆ। ਉਸ ਦੇ ਚਿਹਰੇ ਤੇ ਜੱਤਲ ਦੇਹ ਉਤਲੇ ਨਿਸ਼ਾਨ ਇਸ ਦੀ ਗਵਾਹੀ ਭਰਦੇ ਸਨ। ਚਾਹੇ ਉਹ ਖ਼ੂਨ ਨਾਲ ਲੱਥਪੱਥ ਵੀ ਹੋ ਜਾਂਦਾ ਪਰ ਹਮੇਸ਼ਾ ਸਭ ਤੋਂ ਅਖ਼ੀਰ 'ਚ ਮੈਦਾਨ ਛੱਡਦਾ।

ਇਹ ਜਾਹਲਪੁਣਾ ਕਈ ਸਾਲ ਚੱਲਦਾ ਰਿਹਾ, ਇਸ ਨੇ ਇਕ ਪਿੰਡ ਤੇ ਦੂਜੇ ਵਿਚਾਲੇ, ਇਕ ਮਜ਼ਦੂਰ ਇਲਾਕੇ ਤੇ ਦੂਜੇ ਵਿਚਾਲੇ ਦੁਸ਼ਮਣੀ ਮਘਾਈ ਰੱਖੀ। ਥੋੜ੍ਹਾ ਥੋੜ੍ਹਾ ਕਰਕੇ ਦੁਸ਼ਮਣੀ ਘਟਦੀ ਗਈ; ਮਜ਼ਦੂਰ ਜਥੇਬੰਦੀ ਦੇ ਵਧਣ-ਫੁੱਲਣ, ਅਤੇ ਏਕਤਾ, ਇਕਮੁੱਠਤਾ ਤੇ ਜਮਾਤੀ ਚੇਤਨਾ ਦੀਆਂ ਭਾਵਨਾਵਾਂ ਮਜ਼ਬੂਤ ਹੋਣ ਨਾਲ ਇਹ ਪੂਰੀ ਤਰ੍ਹਾਂ ਖ਼ਤਮ ਹੋ ਗਈ। ਜਿੱਥੋਂ ਤੱਕ ਬੱਚਿਆਂ ਦਾ ਸੰਬੰਧ ਸੀ, ਕੰਮ ਦਿਹਾੜੀ ਛੋਟੀ ਹੋ ਜਾਣ ਤੋਂ ਬਾਦ ਹੁਣ ਉਨ੍ਹਾਂ ਦਾ—ਚਾਹੇ ਸਿਆਲ ਹੋਵੇ ਜਾਂ ਹੁਨਾਲ, ਚਾਹੇ ਮੀਂਹ ਜਾਵੇ ਜਾਂ ਹਨੇਰੀ—ਆਪਣੇ ਪਿਉਆਂ ਦਾ ਖਾਣਾ ਪਹੁੰਚਾਉਣ ਦਾ ਔਖਾ ਕੰਮ ਖ਼ਤਮ ਹੋ ਗਿਆ ਸੀ।

[7]

# ਹੋਣੀ

ਗਾਲਰਟਾ ਦੇ ਸਾਰੇ ਪਰਿਵਾਰ ਐਨੇ "ਕਰਮਾਂ ਵਾਲੇ" ਕਿੱਥੇ ਸਨ ਕਿ ਉਨ੍ਹਾਂ ਦੇ ਕਿਸੇ ਬੱਚੇ ਨੂੰ ਦਸ ਜਾਂ ਗਿਆਰਾਂ ਸਾਲ ਦੀ ਉਮਰ 'ਚ ਖਾਣਾਂ 'ਚ ਕੰਮ ਨਾ ਕਰਨਾ ਪਵੇ। ਬੱਚੇ ਦੀ ਮਿਹਨਤ ਪਰਿਵਾਰ ਦੇ ਖ਼ਰਚੇ ਦਾ ਥੋੜ੍ਹਾ ਸਹਾਰਾ ਬਣ ਜਾਂਦੀ ਸੀ। ਕੋਈ ਲੜਕਾ ਜੋ ਅੱਜ ਸਾਡਾ ਖੇਡ੍ਹਣ ਦਾ ਸਾਥੀ ਹੁੰਦਾ ਅਚਾਨਕ ਸਾਡੇ 'ਚ ਨਾ ਹੁੰਦਾ; ਉਹ ਕਮਾਊ ਬਣਕੇ ਪਰਿਵਾਰ ਤੇ ਸਮਾਜ 'ਚ ਭੂਮਿਕਾ ਨਿਭਾਉਣ ਲੱਗ ਜਾਂਦਾ। ਪਰ ਉਨ੍ਹਾਂ 'ਚੋਂ ਬਹੁਤੇ ਕਦੇ ਵੀ ਬਾਲਗ ਉਮਰ 'ਚ ਨਾ ਪਹੁੰਚਦੇ। ਖਾਣਾਂ 'ਚ ਵਾਪਰਦੇ ਹਾਦਸਿਆਂ 'ਚ ਅਨੇਕਾਂ ਅੱਲੜ ਖਾਣ ਮਜ਼ਦੂਰਾਂ, ਜੋ ਮਸਾਂ ਬਚਪਨ ਲੰਘੇ ਹੁੰਦੇ, ਦੀਆਂ ਜਾਨਾਂ ਚਲੀਆਂ ਜਾਂਦੀਆਂ। ਮੈਨੂੰ ਆਪਣੇ ਜ਼ਿਲ੍ਹੇ ਦਾ ਇਕ ਬੱਚਾ ਯਾਦ ਆਉਂਦਾ ਹੈ ਜਿਸਦੇ ਚੰਗੇ ਸੁਭਾਅ ਕਰਕੇ ਹਰ ਕੋਈ ਉਸ ਨੂੰ ਪਿਆਰ ਕਰਦਾ ਸੀ। ਗਿਆਰਾਂ ਸਾਲ ਦੀ ਉਮਰੇ ਉਹ ਕੰਮ 'ਤੇ ਜਾਣ ਲੱਗਿਆ, ਅਤੇ ਪੰਦਰਵੇਂ ਸਾਲ ਤੱਕ ਉਹ ਹੁਨਰਮੰਦ ਕਾਮਾ ਬਣ ਗਿਆ ਸੀ। ਭਾਵੇਂ ਉਹ ਬਾਲਗ ਮਜ਼ਦੂਰਾਂ ਦੀਆਂ ਟੋਲੀਆਂ 'ਚ ਕੰਮ ਕਰਨ ਦੇ ਲਾਇਕ ਸੀ ਪਰ ਉਨੀ ਸਾਲਾਂ ਦੀ ਉਮਰ ਤੱਕ ਉਸ ਨੂੰ ਬਾਲ ਮਜ਼ਦੂਰਾਂ ਵਾਲੀ ਉਜਰਤ ਹੀ ਮਿਲਣੀ ਸੀ—ਉੱਥੇ ਇਹੀ ਦਸਤੂਰ ਚੱਲਦਾ ਸੀ।

ਲੜਕੇ, ਬੋਨੀਫੈਸੀਓ ਗੋਂਜ਼ਾਲੇਜ਼, ਦੀ ਦਲੇਰੀ ਤੇ ਕਿਰਦਾਰ ਦੀ ਪਰਖ ਉਸ ਹੜਤਾਲ 'ਚ ਹੋਈ ਜਿਹੜੀ ਉਸ ਖਾਣ 'ਚ ਹੋਈ ਸੀ ਜਿੱਥੇ ਉਹ ਕੰਮ ਕਰਦਾ ਸੀ। ਖਾਣ ਮਜ਼ਦੂਰਾਂ ਨੇ ਉਜਰਤਾਂ 'ਚ 50 ਸੈਂਟੀਮੋ ਵਾਧੇ ਦੀ ਮੰਗ ਕੀਤੀ ਸੀ; ਮੈਨੇਜਮੈਂਟ ਨੇ ਨਾਂਹ ਕਰ ਦਿੱਤੀ; ਹੜਤਾਲ ਦਾ ਸੱਦਾ ਦੇ ਦਿੱਤਾ ਗਿਆ। ਇਕ ਫੋਰਮੈਨ ਨੇ ਬੋਨੀਫੈਸੀਓ ਤੇ ਉਸ ਦੇ ਬਾਪ ਨੂੰ ਪਾਸੇ ਸੱਦ ਕੇ ਆਖਿਆ, "ਜੇ ਤੁਸੀਂ ਦੋਵੇਂ ਕੰਮ 'ਤੇ ਰਹੋਗੇ, ਅਸੀਂ ਬੋਨੀਫੈਸੀਓ ਨੂੰ ਬਾਲਗਾਂ ਵਾਲੀ ਉਜਰਤ ਦੇ ਦੇਵਾਂਗੇ, ਅਤੇ ਤੇਰੀ ਤਨਖ਼ਾਹ 'ਚ ਦੋ ਵਾਧੇ ਕਰਾਂਗੇ। ਜੇ ਤੁਸੀਂ ਹੜਤਾਲ ਕਰੋਗੇ ਤਾਂ ਤੁਹਾਡੀ ਦੋਹਾਂ ਦੀ ਛੁੱਟੀ ਕਰ ਦਿੱਤੀ ਜਾਵੇਗੀ।"

ਜੱਕੋ ਤੱਕੀ 'ਚ ਪਏ ਬਾਪ ਨੇ ਤਰਲੇ ਭਰੀ ਨਜ਼ਰ ਨਾਲ ਪੁੱਤ ਵਲ ਤੱਕਿਆ: "ਇਸ ਦਾ ਮਤਲਬ ਹੈ ਰੋਜ਼ਾਨਾ ਤਕਰੀਬੰਨ ਦੋ ਪਿਸੇਟਾ ਜ਼ਿਆਦਾ ਉਜਰਤ.....ਇਹ ਗੱਲ ਸਾਡੇ ਦੋਵਾਂ ਵਿਚਾਲੇ ਹੈ..... ਮਾਮਲਾ ਗੰਭੀਰ ਹੈ; ਕੱਢੇ ਜਾਣ 'ਤੇ,....ਕਾਲੀ ਸੂਚੀ......ਮੇਰੇ ਬੱਚਿਆਂ, ਮੇਰੀ ਘਰਵਾਲੀ ਲਈ ਭੁੱਖਮਰੀ ਤੇ ਮੁਸੀਬਤਾਂ।" ਬੋਨੀਫੈਸੀਓ ਆਪਣੇ ਬਾਪ ਦੀ ਤਰਲੇ ਭਰੀ ਤੱਕਣੀ ਨਾਲ ਸਹਿਮਤ ਨਾ ਹੋਇਆ। ਉਸਨੇ ਇੰਨਾ ਹੀ ਪੁੱਛਿਆ,"ਕੀ ਹੋਰ ਮਜ਼ਦੂਰਾਂ ਨੂੰ ਵੀ ਦੋ ਵਾਧੇ ਦਿੱਤੇ ਜਾਣਗੇ?"

"ਨਹੀਂ, ਦੂਜਿਆਂ ਨੂੰ ਨਹੀਂ।"

"ਇਸ ਦਾ ਮਤਲਬ, ਤੁਸੀਂ ਸਾਡੇ ਤੋਂ ਹੜਤਾਲ ਤੋੜੂਆਂ ਦਾ ਕੰਮ ਕਰਵਾਉਣਾ ਚਾਹੁੰਦੇ ਹੋ?"

ਫੋਰਮੈਨ ਨੇ ਘ੍ਰਿਣਾ ਨਾਲ ਮੋਢੇ ਸੁੰਗੇੜੇ। "ਇਸ ਨੂੰ ਜੋ ਮਰਜ਼ੀ ਕਹਿ ਲਓ।"

"ਪਿਤਾ ਜੀ ਆਓ ਘਰ ਚੱਲੀਏ। ਅਸੀਂ ਭੁੱਖੇ ਮਰ ਸਕਦੇ ਹਾਂ ਪਰ ਘੱਟੋ-ਘੱਟ ਹੜਤਾਲ ਤੋੜੂ ਤਾਂ ਨਹੀਂ ਬਣਾਂਗੇ।"

ਜਵਾਨ ਉਮਰ ਦੇ ਬਾਵਜੂਦ, ਜਦੋਂ ਪਹਿਲਾਂ ਬੇਨੀਫੈਸੀਓ ਨੇ ਕੰਮ ਸ਼ੁਰੂ ਕੀਤਾ ਸੀ ਤਾਂ ਉਹ ਮਜ਼ਦੂਰ ਜਥੇਬੰਦੀ ਦਾ ਮੈਂਬਰ ਬਣ ਗਿਆ, ਹਰ ਰੋਜ਼ ਰਾਤ ਨੂੰ ਉਹ ਸੈਂਟਰੋ ਓਬਰੇਰੋ, ਯੂਨੀਅਨ ਭਵਨ ਦੀ ਲਾਇਬ੍ਰੇਰੀ ਅੰਦਰ ਕਿਤਾਬਾਂ 'ਚ ਮਗਨ ਹੋਇਆ ਲੱਭਦਾ, ਜੋ ਉਸ ਲਈ ਨਿਆਂ ਤੇ ਭਰਾਤਰੀ ਭਾਵ ਦਾ ਨਵਾਂ ਸੰਸਾਰ ਖੋਲ੍ਹਦੀਆਂ ਸਨ। ਜਦੋਂ ਕੈਥੋਲਿਕ ਕੁਲੀਨ ਔਰਤਾਂ ਨੇ ਦੇਖਿਆ ਕਿ ਬੇਨੀਫੈਸੀਓ ਤਾਂ ਆਪਣਾ ਵਿਹਲਾ ਸਮਾਂ ਬਾਹਲਾ ਸੈਂਟਰੋ 'ਚ ਗੁਜ਼ਾਰਦਾ ਹੈ ਅਤੇ ਜੋ ਉਹ ਪੜ੍ਹਦਾ ਹੈ, ਆਪਣੇ ਨਾਲ ਦੇ ਮਜ਼ਦੂਰਾਂ ਨਾਲ ਉਸ ਬਾਰੇ ਵਿਚਾਰ-ਚਰਚਾ ਕਰਦਾ ਹੈ, ਤਾਂ ਉਹ ਚੌਕਸ ਹੋ ਗਈਆਂ ਅਤੇ ਉਸ ਦੀ ਮਾਂ ਨੂੰ ਮਿਲਣ ਚਲੀਆਂ ਗਈਆਂ।

ਇਹ ਕੁਲੀਨ ਔਰਤਾਂ 'ਸੰਤ ਵਿਨਸੈਂਟ ਡੀ ਪਾਲ ਦਾਨ ਸੁਸਾਇਟੀ' ਨਾਲ ਸਬੰਧਤ ਸਨ, ਜੋ ਬੀਮਾਰ ਖਾਣ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਕਦੇ-ਕਦਾਈਂ ਇਕ ਕਾਰਡ ਦੇ ਦਿੰਦੀ। ਇਸ ਦੇ ਬਦਲੇ ਉਨ੍ਹਾਂ ਨੂੰ ਸਥਾਨਕ ਸਟੋਰ 'ਚੋਂ ਇਕ ਦੋ ਪੌਂਡ ਸੂਰ ਦਾ ਮਾਸ ਜਾਂ ਥੋੜ੍ਹਾ ਜਿਹਾ ਖਾਣ ਵਾਲਾ ਤੇਲ ਮਿਲ ਜਾਂਦਾ ਸੀ। ਇਸ ਤਰ੍ਹਾਂ ਉਨ੍ਹਾਂ ਤੋਂ ਧਾਰਮਿਕ ਸ਼ਰਧਾ ਤੇ ਆਗਿਆਕਾਰੀ ਬਣੇ ਰਹਿਣ ਦਾ ਬਚਨ ਲੈ ਲਿਆ ਜਾਂਦਾ ਸੀ।

ਹੱਕੀ ਬੱਕੀ ਤੇ ਪਰੇਸ਼ਾਨ, ਬੈਨੀਫੈਸੀਓ ਦੀ ਮਾਂ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਬੀਤੇ ਸਮੇਂ ਭਾਰੀ ਲੋੜ ਦੇ ਮੌਕੇ, ਉਹ ਕਦੇ ਨਹੀਂ ਸੀ ਬਹੁੜੀਆਂ; ਉਸ ਨੇ ਮਨ 'ਚ ਸੋਚਿਆ ਕਿ ਆਖ਼ਿਰ ਇਨ੍ਹਾਂ ਨੂੰ ਉਸ ਦੀਆਂ ਲੋੜਾਂ ਦੀ ਭਿਣਕ ਪੈ ਗਈ ਹੋਵੇਗੀ ਤੇ ਇਹ ਉਸ ਲਈ ਦਾਨ ਦੀ ਪੇਸ਼ਕਸ਼ ਲੈ ਕੇ ਆਈਆਂ ਹੋਣਗੀਆਂ। ਉਸ ਦੇ ਸ਼ੱਕ ਤੇ ਭੁਲੇਖੇ ਛੇਤੀ ਹੀ ਦੂਰ ਹੋ ਗਏ। ਉਸ ਨੇ ਉਨ੍ਹਾਂ ਨੂੰ ਰਸੋਈ 'ਚ ਲਿਆਕੇ ਆਪਣੇ ਪੁੱਤ ਦੇ ਬਣਾਏ ਲੱਕੜੀ ਦੇ ਬੈਂਚਾਂ 'ਤੇ ਬੈਠਣ ਲਈ ਆਖਿਆ, ਜਿਨ੍ਹਾਂ ਨੂੰ ਉਹ ਹਮੇਸ਼ਾ ਲਿਸ਼ਕਾਕੇ ਰੱਖਦੀ ਅਤੇ ਪੂਰੇ ਗਹੁ ਤੇ ਪਿਆਰ ਨਾਲ ਸਾਂਭ ਸੰਭਾਲ ਕਰਦੀ। ਇਹ ਇਲਾਹੀ ਪ੍ਰਸ਼ਾਦ ਦੇ ਥਾਲ ਵਾਂਗ ਚਮਕਦਾਰ ਤੇ ਸਾਫ਼ ਸਨ। ਕੁਲੀਨ ਔਰਤਾਂ ਬੈਠ ਗਈਆਂ, ਉਨ੍ਹਾਂ ਦੀਆਂ ਘੋਖਵੀਆਂ ਨਜ਼ਰਾਂ ਹਰ ਚੀਜ਼ ਨੂੰ ਘੋਖ ਰਹੀਆਂ ਸੀ।

"ਤੁਹਾਡਾ ਰਹਿਣ-ਸਹਿਣ ਐਨਾ ਮਾੜਾ ਨਹੀਂ," ਉਨ੍ਹਾਂ 'ਚੋਂ ਇਕ ਕਹਿਣ ਲੱਗੀ।

"ਹਰ ਚੀਜ਼ ਬਹੁਤ ਸਾਫ਼ ਸੁਥਰੀ ਹੈ।"

"ਚੀਜ਼ਾਂ ਨੂੰ ਸਾਫ਼ ਰੱਖਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ," ਘਰ ਦੀ ਸੁਆਣੀ ਨੇ ਹਲੀਮੀ ਨਾਲ ਜਵਾਬ ਦਿੱਤਾ। "ਤੁਸੀਂ ਜਾਣਦੀਆਂ ਹੀ ਹੋ, ਗਰੀਬ ਹੋਣ ਦਾ ਅਰਥ ਦਲਿੱਦਰੀ ਹੋਣਾ ਨਹੀਂ ਹੈ, ਅਸੀਂ ਘਰ ਨੂੰ ਸੂਰਬਾੜਾ ਬਣਨ ਦੇਣ ਦੀ ਬਜਾਏ ਸਾਫ਼ ਸੁਥਰਾ ਰੱਖਣ ਨੂੰ ਪਹਿਲ ਦਿੰਦੇ ਹਾਂ।"

"ਹਾਂ, ਬੇਸ਼ੱਕ। ਪਰ ਘਰ ਨੂੰ ਇਸ ਤਰ੍ਹਾਂ ਸਾਫ-ਸੁਥਰਾ ਰੱਖਣ ਲਈ ਤੈਨੂੰ ਸਾਬਣ ਸੋਢੇ ਦੀ ਲੋੜ ਹੋਏਗੀ; ਅਤੇ ਇਸ ਲਈ ਪੈਸਾ ਚਾਹੀਦੈ।"

"ਬਿਲਕੁਲ; ਤੁਹਾਡਾ ਕਹਿਣਾ ਸਹੀ ਹੈ; ਅਤੇ ਨਾਲ ਹੀ ਤਾਕਤ ਤੇ ਇੱਛਾ ਸ਼ਕਤੀ ਵੀ। ਪਰ, ਜੇ ਲੋੜ ਪਵੇ, ਤਾਂ ਥੋੜ੍ਹਾ ਘੱਟ ਖਾ ਲੈਣਾ, ਥੋੜ੍ਹਾ ਵੱਧ ਸਾਬਣ ਖ਼ਰੀਦ ਲੈਣਾ ਬਿਹਤਰ ਹੁੰਦਾ ਹੈ, ਤਾਂ ਕਿ ਤੁਹਾਡੇ ਬੱਚੇ ਸਾਫ-ਸੁਥਰੇ ਘਰਾਂ 'ਚ ਰਹਿ ਸਕਣ।"

"ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਸ਼ਹਿਜ਼ਾਦੇ ਬਣਾਓਗੇ?"

"ਨਹੀਂ, ਮੈਂ ਉਨ੍ਹਾਂ ਨੂੰ ਇਨਸਾਨ ਬਣਾਉਣ ਲਈ ਪੜ੍ਹਾ ਰਹੀ ਹਾਂ—ਹਾਲਾਂਕਿ ਸਾਰੀਆਂ ਮਾਵਾਂ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਦੇ ਪੁੱਤਾਂ ਨੂੰ ਵੀ ਉਵੇਂ ਜਿਊਣ ਦਾ ਹੱਕ ਹੈ ਜਿਵੇਂ ਸ਼ਹਿਜ਼ਾਦੇ ਜਿਊਂਦੇ ਹਨ।"

"ਤੂੰ ਬਹੁਤ ਸੁਪਨੇ ਪਾਲਦੀ ਏਂ।"

"ਨਹੀਂ, ਮੈਂ ਸਿਰਫ਼ ਮਾਂ ਹਾਂ।"

ਇਕ ਕੁਲੀਨ ਔਰਤ ਦੀ ਨਿਗਾਹ ਕੰਧ 'ਤੇ ਲੱਗੀ ਤਸਵੀਰ 'ਤੇ ਪੈ ਗਈ; ਇਸ ਦਾ ਵਿਸ਼ਾ ਸੀ ਇਕ ਤੋਪ ਹੇਠਾਂ ਕੁਚਲਿਆ ਜਾ ਰਿਹਾ ਮਜ਼ਦੂਰ; ਤੋਪ ਦੇ ਉੱਪਰ ਇਕ ਸੋਨੇ ਦੀ ਥੈਲੀ ਸੀ ਅਤੇ ਥੈਲੀ ਉੱਪਰ ਇਕ ਹੱਟੇ-ਕੱਟੇ ਮਹੰਤ ਅਤੇ ਇਕ ਮਾਲਕ ਦਾ ਕਾਰਟੂਨ ਬਣਾਇਆ ਹੋਇਆ ਸੀ। ਇਸ ਔਰਤ ਦਾ ਗੁੱਸਾ ਹੱਦਾਂ-ਬੰਨੇ ਟੱਪ ਪਿਆ। ਉਹ ਆਪਣੇ ਪੈਰਾਂ 'ਤੇ ਉੱਛਲੀ ਤੇ ਤਸਵੀਰ ਵੱਲ ਇਸ਼ਾਰਾ ਕਰਕੇ ਕਹਿਣ ਲੱਗੀ: "ਤੁਸੀਂ ਆਪਣੀ ਕੰਧ 'ਤੇ ਇਹ ਤਸਵੀਰ ਕਿਵੇਂ ਲਟਕਾ ਰੱਖੀ ਹੈ? ਤੁਸੀਂ ਆਪਣੇ ਬੱਚਿਆਂ ਨੂੰ ਇਹੋ ਸਿਖਾਉਂਦੇ ਹੋ? ਤੇ ਆਸ ਕਰਦੇ ਹੋ ਕਿ ਪ੍ਰਮਾਤਮਾ ਤੁਹਾਡੀ ਮਦਦ ਕਰੇ? ਜੇ ਤੁਸੀਂ ਘੋਰ ਪਾਪਾਂ 'ਚ ਜ਼ਿੰਦਗੀ ਗੁਜ਼ਾਰਦੇ ਹੋ, ਤਾਂ ਰੱਬ ਦੀ ਰਹਿਮਤ ਤੁਹਾਡੇ ਘਰ ਨੂੰ ਕਿਵੇਂ ਬਚਾਅ ਸਕਦੀ ਹੈ?"

ਪਲ ਕੁ ਲਈ ਤਾਂ ਮਾਂ ਕੁਲੀਨ ਔਰਤ ਦੇ ਗੁਸੈਲ ਲਫ਼ਜ਼ਾਂ ਨਾਲ਼ ਭੌਰ-ਭੌਰ ਜਹੀ ਹੋ ਗਈ। ਫਿਰ ਉਸ ਨੂੰ ਉਹ ਸਕੂਨ ਚੇਤੇ ਆ ਗਿਆ ਜਿਸ ਨਾਲ ਉਸਦੇ ਪੁੱਤ ਨੇ ਤਸਵੀਰ ਲਈ ਫਰੇਮ ਬਣਾਇਆ ਸੀ, ਤੇ ਉਸ ਨੇ ਸ਼ਾਂਤ, ਦ੍ਰਿੜ ਸੁਰ 'ਚ ਜਵਾਬ ਦਿੱਤਾ: "ਦੇਖੋ ਮੇਰਾ ਪੁੱਤ 'ਇਹ ਚੀਜ਼' ਘਰ ਲਿਆਇਆ ਸੀ। ਕਿਉਂਕਿ, ਮੇਰਾ ਪੁੱਤ ਬੀਬਾ ਮੁੰਡਾ ਹੈ—ਕੋਈ ਵੀ ਗੁਆਂਢੀ ਤੁਹਾਨੂੰ ਇਹੋ ਕਹੇਗਾ—ਇਸ ਲਈ ਮੈਂ ਨਹੀਂ ਸੋਚਦੀ ਕਿ ਤਸਵੀਰ ਬੁਰੀ ਹੋਵੇਗੀ। ਜੋ ਕੁਝ ਮੇਰਾ ਪੁੱਤ ਪਸੰਦ ਕਰਦਾ ਹੈ, ਮੈਂ ਵੀ ਪਸੰਦ ਕਰਦੀ ਹਾਂ।"

"ਤੇਰਾ ਦਿਮਾਗ਼ ਤਾਂ ਟਿਕਾਣੇ ਹੈ? ਕੀ ਤੈਨੂੰ ਪਤਾ ਨਹੀਂ ਅਜਿਹੀਆਂ ਤਸਵੀਰਾਂ ਨਾਸਤਿਕ, ਸਮਾਜਵਾਦੀ ਬਣਾਉਂਦੇ ਹਨ ਜਿਨ੍ਹਾਂ ਦਾ ਰੱਬ 'ਚ ਭਰੋਸਾ ਨਹੀਂ ਹੈ, ਉਹ ਗੁੰਡੇ ਬਣਾਉਂਦੇ ਹਨ, ਜਿਨ੍ਹਾਂ ਦੇ ਹੜਤਾਲਾਂ-ਮੁਜ਼ਾਹਰਿਆਂ ਕਾਰਣ ਪਿੰਡ 'ਚ ਹੋ ਹੱਲਾ ਮਚਿਆ ਰਹਿੰਦਾ?"

"ਮੈਂ ਨਹੀਂ ਜਾਣਦੀ ਤਸਵੀਰ ਕਿਸਨੇ ਬਣਾਈ ਹੋਵੇਗੀ, ਮੈਂ ਤਾਂ ਇਹੋ ਕਹਿ ਸਕਦੀ ਹਾਂ ਕਿ ਜੇ ਐਸੀਆਂ ਤਸਵੀਰਾਂ ਬਣਾਉਣ ਵਾਲੇ ਮੇਰੇ ਬੋਨੀਫੈਸੀਓ ਵਰਗੇ ਹਨ, ਤਾਂ ਉਹ ਭੈੜੇ ਨਹੀਂ ਹੋ ਸਕਦੇ। ਉਨ੍ਹਾਂ ਦਾ ਰੱਬ 'ਚ ਭਰੋਸਾ ਨਹੀਂ ਹੈ? ਇਹ ਉਨ੍ਹਾਂ ਤੇ ਉਨ੍ਹਾਂ ਦੀ ਆਤਮਾ ਦਰਮਿਆਨ ਦਾ ਮਾਮਲਾ ਹੈ। ਮੈਂ ਸਿਰਫ਼ ਆਪਣੇ ਬਾਰੇ ਜਵਾਬਦੇਹ ਹਾਂ।"

"ਨਹੀਂ, ਬੇਗ਼ਮ, ਤੂੰ ਗ਼ਲਤ ਏਂ। ਤੂੰ ਰੱਬ ਨੂੰ ਸਿਰਫ਼ ਆਪਣੀ ਆਤਮਾ ਬਾਰੇ ਹੀ ਜਵਾਬਦੇਹ ਨਹੀਂ ਏਂ ਸਗੋਂ ਆਪਣੇ ਬੱਚਿਆਂ ਦੀ ਆਤਮਾ ਦੇ ਬਾਰੇ ਵੀ ਜਵਾਬਦੇਹ ਹੈਂ। ਮਿਸਾਲ ਦੇ ਤੌਰ 'ਤੇ, ਤੂੰ ਆਪਣੇ ਪੁੱਤ ਨੂੰ *ਸੈਂਟਰੋ ਓਬਰੇਰੋ* ਜਾਣ ਤੋਂ ਅਤੇ ਅਜਿਹੀਆਂ ਸ਼ਰਮਨਾਕ ਕਿਤਾਬਾਂ ਪੜ੍ਹਨ ਤੋਂ ਰੋਕਣ ਲਈ ਕੀ ਕੀਤਾ ਜੋ ਉਸਦੇ ਤੇ ਤੁਹਾਡੇ ਸਾਰਿਆਂ ਦੇ ਮਨਾਂ 'ਚ ਜ਼ਹਿਰ ਘੋਲਦੀਆਂ ਹਨ?"

"ਮੈਂ ਕੀ ਕੀਤਾ? ਬਿਲਕੁਲ ਕੁਝ ਨਹੀਂ? ਉਸਨੇ ਮੈਨੂੰ ਆਖਿਆ, 'ਮਾਂ, ਮੈਂ *ਸੈਂਟਰੋ* ਜਾ ਰਿਹਾ ਹਾਂ, ਤੇ ਮੈਂ ਉਨ੍ਹਾਂ ਚੀਜ਼ਾਂ ਬਾਰੇ ਜਾਨਣਾ ਚਾਹੁੰਦਾਂ ਜਿਨ੍ਹਾਂ ਦਾ ਮੈਨੂੰ ਇਲਮ ਨਹੀਂ ਹੈ ਅਤੇ ਹੋਰ ਚੀਜ਼ਾਂ ਸਮਝਣਾ ਚਾਹੁੰਦਾਂ ਜਿਹੜੀਆਂ ਮੈਨੂੰ ਸਪਸ਼ਟ ਨਹੀਂ ਹਨ।' ਮੈਂ ਜਵਾਬ ਦਿੱਤਾ: 'ਜਾਹ, ਮੇਰੇ

ਲਾਲ ਤੇ ਸਿੱਖ; ਸਿਆਣਪ ਜੰਗਾਲੇ ਦਿਮਾਗ਼ ਨਾਲੋਂ ਕਿਤੇ ਬਿਹਤਰ ਹੈ।' ਤੇ ਉਹ ਜਾਣ ਲੱਗ ਪਿਆ। ਐਨੀ ਗੱਲ ਹੈ।"

"ਐਨੀ ਗੱਲ ਹੈ! ਐਨੀ! ਤੂੰ ਆਪਣੇ ਪੁੱਤ ਨੂੰ ਆਪ ਨਰਕ 'ਚ ਧੱਕਾ ਦੇ ਰਹੀ ਏਂ! ਰੱਬ ਤੈਨੂੰ ਸਜ਼ਾ ਦੇਵੇਗਾ।"

"ਰੱਬ ਮੈਨੂੰ ਸਜ਼ਾ ਦੇਊ? ਹੋਰ ਵੱਧ? ਮੇਰੇ ਘਰ 'ਚ ਬੀਮਾਰੀ-ਦਰ-ਬੀਮਾਰੀ ਰਹਿੰਦੀ ਹੈ! ਮੇਰਾ ਪਤੀ ਤੇ ਪੁੱਤ ਗਧਿਆਂ ਵਾਂਗ ਕੰਮ ਕਰਦੇ ਨੇ ਤੇ ਮਿਲਦਾ ਕੀ ਐ ਥੋੜ੍ਹੀ ਜਹੀ ਤਨਖਾਹ! ਤੁਸੀਂ ਸੋਚਦੀਆਂ ਹੋ ਕਿ ਇਹ ਸਜ਼ਾ ਨਾਕਾਫ਼ੀ ਹੈ? ਦੇਖੋ, ਤੁਹਾਨੂੰ ਦੱਸ ਦਿਆਂ.... ਕਦੇ ਕਦੇ ਤਾਂ ਮੈਨੂੰ ਰੱਬ ਦੀ ਹੋਂਦ 'ਤੇ ਸ਼ੱਕ ਹੋਣ ਲੱਗਦੈ। ਇਹ ਗੱਲ ਹੁਣ ਤੱਕ ਮੈਂ ਕਿਸੇ ਨੂੰ ਨਹੀਂ ਦੱਸੀ; ਇਹ ਮੈਂ ਤੁਹਾਨੂੰ ਦੱਸ ਰਹੀ ਹਾਂ ਤਾਂ ਕਿ ਤੁਹਾਨੂੰ ਪਤਾ ਲੱਗ ਜਾਵੇ ਕਿ ਗਰੀਬੀ ਸਾਡਾ ਭਰੋਸਾ ਉਠਾ ਦਿੰਦੀ ਹੈ। ਰੱਬ ਉਦੋਂ ਕਿੱਥੇ ਹੁੰਦੈ ਜਦੋਂ ਅਸੀਂ ਭੁੱਖ ਨਾਲ ਮਰ ਰਹੇ ਹੁੰਦੇ ਆਂ; ਜਦੋਂ ਸਾਡੇ ਕੋਲ ਮੂੰਹ 'ਚ ਪਾਉਣ ਲਈ ਭੋਰਾ ਰੋਟੀ ਵੀ ਨਹੀਂ ਹੁੰਦੀ? ਜੇ ਰੱਬ ਹੈ, ਤਾਂ ਗਰੀਬਾਂ ਲਈ ਅੰਨ੍ਹਾ-ਬੋਲਾ ਹੈ। ਤੁਸੀਂ ਸੋਚਦੀਆਂ ਹੋ ਕਿ ਇਸ ਤਰ੍ਹਾਂ ਗੱਲਾਂ ਕਰਨਾ ਪਾਪ ਹੈ? ਪਾਪ ਦਾ ਭਾਗੀ ਹੋਣਾ ਹੈ! ਜਦੋਂ ਸਾਡੇ ਆਦਮੀ ਚਿੱਕੜ ਨਾਲ ਲੱਥਪੱਥ, ਪਾਣੀ ਨਾਲ ਗੜੁੱਚ, ਥੱਕੇ-ਟੁੱਟੇ, ਖਾਣਾਂ ਤੋਂ ਘਰਾਂ ਨੂੰ ਮੁੜਦੇ ਨੇ ਤਾਂ ਉਨ੍ਹਾਂ ਲਈ ਢੇਰ ਸਾਰਾ ਪਾਣੀ ਪਾ ਕੇ ਬਣਾਈ ਲਸਣ ਦੀ ਤਰੀ ਦਾ ਕਟੋਰਾ ਤੇ ਥੋੜ੍ਹੀ ਜਹੀ ਰੋਟੀ ਹੁੰਦੀ ਐ, ਘਰ ਨੇਰ੍ਹ ਘੁੱਪ ਤੇ ਠੰਡਾ ਹੁੰਦਾ—ਉਦੋਂ ਅਸੀਂ ਧਰਤੀ ਤੇ ਸਵਰਗ ਨੂੰ ਫਿਟਕਾਰਾਂ ਪਾਉਂਦੇ ਆਂ; ਤੇ ਅਸੀਂ ਮਹਿਸੂਸ ਕਰਦੇ ਆਂ ਕਿ ਨਰਕ ਧਰਤੀ ਉੱਤਲੀ ਸਾਡੀ ਜ਼ਿੰਦਗੀ ਤੋਂ ਵੱਧ ਭੈੜਾ ਨਹੀਂ ਹੋ ਸਕਦਾ।"

"ਚੁੱਪ ਹੋ ਜਾ! ਕੁਫ਼ਰ ਨਾ ਤੋਲ!" ਇਕ ਕੁਲੀਨ ਔਰਤ ਆਪਣੇ ਕੰਨਾਂ 'ਚ ਉਂਗਲਾਂ ਦੇ ਕੇ ਬੋਲੀ। "ਆਓ ਇੱਥੋਂ ਨਿਕਲੀਏ, ਇਹ ਘੋਰ ਜ਼ੁਲਮ ਹੈ। ਇਹ ਲੋਕ ਮੁਕਤੀ ਦੇ ਲਾਇਕ ਨਹੀਂ ਹਨ। ਜੇ ਮਾਵਾਂ—ਮਾਵਾਂ! —ਇੰਜ ਬੋਲਦੀਆਂ ਨੇ, ਸੋਚੋ ਬੱਚੇ ਕੀ ਬਕਦੇ ਹੋਣਗੇ!"

"ਬੱਚੇ? ਉਹ ਸੰਤ ਨੇ, ਮੇਰੇ ਬੋਨੀਫੇਸੀਓ ਵਾਂਗ।"

ਗੁੱਸੇ 'ਚ ਭਰੀਆਂ ਪੀਤੀਆਂ ਕੁਲੀਨ ਔਰਤਾਂ ਅਲਵਿਦਾ ਕਹਿਕੇ ਚਲੀਆਂ ਗਈਆਂ।

ਲੰਮਾ ਸਮਾਂ ਉਨ੍ਹਾਂ ਦੀ ਫੇਰੀ ਦੀ ਚਰਚਾ ਆਂਢ-ਗੁਆਂਢ ਹੁੰਦੀ ਰਹੀ। ਰਾਇ ਵੰਡੀ ਹੋਈ ਸੀ: ਕੁਝ ਔਰਤਾਂ ਜੋ ਸਟੋਰ ਦੇ ਬੂਹੇ ਮੂਹਰੇ ਖੜ੍ਹੀਆਂ ਹੁੰਦੀਆਂ, ਜਿਨ੍ਹਾਂ ਨੂੰ ਸੂਰ ਦਾ ਪਾਈਆ ਮਾਸ ਲੈਣ ਦੀ ਝਾਕ ਹੁੰਦੀ, ਵਿਆਕੁਲਤਾ ਨਾਲ ਨਿੰਦਾ ਕਰਦੀਆਂ। ਸਟੋਰ ਦਾ ਮਾਲਕ ਸਿਰ ਹਿਲਾਕੇ ਸਹਿਮਤੀ ਦਰਸਾਉਂਦਾ।

"ਪਹਿਲਾਂ ਤੁਸੀਂ ਕਦੇ ਐਸੀ ਗੱਲ ਸੁਣੀ ਏਂ?" ਸਟੋਰ ਵਾਲੇ ਨੂੰ ਸੰਬੋਧਤ ਹੋ ਕੇ ਇਕ ਕਹਿੰਦੀ? "ਐਨੀ ਹਿੰਮਤ! ਕੌਣ ਵਿਸ਼ਵਾਸ਼ ਕਰੇਗਾ ਬੋਨੀਫੇਸੀਓ ਦੀ ਚੰਦਰੀ ਮਾਂ ਕੁਲੀਨ ਔਰਤਾਂ ਨੂੰ ਠੇਸ ਪਹੁੰਚਾਉਣ ਦੀ ਹਿੰਮਤ ਕਰੇਗੀ! ਜੇ ਅਸੀਂ ਉਨ੍ਹਾਂ ਨਾਲ ਸਤਿਕਾਰ ਨਾਲ ਪੇਸ਼ ਨਹੀਂ ਆਉਂਦੀਆਂ, ਉਹ ਸਾਡੀ ਮਦਦ ਨਹੀਂ ਕਰਨਗੀਆਂ। ਤੇ ਸਭ ਤੋਂ ਮਾੜੀ ਗੱਲ ਇਹ ਕਿ, ਉਸ ਦੀ ਵਜ੍ਹਾ ਨਾਲ, ਨੁਕਸਾਨ ਸਾਨੂੰ ਬਾਕੀਆਂ ਨੂੰ ਸਹਿਣਾ ਪੈਣੈ।"

"ਇਹ ਨਿਰਾ ਬਕਵਾਸ ਏ," ਅਗਲੇ ਘਰ ਦੇ ਛੱਜੇ 'ਤੇ ਬੈਠਕੇ ਆਪਣੇ ਬੱਚੇ ਦੀ ਸਾਂਭ-ਸੰਭਾਲ'ਚ ਜੁਟੀ ਨੌਜਵਾਨ ਔਰਤ ਦੀ ਕੜਕਵੀਂ ਆਵਾਜ਼ ਨੇ ਗੱਲ ਟੋਕ ਦਿੱਤੀ। ਉਹ ਬੱਚੇ ਨੂੰ ਛਾਤੀ ਤੋਂ ਪਰ੍ਹਾਂ ਕਰਕੇ ਪੈਰਾਂ 'ਤੇ ਉੱਛਲੀ ਤੇ ਜੰਗਲੇ ਉੱਤੇ ਝੁਕ ਗਈ: "ਬੂਟ ਚੱਟੋ! ਸੂਰਨੀਓ! ਤੁਸੀਂ ਭਲੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿਓ! ਬੋਨੀਫੇਸੀਓ ਦੀ ਮਾਂ ਨੇ ਕੁਲੀਨ ਔਰਤਾਂ ਨੂੰ

ਸਹੀ ਜਵਾਬ ਦਿੱਤਾ ਕਿਉਂਕਿ ਉਹ ਇਸੇ ਦੀਆਂ ਹੱਕਦਾਰ ਸਨ। ਜੇ ਉਹ ਮੇਰੇ ਘਰ ਆਉਂਦੀਆਂ ਮੈਂ ਉਨ੍ਹਾਂ ਨੂੰ ਪੌੜੀਆਂ 'ਚੋ ਸੁੱਟ ਦੇਣਾ ਸੀ। ਹੁਣ ਤੁਸੀਂ ਜਾ ਕੇ ਉਨ੍ਹਾਂ ਨੂੰ ਦੱਸ ਆਓ ਜੋ ਮੈਂ ਹੁਣੇ ਕਿਹਾ; ਸ਼ਾਇਦ ਉਹ ਤੁਹਾਨੂੰ ਇਨਾਮ 'ਚ ਵਧੀਆ ਕੰਘੀ ਦੇ ਦੇਣ ਜਿਸ ਨਾਲ ਤੁਸੀਂ ਜੂੰਆਂ ਕੱਢ ਲਿਆ ਕਰਿਓ! ਤੇ ਤੂੰ, ਚੁੰਨ੍ਹੀਏ ਕਮੀਨੀਏਂ, ਤੂੰ ਆਪਣੇ ਘੁਰਨੇ 'ਚ ਵੜ ਜਾ!"

ਕਈ ਮਹੀਨੇ ਲੰਘ ਗਏ। ਇਕ ਦਿਨ ਉਸ ਖਾਣ 'ਚ ਜਿੱਥੇ ਬੋਨੀਫੇਸੀਓ ਕੰਮ ਕਰਦਾ ਸੀ ਉੱਥੇ ਅਨੇਕਾਂ ਡਾਈਨਾਮਾਈਟ ਵਿਸਫੋਟ ਕੀਤੇ ਗਏ। ਕੁਝ ਵਿਸਫੋਟ ਨਹੀਂ ਚੱਲੇ ਤੇ ਜਦੋਂ ਤੱਕ ਉਹ ਨਕਾਰਾ ਨਹੀਂ ਸੀ ਹੁੰਦੇ ਕੰਮ ਨਹੀਂ ਚੱਲ ਸਕਦਾ ਸੀ। ਇਹ ਖ਼ਤਰਨਾਕ ਕੰਮ ਬੋਨੀਫੇਸੀਓ ਨੂੰ ਸੌਂਪਿਆ ਗਿਆ। ਦੁਪਹਿਰ ਦੇ ਖਾਣੇ ਦੀ ਛੁੱਟੀ ਹੋ ਗਈ ਸੀ, ਜਦੋਂ ਉਸ ਦਾ ਬਾਪ ਖਾਣਾ ਖਾਣ ਲਈ ਆਪਣੇ ਮਿੱਤਰਾਂ ਨਾਲ ਜਾਣ ਲੱਗਿਆ, ਉਸ ਨੇ ਬੋਨੀਫੇਸੀਓ ਨੂੰ ਚੁਕੰਨਾ ਰਹਿਣ ਦੀ ਤਾੜਨਾ ਕੀਤੀ। "ਚਿੰਤਾ ਨਾ ਕਰ ਬਾਪੂ: ਮੈਨੂੰ ਪਤਾ ਕੀ ਕਰਨਾ ਹੈ।"

ਬੋਨੀਫੇਸੀਓ ਨੇ ਪਹਿਲਾ ਪਲੀਤਾ ਅਸਾਨੀ ਨਾਲ ਹੀ ਨਕਾਰਾ ਕਰ ਦਿੱਤਾ, ਦੂਜੇ ਨੂੰ ਕਰਨ 'ਚ ਸਮੱਸਿਆ ਆ ਗਈ, ਕਿਉਂਕਿ ਇਸ ਨਾਲ ਨਕਾਰਾ ਕਰਨ ਵਾਲਾ ਜੁਗਾੜ ਹੀ ਨਹੀਂ ਸੀ। ਉਸਨੂੰ ਵਰਮੇ ਦੀ ਵਰਤੋਂ ਕਰਨ ਦੇ ਖ਼ਤਰੇ ਦਾ ਪਤਾ ਸੀ, ਪਰ ਆਪਣੀ ਮੁਹਾਰਤ ਦੇ ਭਰੋਸੇ, ਉਸਨੇ ਇਹ ਜੋਖ਼ਮ ਉਠਾਉਣ ਦੀ ਧਾਰ ਲਈ। ਉਸਨੇ ਹਾਲੇ ਸ਼ੁਰੂ ਹੀ ਕੀਤਾ ਸੀ ਕਿ ਭਿਆਨਕ ਸ਼ੋਰ ਨਾਲ ਡਾਈਨਾਮਾਈਟ ਫਟ ਗਿਆ, ਇਸ ਨੇ ਟਨਾਂ ਦੇ ਹਿਸਾਬ ਚਟਾਨ ਤੇ ਮਿੱਟੀ ਦੇ ਨਾਲ-ਨਾਲ ਬੋਨੀਫੇਸੀਓ ਨੂੰ ਵੀ ਹਵਾ 'ਚ ਵਗਾਹ ਮਾਰਿਆ। ਅਚਾਨਕ ਧਮਾਕੇ ਨੇ ਖਾਣ ਮਜ਼ਦੂਰਾਂ ਦੇ ਦਿਲ ਦਹਿਲਾ ਦਿੱਤੇ। ਬਾਪ ਦੇ ਦਿਲ ਦੀਆਂ ਡੂੰਘਾਣਾਂ 'ਚੋਂ ਚੀਕ ਨਿੱਕਲੀ ਤੇ ਉਹ ਖਾਣ ਵੱਲ ਭੱਜ ਉੱਠਿਆ। ਉੱਥੇ ਖ਼ੂਨ ਨਾਲ ਲਥਪਥ ਉਸਦਾ ਪੁੱਤ ਪੱਥਰਾਂ ਦੇ ਢੇਰ ਹੇਠ ਕੁਚਲਿਆ ਪਿਆ ਸੀ। ਉਹ ਟੁਕੜੇ ਹੋਏ ਸਰੀਰ ਦੇ ਕੋਲ ਗੋਡਿਆਂ ਭਾਰ ਬੈਠ ਗਿਆ ਤੇ ਬੇਜਾਨ ਸਰੀਰ ਨੂੰ ਜਿਊਂਦਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ—ਉਹ ਹੌਲਨਾਕ ਸਚਾਈ ਨੂੰ ਮੰਨਣ ਲਈ ਤਿਆਰ ਨਹੀਂ ਸੀ।

"ਮੇਰੇ ਬੱਚੇ! ਮੇਰੇ ਬੱਚੇ!" ਫਿਸ ਚੁੱਕੇ ਸਿਰ ਨੂੰ ਆਪਣੀਆਂ ਬਾਹਵਾਂ ਦਾ ਸਹਾਰਾ ਦਿੰਦਿਆਂ, ਉਹ ਬੁੜ-ਬੁੜਾਇਆ। ਉਸ ਦਾ ਦਿਲ ਦੁੱਖ ਨਾਲ ਚੀਰਿਆ ਗਿਆ। ਉਸ ਦਾ ਪੁੱਤ ਮਰ ਚੁੱਕਿਆ ਸੀ? ਨਹੀਂ, ਅਸੰਭਵ। ਡੂੰਘੇ ਹਟਕੋਰੇ ਨਾਲ ਉਸ ਦੀ ਦੇਹ ਝੰਜੋੜੀ ਗਈ। ਅੱਗ ਵਾਂਗ ਮਚਦੇ ਹੰਝੂ, ਉਹਦੇ ਜ਼ਰਦ, ਲਿੱਸੇ ਚਿਹਰੇ 'ਤੇ ਵਗਣ ਲੱਗ ਪਏ। "ਮੇਰੇ ਬੱਚੇ ਤੇਰੀ ਥਾਂ ਮੈਨੂੰ ਮੌਤ ਕਿਉਂ ਨਾ ਆਈ? ਕਿਉਂ? ਕਿਉਂ?"

"ਉੱਠ ਡਾਇਓਨਿਸੀਓ," ਬਾਕੀ ਖਾਣ ਮਜ਼ਦੂਰਾਂ 'ਚੋਂ ਇਕ ਨੇ ਦਿਲਾਸਾ ਦਿੱਤਾ। "ਤੂੰ ਕੁਝ ਨਹੀਂ ਕਰ ਸਕਦਾ। ਤੈਨੂੰ ਭਾਣਾ ਮੰਨਣਾ ਪੈਣਾ ਹੈ। ਇਹੀ ਅੰਤ ਸਾਡਾ ਸਾਰਿਆਂ ਦਾ ਹੋਣਾ ਹੈ। ਅੱਜ ਤੇਰੇ ਪੁੱਤ ਨਾਲ ਵਾਪਰੀ ਹੈ, ਕੱਲ੍ਹ ਕਲੋਤਰ ਨੂੰ ਮੇਰੇ ਨਾਲ ਵਾਪਰ ਜਾਵੇਗੀ ਜਾਂ ਮੇਰੇ ਪੁੱਤਰ ਨਾਲ!"

ਰੋਹ ਤੇ ਦੁੱਖ ਨਾਲ ਲਰਜ਼ਦਿਆਂ, ਗ਼ਮਗੀਨ ਬਾਪ ਨੇ ਇਕਦਮ ਆਪਣਾ ਸਿਰ ਚੁੱਕ ਲਿਆ। "ਨਹੀਂ," ਦਬੀ ਆਵਾਜ਼ 'ਚ, ਉਹ ਕਹਿਣ ਲੱਗਿਆ, "ਅਸੀਂ ਭਾਣਾ ਨਹੀਂ ਮੰਨ ਸਕਦੇ! ਅਸੀਂ ਜਾਨਵਰਾਂ ਵਾਲੀ ਹੋਣੀ ਪ੍ਰਵਾਨ ਨਹੀਂ ਕਰ ਸਕਦੇ। ਨਹੀਂ, ਬਿਲਕੁਲ ਨਹੀਂ! ਇਸ ਤਰ੍ਹਾਂ ਨਹੀਂ ਹੋਵੇਗਾ.... ਇਸ ਨੂੰ ਬਦਲਣਾ ਹੋਵੇਗਾ।"

ਦਰਦਨਾਕ ਖ਼ਬਰ ਇਕਦਮ ਮੁਹੱਲੇ 'ਚ ਫੈਲ ਗਈ। ਦੁਖੀ ਮਾਂ ਨੂੰ ਦਿਲਾਸਾ ਦੇਣ ਵਾਸਤੇ ਔਰਤਾਂ ਮ੍ਰਿਤਕ ਦੇ ਘਰ ਵੱਲ ਭੱਜ ਉੱਠੀਆਂ। ਗ਼ਮ ਦਾ ਮਧੋਲਿਆ, ਨਿਰਾਸ਼ ਬਾਪ ਘਰ 'ਚ

ਦਾਖ਼ਲ ਹੋਇਆ। "ਸਾਡਾ ਬੱਚਾ ਹੁਣ ਨਹੀਂ ਰਿਹਾ," ਉਹ ਆਪਣੀ ਪਤਨੀ ਨੂੰ ਆਪਣੇ ਸੀਨੇ ਨਾਲ ਲਾ ਕੇ ਬੁੜਬੁੜਾਇਆ। ਉਹ ਬੇਹੱਦ ਗ਼ਮਗੀਨ ਸੀ। ਅਨੰਤ ਪੀੜਾ ਦੌਰਾਨ, ਦਾਨੀ ਸਭਾ ਦੀਆਂ ਕੁਲੀਨ ਔਰਤਾਂ ਦੇ ਮੂੰਹੋਂ, ਇਨ੍ਹਾਂ ਕੰਧਾਂ ਦੇ ਅੰਦਰ ਸੁਣੇ ਧਮਕੀ ਭਰੇ ਲਫ਼ਜ਼ ਚੇਤੇ 'ਚ ਸੱਜਰੇ ਹੋ ਕੇ ਉਸ ਦੇ ਦਿਮਾਗ 'ਚ ਹਥੌੜੇ ਵਾਂਗ ਵੱਜਣ ਲੱਗੇ: "ਰੱਬ ਤੈਨੂੰ ਸਜ਼ਾ ਦੇਵੇਗਾ! ਰੱਬ ਤੈਨੂੰ ਸਜ਼ਾ ਦੇਵੇਗਾ!" ਨਪੀੜੀਂਦੀ ਔਰਤ ਯਾਦਾਂ ਦੇ ਬੋਝ ਨਾਲ ਛਟਪਟਾਉਂਦੀ ਰਹੀ, ਜੋ ਵਿਸਫੋਟ ਨਾਲ ਟੁਕੜੇ-ਟੁਕੜੇ ਤੇ ਤਬਾਹ ਹੋਏ ਆਪਣੇ ਪੁੱਤ ਦੇ ਝਾਉਲੇ 'ਚ ਸਮਾ ਗਈਆਂ ਸਨ।

"ਰੱਬ ?ਕੋਈ ਰੱਬ ਨਹੀਂ ਹੈ!" ਉਹ ਚਿਲਾਈ। "ਮੇਰੇ ਪਿਆਰੇ ਬੱਚੇ, ਤੂੰ ਕਿੱਥੇ ਏਂ, ਤੈਨੂੰ ਕੀ ਹੋ ਗਿਆ ਏ ? ਤੂੰ ਕਿੱਥੇ ਏਂ ? ਜਿਗਰ ਦੇ ਟੋਟੇ, ਕਿੱਥੇ ਏਂ ?"

ਉਸ ਦੇ ਬੇਤਹਾਸ਼ਾ ਦੁੱਖ ਉੱਪਰ ਗ਼ਮ ਦੀ ਮਧੋਲੀ ਬੇਹਿੱਸ ਭਾਵਨਾ ਭਾਰੂ ਹੋ ਗਈ। ਇਹ ਇੰਜ ਸੀ ਜਿਵੇਂ ਉਸ ਦੀ ਜ਼ਿੰਦਗੀ ਦਾ ਮੁੱਖ ਪ੍ਰੇਰਣਾ ਸ੍ਰੋਤ ਖ਼ਤਮ ਹੋ ਗਿਆ ਹੋਵੇ, ਜਿਵੇਂ ਉਸ ਦਾ ਦਿਲ ਉਸ ਦੀ ਛਾਤੀ ਨੂੰ ਬੇਦਾਅਵਾ ਦੇ ਗਿਆ ਹੋਵੇ। ਉਹ ਹੁਣ ਰੋ ਨਹੀਂ ਰਹੀ ਸੀ; ਉਹ ਹੁਣ ਸੋਚ ਨਹੀਂ ਰਹੀ ਸੀ। ਉਹ ਹੁਣ ਇਕ ਤਰ੍ਹਾਂ ਦੇ ਡਰਾਉਣੇ ਸੁਪਨੇ 'ਚ ਜੀਅ ਰਹੀ ਸੀ, ਦੁਨੀਆਂ ਤੋਂ ਪਰ੍ਹਾਂ, ਜ਼ਿੰਦਗੀ ਤੋਂ ਪਰ੍ਹਾਂ।

ਗੁਆਂਢਣਾਂ ਨੇ ਖਿੜਕੀਆਂ ਬੰਦ ਕਰਕੇ ਉਸ ਦੀ ਮੰਜੀ ਦੁਆਲੇ ਘੇਰਾ ਘੱਤ ਲਿਆ, ਤਾਂ ਕਿ ਉਸ ਨੂੰ ਗਲੀ ਦੀਆਂ ਆਵਾਜ਼ਾਂ ਸੁਣਾਈ ਨਾ ਦੇਣ, ਨਾ ਹੀ ਉਸ ਨੂੰ ਪਤਾ ਲੱਗੇ ਕਿ ਉਸ ਦਾ ਪੁੱਤ, ਜੋ ਥੋੜ੍ਹੇ ਘੰਟੇ ਪਹਿਲਾਂ ਹੀ ਉਸ ਨਾਲ ਹਾਸਾ ਮਜ਼ਾਕ ਕਰਦਾ ਤੇ ਲਾਡ ਲਡਾਉਂਦਾ ਗਿਆ ਸੀ, ਦੇ ਜਨਾਜ਼ੇ ਨੂੰ ਹੁਣ ਉਸ ਦੇ ਸਾਥੀ ਮਜ਼ਦੂਰ ਮੋਢਾ ਦੇ ਕੇ ਕਬਰਸਤਾਨ ਵੱਲ ਲਿਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਹੋਰ ਖਾਣ ਮਜ਼ਦੂਰ ਸਿਰ ਝੁਕਾਈ ਜਾ ਰਹੇ ਸਨ; ਉਨ੍ਹਾਂ ਨੇ ਰੋਸ ਵਜੋਂ ਕੰਮ ਬੰਦ ਕਰ ਦਿੱਤਾ ਸੀ। ਖਾਣ ਮਜ਼ਦੂਰਾਂ ਦੇ ਪਿੱਛੇ-ਪਿੱਛੇ ਮੁਹੱਲੇ ਦੇ ਬੱਚੇ ਸਨ, ਰੋਂਦੇ-ਕੁਰਲਾਉਂਦੇ। ਅਸੀਂ, ਗ਼ਮਗੀਨ ਹੋਏ, ਉਸ ਬੇਲੀ ਲਈ ਰੋ ਰਹੇ ਸਾਂ ਜਿਸ ਨੂੰ ਹੁਣ ਅਸੀਂ ਕਦੇ ਨਹੀਂ ਦੇਖ ਸਕਾਂਗੇ। ਇਹ ਪਤਾ ਲੱਗਣ ਨਾਲ ਬੋਨੀਫੈਸੀਓ ਦੇ ਪਰਿਵਾਰ, ਜਿਸਦੀ ਜ਼ਿੰਦਗੀ 'ਚ ਹਮੇਸ਼ਾ ਲਈ ਹਨੇਰਾ ਛਾ ਗਿਆ ਸੀ, ਦਾ ਗ਼ਮ ਹੋਰ ਵਧ ਗਿਆ ਸੀ ਕਿ ਇਕ ਨਹੱਕੇ ਕਾਨੂੰਨ ਦੀ ਬਦੌਲਤ ਉਸ ਦੀ ਮੌਤ ਦਾ ਖਾਣ ਮਾਲਕਾਂ ਨੂੰ ਲਾਭ ਹੋਵੇਗਾ। ਬੋਨੀਫੈਸੀਓ ਬਾਲਗ ਵਾਲਾ ਕੰਮ ਕਰਦਾ ਸੀ, ਉਹ ਬਹੁਤ ਸਾਰਿਆਂ ਨਾਲੋਂ ਕਿਤੇ ਵੱਧ ਪੈਦਾਵਾਰ ਕਰਦਾ ਸੀ ਕਿਉਂਕਿ ਉਹ ਗਭਰੂ ਤੇ ਨਰੋਆ ਸੀ। ਪਰ ਜਦੋਂ ਉਸ ਦੀ ਮੌਤ ਹੋਈ ਉਹ ਸਿਰਫ਼ 17 ਸਾਲ ਦਾ ਸੀ, ਤੇ ਇਸ ਦਾ ਅਰਥ ਸੀ ਕਿ ਉਸ ਦੀ ਮੌਤ ਦੇ ਕਾਨੂੰਨੀ ਲਾਭ ਉਸ ਦੇ ਬਾਪ ਨੂੰ ਨਹੀਂ ਸੀ ਮਿਲ ਸਕਦੇ, ਇਸ ਦੇ ਘੇਰੇ 'ਚ ਸਿਰਫ਼ 19 ਸਾਲ ਤੋਂ ਉੱਪਰ ਮਜ਼ਦੂਰ ਆਉਂਦੇ ਸਨ। ਬਾਲ ਮਜ਼ਦੂਰੀ ਖਾਣ ਮਾਲਕਾਂ ਲਈ ਖੁੱਲ੍ਹਾ ਗੱਫਾ ਸੀ; ਉਨ੍ਹਾਂ ਉੱਪਰ ਕਿਸੇ ਤਰ੍ਹਾਂ ਦੀ ਜ਼ਿੰਮੇਵਾਰੀ ਨਹੀਂ ਸੀ।

[ 8 ]

## ਬਚਪਨ ਤੋਂ ਪਰਪੱਕਤਾ ਦਾ ਸਫ਼ਰ

ਜਦੋਂ ਪੰਦਰਾਂ ਸਾਲਾਂ ਦੀ ਹੋਈ, ਤਾਂ ਮੈਂ ਸਕੂਲ ਦੀ ਪੜ੍ਹਾਈ ਮੁਕਾ ਲਈ। ਮੇਰੀ ਸਿਹਤ ਮਾੜੀ ਸੀ ਅਤੇ ਕੰਮ 'ਤੇ ਜਾਣ ਦੀ ਹਾਲਤ 'ਚ ਨਹੀਂ ਸੀ। ਇਸ ਦਾ ਭਾਵ ਸੀ ਮੇਰੇ ਪਰਿਵਾਰ ਉੱਪਰ ਹੋਰ

ਬੋਝ, ਜੋ ਮੈਂ ਉਨ੍ਹਾਂ 'ਤੇ ਪਾਉਣੋਂ ਝਿਜਕਦੀ ਸੀ। ਕਿਉਂਕਿ ਮੇਰੇ ਵਧੀਆ ਦਰਜੇ ਦੇ ਨਤੀਜਿਆਂ ਨੇ ਮੈਨੂੰ ਅਗਲੇਰੀ ਅਕਾਦਮਿਕ ਪੜ੍ਹਾਈ ਦੀ ਹੱਕਦਾਰ ਬਣਾ ਦਿੱਤਾ ਸੀ, ਇਸ ਕਰਕੇ ਪਹਿਲਾਂ ਮੈਂ ਆਮ ਸਕੂਲ ਅਧਿਆਪਕਾਂ ਲਈ ਇਕ ਸਾਲਾ ਮੁਢਲਾ ਕੋਰਸ ਕਰਨ ਤੇ ਫਿਰ ਦੋ ਸਾਲਾ ਅਧਿਆਪਕਾ ਸਿਖਲਾਈ ਕੋਰਸ ਕਰਨ ਦਾ ਫ਼ੈਸਲਾ ਕੀਤਾ। ਪਹਿਲੇ ਦੋ ਸਾਲ ਮੁਕੰਮਲ ਕਰਨ ਤੋਂ ਬਾਦ ਡਾਹਢੀਆਂ ਆਰਥਕ ਹਕੀਕਤਾਂ ਮੂਹਰੇ, ਮੇਰੇ ਅੱਲੜ੍ਹ ਸੁਪਨੇ ਕੁਮਲਾ ਗਏ; ਸਿੱਧੀ ਜਹੀ ਗੱਲ ਸੀ ਮੇਰੇ ਮਾਪੇ ਕਿਤਾਬਾਂ, ਖਾਣ-ਪੀਣ, ਕੱਪੜੇ ਦੇ ਖਰਚੇ ਪੂਰੇ ਨਹੀਂ ਸੀ ਕਰ ਸਕਦੇ। ਇਸ ਕਰਕੇ ਮੈਂ ਦੋ ਸਾਲਾਂ ਲਈ ਕੱਪੜਿਆਂ ਦੀ ਸਿਲਾਈ ਸਿਖਾਉਣ ਵਾਲੀ ਅਕਾਦਮੀ 'ਚ ਚਲੀ ਗਈ। ਇਸ ਸ਼ਗਿਰਦੀ ਉਪਰੰਤ, ਮੈਂ ਤਿੰਨ ਸਾਲ ਸਥਾਨਕ ਵਪਾਰੀਆਂ ਦੇ ਘਰਾਂ 'ਚ ਕੱਪੜੇ ਸਿਉਣ ਦਾ ਕੰਮ ਕਰਦੀ ਰਹੀ। ਵੀਹਾਂ ਦੀ ਹੋ ਕੇ, ਮੈਨੂੰ ਹੋਰ ਲੋਕਾਂ ਦੇ ਘਰਾਂ ਦੇ ਉਕਤਾਊ ਕੰਮ ਤੋਂ ਮੁਕਤੀ ਮਿਲ ਗਈ, ਮੈਂ ਇਕ ਖਾਣ-ਮਜ਼ਦੂਰ ਨਾਲ ਵਿਆਹ ਕਰ ਲਿਆ, ਜਿਸ ਨਾਲ ਮੇਰਾ ਘਰੇਲੂ ਸਿਲਾਈ ਕਰਨ ਵਾਲੀ ਵਜੋਂ ਪਲੇਠਾ ਕੰਮ ਕਰਨ ਸਮੇਂ ਮੇਲ ਹੋ ਗਿਆ ਸੀ।

ਜ਼ਿੰਦਗੀ 'ਚ ਮੇਰਾ ਮਿਸ਼ਨ "ਪੂਰਾ" ਹੋ ਗਿਆ ਸੀ। ਮੈਂ ਹੋਰ ਉਮੰਗਾਂ ਇਛਾਵਾਂ ਨਹੀਂ ਰੱਖ ਸਕਦੀ ਸੀ, ਮੈਨੂੰ ਰੱਖਣੀਆਂ ਨਹੀਂ ਸੀ ਚਾਹੀਦੀਆਂ। ਔਰਤ ਦਾ ਟੀਚਾ, ਉਸ ਦੀ ਇੱਕੋ ਇੱਕ ਉਮੰਗ, ਵਿਆਹੇ ਜਾਣਾ ਅਤੇ ਇਸ ਸੰਗੀ, ਕਸ਼ਟਦਾਇਕ ਬੰਧਨ ਨੂੰ ਢੋਣਾ ਹੁੰਦਾ ਸੀ ਜੋ ਕੋਈ ਖੁਸ਼ੀ ਨਹੀਂ ਸੀ ਦਿੰਦਾ ਤੇ ਜੋ ਸਾਡੀਆਂ ਮਾਵਾਂ ਦੇ ਨਸੀਬਾਂ 'ਚ ਸੀ; ਇਹ ਮੰਨਿਆ ਜਾਂਦਾ ਸੀ ਕਿ ਸਾਡਾ ਕੰਮ ਤਾਂ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਬੱਚੇ ਜੰਮਣਾ, ਉਨ੍ਹਾਂ ਨੂੰ ਪਾਲਣਾ ਤੇ ਆਪਣੇ ਪਤੀਆਂ ਦੀ ਸੇਵਾ ਕਰਨਾ ਸੀ ਜੋ ਅਕਸਰ ਸਾਡੀ ਉੱਕਾ ਹੀ ਪ੍ਰਵਾਹ ਨਹੀਂ ਸੀ ਕਰਦੇ। ਮੇਰੀ ਮਾਂ ਕਹਿੰਦੀ ਹੁੰਦੀ ਸੀ, "ਪਤੀ ਚੁਨਣ ਸਮੇਂ ਜੋ ਸਹੀ ਪਰਖ ਕਰ ਲਵੇ, ਉਹ ਹੋਰ ਕਿਸੇ ਚੀਜ਼ ਦੀ ਗ਼ਲਤੀ ਨਹੀਂ ਕਰ ਸਕਦੀ।" ਸਹੀ ਪਰਖ ਕਰ ਲੈਣਾ ਉਵੇਂ ਹੀ ਮੁਸ਼ਕਲ ਸੀ ਜਿਵੇਂ ਅੱਧ ਸੇਰ ਮਟਰ ਲੱਭਣਾ। ਮੈਂ ਅਜਿਹੇ ਮਟਰ ਦੀ ਭਾਲ ਨਹੀਂ ਕੀਤੀ। ਸ਼ਾਇਦ ਸੁਖੀ ਔਰਤਾਂ ਮੈਨੂੰ ਮਾਫ਼ ਕਰ ਦੇਣ; ਪਰ ਸਾਡੇ 'ਚੋਂ ਹਰ ਜਣੀ ਮੰਡੀ ਦੀ ਘੋਖ-ਪਰਖ ਉੱਥੇ ਹਾਸਲ ਕੀਤੀਆਂ ਚੰਗੀਆਂ ਕਦਰਾਂ-ਕੀਮਤਾਂ ਤੋਂ ਕਰਦੀ ਹੈ।

ਭਾਵੇਂ ਮੇਰੇ 'ਚ ਬੀਤੇ ਦੇ ਹੇਰਵੇ ਦੀ ਰੁਚੀ ਨਹੀਂ ਹੈ, ਪਰ ਮੈਂ ਉਸ ਸਮੇਂ ਨੂੰ ਬਹੁਤ ਚਾਹੁੰਦੀ ਜਦੋਂ ਔਰਤਾਂ ਖਾਣਾਂ 'ਚ ਕੰਮ ਕਰਿਆ ਕਰਦੀਆਂ ਸਨ। ਚਾਹੇ ਕੰਮ ਕਿੰਨਾ ਵੀ ਬੇਰਹਿਮ ਸੀ, ਇਸ ਨਾਲ ਔਰਤਾਂ ਨੂੰ ਵਿਚਰਨ ਦਾ ਮੌਕਾ ਮਿਲਦਾ ਸੀ ਜੋ ਹੁਣ ਖਾਣਾਂ ਦੀ ਘਾਟੀ 'ਚ ਔਰਤਾਂ ਨੂੰ ਹਾਸਲ ਨਹੀਂ ਹੈ; ਉਜਰਤਾਂ ਤੋਂ ਇਲਾਵਾ, ਇਸ ਨਾਲ ਔਰਤਾਂ ਦੀ ਸਮਾਜਿਕ ਪਛਾਣ ਜੁੜੀ ਹੋਈ ਸੀ।

ਜਦੋਂ ਕੱਚੀ ਧਾਤ ਦੀ ਮੰਗ ਘਟ ਗਈ ਅਤੇ ਮਨੁੱਖੀ ਸ਼ਕਤੀ ਵਾਧੂ ਹੋ ਗਈ, ਉਸ ਸਮੇਂ ਔਰਤਾਂ ਨੂੰ ਨੌਕਰੀ 'ਤੇ ਰੱਖਣਾ ਬੰਦ ਕਰ ਦਿੱਤਾ ਗਿਆ। ਇਹ ਵਿਤਕਰੇ ਭਰਿਆ ਕਾਨੂੰਨ ਮਾਂ, ਔਰਤ, ਪਰਿਵਾਰ ਤੇ ਘਰ ਪ੍ਰਤੀ ਫ਼ਿਕਰਮੰਦੀ ਦੇ ਢੌਂਗੀ ਪਰਦੇ ਹੇਠ ਪਾਸ ਕੀਤਾ ਗਿਆ ਸੀ। ਔਰਤਾਂ ਨੂੰ ਖਾਣਾਂ ਦੇ ਵਹਿਸ਼ੀ ਕੰਮ ਤੋਂ ਇਸ ਲਈ ਮੁਕਤ ਕੀਤਾ ਗਿਆ ਸੀ ਤਾਂ ਜੋ ਉਹ ਹਰ ਤਰ੍ਹਾਂ ਦੇ ਹੱਕਾਂ ਤੋਂ ਵਾਂਝੀਆਂ, ਘਰੇਲੂ ਗ਼ੁਲਾਮ ਬਣਾ ਦਿੱਤੀਆਂ ਜਾਣ। ਖਾਣ ਦੇ ਅੰਦਰ, ਔਰਤ ਇਕ ਮਜ਼ਦੂਰ ਸੀ ਅਤੇ, ਇਸ ਤਰ੍ਹਾਂ ਨਾਲ, ਉਹ ਹੋਰ ਮਜ਼ਦੂਰਾਂ ਨਾਲ ਮਿਲਕੇ ਲੁੱਟ ਖਸੁੱਟ ਵਿਰੁੱਧ ਰੋਸ ਪ੍ਰਗਟਾ ਸਕਦੀ ਸੀ। ਘਰ ਵਿਚ, ਉਹ ਆਪਣੀ ਸਮਾਜਿਕ ਪਛਾਣ ਤੋਂ ਵਾਂਝੀ ਹੋ ਗਈ ਸੀ; ਉਹ ਕੁਰਬਾਨੀ, ਤੰਗੀ, ਅਜਿਹੀ ਹਰ ਤਰ੍ਹਾਂ ਦੀ ਸੇਵਾ ਦੀ ਪਾਬੰਦ ਹੋ ਗਈ ਸੀ ਜਿਸ ਨਾਲ ਉਸ

ਦੇ ਪਤੀ ਤੇ ਬੱਚਿਆਂ ਦੀਆਂ ਜ਼ਿੰਦਗੀਆਂ ਦੀ ਲੁੱਟ ਨੂੰ ਸਹਿਣ ਦੀ ਸਮਰਥਾ ਵਧ ਜਾਵੇ। ਇਸ ਤਰ੍ਹਾਂ, ਉਸ ਦੀਆਂ ਆਪਣੀਆਂ ਲੋੜਾਂ ਮਾਮੂਲੀ ਸਨ; ਉਸ ਦੀ ਆਪਣੀ ਹਸਤੀ ਨਖਿੱਧ ਸੀ; ਸਮੇਂ ਦੇ ਨਾਲ ਉਹ "ਬੁੱਢੀ ਔਰਤ" ਹੋ ਜਾਂਦੀ; ਜੋ "ਸਮਝਣ ਤੋਂ ਆਰ੍ਹੀ ਹੋ ਜਾਂਦੀ," ਜੋ ਅੜਿੱਕਾ ਬਣ ਜਾਂਦੀ, ਓੜਕ ਜਿਸਦੀ ਭੂਮਿਕਾ ਆਪਣੇ ਪਰਿਵਾਰ ਦੀ ਨੌਕਰਾਣੀ ਅਤੇ ਆਪਣੇ ਪੋਤਰੇ-ਪੋਤਰੀਆਂ ਦੀ ਸਾਂਭ-ਸੰਭਾਲ ਕਰਨ ਵਾਲੀ ਹਸਤੀ ਦੀ ਬਣਕੇ ਰਹਿ ਜਾਂਦੀ। ਇਹ ਰਵਾਇਤ ਪੀੜ੍ਹੀਆਂ ਤੋਂ ਸੀ।

ਜਦੋਂ ਮੇਰੇ ਪਹਿਲੀ ਬੱਚੀ ਨੇ ਜਨਮ ਲਿਆ, ਮੈਂ ਪਹਿਲਾਂ ਹੀ ਸਾਲ ਭਰ ਐਨੀ ਤਲਖ਼ੀ ਭੋਗੀ ਸੀ ਕਿ ਮੈਂ ਸਿਰਫ਼ ਬੱਚੀ ਦੇ ਮੋਹ ਕਰਕੇ ਜਿਉਂਦੀ ਰਹੀ। ਮੈਂ ਸਿਰਫ਼ ਘਿਨਾਉਣੇ ਵਰਤਮਾਨ ਤੋਂ ਹੀ ਨਹੀਂ, ਸਗੋਂ ਮਨਹੂਸ ਭਵਿੱਖ ਤੋਂ ਵੀ ਭੈਭੀਤ ਸੀ ਜੋ ਮੇਰੇ ਸਾਹਮਣੇ ਮੰਡਲਾ ਰਿਹਾ ਸੀ, ਕਿਉਂਕਿ ਰੋਜ਼ ਮੈਂ ਖਾਣ ਮਜ਼ਦੂਰਾਂ ਦੀਆਂ ਪਤਨੀਆਂ ਦੀ ਜ਼ਿੰਦਗੀ ਨੂੰ ਗਹੁ ਨਾਲ ਦੇਖਦੀ ਰਹਿੰਦੀ ਸੀ। ਇਸਦੇ ਬਾਵਜੂਦ ਹੋਰ ਜਵਾਨ ਲੋਕਾਂ ਦੇ ਵਾਂਗ, ਮੈਂ ਵੀ ਹਵਾਈ ਕਿਲ੍ਹੇ ਬਣਾਉਂਦੀ ਰਹਿੰਦੀ। ਤੇ, ਪੂਰੀ ਤਰ੍ਹਾਂ ਭਰਮ ਦਾ ਸ਼ਿਕਾਰ ਹੋਈ, ਮੈਂ ਆਲੇ-ਦੁਆਲੇ ਤੋਂ ਅੱਖਾਂ ਮੀਟ ਲੈਂਦੀ ਅਤੇ "ਤੇਰੇ ਸਾਥ 'ਚ ਗੰਢੇ ਨਾਲ ਰੋਟੀ ਬਥੇਰੀ ਹੈ" ਦੀ ਕਿਰ ਰਹੀ ਰੇਤ ਉੱਪਰ ਆਪਣਾ ਸੁਪਨ ਮਹਿਲ ਬਣਾਉਂਦੀ ਰਹਿੰਦੀ; ਇਸ ਭਰੋਸੇ ਕਿ ਤੰਗੀ ਤੁਰਸ਼ੀ ਦੀਆਂ ਔਕੜਾਂ ਦੀ ਕਮੀ ਆਪਸੀ ਖਿੱਚ ਤੇ ਪਿਆਰ ਨਾਲ ਪੂਰੀ ਹੋ ਜਾਵੇਗੀ ਤੇ ਇਹ ਸਰ ਹੋ ਜਾਣਗੀਆਂ। ਮੈਂ ਭੁੱਲ ਜਾਂਦੀ ਕਿ ਜਿੱਥੇ ਰੋਟੀ ਦੀ ਤੰਗੀ ਹੈ, ਉੱਥੇ ਇਕ ਦੂਜੇ ਨੂੰ ਮਿਹਣੋ ਮਿਹਣੀ ਹੋਣ ਦੀ ਵੱਧ ਸੰਭਾਵਨਾ ਬਣ ਜਾਂਦੀ ਹੈ; ਅਤੇ ਕਈ ਵਾਰ ਤਾਂ, ਰੋਟੀ ਹੁੰਦਿਆਂ ਹੋਇਆਂ ਇਹ ਫਿਰ ਵੀ ਆ ਘੁਸਦੀ ਹੈ।

ਜਿਵੇਂ ਹੋਰਨਾਂ ਔਰਤਾਂ ਨਾਲ ਹੁੰਦਾ ਸੀ, ਉਵੇਂ ਹੀ ਕਰੂਰ, ਪ੍ਰਤੱਖ ਹਕੀਕਤ ਬੇਰਹਿਮੀ ਨਾਲ ਮੇਰੇ ਥਪੇੜੇ ਜੜਦੀ। ਥੋੜ੍ਹੇ ਦਿਨ ਭਰਮ-ਭੁਲੇਖਾ ਤੇ ਫਿਰ.....। ਬਾਦ 'ਚ ਉਹੀ ਠੰਢੀ ਯਖ਼, ਘੋਰ, ਬੇਰਹਿਮ, ਨੀਰਸ ਜ਼ਿੰਦਗੀ। ਮੈਂ ਤਜ਼ਰਬੇ ਚੋਂ ਲੋਕ ਕਹਾਵਤ ਦੀ ਕਠੋਰ ਸਚਾਈ ਨੂੰ ਜਾਣਿਆਂ, ਜੋ ਇਸ ਤਰ੍ਹਾਂ ਸੀ "ਮਾਂ ਵਿਆਹ ਕੀ ਹੈ ?ਧੀਏ ਵਿਆਹ ਹੁੰਦੈ ਬੁਣਨਾ, ਬੱਚੇ ਜੰਮਣੇ, ਰੋਣਾ" ਰੋਣਾ, ਆਪਣੇ ਜ਼ਖ਼ਮਾਂ ਅਤੇ ਆਪਣੀ ਬੇਵਸੀ ਲਈ ਰੋਣਾ; ਆਪਣੇ ਬੱਚਿਆਂ ਲਈ ਰੋਣਾ ਜਿਨ੍ਹਾਂ ਨੂੰ ਅਸੀਂ ਹੰਝੂਆਂ ਭਰੇ ਲਾਡ-ਪਿਆਰ ਨੂੰ ਛੱਡਕੇ ਕੁਝ ਨਹੀਂ ਦੇ ਸਕੇ; ਉਦਾਸ, ਸੁਪਨਿਆਂ ਤੋਂ ਸੱਖਣੀਆਂ, ਆਸ ਵਿਹੂਣੀਆਂ ਜ਼ਿੰਦਗੀਆਂ ਲਈ ਰੋਣਾ; ਆਪਣੇ ਦਿਲ 'ਚ ਤੇ ਬੁੱਲ੍ਹਾਂ ਉੱਤੇ ਬਦ-ਦੁਆਵਾਂ ਵਾਲਾ ਤਲਖ਼ ਰੋਣਾ। ਇਕ ਔਰਤ ਦੀ ਬਦ-ਦੁਆ ?ਇਕ ਮਾਂ ਦੀ ਬਦ-ਦੁਆ ? ਇਸ 'ਚ ਹੈਰਾਨੀ ਕਾਹਦੀ, ਕਿਉਂਕਿ ਸਾਡੀਆਂ ਜ਼ਿੰਦਗੀਆਂ ਸਭ ਤੋਂ ਸਰਾਪਿਆਂ ਨਾਲੋਂ ਵੀ ਭੈੜੀਆਂ ਸਨ।

ਕੀ ਜ਼ਿੰਦਗੀ ਜਿਉਣ ਦੇ ਕਾਬਿਲ ਹੈ ਸੀ ?ਜਦੋਂ ਅਸੀਂ ਮੰਦੇਹਾਲ ਔਰਤਾਂ ਆਪਣੀ ਹਾਲਤ, ਆਪਣੇ ਸੰਤਾਪ ਬਾਰੇ ਵਿਚਾਰ-ਚਰਚਾ ਕਰਦੀਆਂ, ਮੇਰੀਆਂ ਸਾਥਣਾਂ ਤੇ ਮੈਂ ਅਕਸਰ ਇਹ ਸਵਾਲ ਪੁੱਛਦੀਆਂ। ਉਹ ਭਾਣਾ ਮੰਨਕੇ ਕਹਿੰਦੀਆਂ; ਆਖ਼ਿਰ ਅਸੀਂ ਔਰਤਾਂ ਕੀ ਕਰ ਸਕਦੀਆਂ ? ਮੈਂ ਸਾਡੇ ਵਰਗੀ ਜ਼ਿੰਦਗੀ ਦੀ ਅਟੱਲਤਾ ਦੇ ਵਿਚਾਰਾਂ ਦੇ ਵਿਰੁੱਧ ਵਿਦਰੋਹ ਕੀਤਾ: ਮੈਂ ਇਸ ਵਿਚਾਰ ਦੇ ਵਿਰੁੱਧ ਵਿਦਰੋਹ ਕੀਤਾ ਕਿ ਅਸੀਂ ਤਾਂ ਲਾਦੂ ਡੰਗਰਾਂ ਵਾਂਗ ਸਦੀਆਂ ਤੋਂ ਕੰਗਾਲੀ ਤੇ ਅਧੀਨਗੀ ਦੀਆਂ ਬੇੜੀਆਂ ਦਾ ਬੋਝ ਢੋਂਹਦੇ ਰਹਿਣ ਲਈ ਸਰਾਪੀਆਂ ਹੋਈਆਂ ਹਾਂ—ਆਪਣੇ ਜੀਵਨ ਸਾਥੀ ਚੁਣੇ ਮਰਦਾਂ ਹੱਥੋਂ ਚਪੇੜਾਂ ਖਾਣ, ਕੁੱਟਮਾਰ ਸਹਿਣ, ਭੁੰਜੇ ਪਟਕਾ ਮਾਰਨ ਲਈ ਸਰਾਪੀਆਂ।

ਓਦੋਂ ਮੈਂ ਇੱਕੀਆਂ ਦੀ ਸੀ ਅਤੇ ਮੇਰੀ ਇਸਥਰ ਹਾਲੇ ਬੱਚੀ ਸੀ। ਜਦੋਂ ਮੇਰੇ ਪਤੀ ਦੀ ਥੋੜ੍ਹੀ ਉਜਰਤ ਕਿਰਾਇਆ ਦੇਣ ਜੋਗੀ ਵੀ ਨਹੀਂ ਸੀ। ਜਦੋਂ ਸਾਡੇ ਕੋਲ ਖਾਣ ਲਈ ਮਾਸ ਦੀ ਬਜਾਏ ਲਾਲ ਮਿਰਚਾਂ ਪਾ ਕੇ (ਜੋ ਰੰਗ ਦੇਣ ਲਈ ਪਾਈਆਂ ਜਾਂਦੀਆਂ ਸਨ) ਪਕਾਏ ਥੋੜ੍ਹੇ ਜਹੇ ਆਲੂ ਹੀ ਹੁੰਦੇ ਸਨ। ਜਦੋਂ ਅਸੀਂ ਆਪਣੇ alpar gatas (ਰੱਸੀ ਦੇ ਤਲੇ ਵਾਲੇ ਕੱਪੜੇ ਦੇ ਬੂਟ) ਦੀ ਮੁਰੰਮਤ ਤਾਰਾਂ ਨਾਲ ਕਰਦੇ; ਜਦੋਂ ਮੈਨੂੰ ਆਪਣੇ ਪਤੀ ਦੇ ਕੰਮ ਵਾਲੇ ਕੱਪੜਿਆਂ ਉੱਤੇ ਟਾਕੀਆਂ-ਦਰ-ਟਾਕੀਆਂ ਲਾਉਣੀਆਂ ਪੈਂਦੀਆਂ, ਜਦੋਂ ਖ਼ੁਰਾਕ ਦੀ ਥੁੜ ਕਰਕੇ ਬੱਚੀ ਨੂੰ ਚੁੰਘਾਉਣ ਲਈ ਮੇਰੇ ਦੁੱਧ ਨਾ ਉੱਤਰਦਾ ਤਾਂ ਮੈਂ ਆਪਣੇ ਪਤੀ ਨੂੰ ਮਾਯੂਸ ਸਵਾਲ ਪੁੱਛਦੀ, "ਕੀ ਤੁਸੀਂ ਸੋਚਦੇ ਹੋ ਕਿ ਅਸੀਂ ਇਸੇ ਤਰ੍ਹਾਂ ਜਿਉਂਦੇ ਰਹਿ ਸਕਦੇ ਹਾਂ ?"

ਜਵਾਬ ਨਿਰਾਸ਼ ਕਰਨ ਵਾਲਾ ਹੁੰਦਾ: "ਤੇਰੇ ਅਨੁਸਾਰ ਬਾਕੀ ਕਿਵੇਂ ਜਿਉਂਦੇ ਹਨ ?"

"ਸਾਡੇ ਵਾਂਗ। ਪਰ ਮੈਂ ਪਸ਼ੂਆਂ ਤੋਂ ਭੈੜੀ ਜ਼ਿੰਦਗੀ ਸਿਰ ਸੁੱਟਕੇ ਨਹੀਂ ਜੀ ਸਕਦੀ। ਇੱਥੋਂ ਦੂਰ ਚਲੇ ਜਾਈਏ; ਜਿੱਥੇ ਜ਼ਿੰਦਗੀ ਐਨੀ ਦੁੱਭਰ ਨਾ ਹੋਵੇ; ਜਿੱਥੇ ਅਸੀਂ ਆਪਣੇ ਬੱਚਿਆਂ ਦਾ ਢਿੱਡ ਤਾਂ ਭਰ ਸਕੀਏ।"

"ਹੋਰ ਕਿਤੇ ? ਬਲਦ ਜਿੱਥੇ ਵੀ ਜਾਏਗਾ ਹਲ ਨੂੰ ਹੀ ਜੋਤਿਆ ਜਾਵੇਗਾ।"

ਇਹ ਸੱਚ ਸੀ। ਮਜ਼ਦੂਰ ਐਸੀ ਕਿਹੜੀ ਥਾਂ ਜਾ ਸਕਦਾ ਸੀ ਜਿੱਥੇ ਉਸ ਦੀ ਬੇਰਹਿਮੀ ਨਾਲ ਲੁੱਟ ਨਹੀਂ ਹੋਵੇਗੀ ?

ਕਰੂਰ ਹਕੀਕਤਾਂ ਨਾਲ ਰੋਜ਼ਮਰਾ ਦੇ ਨੇੜਲੇ ਵਾਹ ਨੇ ਮੇਰੀ ਧਾਰਮਿਕ ਸ਼ਰਧਾ ਦੇ ਉਸਾਰ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ। ਤੇ ਹਰ ਰੋਜ਼ ਮੈਂ ਧਾਰਮਿਕ ਅੰਧਵਿਸ਼ਵਾਸਾਂ, ਤੁਅੱਸਬਾਂ ਤੇ ਗ਼ੈਰ-ਕੁਦਰਤੀ ਤਾਕਤਾਂ ਦੇ ਰਵਾਇਤੀ ਭੈਅ ਤੋਂ ਥੋੜ੍ਹਾ ਥੋੜ੍ਹਾ ਪਰ੍ਹਾਂ ਹੁੰਦੀ ਜਾਂਦੀ ਸੀ। ਮੈਂ ਜਾਨਣ ਲੱਗ ਪਈ ਸੀ ਕਿ ਸਾਡੀ ਗਰੀਬੀ—ਸਭ ਤੋਂ ਬੁਨਿਆਦੀ ਮਨੁੱਖੀ ਲੋੜਾਂ ਦੀ ਘਾਟ—ਦਾ ਕਾਰਣ ਨਾ ਤਾਂ ਕਿਸੇ ਦੇਵੀ ਦੇਵਤੇ ਦੀ ਇੱਛਾ ਸੀ ਤੇ ਨਾ ਇਹ ਇੰਜ ਬਦਲਣੀ ਸੀ। ਸਾਡੀ ਮੰਦਹਾਲੀ ਦਾ ਸਰੋਤ ਸਵਰਗ 'ਚ ਨਹੀਂ ਧਰਤੀ ਉੱਤੇ ਸੀ। ਇਹ ਮਨੁੱਖਾਂ ਦੇ ਬਣਾਏ ਦਸਤੂਰ 'ਚੋਂ ਪੈਦਾ ਹੋਈ ਸੀ ਜਿਸ ਨੂੰ ਹੋਰ ਦੂਸਰੇ ਮਨੁੱਖ ਬਦਲ ਸਕਦੇ ਜਾਂ ਖ਼ਤਮ ਕਰ ਸਕਦੇ ਸਨ।

ਮੈਂ ਮਾਰਕਸਵਾਦੀ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਮੇਰੇ ਲਈ ਇਹ ਜ਼ਿੰਦਗੀ ਦੀ ਖਿੜਕੀ ਖੁੱਲ੍ਹ ਜਾਣ ਵਾਂਗ ਸੀ। ਮੇਰੇ ਵਿਚਾਰ ਤੇ ਭਾਵਨਾਵਾਂ 'ਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਤੇ ਇਹ ਠੋਸ ਰੂਪ ਅਖ਼ਤਿਆਰ ਕਰਨ ਲੱਗੇ; ਹਾਲਾਂ ਕਿ ਬਹੁਤਾ ਕੁਝ ਮੈਨੂੰ ਹਾਲੇ ਸਮਝ ਨਹੀਂ ਸੀ ਪੈਂਦਾ। ਮੇਰੇ ਪਹਿਲੇ ਕੈਥੋਲਿਕ ਵਿਸ਼ਵਾਸ ਡਗਮਗਾਉਣੇ ਸ਼ੁਰੂ ਹੋ ਗਏ, ਹਾਲਾਂਕਿ ਇਹ ਨਿਰਵਿਰੋਧ ਨਹੀਂ ਹੋ ਗਿਆ, ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਨ੍ਹਾਂ ਨੇ ਮੇਰੀ ਚੇਤਨਾ ਦੀਆਂ ਗਹਿਰਾਈਆਂ 'ਚ ਇਕ ਡਰ, ਇਕ ਸ਼ੱਕ ਦਾ ਪ੍ਰਛਾਵਾਂ ਛੱਡਣ ਦਾ ਪੱਕਾ ਇਰਾਦਾ ਕੀਤਾ ਹੋਵੇ। ਇਕ ਸਮਾਜਵਾਦੀ ਸਮਾਜ ਲਈ ਸੰਘਰਸ਼, ਹਾਲਾਂਕਿ ਇਹ ਸਪਸ਼ਟ ਸੀ ਕਿ ਇਹ ਨੇੜ-ਭਵਿੱਖ 'ਚ ਹੋਣ ਵਾਲਾ ਨਹੀਂ ਸੀ, ਨੇ ਮੇਰੀ ਜ਼ਿੰਦਗੀ ਨੂੰ ਸੰਤੁਸ਼ਟੀ ਦੇ ਅਰਥ ਦੇਣ ਦਾ ਰਾਹ ਖੋਹਲ ਦਿੱਤਾ। ਇਹ ਅਜਿਹੀ ਤਾਕਤ ਸੀ ਜਿਸ ਨੇ ਸਾਡੀ ਅਛੂਤਾਂ ਵਰਗੀ ਹੋਂਦ ਦੇ ਜਾਬਰ ਹਾਲਾਤ ਹੇਠ ਡਟੇ ਰਹਿਣ ਦੀ ਸਮੱਰਥਾ ਬਣਾਈ ਰੱਖੀ। ਜਿੰਨਾ ਵਧੇਰੇ ਮੈਂ ਸਮਾਜਵਾਦ ਨੂੰ ਸਿੱਖਦੀ ਗਈ, ਜ਼ਿੰਦਗੀ ਨਾਲ ਮੈਂ ਓਨਾ ਹੀ ਇਕਸੁਰ ਹੁੰਦੀ ਗਈ। ਹੁਣ ਮੈਂ ਇਸ ਨੂੰ ਜਿੱਲ੍ਹਣ ਨਹੀਂ ਸਗੋਂ ਲੜਾਈ ਦਾ ਐਸਾ ਮੈਦਾਨ ਸਮਝਦੀ ਸੀ ਜਿੱਥੇ ਮਜ਼ਦੂਰਾਂ ਦੀ ਬੇਸ਼ੁਮਾਰ ਫ਼ੌਜ ਆਪਣੀਆਂ ਹਾਰਾਂ ਵਿਚੋਂ ਦੀ ਅੱਗੇ ਵਧਦੀ, ਰੋਜ਼ਮਰਾ ਜਿੱਤਾਂ ਹਾਸਲ ਕਰਦੀ ਜਾਂਦੀ ਸੀ।

ਮੇਰਾ ਨਵਾਂ ਅਕੀਦਾ ਮੇਰੇ ਪਹਿਲਾਂ ਦੇ ਧਾਰਮਿਕ ਵਿਸ਼ਵਾਸ ਨਾਲੋਂ ਵੱਧ ਤਰਕਸ਼ੀਲ ਤੇ ਵੱਧ ਠੋਸ ਸੀ। ਹੁਣ ਮੈਂ ਕਿਸੇ ਅਣਜਾਣੇ ਅਤੇ ਨਾ ਜਾਣੇ ਜਾ ਸਕਣ ਵਾਲੇ ਰੱਬ ਦੀ ਮਿਹਰ ਦੀ ਆਸ ਨਹੀਂ ਸੀ ਕਰਦੀ। ਮੇਰੀਆਂ ਆਸਾਂ ਨੂੰ ਮਨੁੱਖਤਾ ਦੀ ਤਾਕਤ—ਸਾਡੀ ਆਪਣੀ ਤਾਕਤ, ਸਾਡੀ ਆਪਣੀ ਜਦੋਜਹਿਦ—'ਚ ਸਹਾਰਾ ਮਿਲ ਗਿਆ ਸੀ। ਮੈਂ ਸੰਸਾਰ ਨੂੰ ਉਸੇ ਤਰ੍ਹਾਂ ਛੱਡਣ ਲਈ ਤਿਆਰ ਨਹੀਂ ਸੀ ਜਿਵੇਂ ਇਹ ਸਾਨੂੰ ਵਿਰਸੇ 'ਚ ਮਿਲਿਆ ਸੀ। ਮੈਂ ਇਸਨੂੰ ਬਦਲਣ ਲਈ, ਇਸ ਨੂੰ ਬਿਹਤਰ ਸੰਸਾਰ ਬਣਾਉਣ ਲਈ, ਆਪਣੇ ਬੱਚਿਆਂ ਵਾਸਤੇ ਰਾਹ ਖੋਲਣ ਲਈ ਸੰਘਰਸ਼ ਕਰਾਂਗੀ ਜੋ ਦਾਬੇ ਰਹਿਤ ਤੇ ਗਰੀਬੀ ਰਹਿਤ ਸਮਾਜ ਵੱਲ ਨੂੰ ਜਾਂਦਾ ਹੋਵੇ।

ਸਿੱਖਣ ਦੀ ਲਗਨ ਨਾਲ, ਮੈਂ ਸੋਮੋਰੋਸਤਰੋ Casa del pueblo ਦੀ ਲਾਇਬਰੇਰੀ ਦੀ ਹਰੇਕ ਕਿਤਾਬ ਪੜ੍ਹੀ। ਤੇ ਮੈਨੂੰ ਇਹ ਲਾਜ਼ਮੀ ਮੰਨ ਲੈਣਾ ਚਾਹੀਦਾ ਕਿ, ਜਿਵੇਂ ਮੈਂ Quo vadis ਕਿਸਮ ਦਾ ਕੈਥੋਲਿਕ ਸਾਹਿਤ ਪੜ੍ਹਨ ਗਿੱਝੀ ਹੋਈ ਸੀ, ਇਸ ਕਰਕੇ ਮੈਨੂੰ ਸਮਾਜਵਾਦ ਦੀ ਵਾਰਤਕ ਰੇਗਮਾਰ ਵਰਗੀ ਖੁਰਦਰੀ ਲੱਗਦੀ ਸੀ।

ਇਸੇ ਅਕੇਵੇਂ ਕਰਕੇ "ਕਿਰਤੀ ਪ੍ਰੈੱਸ" ਅਖ਼ਬਾਰ ਪੜ੍ਹਦੀ-ਪੜ੍ਹਦੀ ਦੇ ਹੱਥੋਂ ਡਿਗ ਜਾਂਦਾ। (ਇਹ ਹਾਲੇ ਤੱਕ ਵੀ ਕਈ ਵਾਰ ਹੋ ਜਾਂਦਾ ਹੈ।)

ਮੈਂ ਮਾਰਕਸ ਤੇ ਏਂਗਲਸ ਪੜ੍ਹੇ, ਇਸ ਨਾਲ ਮੈਂ ਜਿਹੜਾ ਦਰਮਿਆਨੇ ਦਰਜੇ ਦਾ ਸਮਾਜਵਾਦੀ ਸਾਹਿਤ ਪੜ੍ਹਦੀ ਆ ਰਹੀ ਸੀ, ਉਸ ਦੀ ਕਮੀ ਪੂਰੀ ਹੋ ਗਈ। *ਕਮਿਊਨਿਸਟ ਮੈਨੀਫੈਸਟੋ* ਚੰਗੀ ਤਰ੍ਹਾਂ ਕੰਠ ਕਰ ਲੈਣ ਉਪਰੰਤ, ਮੈਂ *ਪੂੰਜੀ* ਦੀ ਸੰਖੇਪ ਛਾਪ ਨੂੰ ਪੜ੍ਹਨ ਦੀ ਹਿੰਮਤ ਜੁਟਾ ਲਈ, ਹਾਲਾਂਕਿ ਕਿਤਾਬਾਂ ਦੀ ਚੋਣ ਬਿਹਤਰ ਨਹੀਂ ਸੀ, ਫਿਰ ਵੀ ਇਨ੍ਹਾਂ ਤੋਂ ਮੈਨੂੰ ਸਾਡੀ ਗਰੀਬੀ ਦੇ ਕਾਰਣ ਤੇ ਸਾਨੂੰ ਲੁੱਟਣ ਵਾਲਿਆਂ ਦੀ ਦੌਲਤ ਦੀ ਜੜ੍ਹ ਨੂੰ ਸਮਝਣ 'ਚ ਸਹਾਇਤਾ ਮਿਲੀ, ਚਾਹੇ ਇਹ ਸਮਝ ਬਹੁਤ ਹੀ ਸਾਧਾਰਣ ਪੱਧਰ ਦੀ ਸੀ।

ਫਿਰ ਵੀ, ਮਾਰਕਸਵਾਦ ਦਾ ਅਧਿਐਨ ਮੇਰੇ ਲਈ ਔਖਾ ਕੰਮ ਸੀ, ਕਿਉਂਕਿ ਸਹਾਇਤਾ ਕਰਨ ਜਾਂ ਸਲਾਹ ਦੇਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਸਮਿਆਂ 'ਚ, ਨੇੜੇ-ਤੇੜੇ ਕੋਈ ਕੋਰਸ ਜਾਂ ਸਿਆਸੀ ਸਕੂਲ ਨਹੀਂ ਸੀ ਹੁੰਦੇ। ਮਾਰਕਸਵਾਦ ਦਾ ਅਧਿਐਨ ਕਰਨ ਤੇ ਇਸਨੂੰ ਸਮਝਣ ਦਾ ਕੰਮ ਬਾਕੀਆਂ ਲਈ ਵੀ ਇਸੇ ਤਰ੍ਹਾਂ ਮੁਸ਼ਕਲ ਸੀ। ਖਾਣ ਮਜ਼ਦੂਰਾਂ ਦੀ ਯੂਨੀਅਨ ਦਾ ਸਕੱਤਰ ਇਕ ਉੱਘਾ ਸਮਾਜਵਾਦੀ ਸੀ। ਮੇਰੇ *ਐੱਲ ਮਿਨੇਰੋ ਵਿਜ਼ਕੈਨੋ* (ਵਿਜ਼ਕਾਇਆ ਦਾ ਖਾਣ ਮਜ਼ਦੂਰ) ਦੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਕਰਨ ਤੋਂ ਬਾਦ, ਇਕ ਦਿਨ ਮੈਨੂੰ ਪੁੱਛਣ ਲੱਗਿਆ ਕਿ ਮੈਨੂੰ ਸਮਾਜਵਾਦ ਬਾਰੇ ਕਿੰਨੀ ਕੁ ਜਾਣਕਾਰੀ ਸੀ; ਉਸਨੇ ਮੈਨੂੰ ਪੁੱਛਿਆ ਮੈਂ ਕਿਹੜੀਆਂ ਲਿਖਤਾਂ ਪੜ੍ਹੀਆਂ ਨੇ। ਮੈਂ ਉਸ ਨੂੰ ਦੱਸ ਦਿੱਤੀਆਂ, ਤੇ ਇਹ ਵੀ ਜ਼ਿਕਰ ਕੀਤਾ ਕਿ ਮੈਂ ਪੂੰਜੀ ਦਾ ਅਧਿਐਨ ਕਰ ਰਹੀ ਹਾਂ। ਉਸ ਨੇ ਮੇਰੇ ਵੱਲ ਤਰਸ ਭਰੀ ਤੱਕਣੀ ਨਾਲ ਦੇਖਿਆ ਤੇ ਤਨਜ਼ੀਆ ਲਹਿਜ਼ੇ 'ਚ ਪੁੱਛਿਆ: "ਤੈਨੂੰ ਇਸ ਦੀ ਕੋਈ ਸਮਝ ਪਈ ਹੈ?"

"ਬਹੁਤੀ ਨਹੀਂ," ਮੈਂ ਜਵਾਬ ਦਿੱਤਾ, "ਪਰ ਸਰਮਾਏਦਾਰਾਂ ਦੀ ਖੁਸ਼ਹਾਲੀ ਦੇ ਰਾਜ ਨੂੰ ਜਾਨਣ ਲਈ ਕਾਫ਼ੀ ਹੈ। ਮੈਂ ਜਾਣ ਲਿਆ ਹੈ ਕਿ ਵਾਧੂ ਕਦਰ ਦੀ ਸਿਰਜਣਾ ਕਿਵੇਂ ਹੁੰਦੀ ਹੈ। ਇਹ ਮੈਨੂੰ ਕਈ ਚੀਜ਼ਾਂ ਨੂੰ ਸਮਝਣ 'ਚ ਸਹਾਇਤਾ ਕਰਦੀ ਹੈ, ਜਿਨ੍ਹਾਂ ਬਾਰੇ, ਪਹਿਲਾਂ ਮੈਂ ਸੋਚਦੀ ਸੀ ਕਿ ਇਹ ਸਭ ਦੈਵੀ ਤਾਕਤ ਨੇ ਬਣਾਈਆਂ ਹੋਈਆਂ ਨੇ; ਹੁਣ ਮੈਂ ਇਨ੍ਹਾਂ ਨੂੰ ਵੱਖਰੀ ਰੌਸ਼ਨੀ 'ਚ ਵੇਖਦੀ ਹਾਂ।"

ਉਹ ਵਿਅੰਗ ਨਾਲ ਮੁਸਕਾਇਆ ਤੇ ਗੱਲਬਾਤ ਇਸ ਤਰ੍ਹਾਂ ਸਮਾਪਤ ਕੀਤੀ: "ਤੂੰ ਇਨ੍ਹਾਂ ਸੰਕਲਪਾਂ ਨੂੰ ਕਿਵੇਂ ਸਮਝ ਲਵੇਂਗੀ ਜਦੋਂ ਇਹ ਮੈਨੂੰ ਚੰਗੀ ਤਰ੍ਹਾਂ ਸਮਝ ਨਹੀਂ ਆਉਂਦੇ, ਜਿਸਨੇ ਇਨ੍ਹਾਂ ਨੂੰ ਦਸ ਸਾਲ ਪੜ੍ਹਿਆ ਹੈ?"

[9]

## 1917: ਫ਼ੈਸਲਾਕੁਨ ਵਰ੍ਹਾ

ਖੁਸ਼ੀ ਭਰੀ ਜ਼ਿੰਦਗੀ ਗੁਜ਼ਾਰਨ ਲਈ, ਦ੍ਰਿੜ ਨਿਹਚਾ ਹੋਣੀ ਜ਼ਰੂਰੀ ਹੈ। ਤੇ ਬੇਖ਼ੌਫ਼ ਹੋ ਕੇ ਮਰਨ ਲਈ ਵੀ ਦ੍ਰਿੜ ਨਿਹਚਾ ਦਾ ਹੋਣਾ ਓਨਾ ਹੀ ਜ਼ਰੂਰੀ ਹੈ।

—ਪੀਟਰ ਉਸਾਕੋਵ, 18ਵੀਂ ਸਦੀ ਦਾ ਰੂਸੀ ਇਨਕਲਾਬੀ ਜਮਹੂਰੀਅਤਪਸੰਦ।

1917 ਦਾ ਵਰ੍ਹਾ ਸਪੇਨ ਵਿਚ ਅਹਿਮ ਘੋਲਾਂ ਦਾ ਸਾਲ ਸੀ। ਬੇਸ਼ੁਮਾਰ ਅੰਦਰੂਨੀ ਮਸਲਿਆਂ ਤੋਂ ਇਲਾਵਾ, ਸਾਡੇ ਦੇਸ਼ 'ਚੋਂ ਕੌਮਾਂਤਰੀ ਅਸਥਿਰਤਾ ਦੀ ਝਲਕ ਵੀ ਪੈਂਦੀ ਸੀ; ਖ਼ਾਸ ਤੌਰ 'ਤੇ, ਰੂਸ ਅੰਦਰ ਇਨਕਲਾਬੀ ਲਹਿਰ ਦੇ ਸਿੱਟੇ ਵਜੋਂ ਜ਼ਾਰਸ਼ਾਹੀ ਦਾ ਭੋਗ ਪੈ ਗਿਆ ਸੀ ਤੇ ਆਰਜੀ ਸਰਕਾਰ ਬਣਾ ਲਈ ਗਈ ਸੀ। ਸਪੇਨ ਦੀ ਬਾਦਸ਼ਾਹਤ ਢਹਿ-ਢੇਰੀ ਹੋ ਰਹੀ ਸੀ। ਮਜ਼ਦੂਰ ਤੇ ਕਿਸਾਨ ਸਭ ਤੋਂ ਖਾੜਕੂ ਹਿੱਸੇ ਸਨ; ਤੇ ਇਨ੍ਹਾਂ ਦੇ ਸੰਘਰਸ਼ ਨੇ ਬੁਰਜੂਆ ਜਮਹੂਰੀ ਤਾਕਤਾਂ ਨੂੰ ਸਟੈਂਡ ਲੈਣ ਲਈ ਮਜਬੂਰ ਕਰ ਦਿੱਤਾ ਸੀ। ਕੈਟਾਲੋਨੀਆ 'ਚ ਜ਼ੋਰ-ਸ਼ੋਰ ਨਾਲ ਚੱਲ ਰਹੀ ਖੇਤਰੀ ਲਹਿਰ, ਕੇਂਦਰੀ ਸਰਕਾਰ ਲਈ ਸਮੱਸਿਆਵਾਂ ਖੜ੍ਹੀਆਂ ਕਰ ਰਹੀ ਸੀ। ਜਿਨ੍ਹਾਂ "ਸ਼ਾਹੀ ਅਧਿਕਾਰੀਆਂ" ਦੇ ਅਧਾਰ 'ਤੇ ਅਲਫਾਂਸੋ ਅੱਠਵੀਂ ਅਫ਼ਰੀਕੀ ਫ਼ੌਜੀ ਕਮਾਨ ਬਣੀ ਹੋਈ ਸੀ, ਉਨ੍ਹਾਂ ਪ੍ਰਤੀ ਉੱਚ ਹਲਕਿਆਂ ਵੱਲੋਂ ਦਿਖਾਏ ਜਾ ਰਹੇ ਹੇਜ ਦੇ ਸਿੱਟੇ ਵਜੋਂ ਫ਼ੌਜ ਪੂਰੀ ਤਰ੍ਹਾਂ ਬੇਜ਼ਾਬਤਾ ਹੋਈ ਪਈ ਸੀ।

ਹਾਲਤ ਨੂੰ ਸੁਧਾਰਨ ਦੀ ਦੇਸ਼-ਭਗਤ ਤਾਂਘ ਕਾਰਣ ਬੇਚੈਨ ਅਫ਼ਸਰਾਂ ਨੇ ਫ਼ੌਜੀ ਸੁਰੱਖਿਆ ਕੌਂਸਲਾਂ ਬਣਾ ਲਈਆਂ, ਹਾਲਾਂਕਿ ਅਜਿਹੀਆਂ ਕਾਰਵਾਈਆਂ ਫ਼ੌਜੀ ਕਾਇਦੇ-ਕਾਨੂੰਨਾਂ ਤੇ ਵਿਧਾਨ ਦੀ ਉਲੰਘਣਾ ਬਣਦੀਆਂ ਸਨ। ਮੋਰੱਕੋ ਨੇ ਸਪੇਨੀ ਬਸਤੀਵਾਦ ਖ਼ਿਲਾਫ਼ ਲੜਾਈ ਲੜੀ ਸੀ; ਖੱਬੇਪੱਖੀ ਡਿਪਟੀਆਂ (ਚੁਣੇ ਨੁਮਾਇੰਦੇ) ਨੇ ਸਨਅਤੀ ਬੁਰਜੂਆਜ਼ੀ ਦੇ ਉੱਪਰਲੇ ਹਿੱਸੇ ਦੇ ਕੈਟਾਲੋਨੀਅਨ ਡਿਪਟੀਆਂ ਨਾਲ ਮਿਲਕੇ ਵਿਧਾਨ ਸਭਾ (Cortes) 'ਚੋਂ ਵਾਕ ਆਊਟ ਕਰ ਦਿੱਤਾ ਸੀ—ਅਜਿਹਾ ਉਨ੍ਹਾਂ ਨੇ ਇਸ ਲਈ ਕੀਤਾ ਤਾਂ ਕਿ ਸਭਾ ਕਿਸੇ ਹੋਰ ਥਾਂ ਬੁਲਾਈ ਜਾਵੇ।

ਸਮਾਜਵਾਦੀ ਪਾਰਟੀ, ਸਰਮਾਏਦਾਰੀ ਦੇ ਵਿਰੋਧੀ-ਧਿਰ ਦੇ ਧੜਿਆਂ ਨੂੰ ਨਾਲ ਲੈ ਕੇ ਬਗ਼ਾਵਤ ਦੀਆਂ ਵਿਉਂਤਾਂ ਬਣਾ ਰਹੀ ਸੀ, ਹਾਲਾਂਕਿ ਬਾਦਸ਼ਾਹਤ ਵਿਰੁੱਧ ਸੰਘਰਸ਼ ਨੂੰ ਸਿਰੇ ਲਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ। ਸਮਾਜਵਾਦੀ ਪ੍ਰਚਾਰ ਗਿਣ-ਮਿਥ ਕੇ ਗੋਲ-ਮੋਲ ਕੀਤਾ ਜਾਂਦਾ ਸੀ, ਜੋ ਮਜ਼ਦੂਰ ਜਮਾਤ ਨੂੰ ਇਹ ਪ੍ਰਭਾਵ ਦਿੰਦਾ ਕਿ ਇਨਕਲਾਬ ਦੀ ਤਿਆਰੀ ਹੋ ਰਹੀ ਸੀ। ਇਸ ਪ੍ਰਭਾਵ ਨੂੰ ਡੂੰਘਾ ਬਣਾਉਣ ਲਈ, ਕਈ ਖੇਤਰਾਂ ਵਿਚ, ਖ਼ਾਸ ਤੌਰ 'ਤੇ ਅਸਟੂਰੀਅਸ

ਤੇ ਬਾਸਕ ਸੂਬਿਆਂ ਵਿਚ ਧਾਤ ਕਾਰਖ਼ਾਨਿਆਂ ਦੇ ਮਜ਼ਦੂਰਾਂ ਤੇ ਖਾਣ ਮਜ਼ਦੂਰਾਂ ਨੂੰ ਹਥਿਆਰ ਵੰਡੇ ਗਏ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਕਿਸੇ ਵੀ ਚਾਣਚੱਕ ਸਬੰਬੀ ਘਟਨਾ ਲਈ ਤਿਆਰ ਰਹਿਣ।

ਹਦਾਇਤਾਂ ਦੀ ਇੰਤਜ਼ਾਰ ਕਰਦੇ ਕਰਦੇ, ਮੇਰੇ ਜ਼ਿਲ੍ਹੇ ਦੇ ਖਾਣ ਮਜ਼ਦੂਰਾਂ ਦੀ ਇਕ ਟੋਲੀ ਨੇ ਬੰਬ ਬਣਾ ਕੇ ਆਪਣੇ ਤੌਰ 'ਤੇ ਭਵਿੱਖੀ ਘਟਨਾਵਾਂ ਦੀ ਤਿਆਰੀ ਕਰਨ ਦਾ ਫ਼ੈਸਲਾ ਕੀਤਾ; ਇਸ ਕੰਮ 'ਚ ਮੈਂ ਉਤਸ਼ਾਹ ਨਾਲ ਹਿੱਸਾ ਲਿਆ। ਅਸੀਂ ਕੰਪਨੀ ਦੇ ਪਾਊਡਰ ਮੈਗਜ਼ੀਨਾਂ 'ਚ ਰੱਖੇ ਡਾਈਨਾਮਾਈਟ ਤੋਂ ਬੰਬ ਬਣਾ ਲਏ, ਇਹ ਡਾਈਨਾਮਾਈਟ ਖਾਣ ਮਜ਼ਦੂਰਾਂ ਦੀ ਪਹੁੰਚ ਵਿਚ ਸੀ। ਅਸੀਂ ਨੇੜੇ ਦੀ ਇਕ ਗੁਫ਼ਾ 'ਚ ਵਰਕਸ਼ਾਪ ਲਾ ਕੇ ਬੰਬ ਜਮ੍ਹਾਂ ਕਰਨੇ ਸ਼ੁਰੂ ਕਰ ਦਿੱਤੇ ਤੇ ਬਗ਼ਾਵਤ ਦੇ ਹੁਕਮਾਂ ਦਾ ਇੰਤਜ਼ਾਰ ਕਰਨ ਲੱਗੇ। ਟੀਨ ਦੇ ਡੱਬਿਆਂ 'ਚ ਡਾਈਨਾਮਾਈਟ ਭਰਕੇ, ਕਿੱਲਾਂ ਤੇ ਧਾਤਾਂ ਦੇ ਟੁਕੜੇ ਪਾ ਕੇ ਬਣਾਏ, ਅਤੇ ਸੀਮਿੰਟ ਨਾਲ ਬੰਦ ਕੀਤੇ ਇਹ ਬੰਬ ਸਾਧਾਰਨ ਜਹੇ ਸਨ ਜਿਨ੍ਹਾਂ ਨਾਲ ਇਕ ਇੰਚ ਲੰਬੀ ਬੱਤੀ ਲਗਾਈ ਹੋਈ ਸੀ ਜਿੱਥੇ ਪਲੀਤਾ ਲਾਇਆ ਜਾਣਾ ਸੀ। ਅਸੀਂ ਇਨ੍ਹਾਂ ਦੀ ਪਰਖ ਕੀਤੀ ਤਾਂ ਇਹ ਐਨ ਖ਼ਰੇ ਉੱਤਰੇ, ਸਭ ਤੋਂ ਵੱਧ ਮਨੋਵਿਗਿਆਨਕ ਨਜ਼ਰੀਏ ਤੋਂ—ਇਨ੍ਹਾਂ ਦਾ ਸ਼ੋਰ ਭਿਆਨਕ ਸੀ।

ਸਿਆਸੀ ਤਾਪਮਾਨ ਵਧ ਰਿਹਾ ਸੀ। ਕਿਸੇ ਵੀ ਪਲ ਕਾਰਵਾਈ ਦਾ ਸੱਦਾ ਆਉਣ ਦੀ ਉਡੀਕ 'ਚ ਸਾਨੂੰ ਨੀਂਦ ਨਹੀਂ ਸੀ ਆਉਂਦੀ। ਸਮਾਂ ਬੀਤਦਾ ਗਿਆ, ਸਾਡਾ ਇਨਕਲਾਬੀ ਜੋਸ਼ ਮੱਠਾ ਪੈ ਜਾਣ ਦਾ ਖ਼ਤਰਾ ਸੀ। ਕਾਰਕੁੰਨ ਬੇਚੈਨ ਸਨ ਤੇ ਉਨ੍ਹਾਂ ਨੇ ਲੀਡਰਸ਼ਿਪ ਦੇ ਬਾਰੇ ਘੁਸਰ-ਮੁਸਰ ਸ਼ੁਰੂ ਕਰ ਦਿੱਤੀ, ਜਿਸਨੇ ਐਸੇ ਅਹਿਮ ਘਟਨਾਕ੍ਰਮ ਦੇ ਵਾਪਰਨ ਦਾ ਸੰਕੇਤ ਦਿੱਤਾ ਸੀ।

ਇਨਕਲਾਬ ਆ ਨਹੀਂ ਸੀ ਰਿਹਾ, ਇਸ ਦੀ ਉਡੀਕ ਤੋਂ ਤੰਗ ਆਏ ਰੇਲ ਆਵਾਜਾਈ ਵਿਵਸਥਾ 'ਤੇ ਕੰਮ ਕਰਦੇ ਮਜ਼ਦੂਰਾਂ ਨੇ ਟਾਲਮਟੋਲ ਤੇ ਪ੍ਰੋਗਰਾਮ ਮੁਲਤਵੀ ਕੀਤੇ ਜਾਣ ਨੂੰ ਨਜ਼ਰਅੰਦਾਜ਼ ਕਰਕੇ 10 ਅਗਸਤ 1917 ਨੂੰ ਰੇਲ ਆਵਾਜਾਈ ਕੰਪਨੀਆਂ ਵਿਰੁੱਧ ਹੜਤਾਲ ਕਰ ਦਿੱਤੀ। ਸਮਾਜਵਾਦੀ ਆਗੂਆਂ ਨੂੰ ਆਪਣੀ ਇੱਛਾ ਦੇ ਉਲਟ ਕੌਮੀ ਸੰਭਾਵਨਾ ਤੇ ਇਨਕਲਾਬੀ ਖ਼ਾਸੇ ਵਾਲੀ ਹੜਤਾਲ ਦੀ ਲਹਿਰ 'ਚ ਸ਼ਾਮਲ ਹੋਣ ਲਈ ਮਜ਼ਬੂਰ ਹੋਣਾ ਪੈ ਗਿਆ।

ਅਸਟੂਰੀਅਸ 'ਚ (ਖ਼ਾਸ ਤੌਰ 'ਤੇ ਖਾਣ ਮਜ਼ਦੂਰਾਂ 'ਚ) ਅਤੇ ਬਾਸਕ ਸੂਬਿਆਂ ਵਿਚ ਸੰਘਰਸ਼ ਨੇ ਵਿਦਰੋਹੀ ਖ਼ਾਸਾ ਅਖ਼ਤਿਆਰ ਕਰ ਲਿਆ। ਹੜਤਾਲ ਕਰਨ ਵਾਲਿਆਂ ਖ਼ਿਲਾਫ਼ ਫ਼ੌਜ ਲਗਾ ਦਿੱਤੀ ਗਈ। ਫ਼ੌਜਾਂ ਦੇ ਮੁਖੀ ਨੇ ਐਲਾਨ ਕਰ ਦਿੱਤਾ ਕਿ ਉਹ ਹੜਤਾਲਾਂ ਕਰਨ ਵਾਲਿਆਂ ਦਾ ਬੀਜਨਾਸ਼ ਕਰ ਦੇਵੇਗਾ ਜਿਵੇਂ ਕਿਤੇ ਉਹ ਜ਼ਹਿਰੀਲੇ ਕੀੜੇ-ਮਕੌੜੇ ਹੋਣ। ਹੜਤਾਲ ਦੀ ਕੀਮਤ ਮਜ਼ਦੂਰ ਜਮਾਤ ਨੂੰ ਸੈਂਕੜੇ ਜਾਨਾਂ ਦੇ ਕੇ ਦੇਣੀ ਪਈ। ਪੂਰੇ ਸਪੇਨ 'ਚ ਹਜ਼ਾਰਾਂ ਹੋਰ ਮਜ਼ਦੂਰਾਂ ਨੂੰ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਗ੍ਰਿਫ਼ਤਾਰ ਕੀਤਿਆਂ 'ਚ ਹੜਤਾਲ ਕਮੇਟੀ (ਸਮਾਜਵਾਦੀ) ਵੀ ਸ਼ਾਮਲ ਸੀ।

ਹੜਤਾਲ ਅਸਫ਼ਲ ਰਹਿਣ ਦੀ ਖ਼ਬਰ ਤੇਜ਼ੀ ਨਾਲ ਫੈਲ ਗਈ। ਸਾਡੇ ਕਰਨ ਗੋਚਰਾ ਕੀ ਸੀ ?ਪਹਿਲਾ ਕੰਮ ਅਸੀਂ ਜੋ ਅਸਲ੍ਹਾ ਜਮ੍ਹਾਂ ਕੀਤਾ ਹੋਇਆ ਸੀ ਉਸ ਤੋਂ ਛੁਟਕਾਰਾ ਪਾਉਣ ਦਾ ਸੀ। ਸਾਡੇ 'ਚੋਂ ਕੁਝ ਵਿਅਕਤੀਆਂ ਨੇ, ਰਾਤ ਨੂੰ, ਪੂਰੀ ਤਰ੍ਹਾਂ ਗੁਪਤ ਰਹਿਕੇ ਬੰਬ ਇਕ ਚਿੱਕੜਦਾਰ ਨਾਲੇ 'ਚ ਸੁੱਟ ਦਿੱਤੇ, ਤਾਂ ਜੋ ਉਹ ਉੱਥੇ ਸਲਾਬ ਨਾਲ ਨਕਾਰਾ ਹੋ ਜਾਣ। ਮੈਂ ਸੁੱਖ ਦਾ ਸਾਹ

ਲਿਆ; ਇੱਥੋਂ ਤੱਕ ਕਿ ਜੇ ਕੋਈ ਸਾਡੀ ਮੁਖ਼ਬਰੀ ਕਰੇ, ਜਿਵੇਂ ਅਸਲ 'ਚ ਵਾਪਰਿਆ ਵੀ, ਤਾਂ ਸਬੂਤ ਤੋਂ ਬਗ਼ੈਰ ਮੁਖ਼ਬਰੀ ਦੀ ਕੋਈ ਵੁੱਕਤ ਨਾ ਹੋਵੇ।

ਸਾਡੀ ਗੁਫਾ ਵਿਚੋਂ ਹਰ ਤਰ੍ਹਾਂ ਦਾ ਖ਼ੁਰਾ-ਖੋਜ ਮਿਟਾ ਦੇਣ ਤੋਂ ਬਾਦ ਮੇਰੇ ਪਤੀ ਨੇ ਇਕ ਚਰਵਾਹੇ ਦੀ ਝੁੱਗੀ ਨੂੰ ਟਿਕਾਣਾ ਬਣਾ ਲਿਆ। ਪਹੁ-ਫੁਟਾਲੇ ਦੇ ਵਕਤ ਬਹੁਤ ਸਾਰੇ ਸਿਵਲ ਗਾਰਡ ਮੇਰੇ ਪਤੀ ਦੀ ਭਾਲ 'ਚ ਸਾਡੇ ਘਰ ਆ ਗਏ। ਜਦੋਂ ਉਨ੍ਹਾਂ ਨੂੰ ਨਾ ਮੇਰਾ ਪਤੀ ਲੱਭਿਆ, ਨਾ ਕੋਈ ਬੰਬ ਜਾਂ ਕਿਸੇ ਤਰ੍ਹਾਂ ਦਾ ਹਥਿਆਰ ਤਾਂ ਉਨ੍ਹਾਂ ਮੈਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਮੈਂ ਉਸਦਾ ਟਿਕਾਣਾ ਦੱਸ ਦਿਆਂ ਨਹੀਂ ਤਾਂ ਉਹ ਮੈਨੂੰ ਗ੍ਰਿਫ਼ਤਾਰ ਕਰ ਲੈਣਗੇ। ਮੈਂ ਇਨਕਾਰ ਕਰ ਦਿੱਤਾ। ਉਹ ਮੈਨੂੰ ਇਹ ਚੇਤਾਵਨੀ ਦੇ ਕੇ ਚਲੇ ਗਏ ਕਿ ਜਦੋਂ ਤੱਕ ਮੇਰਾ ਪਤੀ ਪੇਸ਼ ਨਹੀਂ ਹੋ ਜਾਂਦਾ ਉਹ ਮੈਨੂੰ ਚੈਨ ਨਾਲ ਨਹੀਂ ਰਹਿਣ ਦੇਣਗੇ।

ਇਸੇ ਦੌਰਾਨ ਮੇਰਾ ਪਤੀ ਇਕ ਸਮਾਜਵਾਦੀ ਆਗੂ ਨੂੰ ਮਿਲਣ ਗਿਆ ਜੋ ਉਹਨੂੰ ਸਲਾਹ ਦੇ ਸਕਦਾ ਸੀ; ਉਸ ਨੂੰ ਸਿਵਲ ਗਾਰਡਾਂ ਮੂਹਰੇ ਪੇਸ਼ ਹੋ ਜਾਣ ਲਈ ਕਿਹਾ ਗਿਆ, ਉਸ ਨੇ ਇਹੀ ਕੀਤਾ, ਅਤੇ ਉਸਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਉਸਨੂੰ ਲਾਰੀਨਾਗਾ ਦੀ ਬਿਲਬਾਓ ਜੇਲ੍ਹ ਲਿਜਾਇਆ ਗਿਆ। ਉਸਦੇ ਨਾਲ ਇਕ ਸਮਾਜਵਾਦੀ ਡਾਕਟਰ, ਰੁਫਿਨੋ ਕਸਤਾਨੋਸ, ਜਦੋਂ ਬਾਦ 'ਚ ਕਮਿਊਨਿਸਟ ਪਾਰਟੀ ਬਣਾਈ ਗਈ ਤਾਂ ਉਹ ਇਸ 'ਚ ਸ਼ਾਮਲ ਹੋ ਗਿਆ ਸੀ, ਅਤੇ ਇਕ ਪ੍ਰਸਿੱਧ ਗਣਰਾਜਵਾਦੀ ਤੇ ਛੋਟਾ ਸਨਅਤਕਾਰ ਮੇਰੌਡੀਓ ਸਨ। ਗ੍ਰਿਫ਼ਤਾਰ ਕੀਤਿਆਂ ਨੂੰ ਵੱਡੀ ਤਾਦਾਦ 'ਚ ਜੇਲ੍ਹ 'ਚ ਸੁੱਟਿਆ ਜਾ ਰਿਹਾ ਸੀ।

ਅਗਸਤ ਦੀ ਇਨਕਲਾਬੀ ਲਹਿਰ ਦੀ ਹਾਰ ਮਜ਼ਦੂਰਾਂ ਵਾਸਤੇ ਇਕ ਮਹਾਨ ਸਬਕ ਸੀ। ਜਿਵੇਂ ਸਭਨਾਂ ਹਾਰਾਂ ਤੋਂ ਬਾਦ ਅਕਸਰ ਹੁੰਦਾ ਹੈ, ਮਗਰੋਂ ਅਕਲ ਦਿਖਾਉਣ ਵਾਲੇ ਯੁੱਧਨੀਤੀ ਘਾੜੇ ਅੱਗੇ ਆ ਕੇ ਦਾਅਵਾ ਕਰਨ ਲੱਗੇ ਕਿ ਹੜਤਾਲ ਦਾ ਸੱਦਾ ਨਹੀਂ ਦੇਣਾ ਚਾਹੀਦਾ ਸੀ; ਕਿ "ਹਾਲਾਤ ਪ੍ਰਪੱਕ ਨਹੀਂ ਸਨ"; ਕਿ "ਇਸ ਦੀ ਬਜਾਏ ਉਡੀਕਣਾ ਬਿਹਤਰ ਹੋਣਾ ਸੀ"; ਕਿ "ਗ਼ਲਤੀਆਂ ਕੀਤੀਆਂ ਗਈਆਂ ਸਨ।"

ਮੈਂ ਨੰਨ੍ਹੀ ਇਸਥਰ ਨਾਲ ਇਕੱਲੀ ਰਹਿ ਗਈ; ਮੇਰੇ ਪਤੀ ਦੇ ਪੁਰਾਣੇ ਮਿੱਤਰ ਤੇ ਸਾਥੀ ਮਜ਼ਦੂਰ, ਜੋ ਬਚਕੇ ਨਿਕਲ ਗਏ ਸਨ, ਜਾਂ ਤਾਂ ਸਾਂਤਾਂਦੇਰ ਚਲੇ ਗਏ ਸਨ ਜਾਂ ਗਲੀਸ਼ੀਆ ਜਾਂ ਲਿਓਨ। ਮੈਂ ਆਪਣੇ ਪਤੀ ਦੇ ਪੇਸ਼ ਹੋ ਜਾਣ 'ਤੇ ਖਫ਼ਾ ਸੀ। ਮੈਨੂੰ ਇਸ ਦੀ ਕੋਈ ਤੁਕ ਨਹੀਂ ਸੀ ਲੱਗਦੀ ਕਿ ਮਜ਼ਦੂਰ, ਸਭ ਤੋਂ ਵਧਕੇ ਸਮਾਜਵਾਦੀ ਮਜ਼ਦੂਰ, ਆਪ ਜਾ ਕੇ ਅਧਿਕਾਰੀਆਂ ਨੂੰ ਰਿਪੋਰਟ ਕਰਨ, ਇਹ ਭਰਮ ਪਾਲਕੇ ਕਿ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ ਹੋਵੇਗੀ। ਜਦੋਂ ਤੱਕ ਉਹ ਆਜ਼ਾਦ ਸਨ, ਉਹ ਹਮੇਸ਼ਾ ਕੁਝ ਨਾ ਕੁਝ ਕਰ ਸਕਦੇ ਸਨ, ਪਰ ਜੇਲ੍ਹ 'ਚ ਕਰਨ ਲਈ ਬਹੁਤਾ ਕੁਝ ਨਹੀਂ ਸੀ ਹੋ ਸਕਦਾ।

ਮੈਨੂੰ ਪਤਾ ਨਹੀਂ ਸੀ ਲੱਗਦਾ ਹੁਣ ਕੀ ਕਰਾਂ, ਕਿਸ ਕੋਲ ਜਾਵਾਂ। ਆਪਣੇ ਪਰਿਵਾਰ ਤੋਂ ਮੈਂ ਕਿਸੇ ਤਰ੍ਹਾਂ ਦੀ ਮਦਦ ਦੀ ਆਸ ਨਹੀਂ ਸੀ ਰੱਖ ਸਕਦੀ। ਤੇ ਇਕ ਐਸੇ ਕਸਬੇ 'ਚ ਜਿੱਥੇ ਇਕੋ ਇਕ ਕੰਮ ਖਾਣਾਂ ਦਾ ਕੰਮ ਸੀ, ਮੇਰੇ ਲਈ ਕੰਮ ਲੱਭਣਾ ਅਸੰਭਵ ਸੀ।

ਕਿਉਂਕਿ ਬਸੰਤ ਦੀ ਰੁੱਤੇ ਅਸੀਂ ਆਲੂ ਬੀਜ ਲਏ ਸਨ, ਇਸ ਕਰਕੇ ਮੈਂ ਜਾਣਦੀ ਸਾਂ ਕਿ ਘੱਟੋ-ਘੱਟ ਅਸੀਂ ਭੁੱਖੀਆਂ ਨਹੀਂ ਮਰਾਂਗੀਆਂ। ਮੈਂ ਫ਼ਸਲ ਦਾ ਇਕ ਹਿੱਸਾ ਵੇਚ ਦਿੱਤਾ ਅਤੇ ਬਾਕੀ ਆਪਣੇ ਖਾਣ ਵਾਸਤੇ ਰੱਖ ਲਿਆ। ਭੇਡਾਂ ਰੱਖਣ ਵਾਲਾ ਸਾਡਾ ਇਕ ਗੁਆਂਢੀ ਸਾਨੂੰ ਰੋਜ਼ ਦੁੱਧ ਦੀ ਬੋਤਲ ਦਿੰਦਾ ਰਿਹਾ; ਇਸ ਦੇ ਇਵਜ਼ 'ਚ ਮੈਂ ਉਸ ਦੇ ਬੱਚਿਆਂ ਦੇ ਕੱਪੜਿਆਂ ਦੀ

ਮੁਰੰਮਤ ਕਰ ਦਿੰਦੀ। ਇਕ ਦਿਨ ਮੈਨੂੰ ਪੰਜਾਹ ਪਿਸੇਟਾ ਦਾ ਮਨੀਆਰਡਰ ਮਿਲਿਆ ਜੋ ਲਿਓਨ ਦੀਆਂ ਖਾਣਾਂ 'ਚ ਕੰਮ ਕਰਦੇ ਮੇਰੇ ਪਤੀ ਦੇ ਮਿੱਤਰ ਖਾਣ ਮਜ਼ਦੂਰਾਂ ਦੀ ਇੱਕ ਟੋਲੀ ਨੇ ਭੇਜਿਆ ਸੀ। ਮੇਰੇ ਵਰਗੇ ਹਾਲਾਤ 'ਚ ਰਹਿਣ ਵਾਲੇ ਹੀ ਕਲਪਨਾ ਕਰ ਸਕਦੇ ਹਨ ਕਿ ਇਹ ਕਿੰਨਾ ਖ਼ੁਸ਼ਆਮਦੀਦ ਸੀ। ਇਸ ਛੱਤ ਪਾੜ ਕੇ ਆਈ ਨਿਆਮਤ ਨੇ ਮੇਰੀ ਹਾਲਤ ਕੁਝ ਸੁਖਾਵੀਂ ਬਣਾ ਦਿੱਤੀ, ਤੇ ਜਿਸ ਘੁਰਨੇ 'ਚ ਅਸੀਂ ਰਹਿ ਰਹੇ ਸੀ ਮੈਂ ਉੱਥੋਂ ਜਾਣ ਦਾ ਮਨ ਬਣਾ ਲਿਆ। ਇਹ ਜਾਨਵਰਾਂ ਦੇ ਰਹਿਣ ਦੇ ਕਾਬਿਲ ਵੀ ਨਹੀਂ ਸੀ—ਬਿਨਾਂ ਰੌਸ਼ਨੀ, ਬਿਨਾਂ ਪਾਣੀ ਤੋਂ; ਸਰਦੀ 'ਚ ਠੰਢਾ ਯਖ਼, ਗਰਮੀ 'ਚ ਭੱਠੀ ਵਾਂਗ ਤਪਿਆ, ਚਿੱਕੜ ਦੇ ਸਮੁੰਦਰ 'ਚ ਤਾਰੀਆਂ ਲਾਉਂਦਾ।

ਜੇਲ੍ਹ 'ਚ ਆਪਣੇ ਪਤੀ ਨੂੰ ਮਿਲਣ ਜਾਣ ਲਈ ਮੈਨੂੰ ਟਿੱਲਿਆਂ ਦੇ ਨਾਲ-ਨਾਲ ਪਹਾੜਾਂ ਦੇ ਤੇ ਖ਼ਤਰਨਾਕ ਰਾਹ ਜਾਣਾ ਪੈਂਦਾ ਸੀ—ਇਕ ਬਾਂਹ 'ਚ ਨੰਨ੍ਹੀ ਬੱਚੀ ਚੁੱਕੀ ਹੁੰਦੀ ਤੇ ਦੂਜੀ 'ਚ ਖਾਣੇ ਦੀ ਟੋਕਰੀ ਤੇ ਕੱਪੜੇ। ਮੈਂ ਮਗਰਲੇ ਸਾਢੇ ਤਿੰਨ ਮੀਲ ਦਾ ਸਫ਼ਰ ਰੇਲ ਰਾਹੀਂ ਕਰ ਸਕਦੀ ਸੀ, ਪਰ ਮੈਂ ਪੂਰੀ ਵਾਟ ਪੈਦਲ ਤੁਰਕੇ ਟਿਕਟ ਦਾ ਖਰਚਾ ਬਚਾਉਣਾ ਪਸੰਦ ਕਰਦੀ।

ਮੈਂ ਗਾਲਰਟਾ ਰਵਾਨਾ ਹੋ ਗਈ, ਉੱਥੇ ਜਾ ਕੇ ਇਕ ਬਜ਼ੁਰਗ ਜੋੜੇ ਤੋਂ ਕਮਰਾ ਕਿਰਾਏ ਉੱਤੇ ਲੈ ਲਿਆ। ਇਸ ਦੀ ਹਾਲਤ ਖ਼ਸਤਾ ਸੀ, ਪਰ ਇੱਥੇ ਬਿਜਲੀ ਦੀ ਸਹੂਲਤ ਸੀ, ਅਤੇ ਕਸਬਾ ਪੂਰਾ ਆਧੁਨਿਕ ਸੀ।

ਮੇਰੀ ਨੌਬਤ ਆਪਣੀ ਸਿਲਾਈ ਮਸ਼ੀਨ ਵੇਚਣ ਤੱਕ ਆਈ ਹੋਈ ਸੀ। ਕਿਉਂਕਿ ਮੇਰੇ ਪਤੀ ਦੇ ਛੇਤੀ ਰਿਹਾਅ ਹੋਣ ਦੀ ਕੋਈ ਉੱਘ-ਸੁੱਘ ਨਹੀਂ ਸੀ ਅਤੇ ਪੈਸੇ ਪੱਖੋਂ ਮੇਰਾ ਹੱਥ ਫੇਰ ਤੰਗ ਸੀ, ਪਰ ਮੇਰੀ ਮਾਂ ਨੇ ਮੈਨੂੰ ਇਹ ਕਦਮ ਨਾ ਚੁੱਕਣ ਲਈ ਪ੍ਰੇਰਤ ਕੀਤਾ। (ਇਸ ਸਮੇਂ ਉਹ ਮੇਰੇ ਪ੍ਰਤੀ ਥੋੜ੍ਹੀ ਘੱਟ ਨਘੋਚੀ ਹੋ ਗਈ ਸੀ) ਇਸੇ ਗ਼ਰੂਰ 'ਚ ਮੈਂ ਆਪਣੀ ਹਾਲਤ ਕਿਸੇ ਨੂੰ ਨਾ ਦੱਸੀ। ਇਕ ਸਮੇਂ ਹਾਲਤ ਬੇਯਕੀਨੀ ਵਾਲੀ ਸੀ, ਪਰ ਆਪਣੇ ਪਤੀ ਦੀ ਰਿਹਾਈ ਤੱਕ ਅਸੀਂ ਜਿਊਣ ਦਾ ਜੁਗਾੜ ਕਰੀ ਰੱਖਿਆ।

ਨਵੰਬਰ ਦਾ ਇਕ ਤੂਫ਼ਾਨੀ ਦਿਨ ਸੀ—ਕੜਕਦੀ ਲਿਸ਼ਕਦੀ ਬਿਜਲੀ ਨਾਲ ਆਸਮਾਨ ਗਰਜ ਰਿਹਾ ਸੀ, ਇਹ ਦੁਨੀਆਂ ਨੂੰ ਹਿਲਾ ਦੇਣ ਵਾਲੀ ਘਟਨਾ ਲਈ ਢੁੱਕਵੀਂ ਪਿੱਠਭੂਮੀ ਸੀ!—ਜਿਉਂ ਹੀ ਸਾਡੇ ਅਖ਼ਬਾਰ ਵਿਕ੍ਰੇਤਾ ਨੇ ਸਨਸਨੀਖੇਜ਼ ਖ਼ਬਰ :"ਰੂਸ 'ਚ ਇਨਕਲਾਬ ਹੋ ਗਿਆ!" ਚੀਕ ਕੇ ਦੱਸੀ, ਸਾਡੀ ਸਾਰੀ ਗਲੀ ਉਤੇਜਤ ਹੋ ਗਈ।

ਮੇਰੇ ਦਿਲ 'ਚ ਉੱਥਲ-ਪੁੱਥਲ ਮਚ ਗਈ ਤੇ ਮੈਂ ਅਖ਼ਬਾਰ ਖਰੀਦਣ ਲਈ ਭੱਜ ਕੇ ਗਲੀ 'ਚ ਆ ਗਈ। ਅਖ਼ਬਾਰ ਵੇਚਣ ਵਾਲੇ ਨੇ ਮੇਰੇ ਤੋਂ ਪੈਸੇ ਨਹੀਂ ਸੀ ਲੈਣੇ ਕਿਉਂਕਿ ਉਹ ਜਾਣਦਾ ਸੀ ਕਿ ਮੇਰਾ ਪਤੀ ਜੇਲ੍ਹ 'ਚ ਸੀ। "ਇਹ ਲੈ", ਉਹ ਕਹਿਣ ਲੱਗਿਆ, "ਤੇ ਜਸ਼ਨ ਮਨਾ। ਰੂਸ 'ਚ ਇਨਕਲਾਬ ਸ਼ੁਰੂ ਹੋ ਗਿਆ ਹੈ।"

ਮੈਂ ਅਖ਼ਬਾਰ 'ਤੇ ਨਿਗਾਹ ਮਾਰੀ ਅਤੇ ਮੁੱਖ ਸੁਰਖ਼ੀ ਮੇਰੇ ਵੱਲ ਧਾਹ ਕੇ ਵਧੀ: "ਰੂਸ 'ਚ ਸੱਤਾ ਬਾਲਸ਼ਵਿਕਾਂ ਨੇ ਸਾਂਭੀ। ਲੈਨਿਨਗਰਾਦ ਦੇ ਮਜ਼ਦੂਰਾਂ, ਫ਼ੌਜੀਆਂ ਵੱਲੋਂ ਸਿਆਲ ਮਹੱਲ 'ਤੇ ਹੱਲਾ; ਆਰਜ਼ੀ ਸਰਕਾਰ ਗ੍ਰਿਫ਼ਤਾਰ, ਸੋਵੀਅਤਾਂ ਦੀ ਸਥਾਪਨਾ।"

ਰਿਪੋਰਟ ਵਿਚ ਇਕ ਨਾਂਅ ਸਿਰ ਕੱਢਵਾਂ ਸੀ; ਲੈਨਿਨ। ਉਸੇ ਸਮੇਂ, ਮੈਂ ਘਟਨਾ ਦੀ ਬੇਥਾਹ ਇਨਕਲਾਬੀ ਮਹੱਤਤਾ ਦੀ ਥਾਹ ਨਹੀਂ ਪਾ ਸਕੀ, ਨਾ ਹੀ ਮੈਂ ਮਹਿਸੂਸ ਕਰ ਸਕੀ ਕਿ ਇਸ ਨੇ ਮੇਰੀ ਜ਼ਿੰਦਗੀ ਨੂੰ, ਦਹਿ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ, ਸਮੁੱਚੀ ਮਨੁੱਖਤਾ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਤ ਕਰਨਾ ਸੀ; ਪਰ ਸਹਿਜ ਸੁਭਾਅ ਹੀ ਮੈਂ ਇਹ ਜਾਣ ਗਈ ਕਿ ਕੋਈ ਅਥਾਹ

ਵੱਡੀ ਘਟਨਾ ਵਾਪਰ ਗਈ ਸੀ। ਤੇ ਮੇਰੀ ਸੋਚ ਉਸ ਦੂਰ-ਦਰਾਜ ਦੇਸ਼ ਉੱਪਰ ਇਕਾਗਰ ਹੋ ਗਈ, ਜੋ ਉਸ ਸਮੇਂ ਤੋਂ ਸਾਡਾ ਐਨਾ ਨੇੜਲਾ ਬਣ ਜਾਣਾ ਸੀ। ਦੋ ਨਾਂਅ ਮੇਰੀ ਚੇਤਨਾ 'ਚ ਹਮੇਸ਼ਾ ਲਈ ਗੱਡੇ ਗਏ, ਜੋ ਮੇਰੇ ਦਿਲੋ-ਦਿਮਾਗ਼ 'ਚ ਤਰੱਥਲ ਮਚਾਉਣ ਲੱਗੇ, ਰੂਸ ਤੇ ਲੈਨਿਨ।

ਮੇਰੀ ਪਿਛਲੀ ਉਦਾਸੀ ਖ਼ਤਮ ਹੋ ਗਈ; ਮੈਂ ਹੁਣ ਇਕੱਲਤਾ ਮਹਿਸੂਸ ਨਹੀਂ ਕਰਦੀ ਸੀ। ਸਾਡਾ ਇਨਕਲਾਬ, ਜਿਸ ਇਨਕਲਾਬ ਨੂੰ ਕੱਲ੍ਹ ਤੱਕ ਦੂਰ ਦੀ ਗੱਲ ਤੇ ਪਹੁੰਚ ਤੋਂ ਪਰੇ ਮਹਿਸੂਸ ਕਰਦੇ ਸਾਂ ਹੁਣ ਦੁਨੀਆਂ ਦੇ ਛੇਵੇਂ ਹਿੱਸੇ ਲਈ ਹਕੀਕਤ ਬਣ ਗਿਆ ਸੀ।

ਜਦੋਂ ਮੈਂ ਆਪਣੀ ਬੱਚੀ ਨੂੰ ਸੁਲਾਉਂਦੀ ਤਾਂ ਮੈਂ ਉਹ ਪੁਰਾਣੀਆਂ ਲੋਰੀਆਂ ਨਾ ਦੇਂਦੀ ਜੋ ਮੈਂ ਆਪਣੀ ਮਾਂ ਤੋਂ ਸਿੱਖੀਆਂ ਸਨ, ਸਗੋਂ ਇਨਕਲਾਬੀ ਗੀਤ ਗੁਣ ਗੁਣਾਉਂਦੀ ਜੋ ਮੈਂ ਆਪਣੇ ਪਿੰਡੋਂ ਸਿੱਖੇ ਸਨ ਤੇ ਜੋ ਮੇਰੇ ਚੇਤੇ 'ਚ ਵਸੇ ਹੋਏ ਸਨ।ਅਕਤੂਬਰ ਇਨਕਲਾਬ ਦੀਆਂ ਗੂੰਜਾਂ ਨਾਲ ਇਹ ਜਾਗ ਉੱਠੇ ਸਨ।

ਇਨਕਲਾਬ ਦੀ ਜਿੱਤ ਤੋਂ ਬਾਦ ਜਦੋਂ ਮੈਂ ਪਹਿਲੀ ਵਾਰ ਜੇਲ੍ਹ ਗਈ, ਤਾਂ ਮੈਂ ਦੇਖਿਆ ਕਿ ਕੈਦੀ ਐਨੀ ਚੜ੍ਹਦੀ ਕਲਾ 'ਚ ਸਨ ਕਿ ਉਨ੍ਹਾਂ ਦਾ ਹੁਲਾਸ ਮੌਤ ਦੀ ਸਜ਼ਾ ਨਾਲ ਵੀ ਮੱਠਾ ਨਹੀਂ ਸੀ ਪਿਆ।

ਅਕਤੂਬਰ ਇਨਕਲਾਬ ਹੋਣ ਨਾਲ, ਸਪੇਨ ਵਿਚ ਇਨਕਲਾਬੀ ਰੌਂਅ ਤਿੱਖਾ ਹੋ ਗਿਆ, ਤੇ ਇਹ ਵੱਖ-ਵੱਖ ਸਮਾਜਿਕ ਪੱਧਰਾਂ 'ਤੇ ਫੈਲ ਗਿਆ। ਸਨਅਤੀ ਖੇਤਰਾਂ ਤੋਂ ਅੱਗੇ ਵਧਕੇ ਇਸਨੇ ਖੇਤੀਬਾੜੀ ਵਾਲੇ ਜ਼ਿਲ੍ਹਿਆਂ ਨੂੰ ਗ੍ਰਿਫ਼ਤ 'ਚ ਲੈ ਲਿਆ। ਇਹ ਕਿਸਾਨੀ ਦੇ ਵੱਡੇ ਪੱਧਰ ਦੇ ਘੋਲਾਂ ਲਈ ਪੜੁੱਲ ਬਣਿਆ, ਖ਼ਾਸ ਤੌਰ 'ਤੇ ਐਂਡਾਲੂਸੀਆ ਤੇ ਐਸਟਰੀਮਾਡੂਰਾ ਦੀਆਂ ਵੱਡੀਆਂ ਜਗੀਰਾਂ ਦੇ ਸੰਘਰਸ਼ਾਂ ਲਈ।

ਹੁਣ ਬਾਸਕ ਦੀ ਕੌਮੀ ਲਹਿਰ ਵਧਣ-ਫੁੱਲਣ ਲੱਗ ਪਈ, ਪਹਿਲਾਂ ਇਸ ਲਹਿਰ ਨੂੰ ਐਨਾ ਹੁਲਾਰਾ ਕਦੇ ਨਹੀਂ ਸੀ ਮਿਲਿਆ।ਪੁਰਾਣੀ ਲਹਿਰ ਦੇ ਜੁੜਨ ਦਾ ਮੁੱਦਾ *ਫਿਓਦੇਰੋ*(ਕਿਸੇ ਸੂਬੇ ਨੂੰ ਸਹੂਲਤਾਂ ਜਾਂ ਛੋਟ) ਸੀ, ਹੁਣ ਇਸ ਨੇ ਆਪਣਾ ਆਧਾਰ ਵਧੇਰੇ ਆਮ ਕੌਮਵਾਦ ਨੂੰ ਬਣਾ ਲਿਆ ਸੀ; ਬਾਸਕ ਸੂਬਿਆਂ ਅੰਦਰ ਆਗੂ ਸਿਆਸੀ ਭੂਮਿਕਾ ਨਿਭਾਉਣਾ ਇਸ ਦਾ ਟੀਚਾ ਸੀ। ਇਸ ਭੂਮਿਕਾ 'ਚ ਇਸਦਾ ਮੁਕਾਬਲਾ ਸਮਾਜਵਾਦੀ ਪਾਰਟੀ ਨਾਲ ਸੀ। ਜਿਸ ਨੇ ਕੌਮਵਾਦ ਦੀ ਅਹਿਮੀਅਤ ਨੂੰ ਆਤਮਸਾਤ ਨਹੀਂ ਸੀ ਕੀਤਾ। ਕੌਮਵਾਦੀਆਂ ਦੀ ਚੁਣੌਤੀ ਦੀ ਹਾਲਤ 'ਚ ਆਪਣੇ ਵਿਜ਼ਕਾਇਆ ਵਿਚਲੇ ਸਿਆਸੀ ਅਸਰ-ਰਸੂਖ਼ ਨੂੰ ਬਰਕਰਾਰ ਰੱਖਣ ਲਈ ਇਸਨੇ ਜ਼ਬਰਦਸਤ ਜ਼ੋਰ ਅਜਮਾਈ ਕੀਤੀ।

1918 ਦੀਆਂ ਚੋਣਾਂ, ਜਿਨ੍ਹਾਂ 'ਚ ਇੰਡੈਲੀਸੀਓ ਪਰੀਟੋ ਡਿਪਟੀ ਚੁਣਿਆ ਗਿਆ ਸੀ, ਘਸੁੰਨ ਮੁੱਕੀ ਤੇ ਪਿਸਤੌਲਾਂ ਸਹਾਰੇ ਜਿੱਤੀਆਂ ਗਈਆਂ ਸਨ। ਮੈਂ ਇਹ ਤੁਹਮਤ ਪਿੱਠ ਪਿੱਛੇ ਨਹੀਂ ਲਗਾ ਰਹੀ, ਕਿਉਂਕਿ ਮੈਂ ਖ਼ੁਦ ਵੀ ਉਮੀਦਵਾਰ ਦੀ ਜਿੱਤ ਨੂੰ ਤਹਿ ਦਿਲੋਂ ਜੀ ਆਇਆਂ ਆਖਿਆ ਸੀ। ਵਿਜ਼ਕਾਇਆ ਦੀ ਬਾਕੀ ਮਜ਼ਦੂਰ ਜਮਾਤ ਵਾਂਗ ਮੈਂ ਵੀ ਜਿੱਤ ਦੇ ਜਸ਼ਨ 'ਚ ਉਸ ਦੀ ਜੈ-ਜੈਕਾਰ ਕੀਤੀ ਸੀ। ਹਾਲਾਂਕਿ ਮੇਰੀ ਧਾਰਨਾ ਸੀ ਕਿ ਮੁਸਕਰਾਹਟਾਂ ਤੇ ਕਾਨੂੰਨੀ ਘੁਣਤਰਾਂ ਨਾਲ ਦੁਸ਼ਮਣ ਨੂੰ ਹਰਾਇਆ ਨਹੀਂ ਜਾ ਸਕਦਾ, ਪਰ ਮੈਂ ਬਿਲਬਾਓ ਦੀਆਂ ਚੋਣਾਂ ਜਿੱਤਣ ਲਈ ਖਾਣਾਂ ਵਾਲੇ ਜ਼ਿਲ੍ਹੇ 'ਚੋਂ ਬੰਦੇ ਲਿਜਾਣ, ਜੇ ਲੋੜ ਪਵੇ ਤਾਂ ਕੌਮਵਾਦੀਆਂ ਦੇ ਸਿਰ ਭੰਨਣ 'ਚ ਲੁਤਫ਼ ਨਹੀਂ ਲਿਆ। ਕਿਉਂਕਿ ਮੈਂ ਚਾਹੁੰਦੀ ਸੀ ਕਿ ਸਾਡੇ ਸਮਾਜਵਾਦੀ ਉਮੀਦਵਾਰ ਦੀ ਜਿੱਤ ਹੋਵੇ, ਇਸ ਲਈ ਮੈਂ ਪਾਲਿਨੋ ਗੋਮੇਜ਼ ਤੇ ਉਸ ਦੇ ਲਾਮ-ਲਸ਼ਕਰ ਦੀ ਚੁਣਾਵੀ ਧੋਖਾਧੜੀ

ਬਾਰੇ ਬਿਨਾ ਕੋਈ ਉਜ਼ਰ ਕੀਤੇ ਖ਼ਾਮੋਸ਼ ਬੈਠੀ ਰਹੀ।(ਅੱਜ ਉਹ ਆਪਣੇ ਕੌਮਵਾਦ ਵਿਰੋਧੀ ਬੀਤੇ 'ਤੇ ਹੁਸ਼ਿਆਰੀ ਨਾਲ ਪਰਦਾ ਪਾ ਕੇ ਬਾਸਕ ਸਰਕਾਰ ਦੇ ਅੰਦਰ ਸਮਰਪਿਤ ਕੌਮਵਾਦੀ ਬਣਿਆ ਬੈਠਾ ਹੈ।)

ਬਾਸਕ ਕੌਮਵਾਦ ਵਿਰੁੱਧ ਆਪਣੇ ਸੰਘਰਸ਼ 'ਚ ਸਮਾਜਵਾਦੀ ਪਾਰਟੀ ਵੱਲੋਂ ਹਿੰਸਾ ਦੀ ਵਰਤੋਂ ਕੀਤੇ ਜਾਣ ਨੇ ਅਜਿਹੀ ਲੀਹ ਪਾ ਦਿੱਤੀ ਜਿਸ ਦਾ ਸਿੱਟਾ ਬਾਦ 'ਚ ਸਮਾਜਵਾਦੀਆਂ ਤੇ ਕਮਿਊਨਿਸਟਾਂ ਵਿਚਕਾਰ ਖ਼ੂਨੀ ਝੜਪਾਂ ਹੋਣ 'ਚ ਨਿੱਕਲਿਆ, ਇਹ ਬਦਕਿਸਮਤ ਇਸ ਕਰਕੇ ਸਨ ਕਿਉਂਕਿ ਇਨ੍ਹਾਂ ਨੇ ਮਜ਼ਦੂਰ ਜਮਾਤ ਦੇ ਅੰਦਰ ਦੁਸ਼ਮਣੀ ਪੈਦਾ ਕਰ ਦਿੱਤੀ ਸੀ।

ਪਰੀਟੋ ਤੋਂ ਇਲਾਵਾ ਸਮਾਜਵਾਦੀ ਪਾਰਟੀ ਵੱਲੋਂ ਪਾਬਲੋ ਇਗਲਿਸੀਅਸ ਅਤੇ ਹੜਤਾਲ ਕਮੇਟੀ ਨੂੰ ਕੋਰਟਸ ਲਈ ਡਿਪਟੀ ਚੁਣਿਆ ਗਿਆ ਸੀ; ਸਰਕਾਰ ਅਗਸਤ ਹੜਤਾਲ ਦੌਰਾਨ ਬੰਦੀ ਬਣਾਏ ਬਾਕੀ ਸਾਰਿਆਂ ਦੇ ਨਾਲ-ਨਾਲ ਉਨ੍ਹਾਂ ਨੂੰ ਵੀ ਜੇਲ੍ਹ ਤੋਂ ਰਿਹਾਅ ਕਰਨ ਲਈ ਮਜਬੂਰ ਹੋ ਗਈ ਸੀ।

ਕਈ ਸਾਲਾਂ ਤੋਂ ਸਮਾਜਵਾਦੀ ਪਾਰਟੀ ਅੰਦਰਲੇ ਧੜਿਆਂ 'ਚ ਟਕਰਾਅ ਹੁੰਦੇ ਆ ਰਹੇ ਸਨ।ਮਾਰਚ 1919 'ਚ ਤੀਜੀ ਕੌਮਾਂਤਰੀ ਬਣਾਏ ਜਾਣ ਨੇ ਉਨ੍ਹਾਂ ਦਰਮਿਆਨ ਮੱਤਭੇਦਾਂ ਨੂੰ ਸਪਸ਼ਟ ਕਰਨ 'ਚ ਵੱਡਾ ਯੋਗਦਾਨ ਪਾਇਆ।ਕਮਿਊਨਿਸਟ ਕੌਮਾਂਤਰੀ ਨਾਲ ਜੁੜਨ ਦੁਆਲੇ ਜੱਦੋਜਹਿਦ ਕਈ ਮਹੀਨੇ ਚਲਦੀ ਰਹੀ—ਜੋ ਮਾਰਕਸਵਾਦੀ ਸਮਾਜ ਦੀ ਨੁਮਾਇੰਦਗੀ ਕਰਦੀ ਸੀ ਤੇ ਇਸ ਦਾ ਸਾਕਾਰ ਰੂਪ ਸੀ, ਅਤੇ ਜੋ ਯੂਰਪ ਦੇ ਸਭ ਤੋਂ ਵੱਡੇ ਦੇਸ਼ ਅੰਦਰ ਸਮਾਜਵਾਦ ਦੀ ਜਿੱਤ ਦੇ ਤਜ਼ਰਬੇ ਨੂੰ ਕੌਮਾਂਤਰੀ ਮਜ਼ਦੂਰ ਲਹਿਰ 'ਚ ਲੈ ਕੇ ਆਈ ਸੀ। ਇਹ ਜੱਦੋਜਹਿਦ ਸਮਾਜਵਾਦੀ ਪਾਰਟੀ ਦੇ ਕੁਝ ਆਗੂਆਂ ਦੀ ਕੌਮਾਂਤਰੀ ਨਾਲ ਨਾਤਾ ਜੋੜਨ ਦੀ ਇੱਛਾ ਨਾ ਹੋਣ ਅਤੇ ਜਿਹੜੇ ਪਾਰਟੀ ਦੀ ਸੁਧਾਰਵਾਦੀ ਸੇਧ ਨੂੰ ਬਦਲਣ ਦੇ ਇੱਛਕ ਸਨ ਉਨ੍ਹਾਂ 'ਚ ਜ਼ੁਅਰਤ ਤੇ ਫ਼ੈਸਲੇ ਦੀ ਘਾਟ ਕਾਰਣ ਹੋਈ ਸੀ।

ਜਿਸਨੂੰ ਸਪੇਨ ਦੀ ਸਮਾਜਵਾਦੀ ਪਾਰਟੀ ਦਾ "ਜਮਾਤੀ ਸੰਘਰਸ਼" ਦਾ ਦੌਰ ਕਿਹਾ ਜਾ ਸਕਦਾ ਹੈ, ਇਸਦਾ 1917 'ਚ ਉਦੋਂ ਭੋਗ ਪੈ ਗਿਆ ਜਦੋਂ ਪਾਰਟੀ ਦੀਆਂ ਨੀਤੀਆਂ ਦਾ ਝੁਕਾਅ ਜਮਾਤੀ ਸਾਂਝ-ਭਿਆਲੀ ਵੱਲ ਹੋ ਗਿਆ; ਤੇ ਮਜ਼ਦੂਰਾਂ ਦੀ ਪੁਰਾਣੀ ਪਾਰਟੀ ਇਕ ਤਰਾਂ ਦੀ ਗਣਰਾਜਵਾਦੀ ਪਾਰਟੀ 'ਚ ਬਦਲ ਗਈ।

ਸਮਾਜਵਾਦੀ ਪਾਰਟੀ ਅਤੇ ਯੂਨੀਅਨ ਜਨਰਲ ਡੀ ਟਰਾਬਜਾਡੋਰ (ਯੂ. ਜੀ. ਟੀ.) ਦੇ ਬਾਨੀ ਗਾਰਸੀਆ ਕਿਓਜਡੋ, ਅਕੈਵਿਡੋ, ਪੈਰੀਜ਼ਾਗੁਆ, ਵਰਜ਼ੀਨੀਆ ਗੋਂਜ਼ਾਲੇਜ਼ ਤੇ ਕਈ ਹੋਰਨਾਂ ਨੇ ਪਾਰਟੀ ਛੱਡ ਦਿੱਤੀ, ਅਤੇ ਸਮਾਜਵਾਦੀ ਨੌਜਵਾਨ ਗਰੁੱਪ ਨਾਲ ਮਿਲਕੇ, ਸਪੇਨ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ।

ਜਿਸ ਸੋਮੋਰੋਸਟਰੋ ਸਮਾਜਵਾਦੀ ਗਰੁੱਪ ਨਾਲ ਅਸੀਂ ਸੰਬੰਧਤ ਸੀ ਉਹ ਬਹੁਤ ਛੇਤੀ ਕਮਿਊਨਿਸਟ ਕੌਮਾਂਤਰੀ, ਜੋ 1919'ਚ ਬਣਾਈ ਗਈ, ਦੇ ਸਮਰਥਕਾਂ ਦੀ ਕੌਮੀ ਕਮੇਟੀ ਨਾਲ ਮਿਲ ਗਿਆ ਸੀ। ਜਦੋਂ ਅਪ੍ਰੈਲ 1920 'ਚ ਕਮਿਊਨਿਸਟ ਪਾਰਟੀ ਜਥੇਬੰਦ ਕੀਤੀ ਗਈ ਤਾਂ ਸੋਮੋਰੋਸਟਰੋ ਗਰੁੱਪ ਵਿਜ਼ਕਾਇਆ ਵਿਚਲੀ ਇਕ ਸਭ ਤੋਂ ਸਰਗਰਮ ਇਕਾਈ ਬਣ ਗਿਆ।ਮੈਂ ਬਾਸਕ ਕਮਿਊਨਿਸਟ ਪਾਰਟੀ ਦੀ ਪਹਿਲੀ ਸੂਬਾ ਕਮੇਟੀ ਲਈ ਚੁਣੀ ਗਈ, ਤੇ ਬਾਦ 'ਚ ਮੈਂ ਪਾਰਟੀ ਦੀ ਪਹਿਲੀ ਕਾਂਗਰਸ ਦੀ ਡੈਲੀਗੇਟ ਬਣਕੇ ਗਈ ਸੀ।

1921 ਦੀ ਗਰਮ ਰੁੱਤ 'ਚ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਹਥਿਆਰਬੰਦ ਬਗ਼ਾਵਤ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ।(ਇਸ ਘਟਨਾ ਦਾ ਜ਼ਿਕਰ ਜਨਤਕ ਤੌਰ 'ਤੇ ਪਹਿਲਾਂ ਕਦੇ ਨਹੀਂ ਕੀਤਾ ਗਿਆ।) ਇਹ ਬਿਲਬਾਓ ਤੋਂ ਸ਼ੁਰੂ ਹੋਣੀ ਸੀ, ਅਤੇ ਹਮਲਾ ਕਰਨ ਦਾ ਕੰਮ ਬਿਲਬਾਓ ਅਤੇ ਖਾਣ ਜ਼ਿਲ੍ਹੇ ਦੇ ਕਮਿਊਨਿਸਟਾਂ ਨੂੰ ਸੌਂਪਿਆ ਗਿਆ ਸੀ।ਆਪਣੇ ਇਨਕਲਾਬੀ ਬਚਗਾਨਾਪਣ 'ਚੋਂ ਅਸੀਂ ਸੋਚ ਲਿਆ ਕਿ ਹਰ ਚੀਜ਼ ਸੰਭਵ ਸੀ, ਇਸ ਕਰਕੇ ਅਸੀਂ ਬਗ਼ਾਵਤ ਜਥੇਬੰਦ ਕਰਨ ਲਈ ਪੂਰੀ ਭੱਜ-ਦੌੜ ਕੀਤੀ।ਜਿਨ੍ਹਾਂ ਮੀਟਿੰਗਾਂ 'ਚ ਅਸੀਂ ਹੋਣ ਵਾਲੀ ਬਗ਼ਾਵਤ ਬਾਰੇ ਵਿਚਾਰ-ਚਰਚਾ ਕਰਦੇ, ਸਿਰਫ਼ ਇਕ ਆਵਾਜ਼ ਇਸਦੇ ਖ਼ਿਲਾਫ਼ ਹੁੰਦੀ ਸੀ (ਤੇ ਇਹ ਸੂਝਵਾਨ ਆਵਾਜ਼ ਸੀ)—ਇਹ ਬਜ਼ੁਰਗ ਖਾਣ ਮਜ਼ਦੂਰ, ਜੋਸ ਸੈਨਚੇਂਜ਼ ਰੇਅ, ਦੀ ਆਵਾਜ਼ ਸੀ। ਸਿਆਸੀ ਮੁੱਦਿਆਂ ਦੀ ਘੋਖਵੀਂ ਪਕੜ ਜ਼ਰੀਏ ਉਸਨੇ ਸਾਨੂੰ ਸਮਝਾਇਆ ਕਿ ਇਸ ਸਮੇਂ ਹਾਲਾਤ ਬਗ਼ਾਵਤ ਲਈ ਢੁੱਕਵੇਂ ਨਹੀਂ ਹਨ, ਤੇ ਨਾ ਹੀ ਸਾਡਾ ਮਜ਼ਦੂਰਾਂ ਦੀ ਬਗ਼ਾਵਤ ਦੀ ਅਗਵਾਈ ਕਰਨ ਲਈ ਲੋੜੀਂਦਾ ਅਸਰ-ਰਸੂਖ਼ ਹੈ।

"ਜੇ ਅਸੀਂ ਇਹ ਸ਼ੁਰੂ ਕਰ ਦਿੰਦੇ ਹਾਂ" ਉਸ ਦਾ ਕਹਿਣਾ ਸੀ " ਇਹ ਬਾਸਕ ਦੇ ਕਮਿਊਨਿਸਟਾਂ ਲਈ ਸਮੂਹਕ ਖੁਦਕੁਸ਼ੀ ਹੋਵੇਗੀ, ਅਤੇ ਇਸ ਦਾ ਨਾ ਪਾਰਟੀ ਨੂੰ ਫ਼ਾਇਦਾ ਹੋਵੇਗਾ ਤੇ ਨਾ ਮਜ਼ਦੂਰ ਜਮਾਤ ਨੂੰ।ਮੈਂ ਇਹ ਬੁਜ਼ਦਿਲੀ 'ਚੋਂ ਨਹੀਂ ਕਹਿ ਰਿਹਾ—ਜੇ ਪਾਰਟੀ ਇਹ ਸ਼ੁਰੂ ਕਰਨ ਦਾ ਪੱਕਾ ਇਰਾਦਾ ਧਾਰ ਲੈਂਦੀ ਹੈ ਤਾਂ ਮੈਂ ਸੰਘਰਸ਼ 'ਚ ਮੂਹਰੇ ਹੋਣ ਲਈ ਤਿਆਰ ਹਾਂ—ਸਗੋਂ ਇਸ ਕਰਕੇ ਕਹਿ ਰਿਹਾਂ ਕਿ ਮੇਰੀ ਸਮਝ ਹੈ ਕਿ ਇਸ ਤਰ੍ਹਾਂ ਕਰਨਾ ਪਾਗਲਪਨ ਹੋਵੇਗਾ।"

ਅਸੀਂ ਜਿਸ ਤਰ੍ਹਾਂ ਦੇ ਇਨਕਲਾਬੀ ਜੋਸ਼ 'ਚ ਗ੍ਰਸੇ ਹੋਏ, ਤੇ ਜਿਸ ਤਰ੍ਹਾਂ ਦੇ ਸੰਕੀਰਣਤਾਵਾਦ 'ਚ ਘਿਰੇ ਹੋਏ ਸਾਂ, ਅਸੀਂ ਉਸਦੀ ਗੱਲ ਖ਼ਾਮੋਸ਼ ਰਹਿਕੇ ਭਰੇ-ਪੀਤੇ ਸੁਣਦੇ ਰਹੇ ਅਤੇ ਜੇ ਅਸੀਂ ਉਸ ਦੇ ਖ਼ਿਲਾਫ਼ ਹਮਲਾਵਰ ਪ੍ਰਤੀਕਰਮ ਨਹੀਂ ਵਿਖਾਇਆ ਤਾਂ ਸਿਰਫ਼ ਇਸ ਕਰਕੇ ਕਿ ਸਾਡੇ ਦਿਲ 'ਚ ਉਸ ਲਈ ਡੂੰਘਾ ਸਤਿਕਾਰ ਸੀ, ਜੋ ਉਸਨੂੰ ਵਰ੍ਹਿਆਂ ਲੰਮੇ ਸੰਘਰਸ਼ ਰਾਹੀਂ ਤੇ ਸਮਾਜਵਾਦ ਪ੍ਰਤੀ ਉਸਦੀ ਨਿਹਚਾ ਦੀ ਬਦੌਲਤ ਮਿਲਿਆ ਸੀ। ਫਿਰ ਵੀ ਸਾਨੂੰ ਪੱਕਾ ਯਕੀਨ ਸੀ ਕਿ ਉਹ ਗ਼ਲਤ ਸੀ। ਅਸੀਂ ਸਮਝਦੇ ਸਾਂ ਕਿ ਉਸ ਦੀ "ਗ਼ਲਤੀ" ਉਸ ਉੱਪਰ ਸਮਾਜਿਕ-ਜਮਹੂਰੀ ਸੁਧਾਰਵਾਦ ਦਾ ਪ੍ਰਭਾਵ ਹੋਣ ਕਾਰਣ ਸੀ।

ਅਸੀਂ ਦੂਜੀ ਵਾਰ ਆਪਣੇ ਇਕ ਪਾਰਟੀ ਆਗੂ ਐਡੂਆਂਰਡੋ ਯੂਗਾਰਦੇ ਨੂੰ ਮਿਲੇ ਜਿਸਨੇ ਸਾਨੂੰ ਬਗ਼ਾਵਤ ਦੀ ਤਿਆਰੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ; ਇਸ ਵਾਰ ਉਸਨੇ ਸਾਡਾ ਇਨਕਲਾਬੀ ਜੋਸ਼ ਮੁੜ ਜਗਾ ਦਿੱਤਾ ਕਿ ਬਗ਼ਾਵਤ ਦੇ ਹੁਕਮ ਕਿਸੇ ਦਿਨ ਵੀ ਆ ਸਕਦੇ ਹਨ।ਪਰ ਜਿਵੇਂ ਜ਼ੋਰਿਲਾ ਦੇ ਪ੍ਰਸਿੱਧ ਗੀਤ-ਨਾਟ 'ਚ ਆਉਂਦਾ ਹੈ, "ਇਕ ਦਿਨ ਲੰਘ ਗਿਆ ਤੇ ਫਿਰ ਦੂਜਾ; ਇਕ ਮਹੀਨਾ ਲੰਘ ਗਿਆ ਤੇ ਫਿਰ ਦੂਜਾ।" ਤੇ ਅਖ਼ੀਰ 'ਚ ਹੁਕਮ ਇਹ ਹੋਇਆ ਕਿ ਬਗ਼ਾਵਤ ਦੀਆਂ ਤਮਾਮ ਯੋਜਨਾਵਾਂ ਛੱਡ ਦਿੱਤੀਆਂ ਜਾਣ, ਜਿਹੜਾ ਵੀ ਗੋਲਾ-ਬਾਰੂਦ ਅਸੀਂ ਜਮ੍ਹਾਂ ਕੀਤਾ ਹੋਇਆ ਹੈ ਉਸ ਨੂੰ ਤੁਰੰਤ ਟਿਕਾਣੇ ਲਾ ਦਿੱਤਾ ਜਾਵੇ, ਅਤੇ ਜਦੋਂ ਤੱਕ ਹਥਿਆਰਾਂ ਦੀ ਵਰਤੋਂ ਦੀ ਲੋੜ ਨਾ ਬਣੇ ਓਦੋਂ ਤੱਕ ਇਹ ਲੁਕੋ ਦਿੱਤੇ ਜਾਣ।

"ਅਰਾਜਕਤਾਵਾਦੀ ਰੁਚੀਆਂ" ਕਰਕੇ ਸਾਡੀ ਆਲੋਚਨਾ ਹੁੰਦੀ ਸੀ। ਸਚਾਈ ਇਹ ਸੀ ਕਿ ਦੋਸ਼ੀ ਅਸੀਂ ਨਹੀਂ ਸਾਂ, ਸਗੋਂ ਅਸਲ ਦੋਸ਼ੀ ਪਾਰਟੀ ਲੀਡਰਸ਼ਿਪ ਸੀ ਜਿਸ ਨੇ ਸਾਨੂੰ ਪਾਰਟੀ ਜ਼ਾਬਤੇ ਦੀ ਦੁਹਾਈ ਦੇ ਕੇ ਬਗ਼ਾਵਤ ਦੀਆਂ ਤਿਆਰੀਆਂ 'ਚ ਲਾਇਆ ਸੀ ਤੇ ਇਹ ਪਾਰਟੀ ਆਗੂ ਹੀ ਸਨ ਜਿਨ੍ਹਾਂ ਨੇ ਇਨਕਲਾਬੀ ਬਚਗਾਨਾਪਣ ਤੇ ਸੌੜੀ ਤੰਗਨਜ਼ਰੀ ਨਾਲ ਪਾਰਟੀ ਨੂੰ

ਦੂਸ਼ਿਤ ਕੀਤਾ ਸੀ। ਸਾਡੀ ਪਾਰਟੀ ਉਸ ਤਰ੍ਹਾਂ ਦੀਆਂ ਗ਼ਲਤੀਆਂ ਦੀ ਢੁਕਵੀਂ ਮਿਸਾਲ ਸੀ, ਜਿਨ੍ਹਾਂ ਦਾ ਬਿਆਨ ਲੈਨਿਨ ਨੇ *"ਖੱਬੇ ਪੱਖੀ ਕਮਿਊਨਿਜ਼ਮ, ਇਕ ਬਚਗਾਨਾ ਰੋਗ"* ਲਿਖਤ 'ਚ ਕੀਤਾ ਸੀ। ਇਹ ਉਨ੍ਹਾਂ ਪਾਰਟੀਆਂ ਦੀਆਂ ਗ਼ਲਤੀਆਂ ਦਾ ਵਰਨਣ ਸੀ, ਜੋ ਜਨਤਾ ਤੋਂ ਟੁੱਟੀਆਂ ਹੋਣ ਕਰਕੇ, ਆਪਣੇ ਦੇਸ਼ਾਂ ਦੇ ਵਿਸ਼ੇਸ਼ ਹਾਲਾਤ ਨੂੰ ਮੱਦੇਨਜ਼ਰ ਰੱਖਕੇ ਯੁੱਧਨੀਤੀ ਤੇ ਦਾਅਪੇਚ ਘੜਨ ਦੇ ਕਾਬਿਲ ਨਹੀਂ ਸਨ।

ਜੇ ਕੋਈ ਪਾਰਟੀ ਕੁਰਬਾਨੀ ਕਰਨ ਵਾਲੀ ਸੀ, ਤਾਂ ਉਹ ਸਾਡੀ ਪਾਰਟੀ ਸੀ। ਪਰ ਸੰਘਰਸ਼ ਤੇ ਕੁਰਬਾਨੀ ਦੀ ਸਮੱਰਥਾ ਦੇ ਬਾਵਜੂਦ ਇਸਦੀ ਤੰਗਨਜ਼ਰੀ ਨੇ ਇਸ ਦੇ ਚੰਗੇ ਗੁਣਾਂ ਨੂੰ ਬਾਂਝ ਤੇ ਵਿਅਰਥ ਬਣਾ ਦਿੱਤਾ, ਜਨਤਾ 'ਚੋਂ ਨਿੱਖੜਕੇ ਇਸ ਦਾ ਅਸਰ-ਰਸੂਖ਼ ਮਜ਼ਦੂਰ ਜਮਾਤ ਦੇ ਸਭ ਤੋਂ ਖਾੜਕੂ ਹਿੱਸਿਆਂ ਤੱਕ ਸੀਮਤ ਹੋ ਗਿਆ ਸੀ। ਇਸੇ ਦੌਰਾਨ, ਮਜ਼ਦੂਰ ਜਮਾਤ ਦੇ ਵੱਡੇ ਹਿੱਸੇ ਉੱਪਰ ਅਰਾਜਕਤਾਵਾਦੀ ਪਾਰਟੀ ਤੇ ਸਮਾਜਵਾਦੀ ਪਾਰਟੀ ਦਾ ਪ੍ਰਭਾਵ ਬਣਿਆ ਰਿਹਾ।

ਜਿਉਂ ਹੀ ਪਾਰਟੀ ਦਾ ਵਿਕਾਸ ਹੋਇਆ, ਇਕ ਬੁਨਿਆਦੀ ਮਹੱਤਤਾ ਵਾਲਾ ਸਵਾਲ ਉੱਭਰਕੇ ਸਾਹਮਣੇ ਆ ਗਿਆ, ਉਨ੍ਹਾਂ ਯੂਨੀਅਨਾਂ ਨੂੰ ਸਹਿਮਤ ਕਿਵੇਂ ਕੀਤਾ ਜਾਵੇ, ਜੋ ਸਮਾਜਵਾਦੀ ਪਾਰਟੀ ਦਾ ਅਧਾਰ ਸਨ। ਲੰਬੇ ਸਮੇਂ ਤੋਂ ਕਾਇਮ ਸਮਾਜਵਾਦੀ ਪਾਰਟੀ ਦੇ ਪ੍ਰਭਾਵ ਦੇ ਬਾਵਜੂਦ, ਮੁੱਢਲੇ ਪੜਾਵਾਂ ਉੱਤੇ ਵਿਜ਼ਕਾਇਆ ਅੰਦਰ ਇਹ ਓਨਾ ਔਖਾ ਨਹੀਂ ਸੀ ਜਿਵੇਂ ਹੋਰ ਖੇਤਰਾਂ ਅੰਦਰ। ਇਹ ਮਜ਼ਦੂਰਾਂ ਤੇ ਉਨ੍ਹਾਂ ਨੂੰ ਲੁੱਟਣ ਵਾਲਿਆਂ ਵਿਚਕਾਰ ਰੋਜ਼ਾਨਾ ਤਿੱਖੇ ਸੰਘਰਸ਼ਾਂ ਕਰਕੇ ਸੀ।

ਮਿਸਾਲ ਵਜੋਂ, ਸੋਮੋਰੋਸਟਰੋ ਦੀ ਕੋਵਰਨ ਸਿੱਕੇ ਦੀ ਖਾਣ ਵਿਚ—ਜਿਸਦੀ ਮਾਲਕ ਮੈਕਲੇਨਨ ਨਾਂਅ ਦੀ ਅੰਗਰੇਜ਼ ਕੰਪਨੀ ਸੀ—ਖਾਣ ਮਜ਼ਦੂਰਾਂ ਨਾਲ ਉਸੇ ਤਰ੍ਹਾਂ ਦਾ ਵਰਤਾਅ ਕੀਤਾ ਜਾਂਦਾ ਸੀ ਜਿਸ ਤਰ੍ਹਾਂ ਦਾ ਕੰਪਨੀ ਆਪਣੇ ਬਸਤੀਵਾਦੀ ਮਜ਼ਦੂਰਾਂ ਨਾਲ ਕਰਦੀ ਸੀ। ਸਰਦੀ ਤੇ ਬਾਰਸ਼ਾਂ ਸ਼ੁਰੂ ਹੁੰਦੇ ਸਾਰ ਖਾਣਾਂ ਦਾ ਕੰਮ ਬੰਦ ਕਰ ਦੇਣਾ ਕੰਪਨੀ ਦੀ ਨੀਤੀ ਸੀ, ਇੰਜ ਮਜ਼ਦੂਰਾਂ ਨੂੰ ਬੇਕਾਰੀ ਤੇ ਕੰਗਾਲੀ ਦੇ ਰਹਿਮ 'ਤੇ ਛੱਡ ਦਿੱਤਾ ਜਾਂਦਾ ਸੀ। ਜਦੋਂ ਬਸੰਤ ਆ ਜਾਂਦੀ ਤਾਂ ਭਰਤੀ ਸ਼ੁਰੂ ਹੋ ਜਾਂਦੀ, ਪਰ ਉਨ੍ਹਾਂ ਦੀ ਨੀਤੀ ਸਿਰਫ਼ ਗਭਰੂ ਮਜ਼ਦੂਰਾਂ ਨੂੰ ਭਰਤੀ ਕਰਨ ਦੀ ਹੁੰਦੀ। 45 ਸਾਲ ਤੋਂ ਵੱਧ ਉਮਰ ਦੇ ਕਿਸੇ ਮਜ਼ਦੂਰ ਨੂੰ ਕੰਮ 'ਤੇ ਨਾ ਰੱਖਿਆ ਜਾਂਦਾ ਚਾਹੇ ਉਸਨੇ 30 ਸਾਲ ਜਾਂ ਵੱਧ ਕੰਮ ਵੀ ਕੀਤਾ ਹੋਵੇ। ਮੈਕਲੇਨਨ ਕੰਪਨੀ ਨੂੰ ਜਵਾਨ ਜੁੱਸਾ, ਮਾਸਪੇਸ਼ੀਆਂ ਤੇ ਜ਼ੋਰ ਪਸੰਦ ਸੀ—ਇਹ ਦੌਲਤ ਖਾਣਾਂ ਦੇ ਖੱਡਿਆਂ 'ਚ ਨੁੱਚੜ ਜਾਂਦੀ, ਜਿੱਥੇ ਕੰਧਾਂ 'ਚੋਂ ਬਿਸਕੇ ਦੀ ਖਾੜੀ ਦੀ ਸਿੱਲ੍ਹ ਸਿੰਮਦੀ ਰਹਿੰਦੀ। ਖਾਣ ਐਨ ਖਾੜੀ ਦੇ ਵਿਚਾਲੇ ਸੀ। ਪਰ ਕੰਪਨੀ ਨੂੰ ਇਸ ਨਾਲ ਕੀ, ਜਦੋਂ ਤੱਕ ਔਰਤਾਂ ਖਾਣਾਂ ਦਾ ਖਾਜਾ ਬਣਨ ਵਾਲੇ ਜੰਮੀ ਜਾਂਦੀਆਂ ਸਨ ਜੋ ਉਨ੍ਹਾਂ ਦੀ ਥਾਂ ਲੈਂਦੇ ਰਹਿੰਦੇ ਜਿਨ੍ਹਾਂ ਦੀ ਤਾਕਤ ਨੂੰ ਸਖ਼ਤ ਮਿਹਨਤ ਨੇ ਨਿਚੋੜ ਦਿੱਤਾ ਹੁੰਦਾ। ਖਾਣ ਮਜ਼ਦੂਰਾਂ ਦੀ ਯੂਨੀਅਨ ਦੀ ਸਮਾਜਵਾਦੀ ਲੀਡਰਸ਼ਿਪ ਨੇ ਲੰਮੇ ਸਮੇਂ ਤੋਂ ਇਸ ਹਾਲਤ ਨਾਲ ਸਮਝੌਤਾ ਕੀਤਾ ਹੋਇਆ ਸੀ, ਪਰ ਮਜ਼ਦੂਰਾਂ ਨੇ ਨਹੀਂ। ਹਰੇਕ ਸਾਲ ਜਦੋਂ ਭਰਤੀ ਸ਼ੁਰੂ ਹੁੰਦੀ ਤਾਂ ਸੰਘਰਸ਼ ਤੇ ਰੋਸ-ਮੁਜ਼ਾਹਰੇ ਹੁੰਦੇ।

1921 ਦੀ ਬਸੰਤ ਮੌਕੇ ਕੰਪਨੀ ਨੇ ਇਕ ਵਾਰ ਫਿਰ ਆਪਣੇ ਰਵਾਇਤੀ ਦਾਅਪੇਚ ਲਾਗੂ ਕਰਨ ਤੇ ਰਵਾਇਤੀ ਸ਼ਰਤਾਂ ਥੋਪਣ ਦੀ ਕੋਸ਼ਿਸ਼ ਕੀਤੀ। ਪਰ ਹੁਣ ਹਾਲਤ 'ਚ ਨਵਾਂ ਅੰਸ਼ ਮੌਜੂਦ ਸੀ, ਹੁਣ ਯੂਨੀਅਨ 'ਚ ਕਮਿਊਨਿਸਟ ਮੌਜੂਦ ਸਨ ਜੋ ਮੈਨੇਜਮੈਂਟ ਦੀਆਂ ਚਾਲਾਂ ਨੂੰ ਸਹਿਣ ਲਈ ਤਿਆਰ ਨਹੀਂ ਸਨ। ਕੰਮ ਸ਼ੁਰੂ ਕਰਨਾ ਕੰਪਨੀ ਦੀ ਤੁਰੰਤ-ਪੈਰੀ ਲੋੜ ਸੀ; ਉਨ੍ਹਾਂ ਦੀਆਂ

ਜੇਬਾਂ 'ਚ ਸਿੱਕੇ ਦੇ ਵੱਡੇ-ਵੱਡੇ ਠੇਕੇ ਸਨ ਜੋ ਪਹਿਲਾਂ ਹੀ ਬੰਦਰਗਾਹ 'ਤੇ ਜਮ੍ਹਾਂ ਸੀ, ਤੇ ਕੁਝ ਮਹੀਨਿਆਂ ਦੇ ਅੰਦਰ ਹੀ ਉਨ੍ਹਾਂ ਦਾ ਕੁਲ ਜਮ੍ਹਾਂ ਸਟਾਕ ਨਿੱਬੜ ਜਾਣਾ ਸੀ। ਇਸ ਤੋਂ ਬਾਦ ਖਾਣ ਬੰਦ ਹੋ ਜਾਣੀ ਸੀ।

ਸਥਾਨਕ ਯੂਨੀਅਨ ਦੇ ਕਮਿਊਨਿਸਟ ਆਗੂਆਂ ਦੀ ਅਗਵਾਈ ਹੇਠ, ਖਾਣ ਮਜ਼ਦੂਰਾਂ ਨੇ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਮੰਗ ਸੀ ਕਿ ਮਜ਼ਦੂਰਾਂ ਦੀ ਉਮਰ ਨੂੰ ਆਧਾਰ ਬਣਾਏ ਤੋਂ ਬਿਨਾਂ ਹੀ ਉਨ੍ਹਾਂ ਨੂੰ ਕੰਮ 'ਤੇ ਰੱਖਿਆ ਜਾਵੇ, ਉਨ੍ਹਾਂ ਮਜ਼ਦੂਰਾਂ ਲਈ ਘਰ ਬਣਾਕੇ ਦਿੱਤੇ ਜਾਣ ਜਿਨ੍ਹਾਂ ਨੂੰ ਵੱਧ ਉਮਰ ਕਾਰਨ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਸੀ; ਸਭਨਾਂ ਮਜ਼ਦੂਰਾਂ ਦੀਆਂ ਉਜਰਤਾਂ 'ਚ ਵਾਧਾ ਕੀਤਾ ਜਾਵੇ; ਖਪਤਕਾਰਾਂ ਦੀ ਸਹਿਕਾਰੀ ਸਭਾ ਸਥਾਪਤ ਕਰਨ ਲਈ 25,000 ਪਿਸੇਟਾ ਦੀ ਵਿਵਸਥਾ ਕੀਤੀ ਜਾਵੇ। ਇਨ੍ਹਾਂ ਮੰਗਾਂ 'ਚ ਕੁਝ ਵੀ ਵਿਸ਼ੇਸ਼ ਨਹੀਂ ਸੀ; ਇਹ ਸਭ ਸੰਭਵ ਦੇ ਦਾਇਰੇ 'ਚ ਆਉਂਦੀਆਂ ਸਨ।

ਕੰਪਨੀ ਦਾ ਨਿਰਦੇਸ਼ਕ ਗੁੱਸੇ ਨਾਲ ਭੜਕ ਉੱਠਿਆ; ਮਜ਼ਦੂਰ ਡਟੇ ਰਹੇ। ਸਮਾਂ ਗੁਜ਼ਰਦਾ ਗਿਆ; ਹਰ ਰੋਜ਼ ਸਵੇਰੇ ਖਾਣਾਂ ਦੀ ਘੰਟੀ ਕੰਮ 'ਤੇ ਆਉਣ ਦਾ ਸੱਦਾ ਦੇਂਦੀ ਅਤੇ ਰੋਜ਼ ਸਵੇਰੇ ਮਜ਼ਦੂਰ ਇਸ ਨੂੰ ਅਣਗੌਲਿਆਂ ਕਰ ਦਿੰਦੇ। ਕੰਪਨੀ ਦਬਾਅ ਪਾਉਂਦੀ ਪਰ ਮਜ਼ਦੂਰ ਨਾ ਝੁਕੇ। ਉਨ੍ਹਾਂ ਨੇ ਕਾਸਾ ਡੀ ਪਿਓਬਲੋ 'ਚ ਮੀਟਿੰਗ ਕਰਕੇ ਓਦੋਂ ਤੱਕ ਡਟੇ ਰਹਿਣ ਦੀ ਦ੍ਰਿੜ੍ਹਤਾ ਦੁਹਰਾਈ ਜਦੋਂ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ। ਕੰਪਨੀ ਨੇ ਸਮਾਜਵਾਦੀਆਂ ਦੀ ਅਗਵਾਈ ਵਾਲੀ ਯੂਨੀਅਨ ਨੂੰ ਅਪੀਲ ਕੀਤੀ। ਕਮੇਟੀ ਨੇ ਖਾਣ ਮਜ਼ਦੂਰਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਆਪਣੀਆਂ ਮੰਗਾਂ 'ਚ ਤਬਦੀਲੀ ਲਈ ਮਨਾਉਣ ਵਾਸਤੇ ਪ੍ਰਤੀਨਿਧੀ ਮੰਡਲ ਭੇਜਿਆ। ਕਮੇਟੀ ਦੇ ਬੁਲਾਰੇ ਦਾ ਉਨ੍ਹਾਂ ਨੂੰ ਕਹਿਣਾ ਸੀ "ਤੁਹਾਨੂੰ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ। ਜ਼ਿਦ ਨਾਲ ਤੁਸੀਂ ਮਾਲਕਾਂ ਤੋਂ ਭਵਿੱਖ 'ਚ ਮਿਲਣ ਵਾਲੀਆਂ ਰਿਆਇਤਾਂ ਦਾ ਮੌਕਾ ਗਵਾ ਬੈਠੋਗੇ। ਹੁਣ ਸਾਹਨ ਦੀ ਪੂਛ ਤੁਹਾਡੇ ਹੱਥ ਹੈ; ਜੇ ਤੁਸੀਂ ਆਪਣੀਆਂ ਮੰਗਾਂ ਬਦਲਣ ਤੋਂ ਇਨਕਾਰੀ ਹੋਏ ਤਾਂ ਬਾਦ 'ਚ ਨਾ ਪਛਤਾਉਣਾ, ਜਦੋਂ ਸਾਹਨ ਦੀ ਪੂਛ ਮਾਲਕਾਂ ਦੇ ਹੱਥ ਆ ਗਈ ਤੇ ਉਨ੍ਹਾਂ ਸਮਝੌਤੇ ਤੋਂ ਨਾਂਹ ਕਰ ਦਿੱਤੀ।"

ਇਸ ਸੁਝਾਅ ਦਾ ਸਵਾਗਤ ਜ਼ੋਰਦਾਰ ਫਿਟਕਾਰਾਂ ਨਾਲ ਹੋਇਆ। ਖਾਣ ਮਜ਼ਦੂਰਾਂ ਨੇ ਆਪਣੇ ਯੂਨੀਅਨ ਕਾਰਡ ਪਾੜਕੇ ਯੂਨੀਅਨ ਦੇ ਨੁਮਾਇੰਦਿਆਂ ਦੇ ਮੂੰਹ 'ਤੇ ਵਗਾਹ ਕੇ ਮਾਰੇ। ਤੇ ਜਦੋਂ ਮਜ਼ਦੂਰ ਨਹੀਂ ਝੁਕੇ ਤਾਂ ਓੜਕ ਕੰਪਨੀ ਉਨ੍ਹਾਂ ਦੀਆਂ ਬਹੁਤੀਆਂ ਮੰਗਾਂ ਮੰਨਣ ਲਈ ਮਜ਼ਬੂਰ ਹੋ ਗਈ।

ਕੁਝ ਮਹੀਨੇ ਬਾਦ ਮਾਰਕੁਇਜ਼ ਡੀ ਉਰੁਕਵਿਜੋ ਦੀ ਮਾਲਕੀ ਵਾਲੀ ਹੋਯੋ ਖਾਣ ਦੇ ਮਜ਼ਦੂਰਾਂ ਨੇ ਕੰਮ ਦੇ ਹਾਲਾਤ ਬਿਹਤਰ **ਬਣਾਉਣ ਦੀ** ਮੰਗ ਨੂੰ ਲੈ ਕੇ ਹੜਤਾਲ ਕਰ ਦਿੱਤੀ। ਖਾਣਾਂ ਦੇ ਖੱਡੇ ਅਕਸਰ ਹੀ ਪਾਣੀ ਨਾਲ ਭਰੇ ਰਹਿੰਦੇ ਅਤੇ ਇਸ ਕਰਕੇ ਢਿੱਗਾਂ ਡਿੱਗਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ। ਉਨ੍ਹਾਂ ਦੀ ਮੰਗ ਸੀ ਸੁਰੱਖਿਆ ਉਪਾਵਾਂ 'ਚ ਸੁਧਾਰ ਕੀਤਾ ਜਾਵੇ ਅਤੇ ਉਜਰਤਾਂ 'ਚ ਵਾਧਾ ਕੀਤਾ ਜਾਵੇ। ਠੇਕੇਦਾਰ ਨੇ ਮੰਗਾਂ ਮੰਨਣ ਤੋਂ ਕੋਰਾ ਜਵਾਬ ਦੇ ਦਿੱਤਾ। ਯੂਨੀਅਨ ਦੇ ਪਤਵੰਤੇ ਆਗੂਆਂ ਨੇ ਉਸ ਨੂੰ "ਸਾਹਨ ਦੀ ਪੂਛ" ਦਾ ਮੰਤਰ ਪੜ੍ਹਾਇਆ ਹੋਇਆ ਸੀ। ਉਸਨੇ ਆਤਮਘਾਤੀ ਜ਼ਿਦ ਫੜ੍ਹ ਲਈ, ਤੇ ਐਲਾਨ ਕਰ ਦਿੱਤਾ ਕਿ ਉਹ "ਮਜ਼ਦੂਰਾਂ ਨੂੰ ਧੂੜ ਚਟਾਕੇ ਛੱਡੇਗਾ।"

ਹੜਤਾਲ ਦੇ ਸ਼ੁਰੂ 'ਚ ਮਜ਼ਦੂਰਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੀਆਂ ਮੰਗਾਂ ਮੰਨੇ ਜਾਣ 'ਚ ਬਹੁਤੀ ਦੇਰ ਨਹੀਂ ਲੱਗੇਗੀ ਅਤੇ ਇਸੇ ਕਰਕੇ ਉਨ੍ਹਾਂ ਨੇ ਖਾਣ ਦੇ ਨਿਕਾਸੀ ਪੰਪ ਚੱਲਦੇ ਰੱਖਣ ਲਈ ਆਦਮੀ ਲੱਗੇ ਰਹਿਣ ਦਿੱਤੇ, ਤਾਂ ਕਿ ਪਾਣੀ ਨਾ ਭਰ ਜਾਵੇ। ਠੇਕੇਦਾਰ ਦਾ ਅੜੀਅਲ ਵਤੀਰਾ ਦੇਖਕੇ, ਮਜ਼ਦੂਰਾਂ ਨੇ ਪੰਪ ਚਲਾਉਣ ਵਾਲੇ ਮਜ਼ਦੂਰਾਂ ਨੂੰ ਹੜਤਾਲ ਦਾ ਸੱਦਾ ਦੇਣ ਦੀ ਠਾਣ ਲਈ। ਖਾਣਾਂ ਦੇ ਖੱਡਿਆਂ 'ਚ ਇਕਦਮ ਪਾਣੀ ਜਮ੍ਹਾਂ ਹੋ ਗਿਆ; ਪਹਿਲੇ ਦਿਨ ਦੇ ਅਖ਼ੀਰ 'ਚ ਸਭ ਤੋਂ ਹੇਠਲਾ ਪੱਧਰ ਪਹਿਲਾਂ ਹੀ ਉੱਪਰ ਚੜ੍ਹ ਆਇਆ ਸੀ ਤੇ ਪਾਣੀ ਦਾ ਪੱਧਰ ਵਧ ਰਿਹਾ ਸੀ। ਹਾਲਤ ਗੰਭੀਰ ਹੋ ਗਈ ਅਤੇ, ਪ੍ਰਸ਼ਾਸਨ ਦੀ ਹਮਾਇਤ ਨਾਲ ਮਾਲਕ ਨੇ ਪਾਣੀ ਨੂੰ ਸੁਰੰਗ ਤੱਕ ਰੋਕਣ ਦਾ ਤੈਅ ਕਰ ਲਿਆ। ਉਸਨੇ ਹੜਤਾਲ ਤੋੜੂ ਭਰਤੀ ਕਰ ਲਏ। ਅਸੀਂ ਖਾਣ ਮਜ਼ਦੂਰਾਂ ਦੀਆਂ ਪਤਨੀਆਂ ਨੇ ਉਨ੍ਹਾਂ ਨੂੰ ਖਾਣਾਂ ਤੋਂ ਬਾਹਰ ਕੱਢਣ ਲਈ ਟੱਕਰ ਲਈ, ਪਰ ਕੰਪਨੀ ਦੇ ਸੁਰੱਖਿਆ ਮੁਲਾਜ਼ਮਾਂ ਦੀਆਂ ਬੰਦੂਕਾਂ ਦੇ ਬੱਟਾਂ ਦੀ ਪਛਾੜ ਨੇ ਸਾਨੂੰ ਖਦੇੜ ਦਿੱਤਾ।

ਉਸੇ ਦਿਨ, ਜਦੋਂ ਕੰਪਨੀ ਦੀ ਸੋਚ ਸੀ ਕਿ ਇਸਨੇ ਹੜਤਾਲੀਆਂ ਨੂੰ ਦਬਾ ਦਿੱਤਾ ਹੈ, ਐਨ ਉਸੇ ਦਿਨ ਖਾਣ ਮਜ਼ਦੂਰਾਂ ਨੇ ਠੇਕੇਦਾਰ ਨੂੰ ਗੋਲੀ ਮਾਰਕੇ ਮਾਰ ਦਿੱਤਾ। ਇਕ ਦਮ ਬਦਲਾ ਲਊ ਕਾਰਵਾਈ ਸ਼ੁਰੂ ਹੋ ਗਈ। ਦਰਜਨਾਂ ਖਾਣ ਮਜ਼ਦੂਰ ਗ੍ਰਿਫ਼ਤਾਰ ਕਰ ਲਏ ਗਏ, ਇਨ੍ਹਾਂ 'ਚ ਕਈ ਕਮਿਊਨਿਸਟਾਂ ਵਜੋਂ ਮਸ਼ਹੂਰ ਸਨ। ਦੋ-ਦੋ ਨੂੰ ਰੱਸਿਆਂ ਨਾਲ ਨੂੜਕੇ ਉਨ੍ਹਾਂ ਨੂੰ ਲਾਰਿਨਾਗਾ ਜੇਲ੍ਹ 'ਚ ਲੈ ਗਏ।

ਖਾਣਾਂ ਤੇ ਫਾਊਂਡਰੀਆਂ ਦੋਵਾਂ 'ਚ ਅਜਿਹੇ ਬਹੁਤ ਸਾਰੇ ਸੰਘਰਸ਼ ਹੋਏ ਜਿਨ੍ਹਾਂ ਵਿਚ ਸਮਾਜਵਾਦੀ ਲੀਡਰਸ਼ਿਪ ਜਾਂ ਤਾਂ ਸ਼ਾਮਲ ਹੀ ਨਹੀਂ ਹੋਈ ਜਾਂ ਓਦੋਂ ਤੱਕ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਅੱਗੇ ਨਾ ਆਈ ਜਦੋਂ ਤੱਕ ਸੰਘਰਸ਼ ਆਖ਼ਰੀ ਪੜਾਵਾਂ ਤੱਕ ਨਹੀਂ ਪਹੁੰਚ ਗਏ। ਮਜ਼ਦੂਰਾਂ ਨੂੰ ਇਹ ਜ਼ਰੂਰਤ ਮਹਿਸੂਸ ਹੋ ਗਈ ਕਿ ਲੀਡਰਸ਼ਿਪ 'ਚ ਉਨ੍ਹਾਂ ਨੂੰ ਲਿਆਂਦਾ ਜਾਵੇ ਜਿਨ੍ਹਾਂ ਨੇ ਹਮੇਸ਼ਾ ਉਨ੍ਹਾਂ ਦਾ ਸਾਥ ਦਿੱਤਾ ਜਾਂ ਜਿਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਲੋਕ ਹੱਕਾਂ ਦੇ ਦ੍ਰਿੜ ਰਖਵਾਲੇ ਹਨ। ਖਾਣ ਮਜ਼ਦੂਰ ਯੂਨੀਅਨ, ਕੈਸਾਸ ਡੀ ਪਿਊਬਲੋ ਦਾ ਬਹੁਤਾ ਹਿੱਸਾ ਅਤੇ ਬਿਲਬਾਓ ਤੇ ਖਾਣ ਜ਼ਿਲ੍ਹੇ ਦੇ ਹੋਰ ਅਹਿਮ ਗਰੁੱਪ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਆ ਗਏ, ਪਰ ਸਮਾਜਵਾਦੀ ਆਗੂਆਂ ਦੇ ਜ਼ੋਰਦਾਰ ਵਿਰੋਧ ਤੋਂ ਬਗ਼ੈਰ ਇਹ ਨਹੀਂ ਹੋਇਆ।

1922 'ਚ ਮਾਲਕਾਂ ਦੀ ਐਸੋਸੀਏਸ਼ਨ ਨੇ ਖਾਣਾਂ ਤੇ ਫਾਊਂਡਰੀਆਂ ਵਿਚ ਉਜਰਤਾਂ 'ਚ ਕਟੌਤੀ ਕਰਨ ਦੀ ਕੋਸ਼ਿਸ਼ ਕੀਤੀ—ਇਹ ਪਹਿਲਾਂ ਹੀ ਤਰਸਯੋਗ ਪੱਧਰ ਤੱਕ ਥੋੜ੍ਹੀਆਂ ਸਨ। ਧਾਤ ਮਜ਼ਦੂਰਾਂ ਨੇ ਪੂਰੀ ਸਨਅਤ ਠੱਪ ਕਰ ਦੇਣ ਵਾਲੀ ਹੜਤਾਲ ਦੀ ਧਮਕੀ ਦੇ ਕੇ ਇਸ ਦਾ ਜਵਾਬ ਦਿੱਤਾ, ਜਿਸ ਤੋਂ ਮਾਲਕ ਪਿੱਛੇ ਹਟਣ ਲਈ ਮਜਬੂਰ ਹੋ ਗਏ। ਖਾਣ ਮਜ਼ਦੂਰ ਯੂਨੀਅਨ ਦੀ ਲੀਡਰਸ਼ਿਪ—ਜਿਸ ਦਾ ਸਕੱਤਰ ਜੋਸ ਬੁਲੇਜੋਸ ਸੀ, ਜੋ ਖਾੜਕੂ ਹੋਣ ਕਰਕੇ ਮਜ਼ਦੂਰਾਂ ਵੱਲੋਂ ਸਤਿਕਾਰਿਆ ਜਾਂਦਾ ਸੀ—ਨੇ ਮਜ਼ਦੂਰਾਂ ਨੂੰ ਉਜਰਤਾਂ 'ਚ ਕਟੌਤੀ ਕਰਨ ਦੇ ਮੈਨੇਜਮੈਂਟ ਦੇ ਹਮਲੇ ਦਾ ਟਾਕਰਾ ਕਰਨ ਲਈ ਪ੍ਰੇਰਤ ਕੀਤਾ। ਇਸੇ ਵਕਤ ਸਮਾਜਵਾਦੀ ਆਗੂ ਘਸਿਆ-ਪਿਟਿਆ ਨਾਅਰਾ ਦੇ ਰਹੇ ਸਨ "ਆਓ ਸਾਰੇ ਰਲ ਮਿਲਕੇ ਗਰੀਬੀ ਵੰਡਾਈਏ," ਉਹ ਇਸ ਝੂਠੇ ਸਿਧਾਂਤ ਦੇ ਹਮਾਇਤੀ ਸਨ ਕਿ ਸੰਕਟ ਦੇ ਸਮਿਆਂ 'ਚ ਸੰਘਰਸ਼ ਸੰਭਵ ਨਹੀਂ ਹੈ।

ਅਸੀਂ ਗਾਲਰਟਾ 'ਚ ਮੀਟਿੰਗ ਜਥੇਬੰਦ ਕੀਤੀ, ਜਿੱਥੇ ਪਾਰਟੀ ਨੇ ਉਜਰਤਾਂ ਉੱਪਰ ਮੈਨੇਜਮੈਂਟ ਦੇ ਨਹੱਕੇ ਹਮਲੇ ਅਤੇ ਸਮਾਜਵਾਦੀਆਂ ਦੇ ਧੋਖੇਬਾਜ਼ ਸਟੈਂਡ ਦਾ ਖ਼ੁਲਾਸਾ ਕੀਤਾ। ਮੀਟਿੰਗ ਖ਼ਤਮ ਹੋਣ 'ਤੇ, ਜਦੋਂ ਬੁਲਾਰੇ ਰੇਲ ਦੀ ਪਟੜੀ ਦੇ ਨਾਲ-ਨਾਲ ਸਟੇਸ਼ਨ ਨੂੰ ਜਾ ਰਹੇ ਸਨ ਤਾਂ

ਸਮਾਜਵਾਦੀਆਂ ਦਾ ਇਕ ਗਰੋਹ ਗਲੀ 'ਚੋਂ ਨਿਕਲ ਆਇਆ; ਸਪਸ਼ਟ ਸੀ ਕਿ ਉਹ ਝਗੜਾ ਕਰਨ ਦੇ ਇਰਾਦੇ ਨਾਲ ਆਏ ਸਨ। ਇੱਥੇ ਹੋਈ ਲੜਾਈ 'ਚ ਤਿੰਨ ਕਮਿਊਨਿਸਟ—ਉਨ੍ਹਾਂ 'ਚ ਜੋਸ ਬੁਲੇਜੋਸ ਵੀ ਸੀ—ਤੇ ਇਕ ਸਮਾਜਵਾਦੀ ਮਾਰੇ ਗਏ; ਅਗਲੇ ਦਿਨ ਟਰਿਆਨੋ ਖਾਣ ਦੇ ਹਸਪਤਾਲ 'ਚ ਇਕ ਹੋਰ ਗੰਭੀਰ ਜ਼ਖ਼ਮੀ ਦੀ ਮੌਤ ਹੋ ਗਈ। ਮੈਂ ਵਾਲ-ਵਾਲ ਬਚੀ ਸੀ। ਸ਼ੁਰੂ 'ਚ ਮੈਂ ਹੋਰਨਾਂ ਦੇ ਨਾਲ ਸਟੇਸ਼ਨ ਜਾਣ ਦੀ ਸੋਚੀ ਸੀ ਪਰ ਮੈਂ ਆਪਣੇ ਮਾਂ ਪਿਉ ਨੂੰ ਮਿਲਣ ਲਈ ਰੁਕ ਗਈ ਸੀ।

[10]

## ਮਿਸ਼ਨਰੀ

ਹੋਯੋ ਹੜਤਾਲ ਤੋਂ ਮਗਰੋਂ ਇਕ ਸੁਹਾਵਣੇ ਦਿਨ, ਜਦੋਂ ਮੇਰਾ ਪਤੀ ਹਾਲੇ ਜੇਲ੍ਹ 'ਚ ਸੀ, "ਮਿਸ਼ਨਰੀਆਂ" ਦੀ ਇਕ ਟੋਲੀ ਮੇਰੀ ਦੇਹਲੀ 'ਤੇ ਆਣ ਢੁੱਕੀ , ਇਨ੍ਹਾਂ ਦੀ ਮੂਹਰੈਲ ਵਿਜ਼ਕਾਇਆ ਦੇ ਇਕ ਸਭ ਤੋਂ ਅਮੀਰ ਖਾਣ ਮਾਲਕ ਦੀ ਪਤਨੀ, ਡੋਨਾ ਸੇਬਾਸਤੀਆਨਾ ਉਗਾਰਤੇ ਸੀ।

ਸਾਡੀ ਰਿਹਾਇਸ਼ ਪਿੰਡ ਦੀ ਸਾਧਾਰਣ ਜਹੀ ਬਸਤੀ 'ਚ ਦੂਜੀ ਮੰਜ਼ਲ 'ਤੇ ਸੀ; ਇਕ ਘੁੱਪ ਹਨੇਰ, ਢਿਲਕਵੀਂ ਪੌੜੀ ਸਾਡੇ ਕਮਰਿਆਂ ਨੂੰ ਜਾਂਦੀ ਸੀ। ਮੈਂ ਖਾਣਾ ਬਣਾਉਣ ਤੇ ਆਪਣੇ ਨੰਨ੍ਹੇ ਬੇਟੇ ਰੁਬਿਨ ਦੀ ਦੇਖਭਾਲ 'ਚ ਰੁੱਝੀ ਹੋਈ ਸਾਂ, ਇਸ ਕਾਰਣ ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਇਕ ਵੱਡੀ ਸਾਰੀ ਆਲੀਸ਼ਾਨ ਕਾਰ ਕਦੋਂ ਬਾਹਰ ਆਕੇ ਖੜ੍ਹੀ ਹੋ ਗਈ ਸੀ। ਜਦੋਂ ਮੈਨੂੰ ਮਹਿਸੂਸ ਹੋਇਆ ਕਿ ਪੌੜੀਆਂ 'ਚ ਕੋਈ ਹੈ ਤਾਂ ਮੈਂ ਸੋਚਿਆ ਕਿ ਲਾਜ਼ਮੀ ਹੀ ਪੁਲਿਸ ਹੋਵੇਗੀ, ਪਿੱਛੇ ਜਹੇ ਤੋਂ ਅਕਸਰ ਹੀ ਇਸ ਤਰ੍ਹਾਂ ਹੁੰਦਾ ਸੀ। ਮੈਂ ਆਪਣੇ ਦਰਵਾਜ਼ੇ 'ਤੇ ਉਨ੍ਹਾਂ ਹੈਂਕੜਬਾਜ਼ ਚਿਹਰਿਆਂ ਦੇ ਪ੍ਰਗਟ ਹੋਣ ਦੀ ਇੰਤਜ਼ਾਰ ਕਰਨ ਲੱਗੀ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ, ਪੁਲਿਸ ਦੀ ਬਜਾਏ, ਡੋਨਾ ਸੇਬਾਸਤੀਆਨਾ ਤੇ ਉਸਦੀਆਂ ਕੁਝ ਸਾਥਣਾਂ ਨੂੰ ਵੇਖਿਆ। ਬਚਪਨ ਤੋਂ ਮੈਂ ਉਸਨੂੰ ਜਾਣਦੀ ਸੀ, ਅਤੇ ਉਸ ਦੀਆਂ ਧੀਆਂ ਤੇ ਮੈਂ ਓਦੋਂ ਤੱਕ ਇਕੱਠੀਆਂ ਸਕੂਲ ਜਾਂਦੀਆਂ ਰਹੀਆਂ ਜਦੋਂ ਤੱਕ ਕੁਲੀਨ ਧੀਆਂ ਦੇ ਖੇਤਰੀ ਰੰਗ-ਢੰਗ ਤੇ ਸਲੀਕੇ ਨੂੰ ਮਾਂਜਣ-ਸੰਵਾਰਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਨਿੱਜੀ ਫਰੈਂਚ ਸਕੂਲ 'ਚ ਪੜ੍ਹਨੇ ਨਹੀਂ ਪਾ ਦਿੱਤਾ ਗਿਆ। ਡੋਨਾ ਸੇਬਾਸਤੀਆਨਾ ਤੇ ਮੇਰੀ ਕਦੇ ਗੱਲਬਾਤ ਨਹੀਂ ਸੀ ਹੋਈ। ਮੈਂ ਖਾਣ ਮਜ਼ਦੂਰ ਦੀ ਧੀ ਸੀ, ਤੇ ਉਹ ਖਾਣ ਮਾਲਕ ਦੀ ਪਤਨੀ ਸੀ; ਤੇ ਸਾਡੇ ਵਿਚਲਾ ਪਾੜਾ ਪੂਰਿਆ ਜਾ ਸਕਣ ਵਾਲਾ ਨਹੀਂ ਸੀ।

ਜਦੋਂ ਮੈਂ ਸਾਧਾਰਣ ਪੇਂਡੂ ਕੁੜੀ ਸੀ ਤਾਂ ਡੋਨਾ ਸ਼ੇਬਾਸਤੀਆਨਾ ਲਈ ਮੈਂ ਉਸਦੇ ਕੁੱਤੇ-ਬਿੱਲੀਆਂ ਤੋਂ ਵੱਧ ਨਹੀਂ ਸੀ। ਪਰ ਜਦੋਂ ਪੇਂਡੂ ਕੁੜੀ ਕਾਇਆ-ਕਲਪ ਹੋ ਕੇ ਕਮਿਊਨਿਸਟ ਔਰਤ ਬਣ ਜਾਂਦੀ ਹੈ, ਜੋ ਸੰਘਰਸ਼ 'ਚ ਜੁੱਟੀ ਹੁੰਦੀ ਹੈ, ਜੋ ਖਾਣ ਮਜ਼ਦੂਰਾਂ ਦੀ ਸ਼ਰਮਨਾਕ ਲੁੱਟ-ਖਸੁੱਟ ਨੂੰ ਭੰਡਦੀ ਹੈ, ਜਿਸ ਦੀ ਆਵਾਜ਼ ਨੂੰ ਗਹੁ ਨਾਲ ਸੁਣਿਆਂ ਜਾਂਦਾ ਹੈ, ਤਾਂ ਅਚਾਨਕ ਇਸ ਸ਼੍ਰੀਮਤੀ ਨੂੰ ਡਰ ਪੈ ਜਾਂਦਾ ਹੈ। ਤੇ ਹੁਣ ਸਾਡੀ ਗਰੀਬੀ ਦੀ ਹਾਲਤ 'ਚ ਜਦੋਂ ਉਹ ਆਪਣੇ ਪਰਸ

’ਚ ਸਿੱਕੇ ਛਣਕਾਉਂਦੀ ਸਾਡੇ ਗੰਦੇ ਕਮਰਿਆਂ ’ਚ ਆਉਂਦੀ ਹੈ ਤਾਂ ਉਹ ਨੀਵਾਂਪਣ ਮਹਿਸੂਸ ਨਹੀਂ ਕਰਦੀ।

ਉਸਦੇ ਆਉਣ ’ਤੇ ਆਪਣੀ ਹੈਰਾਨੀ ਨੂੰ ਬਿਨਾ ਛੁਪਾਏ ਮੈਂ ਉਸਨੂੰ ਜੀ ਆਇਆਂ ਕਿਹਾ। ਮੈਂ ਉਸਨੂੰ ਤੇ ਉਸ ਦੇ ਨਾਲ ਦੀਆਂ ਨੂੰ ਆਪਣੇ ਕਮਰੇ ’ਚ ਲੈ ਗਈ ਅਤੇ ਉਨ੍ਹਾਂ ਨੂੰ ਬੈਠਣ ਦੀ ਗੁਜ਼ਾਰਿਸ਼ ਕੀਤੀ। “ਮੈਂ ਤਾਂ ਹੈਰਾਨ ਹਾਂ, ਡੋਨਾ ਸੇਬਾਸਤੀਆਨਾ ?”

“ਤੈਨੂੰ ਹੈਰਾਨੀ ਕਿਉਂ, ਡੋਲੋਰਸ! ਅਸੀਂ ਕੁਝ ਸਹੇਲੀਆਂ ਨੂੰ ਮਿਲਣ ਸੋਮੋਰੋਸਟਰੋ ਜਾ ਰਹੀਆਂ ਸੀ ਅਤੇ ਇਸ ਕਰਕੇ ਸਾਨੂੰ ਮੌਕਾ ਮਿਲ ਗਿਆ ਕਿ ਤੇਰੇ ਵੱਲ ਹੋ ਕੇ ਜਾਈਏ, ਇਹ ਦੇਖ ਲਈਏ ਕਿ ਤੇਰੇ ਦਿਨ ਕਿਵੇਂ ਲੰਘਦੇ ਨੇ ਤੇ ਜੇ ਹੋ ਸਕੇ ਤਾਂ ਤੇਰੀ ਕੋਈ ਸਹਾਇਤਾ ਕਰ ਜਾਈਏ।”

“ਸਹਾਇਤਾ ?...ਮੇਰੀ ? ਮੈਨੂੰ ਸਮਝ ਨਹੀਂ ਆਉਂਦਾ ਕਿਵੇਂ ? ਅਸੀਂ ਕਿਵੇਂ ਗੁਜ਼ਰ ਕਰਦੇ ਹਾਂ ਜਿੱਥੋਂ ਤੱਕ ਇਹ ਗੱਲ ਹੈ, ਮੈਨੂੰ ਕੁਝ ਵੀ ਦੱਸਣਾ ਨਹੀਂ ਪਵੇਗਾ; ਤੁਸੀਂ ਖ਼ੁਦ ਦੇਖ ਸਕਦੀਆਂ ਹੋ। ਇਹ ਸਾਡਾ ਮਹਿਲ ਹੈ—ਬਿਨਾਂ ਖਿੜਕੀਆਂ ਤੋਂ ਸੌਣ ਕਮਰੇ; ਘੁੱਪ ਹਨੇਰ, ਸਿੱਲ੍ਹੀ ਰਸੋਈ; ਖਾਲੀ ਅਲਮਾਰੀਆਂ; ਖਾਲੀ ਰੋਟੀ ਵਾਲੇ ਡੱਬੇ; ਕੱਪੜਿਆਂ ਦੀ ਖਾਲੀ ਪੇਟੀ; ਮੇਰਾ ਪਤੀ ਜੇਲ੍ਹ ’ਚ ; ਤੇ ਮੈਂ ਆਪਣੇ ਬੱਚੇ ਨੂੰ ਲੈ ਕੇ ਕੱਲ-ਮ-ਕੱਲੀ, ਉਸ ਦੇ ਦੁੱਧ ਦੀ ਖ਼ਾਤਰ ਚੰਦ ਸਿੱਕੇ ਕਮਾਉਣ ਲਈ ਕੁਝ ਸਿਲਾਈ ਦਾ ਕੰਮ ਕਰਦੀ ਹਾਂ। ਕੀ ਇਹ ਕੋਈ ਖੁਸ਼ਗਵਾਰ ਦ੍ਰਿਸ਼ ਹੈ ? ਨਹੀਂ, ਅਜਿਹਾ ਨਹੀਂ ਹੈ; ਤੇ, ਬਦਕਿਸਮਤੀ ਨਾਲ ਇਹ ਕੋਈ ਅਜੀਬ ਦ੍ਰਿਸ਼ ਵੀ ਨਹੀਂ ਹੈ। ਅਨੇਕਾਂ ਹੋਰ ਮੇਰੇ ਵਾਂਗ ਹੀ ਜ਼ਿੰਦਗੀ ਜਿਉਂਦੇ ਹਨ; ਇਹ ਹੈ ਸਾਡੀ ਜ਼ਿੰਦਗੀ। ਤਿੰਨ ਮਹੀਨੇ ਪਹਿਲਾਂ ਮੇਰੀ ਧੀ ਇਸਥਰ ਦੀ ਮੌਤ ਹੋ ਗਈ; ਉਸ ਨੂੰ ਦਫ਼ਨਾਉਣ ਦੀ ਖ਼ਾਤਰ ਮੈਨੂੰ ਪੈਸੇ ਉਧਾਰ ਲੈਣੇ ਪਏ। ਤੇ ਉਸ ਤੋਂ ਪਹਿਲਾਂ, ਮੈਂ ਉਸਦੀਆਂ ਦਵਾਈਆਂ ਖ਼ਰੀਦਣ ਲਈ ਪੈਸੇ ਉਧਾਰ ਫੜ੍ਹੇ ਸਨ। ਕੀ ਤੈਨੂੰ ਸਮਝ ਪੈਂਦੀ ਹੈ, ਡੋਨਾ ਸੇਬਾਸਤੀਆਨਾ, ਮੈਂ ਕਮਿਊਨਿਸਟ ਕਿਉਂ ਬਣੀ ਹਾਂ ? ਕੀ ਤੁਸੀਂ, ਉਸ ਦਰਦ, ਤਲਖ਼ੀ ਤੇ ਨਿਰਾਸ਼ਤਾ ਨੂੰ ਸਮਝ ਸਕਦੀਆਂ ਹੋ ਜੋ ਸਾਡੇ ਮਾਵਾਂ ਦੇ ਦਿਲਾਂ ’ਚ ਓਦੋਂ ਹੁੰਦੀ ਹੈ ਜਦੋਂ ਅਸੀਂ ਆਪਣੇ ਬੱਚਿਆਂ ਦਾ ਢਿੱਡ ਨਹੀਂ ਭਰ ਸਕਦੀਆਂ ਜਾਂ ਉਨ੍ਹਾਂ ਦਾ ਇਲਾਜ਼ ਨਹੀਂ ਕਰਵਾ ਸਕਦੀਆਂ, ਜਦੋਂ ਉਹ ਸਾਡੀਆਂ ਅੱਖਾਂ ਮੂਹਰੇ ਦਮ ਤੋੜ ਜਾਂਦੇ ਹਨ ਕਿਉਂਕਿ ਸਾਡੇ ਕੋਲ ਡਾਕਟਰਾਂ ਨੂੰ ਦੇਣ ਲਈ ਜਾਂ ਦਵਾਈਆਂ ਲੈਣ ਲਈ ਪੈਸਾ ਨਹੀਂ ਹੁੰਦਾ ?”

“ਮੈਂ ਤੇਰਾ ਦੁੱਖ ਸਮਝਦੀ ਹਾਂ; ਸਾਡੇ ਬੱਚੇ ਵੀ ਮਰਦੇ ਹਨ। ਕੀ ਤੈਨੂੰ ਜੀਨੋਵੀਵਾ ਚੇਤੇ ਹੈ ?”

(ਮੈਂ ਜੀਨੋਵੀਵਾ ਨਾਲ ਸਕੂਲ ਜਾਂਦੀ ਹੁੰਦੀ ਸਾਂ, ਬਾਦ ’ਚ ਉਹ ਤਪਦਿਕ ਕਾਰਣ ਮਰ ਗਈ ਸੀ।)

“ਹਾਂ, ਮੈਨੂੰ ਯਾਦ ਹੈ; ਤੇ ਮੈਨੂੰ ਉਸਦੀ ਮੌਤ ਬਾਰੇ ਸੁਣਕੇ ਦੁੱਖ ਹੋਇਆ ਸੀ; ਉਹ ਪਿਆਰੀ, ਮਿਲਾਪੜੀ ਕੁੜੀ ਸੀ। ਪਰ ਤੁਹਾਡੀ ਜੀਨੋਵੀਵਾ ਅਤੇ ਉਸ ਨਿੱਕੀ ਕੁੜੀ ’ਚ ਕਿੰਨਾ ਫ਼ਰਕ ਹੈ ਜਿਸਨੂੰ ਤੁਸੀਂ ਸਿਰ ਨੂੰ ਬਾਹਵਾਂ ਦਾ ਸਹਾਰਾ ਦੇ ਕੇ ਪੌੜੀਆਂ ’ਚ ਬੈਠੀ ਨੂੰ ਦੇਖਿਆ ਹੈ, ਉਸ ’ਚ ਐਨੀ ਤਾਕਤ ਵੀ ਨਹੀਂ ਕਿ ਇਕ ਦਮ ਉਠ ਸਕੇ। ਉਸ ਨੂੰ ਵੀ ਟੀ. ਬੀ. ਹੈ। ਹੁਣ ਉਸਨੇ ਕਿਸੇ ਦਿਨ ਵੀ ਮਰ ਜਾਣਾ ਹੈ; ਸ਼ਾਇਦ ਗਲੀ ਵਿਚ ਹੀ ਜਿੱਥੇ ਉਹ ਜਾਗਣ ਦਾ ਵਕਤ ਲੰਘਾਉਂਦੀ ਹੈ ਕਿਉਂਕਿ ਉੱਥੇ ਗਲੀ ’ਚ ਘੱਟੋ-ਘੱਟ ਖੁੱਲ੍ਹੀ ਹਵਾ ਤਾਂ ਮਿਲਦੀ ਹੈ। ਉਸ ਦੇ ਮਾਪੇ ਉਸ ਨੂੰ ਮਰਨ ਤੋਂ ਬਚਾਉਣ ਲਈ ਕੀ ਕਰ ਸਕਦੇ ਹਨ ? ਕੁਝ ਨਹੀਂ। ਉਸਦੀ ਮਾਂ ਗ਼ਮ ’ਚ ਸੁਧ-ਬੁਧ ਭੁਲਾ ਚੁੱਕੀ ਹੈ, ਉਸਦੀ ਹਾਲਤ ਹੁਣ ਇਹ ਹੈ ਕਿ ਹੰਝੂ ਵੀ ਨਹੀਂ ਵਹਾ ਸਕਦੀ। ਕਿੰਨਾ ਭਿਆਨਕ

ਹੈ ਆਪਣੇ ਬੱਚਿਆਂ ਨੂੰ ਮਰਦੇ ਦੇਖਣਾ ਅਤੇ ਇਸ ਨੂੰ ਰੋਕਣ ਤੋਂ, ਜਾਂ ਉਨ੍ਹਾਂ ਦੇ ਦੁੱਖ ਨੂੰ ਰਾਹਤ ਦਿਵਾਉਣ ਤੋਂ ਬੇਵਸ ਹੋਣਾ।"

"ਜ਼ਿੰਦਗੀ ਦੁੱਖਾਂ ਦਾ ਘਰ ਹੈ ਅਤੇ ਇਸ ਸੰਸਾਰ 'ਚ ਸੰਪੂਰਨ ਖੁਸ਼ੀ ਨਾਂਅ ਦੀ ਕੋਈ ਚੀਜ਼ ਨਹੀਂ ਹੈ," ਉਨ੍ਹਾਂ ਵਿਚੋਂ ਇਕ ਅਮੀਰ ਔਰਤ ਨੇ ਪ੍ਰਵਚਨ ਕੀਤਾ ਜੋ ਹੁਣ ਤੱਕ ਖ਼ਾਮੋਸ਼ ਬੈਠੀ ਸੀ।

"ਤੁਸੀਂ ਕਹਿੰਦੀਆਂ ਹੋ, ਦੁੱਖਾਂ ਦਾ ਘਰ ਹੈ? ਇਹ ਸਾਡੇ ਮਜ਼ਦੂਰਾਂ ਲਈ ਸੱਚਮੁੱਚ ਦੁੱਖਾਂ ਦਾ ਘਰ ਹੈ; ਜਿਨ੍ਹਾਂ ਕੋਲ ਆਪਣੇ ਹੱਥਾਂ ਤੇ ਤਾਕਤ ਤੋਂ ਇਲਾਵਾ ਕੁਝ ਨਹੀਂ ਹੈ। ਬਾਕੀ ਦਿਆਂ ਲਈ, ਜੋ ਸਾਡੀ ਤਾਕਤ ਨਿਚੋੜਕੇ ਜਿਊਂਦੇ ਹਨ, ਉਨ੍ਹਾਂ ਲਈ ਇਹ ਪਰਮਾਨੰਦ, ਸਵਰਗ ਹੈ। ਤੇ ਕਿਉਂਕਿ ਅਸੀਂ ਦੁੱਖਾਂ ਦੇ ਘਰ 'ਚ ਹਮੇਸ਼ਾ ਲਈ ਰਹਿਣ ਦੇ ਭਾਣੇ ਨੂੰ ਨਹੀਂ ਮੰਨਦੇ, ਇਸ ਕਰਕੇ ਅਸੀਂ ਸਾਡੇ ਸਾਰਿਆਂ ਦੀ ਖ਼ਾਤਰ ਬਿਹਤਰ ਜ਼ਿੰਦਗੀ ਲਈ ਜੂਝ ਰਹੇ ਹਾਂ।"

ਡੋਨਾ ਸੇਬਾਸਤੀਆਨਾ ਵਿਚੋਂ ਹੀ ਬੋਲ ਪਈ, "ਪਰ ਜਦੋਂ ਤੱਕ ਸਾਰਿਆਂ ਲਈ ਇਕ ਬਿਹਤਰ ਜ਼ਿੰਦਗੀ ਸੰਭਵ ਨਹੀਂ ਹੁੰਦੀ, ਘੱਟੋ-ਘੱਟ ਕਈ ਵਿਅਕਤੀਆਂ ਦੀਆਂ ਸਮੱਸਿਆਵਾਂ ਤਾਂ ਸੁਲਝਾਈਆਂ ਜਾ ਸਕਦੀਆਂ ਹਨ। ਮਿਸਾਲ ਵਜੋਂ, ਕੀ ਤੂੰ ਨਹੀਂ ਚਾਹੇਂਗੀ ਕਿ ਤੇਰੇ ਕੋਲ ਚੰਗਾ ਘਰ ਹੋਵੇ, ਜ਼ਮੀਨ ਦਾ ਖੇਤ, ਕੁਝ ਪਸ਼ੂ ਹੋਣ, ਤੇ ਤੇਰਾ ਪਤੀ ਚੰਗੀ ਨੌਕਰੀ 'ਤੇ ਹੋਵੇ?"

"ਬੇਸ਼ੱਕ ਮੈਂ ਚਾਹਾਂਗੀ। ਪਰ ਇਹ ਐਨਾ ਅਸੰਭਵ ਹੈ ਕਿ ਅਸੀਂ ਐਸੀਆਂ ਚੀਜ਼ਾਂ ਦਾ ਸੁਪਨਾ ਵੀ ਨਹੀਂ ਲੈਂਦੇ।"

"ਮੈਂ ਤੇਰੀ ਖ਼ਾਤਰ ਅਸੰਭਵ ਨੂੰ ਹਕੀਕਤ 'ਚ ਬਦਲ ਸਕਦੀ ਹਾਂ।"

"ਬਦਲੇ 'ਚ ਕਾਹਦੇ ਲਈ, ਡੋਨਾ ਸੇਬਾਸਤੀਆਨਾ? ਬਿਨਾ ਸ਼ਰਤਾਂ ਤੋਂ ਤੂੰ ਐਸੀ ਪੇਸ਼ਕਸ਼ ਨਹੀਂ ਕਰੇਂਗੀ।"

"ਬਦਲੇ 'ਚ ਕਾਹਦੇ ਲਈ? ਤੇਰੀ ਆਪਣੀ ਮੁਕਤੀ ਲਈ। ਉਹ ਰਾਹ ਛੱਡ ਦੇ ਜਿਹੜਾ ਤੂੰ ਚੁਣਿਆਂ; ਆਪਣੇ ਧਰਮ ਵੱਲ ਮੁੜ ਆ; ਮੈਂ ਤੈਨੂੰ ਉਸ ਤਰ੍ਹਾਂ ਦੀ ਖੁਸ਼ਹਾਲ ਬਣਾਉਣ 'ਚ ਮਦਦ ਕਰਾਂਗੀ ਜਿਹੋ ਜਿਹਾ ਇਸ ਸੰਸਾਰ 'ਚ ਕੋਈ ਹੋ ਸਕਦਾ ਹੈ।"

"ਮੈਂ ਤੁਹਾਡੇ ਨੇਕ ਇਰਾਦਿਆਂ ਲਈ ਸ਼ੁਕਰਗੁਜ਼ਾਰ ਹਾਂ; ਪਰ ਤੁਸੀਂ ਮੈਨੂੰ ਗ਼ਲਤ ਸਮਝਿਆ ਅਤੇ ਤੁਹਾਡੀ ਪੇਸ਼ਕਸ਼ ਨੇ ਮੈਨੂੰ ਠੇਸ ਪਹੁੰਚਾਈ ਹੈ। ਜੇ ਤੁਸੀਂ ਮਿਸ਼ਨਰੀ ਦਾ ਕੰਮ ਕਰਨਾ ਚਾਹੁੰਦੀਆਂ ਹੋ, ਤਾਂ ਅਗਲੇ ਘਰ ਜਾਉ। ਸੱਤ ਬੱਚਿਆਂ ਵਾਲਾ ਪਰਿਵਾਰ ਉੱਥੇ ਰਹਿੰਦੈ! ਉਹ ਕੁਪੋਸ਼ਣ ਨਾਲ ਮਰ ਰਹੇ ਨੇ। ਜਿਹੜੀ ਪੇਸ਼ਕਸ਼ ਮੈਨੂੰ ਕੀਤੀ ਹੈ, ਉਨ੍ਹਾਂ ਨੂੰ ਦਿਉ ਅਤੇ, ਮੇਰਾ ਯਕੀਨ ਮੰਨੋ, ਉਹ ਤਹਿ ਦਿਲੋਂ ਧੰਨਵਾਦੀ ਹੋਣਗੇ।"

"ਇਹ ਨਹੀਂ ਹੋਣਾ, ਡੋਲੋਰਸ। ਮੈਂ ਤੇਰੀ ਮਦਦ ਕਰਨਾ ਚਾਹੁੰਦੀ ਹਾਂ ਕਿਉਂਕਿ ਮੈਂ ਤੈਨੂੰ ਜਾਣਦੀ ਹਾਂ, ਤੇਰੇ ਮਾਪਿਆਂ ਨੂੰ ਜਾਣਦੀ ਹਾਂ; ਤੂੰ ਤੇ ਮੇਰੀਆਂ ਧੀਆਂ ਸਹੇਲੀਆਂ ਸੀ। ਪਰ ਮੈਂ ਜਣੇ-ਖਣੇ ਦੀ ਸਮੱਸਿਆ ਹੱਲ ਨਹੀਂ ਕਰ ਸਕਦੀ।"

"ਇਹ ਮੈਂ ਸਮਝਦੀ ਹਾਂ, ਤੇ ਸਮਝਣ 'ਚ ਕੋਈ ਦਿੱਕਤ ਨਹੀਂ ਹੈ। ਮੈਨੂੰ ਨਹੀਂ ਪਤਾ ਜ਼ਿੰਦਗੀ 'ਚ ਮੇਰੇ ਨਾਲ ਕੀ ਹੋਵੇਗਾ, ਪਰ ਮੈ ਜਾਣਦੀ ਹਾਂ ਕਿ ਸਮਾਜਵਾਦ ਲਈ ਸੰਘਰਸ਼ ਦਾ ਜਿਹੜਾ ਰਾਹ ਮੈਂ ਚੁਣਿਆ ਹੈ, ਇਹ ਹੀ ਸਾਡੇ ਲਈ ਇਕੋ ਇਕ ਰਾਹ ਹੈ।"

"ਉਨ੍ਹਾਂ ਨੇ ਤੇਰੇ ਦਿਮਾਗ 'ਚ ਕਿਵੇਂ ਜ਼ਹਿਰ ਭਰੀ ਹੋਈ ਹੈ?"

ਡੋਨਾ ਸੇਬਾਸਤੀਆਨਾ ਤੇ ਬਾਕੀ ਕੁਲੀਨ ਔਰਤਾਂ ਉੱਠ ਖੜ੍ਹੀਆਂ। "ਜਾਣ ਤੋਂ ਪਹਿਲਾਂ ਮੈਂ ਇਕ ਗੁਜ਼ਾਰਿਸ਼ ਕਰਨੀ ਚਾਹੁੰਦੀ ਹਾਂ; ਗਾਲਰਟਾ 'ਚ ਮੈਨੂੰ ਮਿਲਣ ਆਵੀਂ ਅਤੇ ਅਸੀਂ ਵਿਚਾਰ

ਚਰਚਾ ਜਾਰੀ ਰੱਖਾਂਗੇ।"

"ਮਾਫ਼ ਕਰਨਾ, ਅਸਲ 'ਚ ਮੈਂ ਉਹ ਵਾਅਦਾ ਨਹੀਂ ਕਰ ਸਕਦੀ ਜੋ ਮੈਥੋਂ ਪੂਰਾ ਨਹੀਂ ਹੋਣਾ। ਮੈਂ ਗਾਲਰਟਾ 'ਚ ਤੁਹਾਨੂੰ ਮਿਲਣ ਨਹੀਂ ਆਵਾਂਗੀ ਕਿਉਂਕਿ ਐਸਾ ਕੁਝ ਵੀ ਬਾਕੀ ਨਹੀਂ ਹੈ ਜੋ ਅਸੀਂ ਇਕ ਦੂਜੀ ਨੂੰ ਕਹਿ ਸਕੀਏ।"

"ਅਸੀਂ ਤੇਰੇ ਲਈ ਦੁਆ ਕਰਾਂਗੀਆਂ।"

"ਜਿਵੇਂ ਤੁਹਾਡੀ ਮਰਜ਼ੀ।"

ਮਿਸ਼ਨਰੀ ਕੁਲੀਨ ਔਰਤਾਂ ਚਲੇ ਗਈਆਂ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਮੇਰੇ ਲਈ ਦੁਆ ਕੀਤੀ ਜਾਂ ਨਹੀਂ। ਜੇ ਉਨ੍ਹਾਂ ਨੇ ਕੀਤੀ ਹੋਵੇਗੀ, ਤਾਂ ਇਹੋ ਜਾਪਦਾ ਸੀ ਕਿ ਪ੍ਰਮਾਤਮਾ ਨੇ ਉਨ੍ਹਾਂ ਦੀ ਦੁਆ ਦੀ ਕੋਈ ਪਰਵਾਹ ਨਹੀਂ ਕੀਤੀ।

ਮੇਰੇ ਲਈ 1923 ਦਾ ਸਾਲ ਸਿਰਫ਼ ਪਰਾਈਮੋ ਡੀ ਰਿਵੇਰਾ ਤਾਨਾਸ਼ਾਹੀ* ਸਥਾਪਤ ਹੋਣ ਅਤੇ ਕਮਿਊਨਿਸਟਾਂ ਉੱਤੇ ਵਹਿਸ਼ੀ ਹਮਲੇ ਸ਼ੁਰੂ ਹੋਣ ਦਾ ਹੀ ਨਹੀਂ ਸੀ, ਇਸੇ ਸਾਲ ਮੇਰੀਆਂ ਤਿੰਨਾਂ ਬੱਚੀਆਂ—ਅਮਾਇਆ, ਅਮਾਗੋਇਆ ਤੇ ਅਜ਼ੂਸੇਨਾ ਦਾ ਜਨਮ ਵੀ ਹੋਇਆ ਸੀ। ਇਕ ਹੜਤਾਲੀ ਖਾਣ ਮਜ਼ਦੂਰ ਦੇ ਪ੍ਰਵਾਰ 'ਚ ਇਕੋ ਵਾਰ ਤਿੰਨ ਬੱਚਿਆਂ ਦਾ ਜਨਮ! ਹੜਤਾਲ ਪਹਿਲਾਂ ਹੀ ਐਨੀ ਲੰਮੀ ਹੋ ਗਈ ਸੀ ਕਿ ਅਸੀਂ ਆਪਣਾ ਆਖ਼ਰੀ ਸੈਂਟ ਵੀ ਖਰਚ ਲਿਆ ਸੀ। ਘਰ 'ਚ ਇਕੋ ਇਕ ਖਾਣਾ ਰੋਟੀ—ਕਿਉਂਕਿ ਬੇਕਰੀ ਵਾਲਾ ਸਾਨੂੰ ਉਧਾਰ ਦੇ ਦਿੰਦਾ ਸੀ—ਤੇ ਆਲੂ ਸਨ।

ਨਿਰਸੰਦੇਹ ਨਵੇਂ ਜੰਮੇ ਬੱਚਿਆਂ ਲਈ ਕੱਪੜਿਆਂ ਦੀ ਸਮੱਸਿਆ ਸੀ। ਮੈਂ ਅੱਧੋਰਾਣੀਆਂ ਚਾਦਰਾਂ ਤੋਂ ਥੋੜ੍ਹੀਆਂ ਜਹੀਆਂ ਕਮੀਜ਼ਾਂ ਤੇ ਪੋਤੜੇ ਬਣਾ ਲਏ, ਤੇ ਕੁਝ ਸਮਾਨ ਮੇਰੇ ਦੋ ਵੱਡੇ ਬੱਚਿਆਂ ਦਾ ਪਿਆ ਸੀ। ਪਹਿਲੇ ਜਣੇਪਿਆਂ ਦੇ ਮੌਕੇ, ਇਕ ਗੁਆਂਢਣ ਨੇ ਮੇਰੀ ਮਦਦ ਕੀਤੀ ਸੀ, ਪਰ ਬੱਚਾ ਜੰਮਣ ਸਮੇਂ ਦੀਆਂ ਮੁਸ਼ਕਲਾਂ ਕਾਰਨ ਮੈਨੂੰ ਇਲਾਜ਼ ਦੀ ਜ਼ਰੂਰਤ ਸੀ। ਹਾਲਾਂਕਿ ਅਸੀਂ ਡਾਕਟਰ ਦੀ ਫੀਸ ਦੇਣ ਤੋਂ ਅਸਮਰੱਥ ਸਾਂ, ਫਿਰ ਵੀ ਉਸਨੇ ਮੇਰੀ ਦੇਖਭਾਲ ਕਰਨ ਦੀ ਪੇਸ਼ਕਸ਼ ਕੀਤੀ ਅਤੇ ਉਸ ਨੇ ਓਦੋਂ ਤੱਕ ਫੀਸ ਨਾ ਮੰਗਣ ਦੀ ਇੱਛਾ ਦਿਖਾਈ ਜਦੋਂ ਤੱਕ ਮੇਰਾ ਪਤੀ ਮੁੜ ਕੰਮ 'ਤੇ ਨਹੀਂ ਲੱਗ ਜਾਂਦਾ।

ਮੈਂ ਅਠਾਰਾਂ ਦਿਨ ਮੰਜੇ 'ਤੇ ਰਹੀ, ਸਾਂਭ-ਸੰਭਾਲ ਮੇਰੀਆਂ ਗੁਆਂਢਣਾਂ ਕਰਦੀਆਂ ਰਹੀਆਂ, ਗਰੀਬ ਹੋਣ ਦੇ ਬਾਵਜੂਦ, ਹਰ ਕੋਈ ਮੇਰੇ ਲਈ ਤਾਕਤ ਦੇਣ ਵਾਲੀ ਕੋਈ ਨਾ ਕੋਈ ਚੀਜ਼ ਲੈ ਕੇ ਆਉਂਦੀ; ਤਰੀ ਦੀ ਕੌਲੀ, ਕੁਝ ਆਂਡੇ, ਸੇਬ, ਦੁੱਧ ਦਾ ਜੱਗ।

ਬਜ਼ੁਰਗ ਖਾਣ ਮਜ਼ਦੂਰ ਸਿਟੋਰਸ, ਜਿਸ ਨੂੰ ਹੁਣ ਕੰਮ ਨਹੀਂ ਸੀ ਮਿਲ ਸਕਦਾ, ਸਾਹਮਣੇ ਹੁਣ ਭਿਖਾਰੀ ਬਣਨ ਤੋਂ ਇਲਾਵਾ ਕੋਈ ਬਦਲ ਨਹੀਂ ਸੀ। ਉਸਨੇ ਜਿਹੜੀ ਕੁਝ ਭੀਖ ਮੰਗੀ ਸੀ, ਉਸ ਨਾਲ ਉਹ ਮੇਰੇ ਲਈ ਦੋ ਗਜ਼ ਪੋਤੜਿਆਂ ਦਾ ਕੱਪੜਾ ਅਤੇ ਅੱਧਾ ਪੌਂਡ ਚਾਕਲੇਟ ਖ਼ਰੀਦ

* ਕੈਟਾਲੋਨੀਆ ਦੇ ਸਾਬਕਾ ਕੈਪਟਨ-ਜਨਰਲ, ਜਰਨੈਲ ਮਿਗੂਅਲ ਪ੍ਰਾਈਮੋ ਡੀ ਰਿਵੇਰਾ (1870-1930) ਨੇ ਮੋਰੱਕੋ ਯੁੱਧਾਂ ਤੋਂ ਬਾਦ, 1923 'ਚ ਸੱਤਾ 'ਤੇ ਕਬਜ਼ਾ ਕੀਤਾ ਅਤੇ ਆਪਣਾ ਤਾਨਾਸ਼ਾਹ ਰਾਜ ਕਾਇਮ ਕੀਤਾ। ਸ਼ਹਿਨਸ਼ਾਹ ਅਲਫੌਂਸੋ ਤੀਜੇ ਨੇ ਉਸ ਦਾ ਜ਼ਿਕਰ "ਮੇਰਾ ਮੁਸੋਲਿਨੀ" ਵਜੋਂ ਕੀਤਾ ਸੀ। ਜਨਵਰੀ 1930 'ਚ ਉਸ ਦਾ ਤਖ਼ਤਾ ਪਲਟ ਦਿੱਤਾ ਗਿਆ ਅਤੇ ਕੁਝ ਮਹੀਨੇ ਬਾਦ ਪੈਰਿਸ 'ਚ ਉਸ ਦੀ ਮੌਤ ਹੋ ਗਈ। ਇਕ ਸਾਲ ਦੇ ਅੰਦਰ ਸ਼ਹਿਨਸ਼ਾਹ ਵੀ ਚੱਲਦਾ ਕਰ ਦਿੱਤਾ ਗਿਆ ਤੇ ਗਣਰਾਜ ਹੋਂਦ 'ਚ ਆਇਆ।

ਲਿਆਇਆ। ਹਾਲਾਂਕਿ ਮੈਂ ਜਾਣਦੀ ਸੀ ਉਸਨੂੰ ਆਪਣੂੰ ਕਿੰਨੀ ਡਾਹਢੀ ਲੋੜ ਸੀ, ਫਿਰ ਵੀ ਮੈਂ ਉਸ ਦਾ ਤੋਹਫਾ ਲੈਣ ਤੋਂ ਨਾਂਹ ਨਹੀਂ ਕਰ ਸਕੀ। ਜੇ ਮੈਂ ਇਹ ਨਾ ਲੈਂਦੀ ਤਾਂ ਉਸਨੂੰ ਡੂੰਘੀ ਠੇਸ ਪਹੁੰਚਣੀ ਸੀ। ਖਾਣ ਮਜ਼ਦੂਰਾਂ ਦਾ ਭਾਈਚਾਰਾ ਮੇਰੇ ਪ੍ਰਤੀ ਕਿੰਨਾ ਜ਼ਿਆਦਾ ਫਰਾਖ਼ਦਿਲ ਸੀ। ਐਨਕਾਰਨੇਸਓਨ ਇਨੋਰਿਜ਼ਾ, ਰੋਸਾਰਿਓ ਉਰੂਏਟਾ, ਰੋਸਾਰਿਓ ਬੇਰਾਸਤੇਕੁਈ, ਉਨ੍ਹਾਂ ਔਖੇ ਸਮਿਆਂ ਦੇ ਸੰਗੀ-ਸਾਥੀਓ, ਮੈਂ ਤੁਹਾਨੂੰ ਭੁਲਾਇਆ ਨਹੀਂ ਹੈ।

ਜਿੱਥੋਂ ਤੱਕ ਮੇਰੇ ਪਰਿਵਾਰ ਦੀ ਗੱਲ ਸੀ, ਸਿਰਫ ਮੇਰੀ ਵੱਡੀ ਭੈਣ ਟੈਰੇਸਾ ਦਾ ਮੇਰੇ ਨਾਲ ਪਿਆਰ ਸੀ। ਬਾਕੀ ਦੇ......? ਮੈਂ ਕਮਿਊਨਿਸਟ ਸਾਂ ਅਤੇ ਉਹ ਮੈਨੂੰ ਆਪਣੇ ਟੱਬਰ ਦੀ ਮੈਂਬਰ ਮੰਨਣ ਤੋਂ ਸੱਚਮੁੱਚ ਡਰਦੇ ਸੈਨ।

ਮੇਰੀ ਨੰਨ੍ਹੀ ਅਮਾਗੋਇਆ ਜਨਮ ਤੋਂ ਛੇਤੀ ਬਾਦ ਮਰ ਗਈ। ਮੇਰੇ ਇੱਕ ਗੁਆਂਢੀ ਨੇ ਇਕ ਬਕਸੇ ਦਾ ਤਾਬੂਤ ਬਣਾਇਆ, ਜਿਸਨੂੰ ਮੇਰਾ ਪਤੀ ਮੋਢਿਆਂ 'ਤੇ ਚੁੱਕ ਕੇ ਕਬਰਸਤਾਨ ਲੈ ਗਿਆ। (ਤੇ ਠੀਕ ਉਸੇ ਵਕਤ ਅਫ਼ਵਾਹਾਂ ਫੈਲ ਰਹੀਆਂ ਸਨ ਕਿ ਕਮਿਊਨਿਸਟਾਂ ਨੂੰ ਮਾਸਕੋ ਤੋਂ ਸ਼ੋਨਾ ਮਿਲਦਾ ਸੀ!)

ਦੋ ਸਾਲ ਬਾਦ ਅਜ਼ੂਸੇਨਾ ਦੀ ਮੌਤ ਹੋ ਗਈ, ਸਿਰਫ ਅਮਾਇਆ ਤੇ ਰੂਬਿਨ ਦੀਆਂ ਜਾਨਾਂ ਬਚੀਆਂ ਰਹੀਆਂ। 1928 'ਚ ਈਵਾ ਦਾ ਜਨਮ ਹੋਇਆ; ਉਹ ਸਿਰਫ਼ ਦੋ ਮਹੀਨੇ ਜ਼ਿੰਦਾ ਰਹੀ, ਤੇ ਉਸਨੂੰ ਅਮਾਗੋਇਆ, ਅਜ਼ੂਸੇਨਾ ਅਤੇ ਇਸਥਰ ਦੇ ਨਾਲ ਦਫ਼ਨਾਇਆ ਹੋਇਆ ਹੈ। ਹਰ ਰੋਜ਼ ਜਦੋਂ ਮੈਂ ਪਤੀ ਦਾ ਖਾਣਾ ਖਾਣ 'ਚ ਦੇਣ ਜਾਂਦੀ ਤਾਂ ਮੈਨੂੰ ਕਬਰਸਤਾਨ ਵਿਚੋਂ ਦੀ ਲੰਘਣਾ ਪੈਂਦਾ, ਜਿੱਥੇ ਉਹ ਦਫ਼ਨਾਏ ਗਏ ਸਨ; ਹਰ ਵਾਰ ਮੇਰਾ ਦਿਲ ਦੁੱਖ ਨਾਲ ਪਾਟ ਜਾਂਦਾ। ਜਦੋਂ ਮੈਂ ਇਹ ਸਤਰਾਂ ਲਿਖ ਰਹੀ ਹਾਂ, ਤਾਂ ਮੈਂ ਸਾਡੀ ਜ਼ਿੰਦਗੀ ਦੇ ਉਨ੍ਹਾਂ ਕਸ਼ਟਾਂ ਨੂੰ ਚੇਤੇ ਕਰਕੇ ਰੋ ਰਹੀ ਹਾਂ। ਇਕ ਮਾਂ ਦੇ ਦਿਲ 'ਚ ਕਿੰਨੀ ਪੀੜ ਸਮੋਈ ਹੁੰਦੀ ਹੈ ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ; ਅਜਿਹੇ ਦਿਲਾਂ ਦੀ ਮੁਸੀਬਤਾਂ ਝੱਲਣ ਦੀ ਕਿੰਨੀ ਸਮਰੱਥਾ ਬਣ ਜਾਂਦੀ ਹੈ, ਇਸ ਦਾ ਅੰਦਾਜ਼ਾ ਲਾਉਣਾ ਵੀ ਇੰਨਾ ਹੀ ਮੁਸ਼ਕਲ ਹੈ।

ਜ਼ਿੰਦਗੀ ਦਾ ਸਫ਼ਰ ਜਾਰੀ ਰਿਹਾ, ਅਤੇ ਇਸੇ ਤਰ੍ਹਾਂ ਸੰਘਰਸ਼ ਹੁੰਦੇ ਰਹੇ। ਕਮਿਊਨਿਸਟਾਂ ਦੀ ਬਹੁਤ ਜ਼ਿਆਦਾ ਵਿਰੋਧਤਾ ਨੇ ਅਜਿਹਾ ਬੰਧਨ ਬਣਾ ਦਿੱਤਾ ਜਿਸ ਤਹਿਤ ਮਾਲਕਾਂ, ਸਰਕਾਰੀ ਅਧਿਕਾਰੀਆਂ ਅਤੇ ਗਿਰਜਾਘਰਾਂ ਦੀ ਜੋਟੀ ਪੈ ਗਈ—ਇੱਥੋਂ ਤੱਕ ਕਿ ਸਮਾਜਵਾਦੀ ਵੀ ਇਨ੍ਹਾਂ ਨਾਲ ਰਲ ਗਏ, ਤਾਨਾਸ਼ਾਹੀ ਨਾਲ ਇਨ੍ਹਾਂ ਦੀ ਸਾਂਝ ਨੇ ਇਨ੍ਹਾਂ ਵਿਚਲੀ ਜਮਾਤੀ ਇਕਮੁੱਠਤਾ ਦੀ ਰਹਿੰਦ-ਖੂੰਹਦ ਦਾ ਵੀ ਬੀਜ-ਨਾਸ਼ ਕਰ ਦਿੱਤਾ।

ਸਾਡੇ ਕਸਬੇ 'ਚ ਇਕ ਪਾਦਰੀ ਹੁੰਦਾ ਸੀ ਜੋ ਹਰ ਸੰਭਵ ਤਰੀਕੇ ਰਾਹੀਂ ਸਾਡੇ ਪ੍ਰਤੀ ਦੁਸ਼ਮਣੀ ਦਿਖਾਉਂਦਾ ਰਹਿੰਦਾ। ਹਾਲਾਂਕਿ ਉਹ ਇਸੇ ਸ਼ਹਿਰ 'ਚ ਵੱਡਾ ਹੋਇਆ ਸੀ, ਪਰ ਉਹ ਵਿਖਾਵਾ ਇਹ ਕਰਦਾ ਕਿ ਉਹ ਸਾਡੇ 'ਚੋਂ ਕਿਸੇ ਦਾ ਜਾਣੂੰ ਨਹੀਂ ਹੈ। ਮੈਂ ਉਸ ਦੀ ਸ਼ਰੇਆਮ ਨਫ਼ਰਤ ਦਾ ਉਦੋਂ ਤੱਕ ਉਚੇਚਾ ਸ਼ਿਕਾਰ ਬਣਦੀ ਰਹੀ, ਜਦੋਂ ਇਕ ਦਿਨ.......

ਸਾਡੇ ਕਵਾਟਰ 'ਚ ਇਕ ਵਿਧਵਾ ਰਹਿੰਦੀ ਸੀ, ਜਿਸਦਾ ਗੁਜ਼ਾਰਾ ਉਸਦੀਆਂ ਧੀਆਂ ਦੇ ਸਹਾਰੇ ਸੀ, ਜੋ ਬਿਲਬਾਓ 'ਚ ਘਰੇਲੂ ਨੌਕਰਾਣੀਆਂ ਵਜੋਂ ਕੰਮ ਕਰਦੀਆਂ ਸਨ ; ਉਹ ਸ਼ਾਮਲਾਟੀ ਜ਼ਮੀਨ ਦੇ ਛੋਟੇ ਜਹੇ ਟੁਕੜੇ ਉੱਤੇ ਆਲੂ ਤੇ ਫਲੀਆਂ ਬੀਜ ਲੈਂਦੀ; ਜਿਨ੍ਹਾਂ ਦੇ ਸਹਾਰੇ ਉਹ ਕੜਾਕੇ ਦੀ ਠੰਢ ਦਾ ਮੌਸਮ ਕੱਟ ਲੈਂਦੀ। ਜਦੋਂ ਉਸ ਦੀ ਇਕ ਧੀ ਬੀਮਾਰ ਹੋ ਗਈ ਤਾਂ ਉਸ ਦੇ

ਮਾਲਕ ਨੇ ਬੇਝਿਜਕ ਉਸਨੂੰ ਕੰਮ ਤੋਂ ਕੱਢ ਦਿੱਤਾ। ਉਹ ਪਿੰਡ ਵਾਪਸ ਆ ਗਈ ਅਤੇ ਸਥਾਨਕ ਡਾਕਟਰ ਦਾ ਮਸ਼ਵਰਾ ਲਿਆ। ਉਸ ਦੀ ਰੋਗ-ਪਛਾਣ ਝਟਪਟ ਤੇ ਸੁਖਾਲਿਆਂ ਹੋ ਗਈ: "ਬਚਣ ਦੀ ਕੋਈ ਉਮੀਦ ਨਹੀਂ—ਤਪਦਿਕ ਦੀ ਬੀਮਾਰੀ ਤੇਜ਼ੀ ਨਾਲ ਵਧ ਰਹੀ ਹੈ।"

ਹਾਲੇ ਤਾਂ ਉਸ ਦੀ ਮਾਂ ਜ਼ਿੰਦਾ ਸੀ; ਇਹ ਕਿਵੇਂ ਹੋ ਸਕਦਾ ਸੀ ?ਕਈ ਹੋਰ ਡਾਕਟਰਾਂ ਨੇ ਵੀ ਇਸੇ ਬੀਮਾਰੀ ਦੀ ਪੁਸ਼ਟੀ ਕੀਤੀ। ਭਾਣਾ ਮੰਨਣ ਤੇ ਉਦੋਂ ਤੱਕ ਬੀਮਾਰ ਕੁੜੀ ਦੀ ਦੇਖਭਾਲ ਕਰਨ ਤੋਂ ਬਿਨਾਂ ਉਹ ਕੁਝ ਨਹੀਂ ਕਰ ਸਕਦੀ ਸੀ ਜਦੋਂ ਤੱਕ ਉਸ ਦੀ ਮੌਤ ਨਹੀਂ ਹੋ ਜਾਂਦੀ ਜੋ ਕਿ ਅਟੱਲ ਸੀ। ਪਰ ਉਸ ਦੀ ਦੇਖਭਾਲ ਕਾਹਦੇ ਸਹਾਰੇ ?

ਮਾਂ ਨੇ ਸੋਚਿਆ ਕਿ ਕਿਉਂਕਿ ਉਹ ਕੈਥੋਲਿਕ ਸੀ, ਤੇ ਹਲੀਮੀ ਨਾਲ ਹਮੇਸ਼ਾ ਅਮੀਰਾਂ ਦਾ ਸਾਥ ਦਿੰਦੀ ਰਹੀ ਸੀ, ਇਸ ਕਰਕੇ ਦਾਨੀ ਸੰਸਥਾ ਮਦਦ ਲਈ ਅੱਗੇ ਆਏਗੀ। ਪਰ ਜਦੋਂ ਚੋਣਾਂ ਵਰਗੀ ਕੋਈ ਸਿਆਸੀ ਗਰਜ਼ ਨਾ ਹੁੰਦੀ ਤਾਂ ਦਾਨੀ ਸੰਸਥਾ ਅੰਨ੍ਹੀ-ਬੋਲੀ ਬਣੀ ਰਹਿੰਦੀ ਸੀ। ਸਿਆਸੀ ਗਰਜ਼ ਮੌਕੇ ਹੀ ਗੱਦੇ, ਦੁੱਧ ਤੇ ਨਿੱਕੇ ਬੱਚਿਆਂ ਨੂੰ ਕੱਪੜੇ ਦਿੱਤੇ ਜਾਂਦੇ, ਫੈਕਟਰੀਆਂ ਦੀਆਂ ਨੌਕਰੀਆਂ ਦੀਆਂ ਸਿਫ਼ਾਰਸ਼ੀ ਚਿੱਠੀਆਂ ਵੰਡੀਆਂ ਜਾਂਦੀਆਂ, ਅਤੇ ਖੁੱਲ੍ਹਦਿਲੀ ਨਾਲ ਬਖ਼ਸ਼ਿਸ਼ਾਂ ਦਿੱਤੀਆਂ ਜਾਂਦੀਆਂ—ਇਸ ਸਭ ਕਾਸੇ ਦਾ ਉਦੇਸ਼ ਵੋਟਾਂ ਬਟੋਰਨਾ ਹੁੰਦਾ।

ਬੀਮਾਰ ਕੁੜੀ ਦੀ ਮਾਂ ਦੀ ਘੱਟ ਬਣੀ ਹੋਣ ਕਰਕੇ ਤੇ ਛੂਤ ਦੀ ਬੀਮਾਰੀ ਹੋਣ ਕਾਰਣ ਕੋਈ ਵੀ ਗੁਆਂਢੀ ਉਨ੍ਹਾਂ ਦੇ ਨਹੀਂ ਸੀ ਜਾਂਦਾ। ਇਕ ਦਿਨ ਕੁੜੀ ਦੀ ਮਾਂ ਦਾ ਤੇ ਮੇਰਾ ਜਨਤਕ ਧੋਬੀਖ਼ਾਨੇ 'ਚ ਮੇਲ ਹੋ ਗਿਆ। ਜਦੋਂ ਮੈਂ ਉਸ ਦੀ ਧੀ ਦਾ ਹਾਲ-ਚਾਲ ਪੁੱਛਿਆ ਤਾਂ ਉਹ ਫੁੱਟ-ਫੁੱਟ ਕੇ ਰੋ ਪਈ। "ਹੇ ਪ੍ਰਮਾਤਮਾ! ਗਰੀਬਾਂ ਦੀ ਐਨੀ ਦੁਰਦਸ਼ਾ! ਸਾਡਾ ਕਿਸੇ ਨੂੰ ਖ਼ਿਆਲ ਨਹੀਂ, ਅਸੀਂ ਕੁੱਤਿਆਂ ਦੇ ਹਾਲ ਮਰਦੇ ਹਾਂ, ਪਰ ਕੋਈ ਮਦਦ ਲਈ ਅੱਗੇ ਨਹੀਂ ਆਉਂਦਾ।" ਉਹ ਡੁਸਕਣ ਲੱਗ ਪਈ। ਆਪਣੀ ਚਾਪਲੂਸ ਮਾਨਸਿਕਤਾ ਕਰਕੇ ਉਹ ਜਿਸ ਤਰ੍ਹਾਂ ਦੀ ਝਾੜ-ਝੰਬ ਦੀ ਹੱਕਦਾਰ ਸੀ, ਉਹ ਮੇਰੀ ਜ਼ਬਾਨ 'ਤੇ ਸੀ। ਪਰ ਮੈਂ ਉਸ ਦੇ ਦੁੱਖ 'ਚ ਵਾਧਾ ਨਹੀਂ ਸੀ ਕਰਨਾ ਚਾਹੁੰਦੀ: ਉਹ ਪਿੰਡ ਦੀ ਰਹਿਣ ਵਾਲੀ ਸੀ, ਜੇ ਅਸੀਂ ਹੋਰ ਪਿੰਡ ਵਾਲੇ ਉਸਦੀ ਮਦਦ ਲਈ ਨਾ ਬਹੁੜੇ ਤਾਂ ਕੋਈ ਮਦਦ ਨਹੀਂ ਕਰੇਗਾ।

ਉਸ ਰਾਤ ਆਪਣੇ ਬੱਚਿਆਂ ਨੂੰ ਸੁਲਾਕੇ ਮੈਂ ਉਸ ਦੇ ਘਰ ਚਲੀ ਗਈ।

ਮੈਂ ਉਸ ਨੂੰ ਕਿਹਾ, "ਮੈਂ ਰੋਜ਼ਾ ਕੋਲ ਬੈਠਣ ਲਈ ਆਈ ਹਾਂ ਤਾਂ ਜੋ ਤੂੰ ਥੋੜ੍ਹਾ ਆਰਾਮ ਕਰ ਲਵੇਂ।"

"ਕੀ ਤੈਨੂੰ ਪਤਾ ਹੈ ਕਿ ਮੇਰੀ ਧੀ ਨੂੰ ਤਪਦਿਕ ਹੈ ?"

"ਹਾਂ ਮੈਨੂੰ ਪਤਾ ਹੈ।"

"ਤੇ ਤੈਨੂੰ ਡਰ ਨਹੀਂ ਲੱਗਦਾ ਕਿ ਬੀਮਾਰੀ ਤੈਨੂੰ ਲੱਗ ਜਾਵੇਗੀ ?"

"ਨਹੀਂ, ਮੈਂ ਨਹੀਂ ਡਰਦੀ। ਕਿਹੜਾ ਮਜ਼ਦੂਰ ਹੈ ਜਿਸਦੇ ਘਰ ਤਪਦਿਕ ਦਾ ਮਰੀਜ਼ ਨਹੀਂ ਹੈ ?"

ਇਹ ਯਕੀਨ ਹੋ ਜਾਣ 'ਤੇ ਕਿ ਮੈਂ ਸੱਚਮੁੱਚ ਉਸ ਕੋਲ ਰਹਿਣ ਦੀ ਇੱਛਕ ਸੀ, ਉਸਨੇ ਮੈਨੂੰ ਸਮਝਾ ਦਿੱਤਾ ਕਿ ਰਾਤ ਨੂੰ ਰੋਜ਼ਾ ਲਈ ਕੀ ਕਰਨ ਦੀ ਲੋੜ ਹੈ, ਤੇ ਉਹ ਸੌਣ ਚਲੀ ਗਈ। ਪਹੁ-ਫੁਟਾਲਾ ਹੋਣ 'ਤੇ ਮੈਂ ਆਪਣੇ ਪਰਿਵਾਰ ਦਾ ਨਾਸ਼ਤਾ ਬਣਾਉਣ ਵਾਸਤੇ ਘਰ ਚਲੀ ਗਈ। ਦੁਪਹਿਰ ਨੂੰ ਮੈਂ ਥੋੜ੍ਹਾ ਸੌਂ ਲਿਆ ਅਤੇ ਸ਼ਾਮ ਨੂੰ ਮੈਂ ਰੋਜ਼ਾ ਕੋਲ ਰਹਿਣ ਲਈ ਵਾਪਸ ਚਲੀ ਗਈ, ਇਹ ਸਪਸ਼ਟ ਸੀ ਕਿ ਉਹ ਮਰਨ ਕੰਢੇ ਸੀ।

ਕਿਉਂਕਿ ਛੋਟੇ ਸ਼ਹਿਰਾਂ 'ਚ ਕੋਈ ਗੱਲ ਗੁੱਝੀ ਨਹੀਂ ਰਹਿੰਦੀ, ਇੰਜ ਇਹ ਗੱਲ ਵੀ ਤੇਜ਼ੀ ਨਾਲ ਫੈਲ ਗਈ ਕਿ ਰਾਤ ਮੈਂ ਰੋਜ਼ਾ ਦੀ ਦੇਖਭਾਲ ਕਰਦੀ ਰਹੀ ਸੀ। ਕਿਉਂਕਿ ਉਹ ਕੈਥੋਲਿਕ ਸੀ, ਜਿਸਦੇ ਅੰਤਮ ਕਰਮ ਕਾਂਡ ਪਹਿਲਾਂ ਹੀ ਨਿਪਟਾ ਦਿੱਤੇ ਗਏ ਸਨ, ਇਸ ਦੇ ਕਾਰਣ ਸਥਾਨਕ "ਸਤਿਕਾਰਤ ਸਮਾਜ" 'ਚ ਤਹਿਲਕਾ ਮਚ ਗਿਆ। "ਕੀ ਅਸੀਂ ਅਜਿਹੀਆਂ ਚੀਜ਼ਾਂ ਬਰਦਾਸ਼ਤ ਕਰ ਲਵਾਂਗੇ ਕਿ ਇਸ ਧਰਤੀ 'ਤੇ ਰੋਜ਼ਾ ਦੇ ਆਖਰੀ ਸਾਹ ਲੈਣ ਵਕਤ ਔਹ ਪੈਸੀਓਨਾਰੀਆ* ਉਸ ਦੇ ਕੋਲ ਹੋਵੇ ?" ਉਹ ਕਹਿਣ ਲੱਗੇ। ਇੰਜ ਉਨ੍ਹਾਂ ਨੇ ਇੱਕ ਵਿਉਂਤ ਬਣਾ ਲਈ।

ਰੋਜ਼ਾ ਕੋਲ ਰਹਿਣ ਦੀ ਤੀਜੀ ਰਾਤ ਨੂੰ ਗਿਰਜੇ ਦਾ ਪਾਦਰੀ ਕਮਰੇ 'ਚ ਆ ਗਿਆ। ਮੈਂ ਉਸ ਦੀ ਰੁੱਖੀ ਜਹੀ ਸਲਾਮ ਦਾ ਜਵਾਬ ਦੇ ਕੇ ਕੁਰਸੀ 'ਤੇ ਬਿਨਾ ਹਿੱਲੇ ਜੁੱਲੇ ਬੈਠੀ ਰਹੀ। ਉਹ ਮੇਰੇ ਵੱਲ ਮੂੰਹ ਕਰਕੇ ਬੈਠ ਗਿਆ, ਤੇ ਅਸੀਂ ਇਸੇ ਤਰ੍ਹਾਂ, ਬਿਨਾ ਕੋਈ ਲਫ਼ਜ਼ ਬੋਲੇ, ਰਾਤ ਗੁਜ਼ਾਰ ਦਿੱਤੀ; ਜੇ ਰੋਜ਼ਾ ਕਰਾਹੁੰਦੀ ਜਾਂ ਕੁਝ ਮੰਗਦੀ ਤਾਂ ਅਸੀਂ ਦੋਵੇਂ ਉਸ ਦੀ ਸੇਵਾ ਕਰਨ ਲਈ ਉੱਠ ਖੜ੍ਹੇ ਹੁੰਦੇ। ਪਹੁ-ਫੁਟਾਲਾ ਹੋਣ 'ਤੇ ਅਸੀਂ ਦੋਵੇਂ ਇਕੱਠੇ ਘਰੋਂ ਬਾਹਰ ਆਏ, ਮੈਂ ਘਰ ਜਾਣ ਲਈ ਤੇ ਉਹ ਗਿਰਜਾਘਰ ਜਾਣ ਲਈ ਜਿੱਥੇ ਉਸ ਨੇ ਸਵੇਰ ਦੀ ਪ੍ਰਾਰਥਨਾ ਕਰਨੀ ਸੀ। ਇਹ ਸਾਫ਼ ਦਿਸਦਾ ਸੀ ਕਿ ਮੈਂ ਬਿਪਤਾ 'ਚ ਘਿਰੇ ਪਰਿਵਾਰ ਪ੍ਰਤੀ ਜੋ ਕੁਝ ਗੁਆਂਢ ਦਾ ਸਾਧਾਰਣ ਫਰਜ਼ ਸਮਝਕੇ ਕੀਤਾ ਸੀ, ਉਸਨੂੰ ਸਿਆਸੀ ਮੁਫ਼ਾਦ ਦੱਸਿਆ ਜਾ ਰਿਹਾ ਸੀ। ਫਿਰ ਵੀ ਮੈਂ ਰੋਜ਼ ਰਾਤ ਨੂੰ ਰੋਜ਼ਾ ਕੋਲ ਬਹਿੰਦੀ ਸੀ, ਓਦੋਂ ਤੱਕ ਅਜਿਹਾ ਕਰਦੇ ਰਹਿਣ ਦਾ ਇਰਾਦਾ ਧਾਰਕੇ ਜਦੋਂ ਤੱਕ ਉਸ ਦਾ ਸਾਹ ਚੱਲਦਾ ਸੀ। ਇਕ ਰਾਤ ਪਾਦਰੀ ਨੇ ਆ ਕੇ ਦੇਖਿਆ ਕਿ ਮੈਂ ਪਹਿਲਾਂ ਹੀ ਰੋਜ਼ਾ ਦੇ ਕੋਲ ਬੈਠੀ ਸਾਂ। ਉਸਦੇ ਵਤੀਰੇ 'ਚ ਥੋੜ੍ਹਾ ਨਿੱਘ ਸੀ, ਉਸ 'ਚ ਹੁਣ ਆਕੜ ਨਹੀਂ ਸੀ। ਉਸਨੇ ਖਿੜੇ ਮੱਥੇ ਨਮਸਕਾਰ ਕੀਤੀ ਅਤੇ ਬੈਠਦੇ ਸਾਰ, ਦੋਸਤਾਨਾ ਗੱਲਬਾਤ ਸ਼ੁਰੂ ਕਰ ਲਈ—ਮੌਸਮ ਬਾਰੇ, ਫ਼ਸਲਾਂ ਬਾਰੇ। ਚੁੱਪ ਟੁੱਟ ਗਈ ਸੀ।

ਤੇ ਇਸ ਤਰ੍ਹਾਂ ਅਸੀਂ ਰੋਜ਼ਾ ਦੀ ਮੌਤ ਹੋਣ ਤੱਕ ਜਾਂਦੇ ਰਹੇ। ਬਾਦ 'ਚ, ਕਮਿਊਨਿਸਟਾਂ ਪ੍ਰਤੀ ਰਵੱਈਆ ਬਦਲ ਗਿਆ। ਪਾਦਰੀ ਹੁਣ ਇਕ ਕਮਿਊਨਿਸਟ ਦੇ ਮੱਥੇ ਲੱਗਣ ਤੋਂ ਬਚਣ ਲਈ ਫਟਾਫਟ ਗਲੀ ਪਾਰ ਨਾ ਕਰਦਾ, ਤੇ "ਸਤਿਕਾਰਤ ਸਮਾਜ" ਭਾਵੇਂ ਇਸਨੂੰ ਸਪਸ਼ਟ ਤੌਰ 'ਤੇ ਮੰਨ ਲੈਣ ਤੋਂ ਕਿੰਨਾ ਵੀ ਝਿਜਕਦਾ ਸੀ, ਅਸੀਂ ਉਨ੍ਹਾਂ ਦੀਆਂ ਨਜ਼ਰਾਂ 'ਚ ਉੱਚੇ ਉੱਠ ਗਏ ਸੀ।

ਪੁਜਾਰੀ ਪੂਰੀ ਤਰ੍ਹਾਂ ਜਨੂੰਨ-ਮੁਕਤ ਨਹੀਂ ਸੀ ਹੋਇਆ। ਅਸਲ 'ਚ ਹੋਇਆ ਇਹ ਕਿ ਮੌਤ ਬਾਰੇ ਉਸ ਦੇ ਕੱਟੜ ਵਿਚਾਰ ਉਸ ਦੀ ਬੇਵਕਤ ਮੌਤ ਦਾ ਅਸਿੱਧਾ ਕਾਰਨ ਬਣੇ ਸਨ। ਉਸ ਨੂੰ ਡਰ ਸੀ ਕਿ ਸੰਨਿਆਸੀ ਜੀਵਨ-ਜਾਚ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਪਾਪ ਸੀ; ਉਸ ਨੂੰ ਡਰ ਸੀ ਕਿ ਕਿਸੇ ਕਾਰਣ ਉਹ ਵੀ ਹੋਰ ਮਨੁੱਖਾਂ ਜਿਹਾ ਨਾ ਲੱਗਣ ਲੱਗ ਜਾਵੇ। ਤੈਰਾਕੀ ਉਸਨੂੰ ਪਿਆਰੀ ਸੀ, ਪਰ ਉਹ ਆਮ ਜਨਤਾ ਦੇ ਤੈਰਨ ਵਾਲੀ ਜਗ੍ਹਾ ਸਮੁੰਦਰੀ ਕੰਢੇ 'ਤੇ ਜਾਣ ਦੀ ਥਾਂ, ਖਾਣਾਂ ਦੇ ਨਾਲ ਲਗਦੇ ਹਟਵੇਂ ਜਿਹੇ ਕੰਢੇ 'ਤੇ ਤੈਰਨ ਜਾਂਦਾ। ਇਕ ਸਵੇਰ ਨੂੰ, ਜਦੋਂ ਉਹ ਪਾਣੀ 'ਚ ਚੁੱਭੀ ਮਾਰਨ ਦੀ ਤਿਆਰੀ 'ਚ ਸੀ, ਉਸ ਦਾ ਪੈਰ ਤਿਲਕ ਗਿਆ ਤੇ ਉਹ ਨੋਕਦਾਰ ਪੱਥਰਾਂ 'ਚ ਜਾ ਡਿੱਗਿਆ; ਉਸ ਦੀ ਲੱਤ ਟੁੱਟ ਗਈ ਤੇ ਹਿੱਲਣ-ਜੁੱਲਣ ਤੋਂ ਅਸਮਰਥ ਹੋ ਜਾਣ ਕਰਕੇ,

---

* ਪੈਸੀਓਨਾਰੀਆ : ਡੋਲੋਰਸ ਦਾ ਕਲਮੀ ਨਾਂਅ; ਸ਼ਾਬਦਿਕ ਅਰਥ "ਸਲੀਬੀ ਫੁੱਲ" ਜਾਂ ਲਿੱਲੀ।

ਉਹ ਉੱਥੇ ਹੀ ਪਿਆ ਰਿਹਾ। ਸਮੁੰਦਰ ਦੀ ਛੱਲ ਚੜ੍ਹਦੀ ਜਾਂਦੀ ਸੀ ਅਤੇ ਉਸਦੇ ਡੁੱਬ ਜਾਣ ਦਾ ਖ਼ਤਰਾ ਸੀ।

ਬਾਦ 'ਚ ਦਿਨ ਦੇ ਵਕਤ ਇਕ ਲੰਘ ਰਹੇ ਖਾਣ ਮਜ਼ਦੂਰ ਨੂੰ ਆਵਾਜ਼ ਸੁਣਾਈ ਦਿੱਤੀ ਕਿ ਕੋਈ ਮਨੁੱਖ ਹੌਲੀ-ਹੌਲੀ ਕਰਾਹ ਰਿਹਾ ਹੈ; ਨੇੜੇ ਜਾ ਕੇ ਪਤਾ ਲੱਗਿਆ ਕਿ ਇਹ ਤਾਂ ਗਿਰਜੇ ਦਾ ਪਾਦਰੀ ਸੀ। ਕਿਉਂਕਿ ਉਸ ਨੂੰ ਕੱਢਣਾ ਇਕੱਲੇ ਬੰਦੇ ਦੇ ਵੱਸ ਦੀ ਗੱਲ ਨਹੀਂ ਸੀ, ਇਸ ਕਰਕੇ ਖਾਣ ਮਜ਼ਦੂਰ ਹੋਰਨਾਂ ਨੂੰ ਮਦਦ ਲਈ ਬੁਲਾਉਣ ਵਾਸਤੇ ਭੱਜ ਗਿਆ; ਕਈ ਹੋਰ ਮਜ਼ਦੂਰਾਂ ਦੀ ਸਹਾਇਤਾ ਨਾਲ ਪੁਜਾਰੀ ਨੂੰ ਪੱਥਰਾਂ ਦੀ ਕੈਦ 'ਚੋਂ ਛੁਡਾ ਕੇ ਨੇੜੇ ਦੇ ਹਸਪੰਤਾਲ ਪਹੁੰਚਾਇਆ ਗਿਆ। ਉਸ ਦੀ ਹਾਲਤ ਤੇਜ਼ੀ ਨਾਲ ਵਿਗੜ ਗਈ, ਤੇ ਕੁਝ ਦਿਨਾਂ ਬਾਦ ਉਹ ਗੈਂਗਰੀਨ ਹੋ ਕੇ ਮਰ ਗਿਆ।

ਕੁਝ ਸਮਾਂ ਬਾਦ, ਮੈਨੂੰ ਉਸ ਦੇ ਪਰਿਵਾਰ ਵੱਲੋਂ ਭੇਜਿਆ "ਸ਼ੋਕ ਸਭਾ" ਦਾ ਕਾਰਡ ਮਿਲਿਆ, ਤਸਵੀਰ ਦੇ ਨਾਲ ਉਸ ਦੀ ਇਕ ਭੈਣ ਦੀਆਂ ਲਿਖੀਆਂ ਕੁਝ ਸਤਰਾਂ ਸਨ, ਜਿਨ੍ਹਾਂ 'ਚ ਉਸ ਨੇ ਆਸ ਜ਼ਾਹਿਰ ਕੀਤੀ ਸੀ ਕਿ ਮੈਂ ਸੱਦਾ ਪੱਤਰ ਲੈਣ ਤੋਂ ਨਾਂਹ ਨਹੀਂ ਕਰਾਂਗੀ। ਮੈਂ ਨਾਂਹ ਨਹੀਂ ਕੀਤੀ। ਆਖ਼ਿਰ ਮੈਂ ਇਸਨੂੰ ਇਕ ਦਰਾਜ਼ 'ਚ ਸਾਂਭ ਦਿੱਤਾ। ਕਈ ਮਹੀਨੇ ਬਾਦ ਮੇਰਾ ਪਤੀ ਤੇ ਹੋਰ ਸਾਥੀ ਬਿਲਬਾਓ 'ਚ ਸੂਬਾ ਕਮੇਟੀ ਦੀ ਮੀਟਿੰਗ ਤੋਂ ਗ੍ਰਿਫ਼ਤਾਰ ਕਰ ਲਏ ਗਏ; ਤੇ ਜਦੋਂ ਰਾਤ ਪਈ ਤਾਂ ਰਾਜਸੀ ਪੁਲਿਸ ਦਾ ਇਕ ਦਸਤਾ ਸਾਡੇ ਘਰ ਦੀ ਤਲਾਸ਼ੀ ਲੈਣ ਆਇਆ। ਉਨ੍ਹਾਂ ਨੂੰ ਜਿਹੜਾ ਇਕੋ ਇਕ "ਸਮਝੌਤੇ ਵਾਲਾ" ਦਸਤਾਵੇਜ਼ ਬਰਾਮਦ ਹੋਇਆ ਉਹ ਸੀ "ਸ਼ੋਕ ਸਭਾ" ਦਾ ਸੱਦਾ ਪੱਤਰ, ਜੋ ਸਾਫ਼-ਸਪਸ਼ਟ ਮੈਨੂੰ ਸੰਬੋਧਨ ਕੀਤਾ ਹੋਇਆ ਸੀ।

ਅਧਿਕਾਰੀ ਹੈਰਾਨ ਰਹਿ ਗਏ! "ਇਹ ਕਿਵੇਂ ਸੰਭਵ ਹੈ ?" ਉਹ ਪੁੱਛਣ ਲੱਗੇ। "ਸ਼ੋਕ ਸਭਾ ਦਾ ਸੱਦਾ ਪੱਤਰ ਤੈਨੂੰ ਭੇਜਿਆ ਗਿਆ ਸੀ ?"

"ਮੈਂ ਤੁਹਾਨੂੰ ਕੋਈ ਸਪਸ਼ਟੀਕਰਨ ਨਹੀਂ ਦੇਣਾ।"

"ਸਮਝ ਪੈਂਦਾ ਹੈ।" ਉਨ੍ਹਾਂ ਦਾ ਸਰਜੰਟ ਕਹਿਣ ਲੱਗਿਆ। "ਇਹ ਸਖ਼ਤ ਵਿਰੋਧੀਆਂ ਦਾ ਮਿਲਾਪ ਹੈ। ਪਾਦਰੀ ਤੇ ਕਮਿਊਨਿਸਟਾਂ ਦਾ।"

"ਇਹ ਝੂਠ ਹੈ," ਮੈਂ ਜਵਾਬ 'ਚ ਕਿਹਾ।

"ਜੇ ਤੂੰ ਚੁੱਪ ਨਹੀਂ ਹੁੰਦੀ," ਇਕ ਪੁਲਸੀਆ ਮੇਰੇ ਵੱਲ ਵਧਿਆ, "ਸਾਨੂੰ ਤੇਰੇ ਦੋਸਤਾਂ ਦੇ ਨਾਲ ਤੈਨੂੰ ਹਵਾਲਾਤ 'ਚ ਡੱਕਣਾ ਪਵੇਗਾ।"

"ਜੇ ਤੁਸੀਂ ਚਾਹੁੰਦੇ ਹੋ ਮੈਨੂੰ ਵੀ ਹਵਾਲਾਤ ਭੇਜ ਦਿਓ; ਆਖ਼ਿਰ ਇਹ ਤੁਹਾਡਾ ਕਿੱਤਾ ਹੈ।"

ਉਹ ਮੈਨੂੰ ਡਰਾਉਣੀਆਂ ਨਿਗਾਹਾਂ ਨਾਲ ਘੂਰਨ ਲੱਗਿਆ। ਉਨ੍ਹਾਂ ਤੋਂ ਬੇਪ੍ਰਵਾਹ ਹੋਕੇ, ਮੈਂ ਘਰ ਦਾ ਸਮਾਨ ਥਾਂ ਸਿਰ ਟਿਕਾਣਾ ਸ਼ੁਰੂ ਕਰ ਦਿੱਤਾ। ਅਜਿਹੇ ਬੁੱਧੂਆਂ ਨੂੰ ਕਿਵੇਂ ਸਮਝ ਆ ਸਕਦਾ ਸੀ ਕਿ ਮੈਨੂੰ, ਇਕ ਕਮਿਊਨਿਸਟ ਨੂੰ, ਇਕ ਪਾਦਰੀ ਦੀ ਮੌਤ ਦੀ "ਸ਼ੋਕ ਸਭਾ" ਦਾ ਸੱਦਾ-ਪੱਤਰ ਕਿਵੇਂ ਪਹੁੰਚ ਗਿਆ ?

ਜੇਲ੍ਹ ਤੋਂ ਰਿਹਾਅ ਹੋ ਕੇ ਹਾਲੇ ਮੇਰੇ ਪਤੀ ਨੇ ਕੰਮ 'ਤੇ ਜਾਣਾ ਹੀ ਸ਼ੁਰੂ ਕੀਤਾ ਸੀ, ਕਿ ਉਸਨੂੰ ਫਿਰ ਫੜ ਲਿਆ ਗਿਆ। ਮੈਂ ਗੁੱਸੇ ਤੇ ਨਿਰਾਸ਼ਾ ਵਿਚ ਸੀ; ਅਸੀਂ ਹਾਲੇ ਪਾਣੀ ਤੋਂ ਬਾਹਰ ਆਪਣਾ ਸਿਰ ਕੱਢਣ ਹੀ ਲੱਗੇ ਸਾਂ ਜਦੋਂ ਇਕ ਵਾਰ ਫਿਰ ਤੰਗੀ ਦੇ, ਕਾਲੇ ਦਿਨ ਸ਼ੁਰੂ ਹੋ ਜਾਣੇ ਸਨ। ਉਸ ਦੀ ਨਜ਼ਰਬੰਦੀ ਸਮੇਂ ਘਰ-ਪਰਿਵਾਰ ਦੀ ਜ਼ਿੰਮੇਵਾਰੀ ਮੇਰੇ 'ਤੇ ਸੀ ਤੇ ਨਾਲ ਦੀ ਨਾਲ ਕਈ ਤਰ੍ਹਾਂ ਦੀਆਂ ਸਿਆਸੀ ਜ਼ਿੰਮੇਵਾਰੀਆਂ ਵੀ ਸਨ। ਮੈਂ ਸਥਾਨਕ ਤੇ ਸੂਬਾਈ ਪਾਰਟੀ ਮੀਟਿੰਗਾਂ

'ਚ ਸ਼ਾਮਲ ਹੁੰਦੀ ਤੇ ਦਿੱਤੇ ਕੰਮ ਨੇਪਰੇ ਚਾੜ੍ਹਨ ਦੇ ਯਤਨ ਕਰਦੀ। ਇਹ ਕੰਮ ਸੁਖਾਲੇ ਨਾ ਹੁੰਦੇ ਤੇ ਸਾਡੀਆਂ "ਬਚਗਾਨਾ" ਇਨਕਲਾਬੀ ਸਰਗਰਮੀਆਂ ਕਾਰਣ ਹਮੇਸ਼ਾ ਜੋਖ਼ਮ ਭਰੇ ਹੁੰਦੇ—ਜਿਵੇਂ ਹਥਿਆਰ ਜਾਂ ਡਾਈਨਾਮਾਈਟ ਇੱਧਰ-ਉੱਧਰ ਲਿਜਾਣੇ, ਗ਼ੈਰ-ਕਾਨੂੰਨੀ ਪ੍ਰਚਾਰ ਸਮੱਗਰੀ ਵੰਡਣੀ, ਉਨ੍ਹਾਂ ਸਾਥੀਆਂ ਨੂੰ ਲੁਕੋਣਾ ਜੋ ਪੁਲਿਸ ਨੂੰ ਲੋੜੀਂਦੇ ਸਨ।

ਕਈ ਵਾਰ ਮੈਨੂੰ ਆਪਣੇ ਬੱਚੇ ਮੀਟਿੰਗਾਂ 'ਚ ਲਿਜਾਣੇ ਪੈਂਦੇ, ਕਿਉਂਕਿ ਉਨ੍ਹਾਂ ਦੇ ਕੋਲ ਰਹਿਣ ਵਾਸਤੇ ਕੋਈ ਨਹੀਂ ਸੀ ਹੁੰਦਾ; ਕਈ ਵਾਰ ਮੈਂ ਉਨ੍ਹਾਂ ਨੂੰ ਬਿਸਤਰੇ 'ਤੇ ਲਿਟਾਕੇ ਚੁੱਪ-ਚੁਪੀਤੇ ਘਰੋਂ ਚਲੀ ਜਾਂਦੀ। ਇਹ ਆਸ ਲੈ ਕੇ ਕਿ ਉਹ ਜਾਗਣਗੇ ਨਹੀਂ ਤੇ ਉਨ੍ਹਾਂ ਨੂੰ ਪਤਾ ਨਹੀਂ ਲੱਗਣਾ ਕਿ ਮੈਂ ਗਈ ਹੋਈ ਹਾਂ।

ਇਕ ਰਾਤ ਅਸੀਂ ਕਾਸਾ ਡੀ ਪਿਊਬਲੋ ਭਵਨ 'ਚ ਮੀਟਿੰਗ ਕਰਨੀ ਸੀ। ਅਧਿਕਾਰੀਆਂ ਨੇ ਇਸਨੂੰ ਬੰਦ ਕਰ ਦਿੱਤਾ ਸੀ, ਪਰ ਮੇਰੇ ਕੋਲ ਚਾਬੀਆਂ ਹੈਗੀਆਂ ਸਨ। ਰੂਬਿਨ ਓਦੋਂ ਦੋ ਕੁ ਸਾਲਾਂ ਦਾ ਸੀ, ਮੈਂ ਉਸਨੂੰ ਨਾਲ ਲੈ ਗਈ। ਮੀਟਿੰਗ ਅਸੀਂ ਸਟੇਜ ਤੋਂ ਪਰ੍ਹਾਂ ਕਮਰੇ 'ਚ ਕਰਨੀ ਸੀ। ਮੈਂ ਰੂਬਿਨ ਨੂੰ ਮੀਟਿੰਗ ਹਾਲ 'ਚ ਛੱਡ ਦਿੱਤਾ, ਜਿਸ ਵਿਚ ਮੱਧਮ ਜਿਹੀ ਲੋਅ ਜਗਦੀ ਪਈ ਸੀ। ਇਕ ਸਮੇਂ ਤੱਕ ਤਾਂ ਉਸਦੇ ਕਮਰੇ ਦੁਆਲੇ ਘੁੰਮਦੇ ਹੋਣ ਦੀ ਬਿੜਕ ਆਉਂਦੀ ਰਹੀ; ਫਿਰ ਚੁੱਪ ਵਰਤ ਗਈ ਅਤੇ ਮੈਂ ਸੋਚ ਲਿਆ ਕਿ ਉਹ ਕਿਸੇ ਬੈਂਚ ਉੱਪਰ ਸੌਂ ਗਿਆ ਹੋਵੇਗਾ। ਮੀਟਿੰਗ ਖ਼ਤਮ ਹੋਣ 'ਤੇ ਮੈਂ ਉਸ ਨੂੰ ਲੈਣ ਵਾਸਤੇ ਮੀਟਿੰਗ ਹਾਲ 'ਚ ਗਈ ਪਰ ਉਹ ਉੱਥੇ ਨਹੀਂ ਸੀ। ਮੈਨੂੰ ਇਹ ਅਹੁੜੀ ਕਿ ਉਹ ਇੱਥੋਂ ਖਿਸਕਕੇ ਇਕੱਲਾ ਘਰ ਚਲੇ ਗਿਆ ਹੋਣਾ ਹੈ। ਮੈਂ ਬਹੁਤ ਬੇਚੈਨ ਹੋ ਗਈ ਕਿਉਂਕਿ ਸਾਡੇ ਘਰ ਨੂੰ ਚੋਅ ਵਿਚੋਂ ਦੀ ਲੰਘ ਕੇ ਜਾਣਾ ਪੈਂਦਾ ਸੀ। ਭੈਭੀਤ ਹੋ ਕੇ ਮੈਂ ਘਰ ਨੂੰ ਨੱਸ ਪਈ, ਰੂਬਿਨ ਉੱਥੇ ਨਹੀਂ ਸੀ। ਮੈਂ ਦਹਿਲ ਗਈ। ਅੱਧੀ ਰਾਤ ਤੋਂ ਉੱਪਰ ਸਮਾਂ ਹੋ ਗਿਆ ਸੀ—ਕਿਸੇ ਨੇ ਵੀ ਉਸਨੂੰ ਨਹੀਂ ਦੇਖਿਆ ਸੀ। ਮੇਰੇ ਗੂੜ੍ਹੇ ਸਨੇਹੀ ਤੁਰੰਤ ਕੱਪੜੇ ਪਾ ਕੇ ਮੇਰੇ ਨਾਲ ਉਸ ਦੀ ਭਾਲ ਕਰਨ ਚੱਲ ਪਏ। ਅਸੀਂ ਖੇਤਾਂ ਤੇ ਸੜਕਾਂ ਉੱਤੇ ਉਸ ਦਾ ਨਾਂਅ ਲੈ ਕੇ ਉੱਚੀ-ਉੱਚੀ ਆਵਾਜ਼ਾਂ ਮਾਰਦੇ ਰਹੇ—ਪਰ ਕੋਈ ਜਵਾਬ ਨਾ ਆਇਆ। ਕਿਸੇ ਨੇ ਸੁਝਾਅ ਦਿੱਤਾ ਕਿ ਅਸੀਂ *ਕਾਸਾ ਡੈੱਲ ਪਿਊਬਲੋ* ਵਾਪਸ ਮੁੜ ਚੱਲੀਏ: ਸ਼ਾਇਦ ਉਹ ਮੰਚ ਦੇ ਮੋਘੇ ਰਾਹੀਂ ਹੇਠਾਂ ਡਿੱਗ ਗਿਆ ਹੋਵੇ, ਸ਼ਾਇਦ ਉਹ ਕਿਸੇ ਖੂੰਜੇ ਸੁੱਤਾ ਪਿਆ ਹੋਵੇ। ਪੂਰੀ ਇਮਾਰਤ ਛਾਣ ਮਾਰੀ ਪਰ ਬੇਅਰਥ।

ਇਮਾਰਤ ਦੇ ਪਾਸਿਆਂ 'ਤੇ ਬਣੇ ਪ੍ਰਵੇਸ਼ ਦੁਆਰ ਦੇ ਨਾਲ ਸੀਟਾਂ ਦੀਆਂ ਕਤਾਰਾਂ ਖੁੱਲ੍ਹੀਆਂ ਮੀਟਿੰਗਾਂ ਤੇ ਸਮਾਗਮਾਂ ਵਾਸਤੇ ਬਣਾਈਆਂ ਹੋਈਆਂ ਸਨ। ਇਕ ਜਣਾ ਸੀਟਾਂ ਦੀ ਉੱਪਰਲੀ ਕਤਾਰ 'ਤੇ ਚੜ੍ਹਕੇ ਲੱਭਣ ਲੱਗਿਆ। ਅਚਾਨਕ ਉਸ ਦੀ ਉੱਚੀ ਆਵਾਜ਼ ਨਾਲ ਸਾਡੀ ਸਾਰਿਆਂ ਦੀ ਚਿੰਤਾ ਦੂਰ ਹੋ ਗਈ—ਸਭ ਤੋਂ ਵੱਧ ਮੇਰੀ।

"ਅਹੁ ਪਿਆ ਜੇ!" ਉਹ ਖੁਸ਼ੀ ਨਾਲ ਚੀਕਿਆ।

ਰੂਬਿਨ ਦੋ ਕਤਾਰਾਂ ਵਿਚਕਾਰਲੀ ਥਾਂ 'ਚ ਘੂਕ ਸੁੱਤਾ ਹੋਇਆ ਸੀ। ਮੈਂ ਉਸਨੂੰ ਝੱਟ ਚੁੱਕ ਲਿਆ; ਖੁਸ਼ੀ ਕਰਕੇ ਉਹ ਫੁੱਲ ਵਾਂਗ ਹੌਲਾ ਜਾਪਿਆ। ਪਰ ਮੇਰੀ ਤਾਕਤ ਤਾਂ ਛਲਾਵਾ ਸੀ। ਫ਼ਿਕਰਾਂ ਦੀ ਨਪੀੜੀ ਮੈਂ ਖੜ੍ਹਨ ਦੀ ਹਾਲਤ 'ਚ ਵੀ ਨਹੀਂ ਸੀ। ਇਕ ਸਾਥੀ ਨੇ ਮੇਰੇ ਤੋਂ ਰੂਬਿਨ ਲੈ ਲਿਆ ਤੇ ਮੋਢਿਆਂ 'ਤੇ ਬੈਠਾਕੇ ਸਾਡੇ ਘਰ ਨੂੰ ਚੱਲ ਪਏ। ਸਮਾਂ ਬਹੁਤ ਹੋ ਗਿਆ ਸੀ ਅਤੇ ਅਸੀਂ ਕਾਹਲੀ ਕਾਹਲੀ ਤੁਰ ਰਹੇ ਸਾਂ, ਕਿਉਂਕਿ ਸਾਥੀਆਂ ਨੇ ਸਾਝਰੇ ਕੰਮ 'ਤੇ ਜਾਣਾ ਸੀ, ਤੇ ਪਹੁ-ਫੁਟਾਲਾ ਹੋ ਰਿਹਾ ਸੀ।

1917 ਤੋਂ 1931 ਵਿਚਕਾਰਲਾ ਬਹੁਤਾ ਸਮਾਂ ਮੈਂ ਆਪਣੇ ਬੱਚਿਆਂ ਨਾਲ 'ਕੱਲੀ ਨੇ ਕੱਟਿਆ; ਛਾਪਿਆਂ ਸਮੇਂ ਪੁਲਿਸ ਅਕਸਰ ਹੀ ਮੇਰੇ ਪਤੀ ਨੂੰ ਚੁੱਕ ਲਿਜਾਂਦੀ ਤੇ ਹੋਰ ਸਾਥੀਆਂ ਦੇ ਨਾਲ ਜੇਲ੍ਹ ਭੇਜ ਦਿੰਦੀ; ਉਨ੍ਹਾਂ ਦੀਆਂ ਪਤਨੀਆਂ ਨੇ ਵੀ ਮੇਰੇ ਵਾਂਗ ਦਸੌਂਟੇ ਕੱਟੇ। 1927 'ਚ ਲਾਰਿਨਾਗਾ ਜੇਲ੍ਹ 'ਚ, ਜਿੱਥੇ ਸਾਡੇ ਪਤੀ ਬੰਦ ਕੀਤੇ ਹੋਏ ਸਨ, ਉਨ੍ਹਾਂ ਨਾਲ ਮੁਲਾਕਾਤ ਕਰਨ ਸਮੇਂ ਅਸੀਂ ਪਤਨੀਆਂ ਤੇ ਰਿਸ਼ਤੇਦਾਰਾਂ ਨੇ ਮਿਲ ਬੈਠਕੇ ਫੈਸਲਾ ਕੀਤਾ ਕਿ ਜੇ ਕੈਦੀਆਂ ਨੂੰ ਹਫ਼ਤੇ ਦੇ ਅੰਦਰ-ਅੰਦਰ ਰਿਹਾਅ ਨਾ ਕੀਤਾ ਗਿਆ ਤਾਂ ਅਗਲੇ ਐਤਵਾਰ ਅਸੀਂ ਰੋਸ ਮੁਜ਼ਾਹਰਾ ਕਰਾਂਗੇ। ਅਸੀਂ ਬੋਗੀਆਂ ਦੀਆਂ ਪਟੜੀਆਂ 'ਤੇ ਲੇਟ ਕੇ ਆਵਾਜਾਈ ਰੋਕਣ ਦੀ ਵਿਉਂਤ ਬਣਾ ਲਈ ਤਾਂ ਕਿ ਜਨਤਾ ਦਾ ਧਿਆਨ ਆਪਣੀ ਹਾਲਤ ਵਲ ਖਿੱਚ ਸਕੀਏ ਤੇ ਉਨ੍ਹਾਂ ਕਾਨੂੰਨੀ ਉਲੰਘਣਾਵਾਂ ਬਾਰੇ ਦੱਸ ਸਕੀਏ ਜਿਨ੍ਹਾਂ ਦਾ ਸ਼ਿਕਾਰ ਸਾਡੇ ਪਤੀਆਂ ਨੂੰ ਬਣਾਇਆ ਗਿਆ ਸੀ। ਉਨ੍ਹਾਂ ਨੂੰ ਬਿਨਾ ਮੁਕੱਦਮਾ ਚਲਾਏ ਅਣਮਿਥੇ ਸਮੇਂ ਲਈ ਉਦੋਂ ਤੱਕ ਬੰਦੀ ਬਣਾਈ ਰੱਖਿਆ ਜਾਂਦਾ, ਜਦੋਂ ਤੱਕ ਵਿਜ਼ਕਾਇਆ ਦੇ ਗਵਰਨਰ ਦੇ ਮਨ 'ਚ ਉਨ੍ਹਾਂ ਨੂੰ ਰਿਹਾਅ ਕਰਨ ਦੀ ਮਿਹਰ ਨਹੀਂ ਪੈ ਜਾਂਦੀ ਸੀ।

ਸਾਰੀਆਂ ਹੀ ਪਤਨੀਆਂ ਤੇ ਹੋਰ ਸਕੇ-ਸਬੰਧੀਆਂ ਨੇ ਰੋਸ ਮੁਜ਼ਾਹਰੇ ਦੀ ਯੋਜਨਾ ਦੀ ਹਮਾਇਤ ਕੀਤੀ ਸੀ, ਪਰ ਐਤਵਾਰ ਨੂੰ ਸਿਰਫ ਥੋੜ੍ਹੇ ਜਹੇ ਪਰਿਵਾਰ ਆਏ: ਰਾਮੋਨਾ ਐਗਰਸ ਤੇ ਉਸ ਦੇ ਬੱਚੇ, ਇਸਥਰ ਅਰੇਟਾ ਤੇ ਉਸਦੇ ਬੱਚੇ, ਸਾਥੀ ਕੈਸਾਡੋ ਦੀ ਬ੍ਰਿਧ ਮਾਂ, ਅਤੇ ਮੈਂ ਰੂਬਿਨ ਤੇ ਅਮਾਇਆ ਨੂੰ ਲੈ ਕੇ ਆਈ ਸੀ। ਭਾਵੇਂ ਗਿਣਤੀ ਘੱਟ ਸੀ, ਪਰ ਅਸੀਂ ਤੈਅ ਕੀਤੀ ਯੋਜਨਾ ਅਨੁਸਾਰ ਰੇਲ ਪਟੜੀਆਂ 'ਤੇ ਲੇਟਣ ਲਈ ਤਿਆਰ ਸਾਂ।

ਸਾਡੇ ਬੱਚਿਆਂ ਨੂੰ ਸਾਡੀ ਯੋਜਨਾ ਦਾ ਪਤਾ ਸੀ—ਇਸਥਰ ਦਾ ਬੱਚਾ ਚਾਰ ਸਾਲ ਦਾ ਤੇ ਮੇਰਾ ਸੱਤਾਂ ਦਾ ਸੀ, ਰਾਮੋਨਾ ਦਾ ਥੋੜ੍ਹਾ ਵੱਡਾ ਸੀ, ਉਹ ਬਹੁਤ ਹੀ ਸੰਜੀਦਾ ਸਨ, ਤੇ ਜਿਵੇਂ ਅਸੀਂ ਕਰਨਾ ਸੀ ਉਹ ਉਸੇ ਤਰ੍ਹਾਂ ਕਰਨ ਲਈ ਆਪਣੀਆਂ ਮਾਵਾਂ ਦੇ ਹੱਥ ਘੁੱਟੀ ਖੜ੍ਹੇ ਸਨ। ਫਿਰ ਵੀ—ਜਿਵੇਂ ਉਨ੍ਹਾਂ ਨੇ ਬਾਦ 'ਚ ਦੱਸਿਆ—ਉਹ ਬੋਗੀ ਉੱਪਰ ਆ ਚੜ੍ਹਨ ਦੇ ਖ਼ਿਆਲ ਤੋਂ ਸਹਿਮੇ ਹੋਏ ਸਨ।

ਜਿਉਂ ਹੀ ਅਸੀਂ ਰੋਸ-ਪ੍ਰਗਟਾਉਣ ਲਈ ਚੁਣੀ ਥਾਂ ਵੱਲ ਚੱਲੇ ਤਾਂ ਨੌਜਵਾਨ ਕਮਿਊਨਿਸਟਾਂ ਦੀ ਇਕ ਟੋਲੀ ਨੇ ਸਾਨੂੰ ਸੂਬਾ ਕਮੇਟੀ ਦਾ ਸੁਨੇਹਾ ਫੜਾ ਦਿੱਤਾ, ਇਸ 'ਚ ਸਾਨੂੰ ਜ਼ੋਰ ਦੇ ਕੇ ਕਿਹਾ ਗਿਆ ਸੀ ਕਿ ਅਸੀਂ ਆਪਣੀ ਯੋਜਨਾ ਨੂੰ ਅਮਲ 'ਚ ਨਾ ਲਿਆਈਏ। ਇਸ ਕਰਕੇ ਅਸੀਂ ਗਵਰਨਰ ਨੂੰ ਮਿਲ ਕੇ ਸਾਡੇ ਜੇਲ੍ਹੀਂ ਡੱਕੇ ਪਰਿਵਾਰ ਮੈਂਬਰਾਂ ਦੀ ਰਿਹਾਈ ਦੀ ਮੰਗ ਕਰਨ ਦਾ ਤੈਅ ਕੀਤਾ। ਵੱਡੀ ਗਿਣਤੀ ਕਮਿਊਨਿਸਟ ਔਰਤਾਂ ਵੀ ਸਾਡੇ 'ਚ ਸ਼ਾਮਲ ਹੋ ਗਈਆਂ, ਅਤੇ ਅਸੀਂ ਸਾਰੇ ਸੂਬਾਈ ਸਰਕਾਰ ਦੇ ਸਦਰ ਮੁਕਾਮ ਵੱਲ ਚੱਲ ਪਏ। ਇਮਾਰਤ ਦੇ ਸੁਰੱਖਿਆ ਗਾਰਡ ਐਨੇ ਘਬਰਾ ਗਏ ਕਿ ਉਨ੍ਹਾਂ ਨੂੰ ਕੋਈ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਕੀ ਕਰਨਾ ਹੈ। ਜਦੋਂ ਤੱਕ ਉਹ ਸੰਭਲੇ, ਅਸੀਂ ਬੱਚਿਆਂ ਤੇ ਖਾਣੇ ਦੀਆਂ ਟੋਕਰੀਆਂ ਤੇ ਪੋਟਲੀਆਂ ਚੁੱਕੀ ਪਹਿਲਾਂ ਹੀ ਗਵਰਨਰ ਦੇ ਦਫ਼ਤਰ ਦੇ ਇੰਤਜ਼ਾਰ ਘਰ ਪਹੁੰਚ ਚੁੱਕੀਆਂ ਸੀ।

ਸਾਡਾ ਰੌਲਾ-ਰੱਪਾ ਸੁਣਕੇ, ਇਕ ਸੈਕਟਰੀ ਸਾਨੂੰ ਆ ਕੇ ਮਿਲਿਆ। ਇਨਸਾਫ਼ ਦਾ ਤਕਾਜ਼ਾ ਹੈ ਕਿ ਮੈਂ ਇੱਥੇ ਬੇਬਾਕ ਹੋ ਕੇ ਮੰਨ ਲਵਾਂ ਕਿ ਉਹ ਸਾਡੇ ਨਾਲ ਬਹੁਤ ਹੀ ਸਤਿਕਾਰ ਸਗੋਂ ਸਨੇਹ ਨਾਲ ਪੇਸ਼ ਆਇਆ। ਉਸਨੇ ਸਾਨੂੰ ਬੈਠਣ ਲਈ ਆਖਕੇ ਬੇਨਤੀ ਕੀਤੀ ਕਿ ਅਸੀਂ ਛੋਟਾ ਪ੍ਰਤੀਨਿਧੀ-ਮੰਡਲ ਚੁਣ ਲਈਏ, ਜਿਸ ਨਾਲ ਗਵਰਨਰ ਗੱਲ ਕਰੇਗਾ।

ਔਰਤਾਂ ਨੇ ਰਾਮੋਨਾ ਐਗਰਸ, ਇਸਥਰ ਅਰੇਟਾ ਅਤੇ ਮੈਨੂੰ ਲੈ ਕੇ ਪ੍ਰਤੀਨਿਧੀ-ਮੰਡਲ ਬਣਾ ਦਿੱਤਾ। ਮੈਂ ਸਲਾਹ ਦਿੱਤੀ ਕਿ ਅਸੀਂ ਦ੍ਰਿੜ ਰਹੀਏ ਤੇ ਐਵੇਂ ਰਊਂ-ਰਊਂ ਨਾ ਕਰੀਏ। ਕੁਝ ਮਿੰਟਾਂ ਬਾਦ ਸਾਨੂੰ ਗਵਰਨਰ ਦੇ ਪੇਸ਼ ਕਰ ਦਿੱਤਾ ਗਿਆ। ਗੱਲਬਾਤ ਦੌਰਾਨ ਉਹ ਖਿਝਿਆ ਰਿਹਾ, ਅਸੀਂ ਇਸ ਤੋਂ ਇਹ ਸੰਕੇਤ ਲਿਆ ਕਿ ਗੱਲਬਾਤ ਸੰਖੇਪ ਜਹੀ ਹੋਵੇਗੀ। ਉਸਨੇ ਸਾਡੇ ਆਉਣ ਦਾ ਮਕਸਦ ਜਾਨਣਾ ਚਾਹਿਆ।

"ਮਕਸਦ ਸਿੱਧਾ ਜਿਹਾ ਹੈ। ਸਾਡੇ ਪਤੀਆਂ ਨੂੰ ਲੰਮੇ ਸਮੇਂ ਤੋਂ ਬਿਨ੍ਹਾਂ ਮੁਕੱਦਮਾ ਜੇਲ੍ਹ 'ਚ ਡੱਕਿਆ ਹੋਇਆ ਹੈ। ਉਨ੍ਹਾਂ ਨੇ ਕੋਈ ਜੁਰਮ ਨਹੀਂ ਕੀਤਾ; ਅਸੀਂ ਤੁਹਾਡੇ ਤੋਂ ਉਨ੍ਹਾਂ ਦੀ ਰਿਹਾਈ ਮੰਗਦੇ ਹਾਂ।"

"ਤੁਹਾਡਾ ਸਰਕਾਰ ਨੂੰ ਦਰਖ਼ਾਸਤ ਦੇਣ ਦਾ ਢੰਗ ਬੜਾ ਨਿਰਾਲਾ ਹੈ। ਤੁਸੀਂ ਮੁਲਾਕਾਤ ਲਈ ਕਿਸੇ ਦੀ ਇਜਾਜ਼ਤ ਨਹੀਂ ਲਈ ਤੇ ਬੱਚੇ ਵੀ ਨਾਲ ਲੈ ਆਈਆਂ।"

"ਨਿਆਂ ਲੈਣ ਲਈ ਸਾਨੂੰ ਕਿਸੇ ਨੂੰ ਪੁੱਛਣ ਦੀ ਲੋੜ ਨਹੀਂ ਹੈ। ਅਸੀਂ ਆਪਣੇ ਆਪ ਤੋਂ ਇਜਾਜ਼ਤ ਲਈ ਹੈ। ਤੇ ਜੇ ਤੁਸੀਂ ਸਾਡੀ ਗੱਲ ਨਹੀਂ ਸੁਣਦੇ, ਤਾਂ ਸੜਕਾਂ 'ਤੇ ਲੋਕ ਸੁਣਨਗੇ।"

ਭੌਂਨਵੱਟਾ ਬਣਿਆ ਗਵਰਨਰ ਸਾਡੇ ਵੱਲ ਇੰਜ ਝਾਕਿਆ ਜਿਵੇਂ ਅਸੀਂ ਅਜੀਬ ਸ਼ੈਆਂ ਹੋਈਏ। ਅਖ਼ੀਰ ਉਹ ਕਹਿਣ ਲੱਗਿਆ ਕਿ ਸਾਡੇ ਪਤੀਆਂ ਨੂੰ ਇਕ ਗ਼ੈਰ-ਕਾਨੂੰਨੀ ਮੀਟਿੰਗ ਤੋਂ ਗਿਫ਼ਤਾਰ ਕੀਤਾ ਗਿਆ ਸੀ ਤੇ ਉੱਥੋਂ ਖ਼ਤਰਨਾਕ ਸਾਹਿਤ ਬਰਾਮਦ ਹੋਇਆ ਸੀ। ਉਸ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸੁਰੱਖਿਆ ਵਿਭਾਗ ਦੇ ਸਦਰ ਮੁਕਾਮ ਦੇ ਹੁਕਮਾਂ ਤਹਿਤ ਜੇਲ੍ਹ ਬੰਦ ਰੱਖਿਆ ਜਾ ਰਿਹਾ ਸੀ, ਸਾਨੂੰ ਦਰਖ਼ਾਸਤ ਉਨ੍ਹਾਂ ਅਧਿਕਾਰੀਆਂ ਨੂੰ ਲਿਖਣੀ ਚਾਹੀਦੀ ਹੈ।

ਮੈਂ ਇਤਰਾਜ਼ ਕੀਤਾ। "ਤੁਹਾਡੀ ਅਥਾਰਟੀ ਕਿੱਥੇ ਹੈ? ਕਿਸੇ ਨੂੰ ਗ੍ਰਿਫ਼ਤਾਰ ਕਰਨ ਲਈ ਤੁਹਾਡਾ ਹੁਕਮ ਕਾਫ਼ੀ ਹੈ, ਪਰ ਫਿਰ ਵੀ ਤੁਸੀਂ ਕਹਿ ਰਹੇ ਹੋ ਕਿ ਕੈਦੀਆਂ ਨੂੰ ਰਿਹਾਅ ਕਰਨ ਦੀ ਮਨਜ਼ੂਰੀ ਸੁਰੱਖਿਆ ਵਿਭਾਗ ਨੇ ਦੇਣੀ ਹੈ। ਸੂਬੇ ਦੀ ਉੱਚਤਮ ਅਥਾਰਟੀ ਕੌਣ ਹੈ, ਤੁਸੀਂ ਜਾਂ ਉਹ?"

"ਤੁਸੀਂ ਔਰਤਾਂ ਬਹੁਤ ਬਦਤਮੀਜ਼ ਹੋ?"

"ਬਦਤਮੀਜ਼? ਜੇ ਤੁਹਾਨੂੰ ਸਾਡੇ ਵਾਂਗ ਜਿਊਣਾ ਪਵੇ, ਤਾਂ ਤੁਸੀਂ ਵੀ ਬਦਤਮੀਜ਼ ਹੋ ਜਾਓਗੇ।"

ਫਿਰ ਉਹ ਸਾਨੂੰ ਕਮਿਊਨਿਸਟਾਂ ਦੀਆਂ ਬੁਰਾਈਆਂ ਸਮਝਾਉਣ ਲੱਗ ਪਿਆ, ਉਸਦਾ ਦਾਅਵਾ ਸੀ ਕਿ ਸੋਵੀਅਤ ਯੂਨੀਅਨ 'ਚ ਲੋਕਾਂ ਦੀ ਜ਼ਿੰਦਗੀ ਭੱਦੀ ਹੈ। ਉਸ ਦੀਆਂ ਗੱਲਾਂ ਐਨੀਆਂ ਉਜੱਡ ਸਨ ਕਿ ਉਨ੍ਹਾਂ ਨੂੰ ਗ਼ਲਤ ਸਾਬਤ ਕਰਨ ਲਈ ਸਾਨੂੰ ਖ਼ਾਸ ਤਰੱਦਦ ਨਹੀਂ ਕਰਨਾ ਪਿਆ।

ਅਸੀਂ ਫਿਰ ਮੁਲਾਕਾਤ ਦੇ ਉਦੇਸ਼ 'ਤੇ ਆ ਗਈਆਂ। "ਗਵਰਨਰ ਸਾਹਿਬ, ਠੋਸ ਰੂਪ 'ਚ ਅਸੀਂ ਤੁਹਾਡੇ ਤੋਂ ਕੀ ਆਸ ਰੱਖੀਏ?"

"ਮੈਂ ਫਿਰ ਦੁਹਰਾ ਦਿਆਂ, ਮੈਂ ਕੁਝ ਨਹੀਂ ਕਰ ਸਕਦਾ। ਮੈਂ ਤੁਹਾਡੀਆਂ ਮੰਗਾਂ ਸੁਰੱਖਿਆ ਵਿਭਾਗ ਨੂੰ ਭੇਜ ਦਿਆਂਗਾ ਤੇ ਫ਼ੈਸਲਾ ਉਹ ਕਰਨਗੇ।"

ਅਗਲੇ ਦਿਨ ਗਵਰਨਰ ਸਾਡੇ ਇਕ ਦੋਸਤ ਨੂੰ ਮਿਲ ਪਿਆ, ਉਸਨੂੰ ਕਹਿਣ ਲੱਗਿਆ, "ਰੱਬ ਬਚਾਏ ਇਸ ਮੁਸੀਬਤ ਤੋਂ! ਕੱਲ੍ਹ ਖਾਣ-ਮਜ਼ਦੂਰਾਂ ਦੀਆਂ ਪਤਨੀਆਂ ਮੈਨੂੰ ਮਿਲਣ ਆਈਆਂ

ਸਨ ਤੇ ਉਨ੍ਹਾਂ ਤੋਂ ਡਰ ਲੱਗਦਾ ਸੀ। ਜੇ ਪਤਨੀਆਂ ਐਨੀਆਂ ਡਾਹਢੀਆਂ ਨੇ ਤਾਂ ਜ਼ਰਾ ਸੋਚੋ ਉਨ੍ਹਾਂ ਦੇ ਪਤੀ ਕਿਹੋ ਜਿਹੇ ਹੋਣਗੇ!"

[11]

## ਤਾਨਾਸ਼ਾਹੀ ਦਾ ਖ਼ਾਤਮਾ

ਸਪੇਨ ਦੀਆਂ ਘਟਨਾਵਾਂ ਦਾ ਸਿਲਸਿਲਾ ਦਰਸਾ ਰਿਹਾ ਸੀ ਕਿ ਸਮਾਜਵਾਦੀ ਪਾਰਟੀ ਦੀ ਹਮਾਇਤ ਦੇ ਬਾਵਜੂਦ ਜਨਰੈਲ ਪਰਾਈਮੋ ਡੀ ਰਿਵੇਰਾ ਦੀ ਤਾਨਾਸ਼ਾਹੀ ਦਾ ਅੰਤ ਹੋਣ ਵਾਲਾ ਸੀ। ਸਿਆਸੀ ਜਥੇਬੰਦੀਆਂ ਤੇ ਫ਼ੌਜ ਦੇ ਅੰਤਰ-ਵਿਰੋਧ ਨੇ ਠੋਸ ਸ਼ਕਲ ਅਖ਼ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ। ਸੰਘਰਸ਼ ਦੇ ਅੰਦਰ ਵਿਦਿਆਰਥੀ ਵੀ ਬਹੁਤ ਸਰਗਰਮ ਹੋ ਗਏ ਸਨ। ਪ੍ਰੋਫੈਸਰ ਮਾਰਤੀ ਜਾਰਾ ਅਤੇ ਡੌਨ ਜੋਸ ਗਿਰਾਲ ਦੀ ਪਹਿਲਕਦਮੀ 'ਤੇ ਗਣਰਾਜੀ ਸਭਾਵਾਂ ਨੇ ਗਣਰਾਜੀ ਗੱਠਜੋੜ (Alianza Republcana) ਉਸਾਰ ਲਿਆ, ਬਹੁਤ ਸਾਰੇ ਬੁੱਧੀਜੀਵੀ ਇਸ ਦੇ ਮੈਂਬਰ ਬਣ ਗਏ। ਨਿਰੰਕੁਸ਼ ਰਾਜ ਦਾ ਤਖ਼ਤਾ ਉਲਟਾਏ ਜਾਣ ਤੋਂ ਬਾਦ, ਉਨ੍ਹਾਂ 'ਚੋਂ ਕਈ ਕੌਮੀ ਸਰਕਾਰ 'ਚ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋ ਗਏ। ਜਿਨ੍ਹਾਂ ਨੇ ਤਾਨਾਸ਼ਾਹੀ ਦਾ ਤਖ਼ਤਾ ਉਲਟਾਉਣ ਲਈ ਕੰਮ ਕੀਤਾ ਉਨ੍ਹਾਂ 'ਚ ਸਨ ਜਰਨੈਲ ਐਗੂਇਲੇਰਾ, ਰੋਮਾਨਨਜ਼, ਮੈਲਕਵਿਡਜ਼, ਅਲਵਾਰੇਜ਼, ਲਿਰਾਕਸ। ਕਨਫੈੱਡਰੇਸ਼ਨ ਨੈਸ਼ਨਲ ਡੀ ਟਰੱਬਜੋ (ਮਜ਼ਦੂਰ ਜਮਾਤ ਦੀ ਕੌਮੀ ਕਨਫੈੱਡਰੇਸ਼ਨ, ਸੀ ਐੱਨ ਟੀ) ਨੇ ਇਨ੍ਹਾਂ ਦਾ ਸਾਥ ਦਿੱਤਾ।

ਜਦੋਂ ਨਿਰੰਕੁਸ਼ ਸਰਕਾਰ ਨੇ 1927 'ਚ ਵਿਧਾਨ-ਘੜਨੀ ਸਭਾ ਬੁਲਾਈ ਸੀ ਤਾਂ ਕਮਿਊਨਿਸਟ ਪਾਰਟੀ ਨੇ ਵਿਜ਼ਕਾਇਆ 'ਚ ਆਮ ਹੜਤਾਲ ਦਾ ਸੱਦਾ ਦਿੱਤਾ ਸੀ। ਖਾਣ ਜ਼ਿਲ੍ਹੇ ਦੇ ਸਾਰੇ ਖਾਣ ਮਜ਼ਦੂਰਾਂ ਤੇ ਹੋਰ ਕਾਮਿਆਂ ਨੇ ਹੜਤਾਲ ਦੇ ਸੱਦੇ ਪ੍ਰਤੀ ਬੇਹੱਦ ਉਤਸ਼ਾਹ ਦਿਖਾਇਆ ਸੀ; ਪਰ ਬਿਲਬਾਓ 'ਚ ਸਮਾਜਵਾਦੀ ਬੈਠੇ ਸਨ, ਉੱਥੇ ਇਹ ਕਾਰਜ ਐਨਾ ਸੁਖਾਲ਼ਾ ਨਹੀਂ ਸੀ। ਉਨ੍ਹਾਂ ਦੀ ਵਚਨਬਧਤਾ ਤਾਨਾਸ਼ਾਹੀ ਦੇ ਨਾਲ ਸੀ ਤੇ ਉਹ ਹੜਤਾਲ ਦੇ ਖ਼ਿਲਾਫ਼ ਸਨ।

ਮੈਂ ਆਪਣੇ ਬੱਚੇ ਇਕ ਬਜ਼ੁਰਗ ਸਾਥੀ ਨੂੰ ਸੰਭਾਲ ਕੇ ਬਿਲਬਾਓ ਦੀ ਗੱਡੀ ਫੜ ਲਈ। ਕਮਿਊਨਿਸਟ ਔਰਤਾਂ, ਜਿਨ੍ਹਾਂ 'ਚ ਮੈਂ ਸ਼ਾਮਲ ਸੀ, ਨੇ ਫੈਕਟਰੀਆਂ ਤੇ ਕਾਰਖ਼ਾਨਿਆਂ 'ਚ ਜਾ ਕੇ ਮਜ਼ਦੂਰਾਂ ਨੂੰ ਹੜਤਾਲ ਕਰਨ ਲਈ ਪ੍ਰੇਰਤ ਕੀਤਾ। ਪੁਲਿਸ ਵੱਲੋਂ ਲਗਾਤਾਰ ਪਿੱਛਾ ਕਰਦੇ ਰਹਿਣ, ਅਤੇ ਸਮਾਜਵਾਦੀਆਂ ਵੱਲੋਂ ਸਾਡੇ 'ਤੇ ਹਮਲੇ ਕਰਨ ਤੇ ਸਾਡਾ ਅਪਮਾਨ ਕਰਨ ਦੇ ਬਾਵਜੂਦ ਬਹੁਤੇ ਥਾਵਾਂ 'ਤੇ ਸਾਡੀ ਪ੍ਰੇਰਣਾ ਕਾਮਯਾਬ ਹੋਈ।

1930 'ਚ ਕਮਿਊਨਿਸਟ ਪਾਰਟੀ ਨੇ ਬਹੁਤ ਜ਼ਿਆਦਾ ਗੁਪਤ ਹਾਲਤਾਂ 'ਚ ਪੈਪਲੋਨਾ ਕਾਨਫਰੰਸ ਬੁਲਾਈ। (ਇਹ ਨਾਂਅ ਦੇਣ ਦੇ ਬਾਵਜੂਦ ਇਹ ਬਿਲਬਾਓ 'ਚ ਆਯੋਜਤ ਕੀਤੀ ਗਈ) ਮੈਂ ਵਿਜ਼ਕਾਇਆ ਦੀ ਸੂਬਾ ਕਮੇਟੀ ਵੱਲੋਂ ਡੈਲੀਗੇਟ ਸੀ। ਇਹ ਸਾਫ਼ ਸੀ ਕਿ ਆਉਣ ਵਾਲਾ ਸਮਾਂ ਤੂਫ਼ਾਨੀ ਹੋਣਾ ਸੀ। ਇਸ ਨੂੰ ਸਾਹਮਣੇ ਰੱਖਕੇ ਅਸੀਂ ਦਾਅਪੇਚਾਂ ਬਾਰੇ ਵਿਚਾਰ ਚਰਚਾ ਕੀਤੀ ਤੇ ਯੋਜਨਾ ਉਲੀਕੀ। ਨਵੇਂ ਸਾਥੀਆਂ ਨੂੰ ਸ਼ਾਮਲ ਕਰਕੇ ਪਾਰਟੀ ਲੀਡਰਸ਼ਿਪ ਨੂੰ

ਮਜ਼ਬੂਤ ਕੀਤਾ ਗਿਆ, ਅਤੇ ਕੇਂਦਰੀ ਕਮੇਟੀ ਲਈ ਚੁਣੇ ਜਾਣ ਵਾਲਿਆਂ 'ਚ ਮੈਨੂੰ ਵੀ ਸ਼ਾਮਲ ਕੀਤਾ ਗਿਆ ਸੀ। ਕਾਨਫਰੰਸ 'ਚ ਕੈਟਾਲਾਨ ਦੇ ਇਕ ਧੜੇ ਦੀਆਂ ਫੁੱਟਪਾਊ ਕਾਰਵਾਈਆਂ ਬਾਰੇ ਵਿਚਾਰ-ਚਰਚਾ ਕੀਤੀ ਗਈ ਤੇ ਇਸ ਦੀ ਨਿਖੇਧੀ ਕੀਤੀ ਗਈ। ਇਸ ਧੜੇ ਨੇ ਬਾਦ 'ਚ ਟਰਾਟਸਕੀਵਾਦੀ ਸੇਧ ਵਾਲਾ ਮਜ਼ਦੂਰ ਕਿਸਾਨ ਬਲਾਕ ਜਥੇਬੰਦ ਕੀਤਾ।

1931 'ਚ ਹੋਈਆਂ ਚੋਣਾਂ 'ਚ ਨਿਰੰਕੁਸ਼ ਰਾਜ ਦਾ ਤਖ਼ਤਾ ਉਲਟਾ ਦਿੱਤਾ ਗਿਆ। ਇਸ ਚੋਣ ਮੁਹਿੰਮ ਦੌਰਾਨ ਮੈਂ ਪਹਿਲੀ ਵਾਰ ਜਨਤਕ ਇਕੱਠਾਂ 'ਚ ਬੋਲਣਾ ਸ਼ੁਰੂ ਕੀਤਾ—ਕੁਝ ਹਿਚਕਚਾਹਟ ਤੋਂ ਬਾਦ ਹੀ ਇਹ ਹੋ ਸਕਿਆ। ਮੈਨੂੰ ਜਾਪਦਾ ਸੀ ਕਿ ਜਨਤਾ ਨੂੰ ਸੰਬੋਧਨ ਕਰਨਾ ਚੋਖਾ ਮੁਸ਼ਕਲ ਤੇ ਭਾਰੀ ਜ਼ਿੰਮੇਵਾਰੀ ਵਾਲਾ ਕੰਮ ਸੀ।

ਬਚਪਨ ਤੋਂ ਮੈਨੂੰ ਜਨਤਕ ਇਕੱਠਾਂ 'ਚ ਸ਼ਾਮਲ ਹੋਣ ਦਾ ਸ਼ੌਂਕ ਸੀ, ਅਤੇ ਕਿਉਂਕਿ ਦੇ ਖਾਣ ਮਜ਼ਦੂਰਾਂ ਦਾ ਜ਼ੋਰਦਾਰ ਸੰਘਰਸ਼ ਚੱਲਦਾ ਰਹਿੰਦਾ ਸੀ, ਸਿਆਸੀ ਜ਼ਿੰਦਗੀ ਸਰਗਰਮੀ ਭਰੀ ਸੀ। ਸਿਆਸੀ ਖੇਤਰ ਦੇ ਸਾਰੇ ਧੜਿਆਂ ਦੀਆਂ ਮੀਟਿੰਗਾਂ ਤੇ ਕਾਨਫਰੰਸਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ, ਅਤੇ ਅਸੀਂ ਪਿੰਡ ਦੇ ਬੱਚੇ ਉੱਥੇ ਟੋਲੀਆਂ ਬਣਾਕੇ ਪਹੁੰਚ ਜਾਂਦੇ, ਖ਼ਾਸ ਕਰਕੇ ਉਨ੍ਹਾਂ 'ਚ ਜੋ ਸ਼ਹਿਰ ਦੇ ਮੈਦਾਨ ਜਾਂ ਖੇਡ੍ਹ ਮੈਦਾਨ 'ਚ ਆਯੋਜਤ ਕੀਤੀਆਂ ਜਾਂਦੀਆਂ ਸਨ। ਮੈਂ ਕਦੇ ਕੋਈ ਇਕੱਠ ਨਾ ਛੱਡਦੀ। ਬੁਲਾਰੇ ਚਾਹੇ ਸਮਾਜਵਾਦੀ ਹੁੰਦੇ ਜਾਂ ਕਾਰਲਸਵਾਦੀ, ਜੋ ਕੁਝ ਬੋਲਦੇ ਮੈਂ ਗ੍ਰਹਿਣ ਕਰ ਲੈਂਦੀ, ਹਾਲਾਂਕਿ ਮੈਨੂੰ ਉਨ੍ਹਾਂ ਦੇ ਸਿਆਸੀ ਉਦੇਸ਼ ਸਮਝ ਨਹੀਂ ਸੀ ਪੈਂਦੇ। ਪਰ ਉਨ੍ਹਾਂ ਦੀ ਬੋਲੀ ਦੀ ਸੰਗੀਤਕ ਲੈਅ, ਗੜ੍ਹਕਦੇ ਬੋਲ, ਜੋਸ਼ ਪੈਦਾ ਕਰਨ ਵਾਲਾ ਹਮਲਾ, ਟਕੋਰਾਂ ਭਰੇ ਵਿਅੰਗ ਬਾਣ, ਮੈਨੂੰ ਜੋਸ਼ ਨਾਲ ਭਰ ਦਿੰਦੇ। ਪਿੱਛੋਂ, ਘਰ ਆ ਕੇ ਮੈਂ ਉਨ੍ਹਾਂ ਤਕਰੀਰਾਂ ਨੂੰ ਨਵੇਂ ਸਿਰਿਉਂ ਜੋੜਦੀ ਜਿਨ੍ਹਾਂ ਨੇ ਮੈਨੂੰ ਵੱਧ ਪ੍ਰਭਾਵਤ ਕੀਤਾ ਹੁੰਦਾ। ਜਿਉਂ-ਜਿਉਂ ਸਮਾਂ ਗੁਜ਼ਰਦਾ ਗਿਆ, ਮੈਂ ਜਦੋਂ ਪ੍ਰਸਿੱਧ ਬੁਲਾਰਿਆਂ ਨੂੰ ਸੁਣਦੀ ਤਾਂ ਕਈ ਮੇਰੇ 'ਤੇ ਸ਼ਬਦ-ਅਡੰਬਰ ਜਾਂ ਦਿਖਾਵੇਬਾਜ਼ੀ ਕਰਕੇ ਜਾਂ ਸਾਦਗੀ ਦੀ ਘਾਟ ਤੇ ਉਕਸਾਊ ਮਸਾਲੇ ਕਰਕੇ ਚੰਗਾ ਪ੍ਰਭਾਵ ਨਾ ਛੱਡਦੇ। ਹੁਣ ਮੇਰੀ, ਇਕ ਕਮਿਊਨਿਸਟ ਦੀ, ਮੰਚ 'ਤੇ ਅਜ਼ਮਾਇਸ਼ ਦਾ ਸਮਾਂ ਸੀ।

14 ਅਪ੍ਰੈਲ ਨੂੰ, ਸ਼ਹਿਨਸ਼ਾਹ ਤੇ ਸ਼ਾਹੀ ਘਰਾਣੇ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ; ਤੇ ਗਣਰਾਜ ਦਾ ਐਲਾਨ ਹੋ ਗਿਆ। ਇਹ ਘਟਨਾ-ਵਿਕਾਸ 12 ਅਪ੍ਰੈਲ ਨੂੰ ਚੋਣਾਂ ਦੀ ਬਦੌਲਤ ਵਾਪਰਿਆ, ਜਿਨ੍ਹਾਂ 'ਚ ਸਪੇਨ ਵਾਸੀਆਂ ਨੇ ਨਿਰੰਕੁਸ਼ ਰਾਜ ਦਾ ਬਿਸਤਰਾ ਗੋਲ ਕਰਨ ਲਈ ਵੋਟ ਦਿੱਤੀ। ਇਸ ਪਤਨ ਨਾਲ ਕੌਮ ਦੀ ਸਿਆਸੀ ਲੀਡਰਸ਼ਿਪ 'ਤੇ ਕਾਬਜ਼ ਅਮੀਰਾਂ ਤੇ ਵਿਤੀ ਸਰਮਾਏਦਾਰ ਜੁੰਡਲੀ ਦੀ ਜਕੜ ਟੁੱਟ ਗਈ। ਇਸ ਜੁੰਡੀ ਦਾ 1874 'ਚ ਨਿਰੰਕੁਸ਼ ਰਾਜ ਦੀ ਮੁੜ-ਬਹਾਲੀ ਦੇ ਸਮੇਂ ਤੋਂ ਸਪੇਨ 'ਤੇ ਗ਼ਲਬਾ ਸੀ, ਇਸ ਦੀ ਥਾਂ ਹੁਣ ਗਣਰਾਜੀ-ਸਮਾਜਵਾਦੀ ਸਰਕਾਰ ਨੇ ਲੈ ਲਈ ਸੀ।

ਦੇਖਣ ਨੂੰ ਇਹ ਜਾਪਦਾ ਸੀ ਕਿ ਸਪੇਨ ਤਰੱਕੀ ਤੇ ਜਮਹੂਰੀ ਵਿਕਾਸ ਦੇ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖੜ੍ਹਾ ਸੀ। ਪਰ ਗਣਰਾਜੀ-ਸਮਾਜਵਾਦੀਆਂ ਦੀ ਚੜ੍ਹਤ ਦੇ ਉਨ੍ਹਾਂ ਮੁੱਢਲੇ ਸਮਿਆਂ ਦੇ ਭਰਮ ਰੂੜ੍ਹੀਵਾਦ ਦੀ ਉਸ ਸਰਦ ਹਵਾ ਨਾਲ ਤੇਜ਼ੀ ਨਾਲ ਦੂਰ ਹੋਣ ਲੱਗੇ ਜੋ ਨਵੀਆਂ ਹੁਕਮਰਾਨ ਤਾਕਤਾਂ ਦੇ ਅੰਦਰੋਂ ਫੁੱਟ ਰਿਹਾ ਸੀ। ਸਿਰਫ਼ ਅਸੀਂ ਕਮਿਊਨਿਸਟ ਹੀ ਤੁਰੰਤ ਇਹ ਨਿਰਣਾ ਕਰ ਸਕੇ ਕਿ ਪੁਰਾਣੇ ਤੇ ਮੌਜੂਦਾ ਨਿਜ਼ਾਮ 'ਚ ਕਿੰਨਾ ਥੋੜ੍ਹਾ ਫ਼ਰਕ ਸੀ।

1931 'ਚ ਅਾਸੀਂ ਮਈ ਦਿਵਸ ਮਨਾਉਣ ਲਈ ਬਿਲਬਾਓ 'ਚ ਕੈਂਪੋਸ ਬੇਲਿਸੀਓਸ ਥੀਏਟਰ 'ਚ ਇਕ ਸਮਾਗਮ ਜਥੇਬੰਦ ਕੀਤਾ। ਸਾਡੀ ਯੋਜਨਾ ਸਮਾਗਮ ਖ਼ਤਮ ਹੋਣ 'ਤੇ ਮੁਜ਼ਾਹਰਾ

ਕਰਨ ਦੀ ਸੀ! ਜਦੋਂ ਅਸੀਂ ਥੀਏਟਰ 'ਚੋਂ ਬਾਹਰ ਆਏ ਤਾਂ ਦੇਖਿਆ ਕਿ ਆਲੇ-ਦੁਆਲੇ ਸਾਰੀਆਂ ਸੜਕਾਂ ਸੁਰੱਖਿਆ ਪੁਲਿਸ ਦੇ ਦਸਤਿਆਂ ਨੇ ਘੇਰੀਆਂ ਹੋਈਆਂ ਸਨ। ਜਦੋਂ ਅਸੀਂ ਉਨ੍ਹਾਂ ਨੂੰ ਪਾਸੇ ਹਟਾਕੇ ਅੱਗੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਸਾਡੇ 'ਤੇ ਝਪਟਕੇ ਤਲਵਾਰਾਂ ਦੀ ਵਾਛੜ ਕਰ ਦਿੱਤੀ ਅਤੇ ਸਾਨੂੰ ਘੋੜਿਆਂ ਦੇ ਸੁੰਬਾਂ ਹੇਠ ਕੁਚਲਣ ਲੱਗੇ। ਅਨੇਕਾਂ ਮਜ਼ਦੂਰ ਜ਼ਖ਼ਮੀ ਹੋ ਗਏ। ਅਸੀਂ ਇੱਟਾਂ-ਵੱਟੇ ਚਲਾ ਕੇ ਮੁਕਾਬਲਾ ਕੀਤਾ। ਮੈਂ ਇਕ ਝੰਡਾ ਚੁੱਕ ਲਿਆ, ਤੇ ਬਹੁਤ ਸਾਰੇ ਸਾਥੀ ਮੇਰੇ ਪਿੱਛੇ ਹੋ ਤੁਰੇ, ਅਸੀਂ ਸੁਰੱਖਿਆ ਪੁਲਿਸ ਵੱਲੋਂ ਢਾਹੇ ਘ੍ਰਿਣਤ ਜ਼ੁਲਮਾਂ, ਅਤੇ ਜਿਸ ਤਰ੍ਹਾਂ ਦੀ ਹਿੰਸਾ ਨਾਲ ਗਣਰਾਜੀ-ਸਮਾਜਵਾਦੀ ਸਰਕਾਰ ਸੱਤ੍ਹਾ 'ਤੇ ਬਿਰਾਜਮਾਨ ਹੋਣ ਦਾ ਮਹੂਰਤ ਕਰ ਰਹੀ ਸੀ, ਉਸ ਦੇ ਖ਼ਿਲਾਫ਼ ਬਿਲਬਾਓ ਦੀਆਂ ਸੜਕਾਂ 'ਤੇ ਰੋਸ ਮੁਜ਼ਾਹਰਾ ਕੀਤਾ।

ਸਾਡੇ ਨਾਲ ਵਾਪਰੀ ਇਹ ਘਟਨਾ ਛੋਟੀ, ਸਥਾਨਕ ਘਟਨਾ ਸੀ, ਪਰ ਫਿਰ ਵੀ ਇਹ ਉਸ ਦੀ ਮਹੱਤਵਪੂਰਨ ਝਲਕ ਸੀ, ਜਿਸਦੀ ਆਸ ਲੋਕਾਂ, ਖ਼ਾਸ ਕਰਕੇ ਮਜ਼ਦੂਰ ਜਮਾਤ ਨੂੰ ਨਿਜ਼ਾਮ ਤੋਂ ਸੀ।

ਫਿਰ ਵੀ, ਗਣਰਾਜ ਦੀ ਮੁੜ-ਬਹਾਲੀ ਨਾਲ ਜਮਹੂਰੀਅਤ ਦੇ ਵਿਕਾਸ ਦੇ ਨਵੇਂ ਰਾਹ ਖੁੱਲ੍ਹ ਗਏ ਸਨ। ਇਹ ਸੰਭਵ ਹੈ ਕਿ ਗਣਰਾਜੀ ਸਰਕਾਰਾਂ 'ਚ ਸਮਾਜਵਾਦੀਆਂ ਦੀ ਸਾਂਝ-ਭਿਆਲੀ ਨਾ ਹੁੰਦੀ ਤਾਂ ਇਸ ਦਿਸ਼ਾ 'ਚ ਵਧੇਰੇ ਤਰੱਕੀ ਕੀਤੀ ਜਾ ਸਕਦੀ ਸੀ। ਜੇ ਸਮਾਜਵਾਦੀ ਪਾਰਟੀ ਸਰਕਾਰ 'ਚ ਸ਼ਾਮਲ ਨਾ ਹੁੰਦੀ, ਜੇ ਇਹ ਕਮਿਊਨਿਸਟ ਪਾਰਟੀ ਤੇ ਸੀ. ਐਨ. ਟੀ. ਨਾਲ ਗੱਠਜੋੜ ਕਰ ਲੈਂਦੀ ਤਾਂ ਇਹ ਮਜ਼ਦੂਰ ਜਮਾਤ ਦੀ ਇਕੋ ਇਕ ਪਾਰਟੀ ਬਣਾਉਣ ਦੇ ਉਦੇਸ਼ ਨਾਲ ਮਜ਼ਦੂਰਾਂ ਨੂੰ ਇਕਜੁੱਟ ਕਰਨ 'ਚ ਫ਼ੈਸਲਾਕੁਨ ਭੂਮਿਕਾ ਨਿਭਾ ਸਕਦੀ ਸੀ। ਪਰ ਗਣਰਾਜ ਦੇ ਤਹਿਤ ਸਮਾਜਵਾਦੀ ਪਾਰਟੀ ਨੇ ਇਨਕਲਾਬੀ ਪੇਸ਼ਕਦਮੀ ਲਈ ਪ੍ਰੇਰਤ ਕਰਨ ਦੀ ਥਾਂ ਸਗੋਂ ਇਸ ਨੂੰ ਰੋਕਣ ਦਾ ਕੰਮ ਕੀਤਾ। ਅਪਣੀ ਜਮਾਤੀ ਸਾਂਝ-ਭਿਆਲੀ ਦੀ ਨੀਤੀ ਕਰਕੇ ਮਜ਼ਦੂਰ ਜਮਾਤ ਦੀ ਪਾਰਟੀ ਵਜੋਂ ਇਸ ਦੀ ਭੂਮਿਕਾ ਦਿਨੋ ਦਿਨ ਘਟਦੀ ਗਈ, ਇਹ ਸਰਕਾਰ ਦੀ ਮਤਹਿਤ ਬਣਕੇ ਰਹਿ ਗਈ। ਇਸ ਤਰ੍ਹਾਂ, ਇਹ ਉਨ੍ਹਾਂ ਬਦਨਾਮ ਨੀਤੀਆਂ ਦੀ ਭਾਗੀਦਾਰ ਸੀ ਜਿਨ੍ਹਾਂ ਕਰਕੇ ਗਣਰਾਜ ਨੇ ਜਨਤਾ ਦੀ ਹਮਾਇਤ ਗੁਆ ਲਈ। ਤੇ ਭਾਵੇਂ ਸੱਤਾਧਾਰੀ ਗਣਰਾਜਵਾਦੀਆਂ ਤੇ ਸਮਾਜਵਾਦੀਆਂ ਦਾ ਇਕ ਪ੍ਰਮੁੱਖ ਸਿਆਸੀ ਉਦੇਸ਼ ਵੱਡੀ ਬੁਰਜੂਆਜ਼ੀ ਦੀ ਹਮਾਇਤ ਹਾਸਲ ਕਰਨਾ ਸੀ ਪਰ ਇਹ ਆਪਣਾ ਇਹ ਉਦੇਸ਼ ਵੀ ਪੂਰਾ ਨਾ ਕਰ ਸਕੇ।

ਗਣਰਾਜ ਦੇ ਮੁਢਲੇ ਦਿਨੀਂ ਜਨਤਾ 'ਚ ਉਤਸ਼ਾਹ ਤੇ ਗਰਮਜੋਸ਼ੀ ਸੀ, ਜਨਤਾ 'ਚ ਇਨਕਲਾਬੀ ਵੇਗ ਸੀ, ਅਤੇ ਪਹਿਲਾਂ ਸਪੇਨ ਦੀ ਹੋਣੀ 'ਤੇ ਜਿਨ੍ਹਾਂ ਜਮਾਤਾਂ ਦਾ ਕੰਟਰੋਲ ਸੀ ਉਹ ਡਰੇ ਹੋਏ ਸਨ। ਇਸ ਸਮੇਂ ਤਮਾਮ ਜਮਹੂਰੀ ਸੁਧਾਰ ਸੰਭਵ ਜਾਪਦੇ ਸਨ। ਪਰ ਸਪੇਨ ਨੂੰ ਜਿਹੜੇ ਸੁਧਾਰਾਂ ਦੀ ਲੋੜ ਸੀ, ਨਾ ਤਾਂ ਇਹ ਆਰਜੀ ਸਰਕਾਰ ਬਣਾਉਣ ਵਾਲਿਆਂ ਨੇ ਕੀਤੇ, ਨਾ ਉਨ੍ਹਾਂ ਨੇ ਜਿਨ੍ਹਾਂ ਨੇ ਬਾਅਦ 'ਚ ਗਣਰਾਜੀ-ਸਮਾਜਵਾਦੀ ਸਰਕਾਰਾਂ ਬਣਾਈਆਂ। ਸਪੇਨ ਦੇ ਇਤਹਾਸ 'ਚ ਲੋਕਾਂ ਸਾਹਮਣੇ ਉਸ ਪਾੜੇ ਨੂੰ ਦੂਰ ਕਰਨ ਦਾ ਇਸ ਤੋਂ ਸੁਲੱਖਣਾ ਮੌਕਾ ਕਦੇ ਨਹੀਂ ਆਇਆ ਜਿਹੜਾ ਪਾੜਾ ਉਨ੍ਹਾਂ ਨੂੰ ਅੱਗੇ ਵਧੇ ਹੋਏ ਦੇਸ਼ਾਂ ਤੋਂ ਦੂਰ ਕਰਦਾ ਸੀ। ਨਾ ਹੀ ਕਦੇ ਜਨਤਾ ਦੀ ਚੇਤਨਾ 'ਚ ਐਨਾ ਤੰਤ ਦੇਖਣ ਨੂੰ ਮਿਲਿਆ ਸੀ। ਜਨਤਾ 'ਚ ਬੀਤੇ ਦੀ ਤਾਬੇਦਾਰੀ ਨੂੰ ਖ਼ਤਮ ਕਰ ਦੇਣ ਦਾ ਠਾਠਾਂ ਮਾਰਦਾ ਐਨਾ ਚਾਅ ਅਤੇ ਜੋਸ਼ ਕਦੇ ਦੇਖਣ 'ਚ ਨਹੀਂ ਆਇਆ। ਗਰੀਬੀ, ਪਿਛੜੇਪਣ, ਅਨਪੜ੍ਹਤਾ ਨੂੰ ਖ਼ਤਮ ਕਰਨ ਦੀ ਉਨ੍ਹਾਂ ਦੀ ਤਾਂਘ ਇੰਜ ਲਟ-ਲਟ

ਬਲਦੀ ਸੀ ਜਿਵੇਂ ਮਘਦਾ ਅੰਗਿਆਰ ਹੁੰਦਾ ਹੈ। ਪਰ ਜਿਹੜੇ ਆਦਮੀ ਸਪੇਨ ਦੀ ਹੋਣੀ ਦੇ ਰਾਹਬਰ ਸਨ, ਜਿਨ੍ਹਾਂ ਨੂੰ ਲੋਕਾਂ ਨੇ ਸਰਵ ਸੰਮਤੀ ਨਾਲ ਸੱਤਾ 'ਚ ਲਿਆਂਦਾ ਸੀ, ਉਨ੍ਹਾਂ ਨੇ ਇਸ ਤੋਂ ਮੂੰਹ ਫੇਰ ਲਿਆ ਅਤੇ ਉਹ ਪਤਵੰਤੇ ਵਰਗਾਂ ਦੀ ਸੇਵਾ 'ਚ ਲੱਗੇ ਰਹੇ।

ਸਪੇਨ ਦੇ ਜਮਹੂਰੀ ਇਨਕਲਾਬ ਦਾ ਸਭ ਤੋਂ ਜ਼ਰੂਰੀ ਕਾਰਜ ਸੀ ਵੱਡੀਆਂ ਮਿਲਖਾਂ ਵਾਲੇ ਜ਼ਮੀਨ ਮਾਲਕੀ ਦੇ ਪ੍ਰਬੰਧ ਨੂੰ ਬਦਲਣਾ; ਵਿਹਲੀ ਪਈ ਜ਼ਮੀਨ ਰਈਸਾਂ ਤੋਂ ਇਸ ਉਦੇਸ਼ ਲਈ ਲੈਣੀ ਤਾਂ ਜੋ ਇਹ ਆਮਦਨ ਦੇ ਸਾਧਨ ਦੀ ਬਜਾਏ ਕਿਰਤ ਦਾ ਸਾਧਨ ਬਣਾ ਦਿੱਤੀ ਜਾਵੇ। ਕਿਸਾਨੀ ਦੀ ਜ਼ਮੀਨ ਦੀ ਤਾਂਘ ਪੂਰੀ ਕਰਨੀ; ਉਨ੍ਹਾਂ ਦੀ ਯੁੱਗਾਂ ਦੀ ਗਰੀਬੀ ਤੇ ਇਸ ਨਾਲ ਜੁੜੇ ਪਿਛੜੇਵੇਂ ਦਾ ਖਾਤਮਾ ਕਰਨਾ; ਉਨ੍ਹਾਂ ਨੂੰ ਨਵੇਂ ਸਪੇਨ ਦੀ ਸਿਰਜਣਾ 'ਚ ਸ਼ਾਮਲ ਕਰਨਾ। ਇਸ ਸਭ ਕਾਸੇ ਦੇ ਸਿੱਟੇ ਵਜੋਂ ਦਹਿ ਲੱਖਾਂ ਲੋਕਾਂ ਨੇ ਜਮਹੂਰੀਅਤ ਤੇ ਤਰੱਕੀ ਦੇ ਪੱਖ 'ਚ ਪ੍ਰੇਰਤ ਹੋ ਜਾਣਾ ਸੀ, ਉਹ ਲੋਕ ਜੋ ਰਵਾਇਤੀ ਤੌਰ 'ਤੇ ਰਾਠਸ਼ਾਹੀ ਤੇ ਸਥਾਨਕ ਸਿਆਸੀ ਚੌਧਰੀਆਂ (Carique) ਦੇ ਦਬਦਬੇ ਹੇਠ ਜ਼ਲਾਲਤ ਭਰੀ ਜ਼ਿੰਦਗੀ ਜੀਅ ਰਹੇ ਸਨ। ਸਪੇਨ ਆਖ਼ਿਰ ਕੋਈ ਜੀ ਹਜ਼ੂਰੀ ਕਰਨ ਵਾਲੀ, ਝੋਲੀ ਚੁੱਕ ਅਫ਼ਸਰਸ਼ਾਹੀ ਨਹੀਂ ਸੀ ਜੋ ਨਵੇਂ ਗਣਰਾਜਵਾਦੀ ਸਿਆਸੀ ਆਗੂਆਂ ਮੂਹਰੇ ਨੱਕ ਰਗੜਦਾ ਰਹੇ। ਸਪੇਨ ਮੁੱਖ ਤੌਰ 'ਤੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀ ਅਤੇ ਮੱਧ ਵਰਗ ਦਾ ਬਣਿਆ ਹੋਇਆ ਸੀ। ਸਪੇਨ ਦੀਆਂ ਜੜ੍ਹਾਂ ਫ਼ੈਕਟਰੀਆਂ ਤੇ ਖੇਤਾਂ 'ਚ, ਗਿਰਜਾਘਰਾਂ ਦੇ ਘੰਟਾਘਰਾਂ ਦੁਆਲੇ ਵਸੇ ਹਜ਼ਾਰਾਂ ਪਿੰਡਾਂ ਦੇ ਝੁੰਡਾਂ 'ਚ ਲੱਗੀਆਂ ਹੋਈਆਂ ਸਨ। ਇਹ ਪਾਦਰੀਆਂ ਤੇ ਸਿਆਸੀ ਚੌਧਰੀਆਂ ਦੇ ਗਲ਼ਬੇ ਤੇ ਦਾਬੇ ਹੇਠ ਸਨ, ਜੋ ਵੱਡੇ ਭੌਂਇ ਮਾਲਕਾਂ ਦੇ ਇਸ਼ਾਰਿਆਂ 'ਤੇ ਨੱਚਦੇ ਸਨ। ਇਨ੍ਹਾਂ ਸਾਰੇ ਤੱਥਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ, ਅਤੇ ਪੁਰਾਣੇ ਨਜ਼ਾਮ ਦੀਆਂ ਜੜ੍ਹਾਂ ਪੂਰੀ ਕੌਮ 'ਚ ਪਸਰਨ ਲਈ ਉਵੇਂ ਦੀਆਂ ਉਵੇਂ ਰਹਿਣ ਦਿੱਤੀਆਂ ਗਈਆਂ।

ਦਿਨ, ਮਹੀਨੇ ਤੇ ਸਾਲ ਬੀਤ ਗਏ। ਇਸ ਲੋਕ ਗਣਰਾਜ ਦੇ ਅੰਦਰ, ਚੁਣੇ ਹੋਏ ਡਿਪਟੀ ਮਾਰਗਰਿਟਾ ਨੈਲਕਨ ਨੇ ਪਾਰਲੀਮੈਂਟ 'ਚ ਦੋਸ਼ ਲਾਇਆ: "ਮਜ਼ਦੂਰ ਭੁੱਖੇ ਮਰਦੇ ਹਨ; ਐਂਡਾਲੂਸੀਆ ਤੇ ਐਸਟਰੀਮਾਡੁਰਾ ਦੇ ਕਈ ਸ਼ਹਿਰਾਂ 'ਚ ਕਿਸਾਨ ਜੰਗਲੀ ਜੜ੍ਹਾਂ ਤੇ ਬੇਰ ਖਾ ਕੇ ਗੁਜ਼ਾਰਾ ਕਰਦੇ ਹਨ।" ਵੱਡੀਆਂ ਮਿਲਖਾਂ 'ਤੇ ਅਧਾਰਤ ਜ਼ਮੀਨ ਮਾਲਕੀ ਬਣੀ ਰਹੀ। ਮੁੱਠੀਭਰ ਧਨਾਢ ਭੌਂਇ ਮਾਲਕ ਹਜ਼ਾਰਾਂ ਏਕੜ ਜ਼ਮੀਨ ਦੇ ਮਾਲਕ ਸਨ—ਇਸ ਦਾ ਇਕ ਹਿੱਸਾ ਹੀ ਖੇਤੀ ਹੇਠ ਸੀ। ਦਹਿ ਲੱਖਾਂ ਕਿਸਾਨ ਸਦੀਆਂ ਤੋਂ ਭੁੱਖ ਤੇ ਮੰਦਹਾਲੀ ਦਾ ਸ਼ਿਕਾਰ ਸਨ; ਇਨ੍ਹਾਂ 'ਚ ਕੁਝ ਬੇਜ਼ਮੀਨੇ ਸਨ; ਬਾਕੀ ਕੋਲ ਜ਼ਮੀਨ ਦਾ ਐਨਾ ਛੋਟਾ ਟੁਕੜਾ ਸੀ ਕਿ ਵਾਹ-ਬੀਜ ਕੇ ਕਿਸਾਨ ਦਾ ਆਪਣਾ ਢਿੱਡ ਵੀ ਨਹੀਂ ਸੀ ਭਰਦਾ।

1931 'ਚ ਕ੍ਰਿਸਟੋਬਲ ਡੀ ਕਾਸਤਰੋ ਦੀ ਕਿਤਾਬ *ਅਲ ਸਰਵਿਸਿਓ ਡੀ ਲਾਸ ਕੈਂਪੈਸਿਨੋਸ* (ਕਿਸਾਨਾਂ ਦੀ ਸੇਵਾ 'ਚ) ਛਪੀ ਸੀ। ਇਸ 'ਚ ਪੇਸ਼ ਕੀਤੇ ਅੰਕੜੇ ਸਪੇਨੀ ਖੇਤੀਬਾੜੀ ਦੀ ਦੁਖਾਂਤਕ ਹਾਲਤ ਨੂੰ ਸਪਸ਼ਟ ਦਰਸਾਉਂਦੇ ਸਨ। ਇਸ ਕਿਤਾਬ 'ਚ Direccion General de Propiededes (ਜਾਇਦਾਦ ਦਫ਼ਤਰ) ਦੀ 1930 'ਚ ਛਪੀ ਰਿਪੋਰਟ ਦੇ ਹਵਾਲੇ ਦਿੱਤੇ ਗਏ ਸਨ ਜੋ 1928 'ਚ ਇਕੱਠੇ ਕੀਤੇ ਅੰਕੜਿਆਂ 'ਤੇ ਆਧਾਰਤ ਸਨ। ਹੇਠ ਲਿਖੇ ਅੰਕੜੇ ਵਾਹੀ ਤੇ ਅਣਵਾਹੀ ਜ਼ਮੀਨ ਦੀ ਮਿਕਦਾਰ ਨੂੰ ਹੈਕਟੇਅਰਾਂ (ਇਕ ਹੈਕਟੇਅਰ=2.471 ਏਕੜ) 'ਚ ਦਰਸਾਉਂਦੇ ਹਨ.

| | ਵਾਹੀ | ਅਣਵਾਹੀ |
|---|---|---|
| ਸਿਉਦਦ ਰੀਅਲ ਸੂਬਾ | 894,000 | 1,022,000 |
| ਗਰਾਨਾਡਾ | 588,000 | 605,000 |
| ਵੇਲੈਂਸੀਆ | 172,000 | 327,000 |
| (ਮਾਡਲ ਖੇਤੀ ਵਜੋਂ ਧੁਮਾਏ ਗਏ) | | |
| *ਕੁਲ ਸਪੇਨ* | 31,000,00 | 19,000,000 |

ਕ੍ਰਿਸਟੋਬਲ ਡੀ ਕਾਸਤਰੋ ਸਿੱਟਾ ਕੱਢਦਾ ਹੈ: "ਸਾਡੀ ਕੌਮ ਹੀ ਇਕੋ ਇਕ ਐਸੀ ਬਚੀ ਹੈ ਜਿਸਦੀ ਖੇਤੀ ਆਰਥਿਕਤਾ ਜ਼ਮੀਨੀ ਮਿਲਖਾਂ 'ਤੇ ਅਧਾਰਤ ਹੈ। ਯੂਰਪੀ ਕੌਮਾਂ 'ਚੋਂ ਸਿਰਫ਼ ਸਾਡੀ ਕੌਮ ਨੇ ਹੀ ਮਾਲਕੀ ਦੇ ਇਸ ਅਣਮਨੁੱਖੀ ਪ੍ਰਬੰਧ ਨੂੰ ਕਾਇਮ ਰੱਖਿਆ ਹੋਇਆ ਹੈ। ਸਾਡਾ ਦੇਸ਼ ਹੀ ਇਕੋ ਇਕ ਯੂਰਪੀ ਦੇਸ਼ ਹੈ ਜੋ ਅਣਵਾਹੀ ਜ਼ਮੀਨ ਦੇ ਵੱਡੇ ਖਰਚੇ ਝੱਲੀ ਜਾ ਰਿਹਾ ਹੈ। ਸਿਰਫ਼ ਸਪੇਨ 'ਚ ਹੀ ਵਿਆਪਕ ਜਗੀਰਾਂ ਦਾ ਦੁਖਦਾਈ ਦ੍ਰਿਸ਼ ਦੇਖਣ ਨੂੰ ਮਿਲਦਾ ਹੈ, ਜਿਨ੍ਹਾਂ ਉੱਤੇ ਇਕੱਲੇ ਜਗੀਰੂ ਸਰਦਾਰੜੇ ਦਾ ਗ਼ਲਬਾ ਹੈ, ਜਿਸ ਉੱਤੇ ਮਿਲਖ ਮਾਲਕ ਵੱਲੋਂ ਉਜਾੜੇ ਗਏ, ਪ੍ਰਵਾਸੀ ਬੇਜ਼ਮੀਨੇ ਪੇਂਡੂ ਲੋਕ ਵਸਦੇ ਹਨ।"

ਕਾਸਤਰੋ ਦੇ ਅਨੁਸਾਰ, ਹਾਲੇ ਵੀ ਇੱਥੇ : "ਦਹਿ ਲੱਖਾਂ ਮਨੁੱਖ ਹਨ ਜੋ ਆਪਣੇ ਪਸ਼ੂਆਂ ਸਮੇਤ ਕੁੱਲੀਆਂ, ਢਾਰਿਆਂ, ਗੁਫ਼ਾਵਾਂ ਤੇ ਕੋਠੜਿਆਂ 'ਚ ਰਹਿੰਦੇ ਹਨ; ਉਨ੍ਹਾਂ ਨੂੰ ਗੰਦਾ ਖਾਣਾ ਖਾਣਾ ਪੈਂਦਾ ਹੈ ਤੇ ਗੰਦਾ ਪਾਣੀ ਪੀਣਾ ਪੈਂਦਾ ਹੈ ਅਤੇ ਉਹ ਸਿਹਤ-ਸਫ਼ਾਈ, ਸਭਿਆਚਾਰ, ਹਸਪਤਾਲਾਂ, ਰੇਲ ਮਾਰਗਾਂ, ਕਿਤਾਬਾਂ, ਅਖ਼ਬਾਰਾਂ ਤੇ ਨਾਟ-ਘਰਾਂ ਤੋਂ ਜਾਣੂੰ ਨਹੀਂ ਹਨ।"

ਗਣਰਾਜ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਤੇ ਬਾਦ, ਕਿਸਾਨ ਐਨ ਓਹੋ ਜਹੀਆਂ ਹਾਲਤਾਂ 'ਚ ਰਹਿੰਦੇ ਸਨ ਜਿਹੋ ਜਹੀ ਮੱਧ ਯੁੱਗ 'ਚ ਭੌਂਇ-ਗੁਲਾਮਾਂ ਦੀ ਹੁੰਦੀ ਸੀ। ਕਾਸਤਰੋ ਨੇ ਜਿਸ ਮਾਮਲੇ ਦਾ ਜ਼ਿਕਰ ਕੀਤਾ ਹੈ ਉਹ ਨਮੂਨੇ ਦੀ ਮਿਸਾਲ ਤੇ ਦੁਖਾਂਤਕ ਹੈ, ਇਹ ਜਗੀਰੂ ਸਪੇਨ ਦੇ ਖ਼ਾਸੇ ਨੂੰ ਬਿਆਨਦਾ ਹੈ: "ਸਾਰਾਗੋਸਾ ਤੋਂ ਦਸ ਮੀਲ ਦੂਰ ਇਕ ਪਿੰਡ ਹੈ ਗੋਬਰਾ ਡੇਲ, ਜੋ ਐਨ ਆਪਣੇ ਨਾਂਅ ਵਰਗਾ ਹੈ। ਸਥਾਨਕ ਕਿਸਾਨਾਂ ਨੇ ਸਾਨੂੰ ਦੱਸਿਆ ਕਿ ਇਹ ਪਿੰਡ—ਅੱਜ 20ਵੀਂ ਸਦੀ 'ਚ ਵੀ—ਜੱਦੀ ਜਗੀਰ ਹੈ ਜਿੱਥੇ ਭੌਂਇ ਗ਼ੁਲਾਮਾਂ ਦੀ ਹਾਲਤ ਅਸਹਿ ਹੈ, ਉਹ ਸਿਰੇ ਦੇ ਅੱਤਿਆਚਾਰੀ ਦਾਬੇ ਦਾ ਸ਼ਿਕਾਰ ਹਨ।"

ਲਗਾਨ ਬਾਰੇ ਕੁਝ ਕੁ ਕਾਨੂੰਨਾਂ ਨੂੰ ਪੜ੍ਹਕੇ ਕਾਸਤਰੋ ਵੱਲੋਂ ਦਿੱਤੇ ਵੇਰਵੇ ਦੀ ਪੁਸ਼ਟੀ ਹੋ ਜਾਂਦੀ ਹੈ। ਇਹ ਐਨੇ ਅਣਮਨੁੱਖੀ, ਐਨੇ ਜ਼ਾਲਮ ਹਨ ਕਿ ਪੜ੍ਹਨ ਵਾਲੇ ਨੂੰ ਇੰਜ ਲੱਗਦਾ ਹੈ ਜਿਵੇਂ ਮੱਧਯੁੱਗੀ ਜਗੀਰਦਾਰੀ ਬਾਰੇ ਪਾਲ ਲੁਈਸ ਕੂਰੀਅਰ (ਪਾਲ ਲੁਈਸ ਕੂਰੀਅਰ, 1772-1825, ਫਰਾਂਸੀਸੀ ਵਿਚਾਰਵਾਨ ਸੀ ਜਿਸਨੂੰ ਉਸ ਦੇ ਪੈਂਫਲੈਟਾਂ ਕਰਕੇ ਜੇਲ੍ਹ ਦੀ ਸਜ਼ਾ ਦਿੱਤੀ ਗਈ, ਉਸ ਨੂੰ ਇਕ ਕਾਤਲ ਤੋਂ ਮਰਵਾ ਦਿੱਤਾ ਗਿਆ ਸੀ।) ਦੇ ਲਿਖੇ ਪੰਨਿਆਂ ਨੂੰ ਪੜ੍ਹ ਰਿਹਾ ਹੁੰਦਾ ਹੈ। ਜ਼ਮੀਨ ਦੇ ਹਰੇਕ ਟੁਕੜੇ ਦੇ ਭਾਰੀ ਲਗਾਨ ਤੋਂ ਇਲਾਵਾ, ਬਦਕਿਸਮਤ ਮੁਜ਼ਾਰਿਆਂ ਨੂੰ ਆਪਣੇ ਘਟੀਆ ਢਾਰਿਆਂ ਲਈ ਵੀ ਘੱਟੋ-ਘੱਟ 800 ਪਿਸੇਟਾ ਸਾਲਾਨਾ ਕਿਰਾਇਆ ਦੇਣਾ ਪੈਂਦਾ ਹੈ। ਇਸ ਤੋਂ ਵੀ ਅੱਗੇ, ਉਨ੍ਹਾਂ ਨੂੰ ਆਪਣੇ ਘਰਾਂ ਦੇ ਰੱਖ-ਰਖਾਅ ਦੀ ਕੀਮਤ ਅਦਾ ਕਰਨੀ ਪੈਂਦੀ ਹੈ,

ਜਦਕਿ ਇਹ ਕਿਰਾਇਆ ਸਾਰਾਗੋਸਾ 'ਚ ਇਸੇ ਦੇ ਬਰਾਬਰ ਦੀ ਰਿਹਾਇਸ਼ ਲਈ ਦਿੱਤੇ ਜਾਂਦੇ ਕਿਰਾਏ ਤੋਂ ਵਧੇਰੇ ਹੈ। ਮੁਜ਼ਾਰੇ ਉੱਪਰ ਇਹ ਮਦਾਂ ਥੋਪੀਆਂ ਗਈਆਂ ਹਨ:

**ਮਦ:** ਖੇਤ ਦੇ ਘਾਹ-ਫੂਸ ਦਾ ਮਾਲਕ ਭੋਂਇ ਮਾਲਕ ਨੂੰ ਮੰਨਿਆਂ ਜਾਵੇਗਾ, ਅਤੇ ਚੁਕੰਦਰ ਦੇ ਉਤਲੇ ਹਿੱਸੇ ਨੂੰ ਘਾਹ-ਫੂਸ ਮੰਨਿਆਂ ਜਾਵੇਗਾ।

**ਮਦ:** ਮੁਜ਼ਾਰੇ ਨੂੰ ਤੋੜੇ ਪੱਤਿਆਂ ਅਤੇ ਪਾਣੀ ਦੇ ਪਾਈਪਾਂ ਦੀ ਸਫ਼ਾਈ ਲਈ ਅਦਾਇਗੀ ਕਰਨੀ ਹੋਵੇਗੀ।

**ਮਦ:** ਮੁਜ਼ਾਰਾ ਜ਼ਮੀਨ ਨੂੰ ਅਗਾਂਹ ਕਿਸੇ ਨੂੰ ਵਾਹੁਣ ਲਈ ਨਹੀਂ ਦੇ ਸਕਦਾ।

**ਮਦ:** ਮੁਜ਼ਾਰਾ ਰੇਸਤਰਾਂ, ਸਟੋਰ ਜਾਂ ਕੋਈ ਹੋਰ ਕੰਮ ਨਹੀਂ ਕਰ ਸਕਦਾ।

**ਮਦ:** ਹਜ਼ੂਰ ਦੀ ਇਜਾਜ਼ਤ ਤੋਂ ਬਗ਼ੈਰ ਨਾ ਤਾਂ ਮੁਜ਼ਾਰਾ ਖ਼ਰਗੋਸ਼ ਪਾਲ ਸਕਦਾ ਹੈ ਨਾ ਪਸ਼ੂ।

**ਮਦ:** ਭੋਂਇ ਮਾਲਕ ਜਨਤਕ ਜਾਂ ਜ਼ਾਤੀ ਨੈਤਿਕਤਾ ਦੇ ਕਾਰਨ, ਸ਼ਰਧਾ ਨਾ ਹੋਣ ਦੀ ਹਾਲਤ 'ਚ ਅਧੀਨਗੀ ਨਾ ਮੰਨਣ ਜਾਂ ਮਾਣ-ਸਤਿਕਾਰ ਨਾ ਕਰਨ ਦੇ ਅਧਾਰ 'ਤੇ ਮੁਜ਼ਾਰੇ ਨੂੰ ਬਰਖ਼ਾਸਤ ਕਰ ਸਕਦਾ ਹੈ।

ਗਣਰਾਜ ਨੂੰ ਵਿਰਸੇ 'ਚ ਮਿਲਿਆ ਜਗੀਰੂ ਤੇ ਮਿਲਖਾਂ ਵਾਲਾ ਸਪੇਨ ਅਜਿਹਾ ਸੀ, ਜਿਸ ਨੂੰ ਬਦਲਣ ਦੀ ਇਸਨੇ ਕੋਈ ਕੋਸ਼ਿਸ਼ ਨਹੀਂ ਕੀਤੀ; ਸਪੇਨ ਦੀ ਇਸ ਤਰ੍ਹਾਂ ਦੀ ਹਾਲਤ ਖ਼ਾਨਾਜੰਗੀ ਤੱਕ ਬਿਨਾ ਕਿਸੇ ਤਬਦੀਲੀ ਦੇ ਬਣੀ ਰਹੀ।

ਗਣਰਾਜ ਦੇ ਪਹਿਲੇ ਮਹੀਨਿਆਂ 'ਚ ਵਪਾਰ ਕਰਨ ਦੀਆਂ ਕੁਝ ਕੋਸ਼ਿਸ਼ਾਂ ਕੀਤੀਆਂ ਗਈਆਂ। ਸਰਕਾਰ ਦੀ ਪਹਿਲੀ ਯੋਜਨਾ ਭਾਵੇਂ ਸੀਮਤ ਸੀ, ਪਰ ਇਸ ਨੂੰ ਵੀ ਜ਼ਿਆਦਾ ਤਿੱਖਾ ਕਹਿਕੇ ਰੱਦ ਕਰ ਦਿੱਤਾ ਗਿਆ। ਸੁਧਾਰ ਦੀਆਂ ਜਿਹੜੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਨਾ ਇਨ੍ਹਾਂ ਨੇ ਜਮਹੂਰੀ ਇਨਕਲਾਬ ਨੂੰ ਓਦੋਂ ਅੱਗੇ ਵਧਾਉਣ ਦੀ ਸੱਚੀ ਕੋਸ਼ਿਸ਼ ਕੀਤੀ ਤੇ ਨਾ ਹੀ ਬਾਦ 'ਚ। ਸੱਤਾਧਾਰੀ ਤਾਂ ਸਗੋਂ ਇਸਨੂੰ ਰੋਕਣ ਦੇ ਯਤਨ ਕਰਦੇ ਰਹੇ। ਜ਼ਮੀਨ ਮਾਲਕੀ ਦੇ ਮੌਜੂਦਾ ਤੌਰ-ਤਰੀਕੇ ਨੂੰ ਤਿੱਖੇ ਤੌਰ 'ਤੇ ਬਦਲਣ ਦੀ ਥਾਂ ਉਹ ਸਗੋਂ ਕਿਸਾਨਾਂ ਦੀ ਸੁਰਤ ਨੂੰ ਅਜਿਹੇ ਸਵਾਲਾਂ ਤੋਂ ਭਟਕਾਉਣ ਦੀ ਵਾਹ ਲਾਉਂਦੇ ਰਹੇ।

ਜ਼ਰੱਈ ਸੁਧਾਰ ਨਿਰਾ ਇਕ ਜਾਂ ਦੂਜੇ ਖੇਤਰਾਂ ਜਾਂ ਸੂਬੇ ਦਾ ਸਰੋਕਾਰ ਨਹੀਂ ਸੀ; ਇਹ ਤਾਂ ਅਸਲ 'ਚ ਜਮਹੂਰੀ ਇਨਕਲਾਬ ਦਾ ਸਾਰ-ਤੱਤ ਸੀ। ਇਹ ਅਜਿਹਾ ਤੱਤ ਸੀ ਜਿਸਦੀ ਗਣਰਾਜੀ ਧਿਰ ਦੇ ਆਗੂਆਂ ਨੇ ਸਾਹਮਣਾ ਨਾ ਕਰਨ ਦੀ ਪੱਕੀ ਧਾਰੀ ਹੋਈ ਸੀ।

ਗਣਰਾਜੀ ਰਾਜ ਦੇ ਮੁਖੀ, ਮੈਨੂਅਲ ਅਜ਼ਾਨਾ ਨਾਲ *ਲੰਡਨ ਜਨਰਲ ਐਂਡ ਇਕਨਾਮਿਕਸ ਪ੍ਰੈੱਸ* ਦੇ ਪੱਤਰਕਾਰ ਨੇ ਗਣਰਾਜ ਦੇ ਐਲਾਨ ਤੋਂ ਛੇਤੀ ਬਾਦ ਇਕ ਮੁਲਾਕਾਤ ਕੀਤੀ ਸੀ। ਉਹ ਜ਼ਰੱਈ ਸਮੱਸਿਆ ਤੇ ਕਿਸਾਨਾਂ ਦੀ ਜ਼ਮੀਨ ਦੇ ਮਾਲਕ ਬਣਨ ਦੀ ਤਾਂਘ ਬਾਰੇ ਜੋ ਬੋਲਿਆ, ਉਸ ਨਾਲ ਵੱਡੇ ਭੋਂਇ ਮਾਲਕਾਂ ਦੇ ਤੌਖ਼ਲੇ ਲਾਜ਼ਮੀ ਮੁੱਕ ਗਏ ਹੋਣਗੇ। ਉਸਨੇ ਬੇਜ਼ਮੀਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਇਹ ਭਰਮ ਨਾ ਪਾਲਣ ਕਿ ਉਨ੍ਹਾਂ ਨੂੰ ਜ਼ਮੀਨ ਦਿੱਤੀ ਜਾਵੇਗੀ। ਉਸ ਨੇ ਐਲਾਨ ਕੀਤਾ ਕਿ ਸਭਨਾਂ ਜਮਾਤਾਂ ਦੇ ਮਿਹਨਤਕਸ਼ਾਂ ਦੇ ਗਣਰਾਜ (La Republica de Trabagadores de todas clases) ਅੰਦਰ ਜਿਵੇਂ ਇਨ੍ਹਾਂ ਨੂੰ ਕੰਮ ਦੇਣਾ ਜਾਂ ਇਨ੍ਹਾਂ ਦੀ ਇਕੋ ਇਕ ਵਿਰਾਸਤ, ਭੁੱਖ ਤੇ ਮੰਦਹਾਲੀ, ਦਾ ਖ਼ਾਤਮਾ ਕਰਨਾ ਸੰਭਵ ਨਹੀਂ ਹੈ ਉਵੇਂ ਹੀ ਜ਼ਮੀਨ ਵੀ ਸੰਭਵ ਨਹੀਂ ਹੈ—ਇਹ ਰੁਤਬਾ ਗਣਰਾਜ ਨੂੰ ਸੰਵਿਧਾਨ ਦਾ ਦਿੱਤਾ ਹੋਇਆ ਸੀ।

ਹੋਰ ਕੋਈ ਰਸਤਾ ਨਹੀਂ ਸੀ। ਗਣਰਾਜਵਾਦੀ ਅਤੇ ਸਮਾਜਵਾਦੀ ਪਾਰਟੀਆਂ ਦੇ ਆਗੂ, ਅਜ਼ਾਨਾ ਨਾਲ ਗੱਲਬਾਤ ਰਾਹੀਂ, ਦਹਿ-ਲੱਖਾਂ ਬੇਜ਼ਮੀਨੇ ਕਿਸਾਨਾਂ ਨੂੰ ਸੁਣਾ ਰਹੇ ਸਨ ਕਿ ਉਹ ਗਣਰਾਜ ਤੋਂ ਆਸ ਨਾ ਰੱਖਣ। ਇਕ ਵਾਰ ਫਿਰ ਸਪੇਨ ਦੇ ਇਤਹਾਸ ਦਾ ਤਜ਼ਰਬਾ ਇਸ ਸਚਾਈ ਨੂੰ ਸਾਫ਼-ਸਾਫ਼ ਦਰਸਾ ਰਿਹਾ ਸੀ ਕਿ ਬੁਰਜੂਆਜ਼ੀ ਆਪਣੇ ਹੀ ਇਨਕਲਾਬ—ਜਮਹੂਰੀ ਇਨਕਲਾਬ—ਨੂੰ ਕਦੇ ਵੀ ਸਿਰੇ ਨਹੀਂ ਚਾੜ੍ਹੇਗੀ—ਸਿਰਫ਼ ਮਜ਼ਦੂਰ ਜਮਾਤ ਹੀ ਇਸ ਨੂੰ ਨੇਪਰੇ ਚਾੜ੍ਹ ਸਕਦੀ ਸੀ। ਬੁਰਜੂਆ ਇਨਕਲਾਬ ਦੇ ਮਸਲਿਆਂ ਦਾ ਹੱਲ ਲੱਭਣ 'ਚ ਗਣਰਾਜੀ-ਸਮਾਜਵਾਦੀ ਨਿਜ਼ਾਮਾਂ ਦੀ ਨਾਲਾਇਕੀ ਹੀ ਉਸ ਜੰਗ ਲਈ ਇਤਿਹਾਸਕ ਤੌਰ 'ਤੇ ਜ਼ਿੰਮੇਵਾਰ ਸੀ ਜੋ ਫਾਸ਼ੀਵਾਦੀਆਂ ਤੇ ਪਿਛਾਖੜੀਆਂ ਵੱਲੋਂ 1936 'ਚ ਗਣਰਾਜ ਦੇ ਅਤੇ ਇਸ ਦੇ ਲੋਕਾਂ ਦੇ ਵਿਰੁਧ ਵਿੱਢੀ ਗਈ।

*ਹਿੱਸਾ ਦੂਜਾ*

[12]

## ਮੇਰੀ ਪਹਿਲੀ ਗ੍ਰਿਫ਼ਤਾਰੀ

1931 'ਚ ਚੋਣ ਮੁਹਿੰਮ ਦੀ ਸ਼ੁਰੂਆਤ ਮੌਕੇ, ਜਿਸਦਾ ਸਿੱਟਾ ਰਜਵਾੜਾਸ਼ਾਹੀ ਦਾ ਤਖ਼ਤਾ ਉਲਟਾ ਦਿੱਤੇ ਜਾਣ 'ਚ ਨਿੱਕਲਿਆ, ਕਮਿਊਨਿਸਟ ਪਾਰਟੀ ਅੰਦਰਲੀ ਹਾਲਤ ਗੰਭੀਰ ਸੀ ਤੇ ਇਸ ਦੀਆਂ ਸਫ਼ਾਂ ਹੰਭੀਆਂ ਹੋਈਆਂ ਸਨ। ਜਬਰ ਦੀ ਛੱਲ ਲੰਘ ਜਾਣ 'ਤੇ, ਇਨ੍ਹਾਂ ਦੇ ਹੌਂਸਲੇ ਢਹਿ ਗਏ ਸਨ ਤੇ ਉਤਸ਼ਾਹ ਘਟ ਗਿਆ ਸੀ। ਅਸਲੀਅਤ ਇਹ ਸੀ ਕਿ ਇਕੱਲੇ ਜਬਰ ਨੇ ਹੀ ਪਾਰਟੀ ਨੂੰ ਕਮਜ਼ੋਰ ਨਹੀਂ ਸੀ ਕੀਤਾ, ਲੀਡਰਸ਼ਿਪ ਦੀਆਂ ਗ਼ਲਤ ਨੀਤੀਆਂ ਅਤੇ ਤੰਗਨਜ਼ਰੀ ਨੇ ਵੀ ਬਰਾਬਰ ਭੂਮਿਕਾ ਨਿਭਾਈ ਸੀ ਜੋ ਤਾਨਾਸ਼ਾਹੀ ਦੇ ਆਉਣ ਦੇ ਸਮੇਂ ਤੱਕ ਖ਼ਤਮ ਨਹੀਂ ਸੀ ਹੋਈ। ਇਸਦੇ ਬਾਵਜੂਦ, ਪਾਰਟੀ ਛੇਤੀ ਹੀ ਸੰਭਲ ਗਈ, ਪੂਰੇ ਸਪੇਨ 'ਚ, ਤੇ ਖ਼ਾਸ ਕਰਕੇ ਬਾਸਕ ਦੇਸ਼ ਅੰਦਰ, ਇਸਨੇ ਮਜ਼ਦੂਰਾਂ 'ਚ ਨਵੀਆਂ ਪ੍ਰਾਪਤੀਆਂ ਹਾਸਲ ਕੀਤੀਆਂ।

ਸਤੰਬਰ 1931 ਦੇ ਅੰਤ 'ਚ ਪਾਰਟੀ ਨੇ ਮੈਨੂੰ *ਮੁੰਡੋ ਓਬਰੇਰੋ* (ਮਜ਼ਦੂਰ ਦੁਨੀਆਂ) ਦੇ ਸੰਪਾਦਕ ਵਜੋਂ ਕੰਮ ਕਰਨ ਲਈ ਭੇਜਣ ਦਾ ਫ਼ੈਸਲਾ ਲਿਆ, ਜਿਸਨੂੰ ਪਾਰਟੀ ਦਾ ਕੇਂਦਰੀ ਤਰਜਮਾਨ ਬਣਾਇਆ ਗਿਆ ਸੀ। ਮੈਨੂੰ ਪੋਲਿਟ ਬਿਊਰੋ 'ਚ ਔਰਤਾਂ ਦੀਆਂ ਸਰਗਰਮੀਆਂ ਦੀ ਇੰਚਾਰਜ ਵੀ ਬਣਾਇਆ ਜਾਣਾ ਸੀ। ਪਰ "ਬੰਦਾ ਪਲ਼ੀ ਪਲ਼ੀ ਜੋੜਦਾ ਰਹਿ ਜਾਂਦਾ ਹੈ ਤੇ ਰਾਮ ਕੁੱਪਾ ਰੋੜ੍ਹ ਦਿੰਦਾ ਹੈ," ਪਰ ਇੱਥੇ ਨਬੇੜਾ ਰੱਬ ਨੇ ਨਹੀਂ ਬਲਕਿ ਪੁਲਿਸ ਨੇ ਕੀਤਾ ਸੀ; ਵਾਪਰਿਆ ਇਸ ਤਰਾਂ ਸੀ:

ਮੇਰਾ ਤਬਾਦਲਾ ਮੈਡਰਿਡ ਕੀਤੇ ਜਾਣ ਤੋਂ ਕਈ ਹਫ਼ਤੇ ਪਹਿਲਾਂ, ਸਮਾਜਵਾਦੀਆਂ ਤੇ ਕਮਿਊਨਿਸਟਾਂ ਵਿਚਕਾਰ ਮਾਮੂਲੀ ਝੜਪ ਹੋਈ ਸੀ। ਇਹ ਘਟਨਾ ਬਾਸਕ ਦੇਸ਼ ਦੇ ਇਕ ਸਭ ਤੋਂ ਹਰਮਨ ਪਿਆਰੇ ਅਧਾਰ ਖੇਤਰ ਦੇ ਅੰਦਰ ਸਮਾਜਵਾਦੀ ਸਿਵਲ ਗਾਰਡਾਂ ਵੱਲੋਂ ਤਾਹਨੇ-ਮੇਹਣੇ ਮਾਰਕੇ ਸਤਾਏ ਜਾਣ ਤੋਂ ਪੈਦਾ ਹੋਈ ਭੜਕਾਹਟ ਦੇ ਕਾਰਣ ਵਾਪਰੀ ਸੀ। ਜੇ ਪਾਰਟੀ ਦੇ ਨੌਜਵਾਨ ਗਰੁੱਪ ਦਾ ਇਕ ਆਗੂ ਗ਼ੈਰ ਜ਼ਿੰਮੇਵਾਰਾਨਾ ਹਰਕਤ ਨਾ ਕਰਦਾ ਤਾਂ ਇਹ ਭੁਲ-ਭੁਲਾ

ਜਾਣਾ ਸੀ। ਬਾਦ 'ਚ ਉਸ ਰਾਤ ਉਸ ਦੀ ਇਕ ਹੋਰ ਹਰਕਤ ਕਰਕੇ ਭੜਕਾਹਟ ਪੈਦਾ ਹੋ ਗਈ। ਇਸ ਵਾਰ ਖ਼ੂਨੀ ਟਕਰਾਅ ਹੋਇਆ; ਜਿਸ 'ਚ ਦੋ ਸਮਾਜਵਾਦੀ ਤੇ ਇਕ ਕਮਿਊਨਿਸਟ ਮਾਰੇ ਗਏ ਤੇ ਅਨੇਕਾਂ ਕਮਿਊਨਿਸਟ ਗੰਭੀਰ ਜ਼ਖ਼ਮੀ ਹੋ ਗਏ।

ਖਾਣਾਂ ਦੇ ਇਲਾਕੇ ਅੰਦਰ, ਜਿੱਥੇ ਮੈਂ ਰਹਿੰਦੀ ਸੀ ਉੱਥੇ ਸਾਨੂੰ ਇਸ ਘਟਨਾ ਦਾ ਪਤਾ ਅਗਲੇ ਦਿਨ ਅਖ਼ਬਾਰ ਤੋਂ ਲੱਗਿਆ। ਇਸ ਖ਼ਬਰ ਨੇ ਸਾਨੂੰ ਫ਼ਿਕਰਾਂ 'ਚ ਡੋਬ ਦਿੱਤਾ। ਉਸ ਰਾਤ ਸਾਡੇ 'ਚੋਂ ਜਿਹੜੇ, ਸੋਮੋਰੋਸਟਰੋ 'ਚ ਪਾਰਟੀ ਦੇ ਜਥੇਬੰਦਕ ਕੰਮ ਦੇ ਇੰਚਾਰਜ ਸਨ, ਉਨ੍ਹਾਂ ਦੀ ਮੀਟਿੰਗ ਮੇਰੀ ਰਿਹਾਇਸ਼ 'ਤੇ ਇਹ ਤੈਅ ਕਰਨ ਲਈ ਹੋਈ ਸੀ ਕਿ ਕੀ ਉਪਾਅ ਕੀਤੇ ਜਾਣ। ਇਸ ਸਮੇਂ ਤੱਕ, ਜੋ ਵਾਪਰ ਚੁੱਕਿਆ ਸੀ ਉਸ ਦਾ ਸਾਨੂੰ ਕੋਈ ਵੇਰਵਾ ਮਾਲੂਮ ਨਹੀਂ ਸੀ। ਪਰ ਅਸੀਂ ਡਾਹਢੇ ਫ਼ਿਕਰਮੰਦ ਸਾਂ। ਜਦੋਂ ਅਸੀਂ ਜਾਣ ਹੀ ਵਾਲੇ ਸੀ ਤਾਂ ਦਰਵਾਜ਼ਾ ਖੜਕਿਆ। ਪਹਿਲਾਂ ਅਸੀਂ ਸੋਚਿਆ ਕਿ ਪੁਲਿਸ ਹੋਵੇਗੀ; ਅਸੀਂ ਇਸ ਦੇ ਪੂਰੀ ਤਰ੍ਹਾਂ ਆਦੀ ਸੀ, ਕਿਉਂਕਿ ਜਦੋਂ ਵੀ ਹੜਤਾਲ ਦੀ ਵਿਉਂਤ ਬਣਾਈ ਜਾਂਦੀ ਜਾਂ ਜਦੋਂ ਵੀ ਕਿਸੇ ਕਿਸਮ ਦੀ ਸਿਆਸੀ ਸਰਗਰਮੀ ਹੋਈ ਹੁੰਦੀ ਤਾਂ ਪੁਲਿਸ ਦੇ ਛਾਪੇ ਤੇ ਤਫ਼ਤੀਸ਼ ਸਾਡੇ ਰੋਜ਼ਾਨਾ ਖਾਣੇ ਵਾਂਗ ਆਮ ਗੱਲ ਬਣ ਜਾਂਦੀ।

ਸਾਰੇ ਸਾਥੀ ਘਰ ਦੇ ਪਿਛਲੇ ਵਾੜੇ 'ਚੋਂ ਦੀ ਨਿਕਲ ਗਏ। ਇਹ ਰਸਤਾ ਕੂੜੇ ਦੇ ਢੇਰ ਵੱਲ ਜਾ ਨਿਕਲਦਾ ਸੀ, ਤੇ ਮੈਂ ਦਰਵਾਜ਼ਾ ਖੋਹਲ ਦਿੱਤਾ। ਬਾਹਰ ਪੁਲਿਸ ਨਹੀਂ ਸੀ ਸਗੋਂ ਲੜਾਈ 'ਚ ਫੱਟੜ ਹੋਏ ਕਈ ਸਾਥੀ ਸਨ। ਉਹ ਮੇਰੇ ਘਰ 'ਚ ਪਨਾਹ ਲੈਣ ਤੇ ਛੁਪਣ ਲਈ ਆਏ ਸਨ, ਇਸ ਘਰ ਦੇ ਦਰਵਾਜ਼ੇ ਹਮੇਸ਼ਾ ਲੋੜਵੰਦਾਂ ਲਈ ਖੁੱਲ੍ਹੇ ਰਹਿੰਦੇ ਸਨ। ਇਨ੍ਹਾਂ ਸਾਥੀਆਂ 'ਚੋਂ ਐਬਰੋਜ਼ੀਓ ਐਗਰਸ ਦੇ ਢਿੱਡ 'ਚ ਗੋਲੀ ਲੱਗੀ ਸੀ, ਉਹ ਸਿਰਫ਼ ਉਨ੍ਹਾਂ ਦੋ ਸਾਥੀਆਂ ਦੇ ਸਹਾਰੇ ਖੜ੍ਹਾ ਸੀ ਜਿਨ੍ਹਾਂ ਦੇ ਜ਼ਖ਼ਮ ਘੱਟ ਗੰਭੀਰ ਸਨ।

ਮੈਂ ਉਨ੍ਹਾਂ ਨੂੰ ਅੰਦਰ ਆਉਣ ਲਈ ਕਿਹਾ। ਇਕ ਦੇ ਲੱਤ 'ਚ ਗੋਲੀ ਵੱਜੀ ਸੀ ਤੇ ਦੂਜੇ ਦੇ ਬਾਂਹ 'ਚ। ਜਿਸ ਤਰ੍ਹਾਂ ਦਾ ਮਾੜਾ-ਮੋਟਾ ਓਹੜ-ਪੋਹੜ ਘਰ 'ਚ ਹੋ ਸਕਦਾ ਸੀ ਉਸ ਦੀ ਸਹਾਇਤਾ ਨਾਲ ਮੈਂ ਘੱਟ ਜ਼ਖ਼ਮੀਆਂ ਦੀ ਸਾਂਭ-ਸੰਭਾਲ ਕੀਤੀ। ਪਰ ਮੇਰੀ ਐਗਰਸ ਨੂੰ ਛੂਹਣ ਦੀ ਹਿੰਮਤ ਨਾ ਪਈ। ਸਾਡੇ ਵਿਚੋਂ ਇਕ ਜਣਾ ਕੁਝ ਮੀਲ ਦੂਰ ਕਸਬੇ ਤੋਂ ਸਾਡੇ ਇਕ ਹਮਦਰਦ ਡਾਕਟਰ ਨੂੰ ਲੈਣ ਚਲਾ ਗਿਆ। ਡਾਕਟਰ ਆ ਗਿਆ ਤੇ ਐਗਰਸ ਦਾ ਮੁਆਇਨਾ ਕਰਨ ਤੋਂ ਬਾਦ ਸਾਨੂੰ ਦੱਸਿਆ ਕਿ ਉਸ ਦੀ ਹਾਲਤ ਨਾਜ਼ੁਕ ਹੈ, ਕਿ ਪੇਟ ਦੀ ਸੋਜ਼ਿਸ਼ ਹੋਣ (Peritonitis) ਦਾ ਖ਼ਤਰਾ ਹੈ, ਕਿ ਇਸ ਦਾ ਅਰਥ ਹੋਵੇਗਾ ਲਗਭਗ ਪੱਕੀ ਮੌਤ।

ਜਿਹੜੇ ਚੱਲ ਸਕਦੇ ਸਨ ਅਸੀਂ ਉਨ੍ਹਾਂ ਬਾਰੇ ਫੈਸਲਾ ਕੀਤਾ ਕਿ ਉਹ ਸਾਂਤਾਂਦੇਰ ਸੂਬੇ ਦੇ ਇਕ ਛੋਟੇ ਕਸਬੇ 'ਚ ਚਲੇ ਜਾਣ ਜਿੱਥੇ ਸਾਡੇ ਕੁਝ ਦੋਸਤ ਉਨ੍ਹਾਂ ਦੀ ਸਾਂਭ-ਸੰਭਾਲ ਕਰ ਲੈਣਗੇ। ਐਗਰਸ ਦਾ ਬੁਖ਼ਾਰ ਹੌਲੀ-ਹੌਲੀ ਘਟ ਗਿਆ ਸੀ, ਉਹ ਮੇਰੇ ਘਰ ਠਹਿਰ ਗਿਆ। ਜਦੋਂ ਉਸਦੀ ਹਾਲਤ ਠੀਕ ਹੋ ਗਈ ਤਾਂ ਪਹਿਲਾਂ ਅਸੀਂ ਉਸਨੂੰ ਖਾਣ ਜ਼ਿਲ੍ਹੇ ਦੇ ਇਕ ਹੋਰ ਪਿੰਡ 'ਚ ਲੈ ਗਏ ਅਤੇ ਬਾਦ 'ਚ ਸਾਂਤਾਂਦੇਰ ਸੂਬੇ 'ਚ। ਤੇ ਇਹ ਉਸਦੀ ਤੇ ਮੇਰੀ ਸਾਡੀ ਦੋਵਾਂ ਦੀ ਬਦਕਿਸਮਤੀ ਸੀ।

ਇਸ ਪਿੰਡ 'ਚ ਲੋਕ ਘਰਾਂ ਤੋਂ ਬਾਹਰ ਮੌਜ ਮਸਤੀ 'ਚ ਰੁੱਝੇ ਹੋਏ ਸਨ, ਜੋ ਬੜੀ ਮਸ਼ਹੂਰ ਸੀ, ਇਸ 'ਚ ਨਾ ਸਿਰਫ ਪਹਾੜਾਂ ਦੇ ਲੋਕ ਹੀ ਸ਼ਾਮਲ ਸਨ ਸਗੋਂ ਵਿਜ਼ਕਾਇਆ ਦੇ ਅਨੇਕਾਂ ਲੋਕ ਵੀ ਆਏ ਹੋਏ ਸਨ। ਇਨ੍ਹਾਂ 'ਚ ਸਮਾਜਵਾਦੀ ਸਿਵਲ ਗਾਰਡਾਂ ਦੀ ਟੋਲੀ ਵੀ ਸੀ। ਹੋਇਆ ਇਹ ਕਿ

ਉਨ੍ਹਾਂ ਨੂੰ ਐਗਰਸ ਟੱਕਰ ਗਿਆ, ਜੋ ਲਾਪਰਵਾਹ ਹੋ ਕੇ ਦਿਲ ਪ੍ਰਚਾਉਣ ਲਈ ਘਰੋਂ ਬਾਹਰ ਆ ਗਿਆ ਸੀ। ਉਸ ਦਾ ਪਿੱਛਾ ਕੀਤਾ ਜਾਣ ਲੱਗਿਆ। ਬਹੁਤ ਘੱਟ ਗਿਆਤ ਰਾਹਾਂ ਤੇ ਪਹਾੜੀ ਦਰਿਆ ਵਿਚੋਂ ਦੀ ਲੰਘਕੇ ਉਹ ਦੇਰ ਰਾਤ ਮੇਰੇ ਘਰ ਆ ਪਹੁੰਚਿਆ, ਉਸ ਸਮੇਂ ਮੈਂ ਮੈਡਰਿਡ ਨੂੰ ਰਵਾਨਾ ਹੋਣ ਵਾਲੀ ਸਾਂ। ਅਸੀਂ ਉਸਦਾ ਧਿਆਨ ਉਸਦੀਆਂ ਮੂਰਖ਼ਾਨਾ ਹਰਕਤਾਂ ਵੱਲ ਦਿਵਾਇਆ, ਕਿ ਕਿਵੇਂ ਇਨ੍ਹਾਂ ਕਰਕੇ ਖ਼ੁਫ਼ੀਆ ਕੰਮ ਦੇ ਅਸੂਲਾਂ ਦੀ ਉਲੰਘਣਾ ਹੀ ਨਹੀਂ ਹੋਈ ਸਗੋਂ ਉਨ੍ਹਾਂ ਸਾਥੀਆਂ ਲਈ ਵੀ ਖ਼ਤਰਾ ਬਣ ਗਿਆ ਸੀ ਜਿਨ੍ਹਾਂ ਨੇ ਉਸਦੀ ਮਦਦ ਕੀਤੀ ਸੀ।

ਮੈਂ ਉਸ ਨੂੰ ਦੱਸਿਆ ਕਿ ਭਲਕੇ ਮੈਨੂੰ ਪਾਰਟੀ ਦੀਆਂ ਹਦਾਇਤਾਂ ਤਹਿਤ ਜਾਣਾ ਪੈਣਾ ਹੈ ਤੇ, ਇਸ ਕਰਕੇ ਉਹ ਸਿਰਫ਼ ਕੁਝ ਦਿਨ ਹੀ ਇੱਥੇ ਰਹਿ ਸਕਦਾ ਹੈ—ਮੇਰੀ ਮਾਂ ਜੋ ਸਾਡੀ ਮਦਦ ਲਈ ਆਈ ਸੀ, ਨੂੰ ਹਰ ਚੀਜ਼ ਥਾਂ ਸਿਰ ਕਰਨ ਲਈ ਸਮਾਂ ਚਾਹੀਦਾ ਸੀ। ਉਹ ਸਮਝ ਗਿਆ, ਤੇ ਅਗਲੀ ਸਵੇਰੇ ਮੈਂ ਚਲੀ ਗਈ। ਆਪਣੇ ਬੱਚਿਆਂ ਰੂਬਿਨ ਤੇ ਅਮਾਇਆ ਨੂੰ ਲੈ ਕੇ ਮੈਂ ਬਿਲਬਾਓ ਦੀ ਗੱਡੀ ਫੜ੍ਹਨ ਲਈ ਸਟੇਸ਼ਨ ਨੂੰ ਚੱਲ ਪਈ।

ਸੜਕੇ-ਸੜਕੇ ਜਾਣ ਦੀ ਥਾਂ ਮੈਂ ਵਿਚੋਂ ਦੀ ਜਾਣ ਦਾ ਫ਼ੈਸਲਾ ਕੀਤਾ। ਜਿਉਂ ਹੀ ਮੈਂ ਇਕ ਪਹਾੜੀ ਦੀ ਟੀਸੀ 'ਤੇ ਪਹੁੰਚੀ, ਮੈਂ ਦੇਖਿਆ ਕਿ ਇਕ ਆਦਮੀ ਸਾਨੂੰ ਰੁਕਣ ਦਾ ਇਸ਼ਾਰਾ ਕਰ ਰਿਹਾ ਸੀ।

"ਇਹ ਤਾਂ ਮਾਰੀਆਨੋ ਏ," ਰੂਬਿਨ ਨੇ ਆਖਿਆ।

ਮਾਰੀਆਨੋ ਪੁਰਾਣਾ ਮਜ਼ਦੂਰ ਸੀ ਜੋ ਆਪਣੇ ਵਿਦਰੋਹੀ ਸੁਭਾਅ ਕਰਕੇ, ਹਮੇਸ਼ਾ ਜ਼ੁਲਮ ਦਾ ਸ਼ਿਕਾਰ ਹੁੰਦਾ ਰਹਿੰਦਾ ਸੀ। ਕੋਈ ਵੀ ਉਸਨੂੰ ਨੌਕਰੀ ਨਾ ਦਿੰਦਾ, ਤੇ ਉਸਦਾ ਟੱਬਰ ਹਮੇਸ਼ਾ ਗਰੀਬੀ ਤੇ ਮੁਸ਼ਕਲਾਂ 'ਚ ਨਰਕ ਭੋਗਦਾ। ਕੋਲ ਪਹੁੰਚਣ 'ਤੇ ਉਹ ਘਬਰਾਹਟ 'ਚ ਕਾਹਲੀ ਕਾਹਲੀ ਦੱਸਣ ਲੱਗਿਆ; "ਸਿਵਲ ਗਾਰਡਾਂ ਦਾ ਭਰਿਆ ਟਰੱਕ ਤੇ ਪੁਲਿਸ ਦੀਆਂ ਦੋ ਕਾਰਾਂ ਹੁਣੇ ਹੀ ਤੁਹਾਡੇ ਘਰ ਵੱਲ ਗਈਆਂ ਹਨ।"

ਮੈਂ ਪਲ ਭਰ ਵੀ ਨਾ ਝਿਜਕੀ, ਮੈਂ ਆਪਣੇ ਦਸ ਸਾਲ ਦੇ ਰੂਬਿਨ ਨੂੰ ਘਰ ਭੇਜ ਦਿੱਤਾ ਕਿ ਜਾ ਕੇ ਐਗਰਸ ਨੂੰ ਦੱਸ ਦੇਵੇ ਕਿ ਪੁਲਿਸ ਉਸ ਦੀ ਭਾਲ 'ਚ ਹੈ। ਰੂਬਿਨ ਤੇਜ਼ੀ ਨਾਲ ਦੌੜਕੇ ਪੁਲਿਸ ਤੋਂ ਪਹਿਲਾਂ ਘਰ ਚਲਾ ਗਿਆ। ਉਸ ਨੇ ਦਰਵਾਜ਼ਾ ਭੇੜ ਲਿਆ ਤੇ ਐਗਰਸ ਨੂੰ ਉਹ ਖਿੜਕੀ ਦਿਖਾ ਦਿੱਤੀ ਜਿਸ ਵਿਚੋਂ ਦੀ ਉਹ ਅਛੋਪਲੇ ਹੀ ਨਿਕਲ ਸਕਦਾ ਸੀ।

ਐਗਰਸ ਝਟਪਟ ਖਿਸਕ ਗਿਆ, ਜਦੋਂਕਿ ਰੂਬਿਨ ਪੁਲਿਸ ਲਈ ਦਰਵਾਜ਼ਾ ਖੋਹਲਣ ਚਲਾ ਗਿਆ ਜੋ ਅੱਗ ਬਗੂਲਾ ਹੋਈ ਦਰਵਾਜ਼ਾ ਤੋੜਕੇ ਅੰਦਰ ਆਉਣ ਦੀਆਂ ਧਮਕੀਆਂ ਦੇ ਰਹੀ ਸੀ। ਉਹ ਤੇਜ਼ੀ ਨਾਲ ਘਰ 'ਚ ਘੁਸ ਗਏ, ਤੇ ਜਦੋਂ ਉਨਾਂ ਨੂੰ ਐਗਰਸ ਨਾ ਲੱਭਿਆ ਜਿਸਦੀ ਉਹ ਭਾਲ ਕਰ ਰਹੇ ਸਨ ਤਾਂ ਉਨ੍ਹਾਂ ਨੇ ਹਰ ਚੀਜ਼ ਉਲਟ-ਪੁਲਟ ਕਰ ਦਿੱਤੀ, ਤੇ ਨਾਲ ਸਾਰਿਆਂ ਨੂੰ ਉੱਚੀ-ਉੱਚੀ ਧਮਕਾਉਂਦੇ ਰਹੇ।

ਐਗਰਸ ਬਚਕੇ ਨਾ ਨਿਕਲ ਸਕਿਆ, ਕਿਉਂਕਿ ਜਿਸ ਸਮੇਂ ਪੁਲਿਸ ਨੇ ਸਾਡੇ ਘਰ ਦੀ ਤਲਾਸ਼ੀ ਲਈ, ਤਾਂ ਸਿਵਲ ਗਾਰਡਾਂ ਨੇ ਪਹਾੜੀਆਂ ਨੂੰ ਘੇਰਾ ਪਾ ਲਿਆ ਜਿੱਥੇ ਉਹ ਛੁਪਿਆ ਹੋਇਆ ਸੀ ਤੇ ਸਾਰੀਆਂ ਸੜਕਾਂ ਤੇ ਰਾਹ ਰੋਕ ਲਏ ਸਨ ਤੇ ਜਦੋਂ ਉਹ ਇਹ ਸੋਚਕੇ ਨਿਕਲ ਤੁਰਿਆ ਕਿ ਰਾਹ ਸਾਫ਼ ਹੈ ਤਾਂ ਉਹ ਅੜਿੱਕੇ ਆ ਗਿਆ।

ਕਿਉਂਕਿ ਮੈਨੂੰ ਡਰ ਸੀ ਕਿ ਮੈਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ, ਮੈਂ ਸੂਬਾ ਕਮੇਟੀ ਦੇ ਸਾਥੀਆਂ ਨੂੰ ਪੁੱਛਿਆ ਕਿ ਉਨ੍ਹਾਂ ਦੀ ਸੋਚ ਮੁਤਾਬਿਕ ਕੀ ਮੈਡਾਰਿਡ ਜਾਣਾ ਠੀਕ ਹੈ। ਉਹ

ਸੋਚਦੇ ਸਨ ਕਿ ਮੈਨੂੰ ਚਲੇ ਜਾਣਾ ਚਾਹੀਦਾ ਹੈ, ਕਿਉਂਕਿ ਕਿਸੇ ਵੀ ਹਾਲਤ 'ਚ ਮੇਰੇ ਪਤੀ ਨੂੰ ਗ੍ਰਿਫ਼ਤਾਰ ਕਰਨ ਦੀ ਸੰਭਾਵਨਾ ਵੱਧ ਸੀ। ਹਾਲਾਂਕਿ ਇਸ ਤਰ੍ਹਾਂ ਨਹੀਂ ਹੋਇਆ।

ਇਕ ਦੁਪਹਿਰ ਨੂੰ, ਜਦੋਂ ਮੈਂ *ਮੁੰਡੋ ਓਬਰੇਰੋ* ਦੇ ਸੰਪਾਦਕੀ ਦਫ਼ਤਰ ਤੋਂ ਨਿਕਲ ਰਹੀ ਸੀ, ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸੁਰੱਖਿਆ ਦੀ ਆਮ ਬਿਊਰੋ ਦੇ ਦਫ਼ਤਰ ਲਿਜਾਇਆ ਗਿਆ। ਮੈਨੂੰ ਆਮ ਮੁਜਰਮਾਂ ਵਾਲੀ ਸ਼੍ਰੇਣੀ 'ਚ ਰੱਖਿਆ ਗਿਆ ਅਤੇ ਵੇਸਵਾਵਾਂ ਤੇ ਹੋਰ ਮਾੜੇ ਚਾਲ-ਚੱਲਣ ਵਾਲੀਆਂ ਔਰਤਾਂ ਦੇ ਨਾਲ ਕੋਠੜੀ 'ਚ ਬੰਦ ਕਰ ਦਿੱਤਾ ਗਿਆ। ਉੱਥੇ ਰਹਿਕੇ ਅਧਿਕਾਰੀਆਂ ਦੇ ਅਗਲੇ ਫ਼ੈਸਲੇ ਦੀ ਉਡੀਕ ਕਰਨੀ ਪੈਣੀ ਸੀ।

ਨਾ ਕਿਸੇ ਨੇ ਮੈਨੂੰ ਬਿਆਨ ਦੇਣ ਲਈ ਕਿਹਾ, ਨਾ ਮੇਰੀ ਵਾਰ-ਵਾਰ ਬੇਨਤੀ ਦੇ ਬਾਵਜੂਦ, ਮੇਰੀ ਗ੍ਰਿਫ਼ਤਾਰੀ ਦਾ ਕਾਰਣ ਮੈਨੂੰ ਦੱਸਿਆ ਗਿਆ। ਗ੍ਰਿਫ਼ਤਾਰੀ ਤੋਂ ਤੀਸਰੇ ਦਿਨ ਅੱਧੀ ਰਾਤ ਨੂੰ ਸੁਰੱਖਿਆ ਗਾਰਡ ਸੈੱਲ ਦਾ ਦਰਵਾਜ਼ਾ ਖੋਹਲ ਕੇ ਚੀਕਿਆ: "ਸਾਰੀਆਂ ਜਣੀਆਂ ਝੋਨੇ ਵਾਲੀ ਬੋਗੀ ਕੋਲ ਚਲੀਆਂ ਜਾਉ।"

ਮੈਂ ਪੁੱਛਿਆ, "ਮੈਂ ਵੀ ?"

"ਹਾਂ, ਤੂੰ ਵੀ!"

ਰੋਸ ਪ੍ਰਗਟਾਉਣਾ ਹਾਸੋਹੀਣੀ ਗੱਲ ਸੀ ਤੇ, ਕਿਸੇ ਵੀ ਤਰ੍ਹਾਂ, ਬੇਅਰਥ ਵੀ। ਸਾਡਾ ਸਾਰੀਆਂ ਦਾ ਤਬਾਦਲਾ ਜੇਲ੍ਹ 'ਚ ਕਰਨ ਦਾ ਹੁਕਮ ਸੀ, ਤੇ ਗਾਰਡਾਂ ਨੇ ਹੁਕਮਾਂ ਦੀ ਪਾਲਣਾ ਕੀਤੀ। ਇਹ ਉਨ੍ਹਾਂ ਦਾ ਨਿੱਜੀ ਹੁਕਮ ਨਹੀਂ ਸੀ—ਉਹ ਤਾਂ ਸਿਰਫ ਆਪਣਾ ਫਰਜ਼ ਨਿਭਾ ਰਹੇ ਸਨ।

ਔਰਤਾਂ ਦੀ ਜੇਲ੍ਹ 'ਚ ਜਾਣਾ ਸੱਚੀਓਂ ਹੀ ਕੋਈ ਸ਼ੈਅ ਸੀ! ਮੇਰੇ ਸੈੱਲ ਵਿਚਲੀਆਂ ਔਰਤਾਂ ਪੰਦਰੀਂ ਦਿਨੀ "ਕਿਓਪ੍ਰਨਜ ਸਟਰੀਟ ਹੋਟਲ" ਦੀਆਂ ਮਹਿਮਾਨ ਬਣਦੀਆਂ ਸਨ। ਉਨ੍ਹਾਂ ਨੇ ਇਸ ਜੇਲ੍ਹ ਦਾ ਇਹ ਨਾਂਅ ਰੱਖਿਆ ਹੋਇਆ ਸੀ, ਅਤੇ ਵਾਰਡਨ ਤੇ ਜੇਲ੍ਹ ਦੀਆਂ ਸੰਚਾਲਕ ਸਾਧਵੀਆਂ ਉਨ੍ਹਾਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਉਹ ਪੂਰੀ ਬੇਪਰਵਾਹੀ ਨਾਲ ਅੰਦਰ ਚਲੀਆਂ ਗਈਆਂ, ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਸਗੋਂ ਕਾਫ਼ੀ ਹਮਦਰਦੀ ਨਾਲ ਆਓ ਭਗਤ ਹੋਈ।

ਪਰ ਮੈਂ ਤਾਂ ਇਕ ਅਜਨਬੀ ਸੀ, ਇਕ ਕੈਦੀ ਸੀ ਜਿਸ ਨੂੰ ਜੇਲ 'ਚ ਰੱਖਣ ਦੀ ਕੋਈ ਖ਼ਾਸ ਵਜ੍ਹਾ ਨਹੀਂ ਸੀ ਅਤੇ ਜਿਸਨੂੰ ਬਿਲਬਾਓ ਅਦਾਲਤ 'ਚ ਪੇਸ਼ ਕਰਨ ਲਈ ਕੈਦ ਰੱਖਿਆ ਜਾ ਰਿਹਾ ਸੀ। ਇੰਚਾਰਜ ਸਾਧਵੀ ਨੇ ਮੈਨੂੰ ਕੱਪੜੇ ਲਾਹੁਣ ਦਾ ਹੁਕਮ ਸੁਣਾ ਦਿੱਤਾ। ਮੈਂ ਇਨਕਾਰ ਕਰ ਦਿੱਤਾ।

"ਮੈਂ ਕੱਪੜੇ ਕਿਉਂ ਲਾਹਾਂ ਜਦੋਂ ਸੁਰੱਖਿਆ ਦੀ ਜਨਰਲ ਬਿਊਰੋ ਨੇ ਮੇਰੀ ਜਾਮਾ ਤਲਾਸ਼ੀ ਲੈ ਲਈ ਸੀ ਜਿੱਥੇ ਉਨ੍ਹਾਂ ਨੇ ਮੇਰੇ ਪਹਿਨੇ ਹੋਏ ਹਰੇਕ ਕੱਪੜੇ ਨੂੰ ਗਹੁ ਨਾਲ ਦੇਖਿਆ ਸੀ ?"

"ਅਸੀਂ ਤਾਂ ਸਿਰਫ ਇਹ ਪਤਾ ਲਾਉਣਾ ਚਾਹੁੰਦੇ ਹਾਂ ਕਿ ਤੂੰ ਬੀਮਾਰ ਤਾਂ ਨਹੀਂ, ਤੇਰੇ ਕੋਲ ਕੋਈ ਹਥਿਆਰ ਜਾਂ ਤੰਬਾਕੂ ਤਾਂ ਨਹੀਂ," ਸਾਧਵੀ ਕਹਿਣ ਲੱਗੀ।

"ਜੇ ਤੁਸੀਂ ਇਹ ਜਾਨਣਾ ਚਾਹੁੰਦੇ ਹੋ ਕਿ ਮੈਂ ਬੀਮਾਰ ਤਾਂ ਨਹੀਂ ਤਾਂ ਡਾਕਟਰ ਨੂੰ ਬੁਲਾਉ। ਮੇਰੇ ਕੋਲ ਕੋਈ ਹਥਿਆਰ ਨਹੀਂ ਕਿਉਂਕਿ ਮੈਂ ਮੁਜਰਮ ਨਹੀਂ ਹਾਂ ਨਾ ਹੀ ਮੇਰੇ ਕੋਲ ਤੰਬਾਕੂ ਹੈ ਕਿਉਂਕਿ ਮੈਂ ਸਿਗਰਟ ਨਹੀਂ ਪੀਂਦੀ। ਮੈਨੂੰ ਸਿਆਸੀ ਕਾਰਣਾਂ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ, ਅਤੇ ਤੁਹਾਨੂੰ ਮੇਰੀ ਪੁੱਛਗਿੱਛ ਕਰਨ ਦਾ ਜਾਂ ਮੇਰੇ ਨਾਲ ਉਸ ਤੋਂ ਭੈੜਾ ਵਰਤਾਓ ਕਰਨ ਦਾ ਕੋਈ ਹੱਕ ਨਹੀਂ ਹੈ ਜੋ ਬਾਕੀ ਕੈਦੀਆਂ ਨਾਲ ਕੀਤਾ ਜਾਂਦਾ ਹੈ।"

"ਹੋ ਸਕਦਾ ਤੂੰ ਸਿਗਰਟ ਨਾ ਪੀਂਦੀ ਹੋਵੇ, ਪਰ ਤੇਰੇ ਕੱਪੜਿਆਂ 'ਚੋਂ ਤੰਬਾਕੂ ਦੀ ਬੋਅ ਆ ਰਹੀ ਹੈ।"

"ਮੈਂ ਇਸ 'ਤੇ ਕਿੰਤੂ ਨਹੀਂ ਕਰਦੀ। ਤਕਰੀਬਨ ਤਿੰਨ ਦਿਨ ਮੈਂ ਜਨਰਲ ਬਿਊਰੋ ਵਿਖੇ ਉਨ੍ਹਾਂ ਔਰਤਾਂ ਨਾਲ ਹਵਾਲਾਤ 'ਚ ਬੰਦ ਰਹੀ ਹਾਂ ਜਿਨ੍ਹਾਂ ਨੇ ਕਦੇ ਸਿਗਰਟ ਬੁਝਣ ਹੀ ਨਹੀਂ ਦਿੱਤੀ।"

ਸਾਧਵੀ ਨੂੰ ਹੁਣ ਬਿਲਕੁਲ ਨਹੀਂ ਸੀ ਔਹੜ ਰਿਹਾ ਕਿ ਕੀ ਕਰੇ; ਫਿਰ ਉਸਨੇ ਆਪਣੀ ਸਹਾਇਕ ਨੂੰ ਸਿਰ ਹਿਲਾਕੇ ਇਸ਼ਾਰਾ ਕੀਤਾ ਤੇ ਦੰਦ ਮੀਚ ਕੇ ਕਹਿਣ ਲੱਗੀ: "ਆ ਚੱਲੀਏ!"

ਜਿਨ੍ਹਾਂ ਔਰਤਾਂ ਦੇ ਨਾਲ ਮੈਨੂੰ ਲਿਆਂਦਾ ਗਿਆ ਸੀ ਉਨ੍ਹਾਂ ਨੂੰ ਪਹਿਲਾਂ ਹੀ ਉਨ੍ਹਾਂ ਦੀਆਂ ਕੋਠੜੀਆਂ 'ਚ ਭੇਜ ਦਿੱਤਾ ਗਿਆ ਸੀ, ਇਹ ਪਹਿਲੀ ਮੰਜ਼ਲ 'ਤੇ ਨਿੱਕੇ ਜਹੇ ਵਿਹੜੇ ਦੇ ਸਾਹਮਣੇ ਵੱਡਾ ਕਮਰਾ ਸੀ, ਜਿੱਥੇ ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਬਿਤਾਇਆ ਸੀ। ਉਨ੍ਹਾਂ 'ਚੋਂ ਬਹੁਤੀਆਂ ਉਸ ਸਮੇਂ ਤੋਂ ਪਹਿਲਾਂ ਆਪਣਾ ਧੰਦਾ ਕਰਨ ਕਰਕੇ ਜੇਲ੍ਹ 'ਚ ਸਨ ਜਦੋਂ ਪੁਲਿਸ ਨੇ ਕਾਇਦੇ-ਕਾਨੂੰਨ ਤੈਅ ਕੀਤੇ।

ਉਹ ਮੈਨੂੰ ਦੂਜੀ ਮੰਜ਼ਲ 'ਤੇ ਲੈ ਗਏ, ਜਿੱਥੇ ਆਮ ਮੁਜਰਮਾਂ ਨੂੰ ਰੱਖਿਆ ਹੋਇਆ ਸੀ। ਕਿਸੇ ਤਬੇਲੇ ਜਾਂ ਗਰਾਜ ਵਰਗੇ ਵੱਡੇ ਸਾਰੇ ਦਰਵਾਜ਼ੇ ਨਾਲ ਇਸ ਹਿੱਸੇ ਦਾ ਰਾਹ ਬੰਦ ਕੀਤਾ ਹੋਇਆ ਸੀ। ਜੇਲ੍ਹ ਦੀ ਬੋਲੀ 'ਚ ਇਸ ਨੂੰ "ਸਿਖ਼ਰਲੀ ਮੰਜ਼ਲ" ਕਿਹਾ ਜਾਂਦਾ ਸੀ, ਬਾਹਰ ਵੱਲ ਇਸ ਦੀਆਂ ਕੋਈ ਖਿੜਕੀਆਂ ਨਹੀਂ ਸਨ। ਸਾਧਵੀ ਨੇ ਮੈਨੂੰ ਇਕ ਮੰਜਾ ਦਿਖਾ ਦਿੱਤਾ ਜਿੱਥੇ ਮੈਂ ਲੰਮੀ ਪੈ ਸਕਦੀ ਸੀ।

ਸਿਖ਼ਰਲੀ ਮੰਜ਼ਲ 'ਚ ਚੁੱਪ-ਚਾਂ ਤੇ ਹਨੇਰੇ ਦਾ ਆਲਮ ਸੀ, ਅਤੇ ਨੱਕ ਤੇ ਗਲੇ 'ਚ ਪੇਸ਼ਾਬ ਦੀ ਬਹੁਤ ਹੀ ਤੇਜ਼ ਬਦਬੂ ਚੜ੍ਹਨ ਨਾਲ ਬੇਅਰਾਮ ਕਰਨ ਵਾਲੀ ਜਲਣ ਹੋਣ ਲੱਗਦੀ ਸੀ। ਪਖ਼ਾਨੇ ਕਮਰੇ ਦੇ ਅੰਦਰ ਹੀ ਸਨ, ਜਿਸ ਕਰਕੇ ਹਵਾ ਸਾਹ ਲੈਣ ਦੇ ਕਾਬਲ ਹੀ ਨਹੀਂ ਸੀ।

ਸਾਧਵੀ ਦੇ ਦਰਵਾਜ਼ੇ ਨੂੰ ਜੰਦਰਾ ਲਗਾਉਂਦੇ ਸਾਰ, ਔਰਤਾਂ ਘੁਸਰ ਮੁਸਰ ਕਰਨ ਲੱਗੀਆਂ। ਇੱਥੇ ਮੱਖੀਆਂ ਦੇ ਛੱਤੇ ਵਰਗੀ ਭੀਂ-ਭੀਂ ਹੋ ਰਹੀ ਸੀ। ਇਕ ਖੂੰਜੇ ਤੋਂ ਇਕ ਅੱਖੜ ਆਵਾਜ਼ ਨੇ ਅਪਮਾਨਤ ਕਰਨ ਦੇ ਲਹਿਜ਼ੇ 'ਚ ਗਿਲਾ ਕੀਤਾ: "ਰਾਤ ਸੌਣ ਲਈ ਹੁੰਦੀ ਹੈ! ਤੂੰ ਪਹਿਲਾਂ ਆ ਜਾਂਦੀ!"

ਮੈਨੂੰ ਕਈ ਸਾਲ ਪਹਿਲਾਂ, ਜੇਲ੍ਹ ਜੀਵਨ ਦੇ ਦਸਤੂਰ ਸੰਬੰਧੀ ਕਿਤਾਬ 'ਚ ਪੜ੍ਹੀ ਗੱਲ ਯਾਦ ਆ ਗਈ ਜਿਸ 'ਚ ਦੂਜੇ ਕੈਦੀਆਂ ਕੋਲੋਂ ਮਾਣ-ਤਾਣ ਕਰਾਉਣ ਦੀ ਮਹੱਤਤਾ ਦੱਸੀ ਗਈ ਸੀ। ਮੈਂ ਜੇਲ੍ਹ ਇਸ ਦ੍ਰਿੜ ਇਰਾਦੇ ਨਾਲ ਗਈ ਸੀ ਕਿ ਉਨ੍ਹਾਂ ਨੂੰ ਇਹ ਸਚਾਈ ਕਬੂਲ ਕਰਾਉਣੀ ਸੀ ਕਿ ਮੈਂ ਕਮਿਊਨਿਸਟ ਸੀ ਅਤੇ ਮੈਂ ਕਿਸੇ ਤਰ੍ਹਾਂ ਦੀ ਹੱਤਕ ਜਾਂ ਹੇਠੀ ਸਹਿਣ ਨਾ ਕਰਨ ਦੀ ਧਾਰੀ ਹੋਈ ਸੀ। ਇਸ ਕਰਕੇ ਮੈਂ ਉਸ ਔਰਤ ਦਾ ਜਵਾਬ ਸ਼ਾਂਤ ਤੇ ਜਬ੍ਹੇ ਨਾਲ ਦਿੱਤਾ, ਜਿਸਨੇ ਸ਼ਿਕਾਇਤ ਕੀਤੀ ਸੀ।

"ਗੱਲ ਸੁਣ ਲੈ ਨੀ। ਮੈਂ ਦੇਖ ਨਹੀਂ ਸਕਦੀ ਕਿ ਤੂੰ ਕਿੱਥੇ ਹੈਂ, ਮੈਨੂੰ ਨਹੀਂ ਪਤਾ ਤੂੰ ਮੁਟਿਆਰ ਏਂ ਜਾਂ ਬੁੱਢੀ, ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਤੂੰ ਮੈਨੂੰ ਦੱਸ ਸਕਦੀ ਏਂ ਕਿ ਕਿਹੜੀ ਪੁਲਿਸ ਨੂੰ ਤੂੰ ਇੱਥੇ ਹੋਟਲ 'ਚ ਲਿਆਉਣ ਲਈ ਕਿਹੜੀ ਸ਼ੁਭ ਘੜੀ ਦੱਸੀ ਸੀ? ਮੈਂ ਨਹੀਂ ਜਾਣਦੀ ਤੂੰ ਇੱਥੇ ਕਿਉਂ ਤੇ ਕਿਵੇਂ ਆਈ ਏਂ। ਪਰ ਮੈਂ ਤੈਨੂੰ ਦੱਸ ਦਿਆਂ ਕਿ ਮੈਂ ਇੱਥੇ ਆਈ

ਨਹੀਂ। ਮੈਂ ਇੱਥੇ ਲਿਆਂਦੀ ਗਈ ਹਾਂ, ਨਿਰੀ ਇਹੀ ਗੱਲ ਨਹੀਂ ਹੈ। ਕੁਝ ਵੀ ਹੈ, ਜੇ ਨਵੇਂ ਮਹਿਮਾਨ ਦੇ ਆਉਣ ਨਾਲ ਤੈਨੂੰ ਪਰੇਸ਼ਾਨੀ ਹੁੰਦੀ ਹੈ ਤਾਂ ਤੂੰ ਵੱਖਰਾ ਕਮਰਾ ਲੈ ਲੈ; ਫਿਰ ਤੇਰੀ ਪਰੇਸ਼ਾਨੀ ਨਹੀਂ ਰਹੇਗੀ।"

ਕੁਝ ਦੱਬਵੀਂ ਜਹੀ ਘੁਸਰ-ਮੁਸਰ ਹੋਈ। ਬਿਨਾ ਜਾਣਕਾਰੀ ਦੇ ਹੀ, ਮੈਂ ਜੇਲ੍ਹ ਵਿਚ ਇਕ ਸਭ ਤੋਂ ਖ਼ੌਫ਼ਨਾਕ ਔਰਤ ਦੀ ਸੁਰਤ ਟਿਕਾਣੇ ਲਿਆ ਦਿੱਤੀ ਸੀ। ਉਹ ਧੰਦੇਬਾਜ਼ ਚੋਰਨੀ, ਮੈਨੂਏਲਾ ਸੀ, ਜੋ ਨਿੱਕੀ ਜਹੀ ਗੱਲ ਤੋਂ ਚਿੜ੍ਹ ਕੇ ਤੁਹਾਨੂੰ ਬਲੇਡ ਨਾਲ ਵੱਢ ਸਕਦੀ ਸੀ।

ਸਿਖ਼ਰਲੀ ਮੰਜ਼ਲ 'ਤੇ ਉਸ ਰਾਤ ਕਿਸੇ ਨੂੰ ਨੀਂਦ ਨਾ ਆਈ—ਮੇਰੀ ਅੱਖ ਨਵੇਂ ਮਾਹੌਲ ਕਰਕੇ ਨਹੀਂ ਸੀ ਲੱਗਦੀ; ਤੇ ਮੇਰੇ ਸੈੱਲ ਵਾਲੀਆਂ ਨੂੰ ਇਸ ਕਰਕੇ ਕਿ ਉਹ ਮੇਰੇ ਤੇ ਮੇਨੂਏਲਾ ਵਿਚਕਾਰ ਲੜਾਈ ਨੂੰ ਦੇਖਣ ਦਾ ਮੌਕਾ ਨਹੀਂ ਸੀ ਖੁੰਝਾਉਣਾ ਚਾਹੁੰਦੀਆਂ ਜਿਸ ਦੀ ਉਨ੍ਹਾਂ ਨੂੰ ਪੂਰੀ ਆਸ ਸੀ।

ਸਾਢੇ ਛੇ ਵਜੇ ਘੰਟੀ ਦੇ ਸ਼ੋਰ ਨੇ ਸਾਨੂੰ ਜਗਾ ਦਿੱਤਾ। ਕੈਦਣਾਂ ਛਾਲਾਂ ਮਾਰਕੇ ਬਿਸਤਰਿਆਂ 'ਚੋਂ ਨਿਕਲ ਆਈਆਂ ਅਤੇ ਕੱਪੜੇ ਪਾਉਣ ਲੱਗੀਆਂ।"

"ਨੀ ਤੂੰ ਨਹੀਂ ਉੱਠਣਾ," ਇਕ ਔਰਤ ਨੇ ਆਖਿਆ। "ਜਦੋਂ ਘੰਟੀ ਵੱਜਦੀ ਹੈ ਤਾਂ ਇਸਦਾ ਭਾਵ ਹੈ ਤੁਸੀਂ ਉੱਠਣਾ ਹੈ। ਹੁਣੇ ਸਾਧਵੀ ਆ ਜਾਵੇਗੀ।"

"ਆਉਣ ਦੇ ਉਸ ਨੂੰ। ਮੈਨੂੰ ਨਹੀਂ ਲੱਗਦਾ ਉਹ ਮੈਨੂੰ ਖਾ ਜਾਵੇਗੀ।"

ਮੈਨੂਏਲਾ ਨੂੰ ਛੱਡਕੇ ਬਾਕੀ ਸਾਰੀਆਂ ਮੇਰੇ ਕੋਲ ਆ ਗਈਆਂ। ਉਹ ਜਾਨਣਾ ਚਾਹੁੰਦੀਆਂ ਸਨ ਕਿ ਮੈਂ ਕੌਣ ਸਾਂ ਤੇ ਮੈਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ ਸੀ। ਆਮ ਸਵਾਲ ਪੁੱਛੇ ਜਾਣ ਲੱਗੇ:

"ਕਤਲ ਕੀਤੈ?"

"ਨਹੀਂ।"

"ਚੋਰੀ?"

"ਨਹੀਂ!"

"ਅਗਵਾ ਕੀਤਾ?"

"ਨਾ ਕਤਲ, ਨਾ ਚੋਰੀ, ਨਾ ਅਗਵਾ।"

"ਫਿਰ ਤੈਨੂੰ ਏਥੇ ਕਿਉਂ ਲਿਆਂਦਾ?"

"ਇਕ ਕਮਿਊਨਿਸਟ ਹੋਣ ਕਰਕੇ!"

ਉਨ੍ਹਾਂ ਸਾਰੀਆਂ ਦੀ ਜ਼ਬਾਨ ਠਾਕੀ ਗਈ। ਸਮਾਜ ਤੋਂ ਬਾਹਰ ਦੀ ਇਸ ਦੁਨੀਆਂ ਵਾਲਿਆਂ ਲਈ ਕਮਿਊਨਿਸਟ ਔਰਤ ਐਸੀ ਸ਼ੈਅ ਸੀ ਜਿਸਨੂੰ ਨਾ ਕਿਸੇ ਨੇ ਦੇਖਿਆ ਸੀ, ਨਾ ਕਿਸੇ ਨੇ ਇਸ ਬਾਰੇ ਸੁਣਿਆ ਸੀ।

"ਤੇ ਇਹ ਕੀ ਬਲਾ ਹੋਈ?" ਇਕ ਨੇ ਪੁੱਛਿਆ।

"ਤੂੰ ਕੀ ਸੋਚਦੀ ਏਂ ਇਹ ਕੀ ਹੈ?" ਇਕ ਹੋਰ ਦਾ ਜਵਾਬ ਸੀ, "ਇਹ ਸਿਆਸਤ ਹੈ।"

"ਔਰਤਾਂ ਦਾ ਸਿਆਸਤ ਨਾਲ ਕੀ ਲਾਗਾ ਦੇਗਾ?"

"ਚੱਲ ਛੱਡ, ਤੇਰਾ ਮਤਲਬ ਹੈ ਤੂੰ ਜਾਣਦੀ ਨਹੀਂ? ਤੂੰ ਆਸਮਾਨ 'ਚ ਰਹਿੰਦੀ ਏਂ। ਕੀ ਤੂੰ ਜਾਣਦੀ ਨਹੀਂ ਕਿ ਇਸ ਜੇਲ੍ਹ ਦੀ ਡਾਇਰੈਕਟਰ—ਉਸ ਨੂੰ ਰੱਬ ਦੀ ਮਾਰ ਪਵੇ!—ਔਰਤ ਹੈ।"

"ਪਰ, ਤੁਸੀਂ ਉਨ੍ਹਾਂ 'ਚੋਂ ਨਹੀਂ ਹੋ, ਕੀ ਇੰਜ ਹੈ?"

"ਨਹੀਂ, ਮੈਂ ਨਹੀਂ ਹਾਂ। ਤੁਸੀਂ ਆਪ ਦੇਖ ਲਵੋ, ਜੇਲ੍ਹਾਂ ਦੇ ਵਿਭਾਗ ਦੀ ਮੁਖੀ ਇਕ ਔਰਤ ਹੈ, ਅਤੇ ਹੋਰ ਔਰਤਾਂ, ਤੁਹਾਡੇ ਤੇ ਮੇਰੇ ਵਰਗੀਆਂ, ਜੇਲ੍ਹ 'ਚ ਹਨ, ਇਕ ਜਾਂ ਦੂਜੀ ਵਜ੍ਹਾ ਕਰਕੇ।"

"ਤੇ, ਕਮਿਊਨਿਸਟ ਚਾਹੁੰਦੇ ਕੀ ਹਨ?"

"ਆਪਾਂ ਬਾਦ 'ਚ ਗੱਲ ਕਰਾਂਗੀਆਂ। ਹੁਣ ਮੈਂ ਕੱਪੜੇ ਪਾ ਲਵਾਂ।"

ਮੈਂ ਫਟਾਫਟ ਕੱਪੜੇ ਪਾ ਲਏ ਤੇ ਬਿਸਤਰਾ ਤਹਿ ਮਾਰ ਦਿੱਤਾ। ਫਿਰ ਮੈਂ ਉਨ੍ਹਾਂ 'ਚੋਂ ਇਕ ਤੋਂ ਝਾੜੂ ਮੰਗਿਆ, ਤਾਂ ਕਿ ਆਪਣੀ ਮੰਜੀ ਦਾ ਆਲਾ ਦੁਆਲਾ ਸਾਫ਼ ਕਰ ਦੇਵਾਂ।

"ਦਹਿ ਲੱਖਾਂ ਸਾਲ ਲੱਗ ਜਾਣ, ਤਾਂ ਵੀ ਤੂੰ ਜੇਲ੍ਹ ਦਾ ਫਰਸ਼ ਨਹੀਂ ਸੁੰਵਰਨਾ। ਅਸੀਂ ਇਹ ਆਪੇ ਕਰ ਲਵਾਂਗੀਆਂ।" ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਕੰਮ ਦੀ ਆਦੀ ਹਾਂ ਤੇ ਜੇ ਮੈਂ ਆਪਣੇ ਹਿੱਸੇ ਦਾ ਕੰਮ ਕਰ ਲਿਆ ਤਾਂ ਮੈਨੂੰ ਡੋਬੂ ਨਹੀਂ ਪੈਣ ਲੱਗਿਆ। ਪਰ ਉਨ੍ਹਾਂ ਨੇ ਮੈਨੂੰ ਕੁਝ ਨਹੀਂ ਕਰਨ ਦਿੱਤਾ।

ਹਾਜ਼ਰੀ ਲੱਗਣ ਤੋਂ ਬਾਦ, ਮੈਨੂਏਲਾ ਮੇਰੇ ਕੋਲ ਆ ਗਈ, ਬਾਕੀ ਔਰਤਾਂ ਦੀਆਂ ਉਤਸੁਕ ਨਜ਼ਰਾਂ ਉਸ 'ਤੇ ਟਿਕੀਆਂ ਹੋਈਆਂ ਸਨ।

"ਰਾਤ ਦੀ ਘਟਨਾ ਲਈ ਮੈਨੂੰ ਮਾਫ਼ ਕਰ ਦੇ, ਕੀ ਮਾਫ਼ ਨਹੀਂ ਕਰੇਂਗੀ? ਇਸ ਗੰਦ 'ਚ ਅਕਸਰ ਵਿਅਕਤੀ ਪਰੇਸ਼ਾਨ ਹੋ ਜਾਂਦਾ ਹੈ ਅਤੇ ਕਈ ਵਾਰ ਤੁਸੀਂ ਸੋਚਣ ਤੋਂ ਪਹਿਲਾਂ ਹੀ ਬੋਲ ਉੱਠਦੇ ਹੋ। ਮੈਨੂੰ ਆਸ ਹੈ ਤੂੰ ਮੇਰੇ ਨਾਲ ਨਾਰਾਜ਼ਗੀ ਨਹੀਂ ਰੱਖੇਂਗੀ।"

"ਮੈਨੂੰ ਕਾਹਦੀ ਨਾਰਾਜ਼ਗੀ? ਮੈਂ ਤੇਰੀ ਭਾਵਨਾ ਸਮਝਦੀ ਹਾਂ, ਪਰ ਤੈਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ 'ਚੋਂ ਕੋਈ ਵੀ ਇੱਥੇ ਮਰਜ਼ੀ ਨਾਲ ਨਹੀਂ ਆਉਂਦਾ ਅਤੇ ਆਪਾਂ ਸਾਰਿਆਂ ਨੂੰ ਇੱਥੇ ਗੰਦੀ ਵਲਗਣ 'ਚ ਕੈਦ ਰਹਿਣ 'ਤੇ ਗਿਲਾਨੀ ਹੁੰਦੀ ਹੈ। ਇਸ ਕਰਕੇ ਸਾਨੂੰ ਇਕ ਦੂਜੀ 'ਤੇ ਔਖ ਨਹੀਂ ਕੱਢਣੀ ਚਾਹੀਦੀ।"

"ਤੇਰੀ ਗੱਲ ਠੀਕ ਹੈ, ਤੇ ਮੈਂ ਤੈਨੂੰ ਦੱਸ ਦੇਵਾਂ ਕਿ ਮੈਂ ਤਹਿ ਦਿਲੋਂ ਤੇਰੀ ਦੋਸਤ ਹਾਂ ਜਿਸ 'ਤੇ ਤੂੰ ਭਰੋਸਾ ਕਰ ਸਕਦੀ ਏਂ।"

"ਮਿਹਰਬਾਨੀ।"

"ਕਿਉਂਕਿ ਤੈਨੂੰ ਦੇਰ ਨਾਲ ਲਿਆਂਦਾ ਗਿਆ ਸੋ ਤੇਰੇ ਕੋਲ ਨਾਸ਼ਤੇ ਲਈ ਪਿਆਲਾ ਨਹੀਂ ਹੋਣਾ। ਮੇਰੇ ਵਾਲਾ ਲੈ ਲੈ। ਸਾਫ਼-ਸੁਥਰਾ ਹੈ ਤੇ ਮੈਨੂੰ ਕੋਈ ਬੀਮਾਰੀ ਨਹੀਂ ਹੈ।"

"ਤੇ ਤੂੰ ਨਾਸ਼ਤਾ ਕਿਵੇਂ ਕਰੇਂਗੀ?"

"ਚਿੰਤਾ ਨਾ ਕਰ; ਮੈਂ ਟਿਕਾਣਾ ਜਾਣਦੀ ਹਾਂ ਕਿ ਆਪਣੀ ਜ਼ਰੂਰਤ ਦੀ ਚੀਜ਼ ਕਿੱਥੋਂ ਲੱਭਕੇ ਲਿਆਉਣੀ ਹੈ।"

ਮੈਂ ਪਿਆਲਾ ਲੈ ਲਿਆ। ਅਸੀਂ ਲੰਗਰ ਹਾਲ 'ਚ ਜਾਣ ਲਈ ਕਤਾਰ ਬਣਾ ਲਈ। ਜਦੋਂ ਅਸੀਂ ਨਾਸ਼ਤਾ ਕਰ ਲਿਆ ਮੈਂ ਪਿਆਲਾ ਧੋ ਕੇ ਉਸਨੂੰ ਮੋੜ ਦਿੱਤਾ। ਅਸੀਂ ਸਹੇਲੀਆਂ ਬਣ ਗਈਆਂ ਸਾਂ।

ਉਸ ਰਾਤ, ਸਾਧਵੀ ਵੱਲੋਂ ਆਖਰੀ ਗੇੜਾ ਲਾਉਣ ਤੇ ਦਰਵਾਜ਼ੇ ਨੂੰ ਜੰਦਰਾ ਮਾਰਨ ਤੋਂ ਬਾਦ ਉੱਤਲਾ ਕਮਰਾ ਭਾਸ਼ਣ ਭਵਨ 'ਚ ਵਟ ਗਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਕਮਿਊਨਿਜ਼ਮ ਕੀ ਹੈ, ਕਮਿਊਨਿਜ਼ਮ ਦਾ ਔਰਤਾਂ ਲਈ ਕੀ ਅਰਥ ਹੈ। ਮੈਂ ਸਪੇਨ ਦੀਆਂ ਔਰਤਾਂ ਨਾਲ ਤੁਲਨਾ

ਕਰਦਿਆਂ ਅਤੇ ਜੁਰਮ ਤੇ ਵੇਸਵਾਗਮਨੀ ਦੇ ਕਾਰਣ ਦੱਸ ਕੇ ਪਹਿਲੇ ਸਮਾਜਵਾਦੀ ਦੇਸ਼, ਸੋਵੀਅਤ ਯੂਨੀਅਨ, ਦੀਆਂ ਔਰਤਾਂ ਬਾਰੇ ਉਨ੍ਹਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ 'ਚੋਂ ਇਕ ਨੇ ਪੁੱਛ ਲਿਆ, "ਕੀ ਮੇਰੀ ਵਰਗੀ ਔਰਤ ਮਾਣ ਇੱਜ਼ਤਦਾਰ ਵਿਅਕਤੀ ਬਣ ਸਕਦੀ ਹੈ?"

"ਬਿਲਕੁਲ, ਤੂੰ ਬਣ ਸਕਦੀ ਏਂ।"

"ਤੇ ਕੋਈ ਚੋਰ?"

"ਹਾਂ, ਕੋਈ ਚੋਰ ਵੀ ਬਣ ਸਕਦਾ ਹੈ।"

"ਕੀ, ਸਾਨੂੰ ਕੋਈ ਸਾਡੇ ਬੀਤੇ ਦੇ ਮਿਹਣੇ ਨਹੀਂ ਮਾਰੇਗਾ?"

"ਕੋਈ ਨਹੀਂ; ਜੇ ਕੋਈ ਤੁਹਾਡੇ ਬੀਤੇ ਦਾ ਮਿਹਣਾ ਦੇ ਕੇ ਤੁਹਾਡੀ ਬੇਇੱਜ਼ਤੀ ਕਰਦਾ ਹੈ, ਤਾਂ ਉਸ ਨੂੰ ਸਜ਼ਾ ਮਿਲੇਗੀ।"

ਸਾਡੇ ਕਵਾਟਰਾਂ ਤੇ ਸਾਧਵੀਆਂ ਦੇ ਕਵਾਟਰਾਂ ਵਿਚਕਾਰਲੀ ਖਿੜਕੀ ਉੱਪਰ ਕੁਝ ਠੱਕ ਠੱਕ ਹੋਣ 'ਤੇ ਸਾਫ਼ ਹੋ ਗਿਆ ਕਿ ਸਾਡੀ ਛੋਟੀ ਜਹੀ ਗੱਲਬਾਤ ਸੁਣਦੀ ਪਈ ਸੀ ਅਤੇ ਸੌਣ ਦਾ ਵਕਤ ਹੋ ਗਿਆ ਸੀ।

ਅਗਲੇ ਦਿਨ, ਨਾਸ਼ਤੇ ਤੋਂ ਬਾਦ, ਸਾਡੇ ਸੈਕਸ਼ਨ ਦੀ ਇੰਚਾਰਜ ਸਾਧਵੀ ਨੇ ਬਹੁਤ ਹੀ ਮਿੱਠੀ ਮੁਸਕਾਨ ਬਖੇਰਦਿਆਂ, ਮੈਨੂੰ ਸੂਚਨਾ ਦਿੱਤੀ ਕਿ ਮੁਖੀ ਸਾਧਵੀ ਮਾਂ ਨੇ ਮੈਨੂੰ ਉਸ ਨਿੱਕੀ ਕੋਠੜੀ 'ਚ ਭੇਜਣ ਦਾ ਫ਼ੈਸਲਾ ਲਿਆ ਹੈ ਜਿੱਥੇ ਸੂਰਜ ਦਾ ਚਾਨਣ ਰਹਿੰਦਾ ਹੈ ਜਿੱਥੇ ਅਕਸਰ ਰਸੋਈ ਦੀ ਸਹਾਇਕ ਸੌਂਦੀ ਸੀ। ਸਾਧਵੀ ਮਾਂ ਦੇ ਖ਼ਿਆਲ 'ਚ ਉੱਤਲਾ ਕਮਰਾ ਸਿਹਤ ਅਨੁਕੂਲ ਨਹੀਂ ਸੀ, ਤੇ ਉਸ ਦੀ ਸੋਚ ਸੀ ਕਿ ਹੋਰ ਕਿਸੇ ਕੋਠੜੀ 'ਚ ਰਹਿਣ ਨਾਲ ਮੈਨੂੰ ਸੌਖ ਰਹੇਗੀ।

ਇੱਥੇ ਮੈਂ ਵੱਧ ਸੌਖੀ ਰਹਿਣਾ ਸੀ ਪਰ ਇਹ ਵੀ ਸੁਖਾਲਾ ਸਮਝ ਆਉਂਦਾ ਸੀ ਕਿ ਉਹ ਮੈਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ 'ਚ ਸਨ ਤੇ ਕਮਿਊਨਿਜ਼ਮ ਬਾਰੇ ਮੇਰੀਆਂ "ਤਕਰੀਰਾਂ" ਦਾ ਯੱਭ ਮੁਕਾਉਣਾ ਚਾਹੁੰਦੇ ਸਨ। ਮੈਂ ਆਪਣੇ ਸੈੱਲ ਦੀਆਂ ਸਾਥਣਾਂ ਨੂੰ ਨਹੀਂ ਛੱਡਿਆ। ਜਦੋਂ ਮੈਂ ਬਿਲਬਾਓ ਜੇਲ੍ਹ 'ਚ ਤਬਾਦਲੇ ਦੇ ਹੁਕਮ ਉਡੀਕ ਰਹੀ ਸੀ ਤਾਂ ਮੈਂ ਉਸ ਕੰਮ ਕਾਜੀ ਥਾਂ 'ਤੇ ਚਲੀ ਗਈ ਜਿੱਥੇ ਕੈਦਣਾਂ ਨੂੰ ਸਵੇਰੇ ਨੌਂ ਵਜੇ ਤੋਂ ਇਕ ਵਜੇ ਤੱਕ ਅਤੇ ਦੁਪਹਿਰ ਦੇ ਤਿੰਨ ਵਜੇ ਤੋਂ ਛੇ ਵਜੇ ਤੱਕ ਕੰਮ ਕਰਨਾ ਪੈਂਦਾ ਸੀ।

ਪਹਿਲੇ ਦਿਨ, ਕੁਝ ਅਧਿਐਨ ਕਰਨ ਦੇ ਇਰਾਦੇ ਨਾਲ, ਮੈਂ ਇਕ ਨੌਜਵਾਨ ਕੁੜੀ ਦੇ ਨਾਲ ਦੇ ਬੈਂਚ 'ਤੇ ਬੈਠ ਗਈ ਜੋ ਆਪਣੀਆਂ ਅੱਖਾਂ 'ਤੇ ਜ਼ੋਰ ਪਾਕੇ ਜਾਲੀਦਾਰ ਕੱਪੜੇ ਦੀ ਵਧੀਆ ਪੱਖੀ ਬਣਾ ਰਹੀ ਸੀ। ਉਸਨੇ ਮੈਨੂੰ ਦੱਸਿਆ ਕਿ ਉਸਨੂੰ ਦੋ ਦਿਨ 'ਚ ਮੁੱਕਣ ਵਾਲੇ ਇਸ ਕੰਮ ਦੇ 25 ਸੈਂਟੀਮੋ ਸਿੱਕੇ ਮਿਲਣਗੇ।

ਵਰਕਸ਼ਾਪ ਦੀ ਡਾਇਰੈਕਟਰ, ਜੋ ਇਕ ਸਮਾਜਵਾਦੀ ਪ੍ਰੋਫੈਸਰ ਸੀ, ਅੰਦਰ ਆਈ। ਉਹ ਸਾਧਵੀ ਦੀ ਥਾਂ ਆਈ ਸੀ। ਅਕਸਰ ਉਹੀ ਇਸ ਕੰਮਕਾਜੀ ਥਾਂ ਦੀ ਇੰਚਾਰਜ ਹੁੰਦੀ ਸੀ; ਉਹ ਕਮਰੇ ਦੇ ਐਨ ਸਾਹਮਣੇ ਇਕ ਮੇਜ਼ ਦੇ ਪਿੱਛੇ ਬੈਠ ਗਈ। ਜਿਵੇਂ ਇਹ ਜਮਾਤ ਦਾ ਕਮਰਾ ਹੁੰਦਾ ਹੈ। ਉਸਨੇ ਦੇਖਿਆ ਕਿ ਮੈਂ ਕੰਮ ਨਹੀਂ ਕਰ ਰਹੀ। ਉਸਨੇ ਮੇਜ਼ 'ਤੇ ਠੋਲਾ ਮਾਰਕੇ ਖ਼ਾਮੋਸ਼ ਹੋਣ ਦੀ ਹਦਾਇਤ ਕੀਤੀ, ਤੇ ਕਹਿਣ ਲੱਗੀ:

"ਨੀ, ਤੂੰ ਜੋ ਨਵੀਂ ਆਈ ਏਂ, ਖੜ੍ਹੀ ਹੋ ਜਾ।"

ਮੈਂ ਖੜ੍ਹੀ ਹੋ ਗਈ। ਉਸ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਗਹੁ ਨਾਲ ਦੇਖਿਆ ਤੇ ਤਫ਼ਤੀਸ਼ੀ ਲਹਿਜ਼ੇ 'ਚ ਪੁੱਛਿਆ: "ਤੂੰ ਕੰਮ ਕਿਉਂ ਨਹੀਂ ਕਰ ਰਹੀ?"

"ਮਾਫ਼ ਕਰਨਾ। ਜਦੋਂ ਮੈਂ ਸਕੂਲ ਜਾਂਦੀ ਹੁੰਦੀ ਸੀ, ਮੇਰੀ ਅਧਿਆਪਕਾ ਸਾਨੂੰ ਸਾਡੇ ਨਾਂਅ ਲੈ ਕੇ ਬੁਲਾਉਂਦੀ ਹੁੰਦੀ ਸੀ। ਸਾਨੂੰ 'ਨੀ, ਤੂੰ' ਕਹਿਕੇ ਬੁਲਾਉਂਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ। ਮੈਂ ਇਸ ਕਰਕੇ ਕੰਮ ਨਹੀਂ ਕਰ ਰਹੀ ਕਿਉਂਕਿ ਮੈਂ ਜੇਲ੍ਹ ਦੀ ਜ਼ਿੰਦਗੀ ਦੇ ਬਾਰੇ ਕੁਝ ਚੀਜ਼ਾਂ ਜਾਨਣ ਦੀ ਕੋਸ਼ਿਸ਼ ਕਰ ਰਹੀ ਹਾਂ ਅਤੇ ਇਸ ਕਰਕੇ ਵੀ ਕਿ ਮੈਂ ਤੁਹਾਨੂੰ ਆਪਣੀ ਲੁੱਟ-ਖਸੁੱਟ ਉਵੇਂ ਨਹੀਂ ਕਰਨ ਦਿਆਂਗੀ ਜਿਵੇਂ ਤੁਸੀਂ ਇਨ੍ਹਾਂ ਔਰਤਾਂ ਦੀ ਕਰਦੇ ਹੋ, ਕੁਝ ਸਿੱਕਿਆਂ ਦੀ ਖ਼ਾਤਰ ਉਨ੍ਹਾਂ ਤੋਂ ਜਬਰੀ ਕੰਮ ਕਰਵਾਉਂਦੇ ਹੋ, ਇਸ ਮੱਧਮ ਲੋਅ 'ਚ ਉਨ੍ਹਾਂ ਤੋਂ ਕਢਾਈ ਦਾ ਤੇ ਪੱਖੀਆਂ ਦਾ ਕੰਮ ਕਰਵਾਕੇ ਉਨ੍ਹਾਂ ਦੇ ਦੀਦੇ ਗਾਲ ਰਹੇ ਹੋ। ਹੁਣ ਸਮਝ ਆ ਗਈ ਮੈਂ ਕੰਮ ਕਿਉਂ ਨਹੀਂ ਕਰ ਰਹੀ? ਬੈਠ ਜਾਵਾਂ?"

ਉਸਨੇ ਜਵਾਬ ਨਹੀਂ ਦਿੱਤਾ ਅਤੇ ਵਰਕਸ਼ਾਪ ਵਿਚ ਹਰ ਕਿਸੇ ਦੇ ਬੁੱਲ੍ਹ ਸੀਤੇ ਗਏ ਸਨ। ਉਹ ਮੁੜ ਕੰਮ 'ਤੇ ਜਾ ਲੱਗੀਆਂ ਅਤੇ ਕੁਝ ਪਲ ਬਾਦ, ਉਹ ਕਿਸੇ ਬਹਾਨੇ ਵਰਕਸ਼ਾਪ ਤੋਂ ਬਾਹਰ ਨਿਕਲ ਗਈ। ਇਹ ਪ੍ਰਤੱਖ ਸੀ ਕਿ ਉਹ ਮੇਰੇ ਬਾਰੇ ਜਾਣਕਾਰੀ ਲੈਣ ਗਈ ਸੀ।

ਜਦੋਂ ਉਹ ਵਾਪਸ ਮੁੜੀ, ਉਹ ਪੀਲੀ ਹੋਈ ਪਈ ਸੀ। ਉਹ ਭੜਕ ਉੱਠਣ ਤੇ ਮੇਰੇ ਇਕ ਕਮਿਊਨਿਸਟ ਦੇ ਸਾਹਮਣੇ ਦੂਜੀਆਂ ਕੈਦਣਾਂ ਨਾਲ ਰੁੱਖਾ ਵਰਤਾਅ ਕਰਨ ਦੇ ਆਪਣੇ ਵਤੀਰੇ ਤੋਂ ਸ਼ਰਮਿੰਦਾ ਸੀ। ਕੋਈ ਕਹਿ ਨਹੀਂ ਸਕਦਾ ਕਿ ਬੁਰਾਈ ਉਹਦੇ ਜਾਂ ਕਿਸੇ ਹੋਰ ਜੇਲ੍ਹ ਅਧਿਕਾਰੀ ਦੇ ਜਮਾਂਦਰੂ ਵਜੂਦ ਸਮੋਈ ਹੋਈ ਸੀ। ਅਸਲ 'ਚ ਬੰਦੇ ਦੀ ਸ਼ਖਸੀਅਤ ਦੀ ਉਸਾਰੀ ਉਸ ਦੇ ਕੰਮ ਤੋਂ ਹੁੰਦੀ ਹੈ। ਅਤੇ ਉਹ ਸਭ ਤੋਂ ਪਹਿਲਾਂ, ਜੇਲ੍ਹ ਅਧਿਕਾਰੀ ਸਨ।

ਜਦੋਂ ਅਸੀਂ ਦੁਪਹਿਰ ਦੇ ਖਾਣੇ ਲਈ ਜਾਣ ਲੱਗੀਆਂ ਤਾਂ ਪ੍ਰੋਫੈਸਰ ਮੈਨੂੰ ਪਾਸੇ ਲੈ ਗਈ। "ਮੈਨੂੰ ਅਫ਼ਸੋਸ ਹੈ। ਮੈਨੂੰ ਨਹੀਂ ਸੀ ਪਤਾ ਤੂੰ ਕਮਿਊਨਿਸਟ ਏਂ। ਕਿਉਂਕਿ ਸਾਨੂੰ ਜਬਰੀ ਕੰਮ ਕਰਾਉਣ ਦੇ ਵਿਰੋਧ ਦਾ ਅਕਸਰ ਹੀ ਸਾਹਮਣਾ ਕਰਨਾ ਪੈਂਦਾ ਹੈ, ਮੈਂ ਸਮਝਿਆ ਤੂੰ ਉਨ੍ਹਾਂ ਆਕੀ ਔਰਤਾਂ ਵਿਚੋਂ ਹੈਂ ਜਿਨ੍ਹਾਂ ਦਾ ਇੱਥੇ ਸਾਡੇ ਨਾਲ ਅਕਸਰ ਵਾਹ ਪੈਂਦਾ ਹੈ।"

ਮੈਂ ਮੁਸਕਰਾ ਪਈ। "ਬਿਲਕੁਲ ਠੀਕ, ਤੂੰ ਗ਼ਲਤ ਨਹੀਂ ਏਂ" ਮੈਂ ਬਿਨਾ ਨਰਾਜ਼ ਹੋਏ ਉਸਨੂੰ ਦੱਸਿਆ। "ਅਸਲ 'ਚ ਮੈਂ, ਮਾੜਾ-ਮੋਟਾ ਸਵੈ-ਮਾਣ ਰੱਖਣ ਵਾਲੀ ਕਿਸੇ ਵੀ ਹੋਰ ਕੈਦਣ ਵਾਂਗ, ਅਜਿਹੀ ਨਿਗੂਣੀ ਉਜਰਤ ਬਦਲੇ ਕੰਮ ਕਰਨ ਤੋਂ ਆਕੀ ਹੋਈ ਹੋਈ ਹਾਂ। ਬਤੌਰ ਇਕ ਸਮਾਜਵਾਦੀ, ਇਕ ਔਰਤ ਤੇ ਇਕ ਅਧਿਆਪਕਾ, ਕੀ ਤੇਰਾ ਵਿਸ਼ਵਾਸ ਇਹ ਹੈ ਕਿ ਐਸੇ ਕੰਮ ਦਾ ਮਿਹਨਤਾਨਾ ਐਨਾ ਘੱਟ ਦਿੱਤਾ ਜਾਵੇ? ਇਸ ਕਰਕੇ ਕਿਉਂਕਿ ਜੇਲ੍ਹਾਂ, ਸਿਆਸੀ ਪਨਾਹਾਂ ਅਤੇ ਯਤੀਮਖ਼ਾਨਿਆਂ 'ਚ ਜਿਹੜੀ ਕਿਰਤ ਹਾਸਲ ਹੁੰਦੀ ਹੈ, ਜਿਸਨੂੰ ਕੁਝ ਸਿੱਕਿਆਂ ਬਦਲੇ ਪੂਰੀ ਦਿਹਾੜੀ ਲਈ ਖ਼ਰੀਦ ਲਿਆ ਜਾਂਦਾ ਹੈ, ਉਸ ਨਾਲ ਜੇਲ੍ਹਾਂ ਤੋਂ ਬਾਹਰ ਮਜ਼ਦੂਰਾਂ ਦੇ ਕੰਮ ਦੀ ਕਦਰ ਘਟ ਜਾਂਦੀ ਹੈ। ਅਧਿਆਪਕਾ ਵਜੋਂ, ਇਸ ਕਰਕੇ ਕਿ ਤੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਹਿੰਸਾ ਵਰਤਕੇ, ਇਸ ਮਾਮਲੇ 'ਚ ਚਿੜ੍ਹਕੇ ਲਾਗੂ ਕੀਤੀ ਜਾਂਦੀ ਅਥਾਰਟੀ ਬੰਦੇ ਨੂੰ ਸੁਧਾਰਦੀ ਨਹੀਂ ਸਗੋਂ ਵਿਗਾੜਦੀ ਹੈ। ਅਤੇ ਬਤੌਰ ਔਰਤ, ਇਸ ਕਰਕੇ ਕਿ, ਇਨ੍ਹਾਂ ਔਰਤਾਂ ਦੀਆਂ ਅਜਾਈਂ ਬੀਤ ਰਹੀਆਂ ਜ਼ਿੰਦਗੀਆਂ ਨਾਲ ਇੱਥੇ ਤੁਹਾਡੇ ਕੰਮ ਨੂੰ ਵੱਧ ਮਨੁੱਖੀ ਤੇ ਦਿਆਲੂ ਦਿਖ ਮਿਲ ਜਾਵੇਗੀ।"

"ਇਹ ਸਿਰਫ਼ ਇਸ ਕਰਕੇ ਕੀਤਾ ਜਾਂਦਾ ਹੈ ਕਿ ਅਸੀਂ ਚਾਹੁੰਦੇ ਹਾਂ ਉਨ੍ਹਾਂ ਦੀ ਕੰਮ ਕਰਨ ਦੀ ਆਦਤ ਬਣੇ।"

"ਤੁਸੀਂ ਉਨ੍ਹਾਂ ਨੂੰ ਕੰਮ ਦੀ ਆਦਤ ਪੈਣ ਦੀ ਆਸ ਕਿਵੇਂ ਕਰਦੇ ਹੋ, ਜੇ ਕਫ਼ਾਂ ਜਾਂ ਕਾਲਰਾਂ ਦਾ ਜੋੜਾ, ਬਿਸਤਰੇ ਦੀ ਚਾਦਰ ਜਾਂ ਸਿਰਾਣੇ ਦਾ ਗਿਲਾਫ਼, ਬਣਾਉਣ ਲਈ ਛੇ ਘੰਟੇ ਸ਼ਾਪ 'ਚ ਕੰਮ ਕਰਨ ਤੋਂ ਬਾਦ, ਉਨ੍ਹਾਂ ਨੂੰ 15 ਜਾਂ 20 ਸਿੱਕੇ ਪ੍ਰਾਪਤ ਕਰਨ ਲਈ ਵਿਹੜੇ 'ਚ ਜਾਂ ਆਪਣੇ ਸੈੱਲ 'ਚ ਫਿਰ ਕੰਮ ਕਰਨਾ ਪੈਂਦਾ ਹੈ? ਮੈਂ ਤਾਂ ਇੱਥੋਂ ਤੱਕ ਕਹਾਂਗੀ ਕਿ ਇੱਥੇ ਇਕ ਵੀ ਐਸੀ ਔਰਤ ਨਹੀਂ ਹੈ ਜੋ ਰਿਹਾਅ ਹੋਣ ਤੋਂ ਬਾਦ ਨੌਕਰੀ ਹਾਸਲ ਕਰਨਾ ਚਾਹੇਗੀ।"

"ਇਹ ਸੱਚ ਹੈ ਕਿ ਅਸੀਂ ਇਨ੍ਹਾਂ ਨੂੰ ਬਹੁਤ ਥੋੜ੍ਹੀ ਅਦਾਇਗੀ ਕਰਦੇ ਹਾਂ। ਪਰ ਇਨ੍ਹਾਂ ਸਿੱਕਿਆਂ ਤੋਂ ਬਗ਼ੈਰ, ਇਹ ਔਰਤਾਂ ਆਪਣੇ ਸਕੇ-ਸਬੰਧੀਆਂ—ਜਿਨ੍ਹਾਂ ਦਾ ਕੋਈ ਹੈਗਾ—ਨੂੰ ਚਿੱਠੀਆਂ ਪਾਉਣ ਲਈ ਟਿਕਟਾਂ ਵੀ ਨਹੀਂ ਖ਼ਰੀਦ ਸਕਣਗੀਆਂ; ਤੇ ਜਿਨ੍ਹਾਂ ਦੇ ਹੈ ਨਹੀਂ; ਉਹ ਆਪਣੀ ਰੋਜ਼ਮਰਾ ਵਰਤੋਂ ਦੀਆਂ ਕੁਝ ਚੀਜ਼ਾਂ ਖਰੀਦ ਸਕਣਗੀਆਂ।"

"ਇਹ ਕੋਈ ਵਾਜਬ ਕਾਰਣ ਨਹੀਂ ਬਣਦਾ। ਇਹ ਤਾਂ ਘਿਨਾਉਣੀ ਲੁੱਟ-ਖਸੁੱਟ ਨੂੰ ਜਾਇਜ਼ ਠਹਿਰਾਉਣ ਦਾ ਯਤਨ ਹੈ। ਮੈਨੂੰ ਸਾਫ਼-ਸਾਫ਼ ਦੱਸ, ਕੀ ਜੇਲ੍ਹ ਅਧਿਕਾਰੀ ਕੈਦੀਆਂ ਦੀ ਮੁਸ਼ੱਕਤ 'ਚੋਂ ਮੁਨਾਫ਼ਾ ਕਮਾਉਂਦੇ ਹਨ?"

"ਹਾਂ! ਇਸਦਾ ਕਮਿਸ਼ਨ ਹੈ, ਕਿਉਂਕਿ ਖ਼ਰੀਦਦਾਰ ਠੇਕਾ ਜੇਲ੍ਹ ਅਧਿਕਾਰੀਆਂ ਨਾਲ ਕਰਦਾ ਹੈ।"

"ਹੁਣ ਦੇਖ ਲਿਆ ਇਸ ਘਟੀਆ ਪਰਉਪਕਾਰ ਪਿੱਛੇ ਕੀ ਛੁਪਿਆ ਹੋਇਐ। ਜੇਲ੍ਹ ਅਧਿਕਾਰੀ, ਜੋ ਹਮੇਸ਼ਾ 'ਮੁੜ-ਵਸੇਬੇ' ਦੀਆਂ ਗੱਲਾਂ ਜੋਸ਼ੋ-ਖਰੋਸ਼ ਨਾਲ ਕਰਦੇ ਹਨ, ਉਹ ਕੰਮ ਨੂੰ ਏਦਾਂ ਕਿਉਂ ਨਹੀਂ ਵਿਉਂਤਦੇ ਕਿ ਕੈਦੀ ਤੁਹਾਡੀ ਮਦਦ ਲੈ ਕੇ ਖ਼ਰੀਦਦਾਰ ਨਾਲ ਸਿੱਧਾ ਸੌਦਾ ਕਰਨ ਤੇ ਮੁੱਲ ਤੈਅ ਕਰਨ? ਇਹ ਕੈਦੀਆਂ ਦੀ ਸੱਚੀ ਮਦਦ ਹੋਵੇਗੀ, ਪਹਿਲੀ ਗੱਲ, ਇਸ ਨਾਲ ਉਨ੍ਹਾਂ ਦੀ ਮਨੁੱਖੀ ਤੇ ਸਮਾਜਿਕ ਪਛਾਣ ਬਣੇਗੀ। ਤੇ ਦੂਜੀ ਗੱਲ, ਉਨ੍ਹਾਂ ਦਾ ਮਿਹਨਤਾਨਾ ਉਸ ਤੋਂ ਕਈ ਗੁਣਾਂ ਜ਼ਿਆਦਾ ਹੋਵੇਗਾ, ਜਿੰਨਾ ਅੱਜ ਹੈ।"

"ਗੱਲ ਠੀਕ ਐ। ਪਰ ਸਾਨੂੰ ਮੌਜੂਦਾ ਪ੍ਰਬੰਧ ਸਾਧਵੀਆਂ ਤੇ ਪੁਰਾਣੇ ਪ੍ਰਸ਼ਾਸਨ ਤੋਂ ਮਿਲਿਆ ਸੀ ਅਤੇ ਬਦਕਿਸਮਤੀ ਨਾਲ ਅਸੀਂ ਇਸ ਨੂੰ ਬਦਲਿਆ ਨਹੀਂ ਹੈ।"

"ਇਹ ਇਸ ਦਾ ਸਭ ਤੋਂ ਭੈੜਾ ਪੱਖ ਨਹੀਂ ਹੈ, ਡੋਨਾ ਕਾਰ ਮੈਨ। ਸਭ ਤੋਂ ਭੈੜੀ ਗੱਲ ਇਹ ਹੈ ਕਿ ਤੇਰੇ ਵਰਗੀ ਅਗਾਂਹਵਧੂ ਔਰਤ ਹਾਲਤ ਨੂੰ ਬਦਲਣ ਲਈ ਕੁਝ ਨਹੀਂ ਕਰ ਰਹੀ।"

"ਤੇਰਾ ਕਾਨੂੰਨੀ ਰੁਤਬਾ ਕੀ ਹੈ?"

"ਮੈਂ ਬਿਲਬਾਓ ਜੇਲ੍ਹ 'ਚ ਤਬਾਦਲਾ ਹੋਣ ਦੀ ਉਡੀਕ 'ਚ ਹਾਂ; ਹੁਕਮ ਕੱਲ੍ਹ ਨੂੰ ਆ ਸਕਦੇ ਹਨ ਜਾਂ ਮਹੀਨੇ ਨੂੰ। ਤੁਹਾਨੂੰ ਕਦੇ ਇਲਮ ਨਹੀਂ ਹੁੰਦਾ। ਇਹੀ ਵਜ੍ਹਾ ਹੈ ਕਿ ਮੈਂ ਨਹੀਂ ਜਾਣਦੀ ਕਿ ਮੈਂ ਇੱਥੇ ਕਿੰਨਾ ਸਮਾਂ ਰਹਾਂਗੀ।"

"ਕੀ ਮੈਂ ਕੋਈ ਮਦਦ ਕਰ ਸਕਦੀ ਹਾਂ?"

"ਜੇ ਤੂੰ ਐਨੀ ਦਿਆਲੂ ਏਂ; ਮੈਂ ਚੰਗੀ ਕਿਤਾਬ ਚਾਹੁੰਦੀ ਹਾਂ। ਜੇਲ੍ਹ ਦੀ ਲਾਇਬਰੇਰੀ 'ਚ ਤਾਂ ਸਿਰਫ਼ 'ਉਪਦੇਸ਼ ਦੇਣ ਵਾਲੇ ਨਾਵਲ' ਹੀ ਹਨ।"

"ਠੀਕ ਹੈ। ਮੈਂ ਤੈਨੂੰ ਕੋਈ ਕਿਤਾਬ ਦਿਵਾਉਣ ਦੀ ਕੋਸ਼ਿਸ਼ ਕਰਾਂਗੀ।"

ਜਿਹੜਾ ਵਕਤ ਮੈਂ ਇਸ ਜੇਲ੍ਹ ਅੰਦਰ, ਬਿਲਬਾਓ ਲਈ ਤਬਾਦਲਾ ਹੋਣ ਦੀ ਇੰਤਜ਼ਾਰ 'ਚ ਬਿਤਾਇਆ, ਉਸ ਦੌਰਾਨ ਸ਼ਾਪ ਦਾ ਮਾਹੌਲ ਕੁਝ ਬਦਲਿਆ ਅਤੇ ਕੁਝ ਜੇਲ੍ਹ ਅਧਿਕਾਰੀ ਡਾਇਰੈਕਟਰ ਦੇ ਵਿਰੋਧ ਦੇ ਬਾਵਜੂਦ, ਕੈਦੀਆਂ ਦੀ ਮੁਸ਼ੱਕਤ 'ਚ ਰੁਚੀ ਲੈਣ ਲੱਗ ਪਏ। ਡਾਇਰੈਕਟਰ ਤਾਨ ਲੂਇਜ਼ ਗੁਜ਼ਮੈਨ ਪਿਛਾਖੜੀ ਸੀ ਜੋ ਜੇਲ੍ਹ ਉੱਪਰ ਜਗੀਰਦਾਰ ਵਾਂਗ ਰਾਜ ਕਰਦਾ ਸੀ।

ਇਕ ਦਿਨ, ਜਦੋਂ ਮੈਂ ਸ਼ਾਪ 'ਚ ਬੈਠੀ ਸੀ, ਤਾਂ ਮੈਨੂੰ ਮੁਲਾਕਾਤੀਆਂ ਦੇ ਕਮਰੇ 'ਚ ਪਹੁੰਚਣ ਦਾ ਸੁਨੇਹਾ ਮਿਲਿਆ। ਮੈਂ ਹੈਰਾਨ ਰਹਿ ਗਈ, ਕਿਉਂਕਿ ਮੈਡਰਿਡ 'ਚ ਮੇਰਾ ਕੋਈ ਜਾਣੂ ਨਹੀਂ ਸੀ—ਮੈਂ ਇੱਥੇ ਆਉਣ ਤੋਂ ਕੁਝ ਦਿਨਾਂ ਬਾਦ ਹੀ ਗ੍ਰਿਫਤਾਰ ਹੋ ਗਈ ਸੀ—ਤੇ ਜਿਨ੍ਹਾਂ ਨੂੰ ਮੇਰੇ ਮੈਡਰਿਡ 'ਚ ਹੋਣ ਦੀ ਜਾਣਕਾਰੀ ਸੀ ਉਨ੍ਹਾਂ ਨੂੰ ਪੂਰੀ ਸੂਝ-ਬੂਝ ਸੀ ਕਿ ਮੈਨੂੰ ਜੇਲ੍ਹ 'ਚ ਮਿਲਣ ਆਉਣ ਦਾ ਜੋਖ਼ਮ ਨਹੀਂ ਲੈਣਾ। ਮੈਂ ਸੁਨੇਹਾ ਲਿਆਉਣ ਵਾਲੀ ਨੂੰ ਪੁੱਛਿਆ ਕਿ ਕੀ ਉਸਨੂੰ ਯਕੀਨ ਹੈ ਕਿ ਸੁਨੇਹਾ ਮੇਰੇ ਲਈ ਸੀ।

"ਹਾਂ-ਹਾਂ! ਇਹ ਤੇਰੇ ਲਈ ਹੈ—ਇਕ ਔਰਤ ਹੈ ਤੇ ਇਕ ਨੰਨੀ ਬੱਚੀ, ਤੇ ਚੰਗੀਆਂ ਸਜੀਆਂ-ਸੰਵਰੀਆਂ ਹੋਈਆਂ।"

ਮੁਲਾਕਾਤੀਆਂ ਦੇ ਕਮਰੇ ਨੂੰ ਜਾਣ ਸਮੇਂ ਮੈਂ ਸੋਚ ਰਹੀ ਸੀ ਕਿ ਸ਼ਾਇਦ ਇਹ ਕੋਈ ਉਨ੍ਹਾਂ ਸੋਸਾਇਟੀ ਵਾਲੀਆਂ ਅਮੀਰ ਔਰਤਾਂ 'ਚੋਂ ਹੋਵੇ ਜੋ ਮੈਨੂੰ ਬੁਰਾਈ ਦੇ ਰਸਤਿਉਂ ਮੋੜਨ ਲਈ ਆਈਆਂ ਸਨ ਜਿਹੜਾ ਰਸਤਾ ਮੈਂ ਚੁਣਿਆਂ ਸੀ। ਮੈਂ ਦਰਵਾਜ਼ੇ ਕੋਲ ਰੁਕ ਗਈ, ਦੂਹਰੀ ਜਾਲੀ, ਜੋ ਕੈਦੀਆਂ ਨੂੰ ਮੁਲਾਕਾਤੀਆਂ ਤੋਂ ਅੱਡ ਕਰਦੀ ਸੀ, ਵਿਚੋਂ ਦੀ ਚਿਹਰਾ ਪਛਾਨਣ ਦੀ ਕੋਸ਼ਿਸ਼ ਕਰਨ ਲੱਗੀ।

ਇਕ ਨਿੱਘੀ ਆਵਾਜ਼ ਆਈ, "ਸ਼ੁਭ ਸਵੇਰ, ਡੋਲੋਰਸ।"

"ਸ਼ੁਭ ਸਵੇਰ। ਮੈਨੂੰ ਕਿਸ ਨਾਲ ਗੱਲਬਾਤ ਕਰਨ ਦਾ ਮਾਣ ਹਾਸਲ ਹੋਇਆ ਹੈ?"

"ਇਕ ਸਹੇਲੀ ਨਾਲ; ਮੇਰਾ ਨਾਂਅ ਐਸਟਰੇਲਾ ਹੈ, ਤੇ ਮੇਰੀ ਨੰਨੀ ਬੱਚੀ ਦਾ ਨਾਂਅ ਵੀ ਐਸਟਰੇਲਾ ਹੈ। ਤੂੰ ਸਾਨੂੰ ਨਹੀਂ ਜਾਣਦੀ। ਪਰ ਅਸੀਂ ਤੈਨੂੰ ਜਾਣਦੀਆਂ ਹਾਂ। ਮੇਰੇ ਦੋ ਬੇਟੇ ਹਨ ਜਿਨ੍ਹਾਂ ਨੇ ਤੇਰੇ ਨਾਲ ਮੁਲਾਕਾਤ ਕਰਨ ਦੀ ਗੁਜ਼ਾਰਿਸ਼ ਕੀਤੀ ਸੀ, ਅਤੇ ਤੈਨੂੰ ਮਿਲਕੇ ਮਨ ਖੁਸ਼ ਹੋਇਆ। ਜਦੋਂ ਤੱਕ ਤੂੰ ਏਥੇ ਹੈਂ, ਅਸੀਂ ਹਰ ਹਫ਼ਤੇ ਤੈਨੂੰ ਮਿਲਣ ਆਵਾਂਗੀਆਂ, ਜੇ ਤੂੰ ਬੁਰਾ ਨਾ ਮਨਾਵੇਂ ਤਾਂ।"

ਮੈਨੂੰ ਹੈਰਾਨੀ ਹੋਈ ਤੇ ਮੇਰਾ ਮਨ ਭਰ ਆਇਆ। ਅਤੇ ਮੈਨੂੰ ਸਮਝ ਨਾ ਆਵੇ ਉਨ੍ਹਾਂ ਦਾ ਧੰਨਵਾਦ ਕਿਵੇਂ ਕਰਾਂ।

"ਅਸੀਂ ਤੇਰੇ ਲਈ ਕੁਝ ਚੀਜ਼ਾਂ ਖ਼ਰੀਦ ਕੇ ਲਿਆਈਆਂ ਹਾਂ ਅਤੇ ਜਾਣਨਾ ਚਾਹਾਂਗੀਆਂ ਕਿ ਤੈਨੂੰ ਕਿਹੜੀ ਕਿਹੜੀ ਚੀਜ਼ ਚਾਹੀਦੀ ਹੈ, ਤੇ ਜੇ ਇੱਥੇ ਕੋਈ ਹੋਰ ਸਿਆਸੀ ਕੈਦੀ ਹਨ ਤਾਂ ਅਸੀਂ ਉਨ੍ਹਾਂ ਦੀ ਮਦਦ ਵੀ ਕਰ ਸਕਦੇ ਹਾਂ।"

ਮੈਂ ਉਨ੍ਹਾਂ ਦਾ ਧੰਨਵਾਦ ਕੀਤਾ। ਅਸੀਂ ਜੇਲ੍ਹ ਅੰਦਰਲੀ ਤੇ ਬਾਹਰਲੀ ਜ਼ਿੰਦਗੀ ਬਾਰੇ ਸੰਖੇਪ 'ਚ ਗੱਲਬਾਤ ਕੀਤੀ ਅਤੇ ਮੈਂ ਉਸਨੂੰ ਦੱਸਿਆ ਕਿ ਮੈਨੂੰ ਯਕੀਨ ਹੈ ਕਿ ਮੈਂ ਛੇਤੀ ਹੀ ਰਿਹਾਅ ਹੋ ਜਾਵਾਂਗੀ। ਇਕ ਜੇਲ੍ਹ ਅਧਿਕਾਰੀ ਸਾਨੂੰ ਦੱਸਣ ਲਈ ਆਣ ਪਹੁੰਚੀ ਕਿ ਵਕਤ ਖ਼ਤਮ ਹੋ ਗਿਆ ਹੈ। ਮੈਂ ਉਨ੍ਹਾਂ ਦੇ ਆਉਣ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਅਲਵਿਦਾ ਕਹੀ, ਤੇ ਉਸਨੂੰ ਉਸਦੇ ਦੋਵਾਂ ਪੁੱਤਰਾਂ ਦਾ ਧੰਨਵਾਦ ਕਰਨ ਲਈ ਕਿਹਾ।

ਇਹ ਔਰਤ ਕੌਣ ਸੀ ਤੇ ਕਿੱਥੋਂ ਆਈ ਸੀ ?ਕਹਿੰਦੇ ਹਨ ਕਿ ਮਨ ਦੀ ਯਾਦਦਾਸ਼ਤ ਕਈ ਵਾਰ ਕੰਮ ਨਹੀਂ ਕਰਦੀ। ਪਰ ਦਿਲ ਦੀ ਯਾਦਦਾਸ਼ਤ ਇੰਜ ਨਹੀਂ ਕਰਦੀ। ਤੇ ਇਹ ਗੁੰਮਨਾਮ ਬਹਾਦਰ ਔਰਤ ਹਮੇਸ਼ਾ ਮੇਰੇ ਦਿਲ 'ਚ ਵਸਦੀ ਰਹੇਗੀ। ਮਾਰਟੀਨੇਜ਼ ਪਰਿਵਾਰ ਦੀ ਕਹਾਣੀ ਮੈਨੂੰ ਉਸ ਸਮੇਂ ਤੋਂ ਪਰ੍ਹਾਂ ਲੈ ਜਾਵੇਗੀ ਜਿਸ ਦਾ ਮੈਂ ਹੁਣੇ ਬਿਆਨ ਕਰ ਰਹੀ ਸੀ।

ਮੈਡਰਿਡ 'ਚ ਫਰਨੈਂਡੋ ਦੀ ਚਾਰ ਨੰਬਰ ਗਲੀ 'ਚ ਦੰਦਾਂ ਦਾ ਕਲੀਨਿਕ ਸੀ ਜਿਸਨੂੰ ਡਾਨ ਡੇਨੀਅਲ ਮਾਰਟੀਨੇਜ਼ ਚਲਾਉਂਦਾ ਸੀ, 1930-31 'ਚ ਉਹ ਮੈਡਰਿਡ ਦੇ ਬਿਹਤਰੀਨ ਤੇ ਸਭ ਤੋਂ ਪ੍ਰਸਿੱਧ ਦੰਦਾਂ ਦੇ ਡਾਕਟਰਾਂ ਵਿਚੋਂ ਇਕ ਸੀ।

ਡੇਨੀਅਲ ਮਾਰਟੀਨੇਜ਼ ਪਰਿਵਾਰ ਦੇ ਮੈਂਬਰ ਸਨ—ਉਸ ਦੀ ਪਤਨੀ —ਐਸਟਰੇਲਾ ਨਹੀਂ, ਜਿਹੜਾ ਨਾਂਅ ਉਸ ਨੇ ਜੇਲ੍ਹ 'ਚ ਆਪਣੀ ਪਛਾਣ ਲੁਕਾਉਣ ਲਈ ਵਰਤਿਆ ਸੀ—ਸਗੋਂ ਅਲੇਸ਼ੀਆ ਲੋਪੇਜ਼, ਦੋ ਪੁੱਤਰ ਡੇਨੀਅਲ ਤੇ ਵਿਲਫਰੈੱਡੋ, ਤੇ ਇਕ ਬੇਟੀ ਅਲੇਸ਼ੀਆ। ਡੇਨੀਅਲ ਨੇ ਦੰਦ-ਚਕਿਤਸਾ 'ਚ ਡਿਗਰੀ ਕੀਤੀ ਹੋਈ ਸੀ ਅਤੇ ਆਪਣੇ ਪਿਤਾ ਦੇ ਕਲੀਨਿਕ 'ਚ ਪ੍ਰੈਕਟਿਸ ਕਰਦਾ ਸੀ; ਵਿਲਫਰੈੱਡੋ ਆਪਣੀ ਮੈਡੀਕਲ ਦੀ ਪੜ੍ਹਾਈ ਮੁਕੰਮਲ ਕਰ ਰਿਹਾ ਸੀ। ਅਤੇ ਨੰਨੀ ਮੁੰਨੀ ਧੀ ਅਲੇਸ਼ੀਆ, ਲਿੱਸੀ ਤੇ ਬੀਮਾਰ ਜਹੀ, ਸਾਰੇ ਪਰਿਵਾਰ ਦੇ ਮੋਹ ਤੇ ਖਿੱਚ 'ਚ ਘਿਰੀ ਰਹਿੰਦੀ। ਇਸ ਤੋਂ ਨਿੱਘਾ ਤੇ ਵੱਧ ਇਕਮੁੱਠ ਪਰਿਵਾਰ ਲੱਭਣਾ ਔਖਾ ਸੀ।

ਗਣਰਾਜ ਦੀ ਸਥਾਪਨਾ ਹੋਣ ਵਕਤ ਦੋਵੇਂ ਪੁੱਤਰ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ। ਜਦੋਂ ਪਿਤਾ ਨੂੰ ਪਤਾ ਲੱਗਿਆ ਤਾਂ ਉਸਨੇ ਕੁਝ ਇਤਰਾਜ਼ ਕੀਤਾ। ਉਹ ਆਪਣੇ ਪੇਸ਼ੇ ਨੂੰ ਸਮਰਪਿਤ ਸੀ ਅਤੇ ਉਸ ਦੀ ਤਰਜੀਹ ਸੀ ਕਿ ਉਸਦੇ ਪੁੱਤਰ ਸਿਆਸਤ 'ਚ ਨੱਕ ਨਾ ਘਸੋੜਣ। ਪਰ ਮਾਂ ਨੇ ਗੱਲ ਮੁਕਾ ਦਿੱਤੀ।

"ਇਨ੍ਹਾਂ ਨੂੰ ਆਪਣੇ ਤਰੀਕੇ ਨਾਲ ਚੱਲਣ ਦਿਉ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਡਾਕਟਰੀ ਦੇ ਨਾਲ-ਨਾਲ ਸਿਆਸਤਦਾਨ ਬਣਨਾ ਚਾਹੀਦਾ ਹੈ ਅਤੇ ਸ਼ਾਇਦ ਉਹ ਸਹੀ ਹਨ। ਸਾਨੂੰ ਉਨ੍ਹਾਂ ਦੇ ਰਾਹ 'ਚ ਅੜਿੱਕੇ ਖੜ੍ਹੇ ਕਰਨ ਦੀ ਬਜਾਏ, ਉਨ੍ਹਾਂ ਦੀ ਮਦਦ ਤੇ ਹਮਾਇਤ ਕਰਨੀ ਚਾਹੀਦੀ ਹੈ।"

ਕਮਿਊਨਿਸਟ ਡਾਕਟਰ ਅਕਸਰ ਡੇਨੀਅਲ ਦੇ ਜਾਂ ਵਿਲਫਰੈੱਡੋ ਦੇ ਕਮਰਿਆਂ 'ਚ ਮੀਟਿੰਗਾਂ ਕਰਦੇ, ਨਾ ਸਿਰਫ ਸਿਆਸਤ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਗੋਂ ਨਾਲ ਹੀ ਮੈਡੀਕਲ ਸਵਾਲਾਂ ਬਾਰੇ ਵੀ। ਉਹ ਸੱਚਮੁੱਚ ਔਖੇ ਸਮੇਂ ਸਨ, ਜਦੋਂ ਕਮਿਊਨਿਸਟ ਹੋਣ ਦਾ ਅਰਥ ਸੀ ਬੇਰੁਜ਼ਗਾਰੀ, ਜੇਲ੍ਹ ਅਤੇ ਹਮ ਪੇਸ਼ੇ ਵਾਲਿਆਂ ਵੱਲੋਂ ਭਾਈਚਾਰੇ 'ਚੋਂ ਛੇਕਣ ਦਾ ਜੋਖ਼ਮ। ਮਾਰਟੀਨੇਜ਼ ਪਰਿਵਾਰ, ਕਿਉਂਕਿ ਸਰਦਾ-ਪੁੱਜਦਾ ਸੀ, ਉਹ ਅਕਸਰ ਗਰੀਬਾਂ ਦਾ ਧਿਆਨ ਰੱਖਣ ਵਾਲੇ ਕਮਿਊਨਿਸਟ ਡਾਕਟਰਾਂ ਦੀ ਮਦਦ ਕਰਦਾ।

ਬਜ਼ੁਰਗ ਡਾਕਟਰ ਆਪਣੇ ਪੁੱਤਰਾਂ ਦੀਆਂ ਸਿਆਸੀ ਸਰਗਰਮੀਆਂ 'ਚ ਦਖ਼ਲ ਨਾ ਦੇਣ ਦੇ ਆਪਣੇ ਅਸੂਲ 'ਤੇ ਖ਼ਰਾ ਉੱਤਰਿਆ। ਉਹ ਇਸ ਦਾ ਆਦੀ ਹੋ ਗਿਆ, ਤੇ ਕਦੇ-ਕਦਾਈਂ ਉਹ ਕੁਝ ਰੁਚੀ ਵੀ ਲੈਂਦਾ। ਦੂਜੇ ਪਾਸੇ, ਸਿਆਸਤ 'ਚ ਮਾਂ ਦੀ ਰੁਚੀ—ਭਾਵੇਂ ਉਹ ਪਾਰਟੀ ਦੀ ਮੈਂਬਰ ਨਹੀਂ ਬਣੀ—ਲਗਾਓ ਭਰੀ ਸੀ। ਉਹ ਹਮੇਸ਼ਾ ਆਪਣੇ ਪੁੱਤਰਾਂ ਨੂੰ ਆਪਣੇ ਕੰਮ ਜਾਰੀ ਰੱਖਣ ਲਈ ਹੌਂਸਲਾ ਦਿੰਦੀ, ਹਮੇਸ਼ਾ ਉਨ੍ਹਾਂ ਨੂੰ ਰੋਜ਼ਮਰਾ ਦੇ ਘਰੇਲੂ ਧੰਦਿਆਂ ਤੋਂ ਮੁਕਤ ਕਰਨ ਦਾ

ਯਤਨ ਕਰਦੀ, ਤਾਂ ਕਿ ਉਹ ਸਿਆਸੀ ਪੜ੍ਹਾਈ ਕਰਨ ਤੇ ਕਮਿਊਨਿਸਟਾਂ ਵਜੋਂ ਕੰਮ ਕਰਨ ਲਈ ਵੱਧ ਸਮਾਂ ਦੇ ਸਕਣ।

15 ਜੁਲਾਈ, 1936 ਨੂੰ ਮਾਂ ਆਪਣੇ ਦੋਵਾਂ ਪੁੱਤਰਾਂ, ਧੀ ਤੇ ਇਕ ਨੌਕਰਾਣੀ ਨੂੰ ਨਾਲ ਲੈ ਕੇ ਸਿਆਰਾ ਵਿਚਲੇ ਆਪਣੇ ਗਰਮ-ਰੁੱਤੇ ਘਰ 'ਚ ਚਲੀ ਗਈ। ਪਿਤਾ ਕਲੀਨਿਕ ਦੇ ਕੁਝ ਤਕਨੀਕੀ ਸਟਾਫ਼ ਅਤੇ ਇਕ ਨੌਕਰਾਣੀ ਸਮੇਤ ਦੰਦ-ਚਕਿਸਤਾ ਦੇ ਕਿਸੇ ਜ਼ਰੂਰੀ ਕੰਮ ਨੂੰ ਨਿਪਟਾਉਣ ਲਈ ਮੈਡਰਿਡ 'ਚ ਹੀ ਰਿਹਾ।

ਨਾ ਤਾਂ ਡੇਨੀਅਲ ਤੇ ਵਿਲਫਰੈਂਡੋ ਮੈਡਰਿਡ ਵਾਪਸ ਮੁੜ ਸਕੇ, ਨਾ ਆਪਣੀ ਮਾਂ ਤੇ ਭੈਣ ਨੂੰ ਇੱਥੇ ਵਾਪਸ ਭੇਜ ਸਕੇ, ਕਿਉਂਕਿ ਫਾਸ਼ੀਵਾਦੀਆਂ ਨੇ ਹਮਲਾ ਕਰ ਦਿੱਤਾ ਸੀ ਅਤੇ ਦੋਵੇਂ ਭਾਈ ਕਿਸਾਨਾਂ ਦੀ ਇਕ ਟੋਲੀ ਨਾਲ ਮਿਲਕੇ ਲੜਾਈ 'ਚ ਸ਼ਾਮਲ ਹੋ ਗਏ ਸਨ ਜਿਨ੍ਹਾਂ ਦੇ ਇਕੋ ਇਕ ਹਥਿਆਰ ਕੁਝ ਪੁਰਾਣੀਆਂ ਸ਼ਿਕਾਰ ਖੇਡਣ ਵਾਲੀਆਂ ਰਾਈਫਲਾਂ ਸਨ। ਮੈਡਰਿਡ ਵੱਲ ਵਧ ਰਹੇ ਬਾਗ਼ੀਆਂ ਦੇ ਘੇਰੇ 'ਚ ਘਿਰਕੇ, ਅਨੇਕਾਂ ਕਿਸਾਨ ਲੜਾਈ 'ਚ ਮਾਰੇ ਗਏ, ਅਤੇ ਬਾਕੀ ਦੇ—ਡੇਨੀਅਲ ਤੇ ਵਿਲਫਰੈਂਡੋ ਸਣੇ—ਕੈਦੀ ਬਣਾ ਲਏ ਗਏ। ਉਹ ਇਕ ਤਬੇਲੇ 'ਚ ਥਮਲਿਆਂ ਨਾਲ ਬੰਨ੍ਹਕੇ, ਵਹਿਸ਼ੀ ਤਸੀਹੇ ਦੇਣ ਤੇ ਅੰਗ ਅੰਗ ਕੱਟਣ ਤੋਂ ਬਾਦ ਕੁੱਟ-ਕੁੱਟ ਕੇ ਮਾਰ ਦਿੱਤੇ ਗਏ।

ਮਾਂ ਵੀ ਗ੍ਰਿਫਤਾਰ ਕਰ ਲਈ ਸੀ ਅਤੇ ਬਾਰਾਂ ਸਾਲ ਤੋਂ ਵੱਧ ਸਮਾਂ ਇਕ ਤੋਂ ਦੂਜੀ ਜੇਲ੍ਹ 'ਚ ਰੁਲਦੀ ਰਹੀ। ਇਹ ਦਰਦਨਾਕ ਸੂਲਾਂ ਦੀ ਸੇਜ਼ ਪਹਿਲਾਂ ਉਸਨੂੰ ਸੇਗੋਵੀਆ ਤੋਂ ਸੈਟੂਰਨ, ਫਿਰ ਬਿਲਬਾਓ, ਅਤੇ ਅੰਤ ਬਾਰਸੀਲੋਨਾ ਦੀ ਜੇਲ੍ਹ 'ਚ ਲੈ ਗਈ, ਜਿੱਥੇ ਉਹ ਆਪਣੀ ਧੀ ਨੂੰ ਮਿਲੀ। ਉਸਨੇ 1936 ਤੋਂ ਆਪਣੀ ਧੀ ਨੂੰ ਨਹੀਂ ਸੀ ਦੇਖਿਆ, ਜੋ ਦਸ ਸਾਲ ਦੀ ਸਜ਼ਾ ਭੁਗਤ ਰਹੀ ਸੀ।

ਜਦੋਂ ਮਾਂ ਨੂੰ ਸਿਆਰਾ 'ਚ ਗ੍ਰਿਫਤਾਰ ਕਰ ਲਿਆ ਗਿਆ ਸੀ, ਉਸ ਸਮੇਂ ਅਲੇਸ਼ੀਆ ਫਾਸ਼ੀਵਾਦੀਆਂ ਦੇ ਅਧਿਕਾਰ ਵਾਲੇ ਖੇਤਰ 'ਚ, ਆਪਣੇ ਪਰਿਵਾਰ ਦੇ ਸ਼ੁਭਚਿੰਤਕਾਂ ਦੀ ਦੇਖਭਾਲ 'ਚ ਰਹਿੰਦੀ ਰਹੀ। ਜੰਗ ਤੋਂ ਬਾਦ ਅਲੇਸ਼ੀਆ ਮਾਰਟੀਨੇਜ਼ ਮੈਡਰਿਡ 'ਚ ਆਪਣੇ ਬਾਪ ਕੋਲ ਚਲੀ ਗਈ। ਡਾਨ ਡੇਨੀਅਲ ਦਾ ਦਿਲ ਉਸ ਦੁਖਾਂਤ ਨੇ ਤੋੜ ਦਿੱਤਾ ਸੀ ਜਿਸ ਨੇ ਉਸ ਦਾ ਪਰਿਵਾਰ ਤਬਾਹ ਕਰ ਦਿੱਤਾ ਸੀ।

ਉਹਨੀ ਦਿਨੀਂ "ਫਾਸ਼ੀਵਾਦੀ ਕਾਤਲ ਗਰੋਹ" ਕਮਿਊਨਿਸਟਾਂ ਦੀ ਭਾਲ 'ਚ ਮੈਡਰਿਡ ਅੰਦਰ ਭੇੜੀਆਂ ਵਾਂਗ ਹਰਲ ਹਰਲ ਕਰਦੇ ਫਿਰਦੇ ਸਨ। ਕਿਸੇ ਨੇ ਪੁਲਿਸ ਨੂੰ ਖ਼ਬਰ ਕਰ ਦਿੱਤੀ ਕਿ ਮਾਰਟੀਨੇਜ਼ ਦੇ ਘਰ 'ਚ ਕਮਿਊਨਿਸਟ ਛੁਪੇ ਹੋਏ ਹਨ। ਤੇ ਇਕ ਰਾਤ ਫਲਾਂਗੇਵਾਦੀਆਂ ਦੀ ਇਕ ਟੋਲੀ ਨੇ ਉਨ੍ਹਾਂ ਦੇ ਘਰ 'ਤੇ ਧਾਵਾ ਬੋਲ ਦਿੱਤਾ। ਉੱਥੇ ਮੈਡਰਿਡ ਸੂਬਾ ਕਮੇਟੀ ਦਾ ਸਾਥੀ ਯਾਗ, ਤੇ ਇਕ ਹੋਰ ਸਾਥੀ ਉਨ੍ਹਾਂ ਦੇ ਹੱਥ ਆ ਗਏ, ਜੋ ਉੱਥੇ ਮੈਡਰਿਡ 'ਚੋਂ ਨਿਕਲਣ ਦੇ ਮੌਕੇ ਦੀ ਤਾਕ 'ਚ ਛੁਪੇ ਹੋਏ ਸਨ। ਡਾਨ ਡੇਨੀਅਲ ਤੇ ਉਸਦੀ ਧੀ ਨੂੰ ਗ੍ਰਿਫ਼ਤਾਰ ਕਰਕੇ ਆਪਣੇ ਘਰ 'ਚ ਕਮਿਊਨਿਸਟਾਂ ਨੂੰ ਛੁਪਾਉਣ ਦੇ ਦੋਸ਼ ਤਹਿਤ 20 ਸਾਲ ਤੇ 10 ਸਾਲ ਦੀ ਸਜ਼ਾ ਦਿੱਤੀ ਗਈ, ਜਦੋਂ ਕਿ ਦੋਵਾਂ ਸਾਥੀਆਂ ਨੂੰ ਥਾਂ 'ਤੇ ਹੀ ਗੋਲੀ ਮਾਰਕੇ ਮਾਰ ਦਿੱਤਾ ਗਿਆ।

ਡਾਨ ਡੇਨੀਅਲ ਨੂੰ ਬੁਰਗੋਸ ਜੇਲ੍ਹ ਲਿਜਾਇਆ ਗਿਆ, ਜਿੱਥੇ ਕੁਝ ਮਹੀਨਿਆਂ ਬਾਦ ਉਸ ਦੀ ਮੌਤ ਹੋ ਗਈ। ਉੱਥੇ ਰਹਿੰਦਿਆਂ, ਉਹ ਹੋਰ ਕੈਦੀਆਂ ਨੂੰ ਖ਼ੁਸ਼ੀ ਤੇ ਸੁੱਖ ਦੇਣ ਲਈ ਜੋ ਕੁਝ ਕਰ ਸਕਦਾ ਸੀ, ਕਰਦਾ ਰਿਹਾ। ਇਕ ਮਿੱਤਰ ਤੋਂ ਵੱਧਕੇ, ਉਹ ਨਾਲ ਦੇ ਸਾਰੇ ਕੈਦੀਆਂ ਨੂੰ

ਬਾਪ ਦਾ ਪਿਆਰ ਦਿੰਦਾ ਰਿਹਾ, ਮੋੜਵੇਂ ਰੂਪ 'ਚ ਉਨ੍ਹਾਂ ਨੇ ਵੀ ਬਜ਼ੁਰਗ ਦੇ ਅੰਤਮ ਦਿਨਾਂ ਦੀ ਤਲਖ਼ੀ ਤੇ ਦੁੱਖ ਨੂੰ ਘਟਾਉਣ ਦੀ ਵਾਹ ਲਾਈ।

1948 'ਚ ਜਦੋਂ ਮੈਂ ਪੈਰਿਸ 'ਚ ਰਹਿ ਰਹੀ ਸੀ, ਮੈਨੂੰ ਡੋਨਾ ਅਲੇਸ਼ੀਆ ਦੀ ਚਿੱਠੀ ਮਿਲੀ, ਜੋ ਬਾਰਸੀਲੋਨਾ ਜੇਲ੍ਹ 'ਚ ਸੀ। ਜਿਉਂ ਹੀ ਮੈਂ ਇਕ ਮਾਂ ਦੀ ਸੰਖੇਪ ਚਿੱਠੀ ਪੜ੍ਹੀ ਤਾਂ ਮੇਰੀਆਂ ਅੱਖਾਂ 'ਚ ਹੰਝੂ ਆ ਗਏ—ਹਾਲਾਂਕਿ ਫਾਸ਼ੀਵਾਦੀ ਵਹਿਸ਼ਤ ਨੇ ਉਸਦੀ ਹਰੇਕ ਪਿਆਰੀ ਚੀਜ਼ ਤਬਾਹ ਕਰ ਦਿੱਤੀ ਸੀ—ਪਰ ਹਾਲੇ ਵੀ ਉਸ 'ਚ ਉਨ੍ਹਾਂ ਆਦਰਸ਼ਾਂ 'ਚ ਭਰੋਸਾ ਦਰਸਾਉਣ ਦੀ ਤਾਕਤ ਤੇ ਜੋਸ਼ ਹੈ ਸੀ ਜਿਸ ਦੀ ਖ਼ਾਤਰ ਉਸ ਦੇ ਪੁੱਤਰ ਜਾਨਾਂ ਵਾਰ ਗਏ ਸਨ।

ਸੰਖੇਪ 'ਚ, ਇਹ ਹੈ—ਉਸ ਬਹਾਦਰ ਔਰਤ ਦੀ ਕਹਾਣੀ, ਜੋ ਅਕਤੂਬਰ 1931 ਦੇ ਇਕ ਦਿਨ ਮੈਡਰਿਡ ਦੀ ਔਰਤ ਜੇਲ੍ਹ 'ਚ ਆਪਣੀ ਧੀ ਨੂੰ ਨਾਲ ਲੈ ਕੇ ਮੈਨੂੰ ਮਿਲਣ ਆਈ ਸੀ, "ਤਾਂ ਕਿ ਉਹ ਨਿਆਂ ਤੇ ਮੁਕਤੀ ਲਈ ਜਦੋਜਹਿਦ 'ਚ ਮਜ਼ਬੂਤ ਹੋਣਾ ਸਿੱਖ ਸਕੇ।"

## [13]
# ਮੈਡਰਿਡ ਨੂੰ ਵਾਪਸੀ

ਨਵੰਬਰ 1931 ਦੇ ਅਖ਼ੀਰ 'ਚ, ਮੈਨੂੰ ਮੈਡਰਿਡ ਦੀ ਕਿਊਇਨੋਸ ਜੇਲ੍ਹ ਤੋਂ ਬਿਲਬਾਓ ਦੀ ਲਾਰੀਨਾਗਾ ਜੇਲ੍ਹ 'ਚ ਲਿਜਾਇਆ ਗਿਆ। ਅਤੇ 8 ਦਸੰਬਰ ਨੂੰ, ਸੰਵਿਧਾਨ ਮਨਜ਼ੂਰ ਹੋ ਜਾਣ ਤੋਂ ਬਾਦ ਸਿਆਸੀ ਕੈਦੀਆਂ ਨੂੰ ਮੁਕਤ ਕਰਨ ਤੋਂ ਇਨਕਾਰੀ ਹੋਈ ਹਕੂਮਤ ਦੇ ਵਿਰੁੱਧ ਰੋਸ ਵਜੋਂ, ਅਰਾਜਕਤਾਵਾਦੀਆਂ ਦੇ ਇਕ ਨਿੱਕੇ ਜਹੇ ਗਰੁੱਪ ਤੇ ਕਰੀਬ ਸੌ ਕਮਿਊਨਿਸਟਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਹ ਚਾਰ ਦਿਨ ਤੱਕ ਚੱਲੀ, ਜਦੋਂ ਤੱਕ ਪਾਰਟੀ ਦੀ ਵਿਜ਼ਕਾਇਆ ਸੂਬਾ ਕਮੇਟੀ ਨੇ ਸਾਨੂੰ ਰੋਕ ਨਹੀਂ ਦਿੱਤਾ। ਜਨਵਰੀ 1932 ਦੇ ਪਹਿਲੇ ਹਫ਼ਤੇ, ਡੇਨੀਅਲ ਇਬਾਨੇਜ਼, ਐਂਬਰੋਸੀਓ, ਐਗਰਸ ਤੇ ਮੈਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਸਬੂਤਾਂ ਦੀ ਘਾਟ ਕਰਕੇ ਕੇਸ ਖ਼ਾਰਜ ਕਰ ਦਿੱਤਾ ਗਿਆ, ਅਤੇ ਮੇਰੇ ਵਿਰੁੱਧ ਲਗਾਏ ਸਾਰੇ ਦੋਸ਼ ਵੀ ਵਾਪਸ ਲੈ ਲਏ ਗਏ।

ਜੇਲ੍ਹ ਤੋਂ ਬਾਹਰ ਆਉਣ ਤੋਂ ਬਾਦ, ਮੈਂ ਇਕ ਹਫ਼ਤਾ ਆਪਣੇ ਪਰਿਵਾਰ ਨਾਲ ਗੁਜ਼ਾਰਿਆ, ਇਸ ਸਮੇਂ ਮੈਡਰਿਡ ਵਾਪਸ ਜਾਣ ਦੀ ਤਿਆਰੀ ਕੀਤੀ। ਜਿੱਥੇ ਪਾਰਟੀ ਦੀ ਚੌਥੀ ਕਾਂਗਰਸ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਮੈਡਰਿਡ 'ਚ, ਮੈਂ ਤੇ ਰੂਬਿਨ *ਮੁੰਡੋ ਓਬਰੇਰੋ* ਦੇ ਪ੍ਰਬੰਧਕੀ ਸੰਪਾਦਕ ਦੇ ਘਰ ਠਹਿਰੇ, ਜੋ ਸਾਨੂੰ ਤੱਦ ਤੱਕ ਰੱਖਣ ਲਈ ਮੰਨ ਗਿਆ ਸੀ ਜਦੋਂ ਤੱਕ ਅਸੀਂ ਆਪਣੀ ਰਿਹਾਇਸ਼ ਦਾ ਇੰਤਜ਼ਾਮ ਨਹੀਂ ਕਰ ਲੈਂਦੇ। ਪਰ ਵਾਪਰਿਆ ਇੰਜ ਕਿ ਮੈਨੂੰ ਕਦੇ ਵੀ ਘਰ ਲੱਭਣ ਲਈ ਪਰੇਸ਼ਾਨ ਨਹੀਂ ਹੋਣਾ ਪਿਆ, ਕਿਉਂਕਿ ਜਿਵੇਂ ਛੇਤੀ ਹੀ ਆਪਾਂ ਦੇਖਾਂਗੇ, ਪੁਲਿਸ ਨੇ ਮੁੜ ਮੈਨੂੰ ਕਿਓਨਨਜ਼ ਸਟਰੀਟ ਵਿਚਲੇ "ਹੋਟਲ" ਵਿਖੇ ਮੁਫ਼ਤ ਟਿਕਾਣਾ, ਰੋਟੀ ਤੇ ਕੱਪੜਾ ਦੇਣ ਦਾ ਤੈਅ ਕਰ ਲਿਆ। ਇਸ ਦੀ ਬਦਨਾਮੀ ਦੇ ਗੀਤ ਤਾਂ ਮੈਡਰਿਡ ਦੇ ਸੰਗੀਤ ਭਵਨਾਂ 'ਚ ਵੀ ਗਾਏ ਜਾਂਦੇ ਸਨ:

ਨਾ ਬਣੋ ਨਿਰਦੋਸ਼
ਤੇ ਰਚੋ ਨਾ ਸਾਊ ਹੋਣ ਦਾ ਢੌਂਗ

ਤੁਸੀਂ ਜਾਣਦੇ ਹੋ ਭਲੀ ਭਾਂਤ
ਉਸ ਹੋਟਲ ਦੀਆਂ ਦੀਵਾਰਾਂ

ਮਾਰਚ ਦੇ ਸ਼ੁਰੂ 'ਚ, ਅਸੀਂ ਪਾਰਟੀ ਦੀ ਚੌਥੀ ਕਾਂਗਰਸ ਦਾ ਮੁੱਢਲਾ ਕੰਮ ਕਰਨ ਲਈ ਸੇਵਿਲੇ ਚਲੇ ਗਏ, ਜੋ 1 ਮਾਰਚ ਨੂੰ ਐਂਡਾਲੂਸੀਆ ਦੀ ਰਾਜਧਾਨੀ 'ਚ ਸ਼ੁਰੂ ਹੋਣੀ ਸੀ। ਸੇਵਿਲੇ ਦੀ ਚੋਣ ਚਾਣਚੱਕ ਨਹੀਂ ਸੀ। ਪਰਾਈਮੋ ਰਿਵੇਰਾ ਦੀ ਤਾਨਾਸ਼ਾਹੀ ਦੇ ਵਿਰੁੱਧ ਲੜਾਈ 'ਚ ਸਰਗਰਮ ਹਿੱਸਾ ਲੈ ਕੇ ਕਮਿਊਨਿਸਟ ਪਾਰਟੀ ਨੇ ਇੱਥੇ ਵਾਹਵਾ ਅਸਰ-ਰਸੂਖ਼ ਬਣਾ ਲਿਆ ਸੀ। ਇਸ ਸੰਘਰਸ਼ ਦੀ ਅਗਵਾਈ ਕਰਨ ਵਾਲਿਆਂ 'ਚ ਸ਼ਾਮਲ ਸਨ, ਐਨਤੋਨੀਓ ਮਿਜੇ, ਮੈਨੂਅਲ ਡੇਲੀਕੈਡੋ, ਸਟਰਨਿਨੋ ਬਰਨੇਟੋ ਅਤੇ ਜੋਸ ਡਿਆਜ਼, ਜੋ ਬਾਦ 'ਚ ਦਸ ਸਾਲ ਪਾਰਟੀ ਦਾ ਸਕੱਤਰ ਰਿਹਾ।

1931'ਚ, ਗਣਰਾਜ ਅਧਿਕਾਰੀਆਂ ਨੇ ਸੇਵਾਇਲ ਦੇ ਕਮਿਊਨਿਸਟਾਂ ਨੂੰ ਵਹਿਸ਼ੀ ਢੰਗ ਨਾਲ ਕੁਚਲਣ ਦਾ ਯਤਨ ਕੀਤਾ ਸੀ, ਇੱਥੋਂ ਤੱਕ ਕਿ ਉਹ ਕਾਸਾ ਕਾਰਨੇਲੀਓ ਰੇਸਤਰਾਂ, ਜਿੱਥੇ ਅਨੇਕਾਂ ਕਾਮਰੇਡ ਅਕਸਰ ਆਉਂਦੇ ਜਾਂਦੇ ਸਨ, ਉੱਤੇ ਬੰਬ ਸੁੱਟਣ ਅਤੇ ਇਕ ਜਨਤਕ ਪਾਰਕ 'ਚ ਨੌਜਵਾਨ ਕਮਿਊਨਿਸਟਾਂ ਦੇ ਗਰੁੱਪ ਨੂੰ ਕਤਲ ਕਰਨ ਲਈ ਮਾਰਸ਼ਲ ਲਾਅ ਲਾਉਣ ਤੱਕ ਗਏ।

ਚੌਥੀ ਕਾਂਗਰਸ ਪਹਿਲੀ ਐਸੀ ਕਾਂਗਰਸ ਸੀ ਜੋ ਪਾਰਟੀ ਦੀਆਂ ਸਾਰੀਆਂ ਵੱਖ-ਵੱਖ ਸਥਾਨਕ ਤੇ ਖੇਤਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਲੈ ਕੇ ਜਨਤਕ ਅਤੇ ਕਾਨੂੰਨੀ ਤੌਰ 'ਤੇ ਆਯੋਜਤ ਕੀਤੀ ਜਾ ਸਕੀ ਸੀ। ਤੀਜੀ ਕਾਂਗਰਸ ਦੇ ਸਮੇਂ ਤੋਂ ਲੈ ਕੇ ਹਾਲਤ ਵੱਡੇ ਪੱਧਰ 'ਤੇ ਬਦਲ ਗਈ ਸੀ। ਪਰਾਈਮੋ ਰਿਵੇਰਾ ਤੇ ਉਸ ਦੀ ਮੰਤਰੀ ਮੰਡਲੀ ਦਾ ਭੋਗ ਪੈ ਗਿਆ ਸੀ—ਰਜਵਾੜਾਸ਼ਾਹੀ ਦਾ ਪਤਨ ਹੋ ਗਿਆ ਸੀ। ਗਣਰਾਜ ਕਾਇਮ ਹੋ ਗਿਆ ਸੀ, ਪਰ ਨਵੀਂ ਹਕੂਮਤ ਲੋਕਾਂ ਨੂੰ ਜਮਹੂਰੀ ਹੱਕ ਦੇਣ ਲਈ ਤੱਤਪਰ ਨਹੀਂ ਸੀ। ਸਿੱਟੇ ਵਜੋਂ, ਗਣਰਾਜੀਆਂ-ਸਮਾਜਵਾਦੀਆਂ ਦੀ ਹਕੂਮਤ ਬਾਰੇ ਸਪੇਨੀ ਲੋਕਾਂ ਦੇ ਭਰਮ ਦੂਰ ਹੋਣੇ ਸ਼ੁਰੂ ਹੋ ਗਏ, ਪਿਛਾਖੜੀਆਂ ਪ੍ਰਤੀ ਇਸ ਦੀ ਨਰਮੀ ਤੇ ਮਜ਼ਦੂਰਾਂ ਪ੍ਰਤੀ ਸਖ਼ਤੀ ਕਾਰਨ ਜਨਤਾ ਦੀ ਹਮਾਇਤ ਖੁਸ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ। ਹਕੂਮਤ ਦੇ ਵਤੀਰੇ ਨੇ ਪਿਛਾਖੜੀਆਂ ਨੂੰ ਹੱਲਾਸ਼ੇਰੀ ਦਿੱਤੀ, ਜਿਨ੍ਹਾਂ ਨੇ ਖ਼ੁਦ ਨੂੰ ਫ਼ੈਸਲਾ ਨਾ ਲੈ ਸਕਣ ਤੇ ਬੁਜ਼ਦਿਲੀ ਦੇ ਉਸ ਪਲ ਲਈ ਕਦੇ ਵੀ ਮਾਫ਼ ਨਹੀਂ ਕੀਤਾ, ਜਿਸ ਦੇ ਕਾਰਣ ਰਜਵਾੜਾਸ਼ਾਹੀ ਦਾ ਤਖ਼ਤਾ ਪਲਟਣਾ ਸੰਭਵ ਹੋਇਆ ਸੀ ਅਤੇ ਜੋ ਆਪਣੀ ਖੁੱਸ ਚੁੱਕੀ ਜਾਇਦਾਦ ਨੂੰ ਮੁੜ ਹਾਸਲ ਕਰਨ ਲਈ ਦ੍ਰਿੜ ਸਨ।

ਨਵੇਂ ਹਾਲਾਤ ਤੋਂ ਸਪਸ਼ਟ ਹੋ ਗਿਆ ਕਿ ਪਾਰਟੀ ਨੂੰ ਆਪਣੀ ਯੁੱਧਨੀਤੀ ਬਦਲਣੀ ਪੈਣੀ ਹੈ, ਤੰਗ-ਨਜ਼ਰੀ ਛੱਡਣੀ ਪੈਣੀ ਹੈ ਜਿਸ ਕਰਕੇ ਪਾਰਟੀ ਜਨਤਾ ਤੋਂ ਨਿੱਖੜ ਰਹੀ ਸੀ; ਅਤੇ ਗਣਰਾਜ ਵੱਲੋਂ ਐਲਾਨੇ ਬੁਰਜੂਆ ਜਮਹੂਰੀ ਇਨਕਲਾਬ ਦੇ ਵਿਕਾਸ ਲਈ ਜੱਦੋਜਹਿਦ ਉੱਪਰ ਜ਼ਿਆਦਾ ਜ਼ੋਰ ਦੇਣਾ ਹੋਵੇਗਾ। ਚੌਥੀ ਕਾਂਗਰਸ ਦੀ ਵਿਚਾਰ-ਚਰਚਾ ਤੇ ਮਤਿਆਂ ਨੇ ਤੰਗ-ਨਜ਼ਰ ਰੁਚੀਆਂ ਨੂੰ ਭਾਰੀ ਸੱਟ ਮਾਰੀ ਜਿਸ ਨੇ ਪਾਰਟੀ ਦੇ ਵਿਕਾਸ ਨੂੰ ਬੰਨ੍ਹ ਮਾਰਿਆ ਹੋਇਆ ਸੀ ਤੇ ਇਹ ਜਨਤਕ ਤਾਕਤਾਂ ਨੂੰ ਪੱਕੇ ਪੈਰੀਂ ਕਰਨ ਦੀਆਂ ਇਸ ਦੀਆਂ ਕੋਸ਼ਿਸ਼ਾਂ ਨੂੰ ਨਿਸਫ਼ਲ ਕਰ ਰਹੀਆਂ ਸਨ। ਪਰ ਕਈ ਅਣਸੁਲਝੀਆਂ ਸਮੱਸਿਆਵਾਂ, ਜੋ ਪਾਰਟੀ ਦੇ ਲੁਕਵੇਂ ਸੰਕਟ ਦਾ ਧੁਰਾ ਬਣੀਆਂ ਰਹੀਆਂ, ਹਾਲੇ ਪੇਸ਼ ਆਉਣੀਆਂ ਸਨ।

ਸੇਵਿਲੇ ਦੀ ਕਾਂਗਰਸ ਤੋਂ ਬਾਦ, ਜਿਸ ਦਿਨ ਮੈਂ ਮੈਡਰਿਡ 'ਚ ਆਈ, ਅਗਲੇ ਦਿਨ ਮੈਨੂੰ *ਮੁੰਡੋ ਓਬਰੇਰੋ* ਦੇ ਦਫ਼ਤਰ ਨੂੰ ਜਾਂਦਿਆਂ, ਮੈਗਡਾਲੇਨਾ ਪਲਾਜ਼ਾ 'ਚ ਗ੍ਰਿਫ਼ਤਾਰ ਕਰ ਲਿਆ। ਮੈਂ ਉੱਚੀ-ਉੱਚੀ ਰੌਲਾ ਪਾਇਆ ਤੇ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ। ਮੈਂ ਜੋ ਕੁਝ ਬੋਲ ਰਹੀ ਸੀ ਉਸ ਤੋਂ ਪਲਾਜ਼ਾ 'ਚ ਮੌਜੂਦ ਟੈਕਸੀ ਚਾਲਕਾਂ ਤੇ ਮਜ਼ਦੂਰਾਂ ਨੂੰ ਪਤਾ ਲੱਗ ਗਿਆ ਕਿ ਪੁਲੀਸ ਸਾਧਾਰਣ ਮੁਜਰਮ ਨਾਲ ਨਹੀਂ, ਸਗੋਂ ਇਕ ਕਮਿਊਨਿਸਟ ਨਾਲ ਨਜਿੱਠ ਰਹੀ ਸੀ। ਆਖ਼ਿਰ ਉਨ੍ਹਾਂ ਨੇ ਮੈਨੂੰ ਜਬਰੀ ਚੁੱਕਕੇ ਪੁਲਿਸ ਦੀ ਕਾਰ 'ਚ ਸੁੱਟ ਲਿਆ ਅਤੇ ਥਾਣੇ ਲੈ ਗਏ।

ਜਦੋਂ ਪਹਿਲੀ ਵਾਰ ਮੈਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਮੇਰਾ 'ਮੁਜਰਮਾਨਾ' ਰਿਕਾਰਡ ਨਹੀਂ ਸੀ। ਇਸ ਕਰਕੇ ਉਨ੍ਹਾਂ ਨੇ ਮੈਨੂੰ ਸੁਰੱਖਿਆ ਦੇ ਦਫ਼ਤਰ ਤੱਦ ਤੱਕ ਸਰਸਰੀ ਜਹੇ ਰੱਖਿਆ, ਜਦੋਂ ਤੱਕ ਇਸ ਦੇ ਮੁਖੀ ਨੂੰ, ਮੇਰੀਆਂ ਫੋਟੋਆਂ ਤੇ ਉਂਗਲੀਆਂ ਦੇ ਨਿਸ਼ਾਨਾਂ ਦੀ ਫਾਈਲ ਬਣਾਕੇ ਜੇਲ੍ਹ ਭੇਜਣ ਦਾ ਸੁਨਹਿਰੀ ਫ਼ੁਰਨਾ ਨਹੀਂ ਫੁਰਿਆ। ਓਦੋਂ ਤੋਂ ਮੇਰਾ ਰਿਕਾਰਡ ਬਣਿਆ ਹੋਇਆ ਸੀ।

ਇਸ ਵਾਰ, ਮੇਰੀ ਗ੍ਰਿਫ਼ਤਾਰੀ ਤੋਂ ਅਗਲੇ ਦਿਨ ਮੈਨੂੰ ਕੈਦੀਆਂ ਦੀ ਸ਼੍ਰੇਣੀ ਤੈਅ ਕਰਨ ਵਾਲੇ ਕਮਰੇ 'ਚ ਲਿਜਾਇਆ ਗਿਆ, ਜਿੱਥੇ ਰੰਗਰੂਟ ਸੂਹੀਆਂ ਦੀ ਇਕ ਟੋਲੀ ਨੇ ਮੇਰੇ ਗੁਪਤ ਰਿਕਾਰਡ ਦੀ ਡੂੰਘੀ ਪੁੱਛ-ਪੜਤਾਲ ਕੀਤੀ, ਹਰ ਕਿਸੇ ਨੇ ਆਪੋ-ਆਪਣੇ ਢੰਗ ਨਾਲ ਇਹ ਯਕੀਨੀ ਬਣਾਉਣ ਵਾਸਤੇ ਇੰਜ ਕੀਤਾ ਤਾਂ ਜੋ ਭਵਿੱਖ 'ਚ ਸਖ਼ਤੀ ਕਰਨ ਪੱਖੋਂ ਕੋਈ ਕਸਰ ਰਹਿ ਨਾ ਜਾਵੇ। ਇਹ ਜ਼ਾਹਿਰ ਸੀ ਕਿ ਮੈਨੂੰ ਇੰਜ ਜ਼ਲੀਲ ਕਰਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋ ਰਹੀ ਸੀ। ਮੈਨੂੰ ਇਨ੍ਹਾਂ ਖਰਸ ਖਾਧੇ ਚੂਹਿਆਂ ਦੀਆਂ ਘੋਖਵੀਆਂ ਨਜ਼ਰਾਂ ਹੇਠ ਉੱਥੇ ਅੱਧਾ ਘੰਟਾ ਖੜ੍ਹੀ ਰੱਖਿਆ ਗਿਆ ਜੋ ਹਕੂਮਤ ਦੀ ਘਟੀਆ ਫ਼ਰਜ਼ ਪਾਲਣਾ 'ਚ ਲੱਗੇ ਹੋਏ ਸਨ। ਹਵਾਲਾਤ 'ਚ ਮੈਨੂੰ ਦੋ ਦਿਨ ਹੋਰ ਰੱਖ ਕੇ ਫਿਰ ਦੁਬਾਰਾ ਜੇਲ੍ਹ ਭੇਜ ਦਿੱਤਾ ਗਿਆ।

ਮੈਨੂੰ ਪਤਾ ਸੀ ਕੀ ਹੋਣਾ ਹੈ। ਕਿਉਂਕਿ ਪਿਛਲੀ ਵਾਰ ਮੇਰੀ ਜੇਲ੍ਹ ਯਾਤਰਾ ਨੂੰ ਹਾਲੇ ਬਹੁਤਾ ਸਮਾਂ ਨਹੀਂ ਸੀ ਹੋਇਆ, ਇਸ ਕਰਕੇ ਮੈਨੂੰ ਕੁਝ ਕੈਦਣਾਂ ਨਾਲ ਮੁਲਾਕਾਤ ਹੋਣ ਦੀ ਆਸ ਸੀ ਜਿਨ੍ਹਾਂ ਨਾਲ ਮੇਰੀ ਪਹਿਲਾਂ ਜਾਣ-ਪਛਾਣ ਹੋ ਗਈ ਸੀ। ਮੈਂ ਗ਼ਲਤ ਨਹੀਂ ਸੀ। ਪੁਰਾਣੇ ਹਜੂਮ ਵਿਚੋਂ ਕਈ ਹਾਲੇ ਉੱਥੇ ਹੀ ਸਨ। ਕੁਝ ਨਵੀਆਂ ਵੀ ਸਨ ਜੋ ਆਪਣੇ ਰੰਗ-ਬਰੰਗੇ ਕੱਪੜਿਆਂ ਕਰਕੇ ਬਾਕੀਆਂ ਨਾਲੋਂ ਅੱਡ ਹੀ ਨਜ਼ਰ ਆਉਂਦੀਆਂ ਸਨ। ਇਹ "ਉੱਚ-ਸ਼੍ਰੇਣੀ" ਦੀਆਂ ਚੋਰ-ਉਚੱਕੀਆਂ ਤੇ ਮੁਜਰਮ ਸਨ।

ਕੈਦਣਾਂ ਮੈਨੂੰ 'ਕਮਿਊਨਿਸਟ' ਵਜੋਂ ਜਾਣਦੀਆਂ ਸਨ ਅਤੇ ਉਹ ਸਾਰੀਆਂ ਮੈਨੂੰ ਆਪਣੀ ਸਹੇਲੀ ਸਮਝਦੀਆਂ ਸਨ। ਹਾਲਾਂਕਿ ਉਹ ਮੈਨੂੰ ਦੇਖਕੇ ਖ਼ੁਸ਼ ਸਨ, ਫਿਰ ਵੀ ਉਨ੍ਹਾਂ ਮੈਨੂੰ ਮੁੜ ਗ੍ਰਿਫ਼ਤਾਰ ਕਰ ਲੈਣ 'ਤੇ ਅਫ਼ਸੋਸ ਪ੍ਰਗਟਾਇਆ।

ਮੈਂ ਵਾਰਡਨ ਕੋਲ ਜਾ ਕੇ ਮੰਗ ਕੀਤੀ ਕਿ ਮੈਨੂੰ ਸਿਆਸੀ ਕੈਦੀਆਂ ਲਈ ਮਨਜ਼ੂਰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ।

"ਔਰਤ ਦੀ ਜੇਲ੍ਹ 'ਚ ਅਸੀਂ ਤੁਹਾਡੇ ਸਾਰਿਆਂ ਨਾਲ ਇਕੋ ਜਿਹਾ ਵਰਤਾਅ ਕਰਦੇ ਹਾਂ।"

"ਇਹ ਤਾਂ ਬਹੁਤ ਅਜੀਬ ਨਜ਼ਰੀਆ ਹੈ। ਜੇ ਔਰਤਾਂ ਨੂੰ ਸਿਆਸੀ ਕਾਰਣਾਂ ਕਰਕੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਉਹੀ ਹੱਕ ਕਿਉਂ ਨਾ ਦਿੱਤੇ ਜਾਣ ਜੋ ਮਰਦ ਸਿਆਸੀ ਕੈਦੀਆਂ ਨੂੰ ਹਨ।"

ਉਹ ਲੋਹਾ ਲਾਖਾ ਹੋ ਗਿਆ, ਅਤੇ ਮੈਂ ਉਸ ਨੂੰ ਇਕ ਦੋ ਠੰਡੀਆਂ ਤੱਤੀਆਂ ਸੁਣਾ ਦਿੱਤੀਆਂ।

ਅਗਲਾ ਦਿਨ ਮੁਲਾਕਾਤਾਂ ਦਾ ਦਿਨ ਸੀ। ਮੁਲਾਕਾਤੀਆਂ ਦਾ ਕਮਰਾ ਵਿਦਿਆਰਥੀਆਂ ਤੇ ਨੌਜਵਾਨ ਕਮਿਊਨਿਸਟਾਂ ਨਾਲ ਖਚਾਖਚ ਭਰਿਆ ਹੋਇਆ ਸੀ ਜੋ ਮੈਨੂੰ ਦੇਖਣ ਆਏ ਸਨ। ਉਨ੍ਹਾਂ ਨੇ ਇਹ ਦੇਖ ਕੇ ਜ਼ੋਰਦਾਰ ਰੋਸ ਪ੍ਰਗਟਾਇਆ ਕਿ ਕੈਦੀਆਂ ਤੇ ਮੁਲਾਕਾਤੀਆਂ ਦਰਮਿਆਨ ਲੋਹੇ ਦੀਆਂ ਦੋ ਗਰਿੱਲਾਂ ਲੱਗੀਆਂ ਹੋਣ ਕਾਰਣ ਇਕ ਦੂਜੇ ਨੂੰ ਦੇਖਣਾ ਲਗਭਗ ਅਸੰਭਵ ਸੀ, ਅਤੇ ਇਹ ਕਿ ਇਕੋ ਸਮੇਂ ਪੰਝੀ ਕੈਦੀਆਂ ਦੇ ਗੱਲਾਂ ਕਰਨ ਦੀ ਕਾਵਾਂ ਰੌਲੀ 'ਚ ਸੁਣਦਾ ਕੁਝ ਨਹੀਂ ਸੀ।

ਮੇਰੇ ਮੁਲਾਕਾਤੀ ਕੌਮਾਂਤਰੀ ਗੀਤ ਗਾਉਂਦੇ ਹੋਏ ਕਮਰੇ 'ਚੋਂ ਚਲੇ ਗਏ, ਅਤੇ ਜੇਲ੍ਹ ਤੋਂ ਚਲੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਇਹ ਯਕੀਨੀ ਬਣਾ ਲਿਆ ਕਿ ਵਾਰਡਨ ਮੁੱਖ ਫਾਟਕ ਤੋਂ ਸਲੀਬ ਦਾ ਨਿਸ਼ਾਨ ਹਟਾਵੇ ਜੋ ਜੇਲ੍ਹ ਸਰਕਾਰੀ ਇਮਾਰਤ ਹੋਣ ਅਤੇ ਗਣਰਾਜ ਵੱਲੋਂ ਗਿਰਜਾਘਰ ਤੇ ਰਾਜ ਨੂੰ ਵੱਖ-ਵੱਖ ਕਰ ਦੇਣ ਦੇ ਐਲਾਨ ਦੇ ਬਾਵਜੂਦ ਉੱਥੇ ਟੰਗਿਆ ਹੋਇਆ ਸੀ।

ਅਗਲੀ ਸਵੇਰ ਵਾਰਡਨ ਸ਼ਾਖਾ 'ਚ ਆਇਆ ਅਤੇ ਬਹੁਤ ਹੀ ਹਲੀਮੀ ਨਾਲ ਮੈਨੂੰ ਦੱਸਿਆ ਕਿ, ਵਿਸ਼ੇਸ਼ ਰਿਆਇਤ ਵਜੋਂ, ਉਹ ਮੈਨੂੰ ਰੋਜ਼ਾਨਾ ਮੁਲਾਕਾਤ ਕਰਨ ਦੀ ਖ਼ਾਸ ਸਹੂਲਤ ਦੇ ਦੇਵੇਗਾ। ਮੈਂ ਉਸਨੂੰ ਕਹਿ ਦਿੱਤਾ ਕਿ ਮੈਂ ਉਸ ਤੋਂ ਰਿਆਇਤ ਨਹੀਂ ਚਾਹੁੰਦੀ। ਮੇਰੇ ਪ੍ਰਤੀ ਨਾਪਸੰਦਗੀ ਨੂੰ ਛੁਪਾਏ ਬਗ਼ੈਰ ਪਰ ਨਾਲ ਹੀ ਨੌਜਵਾਨ ਸਾਥੀਆਂ ਵਾਲੀ ਘਟਨਾ ਮੁੜ ਵਾਪਰਨ ਦੇ ਡਰੋਂ, ਉਹ ਅੰਤ ਮੂੰਹ 'ਚ ਹੀ ਕਹਿਕੇ ਤੁਰ ਗਿਆ, "ਜਿਵੇਂ ਮਰਜ਼ੀ ਸਮਝ ਲੈ।"

ਜੇਲ੍ਹ ਦੀ ਰੋਜ਼ਮਰਾ ਗਧੀ-ਗੇੜ 'ਚ ਸਿਰਫ਼ ਇਹ ਬਦਲਾਅ ਆਇਆ ਕਿ ਹੁਣ ਮੈਂ ਬਾਹਰ ਦੇ ਲੋਕਾਂ ਨਾਲ ਰੋਜ਼ਾਨਾ ਗੱਲਬਾਤ ਕਰ ਸਕਦੀ ਸੀ। ਇਸ ਵਾਰ ਮੈਨੂੰ ਨੌ ਹੋਰ ਕੈਦੀਆਂ ਨਾਲ ਖਿੜਕੀਆਂ ਵਾਲੀ ਕੋਠੜੀ 'ਚ ਰੱਖਿਆ ਗਿਆ ਸੀ ਨਾ ਕਿ ਦਮਘੋਟੂ ਉੱਪਰਲੇ ਕਮਰੇ 'ਚ।

ਹੁਣ ਇਕ ਨਵੀਂ ਪਰੇਸ਼ਾਨੀ ਨੇ ਮੈਨੂੰ ਦੁਖੀ ਕੀਤਾ ਹੋਇਆ ਸੀ। ਮੇਰਾ ਪੁੱਤਰ ਰੂਬਿਨ ਆਪਣੇ 'ਤੇ ਬਣੀ ਆਪ ਕੱਟ ਰਿਹਾ ਸੀ। ਜਿਸ ਪਰਿਵਾਰ ਦੇ ਨਾਲ ਅਸੀਂ ਰਹਿ ਰਹੇ ਸਾਂ, ਉਸ ਤੋਂ ਉਸ ਦੀ ਦੇਖਭਾਲ ਦੀ ਝਾਕ ਰੱਖਣਾ ਇਸ ਤਰ੍ਹਾਂ ਸੀ ਜਿਵੇਂ ਪੱਥਰ-ਦਿਲ ਇਨਸਾਨ ਤੋਂ ਕੋਈ ਆਸ ਕਰਨਾ। ਮੇਰੇ ਤੌਖ਼ਲੇ ਸੱਚ ਸਾਬਤ ਹੋ ਗਏ। ਜੇਲ੍ਹ 'ਚ ਆਉਣ ਤੋਂ ਕੁਝ ਦਿਨ ਬਾਦ, ਇਕ ਸੰਤਰੀ ਨੇ ਮੈਨੂੰ ਦੱਸਿਆ ਕਿ ਦਰਵਾਜ਼ੇ 'ਤੇ ਇਕ ਬੱਚਾ ਕਹਿੰਦਾ ਪਿਆ ਸੀ ਕਿ ਉਹ ਮੇਰਾ ਪੁੱਤਰ ਹੈ। ਮੈਂ ਦੇਖਣ ਨਹੀਂ ਸੀ ਜਾ ਸਕਦੀ ਕਿ ਉਹ ਮੇਰਾ ਪੁੱਤਰ ਹੀ ਸੀ। ਉਹ 'ਕੱਲਾ ਐਸੇ ਰੁੱਖੇ ਪਰਿਵਾਰ 'ਚ ਦਿਨ ਕੱਟ ਰਿਹਾ ਸੀ ਜਿੱਥੇ ਉਸ ਨੂੰ ਹਮਦਰਦੀ ਭਰੇ ਦੋ ਬੋਲ ਕਹਿਣ ਵਾਲਾ ਕੋਈ ਨਹੀਂ ਸੀ। ਉਹ ਆ ਕੇ ਜੇਲ੍ਹ ਦੀਆਂ ਕੰਧਾਂ ਦੀ ਛਾਵੇਂ ਖੜ੍ਹਾ ਰਹਿੰਦਾ, ਇਸ ਕੋਸ਼ਿਸ਼ 'ਚ ਕਿ ਕਿਸੇ ਤਰ੍ਹਾਂ ਆਪਣੀ ਮਾਂ ਨੂੰ ਦੇਖ ਸਕੇ।

ਮੈਂ ਸੰਤਰੀ ਨੂੰ ਗੁਜ਼ਾਰਿਸ਼ ਕੀਤੀ ਕਿ ਜਿਹੜੇ ਫ਼ਲ ਤੇ ਪੇਸਟਰੀ ਮਾਰਟੀਨੇਜ਼ ਪਰਿਵਾਰ ਮੇਰੇ ਲਈ ਲਿਆਇਆ ਸੀ, ਉਹ ਉਸ ਨੂੰ ਦੇ ਦੇਵੇ, ਅਤੇ ਨਾਲ ਹੀ ਮੈਂ ਉਸ ਨੂੰ ਰੁੱਕਾ ਲਿਖਕੇ ਭੇਜਿਆ ਕਿ ਉਹ ਨਵਾਰੋ ਬਲਿਸਟਰੀਓ ਦੀ ਮਾਂ ਦੇ ਘਰ ਚਲਾ ਜਾਵੇ ਤੇ ਓਦੋਂ ਤੱਕ ਉੱਥੇ ਰਹੇ ਜਦੋਂ ਤੱਕ ਮੈਂ ਉਸ ਨੂੰ ਵਿਜ਼ਕਾਇਆ ਵਾਪਸ ਭੇਜਣ ਦਾ ਇੰਤਜ਼ਾਮ ਨਹੀਂ ਕਰ ਲੈਂਦੀ। ਉਸਨੇ ਮੇਰਾ ਕਹਿਣਾ ਮੰਨ ਲਿਆ, ਅਤੇ ਸਾਥੀ ਨਵਾਰੋ ਦੀ ਮਾਂ ਨੇ ਓਦੋਂ ਤੱਕ ਉਸ ਦੀ ਚੰਗੀ ਦੇਖਭਾਲ ਕੀਤੀ, ਜਦੋਂ ਤੱਕ ਸਾਡੇ ਸ਼ਹਿਰ ਦਾ ਇਕ ਟਰੱਕ ਡਰਾਇਵਰ ਉਸ ਨੂੰ ਆਪਣੇ ਨਾਲ ਸੋਮੋਰੋਸਟਰੋ ਨਹੀਂ ਲੈ ਗਿਆ।

ਜਦੋਂ ਰੂਬਿਨ ਮੈਡਰਿਡ 'ਚ ਸੀ, ਤਾਂ ਉਹ ਹਰ ਰੋਜ਼ ਜੇਲ੍ਹ ਦੇ ਦਰਵਾਜ਼ੇ 'ਤੇ ਇਸ ਝਾਕ 'ਚ ਆਉਂਦਾ ਰਿਹਾ ਕਿ ਉਹ ਮੇਰੀ ਝਲਕ ਦੇਖ ਸਕੇਗਾ। ਜਾਂ ਕਿ ਸ਼ਾਇਦ ਮੈਂ ਉਸ ਨੂੰ ਦੇਖ ਲਵਾਂ। ਇਸ ਨਾਲ ਮੈਨੂੰ ਅਥਾਹ ਦੁੱਖ ਪਹੁੰਚਦਾ, ਕਿਉਂਕਿ ਮੈਂ ਆਪਣੇ ਪੁੱਤਰ ਦਾ ਸਹਾਰਾ ਬਣਨ ਅਤੇ ਉਸਨੂੰ ਪਿਆਰ ਦੇਣ ਤੇ ਉਸ ਦਾ ਧਿਆਨ ਰੱਖਣ 'ਚ ਬੇਵੱਸ ਮਹਿਸੂਸ ਕਰਦੀ। ਇਕ ਵਾਰ ਫਿਰ ਮੈਂ ਮਹਿਸੂਸ ਕੀਤਾ ਕਿ ਇਕ ਮਾਂ ਲਈ ਇਨਕਲਾਬੀ ਸੰਘਰਸ਼ ਵਾਸਤੇ ਸਮਰਪਿਤ ਹੋਣਾ ਕਿੰਨਾ ਔਖਾ ਹੈ। ਮੇਰੀ ਆਪਣੀ ਜ਼ਿੰਦਗੀ ਤੇ ਆਜ਼ਾਦੀ, ਸਭ ਕੁਝ ਠੀਕ ਠਾਕ ਸੀ ਪਰ ਕੀ ਮੈਨੂੰ ਆਪਣੇ ਬੱਚਿਆਂ ਦੀ ਕੁਰਬਾਨੀ ਦੇਣ ਦਾ, ਉਨ੍ਹਾਂ ਨੂੰ ਸੁਰੱਖਿਅਤ ਤੇ ਨਿੱਘ ਭਰੇ ਘਰ ਤੋਂ, ਤੇ ਮਾਂ ਦੀ ਦੇਖਭਾਲ ਅਤੇ ਮੋਹ ਤੋਂ ਵਾਂਝੇ ਕਰਨ ਦਾ ਹੱਕ ਹੈ, ਜੋ ਉਨ੍ਹਾਂ ਲਈ ਐਨੇ ਲੋੜੀਂਦੇ ਹਨ। ਇਕ ਕਮਿਊਨਿਸਟ ਵਜੋਂ ਮੇਰੀ ਜ਼ਿੰਦਗੀ 'ਚ ਇਹ ਸੰਘਰਸ਼ ਦੇ ਸਭ ਤੋਂ ਦੁਖਦਾਈ ਪਹਿਲੂਆਂ 'ਚੋਂ ਇਕ ਰਿਹਾ ਹੈ, ਹਾਲਾਂਕਿ ਮੈਂ ਸ਼ਾਇਦ ਹੀ ਕਦੇ ਇਸਦਾ ਜ਼ਿਕਰ ਕੀਤਾ ਹੋਵੇ, ਇਹ ਸੋਚਕੇ ਕਿ ਸਿਖਾਉਣ ਦਾ ਬਿਹਤਰਹੀਨ ਤਰੀਕਾ ਖ਼ੁਦ ਮਿਸਾਲ ਬਣਨਾ ਹੈ, ਹਾਲਾਂਕਿ ਮੈਨੂੰ ਖ਼ੂਨ ਦੇ ਹੰਝੂ ਵਹਾਉਣੇ ਪਏ ਸਨ।

ਮਈ ਦੇ ਮਹੀਨੇ ਔਰਤਾਂ ਦੀ ਜੇਲ੍ਹ ਉਤਸ਼ਾਹ ਨਾਲ ਲਬਰੇਜ਼ ਸੀ। ਇਸ ਦਿਹਾੜੇ ਦੇ ਆਉਣ ਤੋਂ ਪਹਿਲਾਂ ਹੀ ਮੈਂ ਆਪਣੇ ਨਾਲ ਦੀਆਂ ਨੂੰ ਪਹਿਲੀ ਮਈ ਦੀ ਮਹੱਤਤਾ ਦੱਸਣੀ ਸ਼ੁਰੂ ਕਰ ਦਿੱਤੀ। ਮੈਂ ਉਨ੍ਹਾਂ ਨੂੰ ਕਈ ਗੀਤ ਗਾਕੇ ਸੁਣਾਏ ਜਿਨ੍ਹਾਂ ਨੂੰ ਮਜ਼ਦੂਰ ਇਸ ਦਿਹਾੜੇ 'ਤੇ ਗਾਉਂਦੇ ਸਨ ਤੇ ਇੱਥੋਂ ਤੱਕ ਕਿ ਕੌਮਾਂਤਰੀ ਗੀਤ, ਲਾਲ ਝੰਡਾ ਤੇ ਹੋਰ ਗੀਤ ਵੀ ਲਿਖ ਦਿੱਤੇ, ਤਾਂ ਕਿ ਅਸੀਂ ਮਜ਼ਦੂਰ ਜਮਾਤ ਦੇ ਕੌਮਾਂਤਰੀ ਦਿਹਾੜੇ ਦੇ ਮੌਕੇ 'ਤੇ ਵਿਹੜੇ 'ਚ ਸਾਰੀਆਂ ਜਣੀਆਂ ਰਲਕੇ ਗਾ ਸਕੀਏ।

ਪਹਿਲੀ ਤਰੀਕ ਦੀ ਸਵੇਰ ਨੂੰ ਜੇਲ੍ਹ 'ਚ ਤਿਓਹਾਰ ਵਰਗਾ ਮਾਹੌਲ ਸੀ। ਸਮਾਜਵਾਦੀ ਤੇ ਗਣਰਾਜਵਾਦੀ ਪ੍ਰਬੰਧਕਾਂ ਦੀ ਸਹਿਣਸ਼ੀਲ ਨਿਗਰਾਨੀ ਹੇਠ, ਕੈਦਣਾਂ ਬਿਹਤਰੀਨ ਅੱਧੋਰਾਣੇ ਕੱਪੜੇ ਪਹਿਨਕੇ ਨਾਸ਼ਤਾ ਕਰਨ ਲਈ ਲੰਗਰ ਹਾਲ ਨੂੰ ਚਲੀਆਂ ਗਈਆਂ। ਔਰਤਾਂ ਨੂੰ ਛੁੱਟੀ ਸੀ, ਇਸ ਕਰਕੇ ਸ਼ਾਪ ਬੰਦ ਸੀ।

ਲੰਘੀ ਸ਼ਾਮ ਨੂੰ ਖਾਣੇ ਤੋਂ ਬਾਦ ਕੁਝ ਪੁਰਾਣੀਆਂ ਕੈਦਣਾਂ ਨੇ ਕੁਝ ਧਾਰਮਿਕ ਭਜਨ ਗਾਏ, ਜੋ ਓਦੋਂ ਤੋਂ ਜੇਲ੍ਹ 'ਚ ਬੰਦ ਸਨ ਜਦੋਂ ਇਸਨੂੰ ਸਾਧਵੀਆਂ ਚਲਾਉਂਦੀਆਂ ਸਨ; ਕੁਝ ਤਾਂ ਮਿੱਠੀਆਂ ਧੁਨਾਂ ਕਰਕੇ ਬਹੁਤ ਹੀ ਪ੍ਰਭਾਵਸ਼ਾਲੀ ਸਨ, ਇਕ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ:

ਰੋਮ ਤੋਂ ਰੁਖ਼ਸਤ ਹੋਣ 'ਤੇ,
ਉਨ੍ਹਾਂ ਨੇ ਉਸਦੀ ਉਡਾਰੀ ਦੇਖੀ
ਖ਼ੂਬਸੂਰਤ ਬੱਦਲ ਦੇ ਵਿਚੋਂ ਦੀ,
ਸਾਰਾਗੋਸਾ ਨੂੰ ਸਿੱਧੀ
ਐੱਲ ਪਿਲਾਰ ਦੇ ਮੁੱਖ ਗਿਰਜਾਘਰ ਦੀ ਧੁਰ ਨੀਂਹ ਤੱਕ.......

ਅਹਾਤੇ 'ਚ ਜੁੜੀਆਂ ਸਾਰੀਆਂ ਕੈਦਣਾਂ ਗਾਉਣ 'ਚ ਸ਼ਾਮਲ ਹੋ ਗਈਆਂ, ਕਿਉਂਕਿ ਹਰ ਕਿਸੇ ਨੂੰ ਗੀਤਾਂ ਦੀਆਂ ਇਕ-ਦੋ ਤੁਕਾਂ ਯਾਦ ਸਨ। ਇਸ ਤਰ੍ਹਾਂ ਕਦੇ ਵੀ ਕਿਸੇ ਗੀਤ ਮਗਰੋਂ ਲੜੀ ਨਾ ਟੁੱਟੀ।

ਪਹਿਲੀ ਮਈ ਦੇ ਦਿਨ ਮਾਮਲਾ ਇੰਜ ਨਹੀਂ ਸੀ। ਨਾਸ਼ਤੇ ਤੋਂ ਬਾਦ, ਮੈਂ ਆਪਣੀ ਕੋਠੜੀ ਦੀਆਂ ਔਰਤਾਂ ਨੂੰ ਲੈ ਕੇ ਟੋਲੀ ਬਣਾ ਲਈ, ਜਿਨ੍ਹਾਂ ਨੇ ਕੌਮਾਂਤਰੀ ਗੀਤ ਯਾਦ ਕਰ ਲਿਆ ਸੀ, ਤੇ ਗਾਉਣਾ ਸ਼ੁਰੂ ਕਰ ਦਿੱਤਾ:

ਉੱਠੋ, ਭੁੱਖਾਂ ਦੇ ਸਤਾਇਓ
ਉੱਠੋ, ਧਰਤੀ ਦੇ ਜਾਇਓ.......

ਅਸੀਂ ਹਾਲੇ ਪਹਿਲੀ ਤੁਕ ਪੂਰੀ ਨਹੀਂ ਸੀ ਕੀਤੀ ਕਿ ਦਫ਼ਤਰ ਦੀ ਇਕ ਬਾਰੀ ਖੁੱਲਣ ਦਾ ਖੜਾਕ ਹੋਇਆ ਤੇ ਇਕ ਮੁਲਾਜ਼ਮ ਗੁੱਸੇ ਨਾਲ ਚੀਕਿਆ:

"ਕ੍ਰਿਪਾ ਕਰਕੇ, ਚੁੱਪ ਹੋ ਜਾਉ! ਡਾਇਰੈਕਟਰ ਦਾ ਹੁਕਮ ਹੈ!"

ਟੋਲੀ ਦੇ ਮੂਹਰੇ ਆ ਕੇ, ਮੈਂ ਜਵਾਬ ਦਿੱਤਾ: "ਡਾਇਰੈਕਟਰ ਨੂੰ ਜਾਕੇ ਕਹਿ ਦੇ ਆਪ ਆਕੇ ਹੁਕਮ ਦੇਵੇ।"

ਅਸੀਂ ਗਾਉਂਦੀਆਂ ਰਹੀਆਂ। ਡਾਇਰੈਕਟਰ, ਮਹਾਨ ਲੁਇਸ ਗੁਜ਼ਮੈਨ ਨੇ ਆਉਂਦਿਆਂ ਦੇਰ ਨਾ ਲਾਈ, ਉਹ ਤਖ਼ਤੇ ਵਾਂਗ ਤਣਿਆਂ ਹੋਇਆ ਸੀ। ਪੀਲਾ ਭੂਕ ਤੇ ਪਰੇਸ਼ਾਨ ਹੋਇਆ, ਉਹ ਟੋਲੀ ਦੇ ਨੇੜੇ ਆ ਗਿਆ।

"ਤੁਸੀਂ ਮੈਨੂੰ ਮਿਲਣਾ ਚਾਹੁੰਦੀਆਂ ਸੀ?"

"ਹਾਂ, ਤੁਹਾਨੂੰ ਮਿਲਣਾ ਚਾਹੁੰਦੀਆਂ ਸੀ," ਮੈਂ ਜਵਾਬ ਦਿੱਤਾ।

"ਤੁਸੀਂ ਸਾਰੀਆਂ?" ਉਸਨੇ ਉਸ ਦਹਿਸ਼ਤ ਨੂੰ ਆਧਾਰ ਬਣਾਉਂਦਿਆਂ ਧਮਕਾਊ ਲਹਿਜ਼ੇ 'ਚ ਪੁੱਛਿਆ ਜੋ ਇਸ ਜਗ੍ਹਾ ਦਾ ਮੁਖੀ ਤੇ ਮਾਲਕ ਹੋਣ ਦੇ ਨਾਤੇ ਉਸ ਨੇ ਪਾਈ ਹੋਈ ਸੀ, ਉਹ ਭੋਰਾ ਭਰ ਵਿਰੋਧ ਕਰਨ 'ਤੇ ਕਿਸੇ ਵੀ ਕੈਦੀ ਨੂੰ ਬੇਖ਼ੌਫ਼ ਹੋ ਕੇ ਵਹਿਸ਼ੀ ਸਜ਼ਾ ਦੇ ਦਿੰਦਾ ਸੀ।

"ਹੋਰਨਾਂ ਦਾ ਮੈਨੂੰ ਨਹੀਂ ਪਤਾ, ਪਰ ਮੈਂ ਮਿਲਣਾ ਚਾਹੁੰਦੀ ਹਾਂ।"

"ਮੈਂ ਵੀ," ਇਕ ਸਮਾਜਵਾਦੀ ਆਗੂ ਦੀ ਭੈਣ ਪੁਰਾ ਕਰੁਜ਼ ਸਾਲਿਡੋ ਨੇ ਆਖਿਆ, ਜੋ ਟੈਲੀਫ਼ੋਨ ਕੰਪਨੀ ਦੀ ਅਹਿਮ ਮੁਲਾਜ਼ਮ ਸੀ। ਉਹ ਆਪਣੇ ਪਤੀ, ਜੋ ਇਕ ਅਰਾਜਕਤਾਵਾਦੀ ਸੀ, ਨਾਲ ਉਦੋਂ ਗ੍ਰਿਫ਼ਤਾਰ ਕੀਤੀ ਗਈ, ਜਦੋਂ ਉਹ ਸੰਸਦ 'ਚ ਦੋ ਬੰਬ ਰੱਖਣ ਵਾਲੇ ਸਨ, ਉਹ ਅਲਕਾਲਾ ਵੀ ਹੈਨੇਅਰਜ਼ ਦੀ ਜੇਲ੍ਹ 'ਚ ਤਬਾਦਲਾ ਹੋਣ ਨੂੰ ਉਡੀਕ ਰਹੀ ਸੀ, ਜਿੱਥੇ ਉਹਨੇ ਸਜ਼ਾ ਕੱਟਣੀ ਸੀ।

"ਤੇ ਤੁਸੀਂ ਚਾਹੁੰਦੀਆਂ ਕੀ ਹੋ?"

"ਇਹ ਜਾਨਣਾ ਕਿ ਪਹਿਲੀ ਮਈ ਨੂੰ ਵਿਹੜੇ 'ਚ ਕੌਮਾਂਤਰੀ ਗੀਤ ਕਿਉਂ ਨਹੀਂ ਗਾਇਆ ਜਾ ਸਕਦਾ।"

"ਕਿਉਂਕਿ ਇਹ ਸਰਕਾਰੀ ਅਦਾਰਾ ਹੈ ਅਤੇ ਕੌਮਾਂਤਰੀ ਗੀਤ ਇਨਕਲਾਬੀ ਗੀਤ ਹੈ।"

"ਤੁਹਾਡੇ ਕਾਇਦੇ ਕਾਨੂੰਨ ਦੋ ਹੋਣਗੇ। ਕੱਲ੍ਹ ਤੁਸੀਂ ਭੁੱਲ ਗਏ ਕਿ ਜੇਲ੍ਹ ਸਰਕਾਰੀ ਅਦਾਰਾ ਸੀ ਅਤੇ ਧਾਰਮਿਕ ਭਜਨ ਗਾਉਣ ਦੀ ਇਜਾਜ਼ਤ ਦੇਈ ਰੱਖੀ, ਇਸ ਤੱਥ ਦੇ ਬਾਵਜੂਦ ਕਿ ਗਣਰਾਜ ਅਧੀਨ ਗਿਰਜਾਘਰ ਨੂੰ ਰਾਜ ਤੋਂ ਵੱਖ ਕੀਤਾ ਹੋਇਆ ਹੈ।"

"ਇਹ ਤੁਹਾਡਾ ਕੰਮ ਨਹੀਂ। ਇੱਥੇ ਕਾਇਦੇ-ਕਾਨੂੰਨ ਮੈਂ ਬਣਾਉਨਾ।"

"ਜਦੋਂ ਤੱਕ ਤੁਸੀਂ ਕੋਰੜੇ ਮਾਰਨ ਤੱਕ ਨਹੀਂ ਪਹੁੰਚ ਜਾਂਦੇ।"

"ਜੇ ਤੁਸੀਂ ਬਾਜ ਨਹੀਂ ਆਉਂਦੀਆਂ ਤਾਂ। ਪਰ ਅੱਜ ਇਸ ਜੇਲ੍ਹ 'ਚ ਕੋਈ ਗੀਤ ਨਹੀਂ ਗਾਇਆ ਜਾਵੇਗਾ।"

ਬਹਾਦਰ ਐਂਡਾਲੂਸੀਅਨ (ਸਪੇਨ ਦੇ ਇਕ ਸੂਬੇ ਐਂਡਾਲੂਸੀਆ ਦੀ ਵਸਨੀਕ) ਪੂਰਾ ਕਰੁਜ਼ ਸਾਲਿਡੋ ਨੇ ਜਵਾਬ ਦਿੱਤਾ:

"ਮੈਨੂੰ ਗਾਉਣ ਤੋਂ ਕੌਣ ਰੋਕ ਲਏਗਾ?"

ਉਸਦੀ ਸੁਹਣੀ, ਸਾਫ਼ ਆਵਾਜ਼ ਪੰਛੀ ਦੀ ਪਰਵਾਜ਼ ਵਾਂਗ ਉੱਭਰੀ, ਕੈਦਣਾਂ ਨੇ ਤਾੜੀ ਵਜਾ ਦਿੱਤੀ, ਇਸ ਤਰ੍ਹਾਂ ਬਹਿਸ-ਮੁਬਾਹਸਾ ਖ਼ਤਮ ਹੋ ਗਿਆ।

ਪੱਚੀ ਕਾਲ ਕੋਠੜੀਆਂ
ਊਟਰੇਰਾ ਦੀ ਜੇਲ੍ਹ ਦੀਆਂ
ਮੈਂ ਰਹੀ ਹਾਂ ਚੌਵੀ 'ਚ
ਸਭ ਤੋਂ ਹਨੇਰੀ ਹਾਲੇ ਮੇਰੀ ਇੰਤਜ਼ਾਰ ਕਰੇ।

ਆਕੜੇ ਫਿਰਦੇ, ਲੋਹੇ ਲਾਖੇ ਡਾਇਰੈਕਟਰ ਨੇ ਐਨੀ ਜ਼ੋਰ ਨਾਲ ਦਰਵਾਜਾ ਠਾਹ ਕਰਕੇ ਮਾਰਿਆ ਕਿ ਇਹ ਬਿਜਲੀ ਡਿੱਗਣ ਵਾਂਗ ਕੜਕਿਆ। ਪਹਿਲੀ ਮਈ ਹਾਲੇ ਖ਼ਤਮ ਨਹੀਂ ਸੀ ਹੋਈ ਅਤੇ ਗੁਜ਼ਮੈਨ ਕਮੀਨਾ ਬੰਦਾ ਸੀ, ਇੱਥੋਂ ਤੱਕ ਕਿ ਬਦਲੇਖ਼ੋਰ ਵੀ। ਉਸ ਸ਼ਾਮ ਨੂੰ ਉਸਨੇ ਸਾਨੂੰ ਬਿਨਾ ਬੰਦਿਆਈ ਤੋਂ ਖਾਣੇ ਦੀ ਸਜ਼ਾ ਦਿੱਤੀ। ਜਦੋਂ ਲਾਲ ਮਿਰਚ ਨਾਲ ਗੜੁੱਚ ਆਲੂਆਂ ਦੀ ਤਰੀ ਤੇ ਮੱਛੀ ਦੀ ਸੜੀ ਹੋਈ ਰਹਿੰਦ-ਖੂੰਹਦ ਵਾਲੇ ਖਾਣੇ ਦੀਆਂ ਟਰੇਅ ਲਿਆਂਦੀਆਂ ਗਈਆਂ ਤਾਂ ਲੰਗਰ ਹਾਲ 'ਚ ਰੌਲਾ ਪੈ ਗਿਆ। ਉੱਠਕੇ, ਮੈਂ ਲੰਗਰ ਹਾਲ ਦੀ ਮੁਖੀ ਪ੍ਰਬੰਧਕ ਨੂੰ ਕਿਹਾ: "ਅਸੀਂ ਇਹ ਕੂੜਾ ਨਹੀਂ ਖਾਣਾ।" ਜੇਲ੍ਹ 'ਚ ਵਰਤੀਆਂ ਜਾਂਦੀਆਂ ਥਾਲੀਆਂ ਨੂੰ ਮੇਜ਼ 'ਤੇ ਖੜਕਾਕੇ ਸਾਰੀਆਂ ਔਰਤਾਂ ਮਿਲਕੇ ਗਾਉਣ ਲੱਗੀਆਂ: "ਹੋਰ ਖਾਣਾ ਲਿਆਉ!" ਅਸੀਂ ਥਾਲੀਆਂ ਤੇ ਭਾਂਡੇ ਲੈ ਕੇ ਵਿਹੜੇ 'ਚ ਆ ਗਈਆਂ, ਜਿੱਥੇ ਇਹ ਹੰਗਾਮਾ ਜਾਰੀ ਰਿਹਾ।

ਮੈਂ ਸੌਣ ਕੋਠੜੀ 'ਚ ਆ ਗਈ, ਇਹ ਸੋਚਕੇ ਕਿ ਉੱਥੇ ਮਾਮਲਾ ਨਹੀਂ ਨਿੱਬੜੇਗਾ। ਵਾਕਈ, ਥੋੜ੍ਹੇ ਸਮੇਂ 'ਚ ਹੀ ਮੈਨੂੰ ਪੌੜੀਆਂ 'ਚ ਪੈੜਚਾਲ ਤੇ ਆਵਾਜ਼ਾਂ ਸੁਣਾਈ ਦਿੱਤੀਆਂ। ਡਾਇਰੈਕਟਰ ਇਕ ਕੈਦਣ ਤੇ ਉਸ ਸਾਧਵੀ ਨੂੰ ਨਾਲ ਲੈ ਕੇ ਦਰਵਾਜ਼ੇ 'ਤੇ ਆ ਗਿਆ ਜਿਸ ਨੇ ਜਦੋਂ ਮੈਂ ਪਿਛਲੀ ਵਾਰ ਜੇਲ੍ਹ 'ਚ ਆਈ ਸੀ ਤਾਂ ਮੈਨੂੰ ਨੰਗੀ ਕਰਨਾ ਚਾਹਿਆ ਸੀ। ਔਰਤ ਨੇ ਉਸ ਖਾਣੇ ਦੀ ਭਰੀ ਥਾਲੀ ਚੁੱਕੀ ਹੋਈ ਸੀ ਜਿਸਨੂੰ ਖਾਣ ਤੋਂ ਅਸੀਂ ਇਨਕਾਰ ਕੀਤਾ ਸੀ। ਉਹ ਉੱਥੇ ਨੇੜੇ ਆ ਗਏ ਜਿੱਥੇ ਮੈਂ ਬੈਠੀ ਹੋਈ ਸੀ; ਉਨ੍ਹਾਂ ਦੇ ਪਿੱਛੇ ਮੇਰੀ ਸੌਣ ਕੋਠੜੀ ਦੀਆਂ ਔਰਤਾਂ ਸਨ।

ਸਾਫ਼ ਦਿਸਦਾ ਸੀ ਕਿ ਡਾਇਰੈਕਟਰ ਖ਼ੁਦ 'ਤੇ ਕਾਬੂ ਪਾਣ ਦਾ ਯਤਨ ਕਰ ਰਿਹਾ ਸੀ।

"ਤੁਸੀਂ ਖਾਣਾ ਕਿਉਂ ਨਹੀਂ ਖਾਧਾ?"

"ਕਿਉਂਕਿ ਇਸ ਖਾਣੇ ਤੋਂ ਘਿਣ ਆਉਂਦੀ ਹੈ।"

ਉਸ ਦੇ ਨੱਕ ਉੱਤੇ ਐਨਕਾਂ ਲਰਜ਼ ਉੱਠੀਆਂ।

"ਦੇਖੋ, ਮੇਰੇ ਸਬਰ ਦੀ ਕੋਈ ਹੱਦ ਹੈ, ਅਤੇ ਮੈਂ ਇਹ ਨਹੀਂ ਹੋਣ ਦੇਵਾਂਗਾ। ਕੱਲ੍ਹ ਵਰਕਸ਼ਾਪ ਦਾ ਮਾਮਲਾ ਸੀ; ਉਸ ਤੋਂ ਪਹਿਲੇ ਦਿਨ, ਔਰਤਾਂ ਦੇ ਮਿਹਨਤਾਨੇ ਤੇ ਨਾਸ਼ਤੇ ਲਈ ਦੁੱਧ ਦਾ ਹੰਗਾਮਾ ਹੋਇਆ। ਅੱਜ, ਗੌਣ-ਵਜਾਉਣ ਤੇ ਖਾਣੇ ਦਾ ਮੁੱਦਾ ਗਿਆ। ਭਲਕ ਨੂੰ ਚੰਦ 'ਤੇ ਮਨੁੱਖ ਦੇ ਜਾਣ ਦਾ ਮੁੱਦਾ ਆ ਜਾਵੇਗਾ। ਪਰ ਨੁਕਤਾ ਇਹ ਨਹੀਂ ਹੈ। ਨੁਕਤਾ ਇਹ ਹੈ ਕਿ ਤੇਰੇ ਕਰਕੇ ਜੇਲ੍ਹ 'ਚ ਆਕੀਪੁਣਾ, ਹੁਕਮ ਅਦੂਲੀ ਤੇ ਅਫ਼ਰਾ-ਤਫ਼ਰੀ ਮਚੀ ਹੈ। ਹੁਣ ਮੈਂ ਇਸਨੂੰ ਬਰਦਾਸ਼ਤ ਨਹੀਂ ਕਰਾਂਗਾ। ਤੇਰੇ ਆਉਣ ਤੋਂ ਪਹਿਲਾਂ ਜੇਲ੍ਹ ਸ਼ਾਂਤ ਸੀ; ਔਰਤਾਂ ਦਬੈਲ ਤੇ ਜ਼ਾਬਤੇ 'ਚ ਸਨ। ਹੁਣ ਇਹ ਰੋਸ ਮੁਜ਼ਾਹਰੇ ਤੇ ਬਗ਼ਾਵਤ ਦਾ ਅੱਡਾ ਬਣੀ ਹੋਈ ਏ।"

"ਇਨ੍ਹਾਂ ਸਾਰੇ ਨਤੀਜਿਆਂ 'ਤੇ ਅੱਪੜਨ ਤੋਂ ਪਹਿਲਾਂ ਕੀ ਤੁਸੀਂ ਕਦੇ ਇਸ ਜੇਲ੍ਹ ਦੇ ਅਸਲ ਹਾਲਤ ਦੀ ਛਾਣਬੀਣ ਕੀਤੀ ਹੈ?" ਮੈਂ ਜਵਾਬ ਦਿੱਤਾ। "ਇਹ ਐਨ ਸੰਭਵ ਹੈ ਕਿ ਮੇਰੇ ਆਉਣ ਤੋਂ ਪਹਿਲਾਂ ਕੈਦਣਾਂ ਨਾਲ ਇਨਸਾਨੀਅਤ ਵਾਲਾ ਤੇ ਸਹੀ ਸਲੂਕ ਹੁੰਦਾ ਹੋਣੈ। ਦੁੱਧ ਦੀ ਹੇਰਾ ਫੇਰੀ ਨਹੀਂ ਹੁੰਦੀ ਹੋਣੀ, ਜੇਲ੍ਹ ਦੇ ਫੰਡ ਵਪਾਰਕ ਸੌਦਿਆਂ 'ਚ ਨਹੀਂ ਵਰਤੇ ਜਾਂਦੇ ਹੋਣੇ, ਦਵਾਖ਼ਾਨਾ ਠੀਕ ਚੱਲਦਾ ਹੋਣਾ, ਕਿ ਸ਼ਾਪ 'ਚ ਪ੍ਰਵਾਨਤ ਮਿਹਨਤਾਨੇ ਅਨੁਸਾਰ 'ਬਿਨਾ ਕਮਿਸ਼ਨ' ਅਦਾਇਗੀ ਕੀਤੀ ਜਾਂਦੀ ਹੋਵੇਗੀ। ਪਰ ਹੁਣ ਮੈਂ ਇੱਥੇ, ਜੇਲ੍ਹ 'ਚ ਰਹਿੰਦੀ ਹਾਂ, ਮੈਂ ਜਾਣਦੀ ਹਾਂ ਕਿ ਇੰਜ ਨਹੀਂ ਸੀ ਹੁੰਦਾ। ਅਤੇ ਮੈਂ ਰੋਸ ਪ੍ਰਗਟਾਉਂਦੀ ਹਾਂ ਕਿਉਂਕਿ ਮੈਂ ਸੋਚਦੀ ਹਾਂ ਕਿ ਤੁਸੀਂ ਜੋ ਕਰ ਰਹੇ ਹੋ ਉਹ ਨਾ ਸਿਰਫ਼ ਬੇਇਨਸਾਫ਼ੀ ਹੈ ਸਗੋਂ ਡਾਕਾ ਹੈ।"

ਆਪਣੇ ਗੁੱਸੇ ਨੂੰ ਕਾਬੂ 'ਚ ਰੱਖਣ ਦੀ ਜ਼ੋਰਦਾਰ ਕੋਸ਼ਿਸ਼ ਕਰਦਿਆਂ, ਡਾਇਰੈਕਟਰ ਨੇ ਜਵਾਬ ਦਿੱਤਾ: "ਮੈਨੂੰ ਤੇਰੇ ਤੋਂ ਵੱਧ ਅੱਥਰੇ ਘੋੜਿਆਂ ਨੂੰ ਕਾਬੂ ਕਰਨਾ ਆਉਂਦਾ ਹੈ, ਅਤੇ ਉਨ੍ਹਾਂ ਢੰਗਾਂ ਨਾਲ ਤੇਰੀਆਂ ਸਰਗਰਮੀਆਂ ਨੂੰ ਰੋਕਣਾ ਔਖਾ ਨਹੀਂ ਹੈ ਜਿਨ੍ਹਾਂ ਦੀ ਇਜਾਜ਼ਤ ਕਾਨੂੰਨ ਦਿੰਦਾ ਹੈ।"

"ਕਾਨੂੰਨ! ਤੁਸੀਂ ਰੋਜ਼ ਕਾਨੂੰਨ ਤੋੜਨ ਵਾਲੇ ਹੁਣ ਇਸ ਦੇ ਹਾੜੇ ਕੱਢਦੇ ਹੋ? ਮੈਂ ਮੰਗ ਕਰਾਂਗੀ ਕਿ ਪੜਤਾਲੀਆ ਕਮੇਟੀ ਇੱਥੇ ਆਵੇ, ਅਤੇ ਉਸ ਕਮੇਟੀ ਮੂਹਰੇ ਅਸੀਂ ਸਾਰੇ ਗੱਲ ਰੱਖੀਏ, ਤੁਸੀਂ ਤੇ ਕੈਦਣਾਂ। ਤੁਹਾਡੀਆਂ ਧਮਕੀਆਂ ਦੀ ਮੈਨੂੰ ਭੋਰਾ ਪ੍ਰਵਾਹ ਨਹੀਂ। ਅਤੇ ਜਿੱਥੋਂ ਤੱਕ ਤੁਹਾਡੀ ਅੱਥਰੇ ਘੋੜਿਆਂ ਵਾਲੇ ਭਰਮ ਦੀ ਗੱਲ ਹੈ, ਮੇਰਾ ਕਹਿਣਾ ਹੈ ਕਿ ਘੋੜੇ ਤਾਂ ਲਗਾਮ ਪਾ ਕੇ ਕਾਬੂ ਹੋ ਜਾਂਦੇ ਹਨ, ਪਰ ਮਾਰ-ਖ਼ੋਰੇ ਸਾਨ੍ਹਾਂ ਨੂੰ ਸਜ਼ਾ ਦਿਉ ਤਾਂ ਹੋਰ ਭੜਕ ਉੱਠਦੇ ਨੇ। ਡਾਇਰੈਕਟਰ ਸਾਹਿਬ, ਮੈਂ ਤੁਹਾਨੂੰ ਹੋਰ ਕੁਝ ਨਹੀਂ ਕਹਿਣਾ।"

"ਮੈਂ ਤੈਨੂੰ ਚੇਤਾਵਨੀ ਦੇ ਦਿੱਤੀ, ਅਤੇ ਮੈਂ ਜੋ ਕਹਿੰਦਾਂ ਕਰਕੇ ਹਟਦਾਂ।"

"ਮਿਹਰਬਾਨੀ, ਮੈਂ ਧਿਆਨ 'ਚ ਰੱਖਾਂਗੀ।"

ਉਹ ਗੁੱਸੇ 'ਚ ਮਚਦਾ ਤੁਰ ਗਿਆ। ਅਗਲੀ ਸਵੇਰ ਜਦੋਂ ਅਸੀਂ ਗ਼ੁਸਲਖ਼ਾਨੇ ਗਈਆਂ ਤਾਂ ਇਕ ਕੈਦਣ ਨੇ ਅੱਖ ਬਚਾ ਕੇ ਮੈਨੂੰ ਇਕ ਸੁਨੇਹਾ ਫੜਾ ਦਿੱਤਾ: "ਜੇ ਅਹਾਤੇ 'ਚ, ਪੌੜੀਆਂ 'ਤੇ ਜਾਂ ਸੌਣ ਕੋਠੜੀ 'ਚ ਕੈਦਣਾਂ ਦੀ ਲੜਾਈ ਸ਼ੁਰੂ ਹੁੰਦੀ ਹੈ ਤਾਂ ਦਖ਼ਲ ਨਾ ਦੇਵੀਂ। ਡਾਇਰੈਕਟਰ ਨੇ ਪੁਰਾਣੀਆਂ ਕੈਦਣਾਂ ਦੀ ਇਕ ਟੋਲੀ ਨਾਲ਼ ਗੱਲਬਾਤ ਕਰਕੇ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਕਿ ਜੇ ਉਹ 'ਜਿੱਥੇ ਤੇਰਾ ਲਾਗਾ-ਦੇਗਾ ਨਹੀਂ ਉੱਥੇ ਟੰਗ ਅੜਾਉਣ ਬਦਲੇ' ਤੇਰੀ ਭੁਗਤ ਸਵਾਰ ਦੇਣਗੀਆਂ ਤਾਂ ਅਦਾਲਤ 'ਚ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ।"

ਮੈਂ ਚੌਕਸ ਕਰਨ ਲਈ ਉਸ ਨੂੰ ਸ਼ਾਬਾਸ਼ ਦਿੱਤੀ ਤੇ ਡਾਇਰੈਕਟਰ ਦੀਆਂ ਹੋਛੀਆਂ ਵਿਉਂਤਾਂ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਦੀ ਹਿੰਮਤ ਪਹਿਲਾਂ ਹੀ ਦੇਖੀ ਜਾ ਚੁੱਕੀ ਸੀ।

ਪਹਿਲੀ ਮਈ ਦੀ ਸ਼ਾਮ ਨੂੰ, ਨਵਾਰੋ ਬਾਲੈਸਟੀਰੋ ਦੀ ਇਕ ਭੈਣ ਦੋ ਹੋਰ ਸਾਥੀਆਂ, ਫੈਲਿਸਾ ਬਾਸਟਰੇਂਚੀਆ ਅਤੇ ਗਰੈਡੋ ਨਾਲ ਜੇਲ੍ਹ 'ਚ ਆ ਗਈ। ਉਨ੍ਹਾਂ ਨੂੰ ਮਈ ਦਿਵਸ ਦੇ ਮੁਜ਼ਾਹਰੇ ਤੋਂ ਬਾਦ ਮਜ਼ਦੂਰਾਂ ਦੀ ਇਕ ਟੋਲੀ ਉੱਪਰ ਪੁਲਿਸ ਵੱਲੋਂ ਜ਼ੁਲਮ ਢਾਹੁਣ ਦੇ ਖ਼ਿਲਾਫ਼ ਰੋਸ ਪ੍ਰਗਟਾਉਂਦੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੈਰ-ਪੈਰ 'ਤੇ ਗਣਰਾਜ ਦਾ ਅਸਲ ਕਿਰਦਾਰ ਸਾਹਮਣੇ ਆ ਰਿਹਾ ਸੀ। ਜੇਲ੍ਹ ਅੰਦਰ, ਘਾਗ ਕੁੱਤੇ ਭੌਂਕਦੇ ਜ਼ਰੂਰ ਸਨ ਪਰ ਚੱਕ ਮਾਰਨ ਦੀ ਹਿੰਮਤ ਨਹੀਂ ਸੀ ਕਰਦੇ। ਬਾਹਰ ਗਲੀਆਂ 'ਚ ਉਹ ਚੱਕ ਵੱਢਦੇ ਸਨ।

ਦੋ ਹਫ਼ਤਿਆਂ ਬਾਦ ਇਹ ਸਾਥਣਾਂ ਰਿਹਾਅ ਹੋ ਗਈਆਂ। ਇਕ ਵਾਰ ਫੇਰ ਮੈਂ ਛੋਟੀਆਂ-ਛੋਟੀਆਂ ਮੁਸ਼ਕਲਾਂ ਤੇ ਖ਼ੁਦਗਰਜ਼ ਭਾਵਨਾਵਾਂ ਦੇ ਸਮੁੰਦਰ 'ਚ ਇਕੱਲੀ ਰਹਿ ਗਈ, ਸਮਾਜ 'ਚੋਂ ਛੇਕੀਆਂ ਔਰਤਾਂ ਦਰਮਿਆਨ, ਹਰ ਪਲ ਉਸਦੀ ਰਾਖੀ ਲਈ ਜੂਝਦੀ ਜਿਸਨੂੰ ਮੈਂ ਸਹੀ ਸਮਝਦੀ ਹੁੰਦੀ, ਬੇਇਨਸਾਫ਼ੀ ਵਿਰੁੱਧ ਰੋਸ ਪ੍ਰਗਟਾਉਂਦੀ, ਉਸ ਮਨੁੱਖੀ ਜ਼ਲਾਲਤ ਦੇ ਪਹਿਲੂਆਂ ਨੂੰ ਖੋਜਦੀ ਜਿਸਦੀ ਆਮ ਇਨਸਾਨੀ ਸਮਾਜ 'ਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਗਣਰਾਜ ਦੇ ਤਹਿਤ, ਸਾਧਵੀਆਂ ਨੂੰ ਜੇਲ੍ਹ ਪ੍ਰਸਾਸ਼ਨ ਤੋਂ ਹਟਾ ਦਿੱਤਾ ਗਿਆ। ਕਿਉਂਕਿ ਇਹ ਹੌਲੀ ਹੌਲੀ ਕੀਤਾ ਗਿਆ ਸੀ, ਇਸ ਕਰਕੇ ਮੇਰੀਆਂ ਪਹਿਲੀਆਂ ਗ੍ਰਿਫ਼ਤਾਰੀਆਂ ਸਮੇਂ ਉਹ ਹਾਲੇ ਉੱਥੇ ਸਨ। ਉਸ ਸਮੇਂ, ਉਨ੍ਹਾਂ ਦੀਆਂ ਡਿਊਟੀਆਂ ਸੀਮਤ ਕੀਤੀਆਂ ਜਾ ਰਹੀਆਂ ਸਨ ਅਤੇ ਉਨ੍ਹਾਂ ਦੀ ਥਾਂ ਪ੍ਰਬੰਧਕਾਂ ਨੂੰ ਲਿਆ ਜਾ ਰਿਹਾ ਸੀ, ਹਕੂਮਤ ਨੇ ਜੇਲ੍ਹ ਅਧਿਕਾਰੀਆਂ ਦਾ ਨਵਾਂ ਅਮਲਾ ਕਾਇਮ ਕਰ ਲਿਆ ਸੀ।

ਇਨ੍ਹਾਂ ਪ੍ਰਬੰਧਕਾਂ ਦਾ ਉਚੇਚਾ ਜ਼ਿਕਰ ਕਰਨਾ ਬਣਦਾ ਹੈ। ਇਨ੍ਹਾਂ 'ਚੋਂ ਬਹੁਤੀਆਂ ਹੇਠਲੇ ਮੱਧ-ਵਰਗੀ ਪਰਿਵਾਰਾਂ ਵਿਚੋਂ, ਫ਼ੌਜੀਆਂ ਜਾਂ ਸਿਵਲ ਸਰਵਿਸ ਮੁਲਾਜ਼ਮਾਂ ਦੀਆਂ ਵਿਧਵਾਵਾਂ ਜਾਂ ਧੀਆਂ ਸਨ। ਬਹੁਗਿਣਤੀ ਨੇ ਪਹਿਲਾਂ ਕੰਮ ਕੀਤਾ ਹੋਇਆ ਸੀ, ਇਸ ਕਰਕੇ ਉਹ ਆਪਣੀ ਰੋਜ਼ੀ ਕਮਾਉਣ ਗਿੱਝੀਆਂ ਹੋਈਆਂ ਸਨ। ਵਧੀਆ ਤਨਖਾਹਾਂ ਤੇ ਸੀਨੀਅਰਤਾ ਦੇ ਅਧਾਰ 'ਤੇ ਤਰੱਕੀ ਵਾਲੀ ਜੇਲ੍ਹ ਪ੍ਰਬੰਧਕ ਦੀ ਇਹ ਨੌਕਰੀ ਹਾਸਲ ਕਰਨ ਦੀ ਇੱਛਾ ਹਰ ਕਿਸੇ ਦੀ ਹੁੰਦੀ ਸੀ।

ਜੇਲ੍ਹ ਦੀਆਂ ਸਮੱਸਿਆਵਾਂ ਪ੍ਰਤੀ ਸ਼ਖਸੀਅਤਾਂ, ਵਤੀਰੇ ਅਤੇ ਰਵੱਈਆਂ ਦਾ ਵਿਸ਼ਾਲ ਸਿਲਸਿਲਾ ਤਾਂ ਪੈਟੀ ਬੁਰਜੂਆਜੀ ਦੀ ਅਸਥਿਰ ਬਾਹਰੀ ਦੁਨੀਆਂ ਦਾ ਝਲਕਾਰਾ ਹੀ ਸੀ, ਜੋ ਝੂਠੀ ਭਲਾਈ ਦੇ ਬੁਰਕੇ ਪਿੱਛੇ "ਤਾਏ ਦੀ ਧੀ ਦੀ ਰੀਸ ਕਰਨ"—ਯਾਨੀ ਕਿ ਵੱਡੀ ਬੁਰਜੂਆਜੀ ਦੀ ਦੁਨੀਆਂ 'ਚ ਰਲਣ ਦੇ ਤਰਸ ਭਰੇ ਯਤਨਾਂ—ਦੀ ਵਿਅਰਥਤਾ ਨੂੰ ਛੁਪਾ ਲੈਂਦੀ ਹੈ।

ਉਨ੍ਹਾਂ ਨੇ ਕੈਦੀਆਂ ਨਾਲ ਓਦੋਂ ਬੁਰਾ ਵਰਤਾਅ, ਖ਼ਾਸ ਕਰਕੇ ਸ਼ੁਰੂ 'ਚ, ਨਹੀਂ ਕੀਤਾ ਜਦੋਂ ਉਨ੍ਹਾਂ ਨੇ ਸਾਧਵੀਆਂ ਨੂੰ ਚਲਦਾ ਕਰਨਾ ਸੀ। ਪ੍ਰਬੰਧਕਾਂ ਇਕ ਦੂਜੀ ਨੂੰ ਨਫ਼ਰਤ ਕਰਦੀਆਂ, ਇਹ ਐਸਾ ਤੱਥ ਸੀ ਜੋ ਉਹ ਕੈਦਣਾਂ ਤੋਂ ਛੁਪਾਉਣ 'ਚ ਕਾਮਯਾਬ ਹੁੰਦੀਆਂ, ਜਿਹੜੀਆਂ ਕਿ ਜੇਲ੍ਹ ਪ੍ਰਬੰਧ ਦੀ ਕਿਸੇ ਵੀ ਕਮਜ਼ੋਰ ਕੜੀ ਤੋਂ ਲਾਹਾ ਲੈਣ ਲਈ ਹਮੇਸ਼ਾ ਚੁਕੰਨੀਆਂ ਰਹਿੰਦੀਆਂ।

ਇਸ ਅੰਦਰੂਨੀ ਸ਼ਰੀਕੇਬਾਜ਼ੀ ਦੀ ਢੁਕਵੀਂ ਮਿਸਾਲ ਦੋ ਮੁਖੀ ਪ੍ਰਬੰਧਕਾਂ, ਕੁਮਾਰੀ ਜੂਲੀਆ ਟਰਿਗੋ ਅਤੇ ਸ਼੍ਰੀਮਤੀ ਮਾਰੀਆ ਮਾਸੋ ਦਾ ਮਾਮਲਾ ਸੀ। ਸ਼੍ਰੀਮਤੀ ਮਾਸੋ ਕਿੱਤੇ 'ਚ ਰੁਚੀ ਰੱਖਣ ਵਾਲੀ, ਟੱਬਰਦਾਰ, ਸੱਭਿਅਕ ਔਰਤ ਸੀ ਅਤੇ ਮੁੱਖ ਪ੍ਰਬੰਧਕ ਦੀ ਨੌਕਰੀ ਦੀ ਮੁਕਾਬਲੇਬਾਜ਼ੀ 'ਚ ਕੁਮਾਰੀ ਟਰਿਗੋ ਤੋਂ ਮੂਹਰੇ ਸੀ। ਜਦਕਿ, ਕੁਮਾਰੀ ਟਰਿਗੋ ਨਿਆਂ ਪ੍ਰਣਾਲੀ ਦੇ ਮੈਂਬਰਾਂ ਦੀ ਚਹੇਤੀ ਸੀ। ਇਸ ਵਜ੍ਹਾ ਕਰਕੇ ਉਹ, ਸ਼੍ਰੀਮਤੀ ਮਾਸੋ ਦੀ ਪ੍ਰਤੱਖ ਉੱਤਮਤਾ ਦੇ ਬਾਵਜੂਦ, ਕੁਮਾਰੀ ਟਰਿਗੋ ਨੂੰ ਨਿਯੁਕਤੀ ਕਰਨ ਜਾ ਰਹੇ ਸਨ। ਟਰਿਗੋ ਵਧੇਰੇ "ਦਿਲਕਸ਼" ਸੀ। ਸ਼੍ਰੀਮਤੀ ਮਾਸੋ ਜਾਣਦੀ ਸੀ ਕਿ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਅਤੇ ਠੋਸ ਕੇਸ ਦੇ ਸਹਾਰੇ ਉਸਨੇ ਨਿਯੁਕਤੀ ਦਾ ਵਿਰੋਧ ਕਰਨ ਦੀ ਧਮਕੀ ਦੇ ਕੇ ਜੱਜਾਂ ਨੂੰ ਦੋਵਾਂ ਨੂੰ ਨਿਯੁਕਤ ਕਰਨ ਲਈ ਮਜਬੂਰ ਕਰ ਦਿੱਤਾ।

ਆਪਣੀ ਨਾਖ਼ੁਸ਼ਗਵਾਰ ਨਿਯੁਕਤੀ ਦੀਆਂ ਹੱਦਾਂ ਦੇ ਅੰਦਰ ਅੰਦਰ, ਸ਼੍ਰੀਮਤੀ ਮਾਸੋ ਨੇ ਮੁਖ ਪ੍ਰਬੰਧਕ ਵਜੋਂ ਆਪਣੇ ਫਰਜ਼ ਇਨਸਾਨੀ ਤਰੀਕੇ ਨਾਲ ਨਿਭਾਏ। ਉਹ ਸਖ਼ਤ ਜ਼ਰੂਰ ਸੀ ਪਰ

ਜ਼ਾਲਮ ਨਹੀਂ ਸੀ, ਅਤੇ ਜਾਣਦੀ ਸੀ ਕਿ ਕੋਈ ਕੈਦਣ ਸ਼ਿਕਾਇਤ ਲੈ ਕੇ ਆਵੇ ਤਾਂ ਉਸ ਦੀ ਗੱਲ ਕਿਵੇਂ ਸੁਨਣੀ ਹੈ।

ਕੁਮਾਰੀ ਟਰਿਗੋ ਗੱਦੀਉਂ ਲੱਥੀ ਰਾਣੀ ਵਾਂਗ ਕਮਰਿਆਂ 'ਚ ਗੇੜੇ ਮਾਰਦੀ ਰਹਿੰਦੀ, ਸਾਡੇ ਵੱਲ ਪਿੱਛੇ ਮੁੜ ਮੁੜ ਝਾਕਦੀ ਰਹਿੰਦੀ ਅਤੇ ਆਪਣੇ ਭਾਰੀ ਚਿਹਰੇ ਉੱਪਰ ਕੋਈ ਹਾਵ-ਭਾਵ ਲਿਆਏ ਬਗ਼ੈਰ ਕੈਦਣਾਂ ਨਾਲ ਗੱਲਬਾਤ ਕਰਦੀ, ਜਿਵੇਂ ਕਿਤੇ ਇਸ ਕਰਕੇ ਚਿਹਰੇ ਦੀ ਸੁਚੱਜੀ ਮੀਨਾਕਾਰੀ ਖ਼ਰਾਬ ਨਾ ਹੋ ਜਾਵੇ। ਸਾਨੂੰ ਕਦੇ ਕਦਾਈਂ ਹੀ ਉਸਦੇ ਦਰਸ਼ਨ ਨਸੀਬ ਹੁੰਦੇ। ਉਹ ਸਵੇਰੇ ਸਵੱਖਤੇ ਆ ਜਾਂਦੀ, ਇਹ ਦੇਖਣ ਲਈ ਰਸਮੀ ਗੇੜਾ ਲਾਉਂਦੀ ਕਿ ਹਰ ਚੀਜ਼ ਠੀਕ ਠਾਕ ਹੈ। ਅਤੇ ਬਾਕੀ ਦਾ ਸਮਾਂ ਆਪਣੇ ਦਫ਼ਤਰ 'ਚ ਸਿਲਾਈ ਕਰਦਿਆਂ ਜਾਂ ਡਾਇਰੈਕਟਰ ਨਾਲ ਗੱਪਾਂ ਮਾਰਦਿਆਂ ਗੁਜ਼ਾਰਦੀ।

ਅਤੇ ਕੈਦਣਾਂ ? ਕੈਦਣਾਂ ਦੀ ਜਿਹੜੀ ਇਕੋ ਇਕ ਚੀਜ਼ ਉਸਨੂੰ ਖਿੱਚਦੀ ਉਹ ਹੁੰਦਾ ਕੋਈ ਦਿਮਾਗੀ ਜਾਂ ਸਰੀਰਕ ਥਿੜ੍ਹਕਣ ਦਾ ਮਾਮਲਾ, ਜਿਸ ਤੋਂ ਉਸ ਨੂੰ ਸਨਸਨੀਖੇਜ਼ ਕਹਾਣੀ ਮਿਲ ਜਾਂਦੀ ਜੋ ਉਸਦੇ ਦੋਸਤਾਂ ਵੱਲੋਂ ਲਿਖੇ ਜਾਣ ਵਾਲੇ ਕਿਸੇ ਨਾਵਲ ਲਈ ਸਮੱਗਰੀ ਬਣ ਜਾਂਦੀ। ਕੈਦਣਾਂ ਲਈ ਉਹ ਸੱਚਮੁੱਚ ਅਜਨਬੀ ਸੀ; ਫਿਰ ਵੀ, ਉਹ ਉਸ ਬਾਰੇ ਕਹਾਣੀਆਂ ਸੁਣਾਉਂਦੀਆਂ ਰਹਿੰਦੀਆਂ ਜੋ ਉਸ ਤੋਂ ਘੱਟ ਅਸ਼ਲੀਲ ਤੇ ਘਿਣਾਉਣੀਆਂ ਨਾ ਹੁੰਦੀਆਂ ਜਿਹੜੀਆਂ ਉਹ ਆਪਣੇ ਮਤਹਿਤ ਅਪਰਾਧੀਆਂ ਦੀਆਂ ਸੰਤਾਪੀਆਂ ਜ਼ਿੰਦਗੀਆਂ ਬਾਰੇ ਬਹੁਤ ਜ਼ਿਆਦਾ ਲਾਲਸਾ ਨਾਲ ਇੱਕਠੀਆਂ ਕਰਦੀ ਸੀ।

## [14]
## ਸਿਆਸੀ ਕੈਦਣਾਂ

ਮਈ ਦਾ ਅੱਧ ਚੱਲ ਰਿਹਾ ਸੀ। ਗਲੀਆਂ 'ਚ ਇਹ ਅਫ਼ਵਾਹਾਂ ਫੈਲੀਆਂ ਹੋਈਆਂ ਸਨ ਕਿ ਰਜਵਾੜਾਸ਼ਾਹੀ ਦੇ ਹਾਮੀ 17 ਤਾਰੀਕ ਨੂੰ ਬਾਦਸ਼ਾਹ ਅਲਫੌਂਸੋ ਅੱਠਵੇਂ ਦੇ ਜਨਮ ਦਿਨ ਦੇ ਮੌਕੇ, ਸਰਕਾਰ ਦਾ ਤਖ਼ਤਾ ਉਲਟਾਉਣ ਦੀ ਵਿਉਂਤ ਬਣਾ ਰਹੇ ਸਨ। ਇਸ ਦੀ ਬਜਾਏ, 19 ਮਈ ਨੂੰ ਰਜਵਾੜਾਸ਼ਾਹੀ ਦੇ ਹਾਮੀਆਂ ਨੇ ਮੈਡਰਿਡ ਦੇ ਇਕ ਸਭ ਤੋਂ ਸਜ-ਧਜ ਵਾਲੇ ਗਿਰਜਾਘਰ 'ਚ ਜਸ਼ਨ ਮਨਾਏ; ਸਪੇਨ ਦੀ ਸਿਰਕੱਢ ਗੁੰਡਾ ਢਾਣੀ ਤੇ ਵਿਭਚਾਰੀ, ਸਾਰੇ ਰਾਜ ਪਰਿਵਾਰ, ਇਸ 'ਚ ਸ਼ਾਮਲ ਹੋਏ।

ਅਲਫੌਂਸੋ ਲਈ ਦਿਖਾਏ ਜੋਸ਼ੋਖਰੋਸ਼ ਦੇ ਕਾਰਨ, ਇਕ ਰਾਠ ਦੀ ਬਹੂ ਦੇ ਘਰੋਂ ਔਰਤਾਂ ਬਾਰੇ ਇਕ ਪਿਛਾਖੜੀ ਅਖ਼ਬਾਰ ਦੀ ਨਿਰਦੇਸ਼ਕਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਛਾਇ ਯੁੱਧ* ਦਾ ਭੁਲੇਖਾ ਪੈਂਦਾ ਸੀ! ਹੁਣ ਉਹ ਇਨ੍ਹਾਂ ਚੋਟੀ ਦੀਆਂ ਔਰਤਾਂ ਨੂੰ ਚੋਰਨੀਆਂ, ਬਾਲ ਹਤਿਆਰੀਆਂ, ਜੇਬਕਤਰੀਆਂ ਅਤੇ ਮਜ਼ਮੇਬਾਜ ਔਰਤਾਂ 'ਚ ਕਿਵੇਂ ਰੱਖਣ, ਕਮਿਊਨਿਸਟਾਂ ਦੀ ਤਾਂ ਗੱਲ ਹੀ ਛੱਡੋ। ਇਸਨੇ ਜੇਲ੍ਹ ਡਾਇਰੈਕਟਰ ਦੀ ਜ਼ਿੰਦਗੀ ਲਈ ਸਰਾਪ ਬਣ ਜਾਣਾ ਸੀ।

---

* ਛਾਇ ਦਾ ਯੁੱਧ ਜੋ ਐਗਾਮੇਮਨੋਂਨ ਅਧੀਨ ਯੂਨਾਨੀਆਂ ਅਤੇ ਪਰਾਇਮ ਅਧੀਨ ਛਾਇਵਾਸੀਆਂ ਵਿਚਕਾਰ ਲੜਿਆ ਗਿਆ।

ਉਨ੍ਹਾਂ ਨੂੰ ਪੁਲਿਸ ਦੇ ਸਦਰ ਮੁਕਾਮ ਲਿਜਾਇਆ ਗਿਆ, ਉਨ੍ਹਾਂ ਨੂੰ ਉਨ੍ਹਾਂ ਦੇ ਰੁਤਬੇ ਮੁਤਾਬਿਕ ਪੂਰਾ ਮਾਣ-ਤਾਣ ਦਿੱਤਾ ਗਿਆ ਇਹ ਸੁਭਾਵਿਕ ਸੀ; ਹਾਲਾਂਕਿ 'ਦਾਅਵਾ ਇਹ ਕੀਤਾ ਗਿਆ ਸੀ ਕਿ ਇਹ ਔਰਤਾਂ ਹੋਰਨਾਂ ਵਰਗੀਆਂ ਸਾਧਾਰਨ ਕੈਦਣਾਂ ਸਨ।

ਇਸੇ ਦੌਰਾਨ, ਜੇਲ੍ਹ 'ਚ ਇਕ ਅਜੀਬ ਤੇ ਘਚੋਲਾਪਾਊ ਘਟਨਾ ਵਾਪਰ ਗਈ। ਡਾਇਰੈਕਟਰ ਦੀ ਮਨਜ਼ੂਰੀ ਨਾਲ ਕੁਲੀਨ ਅਧਿਕਾਰੀਆਂ ਨੇ ਕੁਝ ਕੈਦੀਆਂ ਨੂੰ ਉਸ ਕਮਰੇ ਨੂੰ ਧੋਣ-ਸੰਵਾਰਨ ਤੇ ਪੋਚੇ ਲਾਕੇ ਚਮਕਾਉਣ ਦਾ ਹੁਕਮ ਚਾੜ੍ਹ ਦਿੱਤਾ ਜਿਸ ਬਾਰੇ ਮੈਂ ਇਕ ਵਾਰ ਡਾਇਰੈਕਟਰ ਨੂੰ ਕਿਹਾ ਸੀ ਕਿ ਇਹ ਕਮਰਾ ਸਿਆਸੀ ਕੈਦਣਾਂ ਦੀ ਵਰਤੋਂ ਲਈ ਰਾਖਵਾਂ ਕਰ ਦੇਵੇ।

ਮੇਰੇ ਨਾਲ ਕਮਰੇ 'ਚ ਰਹਿਣ ਵਾਲੀਆਂ ਨੇ ਸੋਚਿਆ ਕਿ ਪਹਿਲੀ ਮਈ ਦੀ ਘਟਨਾ ਕਰਕੇ, ਮੈਨੂੰ ਬਾਕੀ ਔਰਤਾਂ ਤੋਂ ਅੱਡ ਕਰਕੇ ਉਸ ਕਮਰੇ 'ਚ ਰੱਖਿਆ ਜਾਵੇਗਾ। ਪਰ ਕਈ ਗੁੱਝੀਆਂ ਚਾਲਾਂ ਤੋਂ ਇਲਾਵਾ ਡਾਇਰੈਕਟਰ ਕਾਇਦੇ-ਕਾਨੂੰਨਾਂ ਵਾਲਾ ਬੰਦਾ ਵੀ ਸੀ। ਕਮਰੇ 'ਚ ਵਧੀਆ ਚਿੱਟੀਆਂ ਚਾਦਰਾਂ ਤੇ ਊਨੀ ਗੱਦਿਆਂ ਵਾਲੇ ਦੋ ਬੈੱਡ, ਸਾਫ਼-ਸੁਥਰੇ ਭਾਂਡੇ ਤੇ ਸਾਬਕਾ ਆਸ਼ਰਮ ਦੀਆਂ ਤਮਾਮ ਐਸ਼ੋ-ਅਰਾਮ ਦੀਆਂ ਚੀਜ਼ਾਂ ਸਜਾ ਦਿੱਤੀਆਂ ਗਈਆਂ, ਜਿਵੇਂ ਚਿਲਮਚੀਆਂ, ਬਾਲਟੀਆਂ, ਘੜੇ, ਕੌਲੀਆਂ, ਖਾਣਾ ਖਾਣ ਵਾਲਾ ਮੇਜ਼, ਨਿੱਕੀ ਅਲਮਾਰੀ, ਇੱਕ ਵੱਡਾ ਕੰਬਲ, ਬਾਹਵਾਂ ਵਾਲੀਆਂ ਕੁਰਸੀਆਂ ਤੇ ਕਈ ਹੋਰ ਕੁਰਸੀਆਂ। ਇਸ ਤਰਾਂ ਇਹ ਹੋਟਲ ਦਾ ਠਾਠਦਾਰ ਕਮਰਾ ਬਣ ਗਿਆ।

ਓਦੋਂ ਤੱਕ ਕਿਸੇ ਨੂੰ ਕੁਝ ਨਹੀਂ ਪਤਾ ਜਦੋਂ ਤੱਕ ਇਕ ਸਵੇਰ ਨੂੰ ਕਹਾਣੀ ਸਾਹਮਣੇ ਨਹੀਂ ਆਈ। ਉੱਥੇ ਇਕ ਲੁੱਚੀ ਰਈਸ ਆਪਣੀ ਨੌਕਰਾਣੀ ਤੇ ਧਰਮ ਦੀ ਭੈਣ—ਔਰਤਾਂ ਬਾਰੇ ਇਕ ਕੁਚੱਜੇ ਕੈਥੋਲਿਕ ਹਫ਼ਤਾਵਾਰ ਰਸਾਲੇ *ਨੋਸਟਰਾਸ* ਦੀ ਸਾਧਾਰਣ ਨਿਰਦੇਸ਼ਕਤਾ—ਦੇ ਨਾਲ ਇਸ ਅਰਾਮਦਾਇਕ ਟਿਕਾਣੇ 'ਚ ਆ ਗਈ ਸੀ—ਜੋ ਇੱਥੇ ਇੰਜ ਸਹਿਮੀਆਂ ਹੋਈਆਂ ਸਨ ਜਿਵੇਂ ਲੇਲੇ ਦਾ ਖ਼ੂਨੀ ਭੇੜੀਏ ਨਾਲ ਸਾਹਮਣਾ ਹੋਣ 'ਤੇ ਹੁੰਦਾ ਹੈ।

ਮੈਂ ਸ਼ਿਕਾਇਤ ਨਾ ਕੀਤੀ, ਕਿਉਂਕਿ ਜੇਲ੍ਹ 'ਚ 'ਸਿਆਸੀ ਕੈਦਣਾਂ ਲਈ ਇਕ ਸੈਕਸ਼ਨ' ਸੀ, ਹਾਲਾਂਕਿ ਡਿਊਕ ਦੀ ਸਹੇਲੀ ਦੇ ਸਿਆਸੀ ਵਿਚਾਰ ਉਸ ਦੇ ਦਿਮਾਗ ਦੀ ਕਾਢ ਨਹੀਂ ਸੀ, ਜਦੋਂਕਿ ਡਾਇਰੈਕਟਰ ਦੀ ਸੋਚ ਤਨਖਾਹ ਨਾਲ ਜੁੜੀ ਹੋਈ ਸੀ।

ਫਿਰ ਵੀ, ਨਾਸ਼ਤੇ ਸਮੇਂ, ਜਦੋਂ ਸਾਰੀਆਂ ਕੈਦਣਾਂ ਲੰਗਰ ਹਾਲ 'ਚ ਜਾਣ ਲਈ ਕਤਾਰ 'ਚ ਖੜ੍ਹੀਆਂ ਸਨ ਤਾਂ ਮੈਂ ਮੁੱਖ ਪ੍ਰਬੰਧਕ ਸ਼੍ਰੀਮਤੀ ਮਾਸੋ ਨੂੰ ਮਾਸੂਮ ਸਵਾਲ ਪੁੱਛਣੋਂ ਨਾ ਰਹਿ ਸਕੀ।

"ਕੀ ਉਹ ਦੋਵੇਂ ਔਰਤਾਂ ਜੋ ਲੰਘੀ ਰਾਤ ਆਈਆਂ, ਬੀਮਾਰ ਹਨ?"

"ਨਹੀਂ, ਉਹ ਬਿਲਕੁਲ ਠੀਕ ਹਨ।"

"ਫਿਰ ਉਹ ਸਾਡੇ ਬਾਕੀਆਂ ਨਾਲ ਕਤਾਰ 'ਚ ਕਿਉਂ ਨਹੀਂ ਖੜ੍ਹੀਆਂ, ਹਾਲਾਂਕਿ ਉਨ੍ਹਾਂ ਕੋਲ ਵੱਖਰੇ ਸੌਣ ਕਮਰੇ ਵੀ ਹਨ?"

ਪਰਾ ਕਰੁਜ਼ ਸਾਲਿਡੋ ਨੇ ਮੇਰੇ ਵਾਲਾ ਸਵਾਲ ਦੁਹਰਾਕੇ ਮੰਗ ਕੀਤੀ ਕਿ ਉਨ੍ਹਾਂ ਨਾਲ ਬਾਕੀ ਕੈਦਣਾਂ ਵਰਗਾ ਸਲੂਕ ਕੀਤਾ ਜਾਵੇ।

ਬੇਸ਼ੱਕ, ਮੈਂ ਇਸ ਮਾਮਲੇ 'ਚ ਸਹੀ ਨਹੀਂ ਸੀ। ਜੇ ਜੇਲ੍ਹ ਨੇ ਸਿਆਸੀ ਕੈਦੀਆਂ ਲਈ ਅੱਡ ਨੇਮ ਬਣਾਏ ਸਨ, ਤਾਂ ਇਹ ਤਰਕਸੰਗਤ ਸੀ ਕਿ ਉਨ੍ਹਾਂ ਨੂੰ ਆਮ ਕੈਦੀਆਂ ਵਾਲੀਆਂ ਸਭਨਾਂ ਬੰਦਸ਼ਾਂ ਤੋਂ ਛੋਟ ਹੋਵੇਗੀ। ਪਰ ਮੈਂ ਬਜ਼ਿਦ ਸੀ ਕਿ ਡਾਇਰੈਕਟਰ ਨੇ ਮੇਰੇ ਨਾਲ ਵਿਤਕਰਾ ਕੀਤਾ

ਸੀ, ਤੇ ਜੇ ਇਕ ਪਾਸੇ ਚਪੇੜ ਵੱਜ ਜਾਵੇ ਤਾਂ ਮੈਂ ਦੂਜੀ ਗੱਲ ਅੱਗੇ ਕਰਨ ਵਾਲੀ ਨਹੀਂ ਸੀ। ਨਾ ਹੀ ਮੈਂ ਗਣਰਾਜ ਦੇ ਸ਼ਰੇਆਮ ਦੁਸ਼ਮਣ ਡਾਇਰੈਕਟਰ ਨੂੰ ਆਪਣੀਆਂ ਚਹੇਤੀਆਂ ਨੂੰ ਬੇਸ਼ਰਮੀ ਨਾਲ ਸਹੂਲਤਾਂ ਮੁਹੱਈਆ ਕਰਦੇ ਨੂੰ ਚੁੱਪ ਬਹਿਕੇ ਦੇਖਦੇ ਰਹਿਣ ਵਾਲੀ ਸੀ। ਇਨ੍ਹਾਂ ਦਾ ਇਖ਼ਲਾਕ ਐਨ ਉਸ ਦੇ ਇਖ਼ਲਾਕ ਨਾਲ ਮੇਲ ਖਾਂਦਾ ਸੀ। ਇਹ ਸਾਰੇ ਜਿਸਮ ਫਰੋਸ਼ ਜਾਂ ਸ਼ੁਹਰਤ ਦੇ ਭੁੱਖੇ ਸਨ। ਡਾਇਰੈਕਟਰ ਐਨਾ ਕਮੀਨਾ ਸੀ ਕਿ ਉਨ੍ਹਾਂ ਨਿਗੂਣੀਆਂ ਬੁਰਕੀਆਂ ਦੀ ਖ਼ਾਤਰ, ਜੋ ਉਸਦੇ ਅਹੁਦੇ ਨੂੰ ਮਿਲਦੀਆਂ ਸਨ, ਉਸੇ ਨਿਜ਼ਾਮ ਦੀ ਸੇਵਾ ਕਰਦਾ ਸੀ ਜਿਸਨੂੰ ਨਫ਼ਰਤ ਕਰਦਾ ਸੀ। ਵੇਸਵਾਗਮਨੀ ਦੀ ਖਾਤਰ ਵੇਸਵਾਗਮਨੀ। ਕਿਸਦੀ ਬਦਕਾਰੀ ਵੱਧ ਭੈੜੀ ਸੀ ?

ਸਿਰੇ 'ਤੇ ਜਾਕੇ, ਉਹ ਹੋਰ ਕੈਦਣਾਂ ਨਾਲ ਤਾਂ ਜਾ ਖੜ੍ਹੀਆਂ ਪਰ ਅਹਾਤੇ 'ਚ ਹੀ ਰਹੀਆਂ ਜਦੋਂਕਿ ਅਸੀਂ ਉਹ ਕੌਫ਼ੀ ਤੇ ਦੁੱਧ ਪੀਣ ਚਲੀਆਂ ਗਈਆਂ ਜਿਸਨੂੰ ਨਾਸ਼ਤਾ ਕਿਹਾ ਜਾਂਦਾ ਸੀ।

ਡਾਇਰੈਕਟਰ ਸੋਚਦਾ ਹੋਵੇਗਾ ਕਿ ਮੈਂ ਜ਼ੋਰਦਾਰ ਰੋਸ ਪ੍ਰਗਟਾਵਾਂਗੀ, ਪਰ ਉਹ ਗ਼ਲਤ ਸੀ। ਦੁਪਹਿਰ ਵੇਲੇ, ਜਦੋਂ ਅਸੀਂ ਆਪਣੇ ਰਾਤ ਦੇ ਖਾਣੇ ਵਾਲੀਆਂ ਜੂਠੀਆਂ ਥਾਲੀਆਂ ਧੋ ਰਹੀਆਂ ਸੀ ਅਤੇ ਕੋਠੜੀਆਂ 'ਚ ਜਾਣ ਦੀ ਉਡੀਕ 'ਚ ਅਹਾਤੇ 'ਚ ਖੜ੍ਹੀਆਂ ਸੀ ਤਾਂ ਇਕ ਮੁਲਾਜ਼ਮ ਮੈਨੂੰ ਦੱਸਣ ਆ ਪਹੁੰਚੀ ਕਿ ਡਾਇਰੈਕਟਰ ਆਪਣੇ ਦਫ਼ਤਰ 'ਚ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਸੀ। ਮੈਂ ਜਵਾਬ ਦਿੱਤਾ,"ਡਾਇਰੈਕਟਰ ਦੇ ਦਫ਼ਤਰ 'ਚ ਮੇਰੀ ਕੋਈ ਚੀਜ਼ ਨਹੀਂ ਗੁਆਚੀ। "ਜੇ ਉਹ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੈ, ਤਾਂ ਅਸੀਂ ਕੈਦਣਾਂ ਦੇ ਸਾਹਮਣੇ ਅਹਾਤੇ ਵਿਚ ਗੱਲ ਕਰ ਸਕਦੇ ਹਾਂ, ਜਿਵੇਂ ਪਹਿਲਾਂ ਤੋਂ ਹਮੇਸ਼ਾ ਕਰਦੇ ਰਹੇ ਹਾਂ।"

ਅਗਲੇ ਦਿਨ ਤੱਕ ਡਾਇਰੈਕਟਰ ਨਹੀਂ ਆਇਆ। ਇਹ ਬਹਾਨਾ ਬਣਾਕੇ ਕਿ ਜਿਵੇਂ ਉਹ ਮੈਨੂੰ ਅਹਾਤੇ 'ਚ ਅਚਾਨਕ ਮਿਲ ਗਿਆ ਹੋਵੇ, ਕਹਿਣ ਲੱਗਿਆ: "ਮੈਂ ਸੁਣਿਆਂ ਕਿ ਤੂੰ ਰੋਸ ਪ੍ਰਗਟਾਇਆ ਕਿ ਮੈਂ ਦੋ ਰਈਸ ਔਰਤਾਂ ਨੂੰ ਛੋਟੇ ਕਮਰੇ 'ਚ ਅਲੱਗ ਕਿਉਂ ਰੱਖਿਆ।"

"ਅੱਛਾ, ਤੁਸੀਂ ਗ਼ਲਤ ਸੁਣਿਆ ਜਨਾਬ ਡਾਇਰੈਕਟਰ। ਮੈਂ ਰੋਸ ਨਹੀਂ ਪ੍ਰਗਟਾਇਆ, ਕਿਉਂਕਿ ਉਨ੍ਹਾਂ ਰਈਸ ਔਰਤਾਂ ਨੂੰ ਦੂਜੀਆਂ ਔਰਤਾਂ ਨਾਲੋਂ ਅਲਹਿਦਾ ਰੱਖਣ ਦਾ ਮਤਲਬ ਹੈ ਕਿ ਤੁਸੀਂ ਮੇਰੇ ਨਾਲ ਇਕ ਸਿਆਸੀ ਕੈਦੀ ਵਜੋਂ ਸਲੂਕ ਕੀਤੇ ਜਾਣ ਦੇ ਮੇਰੇ ਹੱਕ ਨੂੰ ਮੰਨ ਲਿਆ ਹੈ। ਤੁਸੀਂ ਸਿਰਫ਼ ਆਪਣੀਆਂ ਸਹੇਲੀਆਂ ਨਾਲ ਵਿਸ਼ੇਸ਼ ਸਲੂਕ ਕਰਨ ਦੀ ਚੋਣ ਕੀਤੀ ਹੈ। ਚਾਹੇ ਇਹ ਨਿੱਕੀ ਜਹੀ ਗੱਲ ਹੈ, ਫਿਰ ਵੀ ਇਹ ਸਹੀ ਦਿਸ਼ਾ 'ਚ ਸ਼ੁਰੂਆਤ ਹੈ। ਤੇ ਕਿਉਂਕਿ ਤੁਸੀਂ ਇੱਥੇ ਹੋ, ਕੀ ਮੈਂ ਇਕ ਸਵਾਲ ਪੁੱਛ ਸਕਦੀ ਹਾਂ ?"

"ਬੇਝਿਜਕ ਕਹੋ।"

"ਕੀ ਤੁਸੀਂ ਇਕ ਕੈਥੋਲਿਕ, ਇਕ ਈਸਾਈ ਹੋ ?"

"ਹਾਂ, ਮੈਂ ਕੈਥੋਲਿਕ ਹਾਂ।"

"ਤਾਂ ਫਿਰ ਤੁਹਾਨੂੰ ਪਰਉਪਕਾਰੀ ਕੰਮਾਂ ਦਾ ਪਤਾ ਹੈ ?"

"ਆਪਣੇ ਗਿਆਨ ਤੇ ਸਮਝ ਮੁਤਾਬਿਕ।"

"ਤੇ ਅਧਿਆਤਮਕ ਲੋਕ ਅਤੇ ਸਦਾਚਾਰਕ ਕਦਰਾਂ, ਖ਼ਾਸ ਕਰਕੇ ਤੀਜੇ ਅਸੂਲ, ਬਾਰੇ ਵੀ ਤੁਹਾਨੂੰ ਜਾਣਕਾਰੀ ਹੈ ?"

"ਕੀ ਇਹ ਈਸਾਈ ਮੱਤ ਦਾ ਇਮਤਿਹਾਨ ਲਿਆ ਜਾ ਰਿਹਾ ਹੈ ?"

"ਨਹੀਂ, ਇਹ ਤਾਂ ਤੁਹਾਡਾ ਦੰਭ ਨੰਗਾ ਕਰਨ ਲਈ ਹੈ। ਤੇ ਇਸ ਦਾ ਸਬੂਤ ਇਹ ਹੈ ਕਿ ਈਸਾ ਨੇ ਤੁਹਾਨੂੰ ਹੀ ਗਿਰਜੇ 'ਚੋਂ ਬਾਹਰ ਕੱਢ ਦੇਣਾ ਸੀ ਜਿਵੇਂ ਉਸਨੇ ਫੈਰਿਸੀਆਂ* ਨੂੰ ਕੱਢਿਆ ਸੀ। ਗਣਰਾਜ ਦਾ ਐਲਾਨ ਕੀਤੇ ਜਾਣ ਦੇ ਸਮੇਂ ਤੋਂ ਹੀ ਤੁਸੀਂ ਜਾਣਦੇ ਸੀ ਕਿ ਸਾਧਵੀਆਂ ਨੇ ਚਲੇ ਜਾਣਾ ਹੈ, ਤੁਸੀਂ ਹਰ ਕੀਮਤੀ ਚੀਜ਼ ਲੁਕੋ ਰਹੇ ਹੋ, ਕੈਦੀਆਂ ਨੂੰ ਕਈ ਵਰਤੋਂ ਵਾਲੀਆਂ ਤੇ ਜ਼ਰੂਰੀ ਚੀਜ਼ਾਂ ਤੋਂ ਵਾਂਝੇ ਕਰ ਰਹੇ ਹੋ। ਦੋ ਰਈਸ ਔਰਤਾਂ ਦੀ ਆਮਦ ਨਾਲ ਤੁਹਾਨੂੰ ਯਾਦ ਆ ਗਿਆ ਕਿ ਤੁਸੀਂ ਕੁਝ ਚੀਜ਼ਾਂ ਪਾਸੇ ਕੀਤੀਆਂ ਹੋਈਆਂ ਸਨ ਜਿਨ੍ਹਾਂ ਨੂੰ ਕਦੇ ਕੈਦਣਾਂ ਵਰਤਿਆ ਕਰਦੀਆਂ ਸਨ ਅਤੇ ਕਈ ਮਹੀਨਿਆਂ ਤੋਂ ਜਿਨ੍ਹਾਂ ਦੇ ਦਰਸ਼ਨ ਨਹੀਂ ਸੀ ਹੋ ਰਹੇ। ਤੁਸੀਂ ਊਨੀ ਗਦੈਲੇ ਬੀਮਾਰ ਕੈਦਣਾਂ ਦੇ ਕਮਰੇ 'ਚ ਕਿਉਂ ਨਹੀਂ ਰੱਖੇ? ਅਤੇ ਚਾਦਰਾਂ ਤੇ ਕੰਬਲਾਂ ਬਾਰੇ ਕੀ ਆਖੋਗੇ?"

"ਬਿਲਕੁਲ, ਤੁਸੀਂ ਸੋਚਦੀਆਂ ਹੋ ਕਿ ਮੈਂ ਇਹ ਸਾਰੀਆਂ ਚੀਜ਼ਾਂ ਮਿਲੀ ਡੀ ਕਰਿਪਲ ਵਰਗੀਆਂ ਔਰਤਾਂ ਦੇ ਹੱਥ ਦੇ ਦਿਆਂਗਾ?"

"ਕਿਉਂ ਨਹੀਂ? ਮਿਲੀ ਦੀ ਕਰਿਪਲ ਇਕ ਬੀਮਾਰ ਔਰਤ ਹੈ, ਜ਼ਖ਼ਮਾਂ ਨਾਲ ਭਰੀ ਹੋਈ। ਇਕ ਐਸੀ ਔਰਤ, ਐਸਾ ਪ੍ਰਾਣੀ ਜਿਸਨੂੰ ਜ਼ਿੰਦਗੀ 'ਚ ਕੋਈ ਸੁੱਖ ਨਹੀਂ ਮਿਲਿਆ ਅਤੇ ਜਿਸਨੂੰ ਗਰੀਬੀ ਨੇ ਕੁਕਰਮ ਦੇ ਰਾਹ ਧੱਕ ਦਿੱਤਾ। ਜੇ ਤੁਸੀਂ ਗਰੀਬ ਤੇ ਦੁਰਕਾਰੇ ਹੋਇਆਂ ਲਈ ਨਹੀਂ ਤਾਂ ਕਿਨ੍ਹਾਂ ਲਈ ਪਰਉਪਕਾਰ ਦਿਖਾਉਣਾ ਚਾਹੁੰਦੇ ਹੋ? ਦੂਜੇ ਪਾਸੇ, ਜੇਲ੍ਹ ਦੀ ਸਾਰੀ ਜਾਇਦਾਦ ਬਿਨਾਂ ਭੇਦਭਾਵ, ਸਾਰਿਆਂ ਦੇ ਵਰਤਣ ਲਈ ਹੈ। ਤੁਸੀਂ ਇਨ੍ਹਾਂ ਕੈਦਣਾ ਨੂੰ ਉਨ੍ਹਾਂ ਚੀਜ਼ਾਂ ਤੋਂ ਵਾਂਝੇ ਕਿਉਂ ਕਰਦੇ ਹੋ ਜਿਨ੍ਹਾਂ ਨੂੰ ਇਨ੍ਹਾਂ ਦੀ ਜ਼ਰੂਰਤ ਹੈ, ਜੋ ਕੈਦ ਸਮੇਂ ਜੇਲ੍ਹ ਉਨ੍ਹਾਂ ਨੂੰ ਦੇਂਦੀ ਹੈ?"

ਗੱਲਬਾਤ ਇਸ ਵਾਅਦੇ ਨਾਲ ਨਿੱਬੜੀ ਕਿ ਬੀਮਾਰਾਂ ਦੇ ਕਮਰੇ ਦੇ ਹਾਲਾਤ 'ਚ ਸੁਧਾਰ ਕੀਤਾ ਜਾਵੇਗਾ। ਇਕ ਚੀਜ਼ ਬਹੁਤ ਸਾਫ਼ ਸੀ। ਡਾਇਰੈਕਟਰ ਨੂੰ ਡਰ ਸੀ ਕਿ ਤਾਨਾਸ਼ਾਹੀਪ੍ਰਸਤ ਔਰਤਾਂ ਨਾਲ ਸਲੂਕ ਦੀ ਖ਼ਬਰ ਬਾਹਰ ਪਹੁੰਚ ਜਾਏਗੀ ਅਤੇ ਉਸ ਦੇ ਕਰੀਅਰ ਲਈ ਸਮੱਸਿਆਵਾਂ ਖੜ੍ਹੀਆਂ ਕਰ ਦੇਵੇਗੀ। ਉਸਨੇ ਉਨ੍ਹਾਂ ਦੀ ਖ਼ਾਤਰ ਉਚੇਚਾ ਪ੍ਰਬੰਧ ਕੀਤਾ ਸੀ। ਉਹ ਸਿਰਫ਼ ਸੁੱਤੀਆਂ ਰਹਿੰਦੀਆਂ ਤੇ ਖੁੱਲ੍ਹਾ ਖਾਂਦੀਆਂ ਪੀਂਦੀਆਂ, ਇਸ ਤੋਂ ਇਲਾਵਾ ਉਸ ਨੇ ਉਨ੍ਹਾਂ ਦੇ ਧੁੱਪ ਇਸ਼ਨਾਨ ਲਈ ਲੰਗਰ ਦਾ ਅਹਾਤਾ ਵੀ ਪੱਕਾ ਹੀ ਦੇ ਦਿੱਤਾ ਸੀ। ਫਿਰ ਵੀ, ਇਕ ਘਟਨਾ ਵਾਪਰ ਗਈ, ਜਿਸ ਨੇ ਇਨ੍ਹਾਂ ਰਈਸ ਔਰਤਾਂ ਦੀਆਂ ਨੱਕ ਨਾਲ ਲਕੀਰਾਂ ਕਢਾ ਦਿੱਤੀਆਂ।

ਜੇਲ੍ਹ 'ਚ ਸਿਗਰਟ ਪੀਣ ਦੀ ਮਨਾਹੀ ਸੀ। ਸੁਭਾਵਿਕ ਤੌਰ 'ਤੇ ਤੰਬਾਕੂ ਪੀਣ ਦੀਆਂ ਆਦੀ ਔਰਤਾਂ ਨੂੰ ਵਿਸ਼ੇਸ਼ ਛੋਟ ਦਿੱਤੀ ਗਈ ਸੀ। ਹੋਰ ਕੈਦਣਾਂ ਮਾਯੂਸ ਸਨ, ਕਿਉਂਕਿ ਉਨ੍ਹਾਂ ਨੂੰ ਮੀਲ ਭਰ ਤੋਂ ਸਿਗਰਟ ਦਾ ਮੁਸ਼ਕ ਆ ਜਾਂਦਾ ਸੀ ਤੇ ਉਨ੍ਹਾਂ ਨੂੰ ਗਦੈਲੇ 'ਚ ਭਰੇ ਫੂਸ ਦੀਆਂ ਸਿਗਰਟਾਂ ਬਣਾਕੇ ਬੁੱਤਾ ਲਾਹੁਣਾ ਪੈਂਦਾ ਸੀ। ਕਈ ਵਾਰ ਉਹ ਗ਼ੁਸਲਖ਼ਾਨੇ 'ਚ ਲੁਕਕੇ, ਫਰਸ਼ ਤੋਂ ਮਿਲੇ ਸਿਗਰਟ ਦੇ ਟੋਟਿਆਂ ਦਾ ਆਖ਼ਰੀ ਸੂਟਾ ਲਾ ਲੈਂਦੀਆਂ ਜਾਂ ਫਿਰ ਕੱਪੜਿਆਂ 'ਚ ਲੁਕੋਕੇ ਬਾਹਰੋਂ ਚੋਰੀ ਜੇਲ੍ਹ ਅੰਦਰ ਪਹੁੰਚਦੀਆਂ ਇਕ ਦੋ ਸਿਗਰਟਾਂ ਪੀ ਲੈਂਦੀਆਂ।

ਮੁਲਾਕਾਤੀ ਕਮਰੇ ਦੇ ਨਾਲ ਇਕ ਨਿੱਕੀ ਜਹੀ ਕੋਠੜੀ 'ਚ ਗਦੈਲਿਆਂ 'ਚ ਭਰਿਆ ਜਾਣ ਵਾਲਾ ਘਾਹ-ਫੂਸ ਰੱਖਿਆ ਜਾਂਦਾ ਸੀ, ਲਗਾਤਾਰ ਵਰਤੋਂ 'ਚ ਆਉਂਦੇ ਰਹਿਣ ਤੇ ਇਨ੍ਹਾਂ 'ਚ ਭਰਿਆ ਫੂਸ ਚੋਰੀ ਛਿਪੇ ਕੱਢੇ ਜਾਣ ਕਾਰਣ ਗਦੈਲੇ ਕਾਗਜ਼ ਵਰਗੇ ਪਤਲੇ ਹੋ ਜਾਂਦੇ ਸਨ।

---

* ਫੈਰਿਸੀ : ਯਹੂਦੀਆਂ ਦਾ ਇਕ ਪ੍ਰਾਚੀਨ ਰੂੜ੍ਹੀਵਾਦੀ ਫਿਰਕਾ

ਇਕ ਦਿਨ ਦੁਪਹਿਰ ਵੇਲੇ, ਜਦੋਂ ਸਾਡੀਆਂ ਜੱਗੋਂ ਤੇਰਵੀਆਂ ਕੈਦਣਾਂ ਮੁਲਾਕਾਤੀ ਕਮਰੇ ਵੱਲ ਆ ਰਹੀਆਂ ਸਨ, ਤਾਂ ਇਨ੍ਹਾਂ 'ਚੋਂ ਇਕ ਨੇ ਬਲਦੀ ਸਿਗਰਟ ਸੁੱਟ ਦਿੱਤੀ ਤੇ ਕਾਹਲੀ 'ਚ ਇਹ ਵੀ ਨਹੀਂ ਦੇਖਿਆ ਕਿ ਡਿੱਗੀ ਕਿੱਥੇ ਸੀ।

ਸਾਮਾਨ ਵਾਲੇ ਕਮਰੇ 'ਚ ਕੋਈ ਨਹੀਂ ਸੀ: ਦਰਵਾਜ਼ਾ ਖੁੱਲ੍ਹਾ ਸੀ: ਫਰਸ਼ ਉੱਪਰ ਘਾਹ-ਫੂਸ ਖਿਲਰਿਆ ਹੋਇਆ ਸੀ; ਸਿਗਰਟ ਐਨ ਟਿਕਾਣੇ 'ਤੇ ਡਿੱਗੀ ਤੇ ਇਸਨੇ ਝੱਟਪਟ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰਈਸ ਔਰਤਾਂ ਆਪਣੇ ਕਮਰੇ ਨੂੰ ਚਲੀਆਂ ਗਈਆਂ ਤੇ ਕੈਦਣਾਂ ਹਾਲ 'ਚ ਜਾ ਵੜੀਆਂ। ਕੁਝ ਘੰਟੇ ਬਾਦ ਸਾਨੂੰ ਕਿਸੇ ਚੀਜ਼ ਨੂੰ ਅੱਗ ਲੱਗੀ ਹੋਣ ਦਾ ਮੁਸ਼ਕ ਆਇਆ।

"ਇਹ ਜ਼ਰੂਰ ਗਲੀ 'ਚੋਂ ਆ ਰਿਹਾ ਹੋਣੈਂ," ਅਸੀਂ ਤਬਸਰਾ ਕਰਨ ਲੱਗੀਆਂ।

ਥੋੜ੍ਹੇ ਚਿਰ 'ਚ ਅੱਗ ਬੁਝਾਊ ਗੱਡੀਆਂ ਦੇ ਸਾਇਰਨ ਦੀ ਆਵਾਜ਼ ਸੁਣਾਈ ਦਿੱਤੀ ਤੇ ਗੱਡੀਆਂ ਜੇਲ੍ਹ ਦੇ ਮੂਹਰੇ ਆ ਖੜ੍ਹੀਆਂ।

ਮੁਲਾਕਾਤੀ ਕਮਰੇ ਦੀ ਖਿੜਕੀ 'ਚੋਂ ਗਾੜ੍ਹੇ ਧੂੰਏਂ ਦੇ ਛੱਲੇ ਬਾਹਰ ਨਿਕਲ ਰਹੇ ਸਨ। ਭੈਅਭੀਤ ਹੋਕੇ, ਔਰਤਾਂ ਵਾਹੋਦਾਹੀ ਪੌੜੀਆਂ ਉੱਤਰਕੇ ਅਹਾਤੇ ਵੱਲ ਭੱਜ ਤੁਰੀਆਂ।"ਅਸੀਂ ਜਿਉਂਦੀਆਂ ਸੜ ਜਾਵਾਂਗੀਆਂ, ਜੇਲ੍ਹ ਨੂੰ ਅੱਗ ਲੱਗੀ ਹੋਈ ਹੈ!"

ਇਕ ਕੈਦਣ ਨੇ ਅੱਗ ਬੁਝਾਊ ਅਮਲੇ ਨੂੰ ਇਹ ਕਹਿੰਦਿਆਂ ਸੁਣ ਲਿਆ ਕਿ ਸ਼ਾਇਦ ਅੱਗ ਕਿਸੇ ਖੂੰਜੇ 'ਚ ਅਣਗਹਿਲੀ ਨਾਲ ਸੁੱਟੀ ਸਿਗਰਟ ਤੋਂ ਲੱਗੀ ਹੋਵੇਗੀ। "ਤਾਨਾਸ਼ਾਹੀ ਪੱਖੀਆਂ ਨੂੰ ਛੱਡਕੇ ਇੱਥੇ ਕੋਈ ਸਿਗਰਟ ਨਹੀਂ ਪੀਂਦਾ," ਉਸ ਕੈਦਣ ਨੇ ਟਿੱਪਣੀ ਕੀਤੀ, ਜਿਹੜੀ ਸਾਡੇ ਬਾਕੀਆਂ ਤੋਂ ਸਦਾ ਅਲਹਿਦਾ ਰਹਿੰਦੀ ਸੀ।

ਇਹ ਭੋਲੀਭਾਲੀ ਟਿੱਪਣੀ ਇਕ ਕੈਦਣ ਤੋਂ ਦੂਜੀ ਤੱਕ ਓਦੋਂ ਤੱਕ ਸਫ਼ਰ ਕਰਦੀ ਰਹੀ ਜਦੋਂ ਤੱਕ ਇਹ ਜਣੇਪਾ ਕਮਰੇ ਦੀਆਂ ਔਰਤਾਂ ਤੱਕ ਨਹੀਂ ਅੱਪੜ ਗਈ। ਜਿੱਥੇ ਇਸ ਨੇ ਨਫ਼ਰਤ ਤੇ ਗੁੱਸੇ ਦੇ ਭਾਂਬੜ ਬਾਲ ਦਿੱਤੇ! "ਇਹੀ ਰਈਸ ਓਥੇ ਸਨ, ਇਨ੍ਹਾਂ ਦੀ ਕਰਤੂਤ ਹੋਣੀ ਏਂ!"

ਔਰਤਾਂ "ਸਿਆਸੀ ਕੈਦਣਾਂ" ਦੇ ਕਮਰੇ ਨੂੰ ਜਾਂਦੀਆਂ ਪੌੜੀਆਂ ਵਾਹੋਦਾਹੀ ਜਾ ਚੜ੍ਹੀਆਂ। ਬੱਚਿਆਂ ਵਾਲੀਆਂ ਔਰਤਾਂ ਸਭ ਤੋਂ ਜ਼ਿਆਦਾ ਰੋਹ 'ਚ ਸਨ। "ਜੇ ਇਹ ਕੁਝ ਰਾਤ ਨੂੰ ਵਾਪਰਦਾ, ਸਾਡੇ ਬੱਚਿਆਂ ਦਾ ਤਾਂ ਭੜਥਾ ਬਣ ਜਾਣਾ ਸੀ! ਕੱਢੋ ਇਨ੍ਹਾਂ ਲੁੱਚੀਆਂ ਨੂੰ ਬਾਹਰ!" ਜੇਲ੍ਹ ਗਾਰਦ ਦੇ ਪਿੱਛੇ ਪਿੱਛੇ ਡਾਇਰੈਕਟਰ ਆਪਣੀਆਂ ਯਾਰਨੀਆਂ ਨੂੰ ਬਚਾਉਣ ਲਈ ਭੱਜ ਤੁਰਿਆ। ਇਕ ਬੈਂਚ ਨੂੰ ਗੁਰਜ ਬਣਾਕੇ, ਔਰਤਾਂ ਜੇਲ੍ਹ ਦੀ "ਬੈਠਕ" ਦੇ ਦਰਵਾਜ਼ੇ ਭੰਨ ਰਹੀਆਂ ਸਨ।

ਕੁਝ ਦਿਨਾਂ ਬਾਦ ਵਿਸ਼ੇਸ਼ ਹੁਕਮ ਰਾਹੀਂ ਰਈਸ ਔਰਤਾਂ ਨੂੰ ਰਿਹਾਅ ਕਰ ਦਿੱਤਾ ਗਿਆ; ਉਨ੍ਹਾਂ ਨੇ ਪਹਿਲਾਂ ਹੀ ਜੇਲ੍ਹ ਦੀ ਬਥੇਰੀ ਹਵਾ ਖਾ ਲਈ ਸੀ। ਜੇਲ੍ਹ 'ਚ ਜਿੱਥੇ ਉਨ੍ਹਾਂ ਨੇ ਸੂਰਾਂ ਵਾਂਗ ਖਾਧਾ ਸੀ ਅਤੇ ਜਿੱਥੇ ਧੁੱਪ ਇਸ਼ਨਾਨ ਤੇ ਹੋਰ ਵਿਸ਼ੇਸ਼ ਸਹੂਲਤਾਂ ਸਮੇਤ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਮਾਣੀਆਂ ਸਨ; ਤਿੰਨ ਹਫ਼ਤੇ ਕੱਟਕੇ ਹਫ਼ਤਾਵਾਰ ਕੈਥੋਲਿਕ ਰਸਾਲੇ ਦੀ ਆਮ ਨਿਰਦੇਸ਼ਕਾ ਤੇ ਉਸ ਦੀ ਸਹੇਲੀ ਅਚਾਨਕ ਕੁਰਬਾਨੀ ਦੀਆਂ ਪੁੰਜ ਬਣ ਗਈਆਂ। ਇਸ ਨਿਰਦੇਸ਼ਕਾ ਨੇ ਇਕ ਡਰਾਉਣੀ ਕਹਾਣੀ ਬਣਾਕੇ ਛਾਪੀ ਜਿਸ ਵਿਚ ਇਕ ਮੁੱਖ ਕਿਰਦਾਰ ਇਕ ਭਿਆਨਕ ਕਮਿਊਨਿਸਟ ਦਾ ਦਿਖਾਇਆ ਸੀ, ਜਿਸਨੇ ਕਿਓਨਨਜ਼ ਸਟਰੀਟ ਦੇ ਨਾਖ਼ੁਸ਼ਗਵਾਰ ਹੋਟਲ 'ਚ ਬੰਦ ਕੀਤੀਆਂ ਅਤਿ ਦੇਸ਼ ਭਗਤੀ ਦੇ ਜੋਸ਼ ਤੋਂ ਪੀੜਤ ਇਨ੍ਹਾਂ ਨਿਰਦੋਸ਼ਾਂ ਰਈਸਾਂ ਦੀ ਜ਼ਿੰਦਗੀ ਅਸਹਿ ਬਣਾ ਦਿੱਤੀ ਸੀ!

ਅੰਤ 10 ਅਗਸਤ, 1932 ਨੂੰ ਤਾਨਾਸ਼ਾਹੀ ਪੱਖੀਆਂ ਦੀ ਬਗ਼ਾਵਤ ਹੋ ਗਈ। ਆਪਣੀ ਰਵਾਇਤ ਦੇ ਉਲਟ, ਡਾਇਰੈਕਟਰ ਇਸ ਸਵੇਰ ਦੇ ਛੇ ਵਜੇ ਤੋਂ ਹੀ ਅਹਾਤੇ ਦੁਆਲੇ ਟਹਿਲ ਰਿਹਾ ਸੀ। ਜੇਲ੍ਹ ਦੀਆਂ ਨਿਗਰਾਨ ਨੇ ਆਮ ਵਾਂਗ ਚੱਕਰ ਲਾਏ। ਉਸ ਸਵੇਰ ਦੀ ਸ਼ਿਫਟ ਸਮੇਂ ਆਉਣ ਵਾਲੇ ਆਪਣੇ ਨਾਲ ਬਾਹਰ ਦੇ ਮਾਹੌਲ ਦੀ ਬੇਚੈਨੀ ਲੈ ਕੇ ਆਏ, ਪਰ ਪੱਕ ਨਾਲ ਕੋਈ ਨਹੀਂ ਸੀ ਜਾਣਦਾ ਕਿ ਕੀ ਵਾਪਰ ਰਿਹਾ ਸੀ।

ਜਿਉਂ ਹੀ ਅਫ਼ਵਾਹਾਂ ਵੱਧ ਠੋਸ ਬਨਣ ਲੱਗੀਆਂ, ਡਾਇਰੈਕਟਰ ਨੇ ਕੈਦਣਾਂ ਨੂੰ ਕੋਠੜੀਆਂ 'ਚ ਬੰਦ ਹੋਣ ਦਾ ਹੁਕਮ ਦੇ ਦਿੱਤਾ। ਅਸੀਂ ਨਿਗਰਾਨਾਂ ਤੋਂ ਇਸ ਦਾ ਕਾਰਣ ਪੁੱਛਿਆ; ਤਾਂ ਉਨ੍ਹਾਂ ਨੂੰ ਹਾਲਤ ਬਾਰੇ ਜੋ ਪਤਾ ਸੀ, ਸਾਨੂੰ ਦੱਸ ਦਿੱਤਾ।

"ਮੈਂ ਕੋਠੜੀ 'ਚ ਬੰਦ ਨਹੀਂ ਹੋਵਾਂਗੀ," ਮੈਂ ਆਖਿਆ। "ਡਾਇਰੈਕਟਰ ਦੀਆਂ ਬੇਈਮਾਨ ਚਲਾਕੀਆਂ ਦਾ ਸਹਿਯੋਗ ਕਰਨ ਦੀ ਬਜਾਏ ਤੁਸੀਂ ਜੇਲ੍ਹ ਨੂੰ ਬਗ਼ਾਵਤ ਦਾ ਕੇਂਦਰ ਬਣਨ ਤੋਂ ਬਚਾਉਣ ਦੇ ਉਪਾਅ ਕਿਉਂ ਨਹੀਂ ਕਰਦੇ ?ਕੈਦਣਾਂ ਨੂੰ ਦੱਸੋ ਕਿ ਇਹ ਸਾਰਾ ਕੁਝ ਕੀ ਹੈ; ਉਨ੍ਹਾਂ ਨੂੰ ਦੱਸੋ ਕਿ ਰਾਜਪਲਟਾ ਪੁਰਾਣੇ ਕੋਰੜੇ ਮਾਰਨ ਵਾਲੇ ਤੌਰ ਤਰੀਕਿਆਂ ਵਾਲਾ, ਕਾਲ ਕੋਠੜੀਆਂ 'ਚ ਡੱਕਕੇ ਰੋਟੀ ਪਾਣੀ ਦੇਣ ਵਾਲਾ, ਤਸੀਹਿਆਂ ਦੇ ਦੌਰ ਨੂੰ ਵਾਪਸ ਪਰਤਾਉਣ ਦਾ ਇਕ ਯਤਨ ਹੈ, ਅਤੇ ਤੁਸੀਂ ਦੇਖੋਗੇ ਕਿ ਇਸ ਨਾਲ ਅਸੀਂ ਡਾਇਰੈਕਟਰ ਨੂੰ ਕਿਵੇਂ ਦਿਖਾਉਂਦੀਆਂ ਹਾਂ ਕਿ ਅਸੀਂ ਕਿਸ ਪਾਸੇ ਹਾਂ।"

ਭਾਵੇਂ ਡਾਇਰੈਕਟਰ ਨੇ ਇਸਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਸ਼੍ਰੀਮਤੀ ਮਾਸੋ ਨੇ ਜੇਲ੍ਹ ਉੱਪਰ ਗਣਰਾਜ ਦਾ ਝੰਡਾ ਝੁਲਾਉਣ ਦਾ ਹੁਕਮ ਦੇ ਦਿੱਤਾ। ਨਿਗਰਾਨ ਤੇ ਕੈਦਣਾਂ ਦੋਵੇਂ ਗਣਰਾਜ ਦੀ ਧਿਰ ਨਾਲ ਸਨ। ਦੁਪਹਿਰ ਨੂੰ ਹਾਲਤ ਸਾਫ਼ ਉੱਭਰ ਆਈ। ਤਾਨਾਸ਼ਾਹੀ ਪੱਖੀ ਬਗ਼ਾਵਤ ਅਸਫ਼ਲ ਹੋ ਗਈ ਸੀ, ਇਸਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਬਾਦ 'ਚ, ਉਹੀ ਡਾਇਰੈਕਟਰ, ਨਿਆਂ ਮੰਤਰਾਲੇ ਦੇ ਦਫ਼ਤਰ ਗਣਰਾਜ ਪ੍ਰਤੀ ਵਫ਼ਾਦਾਰੀ ਦਾ ਦਿਖਾਵਾ ਕਰਨ ਚਲਿਆ ਗਿਆ।

ਜੇਲ੍ਹ ਦੇ ਖਾਣੇ ਨੇ ਮੇਰੀ ਜਿਗਰ ਦੀ ਪੁਰਾਣੀ ਮਰਜ਼ ਹੋਰ ਵਧਾ ਦਿੱਤੀ ਸੀ, ਅਤੇ ਖਾਣ ਦਾ ਸਖ਼ਤ ਪਰਹੇਜ਼ ਰੱਖਣ ਕਰਕੇ ਮੈਂ ਪੱਤਝੜ ਦੇ ਸ਼ੁਰੂ 'ਚ ਬੀਮਾਰ ਹੋ ਗਈ। ਹਾਲਾਂਕਿ ਇਸਨੇ ਮੈਨੂੰ ਬਾਕੀ ਔਰਤਾਂ ਤੋਂ ਅਲੱਗ ਕਰ ਦਿੱਤਾ, ਮੈਂ ਹਾਲੇ ਵੀ ਕੈਦਣਾਂ ਅਤੇ ਜੇਲ੍ਹ ਜੀਵਨ ਦੀਆਂ ਛੋਟੀਆਂ-ਛੋਟੀਆਂ ਰੋਜ਼ਮਰਾ ਘਟਨਾਵਾਂ ਨਾਲ ਜੁੜੀ ਹੋਈ ਸੀ।

ਇਸੇ ਸਮੇਂ, ਨਵਾਂ ਪ੍ਰਸ਼ਾਸਨ ਆ ਗਿਆ ਜਿਸਨੇ ਪ੍ਰਸ਼ਾਸਨਿਕ ਖਰਚਿਆਂ 'ਤੇ ਤੁਰੰਤ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਕੱਪੜੇ ਧੋਣ ਲਈ ਵਰਤੇ ਜਾਂਦੇ ਨਿਖਾਰ ਦੀਆਂ ਬੋਤਲਾਂ ਚਾਰ ਤੋਂ ਘਟਾ ਕੇ ਦੋ ਕਰ ਦਿੱਤੀਆਂ। ਜੇਲ੍ਹ ਅੰਦਰ, ਜਿੱਥੇ 90 ਫੀਸਦੀ ਕੈਦਣਾਂ ਗੁਪਤ ਰੋਗਾਂ ਤੋਂ ਪੀੜਤ ਸਨ, ਕੱਪੜਿਆਂ ਨੂੰ ਲਾਗ ਮੁਕਤ ਕਰਨ ਦੀ ਜ਼ਰੂਰਤ ਦੇ ਬਾਵਜੂਦ, ਨਿਖਾਰ ਦੀਆਂ ਚਾਰ ਬੋਤਲਾਂ ਨੂੰ ਐਸ਼ ਮੰਨ ਲਿਆ ਗਿਆ। ਸਾਬਣ ਦਾ ਕੋਟਾ ਵੀ ਘਟਾਕੇ ਅੱਧਾ ਕਰ ਦਿੱਤਾ ਗਿਆ; ਕੈਦਣਾਂ ਤੋਂ ਪੈਸੇ ਜਮਾਂ ਕਰਵਾਕੇ ਪ੍ਰਸ਼ਾਸਨ ਵੱਲੋਂ ਰਸੀਦਾਂ ਜਾਰੀ ਕਰ ਦਿੱਤੀਆਂ ਗਈਆਂ। ਹਰੇਕ ਬੈੱਡ ਤੋਂ ਇਕ ਇਕ ਕੰਬਲ ਲਾਹ ਲਿਆ ਗਿਆ, ਇਸ ਨਾਲ ਔਰਤਾਂ ਕੋਲ ਇਕੋ ਕੰਬਲ ਰਹਿ ਗਿਆ, ਇਹ ਸਪਸ਼ਟ ਸੀ ਕਿ ਉਸ ਅਸੁਖਾਵੀਂ ਖ਼ਸਤਾ ਇਮਾਰਤ 'ਚ ਮੈਡਰਿਡ ਦੀ ਸਿਆਲੂ ਠੰਢ ਤੋਂ ਬਚਣ ਲਈ ਇਹ ਨਾਕਾਫ਼ੀ ਸੀ। ਇਸਨੇ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ।

ਹਰੇਕ ਬੈੱਡ ਤੋਂ ਕੰਬਲ ਕਿਉਂ ਲਾਹਿਆ ਗਿਆ ?ਉਨ੍ਹਾਂ ਨੇ ਸਾਨੂੰ ਦੱਸਿਆ ਕਿ ਹੁਣੇ ਜਹੇ ਜਾਏਨ 'ਚ ਖੋਲ੍ਹੀ ਗਈ ਜੇਲ੍ਹ 'ਚ ਕੰਬਲ ਨਹੀਂ ਸਨ, ਇਸ ਕਰਕੇ ਫ਼ੈਸਲਾ ਕੀਤਾ ਗਿਆ ਕਿ ਮੈਡਰਿਡ ਦੀਆਂ ਕੈਦਣਾਂ ਨੂੰ ਬਰਫ਼ 'ਚ ਲਾ ਦਿਉ ਤਾਂ ਕਿ ਐਂਡਾਲੂਸੀਆ 'ਚ ਉਨ੍ਹਾਂ ਦੀਆਂ ਗਰੀਬ ਭੈਣਾਂ ਨੂੰ ਨਿੱਘ ਮਿਲ ਸਕੇ। ਇਕ ਕੈਦੀ ਤੋਂ ਕੰਬਲ ਲੈ ਕੇ ਦੂਜੇ ਨੂੰ ਦੇਣ ਦਾ ਇਹ ਧੰਦਾ ਬਿਨਾਸ਼ੱਕ ਇਕ ਵਿੱਤੀ ਧੋਖਾਧੜੀ ਦਾ ਹਿੱਸਾ ਸੀ, ਕਿਉਂਕਿ ਸਰਕਾਰ ਨੇ ਇਹ ਲੋੜਾਂ ਪੂਰੀਆਂ ਕਰਨ ਲਈ ਫੰਡ ਮੁਹੱਈਆ ਕੀਤੇ ਹੋਏ ਸਨ।

ਅਸੀਂ ਹੜਤਾਲ 'ਤੇ ਜਾਣ ਦਾ ਫ਼ੈਸਲਾ ਕੀਤਾ। ਮਰੀਜ਼ਾਂ ਵਾਲੀ ਕੋਠੜੀ ਨੂੰ ਛੱਡਕੇ, ਬਾਕੀ ਸਾਰੀਆਂ ਕੈਦਣਾਂ ਆਪਣੇ ਆਪ ਵਰਕਸ਼ਾਪ 'ਚ 'ਕੱਠੀਆਂ ਹੋ ਗਈਆਂ, ਜਿੱਥੇ ਉਹ ਬਾਹਵਾਂ ਕੱਛਾਂ 'ਚ ਦੇ ਕੇ ਬੈਠ ਗਈਆ। ਲੰਗਰ ਤੇ ਕੱਪੜੇ ਧੋਣ ਦੇ ਕਮਰੇ ਖਾਲੀ ਹੋ ਗਏ, ਹਾਲ ਭਾਂਅ ਭਾਂਅ ਕਰਨ ਲੱਗੇ, ਸਿਲਾਈ ਮਸ਼ੀਨਾਂ ਵਿਹਲੀਆਂ ਹੋ ਗਈਆਂ। ਤੈਅ ਇਹ ਕੀਤਾ ਗਿਆ ਕਿ ਮੈਂ ਸਿਰਫ਼ ਆਖ਼ਰੀ ਹੀਲੇ ਵਜੋਂ ਹੀ ਦਖ਼ਲ ਦੇਵਾਂ, ਤਾਂ ਕਿ ਜੇਲ੍ਹ ਅਧਿਕਾਰੀ ਦੇਖ ਸਕਣ ਕਿ ਔਰਤਾਂ ਨੂੰ ਮੇਰੇ 'ਤੇ ਨਿਰਭਰ ਹੋਣ ਦੀ ਲੋੜ ਨਹੀਂ ਹੈ।

ਜੇਲ੍ਹ ਕਬਰਸਤਾਨ ਨਾਲੋਂ ਵੀ ਵੱਧ ਖ਼ਾਮੋਸ਼ ਸੀ। ਨਿਗਰਾਨਾਂ ਖ਼ੌਫ਼ਨਾਕ ਹੱਦ ਤੱਕ ਘਬਰਾਈਆਂ ਹੋਈਆਂ ਡਾਇਰੈਕਟਰ ਨੂੰ ਉਡੀਕ ਰਹੀਆਂ ਸਨ। ਬੇਹੱਦ ਸ਼ਾਂਤ ਰੂਪ 'ਚ ਉਹ ਸ਼ਾਪ 'ਚ ਜਾਕੇ ਪੁੱਛਣ ਲੱਗਿਆ ਕਿ ਕੈਦਣਾਂ ਕੰਮ ਕਿਉਂ ਨਹੀਂ ਕਰ ਰਹੀਆਂ।

ਇਕ ਔਰਤ ਨੇ ਇਸ ਦੀ ਵਜ੍ਹਾ ਦੱਸੀ, ਤੇ ਇਕਦਮ ਹੀ ਉਸ ਦੇ ਹੰਝੂ ਵਹਿ ਤੁਰੇ, ਜੋ ਉਸਨੇ ਆਪਣੀ ਹਿੰਮਤ ਨਾਲ ਠੱਲ ਲਏ। ਡਾਇਰੈਕਟਰ ਬਾਪ ਵਾਲੇ ਲਹਿਜ਼ੇ 'ਚ ਉਨ੍ਹਾਂ ਨੂੰ ਇਹ ਜਚਾਉਣ ਲਈ ਗੱਲਬਾਤ ਕਰਨ 'ਚ ਜੁਟ ਗਿਆ ਕਿ ਉਨ੍ਹਾਂ ਦਾ ਰਵੱਈਆ ਨੇਮਾਂ ਦੇ ਵਿਰੁੱਧ ਹੈ ਅਤੇ ਉਨ੍ਹਾਂ ਨੂੰ ਯਕੀਨ ਦਹਾਨੀਆਂ ਦੇਣ ਲੱਗਿਆ ਕਿ ਉਹ ਉਸ ਤੋਂ ਮਦਦ ਤੇ ਸੁਰੱਖਿਆ ਦਾ ਹਮੇਸ਼ਾ ਭਰੋਸਾ ਕਰ ਸਕਦੀਆਂ ਹਨ ਜੇ ਉਹ ਬੀਬੀਆਂ ਧੀਆਂ ਬਣਕੇ ਵਾਪਸ ਚਲੀਆਂ ਜਾਣ।

ਸਾਂਝਾ ਮੁਹਾਜ਼ ਥਿੜ੍ਹਕਣਾ ਸ਼ੁਰੂ ਹੋ ਗਿਆ। ਇਕ ਔਰਤ ਮੈਨੂੰ ਚੋਰੀ ਛਿਪੇ ਦੱਸਣ ਆਈ ਕਿ ਕੀ ਵਾਪਰ ਰਿਹਾ ਸੀ। ਮੈਂ ਛਾਲੀਂ ਪੌੜੀਆਂ ਚੜ੍ਹਕੇ ਅਛੋਪਲੇ ਜਹੇ ਕਮਰੇ 'ਚ ਜਾ ਵੜੀ, ਤੇ ਇਕ ਬੈਂਚ 'ਤੇ ਬੈਠਕੇ ਸੁਣਨ ਲੱਗੀ। ਡਾਇਰੈਕਟਰ ਦੀ ਪਿੱਠ ਦਰਵਾਜ਼ੇ ਵੱਲ ਸੀ, ਇਸ ਕਰਕੇ ਉਸਨੇ ਮੈਨੂੰ ਨਹੀਂ ਦੇਖਿਆ। ਜਦੋਂ ਉਸਨੇ ਗੱਲ ਮੁਕਾਈ, ਮੈਂ ਬੋਲਣ ਦੀ ਇਜਾਜ਼ਤ ਮੰਗੀ, ਜਿਵੇਂ ਕਿਤੇ ਇਹ ਯੂਨੀਅਨ ਦੀ ਮੀਟਿੰਗ ਹੋਵੇ। ਡਾਇਰੈਕਟਰ ਮੁੜਕੇ ਪੁੱਛਣ ਲੱਗਿਆ:

"ਤੂੰ ਕੀ ਕਹਿਣਾ ਏਂ?"

"ਮੈਂ ਗੱਲਬਾਤ ਕਰਨ ਦੀ ਇਜਾਜ਼ਤ ਚਾਹਾਂਗੀ।"

"ਤੂੰ ਕੀ ਕਹਿਣਾ ਚਾਹੁੰਦੀ ਏਂ?"

"ਮੈਂ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਸਾਫ਼-ਸਫ਼ਾਈ ਦੇ ਜਿਹੜੇ ਆਰਥਕ ਕਦਮ ਹੁਣੇ ਜਹੇ ਚੁੱਕੇ ਹਨ, ਕੈਦਣਾਂ ਉਨ੍ਹਾਂ ਤੋਂ ਆਕੀ ਹੋਈਆਂ ਹਨ। ਇਹ ਇਸ ਜੇਲ੍ਹ ਵਿਚਲੇ ਜੀਵਨ ਨੂੰ ਬਹੁਤ ਜ਼ਿਆਦਾ ਮੁਸ਼ਕਲ ਤੇ ਅਸੁਖਾਵਾਂ ਬਣਾ ਰਹੇ ਹਨ, ਕੈਦਣਾਂ ਦੇ ਕੱਪੜਿਆਂ ਨੂੰ ਲਾਗ ਰਹਿਤ ਕਰਨ ਲਈ ਸਮਾਨ ਕਾਫ਼ੀ ਨਾ ਹੋਣ ਕਰਕੇ ਉਪਜੇ ਲਾਗ ਦੀਆਂ ਬੀਮਾਰੀਆਂ ਫੈਲਣ ਦੇ ਖ਼ਤਰੇ ਦੀ ਤਾਂ ਗੱਲ ਹੀ ਛੱਡੋ। ਅਤੇ ਸੱਚ ਕਹਾਂ, ਮੈਂ ਨਹੀਂ ਸੋਚਦੀ ਕਿ ਇੱਥੇ ਹਰ ਕੋਈ ਕੰਬਲਾਂ ਦੇ ਮਾਮਲੇ ਨੂੰ ਸਮਝਦਾ ਹੈ। ਤੁਹਾਡੀ ਕਹਾਣੀ 'ਤੇ ਕੌਣ ਵਿਸ਼ਵਾਸ ਕਰਦਾ ਹੈ ਕਿ ਸਰਕਾਰ ਨੇ ਪੀਟਰ ਤੋਂ ਖੋਹਕੇ ਪਾਲ ਨੂੰ ਦੇਣਾ ਹੈ। ਸਾਰੀਆਂ ਕੈਦਣਾਂ ਕਹਿੰਦੀਆਂ ਪਈਆਂ ਹਨ, ਤੇ ਇਸ ਦੀ

ਵਜ੍ਹਾ ਹੈ, ਕਿ ਇਹ ਕਿਸੇ ਬੇਈਮਾਨ ਸੌਦੇ 'ਤੇ ਪਰਦਾਪੋਸ਼ੀ ਕਰਨ ਲਈ ਹੈ ਅਤੇ ਉਹ ਇਸਨੂੰ ਬਰਦਾਸ਼ਤ ਨਹੀਂ ਕਰਨ ਲੱਗੀਆਂ। ਤੇ ਉਨ੍ਹਾਂ ਦਾ ਪੱਖ ਬਿਲਕੁਲ ਜਾਇਜ਼ ਹੈ।"

"ਪਰ ਤੁਸੀਂ ਬਿਲਕੁਲ ਗ਼ਲਤ ਹੋ। ਕੰਬਲ ਸਿਰਫ਼ ਆਰਜ਼ੀ ਤੌਰ 'ਤੇ ਲਏ ਗਏ ਹਨ। ਜਿੱਥੋਂ ਤੱਕ ਪੈਸੇ, ਸਾਬਣ ਤੇ ਕੱਪੜੇ-ਨਿਖਾਰ ਦੇ ਕੋਟਿਆਂ ਤੇ ਹੋਰ ਰੱਦੋਬਦਲ ਕੀਤੀਆਂ ਚੀਜ਼ਾਂ ਦਾ ਸਵਾਲ ਹੈ, ਮੈਨੂੰ ਯਕੀਨ ਹੈ ਕਿ ਪ੍ਰਸ਼ਾਸਨ ਨੂੰ ਤੁਹਾਨੂੰ ਮਾਮਲੇ ਦੀ ਸਫ਼ਾਈ ਦੇ ਕੇ ਖ਼ੁਸ਼ੀ ਹੋਵੇਗੀ।"

ਉਹ ਪ੍ਰਸ਼ਾਸਨ ਦੇ ਗਲ੍ਹ ਜ਼ਿੰਮੇਵਾਰੀ ਪਾਕੇ ਸਵੈ-ਸੰਤੁਸ਼ਟ ਹੋਕੇ ਤੁਰਦਾ ਗਿਆ। ਪ੍ਰਸ਼ਾਸਨ ਨੇ ਸਾਬਣ ਤੇ ਨਿਖਾਰ ਦੇ ਕੋਟੇ ਮੁੜ ਬਹਾਲ ਕਰਨ, ਠੰਡ ਸ਼ੁਰੂ ਹੋਣ ਤੋਂ ਪਹਿਲਾਂ ਕੰਬਲ ਮੋੜਨ, ਅਤੇ ਜਿਨ੍ਹਾਂ ਦੀ ਇੱਛਾ ਹੋਵੇ ਉਨ੍ਹਾਂ ਨੂੰ ਰਸੀਦਾਂ ਦੀ ਬਜਾਏ ਪੈਸੇ ਦੇਣ ਦਾ ਵਾਅਦਾ ਕਰਕੇ ਸਾਰੀ ਗੱਲ ਨਬੇੜ ਦਿੱਤੀ।

ਨਵੰਬਰ ਦੇ ਸ਼ੁਰੂ 'ਚ ਮੈਨੂੰ ਕਿਓਨਨਜ਼ ਜੇਲ੍ਹ, ਇਸ ਦੀਆਂ ਕੈਦਣਾਂ ਅਤੇ ਇਨ੍ਹਾਂ ਦੇ ਮੁੱਖ ਕਰਤਾ-ਧਰਤਾ, ਘ੍ਰਿਣਤ ਤੇ ਨਫ਼ਰਤ ਭਰੇ ਲੁਈਸ ਗੁਜ਼ਮੈਨ ਤੋਂ ਦੂਰ, ਮੁੜ ਬਿਲਬਾਓ ਦੀ ਜੇਲ੍ਹ ਲਿਜਾਇਆ ਗਿਆ।

ਬਿਲਬਾਓ ਲਈ ਰੇਲ ਸਫ਼ਰ ਬਹੁਤ ਅਸੁਖਾਵਾਂ ਸੀ, ਪਰ ਹਰੇਕ ਮਾੜੀ ਚੀਜ਼ ਦਾ ਚੰਗਾ ਪਾਸਾ ਵੀ ਹੁੰਦਾ ਹੈ। ਇਸ ਮਾਮਲੇ 'ਚ ਇੰਜ ਹੋਇਆ ਕਿ ਹੋਰ ਯਾਤਰੀ ਸਾਡੇ ਨਾਲ ਦਿਆਲਤਾ ਤੇ ਸਤਿਕਾਰ ਨਾਲ ਪੇਸ਼ ਆਏ, ਕੁਝ ਇਸ ਕਰਕੇ ਕਿ ਉਨ੍ਹਾਂ ਨੂੰ ਸਿਵਲ ਗਾਰਡਾਂ ਤੋਂ ਨਫ਼ਰਤ ਸੀ; ਬਾਕੀਆਂ ਨੇ ਅਸਾਂ ਕੈਦੀਆਂ ਪ੍ਰਤੀ ਹਮਦਰਦੀ 'ਚੋਂ ਇੰਜ ਕੀਤਾ।

ਪਹਿਲਾਂ ਹਰੇਕ ਨੇ ਸੋਚਿਆ ਮੈਂ ਇਕ ਸਾਧਾਰਨ ਕੈਦਣ ਸੀ ਅਤੇ ਤਰਸ ਨਾਲ ਪਿਘਲਕੇ ਮੇਰੀ ਝੋਲੀ 'ਚ ਤਾਂਬੇ ਤੇ ਚਾਂਦੀ ਦੇ ਸਿੱਕੇ ਸੁੱਟੇ। ਪੈਸੇ ਵਾਪਸ ਮੋੜਦਿਆਂ ਮੈਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਮੈਂ ਇਕ ਕਮਿਊਨਿਸਟ ਕੈਦਣ ਹਾਂ। ਕੁਝ ਔਰਤਾਂ ਨੇ ਮੈਨੂੰ ਚੁੰਮਿਆ, ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ, ਤੇ ਉਨ੍ਹਾਂ ਨੇ ਸਰਕਾਰ ਨੂੰ ਕੋਸਿਆ, ਇਸ ਸਮੇਂ ਗਾਰਡ ਤਾਨਾਸ਼ਾਹੀ ਪੱਖੀ ਅਖ਼ਬਾਰ *ਏ ਬੀ ਸੀ* ਪੜ੍ਹਨ 'ਚ ਮਗਨ ਸਨ, ਉਨ੍ਹਾਂ ਨੇ ਮੇਰੇ ਦੁਆਲੇ ਦੇ ਲੋਕਾਂ ਨੂੰ ਨਜ਼ਰਅੰਦਾਜ਼ ਕੀਤਾ ਹੋਇਆ ਸੀ। ਮੇਰੇ ਇਕ ਗਾਰਡ ਨੇ ਦਰਿਆ ਦਿਲੀ ਦਿਖਾਉਂਦਿਆਂ ਕਿਹਾ ਕਿ ਜੇ ਉਹ ਲਾਟਰੀ ਜਿੱਤ ਗਿਆ, ਉਹ ਮੇਰਾ ਸੋਵੀਅਤ ਯੂਨੀਅਨ ਦੇ ਸਫ਼ਰ ਦਾ ਖਰਚਾ ਅਦਾ ਕਰ ਦੇਵੇਗਾ ਤਾਂ ਕਿ ਮੈਂ ਖ਼ੁਦ ਦੇਖ ਸਕਾਂ ਕਿ ਕਮਿਊਨਿਜ਼ਮ ਕਿੰਨਾ "ਭੈੜਾ" ਹੈ।

ਗਾਰਡ, ਖ਼ਾਸ ਕਰਕੇ, ਜਿਹੜੇ 1932 'ਚ ਮੈਨੂੰ ਮਿਰਾਂਡਾ ਡੀ ਐਬਰੋ ਤੋਂ ਬਿਲਬਾਓ ਲੈ ਕੇ ਗਏ, ਦਿੱਤੇ ਕੰਮ ਤੋਂ ਬਹੁਤੇ ਖੁਸ਼ ਨਹੀਂ ਸਨ। ਉੱਤਰੀ ਸਟੇਸ਼ਨ ਤੋਂ ਲਾਰਿਨਾਗਾ ਜੇਲ੍ਹ ਤੱਕ ਸਾਨੂੰ ਵਾਹਵਾ ਪੈਂਡਾ ਬਿਲਬਾਓ ਦੇ ਇਕ ਸਭ ਤੋਂ ਸੰਘਣੀ ਵਸੋਂ ਵਾਲੇ ਹਿੱਸੇ, ਸਾਨ ਫਰਾਂਸਿਸਕੋ ਦੇ ਨਾਲ ਨਾਲ, ਐਂਟੋਨ ਦੇ ਬਜ਼ਾਰ ਲਾਗਿਉਂ ਲੰਘ ਕੇ ਜਾਣਾ ਪਿਆ ਸੀ ਜਿੱਥੋਂ ਦੀਆਂ ਰੇੜ੍ਹੀਆਂ-ਫੜ੍ਹੀਆਂ ਵਾਲੀਆਂ ਔਰਤਾਂ ਆਪਣੀਆਂ ਤੇਜ਼ ਤਰਾਰ ਜ਼ਬਾਨਾਂ ਲਈ ਪ੍ਰਸਿੱਧ ਹਨ।

ਗਾਰਡਾਂ ਨੂੰ ਡਰ ਸੀ ਕਿ ਉਨ੍ਹਾਂ ਨੂੰ ਦੇਖਕੇ ਰਾਹ 'ਚ ਫਸਾਦ ਖੜ੍ਹਾ ਹੋ ਜਾਵੇਗਾ। ਉਨ੍ਹਾਂ ਨੂੰ ਆਸ ਸੀ ਕਿ ਸਟੇਸ਼ਨ ਤੋਂ ਮੈਨੂੰ ਲੈ ਕੇ ਜਾਣ ਵਾਲੇ ਗਾਰਡਾਂ ਦਾ ਜੋੜਾ ਉਨ੍ਹਾਂ ਨੂੰ ਫ਼ਾਰਗ ਕਰਨ ਲਈ ਉਡੀਕਦਾ ਹੋਵੇਗਾ। ਇਸ ਦੀ ਥਾਂ, ਉਨ੍ਹਾਂ ਨੂੰ ਅਰਦਲੀ ਮਿਲਿਆ ਜਿਸ ਕੋਲ ਖ਼ਬਰ ਭੇਜੀ ਗਈ ਸੀ ਕਿ ਉਨ੍ਹਾਂ ਨੇ ਹੀ ਮੈਨੂੰ ਜੇਲ੍ਹ ਤੱਕ ਪਹੁੰਚਾਉਣਾ ਸੀ।

ਉਹ ਬੇਪ੍ਰਵਾਹ ਹੋ ਕੇ ਗੁੱਸੇ ਦਾ ਇਜ਼ਹਾਰ ਕਰਦੇ ਗਏ। ਉਨ੍ਹਾਂ ਨੇ ਮੈਨੂੰ ਆਪਣੇ ਤੋਂ ਅੱਗੇ ਤੁਰਨ ਦੀ ਗੁਜ਼ਾਰਿਸ਼ ਕੀਤੀ ਤਾਂ ਕਿ ਇਹ ਪ੍ਰਭਾਵ ਨਾ ਜਾਵੇ ਕਿ ਉਹ ਮੈਨੂੰ ਲਿਜਾ ਰਹੇ ਸਨ। ਮੈਂ

ਇਹ ਕਹਿਕੇ ਇਨਕਾਰ ਕਰ ਦਿੱਤਾ: "ਮੈਂ ਕੋਈ ਜੁਰਮ ਨਹੀਂ ਕੀਤਾ ਹੋਇਆ, ਮੈਨੂੰ ਇੰਜ ਲਿਜਾਇਆ ਜਾ ਰਿਹਾ ਜਿਵੇਂ ਮੈਂ ਮੁਜਰਮ ਹੋਵਾਂ, ਜੇ ਬਾਕੀਆਂ ਨੂੰ ਸ਼ਰਮਿੰਦਗੀ ਹੁੰਦੀ ਹੈ ਤਾਂ ਹੁੰਦੀ ਰਹੇ, ਮੈਨੂੰ ਕੀ।"

"ਪਰ ਤੁਸੀਂ ਸਾਡੀ ਹਾਲਤ ਨੂੰ ਸਮਝੋ।"

ਘਟਨਾਵਾਂ ਰਹਿਤ ਸਫ਼ਰ ਤੋਂ ਬਾਦ, ਅਸੀਂ ਲਾਰਿਨਾਗਾ ਪਹੁੰਚ ਗਏ, ਜਿੱਥੇ ਮੈਂ ਇਕ ਮਹੀਨੇ ਤੋਂ ਵਧ ਸਮਾਂ ਬਿਤਾਇਆ। ਮੈਨੂੰ ਜਨਵਰੀ 1933 'ਚ ਰਿਹਾਅ ਕੀਤਾ ਗਿਆ, ਅਤੇ ਇਕ ਵਾਰ ਫਿਰ ਮੈਂ ਮੈਡਰਿਡ ਮੁੜ ਆਈ, ਇਸ ਵਾਰ ਆਪਣੇ ਦੋਵਾਂ ਬੱਚਿਆਂ ਰੁਬਿਨ ਅਤੇ ਅਮਾਇਆ ਨਾਲ, ਜਿਨ੍ਹਾਂ ਨੂੰ ਅਕਸਰ ਆਪਣੀ ਮਾਂ ਦੀਆਂ ਕਮਿਊਨਿਸਟ ਸਰਗਰਮੀਆਂ ਦੇ ਸਿੱਟੇ ਭੁਗਤਣੇ ਪਏ ਸਨ, ਤੇ ਜਿਨ੍ਹਾਂ ਤੋਂ ਬਗ਼ੈਰ ਮੈਨੂੰ ਜਿਊਣਾ ਐਨਾ ਦੁੱਭਰ ਜਾਪਦਾ ਸੀ।

ਮੈਨੂੰ ਸਿਰਫ਼ ਬੱਚਿਆਂ ਦੀ ਚਿੰਤਾ ਨੇ ਨਹੀਂ ਸੀ ਸਤਾਇਆ, ਨਾ ਹੀ ਇਸ ਤੱਥ ਨੇ ਕਿ ਮਹੀਨਿਆਂ ਬੱਧੀ ਸਮਾਂ ਜੇਲ੍ਹਾਂ 'ਚ ਲੰਘਿਆ ਸੀ, ਅਸਲ ਵਿਚ ਰੱਬ ਤੇ ਮਨੁੱਖ ਵੱਲੋਂ ਤਿਆਗੀ ਹੋਈ ਹੋਣ ਦੀ ਚਿੰਤਾ ਮੈਨੂੰ ਵੱਧ ਸਤਾਉਂਦੀ ਸੀ। ਮੈਨੂੰ ਕਦੇ ਅਖ਼ਬਾਰ ਵੀ ਨਸੀਬ ਨਹੀਂ ਹੋਇਆ, ਕਿਉਂਕਿ ਪਾਰਟੀ ਦੇ ਆਗੂ ਤਾਂ ਆਪਸੀ ਵਾਦ-ਵਿਵਾਦ 'ਚ ਗ਼ਲਤਾਨ ਸਨ ਜਿਸਦੇ ਸਿੱਟੇ ਵਜੋਂ ਸੇਵਾਇਲ ਦੀ ਕਾਂਗਰਸ ਤੋਂ ਬਾਦ ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ। ਉਨ੍ਹਾਂ ਨੇ ਇਹ ਦਿਮਾਗ 'ਚੋਂ ਹੀ ਕੱਢ ਰੱਖਿਆ ਸੀ ਕਿ ਮੈਂ ਜੇਲ੍ਹ 'ਚ ਸੀ। ਨਾਲ ਹੀ, ਕਮਿਊਨਿਸਟ ਕੈਦੀਆਂ ਦੀ ਦੇਖਭਾਲ ਕਰਨ ਲਈ ਬਣਾਈ ਕਮੇਟੀ ਨੇ ਫ਼ੈਸਲਾ ਕਰ ਲਿਆ ਕਿ ਇਕ ਕੈਦੀ ਦੀ ਖ਼ਾਤਰ ਕਮੇਟੀ ਕਿਓਨਨਜ਼ ਸਟਰੀਟ ਤੱਕ ਰੋਜ਼ਾਨਾ ਖੱਜਲ ਹੋਣ ਦੇ ਝਮੇਲੇ 'ਚ ਨਹੀਂ ਪਵੇਗੀ।

ਇਨ੍ਹਾਂ ਸਮੱਸਿਆਵਾਂ ਤੋਂ ਵੱਧ, ਮੈਂ ਪਾਰਟੀ ਅੰਦਰਲੀ ਫੁੱਟ ਬਾਰੇ ਡੂੰਘੀ ਫ਼ਿਕਰਮੰਦ ਸੀ, ਕਿਉਂਕਿ ਕੇਂਦਰੀ ਕਮੇਟੀ ਦੇ ਬਹੁਗਿਣਤੀ ਮੈਂਬਰ ਪਾਰਟੀ ਆਗੂਆਂ ਦੇ ਦਾਅਪੇਚਾਂ ਨਾਲ ਰਜ਼ਾਮੰਦ ਨਹੀਂ ਸਨ। ਮੇਰਾ ਤਬਾਦਲਾ ਬਿਲਬਾਓ ਜੇਲ੍ਹ 'ਚ ਹੋਣ ਤੋਂ ਥੋੜ੍ਹਾ ਪਹਿਲਾਂ, ਨਵੀਂ ਪੋਲਿਟ ਬਿਊਰੋ ਦਾ ਇਕ ਮੈਂਬਰ ਮੈਨੂੰ ਸੰਕਟ ਦੇ ਨਤੀਜੇ ਬਾਰੇ, ਅਤੇ ਉਨ੍ਹਾਂ ਉਪਰਾਲਿਆਂ ਦੀ ਸੂਚਨਾ ਦੇਣ ਆਇਆ ਜਿਹੜੇ ਕੁਝ ਵਕੀਲ ਦੋਸਤਾਂ ਨੇ ਮੈਨੂੰ ਰਿਹਾਅ ਕਰਾਉਣ ਲਈ ਕੀਤੇ ਸਨ। ਉਹ ਪੁਰਾਣੇ ਆਗੂ ਗੁੱਟ ਬਾਰੇ ਪਾਰਟੀ ਵੱਲੋਂ ਪਾਏ ਮਤਿਆਂ ਬਾਰੇ ਮੇਰਾ ਵਿਚਾਰ ਵੀ ਜਾਨਣਾ ਚਾਹੁੰਦਾ ਸੀ। ਮੈਂ ਲੀਡਰਸ਼ਿਪ ਤੇ ਪਾਰਟੀ ਦੀ ਲਗਾਤਾਰਤਾ ਨੂੰ ਬਚਾਉਣ ਲਈ ਅਤੇ ਤੰਗਨਜ਼ਰ, ਸੰਕੀਰਣ ਨੀਤੀਆਂ ਨੂੰ ਦਰੁਸਤ ਕਰਨ ਲਈ ਕੀਤੇ ਉਪਾਵਾਂ ਉੱਪਰ ਤਸੱਲੀ ਜ਼ਾਹਰ ਕੀਤੀ, ਜਿਨ੍ਹਾਂ ਨੇ ਪਾਰਟੀ ਨੂੰ ਸਮਰਪਿਤ ਪ੍ਰਚਾਰਕਾਂ ਦਾ ਗਰੁੱਪ ਜਿਹਾ ਬਣਾਕੇ ਰੱਖ ਦਿੱਤਾ ਸੀ, ਜੋ ਮਜ਼ਦੂਰਾਂ ਦੇ ਹੌਂਸਲੇ ਦੀ ਦਾਦ ਜ਼ਰੂਰ ਦਿੰਦੇ ਸਨ, ਪਰ ਜੋ ਹਰ ਦਮ ਕਿਸੇ ਵੀ ਹਾਲ ਉਨ੍ਹਾਂ ਨਾਲ ਇਕਮਿੱਕ ਨਹੀਂ ਸੀ ਹੁੰਦੇ।

ਜੋਸ ਡਿਆਜ਼ ਦੇ ਪਾਰਟੀ ਦਾ ਜਨਰਲ ਸਕੱਤਰ ਬਣਨ ਤੋਂ ਬਾਦ ਪਾਰਟੀ ਮੈਂਬਰਸ਼ਿਪ 'ਚ ਤੇਜ਼ੀ ਨਾਲ ਵਾਧਾ ਹੋਇਆ ਅਤੇ ਜਨਤਾ ਉੱਪਰ ਲਹਿਰ ਦੇ ਅਸਰ-ਰਸੂਖ਼ 'ਚ ਹੋਏ ਵਾਧੇ ਨੇ ਸਾਬਤ ਕਰ ਦਿੱਤਾ ਕਿ ਉਨ੍ਹਾਂ ਵਿਅਕਤੀਆਂ ਨੂੰ ਲੀਡਰਸ਼ਿਪ ਤੋਂ ਲਾਹੁਣਾ ਕਿੰਨਾ ਜਾਇਜ਼ ਤੇ ਜ਼ਰੂਰੀ ਸੀ ਜੋ ਪਾਰਟੀ ਦਾ ਵਧਾਰਾ-ਪਸਾਰਾ ਯਕੀਨੀ ਬਣਾਉਣ ਜਾਂ ਸਾਡੇ ਦੇਸ਼ ਦੇ ਵਿਸ਼ੇਸ਼ ਹਾਲਾਤ ਦੇ ਆਧਾਰ 'ਤੇ ਨੀਤੀਆਂ ਘੜਨ ਦੇ ਨਾਕਾਬਿਲ ਸਨ।

[15]

# ਸਮਾਜਵਾਦੀ ਚੁਰਾਹੇ 'ਤੇ

ਜਿਸ ਸੰਕਟ ਦੇ ਸਿੱਟੇ ਵਜੋਂ ਸਮਾਜਵਾਦੀਏ ਸਰਕਾਰ 'ਚੋਂ ਬਾਹਰ ਆਏ ਸਨ, ਉਹ ਅਕਤੂਬਰ 1933 'ਚ ਆਇਆ ਸੀ। ਅਣਕਿਆਸੇ ਵਰਤਾਰੇ ਹੋਣ ਦੀ ਥਾਂ, ਇਹ ਇਕ ਅਮਲ ਦਾ ਸਿਖ਼ਰ ਸੀ ਜੋ ਲੰਮੇ ਸਮੇਂ ਤੋਂ ਜ਼ਾਹਰਾ ਤੌਰ 'ਤੇ ਪ੍ਰੱਪਕ ਹੋ ਰਿਹਾ ਸੀ।

ਇਕ ਪਿੱਛੋਂ ਦੂਜੀਆਂ ਗਣਰਾਜੀ-ਸਮਾਜਵਾਦੀ ਸਰਕਾਰਾਂ ਦੀਆਂ ਨੀਤੀਆਂ ਮਿਲਦੀਆਂ ਜੁਲਦੀਆਂ ਸਨ। ਜੇਨਸਾ* ਦੇਵਤੇ ਵਾਂਗ, ਇਨ੍ਹਾਂ ਦੇ ਦੋ ਚਿਹਰੇ ਸਨ। ਇਕ ਮੁਸਕਰਾਉਂਦਾ ਹੋਇਆ, ਜੋ ਪੁਰਾਤਨ ਹਾਕਮ ਵਰਗਾਂ ਨੂੰ ਭੋਗਵਿਲਾਸੀ ਤੇ ਕਮਜ਼ੋਰ ਸਮਝਦਾ ਸੀ, ਅਤੇ ਇਕ ਵਹਿਸ਼ੀ ਜੋ ਮਜ਼ਦੂਰਾਂ ਤੇ ਕਿਸਾਨਾਂ ਨੂੰ ਜ਼ਾਲਮ ਤੇ ਉਜੱਡਪੁਣੇ ਨਾਲ ਨਫ਼ਰਤ ਕਰਦਾ ਸੀ। ਪਹਿਲਿਆਂ ਪ੍ਰਤੀ ਆਪਣੀ ਨਰਮੀ ਕਰਕੇ ਇਨ੍ਹਾਂ ਨੇ ਸੱਜੇਪੱਖੀਆਂ ਦੀ ਹਮਾਇਤ ਗੁਆ ਲਈ; ਮਗਰਲਿਆਂ ਪ੍ਰਤੀ ਆਪਣੀ ਕਠੋਰਤਾ ਕਰਕੇ ਇਹ ਲੋਕਾਂ ਦਾ ਭਰੋਸਾ ਜਿੱਤ ਨਾ ਸਕੇ। ਕਈ ਸਪੇਨੀ ਸ਼ਹਿਰਾਂ ਤੇ ਕਸਬਿਆਂ 'ਚ ਢਾਹੇ ਖ਼ੂਨੀ ਜਬਰ, ਗਣਰਾਜੀ-ਸਮਾਜਵਾਦੀ ਸਰਕਾਰਾਂ ਦੀਆਂ "ਹਰਮਨਪਿਆਰੀਆਂ" ਨੀਤੀਆਂ ਦੇ ਸਬੂਤ ਹੋ ਨਿੱਬੜੇ।

1932 ਦੇ ਅੰਤ ਅਤੇ 1933 ਦੇ ਸ਼ੁਰੂ 'ਚ, ਵੱਡੇ ਭੋਂਇ ਮਾਲਕਾਂ ਵਿਰੁੱਧ ਕਿਸਾਨਾਂ ਦੀ ਬਗ਼ਾਵਤ ਨੇ ਇਨਕਲਾਬੀ ਜ਼ਰੱਈ ਸੁਧਾਰਾਂ ਦੀ ਮੰਗ ਕੀਤੀ, ਇਹ ਐਸਾ ਪ੍ਰੋਗਰਾਮ ਸੀ ਜਿਸਨੂੰ ਸਰਕਾਰ ਨੇਪਰੇ ਚਾੜ੍ਹਨ ਦੇ ਨਾਕਾਬਿਲ ਸੀ। ਜਿਵੇਂ ਇੱਥੇ 19 ਵੀਂ ਸਦੀ 'ਚ ਹੋਇਆ ਸੀ, ਐਂਡਾਲੂਸੀਆ ਅਤੇ ਐਸਟਰੀਮਾਡੂਰਾ ਜ਼ਰੱਈ ਸੁਧਾਰ ਲਹਿਰ ਦੇ ਕੇਂਦਰਾਂ ਵਜੋਂ ਉੱਭਰੇ ਜੋ ਜ਼ਮੀਨੀ ਮਲਕੀਅਤ ਦੇ ਅਰਧ-ਜਗੀਰੂ ਪ੍ਰਬੰਧ ਨੂੰ ਤਬਾਹ ਕਰਨਾ ਚਾਹੁੰਦੀ ਸੀ। ਜਨਵਰੀ ਤੋਂ ਲੈ ਕੇ ਮਾਰਚ ਤੱਕ ਹੀ, ਕਿਸਾਨਾਂ ਦੇ ਵਿਦ੍ਰੋਹਾਂ ਦੇ 311 ਮਾਮਲੇ ਸਾਹਮਣੇ ਆਏ, ਜਿਨ੍ਹਾਂ 'ਚ ਉਨ੍ਹਾਂ ਫਾਰਮਾਂ ਨੂੰ ਕਬਜ਼ੇ 'ਚ ਲੈ ਲਿਆ ਸੀ ਜਿੱਥੇ ਉਹ ਕੰਮ ਕਰਦੇ ਸਨ।

ਇਸ ਸਮੇਂ ਦੌਰਾਨ, ਕਮਿਊਨਿਸਟ ਪਾਰਟੀ ਪੇਂਡੂ ਖੇਤਰਾਂ ਅੰਦਰ ਪ੍ਰਚਾਰ ਦਾ ਸ਼ਾਨਦਾਰ ਕੰਮ ਕਰ ਰਹੀ ਸੀ। ਸਾਰੇ ਪਾਰਟੀ ਆਗੂ ਵੱਖ-ਵੱਖ ਸੂਬਿਆਂ ਨੂੰ ਜਾ ਰਹੇ ਸਨ। ਮੈਂ ਟੋਲੇਡੋ ਨੂੰ ਗਈ, ਜਿੱਥੇ ਡਾੱਨ ਫੈਡਰਿਕ ਕਸਬੇ 'ਚ ਸਾਡੀ ਵਧੀਆ ਕਮਿਊਨਿਸਟ ਜਥੇਬੰਦੀ ਸੀ। ਮੇਅਰ ਸਾਥੀ ਸਿਕੂਏਂਡੇਜ਼ ਦਾ ਨਾ ਸਿਰਫ਼ ਡਾੱਨ ਫੈਡਰਿਕ ਉੱਪਰ ਸਗੋਂ ਟੋਲੇਡੋ ਦੇ ਅਨੇਕਾਂ ਹੋਰ ਕਸਬਿਆਂ ਉੱਪਰ ਵੀ ਵਧੀਆ ਅਸਰ-ਰਸੂਖ਼ ਸੀ। ਬਾਦ 'ਚ, ਮੈਂ ਕੋਰਡੋਬਾ ਤੇ ਜਾਏਨ ਦੇ ਐਂਡਾਲੂਸੀਅਨ ਸ਼ਹਿਰਾਂ ਅੰਦਰ ਪਾਰਟੀ ਦੇ ਪ੍ਰਚਾਰ ਤੇ ਜਥੇਬੰਦੀ ਦੇ ਕੰਮਾਂ 'ਚ ਹਿੱਸਾ ਲਿਆ।

ਰੋਟੀ ਤੇ ਜ਼ਮੀਨ ਲਈ ਮਿਹਨਤਕਸ਼ ਲੋਕਾਂ ਦੇ ਘੋਲ ਦੇ ਜਵਾਬ 'ਚ, ਗਣਰਾਜਵਾਦੀ-ਸਮਾਜਵਾਦੀ ਸਰਕਾਰ ਨੇ, "ਗਣਰਾਜ ਦੀ ਸੁਰੱਖਿਆ ਕਾਨੂੰਨ" ਲਾਗੂ ਕਰ ਦਿੱਤਾ ਸੀ, ਜਿਸ ਦਾ ਇਸਤੇਮਾਲ ਗਣਰਾਜ ਦੇ ਸਭ ਤੋਂ ਘੋਰ ਦੁਸ਼ਮਨਾਂ ਵੱਲੋਂ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਉਮੰਗਾਂ ਨੂੰ ਕੁਚਲਣ ਲਈ ਕੀਤਾ ਗਿਆ। ਅਪ੍ਰੈਲ 1933 ਦੀਆਂ ਅੰਸ਼ਕ ਮਿਉਂਸਪਲ ਚੋਣਾਂ

* ਜੇਨਸਾ : ਦਰਵਾਜ਼ਿਆਂ ਦਾ ਰੱਖਿਅਕ ਦੋ-ਮੂੰਹਾਂ ਪ੍ਰਾਚੀਨ ਇਤਾਲਵੀ ਦੇਵਤਾ)

'ਚ, ਸਪੇਨਿਸ਼ ਕੈਥੋਲਿਕ ਪਾਰਟੀ (CEDA) ਕੁਝ ਸੂਬਿਆਂ 'ਚ ਆਪਣਾ ਰਸੂਖ਼ ਵਧਾਉਣ 'ਚ ਕਾਮਯਾਬ ਹੋ ਗਈ। ਇਸ ਨਾਲ ਸਰਕਾਰ ਉੱਪਰ ਇਨ੍ਹਾਂ ਦੇ ਹਮਲਿਆਂ 'ਚ ਬਹੁਤ ਤੇਜ਼ੀ ਆ ਗਈ, ਘਟਨਾਵਾਂ ਦੇ ਗੇੜ 'ਚ ਘਿਰੇ ਇਸਦੇ ਮੰਤਰੀਆਂ ਨੇ ਸਿਰਫ਼ ਓਦੋਂ ਹੀ ਦ੍ਰਿੜਤਾ ਦਿਖਾਈ ਜਦੋਂ ਇਹ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਲਈ ਜੱਦੋਜਹਿਦ ਨੂੰ ਕੁਚਲਣ ਦੇ ਰਾਹ ਪੈ ਤੁਰੀ।

1933 'ਚ ਹਿਟਲਰ ਦੇ ਸੱਤਾ 'ਚ ਆਉਣ ਤੋਂ ਬਾਦ, ਸਪੇਨ ਅੰਦਰ ਫਾਸ਼ੀਵਾਦ ਦਾ ਹਕੀਕੀ ਤੇ ਤੁਰੰਤ ਖ਼ਤਰਾ ਪੈਦਾ ਹੋ ਗਿਆ ਸੀ। ਫਾਸ਼ੀਵਾਦੀ ਜਥੇਬੰਦੀਆਂ ਨੇ ਸ਼ਰੇਆਮ ਵਿਚਰਨਾ ਸ਼ੁਰੂ ਕਰ ਦਿੱਤਾ ਸੀ, ਅਤੇ ਫਲਾਂਗੇ ਅਤੇ ਪੁਰਾਣੇ ਤਾਨਾਸ਼ਾਹ ਦੇ ਫਰਜੰਦ, ਜੋਸ ਐਨਤੋਨੀਓ ਪਰਾਈਮੋ ਡੀ ਰਿਵੇਰਾ ਨੇ ਐਲਾਨ ਕਰ ਦਿੱਤਾ ਕਿ ਉਹ "ਸਿਰਫ਼ ਪਿਸਤੌਲ ਦੀ ਭਾਸ਼ਾ ਹੀ ਜਾਣਦੇ ਹਨ।" ਛੇਤੀ ਹੀ ਸਪੇਨ ਦੀਆਂ ਗਲੀਆਂ ਉਨ੍ਹਾਂ ਫਾਸ਼ੀਵਾਦੀ ਜੁਰਮਾਂ ਦੀਆਂ ਗਵਾਹ ਬਣ ਗਈਆਂ ਜੋ ਇਸ ਦੀ ਝਲਕ ਸਨ ਕਿ ਦੇਸ਼ 'ਚ ਅਗਾਂਹ ਕੀ ਹੋਣ ਵਾਲਾ ਹੈ।

ਨੌਜਵਾਨਾਂ ਦੀਆਂ ਫਾਸ਼ੀਵਾਦੀ ਜਥੇਬੰਦੀਆਂ ਦੇ ਸ਼ਾਵਨਵਾਦ ਤੇ ਦਮਗਜਿਆਂ ਦਾ ਮੋੜਵਾਂ ਜਵਾਬ ਦੇਣ ਲਈ ਕਮਿਊਨਿਸਟਾਂ ਨੇ ਸਪੇਨ ਦੇ ਨੌਜਵਾਨਾਂ ਨੂੰ ਫਾਸ਼ੀਵਾਦ ਵਿਰੁੱਧ ਮਿਲੀਸ਼ੀਆ ਬਣਾਉਣ ਦਾ ਸੱਦਾ ਦਿੱਤਾ ਤਾਂ ਜੋ ਜਮਹੂਰੀਅਤ ਅਤੇ ਮਿਹਨਤਕਸ਼ ਜਨਤਾ ਦੀ ਰਾਖੀ ਕੀਤੀ ਜਾ ਸਕੇ। ਪਾਰਟੀ ਨੇ ਫਾਸ਼ੀਵਾਦ ਵਿਰੁੱਧ ਅਨੇਕਾਂ ਮੁਜ਼ਾਹਰੇ ਜਥੇਬੰਦ ਕੀਤੇ, ਜਿਨ੍ਹਾਂ ਦਾ ਅੰਤ ਹਮੇਸ਼ਾ ਪੁਲਿਸ ਨਾਲ ਟੱਕਰਾਂ 'ਚ ਹੁੰਦਾ ਰਿਹਾ।

1933 ਦੇ ਇਕ ਮੁਜ਼ਾਹਰੇ ਦੌਰਾਨ, ਜਦੋਂ ਅਸੀਂ ਸੈਨ ਬਰਨਾਰਡੋ ਦੀ ਸੜਕ 'ਤੇ ਮਾਰਚ ਕਰਦੇ ਹੋਏ ਜਾ ਰਹੇ ਸੀ ਤਾਂ ਯੂਨੀਵਰਸਿਟੀ ਦੇ ਨੇੜੇ ਅਸਾਲਟ ਗਾਰਡਾਂ ਦਾ ਇਕ ਦਸਤਾ ਆ ਧਮਕਿਆ ਅਤੇ ਬਿਨਾ ਕੋਈ ਚਿਤਾਵਨੀ ਦਿੱਤੇ ਸਾਡੇ ਉੱਪਰ ਗੋਲੀਆਂ ਵਰ੍ਹਾ ਦਿੱਤੀਆਂ। ਪਹਿਲੇ ਫਾਇਰ ਸੁਨਣ ਸਾਰ, ਲੋਕ ਭੈਅਭੀਤ ਹੋ ਕੇ ਖਿੰਡ-ਪੁੰਡ ਗਏ। ਮੈਂ ਮੈਡਰਿਡ ਦੇ ਇਕ ਮੋਚੀ ਸਾਥੀ ਗੁਇਲੇਨ ਦੇ ਨਾਲ ਇਕ ਡਿਊੜੀ 'ਚ ਲੁਕ ਗਈ। ਇਕ ਗੋਲੀ ਉਸਦੇ ਸਿਰ 'ਚ ਲੱਗੀ। ਉਹ ਬਿਨਾ ਆਵਾਜ਼ ਕੀਤੇ, ਬਿਨਾ ਕਿਸੇ ਹਿਲਜੁਲ ਤੋਂ ਮਲਕੜੇ ਜਹੇ ਜ਼ਮੀਨ 'ਤੇ ਢੇਰੀ ਹੋ ਗਿਆ।

ਪਹਿਲਾਂ ਪਹਿਲ ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕੀ ਹੋਇਆ ਸੀ। ਪਰ ਜਦੋਂ ਮੈਂ ਦੇਖਿਆ ਕਿ ਉਹ ਹਿਲਜੁਲ ਨਹੀਂ ਰਿਹਾ ਸੀ, ਮੈਂ ਉਸਦੇ ਉੱਪਰ ਨੂੰ ਝੁਕੀ ਤੇ ਦੇਖਿਆ ਕਿ ਉਸ ਦੇ ਕੰਨ 'ਚੋਂ ਲਹੂ ਦੀ ਤਤੀਰੀ ਵਗ ਰਹੀ ਸੀ। ਉਸਨੂੰ ਉਠਾਉਣ ਦੀ ਕੋਸ਼ਿਸ਼ 'ਚ ਮੇਰੇ ਹੱਥ ਲਹੂ ਨਾਲ ਭਿੱਜ ਗਏ, ਮੈਂ ਉਸਨੂੰ ਉਠਾਕੇ ਮਦਦ ਲਈ ਉੱਚੀ ਉੱਚੀ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਤੇ ਉਹਦੇ ਕਾਤਲਾਂ ਨੂੰ ਕੋਸਣ ਲੱਗੀ। ਮੇਰੀਆਂ ਆਵਾਜ਼ਾਂ ਸੁਣਕੇ ਹੋਰ ਸਾਥੀ ਆ ਗਏ ਜੋ ਗੋਲੀਆਂ ਤੋਂ ਬਚਣ ਲਈ ਲੁਕੇ ਹੋਏ ਸਨ; ਇੱਥੋਂ ਤੱਕ ਕਿ ਕੁਝ ਗਾਰਡ ਵੀ ਦੌੜੇ ਆਏ। ਉਹ ਗੁਇਲੇਨ ਨੂੰ ਇਕ ਕਾਰ ਤੱਕ ਲੈ ਗਏ, ਪਰ ਕੁਝ ਨਹੀਂ ਕੀਤਾ ਜਾ ਸਕਦਾ ਸੀ। ਉਸ ਦੀ ਮੌਤ ਹੋ ਚੁੱਕੀ ਸੀ।

ਇਕ ਵਾਰ ਮੈਨੂੰ ਟੇਟੂਅਨ ਡੀ ਲਾਸ ਵਿਕਟੋਰੀਅਸ ਦੇ ਵਿਚ ਫਾਸ਼ੀਵਾਦੀ ਵਿਰੋਧੀ ਮੁਜ਼ਾਹਰੇ ਸਮੇਂ ਸਿਵਲ ਗਾਰਡਾਂ ਨੇ ਗ੍ਰਿਫ਼ਤਾਰ ਕਰ ਲਿਆ, ਪਰ ਜਮਹੂਰੀ ਜਥੇਬੰਦੀਆਂ ਦੇ ਰੋਸ ਵਿਖਾਵਿਆਂ ਕਰਕੇ ਬਾਦ 'ਚ ਮੈਨੂੰ ਛੱਡ ਦਿੱਤਾ ਗਿਆ।

ਹਾਲਾਂਕਿ ਗਣਰਾਜਵਾਦੀ ਤੇ ਸਮਾਜਵਾਦੀ ਆਗੂ ਫਾਸ਼ੀਵਾਦ ਦੇ ਖ਼ਤਰੇ ਪ੍ਰਤੀ ਅੰਨ੍ਹੇ ਬਣੇ ਰਹੇ, ਪਰ ਕਮਿਊਨਿਸਟਾਂ ਨੇ ਫਾਸ਼ੀਵਾਦ ਦੀ ਵਧ ਰਹੀ ਤਾਕਤ ਦਾ ਵਿਰੋਧ ਕਰਨ ਵਾਲੇ ਸਾਰੇ

ਹਿੱਸਿਆਂ ਨੂੰ ਲੈ ਕੇ ਵਿਆਪਕ ਹਰਮਨ-ਪਿਆਰੀ ਲਹਿਰ, ਫਾਸ਼ੀਵਾਦ ਵਿਰੋਧੀ ਮੁਹਾਜ਼ ਬਣਾਇਆ।

ਸਮਾਜਵਾਦੀਆਂ ਦੇ ਸਰਕਾਰ ਨੂੰ ਛੱਡ ਜਾਣ ਤੋਂ ਬਾਦ ਹੋਈਆਂ ਨਵੀਆਂ ਚੋਣਾਂ 'ਚ ਪਿਛਾਖੜੀ ਤਾਕਤਾਂ ਨੂੰ ਵੱਡੀ ਜਿੱਤ ਹਾਸਲ ਹੋ ਗਈ, ਇਨ੍ਹਾਂ ਨੂੰ ਪਾਰਲੀਮੈਂਟ 'ਚ ਬਹੁ ਗਿਣਤੀ ਸੀਟਾਂ ਮਿਲ ਗਈਆਂ। ਸਮਾਜਵਾਦੀਆਂ ਤੇ ਗਣਰਾਜਵਾਦੀਆਂ ਵੱਲੋਂ ਤਿਆਰ ਕੀਤਾ ਚੋਣਾਂ ਦਾ ਕਾਇਦਾ-ਕਾਨੂੰਨ ਵਿਸ਼ੇਸ਼ ਤੌਰ 'ਤੇ ਕਮਿਊਨਿਸਟਾਂ ਵਿਰੁੱਧ ਸੇਧਤ ਸੀ। ਇਸ ਦੀਆਂ ਮੱਦਾਂ ਦੀ ਵਜ੍ਹਾ ਨਾਲ ਸਾਨੂੰ ਪਈਆਂ 400, 000 ਵੋਟਾਂ ਦੇ ਬਾਵਜੂਦ, ਸਾਡੇ ਕਈ ਉਮੀਦਵਾਰਾਂ 'ਚੋਂ ਸਿਰਫ਼ ਇਕੋ, ਕਾਏਟਨੋ ਬੌਲੀਵਰ ਕੌਰਟਸ ਹੀ ਡਿਪਟੀ ਚੁਣਿਆ ਗਿਆ ਸੀ, ਉਹ ਵੀ ਮਲੱਗਾ ਦੇ ਮਜ਼ਦੂਰਾਂ ਵੱਲੋਂ ਸਾਂਝੇ ਗੱਠਜੋੜ ਦੀ ਟਿਕਟ ਉੱਤੇ।

ਇਸ ਨਾਲ ਸਮਾਜਵਾਦੀ ਕਾਰਕੁੰਨਾਂ 'ਚ ਹਲਚਲ ਮਚ ਗਈ। ਉਨ੍ਹਾਂ ਨੂੰ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਕਿ ਉਨ੍ਹਾਂ ਦੀ ਆਪਣੀ ਪਾਰਟੀ ਦੇ ਦਾਅਪੇਚ ਸਮਾਜਵਾਦ ਵੱਲ ਨਹੀਂ ਸੀ ਲਿਜਾ ਰਹੇ, ਜਿਵੇਂ ਦਾਅਵਾ ਕੀਤਾ ਜਾਂਦਾ ਸੀ, ਸਗੋਂ ਪਿਛਾਖੜ ਤੇ ਫਾਸ਼ੀਵਾਦ ਲਈ ਸਹਾਈ ਸਿੱਧ ਹੋਏ ਸਨ। ਗਣਰਾਜੀ ਸਰਕਾਰਾਂ 'ਚ ਸਮਾਜਵਾਦੀਆਂ ਦੀ ਭਾਈਵਾਲੀ ਦੀ ਅਸਫ਼ਲਤਾ, ਲੋਕਾਂ 'ਚ ਵਧ ਰਹੀ ਬੇਚੈਨੀ ਅਤੇ ਅਨੇਕਾਂ ਸਮਾਜਵਾਦੀ ਕਾਰਕੁੰਨਾਂ ਵੱਲੋਂ ਅਖ਼ਤਿਆਰ ਕੀਤੀਆਂ ਕਮਿਊਨਿਸਟ ਪੁਜ਼ੀਸ਼ਨਾਂ ਨੇ ਸਮਾਜਵਾਦੀ ਪਾਰਟੀ ਦੇ ਅੰਦਰ ਗੰਭੀਰ ਫੁੱਟ ਪੈਦਾ ਕਰ ਦਿੱਤੀ ਸੀ ਜਿਸ ਦੇ ਆਸਾਰ ਪਹਿਲਾਂ ਹੀ ਦਿਖਾਈ ਦੇਣ ਲੱਗੇ ਸਨ। ਤਿੰਨ ਸਾਫ਼ ਤੌਰ 'ਤੇ ਪੱਕੇ ਧੜੇ ਉੱਭਰ ਆਏ: ਸੱਜੇ, ਮੱਧਮਾਰਗੀ ਅਤੇ ਖੱਬੇ।

ਲਾਰਗੋ ਕੈਬਾਲਿਰੋ ਦੀ ਅਗਵਾਈ ਵਾਲਾ ਖੱਬਾ ਹਿੱਸਾ, ਛੇਤੀ ਹੀ ਭਾਰੂ ਧੜਾ ਬਣਕੇ ਉੱਭਰ ਆਇਆ। ਲਾਰਗੋ ਦਾ ਵਤੀਰਾ ਸਮਾਜਵਾਦੀ ਜਨਤਾ ਨੂੰ ਗਰਮ-ਖ਼ਿਆਲੀ ਬਣਾਉਣ ਅਤੇ ਕਮਿਊਨਿਸਟਾਂ ਨਾਲ ਇਕ ਸਮਝੌਤੇ 'ਤੇ ਅੱਪੜਨ ਦੀ ਜ਼ੋਰਦਾਰ ਖਾਹਸ਼ ਨੂੰ ਦਰਸਾਉਂਦਾ ਸੀ। ਹਾਲਾਂਕਿ ਲਾਰਗੋ ਕੈਬਾਲਿਰੋ ਦੀਆਂ ਖੱਬੇਪੱਖੀ ਪੁਜ਼ੀਸ਼ਨਾਂ, ਸਿਆਸੀ ਤੌਰ 'ਤੇ ਅਸਰਕਾਰੀ ਤੇ ਸਹੀ ਨਹੀਂ ਸਨ, ਫਿਰ ਵੀ ਇਹ ਸਮਾਜਵਾਦੀ ਪਾਰਟੀ ਨੂੰ ਜਮਾਤੀ ਤੌਰ 'ਤੇ ਮੁੜ ਚੇਤੰਨ ਮਜ਼ਦੂਰ ਲਹਿਰ ਬਣਨ ਵੱਲ ਇਕ ਅਗਲੇਰੇ ਕਦਮ ਦੀ ਨੁਮਾਇੰਦਗੀ ਕਰਦੀਆਂ ਸਨ। ਇਸਨੇ ਮਜ਼ਦੂਰਾਂ ਦੀਆਂ ਦੋ ਪਾਰਟੀਆਂ, ਕਮਿਊਨਿਸਟ ਤੇ ਸਮਾਜਵਾਦੀ, ਦਰਮਿਆਨ ਸਹਿਮਤੀ ਦਾ ਰਾਹ ਪੱਧਰਾ ਕਰ ਦਿੱਤਾ। ਇਹ ਦਰਸਾਉਂਦਾ ਹੈ ਕਿ ਕਿਉਂ ਸਮਾਜਵਾਦੀਆਂ ਹੱਥੋਂ ਐਨੀਆਂ ਸੱਟਾਂ ਖਾ ਚੁੱਕੀ ਕਮਿਊਨਿਸਟ ਪਾਰਟੀ ਨੇ ਇਸ ਨੂੰ ਜੀ ਆਇਆਂ ਆਖਿਆ ਸੀ ਅਤੇ ਮਜ਼ਦੂਰ ਜਮਾਤ ਦੀ ਏਕਤਾ ਦੇ ਅਧਾਰ 'ਤੇ ਸਮਾਜਵਾਦੀਆਂ ਨਾਲ ਗੱਠਜੋੜ ਕਾਇਮ ਕਰਨ ਦਾ ਤਰੱਦਦ ਕੀਤਾ ਸੀ। ਸਿਰਫ ਏਕਤਾ ਨੇ ਹੀ ਫਾਸ਼ੀਵਾਦੀ ਖ਼ਤਰੇ ਦਾ ਗੰਭੀਰ ਟਾਕਰਾ ਕਰਨਾ ਸੀ, ਗਣਰਾਜ ਦੀ ਤੇ ਜਮਹੂਰੀਅਤ ਦੀ ਯਕੀਨੀ ਸੁਰੱਖਿਆ ਸੰਭਵ ਹੋਣੀ ਸੀ।

16 ਦਸੰਬਰ 1933 ਨੂੰ ਐਲੀਜੈਂਡਰੋ ਲਿਰੌਕਸ ਨੇ ਗਰਮ ਖ਼ਿਆਲੀਆਂ ਅਤੇ ਸੀ ਈ ਡੀ ਏ ਦੀ ਹਮਾਇਤ ਨਾਲ ਗੱਠਜੋੜ ਸਰਕਾਰ ਬਣਾ ਲਈ, ਹਾਲਾਂਕਿ ਮਗਰਲਿਆਂ ਨੇ ਪ੍ਰਸ਼ਾਸਨ 'ਚ ਸਰਗਰਮ ਹਿੱਸਾ ਨਹੀਂ ਲਿਆ। ਹੁਣ "ਦੋ ਸਾਲ ਦਾ ਕਾਲਾ ਦੌਰ" ਵਜੋਂ ਜਾਣੇ ਜਾਂਦੇ ਪਿਛਾਖੜ ਦੇ ਸ਼ਰੇਆਮ ਹਮਲੇ ਦਾ ਦੌਰ ਸ਼ੁਰੂ ਹੋ ਗਿਆ। ਮਾਲੀ ਤੇ ਭੌਂਇ ਮਾਲਕ ਜੁੰਡੀਆਂ ਨੇ ਗਣਰਾਜ ਦੀਆਂ ਸੰਸਥਾਵਾਂ ਉੱਪਰ ਫਾਸ਼ੀਵਾਦ ਨਿਜ਼ਾਮ ਥੋਪਣ ਅਤੇ ਲੋਕਾਂ ਵੱਲੋਂ ਲੰਮੀ, ਸਖ਼ਤ ਲੜਾਈ

ਰਾਹੀਂ ਜਿੱਤੀਆਂ ਜਿੱਤਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਉੱਪਰ ਆਪਣਾ ਕੁਲ ਧਿਆਨ ਕੇਂਦਰਤ ਕਰ ਦਿੱਤਾ।

ਨਵੰਬਰ ਦੀਆਂ ਚੋਣਾਂ ਤੋਂ ਬਾਦ, ਸਮਾਜਵਾਦੀ ਪਾਰਟੀ ਨੇ ਖ਼ੁਦ ਨੂੰ ਸਿਰੇ ਦੀ ਨਾਜ਼ੁਕ ਹਾਲਤ 'ਚ ਮਹਿਸੂਸ ਕੀਤਾ। ਤਿੰਨ ਸਾਲ ਇਹ ਪਾਰਟੀ ਗਣਰਾਜਵਾਦੀ ਸਰਕਾਰਾਂ 'ਚ ਸ਼ਾਮਲ ਰਹੀ ਜਿੱਥੇ ਇਹ ਫ਼ੈਸਲਾਕੁਨ ਅਸਰ-ਰਸੂਖ਼ ਵਰਤਦੀ ਰਹੀ ਸੀ। ਪਰ ਜਦੋਂ ਇਨ੍ਹਾਂ ਸਰਕਾਰਾਂ ਦੀ ਥਾਂ ਜਨਰਲ ਪ੍ਰਾਈਮੋ ਡੀ ਰਿਵੇਰਾ ਦੀ ਫ਼ੌਜੀ ਤਾਨਾਸ਼ਾਹੀ ਆਈ ਤਾਂ ਇਸ ਨਾਲ ਸੱਤ ਸਾਲਾ ਗੱਠਜੋੜ ਉਪਰੰਤ, ਸਮਾਜਵਾਦੀ ਪਾਰਟੀ ਮੰਤਰੀਆਂ ਵਾਲੇ ਬੈਂਚ ਤੋਂ ਵਿਰੋਧੀ ਧਿਰ ਵਾਲੇ ਬੈਂਚ ਵੱਲ ਇਕਦਮ ਆਉਣ ਨੂੰ ਤਿਆਰ ਨਾ ਹੋਈ। ਸੱਤਾ 'ਚ ਹੋਣ ਸਮੇਂ ਵਿਕਸਤ ਹੋਏ ਵਿਸ਼ੇਸ਼ ਹਿੱਤਾਂ ਦੇ ਕਾਰਣ, ਸਮਾਜਵਾਦੀਆਂ ਨੂੰ ਪਾਰਟੀ ਦੇ ਜਮਾਤੀ ਕਿਰਦਾਰ ਨੂੰ ਮੁੜ-ਬਹਾਲ ਕਰਨ 'ਚ ਹੋਰ ਵੀ ਜ਼ਿਆਦਾ ਔਖਿਆਈ ਮਹਿਸੂਸ ਹੋਈ, ਜੋ ਤਾਨਾਸ਼ਾਹੀ ਅਤੇ ਨੀਮ-ਬੁਰਜੂਆ ਪਾਰਟੀਆਂ ਨਾਲ ਸਾਂਝ-ਭਿਆਲੀ ਦੇ ਸਾਲਾਂ ਦੌਰਾਨ ਕਮਜ਼ੋਰ ਪੈ ਗਿਆ ਸੀ।

ਸਰਕਾਰ 'ਚ ਸਮਾਜਵਾਦੀਆਂ ਦੀ ਸ਼ਮੂਲੀਅਤ ਅਤੇ ਪਾਰਟੀ 'ਚ ਭਾਰੂ ਮਾਰਕਸਵਾਦ ਵਿਰੋਧੀ ਮਿਲਗੋਭਾਵਾਦ 'ਤੇ ਲੱਟੂ ਹੋ ਕੇ ਬਹੁਤ ਸਾਰੇ ਨੀਮ ਬੁਰਜੂਆ ਬੁੱਧੀਜੀਵੀ ਇਸ ਦੇ ਮੈਂਬਰ ਬਣ ਗਏ ਸਨ। ਵਿਅਕਤੀਗਤ ਤੌਰ 'ਤੇ ਸਤਿਕਾਰਯੋਗ ਹੁੰਦੇ ਹੋਏ ਵੀ, ਉਨ੍ਹਾਂ ਨੇ ਪਾਰਟੀ ਲਈ ਕੁਝ ਵੀ ਹਾਂ-ਪੱਖੀ ਯੋਗਦਾਨ ਨਹੀਂ ਪਾਇਆ; ਇਸ ਦੇ ਉਲਟ, ਉਨ੍ਹਾਂ ਨੇ ਮੌਕਾਪ੍ਰਸਤ ਅਤੇ ਉਦਾਰਵਾਦੀ ਵਿਚਾਰਾਂ ਦੀ ਰੀਤ ਚਲਾਕੇ, ਜਥੇਬੰਦੀ ਦਾ ਜਮਾਤੀ ਕਿਰਦਾਰ ਪੇਤਲਾ ਪਾ ਦਿੱਤਾ। ਸਮਾਜਵਾਦੀ ਪਾਰਟੀ ਮੂਹਰੇ ਇਸ ਪ੍ਰਭਾਵ ਦੇ ਸਿੱਟੇ ਭੁਗਤਣ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਸੀ। ਇਹ ਇਸਦਾ ਵਿਰੋਧ ਕਰਨ ਜਾਂ ਇਨ੍ਹਾਂ ਬੁੱਧੀਜੀਵੀਆਂ ਨੂੰ ਉਨ੍ਹਾਂ ਦੀਆਂ ਵਿਚਾਰਧਾਰਕ ਕਮਜ਼ੋਰੀਆਂ ਤੋਂ ਮੁਕਤ ਕਰਾਉਣ ਦੇ ਨਾਕਾਬਿਲ ਸੀ, ਕਿਉਂਕਿ ਪਾਰਟੀ ਦੀ ਆਪਣੀ ਕੋਈ ਠੋਸ ਇਨਕਲਾਬੀ, ਮਾਰਕਸਵਾਦੀ ਸਿਧਾਂਤਕ ਬੁਨਿਆਦ ਨਹੀਂ ਸੀ।

ਇਸੇ ਸਮੇਂ ਹੀ, ਸਮਾਜਵਾਦੀ ਆਗੂ ਪਾਰਟੀ ਦੀ ਮੈਂਬਰਸ਼ਿਪ 'ਚ ਫ਼ਿਕਰਮੰਦੀ ਦੀ ਹੱਦ ਤੱਕ ਤਿੱਖੀ ਗਿਰਾਵਟ ਆਉਣ ਤੋਂ ਚੁਕੰਨੇ ਹੋ ਗਏ। 1932 'ਚ, ਸਰਕਾਰ ਨਾਲ ਸਾਂਝ-ਭਿਆਲੀ ਦੀ ਬੁਲੰਦੀ ਮੌਕੇ, ਸਮਾਜਵਾਦੀ ਮੈਂਬਰਾਂ ਦੀ ਗਿਣਤੀ 80, 000 ਤੋਂ ਵੱਧ ਸੀ; 1934 ਦੇ ਸ਼ੁਰੂ 'ਚ ਇਹ ਗਿਣਤੀ ਘਟਕੇ 60,000 ਤੋਂ ਹੇਠਾਂ ਆ ਗਈ ਸੀ। ਇਨ੍ਹਾਂ ਚੋਖੇ ਨੁਕਸਾਨਾਂ ਨੇ ਪਾਰਟੀ ਦੇ ਅੰਦਰ ਗੰਭੀਰ ਪਾਟੋਧਾੜ ਪੈਦਾ ਕਰ ਦਿੱਤੀ। ਜਨਵਰੀ 1934 'ਚ ਲਾਰਗੋ ਕੈਬਾਲਿਰੋ, ਪਰੀਟੋ, ਡੀ ਲੋਸ ਰਿਓਸ ਅਤੇ ਹੋਰਨਾਂ ਸਮੇਤ ਕਾਰਜਕਾਰੀ ਕਮੇਟੀ ਨੇ ਜਨਰਲ ਵਰਕਰਜ਼ ਯੂਨੀਅਨ (ਯੂ. ਜੀ. ਟੀ.) ਦੀ ਕਾਰਜਕਾਰੀ ਕਮੇਟੀ ਨਾਲੋਂ ਸ਼ਰੇਆਮ ਤੋੜ-ਵਿਛੋੜਾ ਕਰ ਲਿਆ ਜੋ ਬੈਸਟੀਰੀਓ, ਸੈਬੋਰਿਟ ਅਤੇ ਟਰਿਫਨ ਗੋਮੇਜ਼ ਦੀ ਅਗਵਾਈ ਹੇਠ ਸੀ। ਇਹ ਵਖਰੇਵੇਂ ਐਨ ਸਪਸ਼ਟ ਸਿਆਸੀ ਸੁਭਾਅ ਦੇ ਸਨ, ਇਹ ਪਾਰਟੀ ਦੇ ਦਾਅਪੇਚਾਂ ਅਤੇ ਯੁੱਧਨੀਤੀ ਦੋਵਾਂ ਨੀਤੀਆਂ ਨਾਲ ਸੰਬੰਧਤ ਸਨ। ਸਮਾਜਵਾਦੀ ਪਾਰਟੀ, ਜਿਸਦਾ ਆਗੂ ਲਾਰਗੋ ਸੀ ਤੇ, ਇੰਡੈਲੀਸੀਓ ਪਰੀਟੋ ਇਸ ਦੀ ਹਮਾਇਤ ਕਰਦਾ ਸੀ, ਸਮਝਦੀ ਸੀ ਕਿ ਪਾਰਟੀ ਅਤੇ ਯੂ. ਜੀ. ਟੀ. ਦੀ ਨਿਰਦੇਸ਼ਤ ਇਨਕਲਾਬੀ ਲਹਿਰ, ਸਮਾਜਵਾਦੀਆਂ ਨੂੰ ਸੱਤਾ 'ਤੇ ਕਬਜ਼ਾ ਕਰਨ ਦੇ ਕਾਬਲ ਬਣਾ ਦੇਵੇਗੀ, ਜਦਕਿ ਬੈਸਟੀਰੀਓ ਦੀ ਅਗਵਾਈ 'ਚ ਯੂ. ਜੀ. ਟੀ. ਦੇ ਡਾਇਰੈਕਟਰ ਨੇ ਰਾਜਕੀ ਅਜਾਰੇਦਾਰੀ 'ਤੇ ਅਧਾਰਤ ਸਿਆਸੀ ਪ੍ਰਬੰਧ ਕਾਇਮ ਕਰਨ ਲਈ ਫਾਸ਼ੀਵਾਦੀ ਪਿਛਾਖੜੀਆਂ ਨਾਲ ਸਾਂਝ ਪਾਈ ਹੋਈ ਸੀ, ਜਿਵੇਂ ਇਟਲੀ 'ਚ ਕੀਤਾ ਜਾ ਰਿਹਾ ਸੀ।

ਦਸੰਬਰ 1933 'ਚ, ਸਮਾਜਵਾਦੀ ਪਾਰਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ 'ਚ ਲਾਰਗੋ ਕੈਬਾਲਿਰੋ ਨੇ ਇਨਕਲਾਬੀ ਲਹਿਰ ਦੀ ਇਕ ਯੋਜਨਾ ਅਤੇ ਸਮਾਜਵਾਦੀ ਪਾਰਟੀ ਵੱਲੋਂ ਸੱਤਾ ਹਥਿਆਉਣ ਤੋਂ ਬਾਦ ਸ਼ੁਰੂ ਕੀਤੇ ਜਾਣ ਵਾਲਾ ਪ੍ਰੋਗਰਾਮ ਬਾਕੀ ਮੈਂਬਰਾਂ ਦੀ ਮਨਜ਼ੂਰੀ ਲਈ ਪੇਸ਼ ਕੀਤੇ। ਯੋਜਨਾ ਤੇ ਪ੍ਰੋਗਰਾਮ ਦੋਵਾਂ 'ਚ, ਵਿਹਾਰਕਤਾ ਅਤੇ ਸਾਰਤੱਤ ਪੱਖੋਂ ਕਮੀਆਂ ਦੇ ਕਾਰਣ, ਸਪਸ਼ਟਤਾ ਨਹੀਂ ਸੀ। ਵਿਹਾਰਕਤਾ ਪੱਖੋਂ ਇਸ ਕਰਕੇ, ਕਿਉਂਕਿ ਸਮਾਜਵਾਦੀ ਆਗੂਆਂ ਨੇ ਆਪਣੇ ਵਿਚਾਰਾਂ ਅਤੇ ਤਾਕਤਾਂ ਨੂੰ ਹੀ ਧਿਆਨ 'ਚ ਰੱਖਿਆ, ਅਤੇ ਗਣਰਾਜਵਾਦੀਆਂ, ਕਮਿਊਨਿਸਟਾਂ ਅਤੇ ਅਰਾਜਕਤਾਵਾਦੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜੋ ਉਨ੍ਹਾਂ ਦੇ ਪ੍ਰੋਗਰਾਮ ਦੀ ਹਮਾਇਤ ਕਰ ਵੀ ਸਕਦੇ ਸਨ ਅਤੇ ਨਹੀਂ ਵੀ। ਸਾਰਤੱਤ ਪੱਖੋਂ ਇਸ ਕਰਕੇ, ਕਿਉਂਕਿ ਪ੍ਰੋਗਰਾਮ ਬਹੁਤ ਸੀਮਤ ਸੀ। ਇਸਨੇ ਕੌਮੀ ਮਸਲੇ ਅਤੇ ਜ਼ਰੱਈ ਸਵਾਲ ਦੀ ਹੋਂਦ ਨੂੰ ਨਜ਼ਰ-ਅੰਦਾਜ਼ ਕੀਤਾ। ਇਨ੍ਹਾਂ ਮਸਲਿਆਂ ਦੇ ਹੱਲ ਤੋਂ ਬਗ਼ੈਰ, ਸਪੇਨ 'ਚ ਕੋਈ ਜਮਹੂਰੀ ਇਨਕਲਾਬ ਨਹੀਂ ਸੀ ਹੋ ਸਕਦਾ, ਜੋ ਖ਼ੁਦ ਹੀ ਸਮਾਜਵਾਦੀ ਇਨਕਲਾਬ ਨਾਲੋਂ ਬਹੁਤ ਜ਼ਿਆਦਾ ਊਣਾ ਹੈ। ਸਚਾਈ ਇਹ ਹੈ ਕਿ ਇਹ ਪ੍ਰੋਗਰਾਮ ਸਹੀ ਦਿਸ਼ਾ 'ਚ ਗ਼ਲਤ ਕਦਮ ਸੀ। ਵੱਧ ਤੋਂ ਵੱਧ ਇਹ ਸਹੀ ਮਾਰਗ ਉੱਪਰ ਸਮਾਜਵਾਦੀ ਜਹਾਦ ਚਲਾਉਣ ਦੇ ਇਕ ਈਮਾਨਦਾਰ ਯਤਨ ਦੀ ਨੁਮਾਇੰਦਗੀ ਕਰਦਾ ਸੀ।

ਫਿਰ ਵੀ, ਡੌਨ ਕਿਓਕਸੋਟ ਵਾਂਗ, ਲਾਰਗੋ ਕੈਬਾਲਿਰੋ ਕੁਝ ਖ਼ਿਆਲੀ ਦੁਸ਼ਮਣਾਂ, ਖ਼ਾਸ ਤੌਰ 'ਤੇ ਬੈਸਟੀਰੀਓ, ਸਾਬੋਰਿਟ ਅਤੇ ਟ੍ਰਿਫਨ ਗੋਮੇਜ਼ ਨਾਲ ਖਹਿਣ ਲੱਗ ਪਿਆ, ਜਿਨ੍ਹਾਂ ਨੇ ਨਾ ਸਿਰਫ਼ ਯੋਜਨਾ ਨੂੰ ਵੀਟੋ ਕੀਤਾ, ਸਗੋਂ ਬਰਾਬਰ ਯੋਜਨਾ ਵੀ ਤਜਵੀਜ਼ ਕੀਤੀ, ਜੋ ਬੈਸਟੀਰੀਓ ਵਲੋਂ ਤਿਆਰ ਕੀਤਾ ਵਿਸ਼ੇਸ਼ ਤੌਰ 'ਤੇ ਅਜ਼ਾਰੇਦਾਰਾਨਾ ਅਤੇ ਗ਼ੈਰ-ਜਮਹੂਰੀ ਪ੍ਰੋਗਰਾਮ ਸੀ। ਇਸ ਪ੍ਰੋਗਰਾਮ ਤਹਿਤ ਸਪੇਨ ਦੀ ਇਕ ਪੁਰਖਾਸ਼ਾਹੀ ਤੇ ਬੁਰਜੂਆਜ਼ੀ ਨੇ ਪੂਰੀ ਤਰ੍ਹਾਂ ਸਲਾਮਤ ਰਹਿਣਾ ਸੀ। ਇਸਨੇ ਕੌਮੀ ਸਮੱਸਿਆ ਨੂੰ ਖਾਰਜ ਕਰਨ ਲਈ, ਜ਼ਰੱਈ ਸੁਧਾਰ ਦੀ ਬਜਾਏ ਪਣ-ਬਿਜਲੀ ਦੀਆਂ ਯੋਜਨਾਵਾਂ ਅਤੇ ਸਥਾਪਤ ਪ੍ਰਬੰਧ ਨੂੰ ਮਾਨਤਾ ਦੇਣ ਦਾ ਸੱਦਾ ਦਿੱਤਾ। ਇਸਨੇ ਬੈਸਟੀਰੀਓ ਦੇ ਮਨਭਾਉਂਦੇ ਉਸਤਾਦ, ਹੀਗਲ, ਦੀ ਦਲੀਲਬਾਜ਼ੀ ਦੀ ਲੀਹ ਅਪਣਾਈ, ਜਿਸਨੇ ਲਿਖਿਆ ਸੀ "ਹਰੇਕ ਹਕੀਕੀ ਚੀਜ਼ ਤਰਕਸੰਗਤ ਹੈ।" ਉਸ ਮੌਕੇ ਸਪੇਨ 'ਚ ਜਿਹੜੀ ਚੀਜ਼ ਹਕੀਕੀ ਸੀ ਉਹ ਸੀ ਸਿਰੇ ਦਾ ਪਿਛਾਖੜ। ਆਪਣੀ ਯੋਜਨਾ ਦੀ ਤਿਆਰੀ ਤੇ ਇਸ ਨੂੰ ਅਮਲਾ ਜਾਮਾ ਪਹਿਨਾਉਣ ਲਈ, ਬੈਸਟੀਰੀਓ ਨੇ ਨਿਗਮੀ (Corporative) ਲੀਹਾਂ ਉੱਤੇ ਵਿਧਾਨ ਸਭਾ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ। ਉਸਦੇ ਖ਼ਿਆਲ ਅਨੁਸਾਰ ਵਿਧਾਨ ਸਭਾ ਕੋਲ, "ਵਿਧਾਨ ਘੜਨੀ ਤਾਕਤਾਂ, ਨਿਰੀਆਂ ਸਲਾਹਕਾਰ ਵਾਲੀਆਂ ਤਾਕਤਾਂ ਨਹੀਂ ਹੋਣਗੀਆਂ....ਹਾਲਾਂਕਿ ਜੇ ਜ਼ਰੂਰੀ ਜਾਪਦਾ ਹੋਵੇ, ਤਾਂ ਵਿਧਾਨ ਸਭਾ ਦੀਆਂ ਤਾਕਤਾਂ ਨੂੰ ਢੁਕਵੇਂ ਸੰਵਿਧਾਨਕ ਸੁਧਾਰ ਕਰਕੇ ਵਧਾਇਆ ਜਾ ਸਕੇਗਾ।"

ਅਜਿਹਾ ਆਦਮੀ ਹੋਰ ਕੁਝ ਕਰ ਵੀ ਨਹੀਂ ਸੀ ਸਕਦਾ। ਆਪਣੇ ਮਿੱਤਰ ਲਾਰਗੋ ਤੇ ਹੋਰ ਸਾਰੇ ਸਮਾਜਵਾਦੀ ਆਗੂਆਂ, ਜੋ ਫਾਸ਼ੀਵਾਦ ਦੇ ਵਿਰੁੱਧ ਸਟੈਂਡ ਲੈਣ ਲਈ ਦ੍ਰਿੜ ਸਨ, ਦੀ ਤਜਵੀਜ਼ ਦੇ ਵਿਰੋਧ 'ਚ ਬੈਸਟੀਰੀਓ ਨੇ ਦਸੰਬਰ 1933 'ਚ ਕਿਹਾ ਸੀ: "ਫਾਸ਼ੀਵਾਦ ਇਕ ਪੁਰਾਣੇ ਮਕਾਨ 'ਚ ਦੁੜੰਗੇ ਮਾਰਦੇ, ਡਰਦਿਆਂ ਨੂੰ ਡਰਾਉਂਦੇ ਤੇ ਬੁਜ਼ਦਿਲ, ਚੂਹਿਆਂ ਦਾ ਰੌਲਾ ਹੈ......। ਸਪੇਨ 'ਚ ਫਾਸ਼ੀਵਾਦ ਦਾ ਕੋਈ ਖ਼ਤਰਾ ਨਹੀਂ ਹੈ।"

ਸਮਾਜਵਾਦੀ ਆਗੂਆਂ, ਖ਼ਾਸ ਤੌਰ 'ਤੇ ਲਾਰਗੋ ਕੈਬਾਲਿਰੋ, ਨੇ ਬੈਸਟੀਗੀਓ, ਸਾਬੋਰਿਟ, ਟ੍ਰਿਫਨ ਅਤੇ ਇਨ੍ਹਾਂ ਦੇ ਚੇਲਿਆਂ ਦੀਆਂ ਸਿਰੇ ਦੀਆਂ ਪਿਛਾਖੜੀ ਪੁਜ਼ੀਸ਼ਨਾਂ ਵਿਰੁੱਧ ਲੰਮੀ ਲੜਾਈ ਛੇੜ ਦਿੱਤੀ। ਆਖ਼ਿਰ ਲਾਰਗੋ, ਜੋ ਪਹਿਲਾਂ ਸਮਾਜਵਾਦੀ ਪਾਰਟੀ ਦਾ ਪ੍ਰਧਾਨ ਸੀ, ਜਨਰਲ ਵਰਕਰਜ਼ ਯੂਨੀਅਨ ਦਾ ਸਕੱਤਰ ਬਣ ਗਿਆ।

ਕਮਿਊਨਿਸਟਾਂ ਵੱਲੋਂ ਤਜਵੀਜ਼ ਕੀਤੀਆਂ ਫਾਸ਼ੀਵਾਦ ਵਿਰੁੱਧ ਸਾਂਝੇ ਮੋਰਚੇ ਦੀਆਂ ਨੀਤੀਆਂ ਦੀ ਜਨਤਾ 'ਚ ਜਿੱਤ ਹੋ ਰਹੀ ਸੀ। ਕਮਿਊਨਿਸਟਾਂ ਨੇ ਸਮਾਜਵਾਦੀਆਂ ਅਤੇ ਯੂ.ਜੀ.ਟੀ. ਦੀਆਂ ਸਫ਼ਾਂ 'ਚੋਂ ਐਨੇ ਪੈਰੋਕਾਰ ਖਿੱਚ ਲਏ ਸਨ ਕਿ ਉਨ੍ਹਾਂ ਦੇ ਆਗੂਆਂ ਨੇ ਬੈਠਕੇ ਕਮਿਊਨਿਸਟਾਂ ਦੀਆਂ ਤਜਵੀਜ਼ਾਂ 'ਤੇ ਗੌਰ ਕਰਨਾ ਸ਼ੁਰੂ ਕਰ ਦਿੱਤਾ। ਜਦਕਿ, ਲਾਰਗੋ ਦੇ ਵਿਚਾਰ ਐਨੀ ਆਸਾਨੀ ਨਾਲ ਬਦਲਣ ਵਾਲੇ ਨਹੀਂ ਸਨ। ਫਾਸ਼ੀਵਾਦ ਵਿਰੁੱਧ ਜੱਦੋਜਹਿਦ 'ਚ ਸਮੁੱਚੀ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ ਲਈ ਸਾਂਝੇ ਮੋਰਚੇ ਦੀਆਂ ਤਜਵੀਜ਼ਾਂ ਦੀ ਬਾਹਰਮੁਖੀ ਘੋਖ ਕਰਨ ਦੀ ਥਾਂ, ਲਾਰਗੋ ਨੇ ਕਮਿਊਨਿਸਟਾਂ ਨਾਲ ਗੱਠਜੋੜ ਨੂੰ ਦੋ-ਟੁੱਕ ਰੱਦ ਨਹੀਂ ਕੀਤਾ, ਜਿਵੇਂ ਉਸਨੇ ਬੀਤੇ ਸਮੇਂ 'ਚ ਕੀਤਾ ਸੀ, ਸਗੋਂ ਟਰਾਟਸਕੀਵਾਦੀ ਵਿਚਾਰਾਂ ਨੂੰ ਅਪਣਾ ਕੇ ਉਹ ਮਜ਼ਦੂਰਾਂ ਦਾ ਗੱਠਜੋੜ ਉਸਾਰਨ ਦੇ ਸੱਦੇ ਦੀ ਪੁੱਠੀ ਤਜਵੀਜ਼ ਇਸ ਆਸ ਨਾਲ ਲੈ ਆਇਆ ਕਿ ਕਮਿਊਨਿਸਟ ਪਾਰਟੀ ਅਜਿਹੀ ਸੌੜੀ, ਸੰਕੀਰਣ ਲਹਿਰ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦੇਵੇਗੀ।

ਇਸ ਤਰੀਕੇ ਨਾਲ, ਲਾਰਗੋ ਦੀ ਅਗਵਾਈ 'ਚ ਸਮਾਜਵਾਦੀਆਂ ਨੇ ਕਈ ਨਿਸ਼ਾਨੇ ਹਾਸਲ ਕਰਨ ਦੀ ਆਸ ਲਾਈ ਜਿਵੇਂ: ਸਾਂਝੇ ਮੋਰਚੇ ਦੀਆਂ ਤਜਵੀਜ਼ਾਂ ਦੀ ਵਧ ਰਹੀ ਹਰਮਨ-ਪਿਆਰਤਾ ਨੂੰ ਰੋਕਣਾ; ਕਮਿਊਨਿਸਟਾਂ 'ਚ ਸ਼ਾਮਲ ਹੋਣਾ ਚਾਹੁੰਦੇ ਸਮਾਜਵਾਦੀ ਮਜ਼ਦੂਰਾਂ ਨੂੰ ਪਤਿਆਉਣਾ; ਜੇ ਕਮਿਊਨਿਸਟ ਸ਼ਾਮਲ ਹੋਣ ਤੋਂ ਨਾਂਹ ਕਰਨ ਤਾਂ ਏਕਤਾ ਨੂੰ ਨਾਮਨਜ਼ੂਰ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਸੁੱਟਣਾ।

ਕਮਿਊਨਿਸਟ ਪਾਰਟੀ ਦੇ ਅਜਿਹੀ ਕਿਸੇ ਯੋਜਨਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਸਮਾਜਵਾਦੀ ਆਗੂਆਂ ਨੂੰ ਗੱਠਜੋੜਾਂ ਦੇ ਢਾਂਚੇ ਤੇ ਉਦੇਸ਼ ਬਾਰੇ ਆਪਣੇ ਖ਼ਿਆਲਾਂ ਨੂੰ ਬਦਲਣਾ ਪੈਣਾ ਸੀ। ਜਿਵੇਂ ਅਸਲ ਤਜਵੀਜ਼ ਕੀਤੀ ਗਈ ਸੀ, ਗੱਠਜੋੜਾਂ ਦੇ ਮੈਂਬਰ ਬਣਨ ਦਾ ਅਰਥ ਹੋਣਾ ਸੀ ਕਮਿਊਨਿਸਟਾਂ ਦਾ ਦਰੁਸਤ ਸਾਂਝੀ ਮਜ਼ਦੂਰ ਲਹਿਰ ਦੀ ਅਜ਼ਾਦਾਨਾ ਨੀਤੀ ਨੂੰ ਤਿਲਾਂਜ਼ਲੀ ਦੇਣਾ।

ਕਮਿਊਨਿਸਟ ਪਾਰਟੀ ਦੀ ਪਹਿਲਕਦਮੀ ਨਾਲ, ਦੋਵਾਂ ਪਾਰਟੀਆਂ ਦਰਮਿਆਨ ਜਨਤਕ ਵਾਦ-ਵਿਵਾਦ ਨੂੰ ਖ਼ਤਮ ਕਰਦਿਆਂ, ਜੁਲਾਈ 1934 'ਚ ਇਕ ਜੰਗਬੰਦੀ ਕੀਤੀ ਗਈ। ਗੱਠਜੋੜ 'ਚ ਕਮਿਊਨਿਸਟਾਂ ਦੇ ਸ਼ਾਮਲ ਹੋਣ ਦਾ ਬਾਕਾਇਦਾ ਫ਼ੈਸਲਾ ਸਤੰਬਰ 1934 'ਚ ਬੁਲਾਈ ਗਈ ਇਕ ਬੈਠਕ 'ਚ ਕੇਂਦਰੀ ਕਮੇਟੀ ਵੱਲੋਂ ਲਿਆ ਗਿਆ। ਸਪੇਨ ਅੰਦਰ ਸਿਆਸੀ ਹਾਲਤ ਚੋਖੀ ਵਿਗੜ ਚੁੱਕੀ ਸੀ। ਹੁਣ ਹੋਰ ਅੜੇ ਰਹਿਕੇ ਮਜ਼ਦੂਰ ਜਮਾਤ ਦੀ ਫੁੱਟ ਦੀ ਹਾਲਤ 'ਚ ਅਚਾਨਕ ਰਾਜ ਪਲਟਾ ਹੋਣ ਦੀ ਇਜਾਜ਼ਤ ਦੇਣਾ ਖ਼ਤਰਨਾਕ ਸਿੱਧ ਹੋਣਾ ਸੀ।

ਜਦੋਂ ਕਮਿਊਨਿਸਟ ਪਾਰਟੀ ਮਜ਼ਦੂਰਾਂ ਦੇ ਗੱਠਜੋੜ 'ਚ ਸ਼ਾਮਲ ਹੋਈ, ਤਾਂ ਇਸਨੇ ਐਲਾਨ ਕੀਤਾ ਕਿ ਇਹ ਜਮਹੂਰੀਅਤ ਦੀ ਲੜਾਈ 'ਚ ਗੱਠਜੋੜ ਦੇ ਖ਼ਾਸੇ ਨੂੰ ਤਬਦੀਲ ਕਰਨ, ਇਸ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੇ ਗੱਠਜੋੜ 'ਚ ਬਦਲਣ, ਸਮਾਜ ਦੀਆਂ ਪ੍ਰਮੁੱਖ ਇਨਕਲਾਬੀ ਤਾਕਤਾਂ ਪ੍ਰੋਲੇਤਾਰੀਏ ਤੇ ਕਿਸਾਨਾਂ ਨੂੰ ਇਕਮੁੱਠ ਕਰਨ ਤੋਂ ਪਿੱਛੇ ਨਹੀਂ ਹਟੀ ਹੈ।

ਨਵੰਬਰ 1933 ਦੀਆਂ ਚੋਣਾਂ ਤੋਂ ਬਾਦ, ਮੈਂ ਕਮਿਊਨਿਸਟ ਕੌਮਾਂਤਰੀ ਦੇ ਅੱਠਵੇਂ ਪਲੈਨਰੀ ਸੈਸ਼ਨ ਲਈ ਸਪੇਨ ਦੀ ਕਮਿਊਨਿਸਟ ਪਾਰਟੀ ਦੀ ਡੈਲੀਗੇਟ ਵਜੋਂ ਮਾਸਕੋ ਲਈ ਰਵਾਨਾ ਹੋ ਗਈ।

ਮਾਸਕੋ ਜਿਵੇਂ ਹੁਣ ਹੈ ਓਦੋਂ ਇਸ ਤੋਂ ਬਹੁਤ ਵੱਖਰਾ ਸੀ; ਪਰ ਜਿਸ ਕਿਸੇ ਨੇ ਇਸ ਨੂੰ ਦਿਲੋਂ ਨਿਹਾਰਿਆ ਹੋਵੇ, ਉਸ ਲਈ ਇਹ ਦੁਨੀਆਂ ਦਾ ਸਭ ਤੋਂ ਕਮਾਲ ਦਾ ਸ਼ਹਿਰ ਸੀ।ਇੱਥੇ ਸਮਾਜਵਾਦ ਉਸਾਰਿਆ ਜਾ ਰਿਹਾ ਸੀ; ਗ਼ੁਲਾਮਾਂ, ਛੇਕੇ ਹੋਇਆਂ, ਭੌਂਇ-ਗ਼ੁਲਾਮਾਂ ਤੇ ਮਜ਼ਦੂਰਾਂ ਨੇ ਪੀੜ੍ਹੀ ਦਰ ਪੀੜ੍ਹੀ ਜਿਨ੍ਹਾਂ ਮੁਕਤੀ ਦੇ ਸੁਪਨਿਆਂ ਲਈ ਜੱਦੋਜਹਿਦ ਕੀਤੀ ਸੀ ਉਹ ਸਾਕਾਰ ਹੋ ਰਹੇ ਸਨ; ਸੋਵੀਅਤ ਲੋਕ ਕਮਿਊਨਿਜ਼ਮ ਵੱਲ ਵਧ ਰਹੇ ਸਨ।

ਮੈਂ ਇਨਕਲਾਬ ਦੇ ਪੰਘੂੜੇ ਲੈਨਿਨਗਰਾਦ, ਅਤੇ ਸੋਮੋਲਨੀ ਗਈ, ਜਿੱਥੇ ਮੈਂ ਹਾਲੇ ਵੀ ਲੈਨਿਨ ਦੀ ਹੋਂਦ ਮਹਿਸੂਸ ਕਰ ਸਕਦੀ ਸੀ ਜਿਸਨੇ, ਦੁਨੀਆਂ ਨੂੰ ਹਿਲਾਉਣ ਵਾਲੇ ਉਨ੍ਹਾਂ ਯਾਦਗਾਰੀ ਦਿਨਾਂ 'ਚ ਇਸਨੂੰ ਇਨਕਲਾਬ ਦਾ ਆਗੂ ਕੇਂਦਰ ਬਣਾ ਦਿੱਤਾ ਸੀ। ਮੈਂ ਸੋਵੀਅਤ ਕਮਿਊਨਿਸਟ ਪਾਰਟੀ ਦੀ ਅੱਠਵੀਂ ਕਾਂਗਰਸ ਦੇ ਮੌਕੇ ਲੈਨਿਨਗਰਾਦ ਦੀ ਪਾਰਟੀ ਕਾਨਫਰੰਸ ਵਿਖੇ ਕੀਰੋਵ ਨੂੰ ਬੋਲਦੇ ਸੁਣਿਆਂ।ਮੈਂ ਇਨਕਲਾਬੀ ਮਜ਼ਦੂਰਾਂ ਦੇ ਪੁਰਾਣੇ ਗੜ੍ਹ ਪੁਤੀਲੋਵ ਕਾਰਖ਼ਾਨੇ ਦੇ ਮਜ਼ਦੂਰਾਂ, ਅਤੇ ਸਕੋਰੋਜੋਦ ਜੁੱਤੀਆਂ ਦੇ ਕਾਰਖਾਨੇ ਦੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ, ਮੈਂ ਪਾਰਟੀ ਕਾਂਗਰਸ 'ਚ ਸ਼ਾਮਲ ਹੋਈ, ਜਿੱਥੇ ਮੈਂ ਸਪੇਨ ਦੀ ਕਮਿਊਨਿਸਟ ਪਾਰਟੀ ਵੱਲੋਂ ਤਕਰੀਰ ਕੀਤੀ।

ਹੋਰ ਦੇਸ਼ਾਂ ਦੇ ਡੈਲੀਗੇਟਾਂ ਨਾਲ ਮੈਂ, ਡਾਨ ਦਰਿਆ ਉੱਪਰ ਰੋਸਤੋਵ ਦੀ ਮਛੇਰਿਆਂ ਦੀ ਸਹਿਕਾਰੀ ਸਭਾ ਦਾ ਦੌਰਾ ਕੀਤਾ, ਜੋ ਇਸ ਖੇਤਰ ਦੀਆਂ ਪਹਿਲੀਆਂ ਕੋਲਖੋਜ਼ (ਸਹਿਕਾਰੀ ਸਭਾਵਾਂ) ਵਿਚੋਂ ਇਕ ਸੀ। ਸੋਵੀਅਤ ਯੂਨੀਅਨ ਦੀ ਪਹਿਲੀ ਫੇਰੀ ਦੇ ਮੇਰੇ ਪ੍ਰਭਾਵ ਸਾਲਾਂਬੱਧੀ ਮੇਰੇ ਅੰਗ-ਸੰਗ ਰਹੇ। ਜਦੋਂ ਮੈਂ ਅਜੋਕੇ ਸੋਵੀਅਤ ਯੂਨੀਅਨ ਦੀ ਤੁਲਨਾ, ਜਿਹੋ-ਜਿਹਾ ਇਹ ਪਹਿਲਾਂ ਸੀ, ਉਸ ਨਾਲ ਕਰਦੀ ਹਾਂ ਤਾਂ ਦਿਲ ਅਥਾਹ ਤਬਦੀਲੀਆਂ ਦੇਖਕੇ ਤੇ ਇਸ ਦੀਆਂ ਪ੍ਰਾਪਤੀਆਂ ਨੂੰ ਯਾਦ ਕਰਕੇ ਨੱਚ ਉੱਠਦਾ ਹੈ, ਜਿਨ੍ਹਾਂ ਦੀ ਮਹਾਨਤਾ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ।

## [16]

## 1934 ਦੀ ਬਗ਼ਾਵਤ

ਜਦੋਂ ਮੈਂ 1934 'ਚ ਸਪੇਨ ਮੁੜੀ ਤਾਂ ਸਿਆਸੀ ਹਾਲਤ ਬਹੁਤ ਗੰਭੀਰ ਸੀ। ਫਾਸ਼ੀਵਾਦ ਦੇ ਜਿਸ ਖ਼ਤਰੇ ਬਾਰੇ ਕਮਿਊਨਿਸਟਾਂ ਨੇ ਵਾਰ-ਵਾਰ ਚੇਤਾਵਨੀ ਦਿੱਤੀ ਸੀ, ਉਹ ਹੁਣ ਦੂਰ ਦੀ ਗੱਲ ਨਹੀਂ ਸਗੋਂ ਫੌਰੀ ਖ਼ਤਰਾ ਸੀ। ਸੱਜੇਪੱਖੀ ਤਾਕਤਾਂ, ਜਿਨ੍ਹਾਂ ਦਾ ਕਿਰਦਾਰ ਪੱਕਾ ਫਾਸ਼ੀਵਾਦੀ ਸੀ, ਗਣਰਾਜੀ ਸੰਸਥਾਵਾਂ ਅਤੇ ਕਾਨੂੰਨਾਂ ਨੂੰ ਸੱਤਾ ਦੇ ਪੌਡੇ ਬਣਾਕੇ ਵਰਤਦਿਆਂ, ਸਹਿਜੇ-ਸਹਿਜੇ ਕੰਟਰੋਲ ਬਣਾ ਰਹੀਆਂ ਸਨ।

ਸੱਜੇਪੱਖੀ ਆਗੂ ਗਿਲ ਰੋਬਲਜ਼ ਨੂੰ ਕਾਰਵਾਈ ਲਈ ਢੁੱਕਵਾਂ ਸਮਾਂ ਛੇਤੀ ਆ ਜਾਣ ਦਾ ਭਰੋਸਾ ਸੀ। ਉਸਨੇ ਕੋਵਾਡੋਂਗਾ 'ਚ ਐਲਾਨ ਕੀਤਾ, "ਜਿਹੜੀਆਂ ਪੁਜ਼ੀਸ਼ਨਾਂ ਅਸੀਂ ਅਖ਼ਤਿਆਰ ਕੀਤੀਆਂ ਹਨ, ਇਹ ਐਸੇ ਮੋਰਚੇ ਹਨ ਜਿੱਥੋਂ ਅਸੀਂ ਹੱਲਾ ਬੋਲਾਂਗੇ ਤੇ ਲੋਕ ਸੱਤਾ ਕਬਜ਼ੇ 'ਚ ਲਵਾਂਗੇ।"

ਨਵੰਬਰ 1933 ਦੀ ਚੋਣ ਜਿੱਤਣ ਤੋਂ ਬਾਦ, ਸੱਜੇ ਪੱਖੀਆਂ ਦੇ ਦਾਅਪੇਚ ਰਾਹ ਦੇ ਰੋੜਿਆਂ ਨੂੰ ਹਟਾਉਣ ਲਈ ਗਰਮ ਖ਼ਿਆਲੀਆਂ ਨੂੰ ਮੁਖ਼ਬਰਾਂ ਵਜੋਂ ਵਰਤਣ ਦੇ ਸਨ। ਸੈਂਪਰ ਸਰਕਾਰ ਸੱਜੇ ਪੱਖੀਆਂ ਦੇ ਸੱਤਾ ਉੱਤੇ ਕਬਜ਼ਾ ਕਰਨ ਨੂੰ ਰੇਲ੍ਹਾ ਬਣਾਉਣ ਲਈ ਹਕੂਮਤੀ ਪੁਲ ਦੀ ਚੜ੍ਹਾਈ ਚੜ੍ਹਨ ਦੀ ਪਹਿਲੀ ਕੋਸ਼ਿਸ਼ ਸੀ। ਜਦੋਂ ਰੋਬਲਜ਼ ਨੂੰ ਇਹ ਮਹਿਸੂਸ ਹੋਇਆ ਕਿ ਉਸ ਦੀ ਨੀਤੀ ਠੁੱਸ ਹੋ ਰਹੀ ਹੈ ਅਤੇ ਉਸ ਦੀਆਂ ਯੋਜਨਾਵਾਂ ਨੂੰ ਮਿੱਟੀ 'ਚ ਮਿਲਾ ਸਕਦੀ ਹੈ ਤਾਂ ਉਸਨੇ ਖੁੱਲ੍ਹੇਆਮ ਸੱਤਾ ਖੋਹਣ ਦਾ ਫ਼ੈਸਲਾ ਕਰ ਲਿਆ। 7 ਅਪ੍ਰੈਲ 1934 ਨੂੰ ਕੀਤੀ ਤਕਰੀਰ 'ਚ ਉਸ ਨੇ ਕਿਹਾ; "ਅਸੀਂ ਸੱਤਾ ਖੋਹਣ ਜਾ ਰਹੇ ਹਾਂ। ਇਸ ਸਰਕਾਰ ਨੂੰ ਜ਼ਰੀਆ ਬਣਾਕੇ ?ਹਾਂ ਕਿਸੇ ਵੀ ਸਰਕਾਰ ਦੇ ਜ਼ਰੀਏ, ਚਾਹੇ ਇਹ ਕਿਸੇ ਵੀ ਚੀਜ਼ ਦੀ ਹਾਮੀ ਹੋਵੇ, ਤੇ ਕੋਈ ਵੀ ਢੰਗ ਅਪਣਾਕੇ।"

ਸੰਖੇਪ ਤੇ ਥੋੜ੍ਹੇ ਲਫ਼ਜ਼ਾਂ 'ਚ ਇਹ ਧਮਕੀ ਇਕ ਪ੍ਰੋਗਰਾਮ ਸੀ ਜਿਸ ਤੋਂ ਕੁਝ ਵੀ ਬਾਹਰ ਨਹੀਂ ਸੀ, ਇੱਥੋਂ ਤੱਕ ਕਿ ਖ਼ਾਨਾਜੰਗੀ ਵੀ ਨਹੀਂ।

ਜਦੋਂ ਪਹਿਲੀ ਅਕਤੂਬਰ 1934 ਨੂੰ ਸਪੇਨੀ ਵਿਧਾਨ ਸਭਾ (Cortes) ਦਾ ਸਮਾਗਮ ਹੋਇਆ ਤਾਂ ਗਿਲ ਰੋਬਰਜ਼ ਨੇ ਐਲਾਨ ਕੀਤਾ ਕਿ ਸੀ ਈ ਡੀ ਏ ਹੁਣ ਸੈਂਪਰ ਸਰਕਾਰ ਦੀ ਹਮਾਇਤ ਨਹੀਂ ਕਰੇਗੀ। ਇਸਦੇ ਸਿੱਟੇ ਵਜੋਂ ਨਾਜ਼ੁਕ ਹਾਲਤ ਬਣ ਗਈ। ਫਾਸ਼ੀਵਾਦ ਦਾ ਰੁਖ਼ ਸਾਫ਼ ਸੀ, ਅਤੇ ਇਹ ਗਣਰਾਜ ਦੇ ਕਾਨੂੰਨ ਦੀ ਘਨੇੜੀ ਚੜ੍ਹਕੇ ਅੱਗੇ ਵਧਿਆ ਸੀ।

4 ਅਕਤੂਬਰ ਨੂੰ ਭੀੜ ਭੜਕਾਊ, ਸਿਆਸੀ ਨੌਸਰਬਾਜ਼ ਲੇਰੋਕਸ ਦੀ ਅਗਵਾਈ 'ਚ ਨਵੀਂ ਸਰਕਾਰ ਬਣਾਈ ਗਈ, ਜਿਸ ਦੇ ਪੁਲਿਸ ਨਾਲ ਸ਼ੱਕੀ ਸੰਬੰਧਾਂ ਦਾ ਸਾਰਿਆਂ ਨੂੰ ਪਤਾ ਸੀ। ਸਪੇਨ ਦੀ ਕੈਥੋਲਿਕ ਪਾਰਟੀ ਨੇ ਪਾਦਰੀਆਂ ਦੇ ਵਿਰੋਧੀ ਲੇਰੋਕਸ ਨਾਲ ਗੂੜ੍ਹੀ ਸਾਂਝ ਪਾਉਣ 'ਚ ਬਿਲਕੁਲ ਝਿਜਕ ਮਹਿਸੂਸ ਨਹੀਂ ਕੀਤੀ, ਜਿਸਨੇ ਇਕ ਵਾਰ "ਨੌਜਵਾਨ ਗ਼ੈਰ-ਈਸਾਈਆਂ" ਨੂੰ ਆਸ਼ਰਮਾਂ ਦੇ ਨਵੇਂ ਚੇਲਿਆਂ ਦੇ ਨਕਾਬ ਲੀਰੋਲੀਰ ਕਰਨ ਦਾ ਸੱਦਾ ਦਿੱਤਾ ਸੀ ਅਤੇ ਉਨ੍ਹਾਂ ਨੂੰ "ਧਰਮ ਦੇ ਠੇਕੇਦਾਰਾਂ" ਦਾ ਰੁਤਬਾ ਦੇ ਦਿੱਤਾ ਸੀ। ਕੀ ਇਨ੍ਹਾਂ ਅਖੌਤੀ ਕੈਥੋਲਿਕਾਂ ਦੀ ਨਾਸਤਕਵਾਦ ਦਾ ਮੁਕਾਬਲਾ ਕਰਨ 'ਚ ਦਿਲਚਸਪੀ ਸੀ ? ਨਹੀਂ! ਇਹ ਸਪੇਨ ਅੰਦਰ ਜਮਹੂਰੀਅਤ ਦੀ ਪੇਸ਼ਕਦਮੀ ਰੋਕਕੇ ਵੱਡੀ ਬੁਰਜੂਆਜ਼ੀ ਤੇ ਭੋਂਇ ਮਾਲਕਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਬਚਾਉਣ 'ਚ ਦਿਲਚਸਪੀ ਰੱਖਦੇ ਸਨ।

ਨਵੀਂ ਬਣੀ ਸਰਕਾਰ ਦੇ ਅੰਦਰ, ਸੀ ਈ ਡੀ ਏ ਦੇ ਕੰਟਰੋਲ ਹੇਠ ਤਿੰਨ ਮੰਤਰਾਲੇ ਸਨ: ਨਿਆਂ ਪ੍ਰਬੰਧ, ਖੇਤੀਬਾੜੀ ਤੇ ਕਿਰਤ। ਸੱਜੇਪੱਖੀ ਧਿਰ ਨੇ ਸੱਤਾ ਵੱਲ ਵਧਣ ਦਾ ਪਹਿਲਾ ਪੜਾਅ ਸ਼ੁਰੂ ਕਰ ਦਿੱਤਾ।

ਇਸ ਸਮੇਂ, ਗਿਲ ਰੋਬਲਜ਼ ਨੇ ਭਵਿੱਖੀ ਘਟਨਾਵਾਂ ਦੀ ਇੰਤਜ਼ਾਰ 'ਚ, ਦੜ ਵੱਟੀ ਰੱਖੀ। ਕਮਿਊਨਿਸਟਾਂ ਤੇ ਸਮਾਜਵਾਦੀਆਂ ਦੀਆਂ ਸਰਗਰਮੀਆਂ ਸਦਕਾ, ਜਿਨ੍ਹਾਂ ਨੇ ਮਜ਼ਦੂਰ ਜਮਾਤ ਨੂੰ ਸਿਆਸੀ ਤੌਰ 'ਤੇ ਚੇਤੰਨ ਕਰ ਦਿੱਤਾ ਸੀ, ਇਹ ਉਨ੍ਹਾਂ ਦੀਆਂ ਗੁੱਝੀਆਂ ਚਾਲਾਂ ਦੇ ਧੋਖੇ 'ਚ ਨਾ ਆਈ ਜੋ ਕੈਥੋਲਿਕਵਾਦ ਦੇ ਪਰਦੇ ਹੇਠ ਸਪੇਨ ਅੰਦਰ ਫਾਸ਼ੀਵਾਦ ਨੂੰ ਸਥਾਪਤ ਕਰਨਾ ਚਾਹੁੰਦੇ ਸਨ।

ਜਿਵੇਂ ਅਸੀਂ ਦੇਖ ਚੁੱਕੇ ਹਾਂ, ਲਾਰਗੋ ਕੈਬਾਲਿਰੋ ਮਜ਼ਦੂਰ ਲਹਿਰ ਅੰਦਰ ਮਹਾਨ ਸਿਫ਼ਤਾਂ ਦਾ ਮਾਲਕ ਅਤੇ ਲਗਾਤਾਰ ਸਰਗਰਮ ਰਹਿਣ ਵਾਲਾ ਆਦਮੀ ਜ਼ਰੂਰ ਸੀ ਪਰ ਉਸ ਦੇ ਖ਼ਿਆਲ ਬਹੁਤ ਜ਼ਿਆਦਾ ਚੀੜ੍ਹੇ ਸਨ, ਉਹ ਆਪਣੀਆਂ ਪਸੰਦਾਂ ਤੇ ਨਾਪਸੰਦਾਂ ਮੁਤਾਬਿਕ ਚੱਲਦਾ ਸੀ। ਉਸਦੇ ਖ਼ਿਆਲਾਂ ਜਾਂ ਜ਼ਾਹਰਾ ਕਾਲਪਨਿਕ ਯੋਜਨਾਵਾਂ ਨੂੰ ਨਾ ਸਿਆਸੀ ਜ਼ਰੂਰਤ ਬਦਲ ਸਕਦੀ ਸੀ ਤੇ ਨਾ ਜ਼ਿੰਮੇਵਾਰੀ, ਇੱਥੋਂ ਤੱਕ ਕਿ ਅਮਲ 'ਚ ਗ਼ਲਤ ਸਾਬਤ ਹੋਣ 'ਤੇ ਵੀ ਨਹੀਂ।

ਕਮਿਊਨਿਸਟ ਆਗੂਆਂ ਨੇ ਲਾਰਗੋ ਦੀਆਂ ਘਾਟਾਂ-ਕਮਜ਼ੋਰੀਆਂ ਦੇ ਬਾਵਜੂਦ ਉਸ ਨੂੰ ਮਾਣ-ਸਨਮਾਨ ਦਿੱਤਾ। ਅਸੀਂ ਚਾਹੁੰਦੇ ਸਾਂ ਕਿ ਉਸ ਨਾਲ ਮਿਲਕੇ ਉਸਦੇ ਆਪਣੇ ਲਈ ਤੇ ਜਿਨ੍ਹਾਂ ਮਜ਼ਦੂਰਾਂ ਦੀ ਉਹ ਨੁਮਾਇੰਦਗੀ ਕਰਦਾ ਸੀ, ਉਨ੍ਹਾਂ ਦੀ ਖ਼ਾਤਰ ਉਸਦੀ ਮਦਦ ਕਰੀਏ। ਅਤੇ ਅਸੀਂ ਬਿਨਾ ਸ਼ਰਤ ਦੇ, ਬਿਨਾ ਕਿਸੇ ਗੁੱਝੇ ਮੰਤਵ ਦੇ ਮਦਦ ਦੀ ਪੇਸ਼ਕਸ਼ ਕੀਤੀ। ਮੰਦੇਭਾਗੀਂ, ਉਸਨੇ ਇਸਨੂੰ ਇਸ ਤਰ੍ਹਾਂ ਨਾ ਲਿਆ; ਉਸਨੇ ਕਮਿਊਨਿਸਟਾਂ ਦੀ ਹਰੇਕ ਤਜਵੀਜ਼ ਨੂੰ ਆਪਣੇ ਅਧਿਕਾਰ-ਖੇਤਰ 'ਚ ਦਖਲ-ਅੰਦਾਜ਼ੀ, ਆਪਣੇ ਹੱਕਾਂ ਦੀ ਉਲੰਘਣਾ, ਜਾਂ ਗੁੱਝੇ ਮਨਸ਼ੇ ਪੂਰੇ ਕਰਨ ਦੀ ਇਕ ਚਾਲ ਸਮਝਿਆ।

ਸਿੱਟੇ ਵਜੋਂ, ਹਾਲਾਂਕਿ ਕਮਿਊਨਿਸਟ ਪਾਰਟੀ ਸਾਂਝੇ ਗੱਠਜੋੜਾਂ ਦੀ ਹਿੱਸੇਦਾਰ ਸੀ, ਪਰ ਲਾਰਗੋ ਕੈਬਾਲਿਰੋ ਹਰੇਕ ਸੰਭਵ ਮੌਕੇ 'ਤੇ ਕਮਿਊਨਿਸਟਾਂ ਨਾਲ ਵਿਚਾਰ-ਵਟਾਂਦਰੇ ਤੋਂ ਭੱਜਦਾ ਰਿਹਾ ਅਤੇ ਸਮਾਜਵਾਦੀ ਪਾਰਟੀ ਤੇ ਯੂ.ਜੀ.ਟੀ. (ਜਨਰਲ ਵਰਕਰਜ਼ ਯੂਨੀਅਨ) ਦੀ ਨਿਰਦੇਸ਼ਨਾ 'ਚ ਇਨਕਲਾਬੀ ਲਹਿਰ ਦੀ ਆਪਣੀ ਦਸੰਬਰ 1933 ਵਾਲੀ ਯੋਜਨਾ 'ਤੇ ਬਜ਼ਿਦ ਰਿਹਾ। ਉਹ ਸਾਡੀ ਗੱਲ ਮੰਨਣ ਤੋਂ ਇਨਕਾਰੀ ਹੋ ਗਿਆ ਅਤੇ ਆਪਣੀਆਂ ਸਫ਼ਾਂ ਵਿਚਲੇ ਮਜ਼ਦੂਰਾਂ ਤੇ ਜਮਹੂਰੀ ਹਿੱਸਿਆਂ ਨੂੰ ਨਜ਼ਰਅੰਦਾਜ਼ ਕਰਦਾ ਰਿਹਾ।

ਜਦੋਂ ਅਕਤੂਬਰ ਦੇ ਸ਼ੁਰੂ 'ਚ ਲੇਰੌਕਸ-ਸੀ ਈ ਡੀ ਏ ਸਰਕਾਰ ਬਣਾਈ ਗਈ ਤਾਂ ਲਾਰਗੋ ਨੇ ਆਪਣੇ ਮਨ 'ਚ ਧਾਰੇ ਪ੍ਰੋਗਰਾਮ ਦੇ ਮੁਤਾਬਿਕ ਆਮ ਹੜਤਾਲ ਦਾ ਫ਼ੁਰਮਾਨ ਜਾਰੀ ਕਰ ਦਿੱਤਾ।

ਅਰਾਜਕਤਾਵਾਦੀਆਂ ਨੇ ਅਕਤੂਬਰ ਕਾਰਵਾਈ ਦਾ ਬਾਈਕਾਟ ਕੀਤਾ, ਜਿਸ ਕਰਕੇ ਕਮਿਊਨਿਸਟਾਂ ਨੇ ਉਨ੍ਹਾਂ ਦੀ ਅਲੋਚਨਾ ਕੀਤੀ। ਅਸਲ ਵਿਚ, ਅਰਾਜਕਤਾਵਾਦੀਆਂ ਦੇ ਅਮਲ ਕਰਨੋਂ ਇਨਕਾਰੀ ਹੋਣ ਨਾਲ ਪਿਛਾਖੜੀਆਂ ਨੂੰ ਮਦਦ ਮਿਲੀ ਅਤੇ ਇਸ ਨੇ ਲਹਿਰ ਦੀ ਅਸਫ਼ਲਤਾ 'ਚ ਯੋਗਦਾਨ ਪਾਇਆ। ਪਰ ਜੇ ਬਗ਼ਾਵਤ ਤੋਂ ਪਹਿਲਾਂ ਅਰਾਜਕਤਾਵਾਦੀਆਂ ਨਾਲ ਸਲਾਹ-ਮਸ਼ਵਰਾ ਕੀਤਾ ਹੁੰਦਾ ਜਾਂ ਉਨ੍ਹਾਂ ਨੂੰ ਵਿਚਾਰ-ਚਰਚਾਵਾਂ 'ਚ ਸ਼ਾਮਲ ਕੀਤਾ ਗਿਆ ਹੁੰਦਾ ਕੀ ਉਹ ਇਵੇਂ ਹੀ ਕਰਦੇ? ਇਸ ਦੀ ਥਾਂ, ਉਨ੍ਹਾਂ ਨੂੰ ਅੱਖੋਂ ਓਹਲੇ ਕੀਤਾ ਗਿਆ, ਅਤੇ ਇਹ ਮੰਨਕੇ ਚੱਲਿਆ ਗਿਆ ਕਿ ਉਹ ਸਮਾਜਵਾਦੀ ਪਾਰਟੀ ਦੇ ਮਗਰ ਆਪਣੇ ਆਪ ਤੁਰ ਪੈਣਗੇ। ਆਖ਼ਿਰ, ਉਹ ਮਜ਼ਦੂਰ ਜਮਾਤ ਦੇ ਬਹੁਤ ਸਾਰੇ ਹਿੱਸੇ ਦੀ ਨੁਮਾਇੰਦਗੀ ਕਰਦੇ ਸਨ। ਇਹ ਐਸਾ ਸਵਾਲ ਹੈ ਜੋ ਲਾਜਵਾਬ ਚਲਿਆ ਆ ਰਿਹਾ ਹੈ, ਪਰ ਤੱਥ ਸਪਸ਼ਟ ਹਨ।

ਇਹ ਦਲੀਲ ਦਿੱਤੀ ਜਾ ਸਕਦੀ ਸੀ ਕਿ ਸੀ. ਐਨ. ਟੀ. (ਅਰਾਜਕਤਾਵਾਦੀ-ਸਿੰਡੀਕਲਵਾਦੀ ਟਰੇਡ ਯੂਨੀਅਨ) ਸਾਂਝੇ ਗੱਠਜੋੜ ਦੀ ਮੈਂਬਰ ਨਹੀਂ ਸੀ। ਦੂਜੇ ਪਾਸੇ, ਕਮਿਊਨਿਸਟ ਮੈਂਬਰ ਸਨ। ਪਰ ਆਮ ਇਨਕਲਾਬੀ ਹੜਤਾਲ ਦਾ ਹੁਕਮ ਦੇਣ ਤੋਂ ਬਾਦ ਸਮਾਜਵਾਦੀਆਂ ਨੇ ਕੀ ਕੀਤਾ? ਉਨ੍ਹਾਂ ਨੇ ਕਮਿਊਨਿਸਟ ਪਾਰਟੀ ਨਾਲੋਂ ਸਾਰੇ ਸੰਬੰਧ ਤੋੜ ਲਏ ਅਤੇ ਪੁਲਿਸ ਤੋਂ ਲੁਕ ਕੇ ਬੈਠ ਗਈ। ਹਾਲਾਂਕਿ ਪੁਲਿਸ ਦੀ ਸਖ਼ਤੀ ਤੋਂ ਬਚਣ ਲਈ ਝਕਾਨੀ

ਦੇਣਾ ਜਾਇਜ਼ ਸੀ, ਪਰ ਵਿਦਰੋਹ ਨੂੰ ਦਿਸ਼ਾ-ਨਿਰਦੇਸ਼ ਦੇਣ ਅਤੇ ਜਨਤਾ ਨੂੰ ਲਾਮਬੰਦ ਕਰਨ ਲਈ ਸਾਂਝੇ ਗੱਠਜੋੜ ਦੇ ਮੈਂਬਰਾਂ ਦੀ ਕਮੇਟੀ ਬਣਾਉਣ 'ਚ ਉਸਦਾ ਅਸਫ਼ਲ ਰਹਿਣਾ ਨਾ ਤਾਂ ਜਾਇਜ਼ ਸੀ ਅਤੇ ਨਾ ਹੀ ਸਹੀ ਤੇ ਇਨਕਲਾਬੀ ਸੀ। ਇਸਦੀ ਬਜਾਏ, ਇਸਨੇ ਲਾਰਗੋ ਦੇ ਸਿਧਾਂਤ ਦੀ ਪਾਲਣਾ ਕਰਦਿਆਂ ਲੜਾਈ ਨੂੰ ਆਪਣੇ ਤੌਰ 'ਤੇ ਚੱਲਣ ਦਿੱਤਾ ਇਸ ਸੋਚ ਤਹਿਤ ਕਿ ਇਨਕਲਾਬ ਨੂੰ ਜਥੇਬੰਦ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਆਪ ਮੁਹਾਰੇ ਤੌਰ 'ਤੇ ਖ਼ੁਦ ਪੈਦਾ ਹੁੰਦਾ ਹੈ।

ਇਸ ਦੌਰਾਨ, ਭਾਵੇਂ ਕਿ ਸਮਾਜਵਾਦੀ ਆਗੂਆਂ ਨੇ ਸਾਨੂੰ ਆਪਣੀਆਂ ਯੋਜਨਾਵਾਂ ਨਹੀਂ ਸੀ ਦੱਸੀਆਂ, ਫਿਰ ਵੀ ਕਮਿਊਨਿਸਟ ਸ਼ੁਰੂ ਤੋਂ ਹੀ ਲਹਿਰ 'ਚ ਕੁੱਦ ਪਏ, ਤੇ ਸਮਾਜਵਾਦੀ ਮਜ਼ਦੂਰਾਂ ਦੇ ਮੋਢੇ ਨਾਲ ਮੋਢਾ ਡਾਹਕੇ ਲੜੇ। ਲੜਾਈ ਦੌਰਾਨ, ਮਜ਼ਦੂਰਾਂ ਦੀ ਸਹਾਇਤਾ ਨਾਲ, ਅਸੀਂ ਮਜ਼ਦੂਰਾਂ ਦੇ ਗੱਠਜੋੜ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੇ ਗੱਠਜੋੜ 'ਚ ਬਦਲ ਦਿੱਤਾ ਜੋ ਅਸਟੂਰੀਅਸ ਵਰਗੀਆਂ ਕੁਝ ਥਾਵਾਂ ਉੱਤੇ, ਜਿੱਥੇ ਅਰਾਜਕਤਾਵਾਦੀ ਗੱਠਜੋੜ 'ਚ ਸ਼ਾਮਲ ਸਨ, ਇਹ ਸੱਤਾ ਦਾ ਸੱਚਾ ਅਦਾਰਾ ਬਣ ਗਿਆ।

1934 ਦੀ ਵਿਦਰੋਹੀ ਲਹਿਰ ਜਨਤਾ ਦੀ ਸਿੱਖਿਆ ਦੇ ਪੱਖ ਤੋਂ ਵਾਹਵਾ ਕੀਮਤੀ ਸੀ। ਲੋਕਾਂ ਨੂੰ ਕਾਰਵਾਈ ਵਿਚ ਤਿੰਨ ਵੱਖ-ਵੱਖ ਢੰਗਾਂ ਨੂੰ ਵਾਚਣ ਦਾ ਮੌਕਾ ਦਿੱਤਾ ਗਿਆ:

(1) ਸਾਰਿਆਂ ਨੂੰ ਮਿਲਾਕੇ, ਸਮਾਜਵਾਦੀ ਪ੍ਰੋਗਰਾਮ, ਜੋ ਨਾਕਾਫ਼ੀ ਰੂਪ 'ਚ ਤਿਆਰ ਇਨਕਲਾਬੀ ਲਹਿਰ ਦੀ ਅਗਵਾਈ ਨੂੰ ਇਕੋ ਇਕ ਆਪਣੇ ਅਧਿਕਾਰ 'ਚ ਰੱਖਣ ਦਾ ਸ਼ਰੇਆਮ ਐਲਾਨ ਕਰਦਾ ਸੀ ਅਤੇ ਜ਼ਿੰਮੇਵਾਰੀ ਨਿਭਾਉਣ 'ਚ ਅਸਫ਼ਲ ਰਿਹਾ।

(2) ਅਰਾਜਕਤਾਵਾਦੀਆਂ ਦੇ ਢੰਗ ਜਿਨ੍ਹਾਂ ਨੇ ਆਪਣੇ ਸੰਕੀਰਣਤਾਵਾਦ ਦੇ ਕਾਰਣ ਲੜਾਈ ਤੋਂ ਟਾਲਾ ਵੱਟਿਆ ਜੋ ਫ਼ੈਸਲਾਕੁੰਨ ਹੋ ਸਕਦੀ ਸੀ ਅਤੇ ਇਸ ਤਰ੍ਹਾਂ ਉਹ ਮਜ਼ਦੂਰ ਜਮਾਤ ਦੇ ਦੁਸ਼ਮਣਾਂ ਦੇ ਹੱਥਾਂ 'ਚ ਖੇਡੇ।

(3) ਕਮਿਊਨਿਸਟਾਂ ਦੇ ਢੰਗ, ਜਿਨ੍ਹਾਂ ਨੇ ਲਹਿਰ 'ਚ ਖੁੱਲ੍ਹੇਆਮ ਹਿੱਸਾ ਲਿਆ, ਕੁਝ ਥਾਵਾਂ 'ਤੇ ਇਸਨੂੰ ਅਗਵਾਈ ਦਿੱਤੀ, ਜਿੱਤ ਵਾਸਤੇ ਲੜੇ ਅਤੇ ਬਗਾਵਤ ਦੀ ਜ਼ਿੰਮੇਵਾਰੀ ਸ਼ਰੇਆਮ ਕਬੂਲ ਕੀਤੀ।

ਕੈਟਾਲੋਨੀਆ ਨੇ, ਪ੍ਰਧਾਨ ਕੰਪਾਨਿਸ ਦੀ ਅਗਵਾਈ 'ਚ ਬਗ਼ਾਵਤ ਦੀ ਹਮਾਇਤ ਕੀਤੀ ਅਤੇ ਉਨ੍ਹਾਂ ਹਿੱਤਾਂ ਅਤੇ ਕੈਟਾਲੋਨ ਦੀਆਂ ਜਮਹੂਰੀ ਜਿੱਤਾਂ ਦੀ ਰਾਖੀ ਕੀਤੀ, ਜਿਨ੍ਹਾਂ ਨੂੰ ਕੇਂਦਰੀ ਸਰਕਾਰ ਖ਼ੋਰਾ ਲਾਉਣ ਲੱਗ ਪਈ ਸੀ।

ਕੈਟਾਲੋਨੀਆ ਦੀ ਕਮਿਊਨਿਸਟ ਪਾਰਟੀ ਨੇ ਲੜਾਈ 'ਚ ਹਿੱਸਾ ਲਿਆ ਅਤੇ, ਚਾਹੇ ਇਹ ਛੋਟੀ ਗਿਣਤੀ 'ਚ ਸੀ, ਫਿਰ ਵੀ ਸਿਰੇ ਦੀ ਸਰਗਰਮ ਤੇ ਲੜਾਕੂ ਸੀ। ਕੈਟਾਲੋਨੀਆ ਦੇ ਸਭ ਤੋਂ ਸਿਰਕੱਢ ਆਗੂਆਂ 'ਚ ਸਨ ਸਾਥੀ ਸੇਸੇ, ਡੈਲ ਬਾਰੀਓ, ਸਾਸਤਰੇ, ਮੌਂਟਾਗ, ਅਤੇ ਲਿਨਾ ਓਡੇਨਾ।

ਮੈਡਰਿਡ, ਵਲੈਂਸੀਆ, ਸੇਵਾਈਲ, ਸਾਲਾ ਮੈਨਸਾ, ਕੌਰਡੋਬਾ, ਲਿਓਨ ਵਾਈ ਪਾਲੈਂਸੀਆ, ਵਿਜ਼ਕਾਇਆ ਅਤੇ ਗੁਇਪੁਜ਼ਕੋਆ ਵਿਚ ਅੰਸ਼ਕ ਹੜਤਾਲ ਹੋਈ; ਮੁਰਸੀਆ ਜਾਏਨ, ਸੇਗੋਵੀਆ ਅਤੇ ਗਰਾਨਾਡਾ 'ਚ ਅੰਸ਼ਕ ਹੜਤਾਲਾਂ ਹੋਈਆਂ ਜਿਨ੍ਹਾਂ ਦੀ ਆਪਣੀ ਅਹਿਮੀਅਤ ਸੀ।

ਬਗ਼ਾਵਤ ਨੂੰ ਦਬਾਉਣ ਲਈ, ਗਣਰਾਜੀ ਸਰਕਾਰ ਨੇ ਰਜਵਾੜਾਸ਼ਾਹੀ ਪੱਖੀ ਜਨਰਲ ਫਰਾਂਕੋ ਨੂੰ ਭੇਜਿਆ ਜਿਸਨੇ ਅਫਰੀਕਾ ਅੰਦਰ ਮੋਰੱਕੋ ਦੇ ਲੋਕਾਂ ਵਿਰੁੱਧ ਲੜਕੇ ਪ੍ਰਸਿੱਧੀ ਖੱਟੀ ਸੀ।

ਅਸਟੂਰੀਅਸ ਦੇ ਮਜ਼ਦੂਰਾਂ ਨੂੰ ਦਬਾਉਣ ਲਈ ਦੇਸ਼ ਦੇ ਸਭ ਤੋਂ ਘਿਣਾਉਣੇ ਜਾਬਰ ਦਸਤਿਆਂ ਦੇ ਪਟੇ ਖੋਹਲੇ ਗਏ ਸਨ। ਰੈਗੂਲਰ ਮੂਰ ਦਸਤਿਆਂ ਦੇ ਨਾਲ ਬਦੇਸ਼ ਲਸ਼ਕਰ ਅਤੇ ਨਾਲ ਹੀ ਬਾਕਾਇਦਾ ਫ਼ੌਜੀ ਲਸ਼ਕਰਾਂ ਨੂੰ ਕਰਨਲ ਯੇਗ ਅਤੇ ਜਰਨੈਲ ਲੋਪੇਜ਼ ਦੀ ਕਮਾਨ ਹੇਠ ਭੇਜਿਆ ਗਿਆ ਸੀ।

ਸੱਤ ਦਸਤਿਆਂ ਨੇ ਉਨ੍ਹਾਂ ਬਾਗ਼ੀਆਂ ਵਿਰੁੱਧ ਚੜ੍ਹਾਈ ਕੀਤੀ, ਜੋ ਖਾਣਪੁਟਾਈ ਦੇ ਇਲਾਕੇ 'ਚ ਡਟੇ ਹੋਏ ਸਨ। ਓਵੀਡੋ, ਪੋਲਾ ਡੀ ਸੀਏਰੋ, ਗਰੈਡੋ, ਸਾਮਾ ਡੀ ਲਾਂਗਰੇਓ, ਮੀਅਰੀਜ਼ ਦੇ ਅਸਟੂਰੀਅਨ ਕਸਬਿਆਂ ਅਤੇ ਨਾਰਸੀ ਦੀ ਘਾਟੀ 'ਚ "ਸ਼ਾਂਤੀ ਬਹਾਲ ਕਰਨ" ਲਈ ਟੁਕੜੀਆਂ ਭੇਜੀਆਂ ਗਈਆਂ। ਇਨ੍ਹਾਂ ਟੁਕੜੀਆਂ ਦੀ ਅਗਵਾਈ ਕਰਨ ਵਾਲੇ ਸਨ ਕਰਨਲ ਯੇਗ, ਸਾਇਨਜ਼ ਡੀ ਬੁਰੂਆਗਾ ਅਤੇ ਅਰੈਂਡਾ, ਅਤੇ ਲੈਫਟੀਨੈਂਟ ਕਰਨਲ ਲੈਫੂਐਂਟੇ ਅਤੇ ਸੀਅਨੋ। ਇਹ ਨਾਂਅ ਗਣਰਾਜ ਦੇ ਵਿਰੁੱਧ ਫਾਸ਼ੀਵਾਦੀ ਫ਼ੌਜੀ ਬਗ਼ਾਵਤ ਦੌਰਾਨ ਮੁੜ ਗੂੰਜੇ ਸਨ। ਸਭ ਤੋਂ ਹਿੰਸਕ ਜਬਰ ਅਸਟੂਰੀਅਸ 'ਚ ਹੋਇਆ, ਇਸਨੂੰ ਇੰਜ ਮਿੱਟੀ 'ਚ ਮਿਲਾ ਦਿੱਤਾ ਗਿਆ ਜਿਵੇਂ ਇਹ ਮੋਰੱਕੋ ਦਾ ਕੋਈ ਪਿੰਡ ਹੋਵੇ। ਅਕਤੂਬਰ 1934 ਦੀ ਬਗ਼ਾਵਤ ਅਤੇ ਜਬਰ ਦੌਰਾਨ 4,000 ਤੋਂ ਵੱਧ ਲੋਕ ਮਾਰੇ ਗਏ।

ਅਕਤੂਬਰ ਤੋਂ ਬਾਦ, ਸਮਾਜਵਾਦੀ ਪਾਰਟੀ ਨੇ ਇਸ ਆਸ ਨਾਲ ਹਰ ਤਰ੍ਹਾਂ ਦੀ ਜਨਤਕ ਸਿਆਸੀ ਸਰਗਰਮੀ ਤੋਂ ਗੁਰੇਜ਼ ਕੀਤਾ ਕਿ ਤੂਫ਼ਾਨ ਲੰਘ ਜਾਵੇਗਾ। ਹਾਲਾਂਕਿ ਇਸਦੇ ਸਿਰਕੱਢ ਆਗੂਆਂ 'ਚੋਂ ਬਹੁਤੇ ਐਲਾਨ ਕਰ ਰਹੇ ਸਨ ਕਿ ਹੁਣ ਸਪੇਨ ਦੇ ਸਿਆਸੀ ਦ੍ਰਿਸ਼ ਤੋਂ ਇਨਕਲਾਬੀ ਘੋਲ ਅਲੋਪ ਹੋ ਚੁੱਕੇ ਸਨ ਤੇ ਉਹ ਅਸਟੂਰੀਅਸ 'ਚ ਬਗ਼ਾਵਤ ਕਰਨ ਦੀ ਜ਼ਿੰਮੇਵਾਰੀ ਲੈਣ ਤੋਂ ਮੁੱਕਰਦੇ ਸਨ, ਪਰ ਕਮਿਊਨਿਸਟ ਪਾਰਟੀ ਨੇ ਪੂਰੀ ਜ਼ਿੰਮੇਵਾਰੀ ਲਈ।

ਮਾਤ ਖਾਕੇ ਖਿੰਡ ਪੁੰਡ ਗਈਆਂ ਫਾਸ਼ੀਵਾਦ ਵਿਰੋਧੀ ਤਾਕਤਾਂ ਤੇਜ਼ੀ ਨਾਲ ਜਥੇਬੰਦ ਹੋਣ ਲੱਗੀਆਂ ਅਤੇ ਜਨਤਾ ਨੂੰ ਜਾਣਕਾਰੀ ਦੇਣ ਦਾ ਕੰਮ ਮੁੜ ਸੰਭਾਲ ਲਿਆ: ਕਮਿਊਨਿਸਟ ਪਾਰਟੀ ਦਾ ਗ਼ੈਰਕਾਨੂੰਨੀ ਬੁਲਾਰਾ, *ਰੈੱਡ ਬੈਨਰ*, ਛਾਪਿਆ ਗਿਆ; ਮੈਡਰਿਡ ਦੀ ਪਾਰਟੀ ਜਥੇਬੰਦੀ ਨੇ *ਦੀ ਸੋਵੀਅਤ*, *ਰੈੱਡ ਫਰੰਟ* ਅਤੇ *ਰੈੱਡ ਨਾਰਥ* ਦੀ ਪ੍ਰਕਾਸ਼ਨਾ ਕੀਤੀ; ਵਲੈਂਸੀਆ ਨੇ *ਕੰਬੈਟ* ਛਾਪਿਆ, ਬਿਲਬਾਓ ਨੇ *ਰੈੱਡ ਬੈਨਰ*; ਕੈਟਾਲੋਨੀਆ ਨੇ *ਰੈੱਡ ਕੈਟਾਲੋਨੀਆ* ਛਾਪੇ। ਨੌਜਵਾਨ ਕਮਿਊਨਿਸਟਾਂ ਦੀ ਜਥੇਬੰਦੀ, ਜਿਸ ਦੇ ਅਖ਼ਬਾਰ ਦਾ ਨਾਂਅ *ਯੂਥਜ਼ ਬੈਟਲ* ਸੀ, ਨੇ ਪਾਰਟੀ ਦੇ ਨਾਲ ਜੁੜਕੇ ਕੰਮ ਕੀਤਾ।

*ਰੈੱਡ ਬੈਨਰ* ਦੇ ਪਹਿਲੇ ਅੰਕ, ਜੋ ਅਕਤੂਬਰ ਬਗ਼ਾਵਤ ਨੂੰ ਕੁਚਲਣ ਤੋਂ ਕੁਝ ਦਿਨ ਬਾਦ ਹੀ ਛਾਪ ਦਿੱਤਾ ਗਿਆ ਸੀ, ਵਿਚ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਲਿਖਿਆ ਹਾਰ ਦਾ ਵਿਸ਼ਲੇਸ਼ਣ ਛਾਪਿਆ ਗਿਆ ਸੀ। ਇਸ ਨੇ ਐਲਾਨ ਕੀਤਾ: "ਜੋ ਲੜਾਈ ਅਸੀਂ ਲੜੀ ਹੈ, ਉਹ ਫ਼ੈਸਲਾਕੁਨ ਨਹੀਂ ਸੀ। ਆਓ, ਕਿਰਤੀ ਲੋਕਾਂ ਦੇ ਕਾਤਲਾਂ ਨੂੰ ਜੇਤੂ ਲਲਕਾਰੇ ਨਾ ਮਾਰਨ ਦੇਈਏ। ਅਸੀਂ ਮਜ਼ਦੂਰ ਜਮਾਤ ਦੀ ਜਿੱਤ 'ਚ ਪਹਿਲਾਂ ਨਾਲੋਂ ਵੱਧ ਭਰੋਸੇ ਨਾਲ ਕੰਮ ਮੁੜ ਸੰਭਾਲ ਲਿਆ ਹੈ, ਸਮਾਂ ਆਉਣ 'ਤੇ ਮੁੜ ਜੂਝਣ ਲਈ ਤਿਆਰ-ਬਰ-ਤਿਆਰ। ਅਸੀਂ ਇਨ੍ਹਾਂ ਘਟਨਾਵਾਂ ਤੋਂ ਤਜ਼ਰਬਾ ਹਾਸਲ ਕੀਤਾ ਹੈ ਜਿਸ ਨਾਲ ਸਾਨੂੰ ਜਿੱਤ ਦੇ ਠਰੰਮੇ ਭਰੇ ਰਾਹ 'ਤੇ ਚੱਲਣ ਦੀ ਦ੍ਰਿੜਤਾ ਹਾਸਲ ਹੋਏਗੀ.....। ਅਸੀਂ ਸਭਨਾਂ ਮਜ਼ਦੂਰਾਂ ਨੂੰ ਇਨਕਲਾਬੀ ਲਹਿਰ ਦੀਆਂ ਸਫ਼ਾਂ ਨੂੰ ਤਕੜਿਆਂ ਕਰਨ ਅਤੇ ਨਵੀਆਂ ਲੜਾਈਆਂ ਵੱਲ ਵਧਣ ਲਈ ਤਿਆਰ ਹੋਣ ਦਾ ਸੱਦਾ ਦਿੰਦੇ ਹਾਂ।"

## [17]
# ਔਰਤਾਂ ਫਾਸ਼ੀਵਾਦ ਦੇ ਵਿਰੋਧ 'ਚ

1933 ਦੇ ਅੱਧ 'ਚ *ਜੰਗ ਤੇ ਫਾਸ਼ੀਵਾਦ ਵਿਰੁਧ ਔਰਤਾਂ ਦੀ ਸੰਸਾਰ ਕਮੇਟੀ* ਜਿਸਦਾ ਸਦਰ ਮੁਕਾਮ ਫਰਾਂਸ 'ਚ ਸੀ, ਦੀ ਤਰਫੋਂ ਇਕ ਪ੍ਰਤੀਨਿਧ ਸਾਡੇ ਦੇਸ਼ ਅੰਦਰ ਔਰਤਾਂ ਦੇ ਸਿਆਸੀ ਗਰੁੱਪਾਂ ਨੂੰ ਮਿਲਣ ਅਤੇ ਸਪੇਨ ਅੰਦਰ ਇਸੇ ਤਰ੍ਹਾਂ ਦੀ ਜਥੇਬੰਦੀ ਬਣਾਉਣ ਦੀਆਂ ਸੰਭਾਵਨਾਵਾਂ ਫਰੋਲਣ ਲਈ ਆਈ।

ਅਸੀਂ ਉਸ ਨਾਲ ਗੱਲਬਾਤ ਕੀਤੀ ਤੇ ਇਸ ਸਮਝ 'ਤੇ ਪਹੁੰਚੀਆਂ ਕਿ ਸਪੇਨ ਦੀਆਂ ਕਮਿਊਨਿਸਟ ਔਰਤਾਂ ਨੂੰ ਇਸ ਦੀ ਮਦਦ ਕਰਕੇ ਖੁਸ਼ੀ ਹੋਵੇਗੀ। ਅਸੀਂ ਤੁਰੰਤ ਇਸ ਪ੍ਰਾਜੈਕਟ ਉੱਪਰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਤੋਂ ਇਲਾਵਾ, ਇਰੀਨ ਫਾਲਕਨ, ਇਨਕਾਰਨਾਸਿਓਨ ਫਿਊਯੋਲਾ, ਲੂਸੀਆ ਬੈਰਨ, ਅਤੇ ਹੋਰ ਸਾਥਣਾਂ ਜਿਨ੍ਹਾਂ ਦੇ ਨਾਂਅ ਮੈਨੂੰ ਯਾਦ ਨਹੀਂ ਨੇ ਮੀਟਿੰਗਾਂ 'ਚ ਹਿੱਸਾ ਲਿਆ।

ਕਿਉਂਕਿ ਸੰਸਾਰ ਕਮੇਟੀ ਦੀ ਪ੍ਰਤੀਨਿਧ ਕੋਲ ਸਮਾਜਵਾਦੀ ਔਰਤਾਂ ਦੇ ਗਰੁੱਪਾਂ ਕੋਲ ਜਾਣ ਦਾ ਵਕਤ ਨਹੀਂ ਸੀ, ਜੋ ਉਹ ਉਚੇਚੇ ਤੌਰ 'ਤੇ ਕਰਨਾ ਚਾਹੁੰਦੀ ਸੀ, ਉਸਨੇ ਸਾਨੂੰ ਆਪਣੇ ਵੱਲੋਂ ਇਨ੍ਹਾਂ ਗਰੁੱਪਾਂ ਨਾਲ ਗੱਲਬਾਤ ਕਰਨ ਲਈ ਕਿਹਾ। ਉਸ ਦੀ ਗੱਲ ਮੰਨਕੇ ਅਸੀਂ ਸਮਾਜਵਾਦੀ ਡਿਪਟੀ ਅਤੇ ਜਾਣੀ-ਪਛਾਣੀ ਲੇਖਿਕਾ ਮਾਰੀਅਤ ਮਾਰਟੀਨੇਜ਼ ਸੀਆਰਾ ਨੂੰ ਮਿਲਣ ਦੀ ਬੇਨਤੀ ਕੀਤੀ, ਜਿਸਨੂੰ ਉਸਨੇ ਸਨੇਹ ਨਾਲ ਪ੍ਰਵਾਨ ਕਰ ਲਿਆ। ਜਦੋਂ ਅਸੀਂ ਲੰਮੀ-ਚੌੜੀ ਮਾਰਟੀਨੇਜ਼ ਹਵੇਲੀ ਪਹੁੰਚੀਆਂ, ਤਾਂ ਦਰਬਾਨ ਸਾਡਾ ਸਾਧਾਰਣ ਪਹਿਰਾਵਾ ਦੇਖਦੇ ਸਾਰ, ਸਾਨੂੰ ਪਿਛਲੇ ਦਰਵਾਜ਼ੇ ਨੂੰ ਲੈ ਤੁਰਿਆ। ਜ਼ਿੰਦਗੀ 'ਚ ਸਬਕ ਮਿਲਦੇ ਹਨ! ਕੌਣ ਕਹਿੰਦਾ ਹੈ, ਇੱਥੇ ਜਮਾਤਾਂ ਨਹੀਂ ਹਨ?

ਮਾਰੀਆ ਮਾਰਟੀਨੇਜ਼ ਦੀ ਥਾਂ, ਸਾਡੀ ਮੁਲਾਕਾਤ ਸ਼ਾਹੀ ਮਹੱਲ ਦੇ ਇਕ ਸਾਬਕਾ ਗਾਰਡ ਦੀ ਵਿਧਵਾ ਮਾਰੀਆ ਡੀ ਲਾ ਦੇ ਨਾਲ ਹੋਈ। ਜ਼ਬਾਨ ਥਥਲਾਉਣ ਨਾਲ, ਮੈਂ ਉਸਨੂੰ ਮਾਰੀਆ ਡੀ ਲਾ ਓ, ਕਹਿਕੇ ਬੁਲਾਇਆ, ਜੋ ਤਾਜ਼ਾ ਹਿੱਟ ਗੀਤ ਦੇ ਨਾਇਕ ਦਾ ਨਾਂਅ ਹੈ:

ਮਾਰੀਆ ਡੀ ਲਾ ਓ
ਤੂੰ ਤਾਂ ਡਰਾਉਣੀ ਏਂ,
ਐਨੇ ਕੁਝ ਦੇ ਹੁੰਦਿਆਂ........

ਗਣਰਾਜੀ ਅਤੇ ਸਮਾਜਵਾਦੀ ਔਰਤਾਂ ਦੇ ਨਿੱਘੇ ਤੇ ਸੁਹਿਰਦ ਸਹਿਯੋਗ ਨਾਲ, ਅਸੀਂ ਜੰਗ ਅਤੇ ਫਾਸ਼ੀਵਾਦ ਵਿਰੁੱਧ ਔਰਤਾਂ ਦੀ ਕੌਮੀ ਕਮੇਟੀ ਜਥੇਬੰਦ ਕੀਤੀ, ਕੈਟਾਲਿਨਾ ਸਲਮੇਰੋਨ ਨੂੰ ਆਨਰੇਰੀ ਪ੍ਰਧਾਨ ਬਣਾਇਆ ਗਿਆ। ਕੈਟਾਲਿਨਾ ਇਕ ਪੁਰਾਣੇ ਗਣਰਾਜਪੱਖੀ ਦੀ ਧੀ ਸੀ ਜਿਸਨੇ 1873 'ਚ ਪਹਿਲੇ ਗਣਰਾਜ ਦੌਰਾਨ ਇਕ ਮੌਤ ਦੀ ਸਜ਼ਾ 'ਤੇ ਸਹੀ ਪਾਉਣ ਦੀ ਥਾਂ ਦੇਸ਼ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਬੁੱਧੀਜੀਵੀਆਂ ਦੀ ਇਕ ਟੋਲੀ ਨੇ ਜੰਗ ਵਿਰੁੱਧ ਔਰਤਾਂ ਦੀਆਂ ਕਮੇਟੀਆਂ ਨੂੰ ਜਥੇਬੰਦ ਕਰਨ ਅਤੇ ਮੱਧ ਵਰਗ ਵਿਚੋਂ ਔਰਤਾਂ ਦੇ ਅਹਿਮ ਹਿੱਸਿਆਂ ਨੂੰ ਖਿੱਚਣ ਲਈ ਸ਼ਾਨਦਾਰ ਕੰਮ ਕੀਤਾ; ਇਨ੍ਹਾਂ ਹਿੱਸਿਆਂ ਨੇ ਬਾਦ 'ਚ ਜਥੇਬੰਦੀ ਅੰਦਰ ਅਹਿਮ ਭੂਮਿਕਾ ਨਿਭਾਈ।

ਅਸੀਂ ਕਮਿਊਨਿਸਟ ਔਰਤਾਂ ਗਣਰਾਜਵਾਦੀ ਪਾਰਟੀ ਦੇ ਕੇਂਦਰਾਂ 'ਚ ਜਾ ਕੇ ਔਰਤ ਮੈਂਬਰਾਂ ਨਾਲ ਸਿਆਸੀ ਹਾਲਤ ਅਤੇ ਆਮ ਤੌਰ 'ਤੇ ਗਣਰਾਜਵਾਦੀ ਹਕੂਮਤ ਦੀਆਂ ਨੀਤੀਆਂ ਬਾਰੇ ਸੁਹਣੀ ਗੱਲਬਾਤ ਕਰ ਲੈਂਦੀਆਂ ਸਾਂ। ਆਪਣੀਆਂ ਸਿਆਸੀ ਸਰਗਰਮੀਆਂ ਲਈ ਪ੍ਰਸਿੱਧ ਵਿਕਟੋਰੀਆ ਕੈਂਟ ਅਤੇ ਕਲਾਰਾ ਕੈਂਪੋਆਮੋਰ ਤੋਂ ਬਿਨਾ ਗਣਰਾਜ ਪੱਖੀ ਔਰਤਾਂ ਦੀਆਂ ਸਿਆਸੀ ਜਥੇਬੰਦੀਆਂ ਅੰਦਰੋਂ, ਸਾਨੂੰ ਦਰਜਣਾਂ ਐਸੀਆਂ ਸਾਧਾਰਣ ਔਰਤਾਂ ਮਿਲੀਆਂ ਜੋ ਆਪਣੀ ਸ਼ਾਨਦਾਰ ਸਿਆਸੀ ਲਿਆਕਤ, ਸਪੇਨ ਦੀਆਂ ਅਹਿਮ ਸਮੱਸਿਆਵਾਂ ਬਾਰੇ ਆਪਣੀ ਸੂਝ ਅਤੇ ਫਾਸ਼ੀਵਾਦ ਵਿਰੁੱਧ ਲੜਾਈ ਦੀ ਦ੍ਰਿੜਤਾ ਨਾਲ ਆਪਣੀਆਂ ਕੁਝ ਸਿਆਸੀ ਆਗੂਆਂ ਨੂੰ ਸ਼ਰਮਿੰਦਾ ਕਰਨ ਦੇ ਸਮਰੱਥ ਸਨ।

ਗਣਰਾਜ ਪੱਖੀ ਔਰਤਾਂ ਨੇ ਆਪਣੀਆਂ ਕਮਿਊਨਿਸਟ ਭੈਣਾਂ ਨਾਲ ਹਮਦਰਦੀ ਦਿਖਾਈ। ਇਸ ਨਾਲ ਛੇਤੀ ਹੀ ਗਣਰਾਜੀ ਯੂਨੀਅਨ ਪਾਰਟੀ ਦੇ ਕੁਝ ਮੈਂਬਰਾਂ ਨੂੰ ਤਕਲੀਫ਼ ਹੋਣ ਲੱਗੀ ਜਿਨ੍ਹਾਂ ਨੇ ਤੈਅ ਕਰ ਲਿਆ ਕਿ ਆਪਣੀਆਂ ਮੈਂਬਰ ਔਰਤਾਂ ਅਤੇ ਕਮਿਊਨਿਸਟਾਂ ਦੇ ਨਿੱਘੇ ਸੰਬੰਧਾਂ 'ਚ ਵਿਗਾੜ ਪੈਦਾ ਕੀਤਾ ਜਾਵੇ। ਉਨ੍ਹਾਂ ਨੇ ਸਾਨੂੰ ਪਰ੍ਹਾਂ ਰੱਖਣ ਲਈ ਦਰਵਾਜ਼ੇ 'ਤੇ ਪੁਲਿਸ ਲਗਾ ਦਿੱਤੀ। ਇਨ੍ਹਾਂ ਵਿਚੋਂ ਸਿਆਸੀ ਤੌਰ 'ਤੇ ਸਭ ਤੋਂ ਸਰਗਰਮ ਔਰਤਾਂ ਨੇ ਜਥੇਬੰਦੀ ਛੱਡ ਦਿੱਤੀ। ਕੁਝ ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋ ਗਈਆਂ; ਬਹੁਤ ਸਾਰੀਆਂ ਜੰਗ ਵਿਰੁੱਧ ਔਰਤ ਕਮੇਟੀ ਦੀਆਂ ਦਲੇਰ ਕਾਰਕੁਨ ਬਣੀਆਂ। ਜੰਗ ਅਤੇ ਫਾਸ਼ੀਵਾਦ ਵਿਰੁੱਧ ਔਰਤਾਂ ਦੀ ਪਹਿਲੀ ਕੌਮਾਂਤਰੀ ਕਾਨਫਰੰਸ ਪੈਰਿਸ ਵਿਚ, ਅਗਸਤ 1934, 'ਚ ਕੀਤੀ ਗਈ। ਮੈਂ ਸਪੇਨੀ ਪ੍ਰਤੀਨਿਧੀ ਮੰਡਲ ਦੀ ਅਗਵਾਈ ਕੀਤੀ, ਜਿਸ ਵਿਚ ਕਾਰਮਨ ਲੋਯੋਲਾ, ਐਨਕਾਰਨੇਸ਼ੀਅਨ ਫਿਊਯੋਲਾ, ਇਰੀਨ ਫਾਲਕਨ ਅਤੇ ਐਲਿਸਾ ਯੂਰਿਜ਼ ਸ਼ਾਮਲ ਸਨ।

ਮੈਡਰਿਡ ਨੂੰ ਵਾਪਸ ਆਉਣ ਸਮੇਂ, ਸਾਨੂੰ ਖ਼ਬਰ ਮਿਲੀ ਕਿ ਸਰਕਾਰ ਰਾਖਵੀਆਂ ਫ਼ੌਜਾਂ ਨੂੰ ਮੋਰੱਕੋ ਅੰਦਰ ਜੰਗ ਦੇ ਸੰਬੰਧ 'ਚ ਲਾਮਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ। ਗਣਰਾਜ ਪੱਖੀ ਅਤੇ ਸਮਾਜਵਾਦੀ ਔਰਤਾਂ ਦੀ ਮਦਦ ਨਾਲ ਬੇਕਾਬੂ ਜਾਪਦੀਆਂ ਮੁਸ਼ਕਲਾਂ ਨੂੰ ਸਰ ਕਰਕੇ ਰਾਖਵੀਆਂ ਫ਼ੌਜਾਂ ਨੂੰ ਸੱਦੇ ਜਾਣ ਵਿਰੁੱਧ ਰੋਸ ਪ੍ਰਗਟਾਉਂਦਿਆਂ ਇਕ ਮੁਜ਼ਾਹਰਾ ਜਥੇਬੰਦ ਕੀਤਾ ਗਿਆ। ਇਨ੍ਹਾਂ ਔਰਤਾਂ ਨੇ ਆਪਣੀਆਂ ਪਾਰਟੀਆਂ ਦੇ ਹੁਕਮਾਂ ਦੇ ਵਿਰੁੱਧ ਜਾ ਕੇ ਕੰਮ ਕੀਤਾ। ਹਜ਼ਾਰਾਂ ਔਰਤਾਂ ਨੇ, ਖ਼ਾਸ ਤੌਰ 'ਤੇ ਤੰਬਾਕੂ ਕਾਰਖ਼ਾਨੇ ਦੀਆਂ ਮਜ਼ਦੂਰਾਂ ਨੇ ਇਸ ਵਿਚ ਹਿੱਸਾ ਲਿਆ, ਜੋ ਸਮੂਹਿਕ ਤੌਰ 'ਤੇ ਚਲੀਆਂ ਆਈਆਂ। ਕੈਟਾਲਿਨਾ ਸਲਮੇਰੋਨ ਨੇ ਆਨਰੇਰੀ ਪ੍ਰਧਾਨ ਵਜੋਂ, ਅਤੇ ਮੈਂ ਐਕਟਿੰਗ ਪ੍ਰਧਾਨ ਵਜੋਂ ਇਕੱਤਰਤਾ ਦੀ ਪ੍ਰਧਾਨਗੀ ਕੀਤੀ। ਹਮਲਾਵਰ ਪੁਲਿਸ ਨੇ ਘੋੜਿਆਂ ਦੀ ਮਦਦ ਨਾਲ ਮੁਜ਼ਾਹਰੇ ਨੂੰ ਖਦੇੜਨ ਦਾ ਯਤਨ ਕੀਤਾ, ਪਰ ਔਰਤਾਂ ਦੁਬਾਰਾ ਟੋਲੀਆਂ ਬਣਾਕੇ ਮੈਡਰਿਡ ਦੀਆਂ ਸੜਕਾਂ ਉੱਤੇ ਮਾਰਚ ਕਰਦੀਆਂ ਰਹੀਆਂ। ਕਈਆਂ ਨੂੰ ਗ੍ਰਿਫ਼ਤਾਰ ਕਰਕੇ ਜਨਰਲ ਪੁਲਿਸ ਦੇ ਸਦਰ ਮੁਕਾਮ ਲਿਜਾਇਆ ਗਿਆ, ਪਰ ਬਾਦ 'ਚ ਅਨੇਕਾਂ ਜਮਹੂਰੀ ਜਥੇਬੰਦੀਆਂ ਵੱਲੋਂ ਰੋਸ ਪ੍ਰਗਟਾਉਣ 'ਤੇ ਰਿਹਾਅ ਕਰ ਦਿੱਤਾ ਗਿਆ।

ਸਪੇਨ ਦੇ ਪ੍ਰ ਖ ਸ਼ਹਿਰਾਂ ਤੇ ਕਸਬਿਆਂ 'ਚ ਕੰਮ ਕਰਦਿਆਂ, ਜੰਗ ਵਿਰੁੱਧ ਔਰਤਾਂ ਦੀ ਕਮੇਟੀ ਨੇ ਅਕਤੂਬਰ 1934 'ਚ ਉੱਠੀ ਵਿਦ੍ਰੋਹੀ ਲਹਿਰ ਦੇ ਦਮਨ ਦੌਰਾਨ ਅਗਨੀ ਪ੍ਰੀਖਿਆ

ਪੂਰੇ ਗੌਰਵ ਨਾਲ ਪਾਸ ਕੀਤੀ।ਅਨੇਕਾਂ ਔਰਤਾਂ ਜਥੇਬੰਦੀ ਦੀਆਂ ਸਿਰਕੱਢ ਸਿਆਸੀ ਕਾਰਕੁਨ ਬਣਕੇ ਉੱਭਰੀਆਂ। ਇਨ੍ਹਾਂ 'ਚ ਸੀ. ਐਮੀਲੀਆ ਏਲੀਅਸ, ਜੋ ਮੈਡਰਿਡ ਦੇ ਨਾਰਮਲ ਸਕੂਲ 'ਚ ਪ੍ਰੋਫੈਸਰ ਸੀ; ਐਂਗਲੀਜ਼ ਕਰੂਜ਼ ਡੀ ਮਾਨਸਿਲਾ, ਬਾਸਕ ਦੇਸ਼ ਦੇ ਖਾਣ ਮਜ਼ਦੂਰ ਦੀ ਪਤਨੀ, ਜਿਸਨੇ ਬਾਦ 'ਚ ਫਰਾਂਕੋ ਅਧੀਨ 18 ਸਾਲ ਜੇਲ੍ਹ ਕੱਟੀ; ਲੈਬਾਟਰੀ ਸਹਾਇਕ, ਜੌਨਿਟਾ ਕੋਰਜ਼ੋ, ਜੋ ਅਰਾਜਕਤਾਵਾਦੀ ਪਰਿਵਾਰ 'ਚੋਂ ਸੀ, ਅਤੇ ਸੈਂਕੜੇ ਹੋਰ ਔਰਤਾਂ ਜੋ ਖ਼ਾਨਾਜੰਗੀ ਦੌਰਾਨ ਫ਼ੌਜੀ ਫਾਸ਼ੀਵਾਦੀ ਹਮਲੇ ਵਿਰੁੱਧ ਗਣਰਾਜ ਦੀ ਰਾਖੀ ਕਰਨ 'ਚ ਸਹਾਈ ਹੋਈਆਂ।

1934 ਦੇ ਅਖ਼ੀਰ 'ਚ, ਜਦੋਂ ਅਸਟੂਰੀਅਸ ਮਜ਼ਦੂਰਾਂ ਵਿਰੁੱਧ ਖ਼ੂਨੀ-ਹਿੰਸਕ ਜਬਰ ਦਾ ਝੱਖੜ ਝੁੱਲ ਰਿਹਾ ਸੀ ਤਾਂ ਮੈਂ ਦੋ ਗਣਰਾਜ ਪੱਖੀ ਔਰਤਾਂ ਇਸਬਿਲ ਡੀ ਅਲਬਾਸੇਟ ਅਤੇ ਅਲੀਸੀਆ ਗਾਰਸੀਆ ਨੂੰ ਨਾਲ ਲੈ ਕੇ ਅਸਟੂਰੀਅਸ ਗਈ। ਗਣਰਾਜਵਾਦੀ ਪਾਰਟੀ ਇਨ੍ਹਾਂ ਆਪਾ-ਵਾਰ ਔਰਤਾਂ ਉੱਪਰ ਸੱਚੀਉਂ ਮਾਣ ਕਰ ਸਕਦੀ ਸੀ, ਜੋ ਜੋਖ਼ਮ ਮੁੱਲ ਲੈ ਕੇ ਮੇਰੇ ਨਾਲ ਗਈਆਂ।

ਅਸੀਂ ਮਜ਼ਦੂਰਾਂ ਦੇ ਬੱਚਿਆਂ ਦੀ ਸਹਾਇਤਾ ਲਈ ਕਮੇਟੀ ਨੂੰ ਜਾਰੀ ਕੀਤੇ ਹਿਫ਼ਾਜ਼ਤੀ ਪਾਸ ਲੈ ਕੇ ਅਸਟੂਰੀਅਸ ਚਲੀਆਂ ਗਈਆਂ, ਜਿਸ ਦੇ ਬਾਰੇ ਹਾਲੇ ਅਸਟੂਰੀਅਨ ਫ਼ੌਜੀ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ। ਇਕ ਗਣਰਾਜ-ਪੱਖੀ ਔਰਤ ਅਸਟੂਰੀਅਸ ਤੋਂ ਸਾਡੇ ਲਈ ਪਾਸ ਭੇਜਣ 'ਚ ਕਾਮਯਾਬ ਹੋ ਗਈ ਸੀ, ਜਿੱਥੇ ਉਹ ਇਹ ਘੋਖ-ਪੜਤਾਲ ਕਰ ਰਹੀ ਸੀ ਕਿ ਅਸੀਂ ਮਜ਼ਦੂਰਾਂ ਦੇ ਬੱਚਿਆਂ ਦੀ ਸਹਾਇਤਾ ਕਿਵੇਂ ਕਰ ਸਕਦੀਆਂ ਸਾਂ।

ਅਸੀਂ ਓਵੀਡੋ ਪਹੁੰਚ ਗਈਆਂ, ਅਤੇ ਰੇਸਤਰਾਂ ਦੇ ਮਾਲਕ ਫੋਅਰੋ ਪਰਿਵਾਰ ਨੇ ਸਾਨੂੰ ਖਾਣਾਂ ਦੇ ਖੇਤਰ 'ਚ ਜਾਣ ਤੋਂ ਖ਼ਬਰਦਾਰ ਕੀਤਾ। ਇਸ ਪਰਿਵਾਰ 'ਚੋਂ ਇਕ ਕਮਿਊਨਿਸਟ ਜੇਲ੍ਹ 'ਚ ਸੀ। ਫਿਰ ਵੀ, ਅਸੀਂ ਚਲੀਆਂ ਗਈਆਂ।ਅਸੀਂ ਕਈ ਕਸਬਿਆਂ ਵਿਚੋਂ ਦੀ ਲੰਘੀਆਂ ਅਤੇ ਕਈ ਪਰਿਵਾਰਾਂ ਦੇ ਗਈਆਂ ਜਿਨ੍ਹਾਂ ਨੇ ਸਾਡਾ ਹਾਰਦਿਕ ਸਵਾਗਤ ਕੀਤਾ। ਜਬਰ ਲੋਕਾਂ ਦੀ ਲੜਾਕੂ ਭਾਵਨਾ ਨੂੰ ਕੁਚਲਣ 'ਚ ਕਾਮਯਾਬ ਨਹੀਂ ਸੀ ਹੋਇਆ।

ਜਦੋਂ ਅਸੀਂ ਸੌ ਤੋਂ ਵੱਧ ਬੱਚਿਆਂ ਨੂੰ ਮਿਲਣ ਉਪਰੰਤ ਓਵੀਡੋ ਨੂੰ ਵਾਪਸ ਆ ਰਹੀਆਂ ਸੀ ਤਾਂ ਅਧਿਕਾਰੀਆਂ ਨੇ ਸਾਡੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਸਾਮਾ ਡੀ ਲਾਂਗੇਰੋ ਪਹੁੰਚਣ ਤੋਂ ਐਨ ਪਹਿਲਾਂ, ਖਾਣਾਂ ਵਿਚਲੇ ਇਕ ਕਸਬੇ 'ਚ ਸਾਨੂੰ ਰੋਕ ਲਿਆ ਗਿਆ, ਪਰ ਜਦੋਂ ਅਸੀਂ ਆਪਣੇ ਹਿਫ਼ਾਜਤੀ ਪਾਸ ਦਿਖਾਏ, ਜਿਨ੍ਹਾਂ ਉੱਪਰ ਅਸਟੂਰੀਅਸ ਦੇ ਫ਼ੌਜੀ ਗਵਰਨਰ ਦੇ ਦਸਤਖ਼ਤ ਸਨ, ਤਾਂ ਪਹਿਰੇਦਾਰਾਂ ਨੇ ਇਹ ਸੋਚਕੇ ਸਾਨੂੰ ਲੰਘ ਲੈਣ ਦਿੱਤਾ ਕਿ ਉਨ੍ਹਾਂ ਨੂੰ ਗ਼ਲਤੀ ਲੱਗੀ ਸੀ।

ਸਾਮਾ 'ਚ ਵੜਦੇ ਸਾਰ ਸਿਵਲ ਗਾਰਡਾਂ ਦੀ ਇਕ ਹੋਰ ਚੌਕੀ ਸੀ, ਪਰ ਸਾਡੇ ਕਰਾਮਾਤੀ ਪਾਸ ਇੱਥੇ ਕੰਮ ਨਾ ਆਏ। ਉਹ ਸਾਨੂੰ ਇਕ ਕਾਰ 'ਚ ਬੈਠਾਕੇ ਕਸਬੇ ਵਿਚੋਂ ਦੀ ਕੀੜੀ ਦੀ ਚਾਲ ਲੰਘਦੇ ਗਏ। ਅਸੀਂ ਰਸਤੇ ਦੇ ਆਲੇ ਦੁਆਲੇ ਜੁੜੇ ਲੋਕਾਂ ਦੀਆਂ ਸਹਿਮੀਆਂ ਨਜ਼ਰਾਂ ਦੇਖ ਰਹੀਆਂ ਸਾਂ। ਸਾਨੂੰ *ਕਾਸਾ ਡੀ ਪਿਊਬਲੋ* ਲਿਜਾਇਆ ਗਿਆ। ਇਸਨੂੰ ਹੁਣ ਜੇਲ੍ਹ ਬਣਾਇਆ ਗਿਆ ਸੀ ਜਿੱਥੇ ਬਗ਼ਾਵਤ 'ਚ ਹਿੱਸਾ ਲੈਣ ਦੇ ਦੋਸ਼ੀ ਖਾਣ ਮਜ਼ਦੂਰਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਂਦਾ ਸੀ।

ਇਕ ਲਫਟੈਣ ਨੇ ਸਾਡੇ ਤੋਂ ਪਾਸ ਮੰਗੇ, ਅਤੇ ਜਦੋਂ ਉਸਨੇ ਆਪਣੇ ਉੱਪਰਲੇ ਅਧਿਕਾਰੀ ਦੀ ਸਰਕਾਰੀ ਮੋਹਰ ਦੇਖੀ ਤਾਂ ਉਸ ਨੇ ਖ਼ਫ਼ਾ ਹੋ ਕੇ ਗਾਰਡਾਂ ਨੂੰ ਪੁੱਛਿਆ: "ਇਨ੍ਹਾਂ ਰਈਸ ਔਰਤਾਂ ਨੂੰ ਗ੍ਰਿਫ਼ਤਾਰ ਕਿਸ ਬੇਵਕੂਫ ਨੇ ਕੀਤੈ?"

ਗਾਰਡਾਂ ਨੇ ਦੱਸਿਆ ਕਿ ਉਨ੍ਹਾਂ ਨੇ ਤਾਂ ਉੱਪਰਲੇ ਹੁਕਮਾਂ 'ਤੇ ਅਜਿਹਾ ਕੀਤਾ ਸੀ। ਲਫਟੈਣ ਨੇ ਤਸੱਲੀ ਕਰਨ ਲਈ ਫ਼ੋਨ ਮਿਲਾਇਆ, ਤੇ ਜਦੋਂ ਉਸਨੂੰ ਹਾਂ-ਪੱਖੀ ਜਵਾਬ ਮਿਲਿਆ ਤਾਂ ਉਹ ਸਾਡੇ ਵੱਲ ਮੁੜਕੇ ਕਹਿਣ ਲੱਗਿਆ: "ਇੱਥੇ ਹਰ ਕਿਸੇ ਦਾ ਸਿਰ ਫਿਰਿਆ ਹੋਇਐ। ਤੁਸੀਂ ਆਜ਼ਾਦ ਹੋ। ਤੁਸੀਂ ਜਾ ਸਕਦੀਆਂ ਹੋ।"

ਸਾਡੀ ਆਜ਼ਾਦੀ ਬਹੁਤਾ ਚਿਰ ਨਾ ਰਹੀ। ਜਦੋਂ ਅਸੀਂ ਸੜਕ ਦੇ ਵਿਚਕਾਰ ਬਣੇ ਅਗਲੇ ਨਾਕੇ 'ਤੇ ਪਹੁੰਚੀਆਂ, ਤਾਂ ਸਾਡੀ ਕਾਰ ਰੋਕ ਲਈ ਗਈ ਅਤੇ ਸਾਨੂੰ ਚੌਕੀ ਦੇ ਅੰਦਰ ਜਾਣ ਦਾ ਹੁਕਮ ਹੋ ਗਿਆ। ਅਸੀਂ ਜਦੋਂ ਸਾਰਜੈਂਟ ਨੂੰ ਉਡੀਕ ਰਹੀਆਂ ਸੀ ਤਾਂ ਇਕ ਗਾਰਡ ਨੇ ਸਾਨੂੰ ਦੱਸਿਆ ਕਿ ਉਹ ਤਾਂ ਇਕ ਖ਼ਤਰਨਾਕ ਕਮਿਊਨਿਸਟ, ਲਾ ਪੈਸੀਓਨਾਰੀਆ ਨੂੰ ਲੱਭ ਰਹੇ ਹਨ ਜਿਸਦੇ ਬਾਰੇ ਐਥੇ ਕਿਤੇ ਨੇੜੇ-ਤੇੜੇ ਹੋਣ ਦੀ ਇਤਲਾਹ ਮਿਲੀ ਸੀ।

ਮੇਰੀਆਂ ਦੋਵਾਂ ਸਾਥਣਾਂ ਦੇ ਚਿਹਰੇ ਪੀਲੇ ਪੈ ਗਏ। ਮੈਂ ਇਹ ਮਹਿਸੂਸ ਕਰਕੇ ਕਿ ਹੁਣ ਮੈਂ ਬਹੁਤਾ ਚਿਰ ਇਹ ਦਿਖਾਵਾ ਨਹੀਂ ਕਰ ਸਕਦੀ, ਉਨ੍ਹਾਂ ਨੂੰ ਪੁੱਛਣ ਲੱਗੀ:

"ਤੁਸੀਂ ਕਿਸ ਨੂੰ ਲੱਭ ਰਹੇ ਹੋ?"

"ਲਾ ਪੈਸੀਓਨਾਰੀਆ ਨੂੰ।"

"ਉਹ ਮੈਂ ਹਾਂ।"

"ਤੂੰ ਕੀ ਕਹਿੰਦੀ ਪਈ ਏਂ?"

"ਇਹ ਕਿ ਮੈਂ ਹੀ ਲਾ ਪੈਸੀਓਨਾਰੀਆ ਹਾਂ।"

ਗਾਰਡ ਦੀ ਹਾਲਤ ਦਿਲ ਦਾ ਦੌਰਾ ਪੈਣ ਵਰਗੀ ਹੋ ਗਈ। "ਪਿਛਲੇ ਸਾਲ ਚੋਣਾਂ ਮੌਕੇ ਕਮਿਊਨਿਸਟਾਂ ਦੇ ਹੱਕ 'ਚ ਪ੍ਰਚਾਰ ਤੂੰ ਕਰਦੀ ਸੀ?"

"ਮੈਂ ਹੀ ਸੀ।"

"ਰੂਸ ਦੇ ਰੇਡੀਓ ਤੋਂ ਤੂੰ ਬੋਲੀ ਸੀ?"

"ਮੈਂ ਹੀ ਸੀ।"

"ਚੰਗਾ ਮਿੰਟ ਕੁ ਠਹਿਰ।"

ਉਹ ਦੂਜੇ ਕਮਰੇ 'ਚ ਗਿਆ ਤੇ ਦੋ ਗਾਰਡਾਂ ਨੂੰ ਨਾਲ ਲੈ ਆਇਆ। ਉਸਨੇ ਸਾਨੂੰ ਦੱਸਿਆ, "ਤੁਹਾਨੂੰ ਓਵੀਡੋ ਦੀ ਜੇਲ੍ਹ ਲਿਜਾਇਆ ਜਾ ਰਿਹਾ ਹੈ।"

"ਕਿਨ੍ਹਾਂ ਦੋਸ਼ਾਂ ਤਹਿਤ?" ਮੈਂ ਪੁੱਛਿਆ।"

"ਸਾਡੇ ਕੋਲ ਇਸਦਾ ਜਵਾਬ ਨਹੀਂ ਹੈ; ਤੁਹਾਨੂੰ ਉੱਥੇ ਉਹੀ ਦੱਸਣਗੇ।"

ਅਸੀਂ ਰੋਸ ਪ੍ਰਗਟਾਇਆ, ਪਰ ਇਸਦਾ ਕੋਈ ਫ਼ਾਇਦਾ ਨਹੀਂ ਸੀ। ਮੈਂ ਆਪਣੀਆਂ ਸਾਥਣਾਂ ਨੂੰ ਕਿਹਾ ਕਿ ਘਬਰਾਓ ਨਾ, ਕਿਉਂਕਿ ਲੱਭ ਤਾਂ ਉਹ ਮੈਨੂੰ ਰਹੇ ਸਨ। ਅਸੀਂ ਉਸ ਰਾਤ ਨੂੰ ਨੌਂ ਵਜੇ ਓਵੀਡੋ ਪਹੁੰਚੀਆਂ। ਉਨ੍ਹਾਂ ਨੇ ਸਾਡੇ ਕਾਗਜ਼-ਪੱਤਰ ਰੱਖ ਲਏ ਅਤੇ ਸਾਨੂੰ ਔਰਤਾਂ ਦੇ ਸੈਕਸ਼ਨ ਵੱਲ ਲੈ ਤੁਰੇ; ਜਿੱਥੇ ਮੇਰੀ ਮੁਲਾਕਾਤ ਕੁਝ ਪੁਰਾਣੀਆਂ ਜਾਣੂੰ ਔਰਤਾਂ ਨਾਲ ਹੋਈ। ਉੱਥੇ ਲੇਟਣ ਲਈ ਥਾਂ ਨਹੀਂ ਸੀ। ਹੋਰ ਔਰਤਾਂ ਨੇ ਆਪਣੇ ਸੌਣ ਵਾਲੇ ਫੱਟਿਆਂ ਉੱਤੇ ਸਾਡੇ ਲਈ ਥਾਂ ਛੱਡ ਦਿੱਤੀ, ਅਤੇ ਉੱਥੇ ਅਸੀਂ ਉਨ੍ਹਾਂ ਤੋਂ ਜਬਰ ਦੇ ਭਿਆਨਕ ਵੇਰਵੇ ਸੁਣਦਿਆਂ ਰਾਤ ਗੁਜ਼ਾਰ ਲਈ।

ਜੇਲ੍ਹ ਭੇਜੇਂ ਜਾਣ ਤੋਂ ਛੇਤੀ ਬਾਦ, ਸਾਨੂੰ ਉਸ ਖ਼ਾਸ ਤਰੀਕੇ ਰਾਹੀਂ ਮੋਹ ਭਿੱਜੀਆਂ ਸ਼ੁਭ ਕਾਮਨਾਵਾਂ ਪਹੁੰਚ ਗਈਆਂ, ਜਿਸ ਦੁਆਰਾ ਕੈਦੀ ਇਕ ਦੂਜੇ ਨਾਲ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਦੇ ਸਨ ਅਤੇ ਇਸ ਨਾਲ ਸਾਡੇ ਹੌਸਲੇ ਵਾਹਵਾ ਬੁਲੰਦ ਹੋ ਗਏ।

ਅਗਲੇ ਦਿਨ ਸਾਨੂੰ ਦਫ਼ਤਰ ਸੱਦ ਲਿਆ ਗਿਆ। ਦੋ ਸਿਵਲ ਗਾਰਡਾਂ ਨੇ ਸਾਨੂੰ ਹੱਥਕੜੀ ਲਾ ਲਈ ਜਿਵੇਂ ਅਸੀਂ ਖ਼ਤਰਨਾਕ ਮੁਜਰਮ ਹੋਈਏ ਅਤੇ ਸਾਨੂੰ ਜਨਰਲ ਸਟਾਫ਼ ਦੇ ਦਫ਼ਤਰ ਲੈ ਗਏ। ਇੱਥੇ ਸਾਡਾ ਸਵਾਗਤ ਇਕ ਕਰਨਲ ਨੇ ਕੀਤਾ ਜਿਸਨੇ ਗਾਰਡਾਂ ਨੂੰ ਹੱਥਕੜੀਆਂ ਲਾਹੁਣ ਦਾ ਹੁਕਮ ਦਿੱਤਾ। ਉਸਨੇ ਸਾਨੂੰ ਅਸਟੂਰੀਅਸ ਜਾਣ ਦੇ ਮੰਤਵ ਬਾਰੇ ਪੁੱਛਿਆ। ਮੈਂ ਜਵਾਬ ਦਿੱਤਾ: "ਖਾਣਾਂ ਦੇ ਖੇਤਰ 'ਚ ਐਸੇ ਹਜ਼ਾਰਾਂ ਪਰਿਵਾਰ ਹਨ ਜਿਨ੍ਹਾਂ ਦਾ ਗੁਜ਼ਾਰੇ ਦਾ ਕੋਈ ਸਾਧਨ ਨਹੀਂ ਹੈ। ਜਦੋਂ ਤੁਸੀਂ ਉਨ੍ਹਾਂ ਦੇ ਮਾਪਿਆਂ ਨੂੰ ਜੇਲ੍ਹ ਭੇਜ ਦਿੰਦੇ ਹੋ, ਤਾਂ ਇਸਦਾ ਬਹੁਤਾ ਸ਼ਿਕਾਰ ਬੱਚੇ, ਉਹ ਅਨਾਥ ਹੁੰਦੇ ਹਨ, ਜਿਨ੍ਹਾਂ ਨੂੰ ਤੁਸੀਂ ਉਨ੍ਹਾਂ ਦੇ ਮਾਪਿਆਂ ਦੇ ਮੋਹ ਤੇ ਸੁਰੱਖਿਆ ਤੋਂ ਵਾਂਝੇ ਕਰ ਦਿੱਤਾ ਹੁੰਦਾ ਹੈ। ਕੀ ਉਨ੍ਹਾਂ ਦੀ ਹਾਲਤ ਸੁਧਾਰਨ ਦੀ ਕੋਸ਼ਿਸ਼ ਕਰਨਾ ਜੁਰਮ ਹੈ?"

"ਨਹੀਂ, ਇਹ ਜੁਰਮ ਨਹੀਂ ਹੈ। ਪਰ ਐਸਾ ਕਰਕੇ ਤੁਸੀਂ ਬਗ਼ਾਵਤ ਦੀ ਹਾਲਤ ਬਣਾਈ ਰੱਖਣ 'ਚ ਹਿੱਸਾ ਪਾ ਰਹੀਆਂ ਹੋ। ਅਸੀਂ ਚਾਹੁੰਦੇ ਹਾਂ ਕਿ ਅਸਟੂਰੀਅਸ 'ਚ ਸ਼ਾਂਤੀ ਹੋ ਜਾਵੇ।"

"ਅਸਟੂਰੀਅਸ 'ਚ ਸ਼ਾਂਤੀ? ਸ਼ਾਂਤੀ ਕਾਇਮ ਕਰਨ ਤੋਂ ਤੁਹਾਡਾ ਕੀ ਭਾਵ ਹੈ? ਮਰਦਾਂ ਤੇ ਔਰਤਾਂ ਨੂੰ ਤਸੀਹੇ ਦੇ ਕੇ ਮਾਰਨਾ ਜਿਨ੍ਹਾਂ ਨੇ ਇਨਸਾਨਾਂ ਵਜੋਂ ਜਿਊਣ ਦੇ ਆਪਣੇ ਹੱਕ ਦੀ ਰਾਖੀ ਕਰਨ ਤੋਂ ਬਿਨਾ ਹੋਰ ਕੁਝ ਕੀਤਾ ਹੀ ਨਾ ਹੋਵੇ?"

"ਫ਼ੌਜ ਅਜਿਹਾ ਨਹੀਂ ਕਰਦੀ। ਇਹ ਸਾਡਾ ਕੰਮ ਨਹੀਂ ਹੈ।"

"ਤੁਸੀਂ ਜਾਣਦੇ ਹੋਏ ਇਸ ਨੂੰ ਬਰਦਾਸ਼ਤ ਕਰਦੇ ਹੋ।"

"ਇਹ ਸਾਡਾ ਅਧਿਕਾਰ ਖੇਤਰ ਨਹੀਂ ਹੈ।"

"ਪਰ ਅਸਟੂਰੀਅਸ 'ਚ ਜੰਗ ਦੀ ਹਾਲਤ ਹੈ, ਇੱਥੇ ਫ਼ੌਜ ਦੀ ਕਮਾਨ ਹੈ ਅਤੇ ਫ਼ੌਜ, ਫ਼ੌਜੀ ਅਦਾਲਤਾਂ ਲਾ ਕੇ ਮੌਤ ਦੀਆਂ ਸਜ਼ਾਵਾਂ ਦਿੰਦੀ ਹੈ।"

"ਦੇਖੋ, ਮੈਂ ਤੁਹਾਨੂੰ ਇਹ ਸੂਚਨਾ ਦੇਣ ਲਈ ਬੁਲਾਇਆ ਕਿ ਤੁਸੀਂ ਆਜ਼ਾਦ ਹੋ। 24 ਘੰਟੇ ਦੇ ਅੰਦਰ ਅਸਟੂਰੀਅਸ ਛੱਡ ਜਾਵੋ।"

"ਅਸੀਂ ਚਲੀਆਂ ਜਾਵਾਂਗੀਆਂ, ਪਰ ਅਸੀਂ 150 ਬੱਚੇ ਆਪਣੇ ਨਾਲ ਲਿਜਾ ਰਹੀਆਂ ਹਾਂ।"

"ਲੈ ਜਾਵੋ, ਪਰ ਵਾਪਸ ਨਾ ਆਇਉ।"

ਉਸ ਨੇ ਸਾਡੇ ਕਾਗਜ਼-ਪੱਤਰ ਮੋੜ ਦਿੱਤੇ, ਅਤੇ ਅਸੀਂ ਬੱਚਿਆਂ ਨੂੰ ਲੈਣ ਵਾਸਤੇ ਚੱਲ ਪਈਆਂ। ਇਨ੍ਹਾਂ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ ਇਨ੍ਹਾਂ ਨੂੰ ਮੈਡਰਿਡ ਵਿਚ ਮਜ਼ਦੂਰਾਂ ਦੇ ਅਤੇ ਮੱਧ ਵਰਗੀ ਪਰਿਵਾਰਾਂ ਦੇ ਘਰਾਂ 'ਚ ਰੱਖਿਆ ਗਿਆ।

ਜੰਗ ਵਿਰੁੱਧ ਔਰਤਾਂ ਵੱਲੋਂ ਆਪਣੀ ਪਹਿਲੀ ਕਾਂਗਰਸ ਮੈਡਰਿਡ ਅੰਦਰ 1934 ਦੀ ਗਰਮੀ ਦੀ ਰੁੱਤ 'ਚ ਕੀਤੀ ਗਈ। ਸਾਰੇ ਸਪੇਨ ਤੋਂ ਮਜ਼ਦੂਰ, ਕਿਸਾਨ, ਮੁਲਾਜ਼ਮ, ਅਧਿਆਪਕ, ਪ੍ਰੋਫੈਸਰ, ਪੱਤਰਕਾਰ ਅਤੇ ਕਲਾਕਾਰ ਡੈਲੀਗੇਟ ਸ਼ਾਮਲ ਹੋਏ। ਕਾਂਗਰਸ 1933 ਤੋਂ ਲੈ ਕੇ, ਜਦੋਂ ਔਰਤਾਂ ਦੀ ਫਾਸ਼ੀਵਾਦ ਵਿਰੋਧੀ ਪਹਿਲੀ ਕਮੇਟੀ ਕਾਇਮ ਕੀਤੀ ਗਈ ਸੀ, ਸੰਖੇਪ ਪਰ ਤੂਫ਼ਾਨੀ ਅਰਸੇ 'ਚ ਤੈਅ ਕੀਤੇ ਪ੍ਰਾਪਤੀਆਂ ਦੇ ਲੰਮੇ ਪੈਂਡੇ ਦੀ ਗਵਾਹੀ ਭਰਦੀ ਸੀ। (ਬਾਦ 'ਚ ਖ਼ਾਨਾਜੰਗੀ ਦੌਰਾਨ, ਰੱਖਿਆ ਮੰਤਰੀ ਨੇ ਜਥੇਬੰਦੀ ਦੀਆਂ ਆਗੂਆਂ ਦੀ ਟੋਲੀ ਨੂੰ ਔਰਤਾਂ ਦੀ ਸਹਾਇਤਾ ਕਮੇਟੀ ਬਣਾਉਣ ਲਈ ਨਾਮਜ਼ਦ ਕੀਤਾ, ਜਿਸਨੇ ਜੱਦੋਜਹਿਦ 'ਚ ਅਹਿਮ ਭੂਮਿਕਾ ਨਿਭਾਈ। ਇਕ ਪ੍ਰਭਾਵਸ਼ਾਲੀ ਮੁਜ਼ਾਹਰੇ 'ਚ, ਇਸਨੇ ਦਹਿ-ਹਜ਼ਾਰਾਂ ਔਰਤਾਂ ਨੂੰ ਇਹ ਮੰਗ ਕਰਨ ਲਈ ਲਾਮਬੰਦ ਕੀਤਾ ਕਿ ਸਰਕਾਰ ਉਨ੍ਹਾਂ ਆਦਮੀਆਂ ਨੂੰ ਮੁਹਾਜ਼ ਉੱਤੇ ਭੇਜੇ ਜੋ ਗ਼ੈਰ-ਜ਼ਰੂਰੀ ਨੌਕਰੀਆਂ

'ਤੇ ਸਨ। ਔਰਤਾਂ ਨੇ ਪਿੱਛੇ ਘਰਾਂ 'ਚ ਉਨ੍ਹਾਂ ਦੀ ਥਾਂ ਲੈਣ ਦੀ ਪੇਸ਼ਕਸ਼ ਕੀਤੀ। 1937 'ਚ ਜੰਗ ਵਿਰੁੱਧ ਔਰਤਾਂ ਨੇ ਪੂਰੇ ਸਪੇਨ ਦੇ ਵਫ਼ਾਦਾਰ ਲੋਕਾਂ—ਮਜ਼ਦੂਰਾਂ, ਕਿਸਾਨਾਂ ਤੇ ਬੁੱਧੀਜੀਵੀਆਂ—ਨੂੰ ਲੈ ਕੇ ਵੇਲੈਂਸੀਆ 'ਚ ਕੌਮੀ ਕਾਨਫਰੰਸ ਆਯੋਜਤ ਕੀਤੀ। ਜੰਗ ਦੇ ਇਕ ਵਰ੍ਹੇ ਦੌਰਾਨ ਜਥੇਬੰਦੀ ਦੀਆਂ ਸਰਗਰਮੀਆਂ ਦਾ ਜਾਇਜ਼ਾ ਲੈਂਦਿਆਂ ਕਾਨਫਰੰਸ ਗਣਰਾਜ ਦੀ ਰਾਖੀ 'ਚ ਔਰਤਾਂ ਦੀ ਵਿਸ਼ਾਲ ਸ਼ਮੂਲੀਅਤ ਦੀ ਪੁਸ਼ਟੀ ਕਰਦੀ ਸੀ।)

ਜੰਗ ਵਿਰੁੱਧ ਔਰਤਾਂ ਦਾ ਮੰਚ ਸਪੇਨੀ ਔਰਤਾਂ ਦੀ ਮਹਾਨ ਕੌਮੀ ਜਥੇਬੰਦੀ ਬਣਕੇ ਉੱਭਰਿਆ, ਸਮੇਤ ਅਨੇਕਾਂ ਉਨ੍ਹਾਂ ਮੈਂਬਰਾਂ ਦੇ, ਜਿਨ੍ਹਾਂ ਨੇ ਅਮਨ ਦੇ ਸਮਿਆਂ 'ਚ ਨਾ ਸਿਰਫ਼ ਮੈਂਬਰ ਬਣਨ ਤੋਂ ਇਨਕਾਰ ਕਰ ਦਿੱਤਾ ਸੀ ਸਗੋਂ ਜਥੇਬੰਦੀ ਦੇ ਖ਼ਿਲਾਫ਼ ਲੜੀਆਂ ਸਨ। ਸਾਂਝਾ ਸੰਘਰਸ਼, ਹਾਲਾਂਕਿ ਵੱਖ-ਵੱਖ ਕਾਰਣਾਂ ਕਰਕੇ ਲੜਿਆ ਗਿਆ ਸੀ, ਵਿਚਾਰਾਂ ਦੀ ਮਹਾਨ ਕਸਵੱਟੀ ਸੀ। ਅਤੇ ਅਸੀਂ ਪੂਰੇ ਯਕੀਨ ਨਾਲ ਕਹਿ ਸਕਦੇ ਹਾਂ ਕਿ ਕੱਲ੍ਹ ਗਣਰਾਜ ਦੀ ਅਤੇ ਜਮਹੂਰੀਅਤ ਦੀ ਰਾਖੀ ਲਈ ਜੋ ਕੀਤਾ ਗਿਆ ਸੀ, ਉਹ ਭਲਕ ਨੂੰ ਇਕ ਜਮਹੂਰੀ ਅਤੇ ਸ਼ਾਂਤਮਈ ਸਪੇਨ ਦੀ ਮੁੜ-ਉਸਾਰੀ ਲਈ ਵੀ ਕੀਤਾ ਜਾ ਸਕਦਾ ਹੈ।

## [18]
## ਇਕ ਗ਼ੈਰ-ਸੈਲਾਨੀ ਫੇਰੀ

ਅਸਟੂਰੀਅਸ ਦੇ ਬਾਗ਼ੀਆਂ ਨਾਲ ਇਕਮੁੱਠਤਾ ਦੀ ਲਹਿਰ ਪੂਰੀ ਦੁਨੀਆਂ 'ਚ ਫੈਲ ਗਈ ਅਤੇ 1935 ਦੀ ਬਸੰਤ ਰੁੱਤੇ ਪੈਰਿਸ 'ਚ ਕੀਤੀ ਗਈ ਕੌਮਾਂਤਰੀ ਸਹਾਇਤਾ ਕਾਨਫਰੰਸ ਇਸਦਾ ਸਿਖ਼ਰ ਸੀ। ਮੈਨੂਅਲ ਕੋਲੀਨੋਸ ਅਤੇ ਮੈਂ ਬਤੌਰ ਸਪੇਨ ਦੇ ਡੈਲੀਗੇਟ ਸ਼ਾਮਲ ਹੋਏ। ਕਿਉਂਕਿ ਕਮਿਊਨਿਸਟ ਪਾਰਟੀ ਓਦੋਂ ਗ਼ੈਰਕਾਨੂੰਨੀ ਸੀ, ਇਸ ਕਰਕੇ ਅਸੀਂ ਸਪੇਨ ਤੋਂ ਲੁਕ ਛਿਪ ਕੇ ਗਏ ਸਾਂ ਅਤੇ ਇਵੇਂ ਹੀ ਵਾਪਸ ਆਏ ਸਾਂ।

ਇਹ ਫੇਰੀ ਔਖੀ ਤੇ ਜੋਖ਼ਮ ਭਰੀ ਸੀ। ਸਾਨੂੰ ਐਸੇ ਰਾਹ ਦਰਸਾਵੇ ਨਾਲ ਪੈਦਲ ਤੁਰਕੇ ਪਾਈਰੈਨੀਸ ਦਰਿਆ ਪਾਰ ਕਰਨਾ ਪਿਆ ਸੀ, ਜੋ ਸਿਆਸੀ ਡੈਲੀਗੇਟਾਂ—ਔਰਤਾਂ ਦੀ ਤਾਂ ਗੱਲ ਹੀ ਛੱਡੋ—ਨੂੰ ਸੁਰੱਖਿਆ ਦੇ ਕੇ ਲਿਜਾਣ ਦੀ ਬਜਾਏ ਤਸਕਰੀ ਦਾ ਸਾਮਾਨ ਢੋਣ 'ਚ ਵਧੇਰੇ ਮਾਹਰ ਸੀ। ਸਰਹੱਦ 'ਤੇ ਤਾਇਨਾਤ ਪਹਿਰੇਦਾਰਾਂ ਤੋਂ ਬਚਣ ਲਈ ਸਾਨੂੰ ਐਸੇ ਪਹਾੜੀ ਰਸਤੇ ਜਾਣਾ ਪਿਆ ਸੀ, ਜਿੱਥੋਂ ਲੰਘਕੇ ਜਾਣਾ ਅਸੰਭਵ ਸੀ ਤੇ ਜਿਨ੍ਹਾਂ 'ਤੇ ਨਜ਼ਰ ਰੱਖੇ ਜਾਣ ਦੀ ਸੰਭਾਵਨਾ ਨਹੀਂ ਸੀ।

ਸਾਡੀ ਰਵਾਨਗੀ ਤੋਂ ਪਹਿਲਾਂ ਸਫ਼ਰ ਦੀ ਯੋਜਨਾ ਬਾਰੇ ਵਿਸਥਾਰ 'ਚ ਚਰਚਾ ਕੀਤੀ ਗਈ। ਕੁਝ ਸਾਥੀ ਸੋਚਦੇ ਸਨ ਕਿ ਬਾਸਕ-ਫਰਾਂਸ ਦੀ ਸਰਹੱਦ ਪਾਰਲਾ ਰਾਹ ਸਭ ਤੋਂ ਮਹਿਫੂਜ਼ ਸੀ, ਜਦੋਂਕਿ ਬਾਕੀ ਦੇ ਕੈਟਾਲੋਨੀਆ ਦੇ ਰਸਤਿਉਂ ਜਾਣ ਦੇ ਹੱਕ 'ਚ ਸਨ। ਮੈਂ ਮਗਰਲਾ ਰਾਹ ਚੁਣਿਆ, ਜਿਸ ਦੇ ਬਾਰੇ ਮੈਂ ਉੱਕਾ ਨਹੀਂ ਜਾਣਦੀ ਸੀ। ਜਦੋਂਕਿ, ਜਿਨ੍ਹਾਂ ਨੇ ਕੈਟਾਲੋਨ ਵਾਲਿਆਂ ਦੀ ਸਲਾਹ ਲਈ, ਉਨ੍ਹਾਂ ਨੇ ਦਾਅਵਾ ਕੀਤਾ ਕਿ ਪਾਈਰੈਨੀਸ ਦੇ ਇਸ ਹਿੱਸੇ ਵਿਚੋਂ ਦੀ ਵਾਟ ਬਹੁਤੀ ਲੰਮੀ ਨਹੀਂ ਸੀ ਅਤੇ ਰਾਹ ਦਰਸਾਵਾ ਵਧੀਆ ਬੰਦਾ ਸੀ।

ਸਫ਼ਰ ਦੀ ਵਿਉਂਤਬੰਦੀ ਕਰਨ ਦੇ ਇੰਚਾਰਜ ਸਾਥੀ ਸੇਸੇ ਅਤੇ ਆਰਲੈਂਡਿਸ ਸਾਨੂੰ ਬਾਰਸੀਲੋਨਾ 'ਚ ਮਿਲੇ, ਪਰ ਨਾ ਤਾਂ ਕਿਸੇ ਨੂੰ ਰਾਹ ਬਾਰੇ ਜਾਣਕਾਰੀ ਸੀ ਨਾ ਹੀ ਇਸਦੀ ਕਿ ਦੂਜੇ ਪਾਸੇ ਜਾਣ ਲਈ ਕਿੰਨੀ ਵਾਟ ਜਾਣਾ ਪਵੇਗਾ। ਰਾਹ ਦਰਸਾਵੇ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਸਫ਼ਰ ਤਕਰੀਬਨ ਸੁਖਾਵਾਂ ਹੋਵੇਗਾ। ਜਦੋਂਕਿ, ਜਿਵੇਂ ਅਸੀਂ ਬਾਦ 'ਚ ਦੇਖਿਆ, ਸਾਡੇ ਰਾਹ ਦਰਸਾਵੇ ਨੇ ਕਸਟਮ ਦੇ ਪਹਿਰੇਦਾਰਾਂ (Carabinero) ਨਾਲ ਸਾਹਮਣਾ ਹੋਣ ਦੇ ਡਰੋਂ ਓਬੜ-ਖਾਬੜ ਤਿੱਖੀ ਚੜ੍ਹਾਈ ਵਾਲੇ ਪਹਾੜੀ ਰਾਹਾਂ ਤੋਂ ਬਿਨਾ ਕੁਝ ਨਹੀਂ ਸੀ ਸੋਚਿਆ, ਜਿਸਨੂੰ ਸਿਰਫ਼ ਜੰਗਲੀ ਸੂਰ, ਪਹਾੜੀ ਬੱਕਰੀਆਂ ਅਤੇ ਸਮੱਗਲਰ ਵਰਤਦੇ ਸਨ। ਉਹ ਕਮਾਲ ਦਾ ਬੰਦਾ ਸੀ, ਜਿਸਨੇ ਦਰਜਣਾਂ ਅਸਟੂਰੀਅਨਾਂ ਨੂੰ ਸਪੇਨ ਤੋਂ ਬਾਹਰ ਕੱਢਕੇ ਜਬਰ ਤੋਂ ਬਚਾਇਆ ਸੀ।

ਅਸੀਂ ਸਰਹੱਦ ਵੱਲ ਜਾਣ ਵਾਲੀ ਇਕ ਰੇਲ ਗੱਡੀ 'ਚ ਸਵਾਰ ਹੋ ਕੇ ਬਾਰਸੀਲੋਨਾ ਤੋਂ ਰਵਾਨਾ ਹੋਏ ਅਤੇ ਜੀਰੋਨਾ ਪਹੁੰਚੇ। ਭਾਵੇਂ ਸਾਥੀ ਆਰਲੈਂਡੀਸ ਨੇ ਸਾਨੂੰ ਸ਼ਹਿਰ ਦਾ ਨਕਸ਼ਾ ਬਣਾਕੇ ਦਿੱਤਾ ਹੋਇਆ ਸੀ ਜਿੱਥੇ ਅਸੀਂ ਆਪਣੇ ਰਾਹ-ਦਰਸਾਵੇ ਨੂੰ ਮਿਲਣਾ ਸੀ, ਫਿਰ ਵੀ ਰਾਤ ਨੂੰ ਅਣਜਾਣੇ ਸ਼ਹਿਰ ਵਿਚ ਇਹ ਸੌਖਾ ਕੰਮ ਨਹੀਂ ਸੀ। ਸ਼ਹਿਰ ਵਿਚ ਘੁੰਮ-ਫਿਰਕੇ ਕਈ ਗੇੜੇ ਕੱਢਣ ਤੋਂ ਬਾਦ, ਆਖ਼ਿਰ ਅਸੀਂ ਨਕਸ਼ੇ 'ਤੇ ਦਿਖਾਏ ਮਕਾਨ 'ਤੇ ਪਹੁੰਚ ਹੀ ਗਏ। ਜੀਰੋਨਾ ਦੇ ਪਾਰਟੀ ਮੁਖੀ ਨੇ ਦਰਵਾਜ਼ਾ ਖੋਲ੍ਹਿਆ ਅਤੇ ਸਾਡਾ ਹਾਰਦਿਕ ਸਵਾਗਤ ਕੀਤਾ। ਉਸਨੇ ਸਾਡਾ ਸੰਪਰਕ ਡਰਾਈਵਰ ਤੇ ਰਾਹ ਦਰਸਾਵੇ ਨਾਲ ਕਰਾਉਣਾ ਸੀ।

ਉਸਦੇ ਪਰਿਵਾਰ ਨਾਲ ਰਾਤ ਦਾ ਖਾਣਾ ਖਾਣ ਪਿੱਛੋਂ, ਅਸੀਂ ਬੈਠਕੇ ਇੰਤਜ਼ਾਰ ਕਰਨ ਲੱਗੇ, ਕਿਸੇ ਨਾਲ ਅਚਾਨਕ ਮੇਲ ਹੋ ਜਾਣ ਦੇ ਖ਼ਤਰੇ ਤੋਂ ਬਚਣ ਲਈ ਅਸੀਂ ਓਦੋਂ ਤੱਕ ਸਫ਼ਰ 'ਤੇ ਨਾ ਤੁਰੇ ਜਦੋਂ ਤੱਕ ਗਲੀਆਂ ਸੁੰਨੀਆਂ ਨਾ ਹੋ ਗਈਆਂ। ਡਰਾਈਵਰ ਤੇ ਰਾਹ-ਦਰਸਾਵਾ ਦੇਰ ਨਾਲ ਆਏ, ਅਤੇ ਠੀਕ ਦਸ ਵਜੇ ਅਸੀਂ ਪਹਾੜਾਂ ਨੂੰ ਜਾਣ ਵਾਲੇ ਰਾਹ 'ਤੇ ਸਾਂ। ਅੱਧਾ ਘੰਟਾ ਅਸੀਂ ਖੱਡਿਆਂ ਤੇ ਲੀਹਾਂ ਵਾਲੇ ਰਸਤੇ 'ਤੇ ਸਫ਼ਰ ਕਰਦੇ ਰਹੇ। ਇਹ ਸਮਾਂ ਮੁੱਕਣ 'ਚ ਨਹੀਂ ਸੀ ਆਉਂਦਾ। ਕਾਰ ਓਦੋਂ ਤੱਕ ਬੇਰਹਿਮੀ ਨਾਲ ਉੱਪਰ ਥੱਲੇ ਹਿਚਕੋਲੇ ਖਾਂਦੀ, ਸਵਾਰਾਂ ਨੂੰ ਚੱਕ-ਚੱਕ ਮਾਰਦੀ ਰਹੀ ਜਦੋਂ ਤੱਕ ਅਸੀਂ ਉਸ ਥਾਂ ਨਹੀਂ ਪਹੁੰਚ ਗਏ ਜਿੱਥੇ ਅਸੀਂ ਉੱਤਰ ਜਾਣਾ ਸੀ ਅਤੇ ਪਾਈਰੈਨੀਸ ਦੇ ਕੰਢੇ ਕੰਢੇ ਪੈਦਲ ਚੱਲਣਾ ਸੀ।

ਰਾਤ ਘੁੱਪ ਹਨੇਰੀ, ਠੰਡੀ ਤੇ ਸਿੱਲ੍ਹੀ ਸੀ। ਰਾਹ ਦਰਸਾਵੇ ਨੇ ਸਾਨੂੰ ਚੌਕਸ ਕੀਤਾ, "ਚੁੱਪ-ਚਾਪ ਤੁਰੇ ਜਾਵੋ, ਨਾ ਗੱਲਾਂ ਕਰਿਉ, ਨਾ ਸਿਗਰਟ ਪੀਓ, ਰਾਤ ਅਤੇ ਪਹਾੜਾਂ ਦੀਆਂ ਅੱਖਾਂ ਹੁੰਦੀਆਂ ਹਨ। ਇਹ ਅਵਾਜ਼ਾਂ ਨੂੰ ਵਧਾ ਕੇ ਹੈਰਾਨੀਜਨਕ ਤਰੀਕੇ ਨਾਲ ਸੰਚਾਰ ਕਰ ਦਿੰਦੀਆਂ ਹਨ ਅਤੇ ਕਸਟਮ ਪਹਿਰੇਦਾਰ ਇਕ ਕੰਨ ਖੁੱਲ੍ਹਾ ਰੱਖਕੇ ਸੌਂਦੇ ਹਨ।"

ਸਲਾਹ ਨੇਕ ਸੀ, ਹਾਲਾਂਕਿ ਅਪਨਾਉਣੀ ਔਖੀ ਸੀ। ਸਿਗਰਟ ਪੀਣ ਦੀ ਮਨਾਹੀ ਦਾ ਮੇਰੇ ਉੱਤੇ ਅਸਰ ਨਹੀਂ ਪਿਆ। ਪਰ ਜਦੋਂ ਮੈਂ ਚਟਾਨਾਂ ਨਾਲ ਜ਼ੋਰਦਾਰ ਠੇਡਾ ਖਾਂਦੀ, ਜਾਂ ਰੁਖ਼ ਦਾ ਤਣਾ ਟੱਪਣ ਲੱਗੀ ਕਈ ਫੁੱਟ ਦੂਰ ਜਾ ਡਿਗਦੀ, ਜਾਂ ਝਾੜੀਆਂ 'ਚ ਫਸਕੇ ਕੱਪੜੇ ਪੜਵਾ ਬਹਿੰਦੀ ਅਤੇ ਮੇਰਾ ਸਰੀਰ ਵਲੂੰਧਰਿਆ ਜਾਂਦਾ, ਤਾਂ ਚੁੱਪ ਨਾ ਰਿਹਾ ਜਾਂਦਾ।

ਅਸੀਂ ਆਪਣੇ ਰਾਹ ਦਰਸਾਵੇ ਦੇ ਅਡੋਲ ਕਦਮਾਂ, ਜਿਸਨੂੰ ਕਦੇ ਠੇਡਾ ਨਾ ਲੱਗਿਆ, ਦਾ ਪਿੱਛਾ ਕਰਦਿਆਂ, ਆਮ ਕਰਕੇ ਆਵਾਜ਼ਾਂ ਦੇ ਸਹਾਰੇ ਅਤੇ ਕਈ ਵਾਰ ਇਕ ਦੂਜੇ ਨੂੰ ਛੂਹਕੇ ਰਸਤਾ ਲੱਭਦਿਆਂ, ਅੰਨ੍ਹਿਆਂ ਵਾਂਗ ਤੁਰਦੇ ਰਹੇ। ਉਹ ਪਹਾੜਾਂ ਤੋਂ ਇੰਜ ਵਾਕਫ਼ ਸੀ ਜਿਵੇਂ ਆਪਣੇ ਘਰ ਦੇ ਪਿਛਵਾੜੇ ਤੋਂ, ਅਤੇ ਉਹ ਹਨੇਰੇ 'ਚ ਬਿੱਲੀ ਵਾਂਗ ਦੇਖ ਸਕਦਾ ਸੀ।

ਅਸੀਂ ਦੋ ਘੰਟੇ ਚੱਲਦੇ ਰਹੇ। ਹੁਣ ਖ਼ਾਮੋਸ਼ੀ ਬਰਦਾਸ਼ਤ ਤੋਂ ਬਾਹਰ ਸੀ, ਮੈਂ ਰਾਹ-ਦਰਸਾਵੇ ਨੂੰ ਬਹੁਤ ਮੱਧਮ ਆਵਾਜ਼ 'ਚ ਪੁੱਛਿਆ:

"ਸਾਨੂੰ ਵਾਹਵਾ ਦੂਰ ਜਾਣਾ ਪੈਣੈ ?" ਉਸਨੇ ਜਵਾਬ ਨਾ ਦਿੱਤਾ।

"ਵਾਹਵਾ ਦੂਰ ਜਾਣੈ ?" ਮੈਂ ਜ਼ੋਰ ਪਾਕੇ ਪੁੱਛਿਆ।

"ਅਹਿਮ ਚੀਜ਼, ਚੱਲਣਾ ਨਹੀਂ, ਸਗੋਂ ਪਹੁੰਚਣਾ ਹੈ," ਉਸਨੇ ਜਵਾਬ ਦਿੱਤਾ, ਉਸਦੇ ਬੁੱਲ੍ਹ ਹੀ ਹਿੱਲੇ।

ਪਹੁੰਚਣਾ, ਪਰ ਕਿੱਥੇ ? ਉਸ ਜਗ੍ਹਾ, ਜਿੱਥੇ ਅਸੀਂ ਆਪਣੇ ਥੱਕੇ ਟੁੱਟੇ ਪੈਰਾਂ ਨੂੰ ਆਰਾਮ ਦੇ ਸਕੀਏ, ਪਹੁੰਚਣ ਤੋਂ ਪਹਿਲਾਂ ਸਾਨੂੰ ਕਿੰਨੇ ਘੰਟੇ ਹੋਰ ਤੁਰਨਾ ਪਵੇਗਾ, ਕਿੰਨੀਆਂ ਪਹਾੜੀਆਂ ਪਾਰ ਕਰਨੀਆਂ ਪੈਣਗੀਆਂ, ਕਿੰਨੀਆਂ ਘਾਟੀਆਂ ਲੰਘਣੀਆਂ ਪੈਣਗੀਆਂ, ਕਿੰਨੀਆਂ ਨਦੀਆਂ ਪਾਰ ਕਰਨੀਆਂ ਪੈਣਗੀਆਂ ?

ਕਿਸੇ ਨੇ ਸਾਨੂੰ ਸਫ਼ਰ ਬਾਰੇ ਕੁਝ ਨਹੀਂ ਸੀ ਦੱਸਿਆ। ਰਾਹ ਦਰਸਾਵੇ ਨੇ ਸਾਨੂੰ ਦੁੜਕੀ ਚਾਲੇ ਤੋਰੀ ਰੱਖਿਆ। ਪਰ ਅਸੀਂ ਕਿਵੇਂ ਚੱਲ ਸਕਦੇ ਸੀ ਜੇ ਸਾਨੂੰ ਇਹ ਪਤਾ ਨਹੀਂ ਸੀ ਕਿ ਪੈਰ ਕਿੱਥੇ ਧਰਨਾ ਸੀ ਅਤੇ ਖੱਡ 'ਚ ਡਿੱਗਣ ਦਾ ਖ਼ਤਰਾ ਸੀ, ਜਾਂ ਇਹ ਕਿ ਸਾਨੂੰ ਸਾਹ ਰੋਕ ਰੱਖਣਾ ਪੈਣਾ ਸੀ, ਜਾਂ ਸਣ ਦੇ ਸੈਂਡਲਾਂ ਨੂੰ ਬੰਨ੍ਹ-ਬੰਨ੍ਹ ਰੱਖਣਾ ਪੈਣਾ ਸੀ ਜਿਨ੍ਹਾਂ ਦੀਆਂ ਬੱਧਰਾਂ ਸਾਡੇ ਡਿਗਣ ਸਾਰ ਟੁੱਟ ਜਾਂਦੀਆਂ ਸਨ!

ਅੰਬਰ ਰੋਸ਼ਨ ਹੋਣਾ ਸ਼ੁਰੂ ਹੋ ਗਿਆ, ਅਤੇ ਸਾਡੇ ਮੂਹਰੇ ਪਾਈਰੈਨੀਸ ਦਾ ਝਾਉਲਾ ਉੱਭਰ ਆਇਆ, ਬਿਲਕੁਲ ਅਗੰਮ ਗੜ੍ਹੀ ਵਾਂਗ। ਅਸੀਂ ਬਿਨਾ ਅਟਕੇ, ਤੁਰਦੇ ਰਹੇ, ਮਸ਼ੀਨ ਵਾਂਗ। ਇੱਥੋਂ ਤੱਕ ਕਿ ਸਾਡੀਆਂ ਸੋਚਾਂ ਵੀ ਤੁਰਨ 'ਤੇ ਟਿਕੀਆਂ ਹੋਈਆਂ ਸਨ।

ਪਹੁ ਫੁਟਾਲੇ ਤੋਂ ਪਹਿਲਾਂ, ਸਿਲੀ ਠੰਡ, ਜਬਰੀ ਖ਼ਾਮੋਸ਼ੀ, ਜਿਸ ਨੂੰ ਅਸੀਂ ਆਪਣਾ ਉਤਸ਼ਾਹ ਬਣਾਈ ਰੱਖਣ ਲਈ ਕੁਝ ਬੋਲਕੇ ਤੋੜਨ ਦੀ, ਜਾਂ ਆਪਣੀਆਂ ਭਾਵਨਾਵਾਂ ਨੂੰ, ਜਾਂ ਸ਼ਿਕਵੇ-ਸ਼ਿਕਾਇਤਾਂ ਨੂੰ ਪ੍ਰਗਟਾਉਣ ਲਈ ਬੋਲ ਉੱਠਣ ਦੀ ਹਿੰਮਤ ਨਹੀਂ ਸੀ ਕੀਤੀ, ਅਜਿਹੇ ਕੁਝ ਨਾਲ ਭੰਗ ਹੋ ਗਈ ਜਿਸ ਦਾ ਭਾਵ ਸੀ ਨਾਕਾਮਯਾਬੀ, ਸੰਕੇਤ ਇਹ ਸੀ ਕਿ ਅਸੀਂ ਆਪਣਾ ਸਫ਼ਰ ਜਾਰੀ ਨਹੀਂ ਰੱਖ ਸਕਦੇ। ਹੁਆਂਕ ? ਗਰਜ਼ ? ਨਹੀਂ, ਕੁਝ ਹੋਰ ਵੀ ਭੈੜਾ। ਭੌਂਕਣ ਦੀ ਆਵਾਜ਼!

ਦੂਰੋਂ ਭੌਂਕਣ ਦੀ ਆਵਾਜ਼, ਕਦੇ ਸਾਫ਼, ਕਦੇ ਧੁੰਦਲੀ। ਰਿੱਛਾਂ, ਭੇੜੀਆਂ, ਲੂੰਬੜਾਂ, ਜੰਗਲੀ ਸੂਰਾਂ, ਗਿੱਦੜਾਂ, ਪਹਾੜਾਂ 'ਤੇ ਰਹਿਣ ਵਾਲੇ ਹਰ ਤਰ੍ਹਾਂ ਦੇ ਜਾਨਵਰਾਂ ਦਾ ਸਾਡੇ ਲਈ ਕੋਈ ਅਰਥ ਨਹੀਂ ਸੀ। ਇਸ ਘੜੀ ਅਤੇ ਇਸ ਜਗ੍ਹਾ ਭੌਂਕਣ ਦੀ ਆਵਾਜ਼ ਦਾ ਅਰਥ ਨਾ ਸਿਰਫ਼ ਇਹ ਸੀ ਕਿ ਉੱਥੇ ਕੋਈ ਕੁੱਤਾ ਸੀ; ਨਾਲ ਹੀ ਇਸ ਦਾ ਅਰਥ ਸੀ ਕਸਟਮ ਵਾਲੇ, ਗ੍ਰਿਫ਼ਤਾਰੀ, ਜੇਲ੍ਹ, ਕਾਨਫਰੰਸ 'ਤੇ ਪਹੁੰਚ ਨਾ ਸਕਣਾ, ਕੰਮ ਨੇਪਰੇ ਨਾ ਚਾੜ੍ਹ ਸਕਣਾ।

ਅਸੀਂ ਰੁਕ ਗਏ। ਰਾਹ-ਦਰਸਾਵੇ ਨੇ ਸੈਂਕੜੇ ਕੰਨਾਂ ਨਾਲ ਸੁਣਿਆ।

"ਕੀ ਹੈ ?" ਅਸੀਂ ਪੁੱਛਿਆ, ਹਾਲਾਂਕਿ ਸਾਨੂੰ ਭੁਲੇਖਾ ਨਹੀਂ ਸੀ ਕਿ ਇਹ ਕੀ ਸੀ।

"ਕਸਟਮ ਵਾਲੇ!" ਉਸ ਨੇ ਕਿਹਾ। "ਉਹ ਇਸ ਰਸਤੇ ਆ ਰਹੇ ਹਨ। ਸਾਨੂੰ ਦਰਿਆ ਵੱਲ ਚਲੇ ਜਾਣਾ ਚਾਹੀਦਾ। ਮੈਂ ਇਸ ਤੋਂ ਗੁਰੇਜ਼ ਕਰਨਾ ਚਾਹੁੰਦਾ ਸੀ, ਪਰ ਹੁਣ ਅਸੀਂ ਅਜਿਹਾ ਨਹੀਂ ਕਰ ਸਕਦੇ। ਆਓ ਚੱਲੀਏ। ਹਵਾ ਸਾਡੇ ਪੱਖ 'ਚ ਹੈ; ਇਹ ਉਨ੍ਹਾਂ ਦੇ ਪਿੱਛੇ ਵੱਲ ਹੈ। ਪਰ ਇਸ

ਤੋਂ ਪਹਿਲਾਂ ਕਿ ਉਹ ਹੋਰ ਨੇੜੇ ਆ ਜਾਣ ਸਾਨੂੰ ਭੱਜਕੇ ਦਰਿਆ 'ਤੇ ਪਹੁੰਚਣਾ ਹੋਵੇਗਾ ਤਾਂ ਜੋ ਇੱਥੇ ਸਾਡਾ ਮੁਸ਼ਕ ਨਾ ਰਹੇ।"

ਦੌੜਨਾ ?.......ਸਾਨੂੰ ਹਨੇਰੇ 'ਚ ਦੌੜਨਾ ਤੇ ਦਰਿਆ ਲੰਘਣਾ ਪਵੇਗਾ ?

"ਤੇ ਜੇ ਅਸੀਂ ਨਾ ਕਰ ਸਕੀਏ ?" ਮੈਂ ਜ਼ੋਰ ਨਾਲ ਆਪਣੀ ਗੱਲ ਕਹੀ।

"ਅਸੀਂ ਕਰ ਸਕਦੇ ਹਾਂ," ਅਤੇ ਰਾਹ-ਦਰਸਾਵਾ ਦਬਾ ਸੱਟ ਸਾਡੇ ਤੋਂ ਅੱਗੇ ਹੋ ਕੇ ਭੱਜ ਤੁਰਿਆ। ਅਸੀਂ ਇਹ ਸੁੱਖਾਂ ਸੁੱਖਦੇ ਕਿ ਉਹ ਸਾਡੇ ਤੋਂ ਓਹਲੇ ਨਾ ਹੋ ਜਾਵੇ, ਮਗਰ ਦੌੜ ਪਏ। ਰਾਹ ਛੱਡਕੇ ਅਸੀਂ ਖੱਡਾਂ ਦੇ ਕੰਢਿਆਂ ਉੱਪਰਲੀਆਂ ਝਾੜੀਆਂ ਵਿਚੋਂ ਦੀ ਹੋ ਲਏ ਜਿਨ੍ਹਾਂ ਦੇ ਨੇੜੇ ਅਸੀਂ ਦਿਨ ਵਿਚ ਵੀ ਕਦੇ ਨਾ ਜਾਂਦੇ। ਹਨੇਰਾ ਹੋਣ ਕਰਕੇ ਸਿਰ ਚਕਰਾਉਣ ਤੋਂ ਬਚਾਅ ਜ਼ਰੂਰ ਸੀ।

ਅਸੀਂ ਇਕ ਵੱਡੀ ਖੱਡ ਕੋਲ ਜਾ ਰੁਕੇ ਜਿੱਥੇ ਰਸਤਾ ਖ਼ਤਮ ਹੋ ਗਿਆ ਸੀ ਅਤੇ ਸਾਡੇ ਮੂਹਰੇ ਹੁਣ ਡੂੰਘੀ ਢਲਾਣ ਸੀ।

"ਵਿਚ ਉੱਤਰ ਜਾਉ।" ਸਾਡੇ ਅਮੋੜ ਪਹਿਰੇਦਾਰ ਨੇ ਫਟਾਫਟ ਹੁਕਮ ਦਿੱਤਾ।

ਉਸਦੇ ਬੋਲ "ਇਹ ਜ਼ਨਾਨੀਆਂ ਦਾ ਕੰਮ ਨਹੀਂ ਹੈ" ਨੇ ਮੈਨੂੰ ਝੰਜੋੜ ਦਿੱਤਾ। "ਚੱਲੋ ਚੱਲੀਏ," ਮੈਂ ਹੱਠ ਕਰਕੇ ਉੱਠਦਿਆਂ ਕਿਹਾ।

ਰਾਹ-ਦਰਸਾਵੇ ਨੇ ਆਪਣੇ ਗਲੇ ਦੁਆਲੇ ਬੰਨ੍ਹੀ ਅੰਗੂਰਾਂ ਦੀ ਸ਼ਰਾਬ ਦੀ ਨਿੱਕੀ ਜਿਹੀ ਥੈਲੀ ਮੈਨੂੰ ਦਿੱਤੀ। ਮੈਂ ਥੋੜ੍ਹੀ ਜਿਹੀ ਪੀ ਲਈ ਅਤੇ ਬਿਹਤਰ ਮਹਿਸੂਸ ਕੀਤਾ।

"ਕਿਵੇਂ ਐਂ" ਮੈਂ ਕੋਲੀਨੋਸ ਨੂੰ ਪੁੱਛਿਆ। ਸਾਰੇ ਸਫ਼ਰ ਦੌਰਾਨ ਉਹ ਇਕ ਲਫਜ਼ ਤੱਕ ਨਹੀਂ ਸੀ ਬੋਲਿਆ।

"ਥੋੜ੍ਹਾ ਥੱਕ ਗਿਆ ਹਾਂ, ਪਰ ਕੋਈ ਗੱਲ ਨਹੀਂ। ਹੁਣ ਅਸੀਂ ਦਰਿਆ ਪਾਰ ਕਰਨਾ ਹੈ। ਬਰਫ਼ ਪਿਘਲਣ ਕਰਕੇ ਪਾਣੀ ਵਾਹਵਾ ਹੈ। ਪਰ ਫ਼ਿਕਰ ਨਾ ਕਰੋ। ਮੈਂ ਤੈਰ ਸਕਦਾ ਹਾਂ ਅਤੇ ਕੁਝ ਨਹੀਂ ਹੋਵੇਗਾ।"

"ਆਪਣੇ ਸੈਂਡਲ ਨਾ ਲਾਹਿਉ," ਸਾਡੇ ਰਾਹ-ਦਰਸਾਵੇ ਨੇ ਕਿਹਾ, "ਦਰਿਆ ਦਾ ਥੱਲਾ ਪਥਰੀਲਾ ਹੈ ਅਤੇ ਤੁਹਾਡੇ ਪੈਰ ਜ਼ਖ਼ਮੀ ਹੋ ਸਕਦੇ ਹਨ। ਪਾਣੀ ਚੜ੍ਹਿਆ ਹੋਇਆ ਹੈ, ਸੋ ਚੁਕੰਨੇ ਰਹੋ। ਮੇਰੇ ਨੇੜੇ ਰਹੋ। ਵਿਚਾਲੇ ਜਹੇ ਦੋ ਵੱਡੀਆਂ ਚਟਾਨਾਂ ਕਾਫ਼ੀ ਚੌੜੀਆਂ ਤੇ ਅੱਡੋ-ਅੱਡ ਹਨ। ਉਨ੍ਹਾਂ ਦੇ ਉੱਪਰੋਂ ਕੁੱਦਣਾ ਹੋਵੇਗਾ। ਇਸ ਤੋਂ ਬਾਦ ਸਭ ਕੁਝ ਠੀਕ ਰਹੇਗਾ।"

ਪਹਿਲਾਂ ਰਾਹ-ਦਰਸਾਵਾ ਦਰਿਆ ਵਿਚ ਉੱਤਰਿਆ, ਉਸ ਦੇ ਮਗਰ ਕੋਲੀਨੋਸ ਅਤੇ ਮੈਂ ਅਖ਼ੀਰ 'ਚ ਉੱਤਰੀ।

'ਤੁਹਾਨੂੰ ਉਨ੍ਹਾਂ ਦੇ ਉੱਪਰੋਂ ਦੀ ਕੁੱਦਣਾ ਹੋਵੇਗਾ,' ਮੈਂ ਸੋਚਿਆ। ਜੇ ਦਿਨ ਦਾ ਸਮਾਂ ਹੁੰਦਾ ਤਾਂ ਮੈਨੂੰ ਪ੍ਰਵਾਹ ਨਹੀਂ ਸੀ ਹੋਣੀ, ਕਿਉਂਕਿ ਮੈਨੂੰ ਪਤਾ ਹੋਣਾ ਸੀ ਕਿ ਮੈਂ ਕਿੱਥੋਂ ਛਾਲ ਮਾਰਨੀ ਹੈ। ਪਰ ਹੁਣ.....। ਅਤੇ ਡੁੱਬ ਜਾਣਾ ਤਾਂ ਸ਼ਰਮ ਦੀ ਗੱਲ ਹੋਵੇਗੀ.....ਖ਼ਾਸ ਕਰਕੇ ਰਾਤ ਨੂੰ ਪਾਈਰੈਨੀਸ ਅੰਦਰ ਦਰਿਆ 'ਚ ਡੁੱਬਣਾ.....ਸਿਰੇ ਦੀ ਬੇਥਵ੍ਹੀ ਗੱਲ ਹੋਵੇਗੀ।

ਜਿਉਂ ਜਿਉਂ ਅਸੀਂ ਅੱਗੇ ਚੱਲਦੇ ਗਏ ਪਾਣੀ ਹੋਰ ਡੂੰਘਾ ਹੁੰਦਾ ਗਿਆ। ਠੰਡ ਨਾਲ ਮੇਰਾ ਬੁਰਾ ਹਾਲ ਸੀ। ਮੈਂ ਬਹੁਤ ਘਬਰਾਈ ਹੋਈ ਸੀ; ਹਨੇਰੇ 'ਚ ਦਰਿਆ ਅੰਦਰ ਠਿੱਲਣ 'ਤੇ ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਮੇਰੀਆਂ ਲੱਤਾਂ 'ਚ ਵੱਜਦਾ ਪਾਣੀ, ਕਦੇ ਅੱਗੇ ਧੱਕ ਲਿਜਾਂਦਾ, ਕਦੇ

ਪਿਛਾਂਹ ਨੂੰ ਲੈ ਆਉਂਦਾ। ਮੈਂ ਡਿੱਗਣ ਤੋਂ ਬਚਣ ਦੀ ਕੋਸ਼ਿਸ਼ ਕਰਦੀ, ਪਿਛਾਂਹ ਧਕੇਲਦੇ ਵਹਿਣ ਨੂੰ ਮੋੜਨ ਲਈ ਪੂਰਾ ਤਾਣ ਲਾਉਂਦੀ ਹੋਈ ਮੁਸ਼ਕਲ ਨਾਲ ਪੈਰ ਅਗਾਂਹ ਧਰਦੀ ਜਾਂਦੀ।

ਅੰਤ ਮੈਂ ਉਨ੍ਹਾਂ ਮਸ਼ਹੂਰ ਚਟਾਨਾਂ 'ਚੋਂ ਇਕ ਉੱਤੇ ਜਾ ਪਹੁੰਚੀ। ਇਸ ਨਾਲ ਢੋਹ ਲਾ ਕੇ ਮੈਂ ਬਿੰਦ ਕੁ ਅਰਾਮ ਕੀਤਾ। ਚਟਾਨ ਦੀ ਟੀਸੀ ਤੋਂ, ਕੋਲੀਨੋਸ ਉੱਪਰ ਚੜ੍ਹਨ 'ਚ ਮੇਰੀ ਮਦਦ ਕਰਨੀ ਚਾਹੁੰਦਾ ਸੀ, ਪਰ ਮਾਮਲਾ ਐਨਾ ਸੁਖਾਲਾ ਨਹੀਂ ਸੀ। ਇਕ ਹੱਥ ਨਾਲ ਮੈਂ ਲਹਿੰਗਾ ਸਾਂਭਿਆ ਹੋਇਆ ਸੀ ਅਤੇ ਇਕੱਲੇ ਹੱਥ ਨਾਲ ਚੰਗੀ ਤਰ੍ਹਾਂ ਚੜ੍ਹਿਆ ਨਹੀਂ ਸੀ ਜਾ ਸਕਦਾ।

ਆਖ਼ਿਰ, ਮੈਂ ਚੜ੍ਹ ਗਈ। ਹੁਣ ਜੌੜੀਆਂ ਚਟਾਨਾਂ ਦੇ ਆਰ-ਪਾਰ ਕੁੱਦਣਾ ਪੈਣਾ ਸੀ। ਮੈਨੂੰ ਤਾਂ ਜਿਵੇਂ ਲਕਵਾ ਹੀ ਮਾਰ ਗਿਆ ਹੋਵੇ। ਚਟਾਨਾਂ ਨਾਲ ਖਹਿੰਦੇ ਪਾਣੀ ਨਾਲ ਤੇਜ਼ ਘੁੰਮਣਘੇਰੀ ਬਣੀ ਹੋਈ ਸੀ, ਇਸ ਦੇ ਸ਼ੋਰ ਨਾਲ ਮੇਰਾ ਲਹੂ ਜੰਮ ਗਿਆ। ਮੈਂ ਬੌਂਦਲ ਗਈ। ਮੇਰੇ ਤੋਂ ਛਾਲ ਨਾ ਵੱਜੀ।

"ਮਦਦ ਕਰੋ!" ਕੁੱਤਿਆਂ, ਕਸਟਮ ਵਾਲਿਆਂ ਅਤੇ ਤਮਾਮ ਸਾਵਧਾਨੀਆਂ ਭੁੱਲ ਭੁਲਾਕੇ ਮੈਂ ਘਬਰਾਕੇ ਚੀਕੀ। ਕੋਲੀਨੋਸ ਨੇ ਦੂਜੀ ਚਟਾਨ ਵੱਲ ਵਾਪਸ ਮੁੜਕੇ ਮੇਰਾ ਹੱਥ ਫੜ ਲਿਆ। ਮੈਂ ਮੁਸ਼ਕਲ ਨਾਲ ਹੀ ਇਸ ਤੱਕ ਪਹੁੰਚ ਸਕਦੀ ਸੀ। "ਲੰਮੀ ਛਾਲ ਮਾਰ," ਉਸਨੇ ਸਲਾਹ ਦਿੱਤੀ। "ਜੇ ਤੂੰ ਤਿਲ੍ਹਕ ਗਈ ਤਾਂ ਮੈਂ ਤੈਨੂੰ ਫੜ ਲਵਾਂਗਾ।"

ਮੈਂ ਆਪਣਾ ਸਰੀਰ ਤਣਕੇ ਛਾਲ ਮਾਰੀ। ਸਭ ਤੋਂ ਔਖਾ ਹਿੱਸਾ ਹੁਣ ਮੁੱਕ ਗਿਆ ਸੀ, ਅਤੇ ਕੁਝ ਸਮਾਂ ਹੋਰ ਪਾਣੀ 'ਚ ਚੱਲਕੇ ਅਸੀਂ ਆਖ਼ਿਰ ਕੰਢੇ 'ਤੇ ਪਹੁੰਚ ਗਏ। ਮੈਂ ਸੁੱਖ ਦਾ ਸਾਹ ਲਿਆ। ਅਸੀਂ ਮੁੜ ਚਾਲੇ ਪਾਏ, ਜਿਸ ਤਰ੍ਹਾਂ ਦਾ ਪੈਂਡਾ ਅਸੀਂ ਹੁਣੇ ਲੰਘਕੇ ਆਏ ਸਾਂ ਇਹ ਉਸ ਤੋਂ ਵੱਧ ਬਿਖੜਾ ਸੀ।

ਅਚਾਨਕ ਕੋਈ ਜਣਾ ਪਾਣੀ 'ਚ ਡਿੱਗ ਪਿਆ। ਮੈਨੂੰ ਹਾਲੇ ਤੱਕ ਪਤਾ ਨਹੀਂ ਲੱਗਿਆ ਇਹ ਕਿਵੇਂ ਹੋਇਆ ਸੀ। ਅਣਜਾਣੇ 'ਚ ਕੋਲੀਨੋਸ ਕੰਢੇ ਦੇ ਲਾਂਘੇ ਤੋਂ ਉਰ੍ਹਾਂ ਪਰ੍ਹਾਂ ਹੋ ਗਿਆ ਅਤੇ ਦਰਿਆ 'ਚ ਡਿੱਗ ਗਿਆ ਸੀ। ਬਿਪਤਾ ਦੇ ਮਾਰੇ ਸਾਡੇ ਸਾਹ ਫੁੱਲ ਗਏ।

ਪਰ ਜਦੋਂ ਅਸੀਂ ਪਹੁੰਚੇ ਤਾਂ ਮਦਦ ਲਈ ਪੁਕਾਰ ਦੀ ਥਾਂ ਸਾਡੇ ਕੰਨੀਂ ਅਫਸੋਸ ਦੇ ਇਹ ਬੋਲ ਪਏ, "ਹਾਏ, ਮੇਰਾ ਸੂਟ!" ਜ਼ੋਰਦਾਰ ਹਾਸੇ ਨਾਲ ਮੇਰਾ ਸਾਰਾ ਤਣਾਅ ਜਾਂਦਾ ਰਿਹਾ। ਮੈਂ ਉੱਚੀ ਠਹਾਕਾ ਮਾਰਕੇ ਹੱਸ ਪਈ। ਜਿੰਨਾ ਵੱਧ ਰਾਹ-ਦਰਸਾਵਾ ਚੁੱਪ ਹੋਣ ਲਈ ਕਹੀ ਜਾਵੇ, ਮੈਂ ਓਨੀ ਵੱਧ ਹੱਸੀ ਜਾਵਾਂ। ਮੈਂ ਬੈਠ ਗਈ ਅਤੇ ਜ਼ਮੀਨ ਉੱਤੇ ਸਿਰ ਧਰਕੇ ਬੇਕਾਬੂ ਹਾਸਾ ਹੱਸਦੀ ਰਹੀ। ਮੈਂ ਇੰਨੀ ਹੀ ਆਸਾਨੀ ਨਾਲ ਚੀਕ ਵੀ ਸਕਦੀ ਸੀ।

ਪਾਗਲਾਂ ਵਾਲੀ ਦੌੜ ਲਾ ਕੇ, ਦਰਿਆ ਪਾਰ ਕਰਕੇ, ਕਸਟਮ ਵਾਲਿਆਂ, ਅਤੇ ਕੁੱਤਿਆਂ ਤੋਂ ਦੂਰ ਜਾ ਕੇ, ਕੋਲੀਨੋਸ ਦੀ ਉਦਾਸੀ ਦਾ ਕਿੱਸਾ ਸੁਣਕੇ ਤਣਾਅ ਦੂਰ ਹੋ ਗਿਆ। ਸਚਾਈ ਇਹ ਸੀ ਕਿ ਉਸ ਦੇ ਸੂਟ ਦੀ ਕੀਮਤ ਦਾ ਭੁਗਤਾਨ ਹਾਲੇ ਕੀਤਾ ਨਹੀਂ ਗਿਆ ਸੀ। ਜਦੋਂ ਇਹ ਤੈਅ ਕੀਤਾ ਗਿਆ ਕਿ ਕੋਲੀਨੋਸ ਪੈਰਿਸ ਕਾਨਫਰੰਸ 'ਚ ਮੇਰੇ ਨਾਲ ਜਾਵੇਗਾ, ਇਕ ਅਹਿਮ ਮਸਲਾ ਖੜ੍ਹਾ ਹੋ ਗਿਆ। ਉਸ ਕੋਲ ਕੋਈ ਚੱਜ ਦਾ ਸੂਟ ਨਹੀਂ ਸੀ। ਲੰਮੇ ਸਮੇਂ ਤੋਂ ਉਹ ਕੰਮ ਨਹੀਂ ਕਰਦਾ ਸੀ ਅਤੇ ਉਸ ਦੇ ਬਾਕੀ ਦੇ ਚੰਗੇ ਕੱਪੜੇ-ਲੀੜੇ ਅਤੇ ਬਿਹਤਰੀਨ ਸੂਟ ਸ਼ਾਹੂਕਾਰ ਕੋਲ ਗਹਿਣੇ ਧਰਿਆ ਹੋਇਆ ਸੀ। ਸਾਡਾ ਇਕ ਸਾਥੀ ਉਸ ਨੂੰ ਇਕ ਐਸੇ ਦਰਜ਼ੀ ਕੋਲ ਲੈ ਗਿਆ ਸੀ ਜਿਸ ਨੇ ਸੂਟ ਬਣਾ ਦਿੱਤਾ ਤੇ ਇਸ ਦਾ ਮੁੱਲ ਕਿਸ਼ਤਾਂ 'ਚ ਲੈਣਾ ਮੰਨ ਲਿਆ।

ਮੈਡਰਿਡ ਤੋਂ ਚੱਲਣ ਤੋਂ ਪਹਿਲਾਂ, ਮੈਂ ਉਸ ਨੂੰ ਪੁੱਛਿਆ ਸੀ ਕਿ ਸਰਹੱਦ ਤੱਕ ਦੇ ਮੁਸ਼ਕਲ ਸਫ਼ਰ ਲਈ ਕੀ ਉਸ ਕੋਲ ਪੁਰਾਣਾ ਪਜਾਮਾ ਹੈ। ਉਸ ਨੇ ਜਵਾਬ ਦਿੱਤਾ "ਨਹੀਂ, ਮੈਨੂੰ ਆਪਣੇ ਇਨ੍ਹਾਂ ਕੱਪੜਿਆਂ ਦਾ ਧਿਆਨ ਰੱਖਣਾ ਪਵੇਗਾ।"

ਮੈਡਰਿਡ ਤੋਂ ਬਾਰਸੀਲੋਨਾ ਤੱਕ ਦੇ ਲੰਮੇ ਸਫ਼ਰ ਦੌਰਾਨ, ਉਸ ਦੀ ਇਕੋ-ਇਕ ਚਿੰਤਾ ਸੂਟ ਦੀ ਸੀ—ਇਸ ਨੂੰ ਵੱਟ ਨਾ ਪੈ ਜਾਣ, ਪੈਂਟ ਦੀਆਂ ਕਰੀਜ਼ ਖਰਾਬ ਨਾ ਹੋ ਜਾਣ, ਤੇ ਇਸੇ ਤਰ੍ਹਾਂ ਦੇ ਹੋਰ ਫ਼ਿਕਰ। ਜਦੋਂ ਅਸੀਂ ਪਹਾੜਾਂ ਵਿਚ ਦੀ ਚੱਲਣਾ ਸ਼ੁਰੂ ਕੀਤਾ, ਉਸਨੇ ਪਜਾਮੇ ਦੀਆਂ ਮੂਹਰੀਆਂ ਉੱਪਰ ਚਾੜ੍ਹਕੇ ਰਬੜ ਨਾਲ ਬੰਨ੍ਹ ਲਈਆਂ ਤਾਂ ਜੋ ਕੰਨੀਆਂ 'ਤੇ ਬੁਰ ਨਾ ਉੱਠ ਜਾਵੇ ਜਾਂ ਇਹ ਮੈਲੀਆਂ ਨਾ ਹੋ ਜਾਣ।

ਦਰਿਆ ਉਸਨੇ ਨਿੱਕਰ ਪਾ ਕੇ ਪਾਰ ਕੀਤਾ ਸੀ। ਅਤੇ ਇਕ ਸਕਿੰਟ 'ਚ ਹੀ ਉਸ ਦੀਆਂ ਸਾਰੀਆਂ ਸਾਵਧਾਨੀਆਂ ਵਿਅਰਥ ਹੋ ਗਈਆਂ। ਜਦੋਂ ਉਹ ਬਾਹਰ ਨਿਕਲਿਆ ਤਾਂ ਉਸਦੇ ਪਜਾਮੇ 'ਚੋਂ ਪਾਣੀ ਨੁੱਚੜ ਰਿਹਾ ਸੀ; ਸਿਰਫ਼ ਉਸ ਦੀ ਜੈਕਟ ਦਾ ਉੱਪਰਲਾ ਹਿੱਸਾ ਹੀ ਮੁਕਾਬਲਤਨ ਸੁੱਕਾ ਬਚਿਆ ਸੀ। ਮੈਂ ਉਸ ਵੱਲ ਝਾਕ ਨਾ ਸਕੀ, ਕਿਉਂਕਿ, ਤਰਸਯੋਗ ਹਾਲਤ ਦੇ ਬਾਵਜੂਦ, ਮੇਰੀ ਹੱਸਣ ਦੀ ਖਾਹਸ਼ ਮੇਰੇ ਚੁੱਪ ਰਹਿਣ ਦੇ ਇਰਾਦੇ ਨਾਲੋਂ ਵੱਧ ਬਲਵਾਨ ਸੀ। ਮੈਂ ਕੋਈ ਮਜ਼ੇਦਾਰ ਗੱਲ ਸੁਣਾਕੇ ਉਸ ਨੂੰ ਹਸਾਉਣਾ ਚਾਹੁੰਦੀ ਸੀ, ਪਰ ਮੈਂ ਅਜਿਹਾ ਕਰ ਨਾ ਸਕੀ।

ਉਹ ਪਜਾਮਾ ਲਾਹੁਣਾ ਚਾਹੁੰਦਾ ਸੀ, ਪਰ ਸਾਡੇ ਰਾਹ-ਦਰਸਾਵੇ ਨੇ ਉਸ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ। ਸਲਾਹ ਇਹ ਸੀ ਕਿ ਜੇ ਉਹ ਪਹਿਨੀ ਰੱਖੇਗਾ ਤਾਂ ਇਹ ਛੇਤੀ ਸੁੱਕ ਜਾਵੇਗਾ ਅਤੇ ਇਸ ਨੂੰ ਭੰਨ ਘੱਟ ਪੈਣਗੇ। ਆਪਣੀ ਜੈਕਟ ਛੰਡਕੇ ਉਸ ਨੇ ਮੋਢਿਆਂ 'ਤੇ ਸੁੱਟ ਲਈ ਅਤੇ ਅਸੀਂ ਮੁੜ ਚੱਲ ਪਏ, ਇਸ ਵਾਰ ਪਹਿਲਾਂ ਨਾਲੋਂ ਘੱਟ ਉਤਸ਼ਾਹ ਨਾਲ।

ਭਾਵੇਂ ਮੈਂ ਦਰਿਆ 'ਚ ਨਹੀਂ ਸੀ ਡਿਗੀ, ਪਰ ਮੇਰੇ ਕੱਪੜੇ ਕੋਲੀਨੋਸ ਨਾਲੋਂ ਵੱਧ ਸੁੱਕੇ ਨਹੀਂ ਸਨ। ਜਦੋਂ ਮੈਂ ਦਰਿਆ ਦੇ ਵਿਚਕਾਰ ਚਟਾਨ ਉੱਤੇ ਚੜ੍ਹੀ ਸੀ ਤਾਂ ਮੇਰਾ ਲਹਿੰਗਾ ਹੱਥੋਂ ਛੁੱਟ ਗਿਆ ਸੀ। ਲੱਤਾਂ ਨਾਲ ਘਿਸਰਦਾ ਠੰਡਾ, ਗਿੱਲਾ ਲਹਿੰਗਾ ਪਾਕੇ ਤੁਰਨ ਦੀ ਔਖਿਆਈ ਦੇ ਬਾਵਜੂਦ, ਮੈਂ ਵਿਸ਼ੇਸ਼ ਪ੍ਰਵਾਹ ਨਾ ਕੀਤੀ ਕਿ ਮੇਰੇ ਕੱਪੜੇ ਭਿੱਜੇ ਹੋਏ ਸਨ। ਮੈਂ ਆਪਣੇ ਨਾਲ ਕੋਟ ਲਿਆਈ ਸੀ ਜੋ ਰਾਹ-ਦਰਸਾਵੇ ਦੇ ਝੋਲੇ 'ਚ ਸਾਂਭਿਆ ਹੋਇਆ ਸੀ। ਕੋਟ ਨਾਲ ਮੇਰੇ ਕੱਪੜੇ ਲੁਕ ਹੀ ਜਾਣਗੇ। ਪਰ ਕੋਲੀਨੋਸ ਦਾ ਕੀ ਬਣੇਗਾ? ਜਦੋਂ ਅਸੀਂ ਫਰਾਂਸ ਦੀ ਸਰਹੱਦ 'ਤੇ ਪਹੁੰਚਾਂਗੇ, ਪੈਰਿਸ ਦੀ ਤਾਂ ਗੱਲ ਛੱਡੋ, ਤਾਂ ਉਹ ਕਿਹੋ ਜਿਹਾ ਲੱਗੇਗਾ?

ਚੱਲਣਾ ਹੋਰ ਮੁਸ਼ਕਲ ਹੋ ਰਿਹਾ ਸੀ। ਅਸੀਂ ਥੱਕੇ ਹੋਏ ਸਾਂ ਅਤੇ ਚੜ੍ਹਾਈ ਹੋਰ ਖੜ੍ਹਵੀਂ ਹੁੰਦੀ ਜਾ ਰਹੀ ਸੀ। ਕਦੇ-ਕਦਾਈਂ ਮੈਂ ਉਹੀ ਸਵਾਲ ਪੁੱਛ ਲੈਂਦੀ, "ਕੀ ਬਹੁਤ ਜ਼ਿਆਦਾ ਦੂਰ ਹੈ?" ਜਵਾਬ ਉਹੀ ਮਿਲਦਾ, "ਨਹੀਂ, ਬਹੁਤਾ ਨਹੀਂ।"

ਅਸੀਂ ਓਦੋਂ ਤੱਕ ਚੱਲਦੇ ਰਹੇ ਜਦੋਂ ਤੱਕ ਇਕ ਵੱਡੀ ਪਹਾੜੀ 'ਤੇ ਨਹੀਂ ਪਹੁੰਚ ਗਏ। ਸਾਡਾ ਰਾਹ-ਦਰਸਾਵਾ ਪ੍ਰੇਸ਼ਾਨ ਦਿਖਾਈ ਦਿੰਦਾ ਸੀ। ਉਸ ਨੇ ਦੇਖ ਲਿਆ ਸੀ ਕਿ ਅਸੀਂ ਕਿੰਨਾ ਥੱਕੇ ਹੋਏ ਸਾਂ, ਪਰ ਮਹਿਫੂਜ਼ ਨਹੀਂ ਸਾਂ ਕਿ ਪੜਾਅ ਕਰਕੇ ਦਮ ਲੈ ਸਕੀਏ।

"ਆਖ਼ਰੀ ਹੰਭਲਾ, ਸਾਥੀਓ," ਉਸਨੇ ਸਾਨੂੰ ਕਿਹਾ, "ਅਸੀਂ ਛੇਤੀ ਹੀ ਟਿਕਾਣੇ ਪਹੁੰਚ ਜਾਣਾ ਹੈ।"

"ਅਸੀਂ ਬਿੰਦ ਝੱਟ ਅਰਾਮ ਕੀਤੇ ਬਗ਼ੈਰ ਅਜਿਹਾ ਨਹੀਂ ਕਰ ਸਕਦੇ," ਮੈਂ ਜਵਾਬ ਦਿੱਤਾ।

ਰਾਹ ਤੋਂ ਪਾਸੇ ਹੱਟਕੇ, ਅਸੀਂ ਦਰਖ਼ਤਾਂ ਦੀ ਓਟ ਲੈ ਲਈ, ਜਿੱਥੇ ਜੇ ਕੋਈ ਸਾਡੇ ਵਾਲੇ ਰਸਤੇ 'ਤੇ ਆ ਜਾਵੇ ਤਾਂ ਵੀ ਸਾਨੂੰ ਦੇਖ ਨਹੀਂ ਸਕਦਾ ਸੀ। ਮੈਂ ਦਰਖ਼ਤ ਦੇ ਇਕ ਤਣੇ ਨਾਲ ਢੋਅ ਲਾ ਕੇ ਬੈਠ ਗਈ। ਰਾਹ-ਦਰਸਾਵੇ ਨੇ ਸਾਨੂੰ ਕੁਝ ਰੋਟੀ ਅਤੇ ਥੋੜ੍ਹੀ ਜਹੀ ਅੰਗੂਰਾਂ ਦੀ ਸ਼ਰਾਬ ਦਿੱਤੀ। ਆਖ਼ਿਰ ਥਕਾਵਟ ਮੇਰੀ ਇੱਛਾ-ਸ਼ਕਤੀ 'ਤੇ ਭਾਰੂ ਹੋ ਗਈ ਅਤੇ ਝੱਟ ਮੈਨੂੰ ਨੀਂਦ ਆ ਗਈ। ਉਨ੍ਹਾਂ ਨੇ ਮੈਨੂੰ ਅੱਧਾ ਘੰਟਾ ਅਰਾਮ ਕਰ ਲੈਣ ਦਿੱਤਾ। ਅਤੇ ਇਕ ਵਾਰ ਫਿਰ ਅਗਲਾ ਤੇ ਉੱਪਰ ਵਲ ਕੂਚ! ਪਹੁ-ਫੁਟਾਲੇ ਵੇਲੇ ਉਨ੍ਹਾਂ ਚੋਟੀਆਂ ਤੋਂ ਪਾਈਰੈਨੀਸ ਦਾ ਨਜ਼ਾਰਾ ਭੁੱਲਣ ਵਾਲਾ ਨਹੀਂ ਸੀ। ਪਰ ਸਾਡਾ ਕੁਦਰਤੀ ਨਜ਼ਾਰੇ ਤੱਕਣ ਦਾ ਮਨ ਨਹੀਂ ਸੀ।

ਪੂਰਾ ਦਿਨ ਚੜ੍ਹੇ 'ਤੇ ਅਸੀਂ ਉਸ ਥਾਂ ਪਹੁੰਚ ਗਏ ਜਿੱਥੇ ਅਸੀਂ ਰੁਕਣਾ ਸੀ। ਇਹ ਇਕ ਵੱਡੀ ਚਟਾਨ ਦੇ ਐਨ ਹੇਠਾਂ, ਤੇਜ਼ ਵਗਦੇ ਪਾਣੀ ਨਾਲ ਬਣੀ ਗੁਫ਼ਾ ਸੀ। ਇਹ ਬਹੁਤ ਭੀੜੀ ਸੀ। ਮੁਸ਼ਕਲ ਨਾਲ ਹੀ ਸਾਡੇ ਬੈਠਣ ਜੋਗੀ ਥਾਂ ਸੀ; ਅਤੇ ਅਸੀਂ ਖੜ੍ਹ ਨਹੀਂ ਸੀ ਸਕਦੇ ਕਿਉਂਕਿ ਇਹ ਬਹੁਤ ਨੀਵੀਂ ਸੀ। ਇਸ ਤੋਂ ਬਿਨਾ, ਇਹ ਇਕ ਤਿਲਕਵੀਂ ਢਲਾਣ ਦੇ ਕੇਂਦਰ 'ਚ ਸਥਿਤ ਸੀ। ਇੱਥੇ ਸਮਗਲਰਾਂ ਨੇ ਮਿੱਟੀ ਤੇ ਟਾਹਣੀਆਂ ਨਾਲ ਇਕ ਤਰਾਂ ਦੀ ਕੰਧ ਬਣਾਈ ਹੋਈ ਸੀ ਜੋ ਗੁਫ਼ਾ 'ਚ ਪਨਾਹ ਲੈਣ ਵਾਲਿਆਂ ਦਾ ਢਲਾਣ ਦੇ ਪੈਰਾਂ 'ਚ ਫੈਲੀ ਤੰਗ ਘਾਟੀ 'ਚ ਡਿਗਣ ਤੋਂ ਬਚਾਅ ਕਰਦੀ ਸੀ।

ਰਾਹ-ਦਰਸਾਵਾ ਸਾਡੇ ਲਈ ਸੁੱਕੇ ਘਾਹ-ਫੂਸ ਦਾ ਸੱਥਰ ਲੈ ਆਇਆ ਜੋ ਉਸਨੇ ਹੋਰ ਥਾਂ ਲੁਕੋ ਕੇ ਰੱਖਿਆ ਹੋਇਆ ਸੀ, ਹੇਠਾਂ ਸਾਡੇ ਪੈਰ ਕੰਧ ਦੀ ਨੀਂਹ ਨੂੰ ਛੂਹ ਰਹੇ ਸਨ। ਸਾਡੇ ਕੋਲ ਖਾਣ-ਪੀਣ ਲਈ ਕੁਝ ਨਹੀਂ ਸੀ; ਦੂਰ ਇਕ ਚਸ਼ਮਾ ਹੈਗਾ ਸੀ ਪਰ ਇਸ ਦੀ ਵਰਤੋਂ ਸਿਰਫ਼ ਰਾਤ ਨੂੰ ਕੀਤੀ ਜਾ ਸਕਦੀ ਸੀ।

ਚਾਣਚੱਕ ਰਾਹ-ਦਰਸਾਵੇ ਨੇ ਉੱਥੋਂ ਜਾਣ ਦਾ ਐਲਾਨ ਕਰ ਦਿੱਤਾ। "ਮੈਂ ਖਾਣ ਲਈ ਕੋਈ ਚੀਜ਼ ਲਿਆਉਣ ਵਾਸਤੇ ਲੁੱਕ ਮਜ਼ਦੂਰਾਂ ਦੀ ਝੁੱਗੀ ਵੱਲ ਜਾ ਰਿਹਾ ਹਾਂ। ਮੈਂ ਰਾਤ ਨੂੰ ਮੁੜਾਂਗਾ। ਅੱਗ ਬਾਲਣ ਦੀ ਸੋਚਿਓ ਵੀ ਨਾ ਕਿਉਂਕਿ ਧੂੰਆਂ ਦੂਰੋਂ ਦਿਸ ਪੈਂਦਾ ਹੈ ਅਤੇ ਕਸਟਮ ਵਾਲੇ ਛਾਪਾ ਮਾਰ ਸਕਦੇ ਹਨ।" ਸਾਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਸੋਚੀਏ ਜਾਂ ਕਰੀਏ।

"ਜੇ ਉਹ ਵਾਪਸ ਨਹੀਂ ਮੁੜਦਾ ਫਿਰ ਆਪਾਂ ਕੀ ਕਰਾਂਗੇ " ਮੈਂ ਪੁੱਛਿਆ।

"ਕੀ ਕਰਾਂਗੇ? ਜਿਸ ਰਸਤਿਉਂ ਆਏ ਸੀ ਵਾਪਸ ਮੁੜ ਜਾਵਾਂਗੇ?" ਕੋਲੀਨੋਸ ਨੇ ਜਵਾਬ ਦਿੱਤਾ।

ਇਹ ਕੋਈ ਬਹੁਤੀ ਖੁਸ਼ਗਵਾਰ ਸੰਭਾਵਨਾ ਨਹੀਂ ਸੀ, ਪਰ ਸਾਡੇ ਕੋਲ ਉਸ ਨੂੰ ਉਡੀਕਣ ਤੋਂ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਸੀ। ਰਾਤ ਪੈਣ 'ਤੇ ਅਸੀਂ ਪੈੜ-ਚਾਲ ਸੁਣੀ ਅਤੇ ਆਪਣੇ ਰਾਹ-ਦਰਸਾਵੇ ਨੂੰ ਦੇਖਣ ਦੀ ਆਸ 'ਚ ਉੱਠਕੇ ਬੈਠ ਗਏ। ਅਸੀਂ ਸੁੰਨ ਹੋ ਗਏ। ਆਉਣ ਵਾਲਾ ਤਾਂ ਕੋਈ ਨੌਜਵਾਨ ਸੀ।

"ਸ਼ੁਭ ਤ੍ਰਕਾਲਾਂ," ਉਸ ਨੇ ਜਥੇਦਾਰ ਕੈਟਾਲਾਨ ਲਹਿਜ਼ੇ 'ਚ ਅਖਿਆ।

"ਸ਼ੁਭ ਤ੍ਰਕਾਲਾਂ," ਅਸੀਂ ਜਵਾਬ ਦਿੱਤਾ।

"ਤੁਸੀਂ ਉਡੀਕ ਰਹੇ ਸੀ?"

"ਹਾਂ, ਅਸੀਂ ਉਡੀਕਦੇ ਪਏ ਸੀ।"

ਸਾਡੀ ਬੇਚੈਨੀ ਦੇਖਕੇ, ਉਸਨੇ ਆਪਣਾ ਤੁਆਰਫ਼ ਕਰਾਇਆ, "ਮੈਂ ਐਕਸ (ਸਾਡੇ ਰਾਹ-ਦਰਸਾਵੇ ਦਾ ਨਾਂਅ) ਦਾ ਪੁੱਤਰ ਹਾਂ। ਮੇਰਾ ਬਾਪ ਵੀ ਸਮਾਨ ਲੈ ਕੇ ਛੇਤੀ ਇੱਥੇ ਆ ਜਾਵੇਗਾ। ਪਰ

ਜਦੋਂ ਤੱਕ ਹੋਰ ਗਾਹੜਾ ਹਨੇਰਾ ਨਹੀਂ ਹੋ ਜਾਂਦਾ ਅਸੀਂ ਅੱਗ ਨਹੀਂ ਬਾਲਾਂਗੇ।" ਉਸ ਨੇ ਸਾਨੂੰ ਦੱਸਿਆ ਕਿ ਉਹ ਲੰਘੀ ਰਾਤ ਹੀ ਫਰਾਂਸ ਤੋਂ ਆਇਆ ਸੀ ਅਤੇ ਉਸਨੇ ਸਮੱਗਲਰਾਂ ਦੇ ਜੀਵਨ ਦੇ ਜਾਂਬਾਜ਼ ਕਾਰਨਾਮਿਆਂ ਨਾਲ ਸਾਡਾ ਦਿਲ ਲਾਈ ਰੱਖਿਆ, ਜਿਹੜਾ ਜੀਵਨ ਉਸ ਨੇ ਬਚਪਨ ਤੋਂ ਹੀ ਆਪਣੇ ਬਾਪ ਦੇ ਸਹਾਇਕ ਵਜੋਂ ਜੀਵਿਆ ਸੀ।

ਜਦੋਂ ਹਨੇਰਾ ਹੋ ਗਿਆ, ਸਾਡਾ ਰਾਹ-ਦਰਸਾਵਾ ਮੁਰਗ਼ਾ ਲੈ ਕੇ ਆ ਗਿਆ, ਜਿਸ ਦੇ ਖੰਭ ਲਾਹਕੇ ਅਸੀਂ ਥੋੜ੍ਹੀ ਜਹੀ ਅੱਗ 'ਤੇ ਭੁੰਨ ਲਿਆ। ਮੁਰਗ਼ਾ ਭੁੰਨਿਆ ਨਾ ਗਿਆ। ਕੋਲਿਆਂ ਉੱਪਰ ਇਹ ਸਿਰਫ਼ ਲੂਹਿਆ ਗਿਆ ਸੀ ਤੇ ਸੁਆਹ ਨਾਲ ਗੰਦਾ ਹੋ ਗਿਆ ਸੀ, ਪਰ ਸਵੇਰੇ ਸਾਝਰੇ ਚਾਣਚੱਕ ਤੁਰ ਪੈਣ, ਅਤੇ ਦਿਨ ਭਰ ਦੇ ਵਰਤ ਤੋਂ ਬਾਦ, ਬਾਹਰੋਂ ਸੜਿਆ ਹੋਇਆ, ਅੰਦਰੋਂ ਕੱਚਾ ਸਖ਼ਤ ਬੇਲੂਣਾ ਮੀਟ ਵੀ, ਨਫ਼ੀਸ ਦਾਅਵਤ ਸੀ। ਭੁੱਖ ਲੱਗੀ ਹੋਣ 'ਤੇ ਕੁਝ ਵੀ ਬੇਸੁਆਦਾ ਨਹੀਂ ਲੱਗਦਾ।

ਸਾਡੇ ਖਾਣਾ ਖਾ ਲੈਣ ਤੋਂ ਬਾਦ, ਉਨ੍ਹਾਂ ਨੇ ਆਪਣੀਆਂ ਯੋਜਨਾਵਾਂ ਦੱਸੀਆਂ।ਅਸੀਂ ਤਿੰਨ ਵਜੇ ਤੜਕੇ ਚੱਲਾਂਗੇ ਤਾਂ ਕਿ ਫਰਾਂਸ ਵਾਲੇ ਪਾਸੇ ਸਾਝਰੇ ਪਹੁੰਚ ਜਾਈਏ। ਸਾਡੇ ਰਾਹ-ਦਰਸਾਵੇ ਦਾ ਪੁੱਤਰ ਸਾਨੂੰ ਲੈ ਕੇ ਜਾਵੇਗਾ।ਜਿੱਥੋਂ ਤੱਕ ਚੌਕਸੀ ਦਾ ਸਵਾਲ ਸੀ ਇਕ ਵਾਰ ਫਰਾਂਸ 'ਚ ਚਲੇ ਜਾਣ ਤੋਂ ਬਾਦ ਸਫ਼ਰ ਸੁਖਾਵਾਂ ਤੇ ਘੱਟ ਖ਼ਤਰਨਾਕ ਹੋ ਜਾਵੇਗਾ।ਬਾਪ ਬੇਟੇ ਨੇ ਲਏ ਜਾਣ ਵਾਲੇ ਰਸਤੇ ਬਾਰੇ ਵਿਚਾਰ-ਵਟਾਂਦਰਾ ਕੀਤਾ, ਅਤੇ ਬਜ਼ੁਰਗ ਨੇ ਨੌਜਵਾਨ ਦੀ ਸਲਾਹ ਮੰਨ ਲਈ। ਅਸੀਂ ਉਹ ਰਸਤਾ ਨਹੀਂ ਫੜਾਂਗੇ ਜਿਸ ਨੂੰ ਉਹ ਆਮ ਤੌਰ 'ਤੇ ਵਰਤੋਂ 'ਚ ਲਿਆਉਂਦੇ ਸਨ। ਲੜਕਾ ਨਵੇਂ ਰਸਤਿਉਂ ਆਇਆ ਸੀ ਜੋ ਹਾਲਾਂਕਿ ਥੋੜ੍ਹਾ ਵੱਧ ਲੰਮਾ ਜ਼ਰੂਰ ਸੀ ਪਰ ਵੱਧ ਸੁਰੱਖਿਅਤ ਜਾਪਦਾ ਸੀ।ਫ਼ਾਇਦਾ ਇਹ ਸੀ ਕਿ ਇਸ ਨੂੰ ਅਚਾਨਕ ਕਿਸੇ ਦੇ ਮਿਲ ਜਾਣ ਦਾ ਖ਼ਤਰਾ ਉਠਾਏ ਬਗ਼ੈਰ ਦਿਨੇ ਵਰਤਿਆ ਜਾ ਸਕਦਾ ਸੀ।

ਇਸ ਮਾਮਲੇ 'ਚ ਸਾਡੇ ਕਹਿਣ ਵਾਲਾ ਕੁਝ ਨਹੀਂ ਸੀ ਅਤੇ ਅਸੀਂ ਇਹ ਉਨ੍ਹਾਂ ਦੇ ਤਜ਼ਰਬੇ 'ਤੇ ਛੱਡ ਦਿੱਤਾ। ਅਸੀਂ ਜੋ ਚਾਹੁੰਦੇ ਸੀ ਉਹ ਸੀ ਮੰਜ਼ਲ 'ਤੇ ਪਹੁੰਚਣਾ, ਭਾਵੇਂ ਵੱਧ ਕਿਉਂ ਨਾ ਤੁਰਨਾ ਪਵੇ।

ਬਜ਼ੁਰਗ ਰਾਹ-ਦਰਸਾਵੇ ਨੇ ਚੰਗੇ ਸਫ਼ਰ ਦੀ ਸ਼ੁਭ ਕਾਮਨਾ ਆਖਦਿਆਂ ਸਾਨੂੰ ਅਲਵਿਦਾ ਕਹੀ। ਅਸੀਂ ਅੱਗ ਬੁਝਾ ਦਿੱਤੀ ਅਤੇ ਮੁੜ ਘਾਹ-ਫੂਸ 'ਤੇ ਟਿਕਾਣਾ ਮੱਲ ਲਿਆ। ਅਗਲਾ ਦਿਨ ਕੀ ਲੈ ਕੇ ਆਵੇਗਾ, ਇਸ ਚਿੰਤਾ 'ਚ ਅਸੀਂ ਸੌਂ ਨਾ ਸਕੇ ਜਾਂ ਘੁਸਰ-ਮੁਸਰ ਵੀ ਨਾ ਕਰ ਸਕੇ; ਕਿਉਂਕਿ ਇਹ ਹਾਲੇ ਵੀ ਸੁਰੱਖਿਅਤ ਨਹੀਂ ਸੀ। ਤਿੰਨ ਵਜੇ, ਨੌਜਵਾਨ ਰਾਹ-ਦਰਸਾਵਾ ਉੱਠ ਖੜ੍ਹਿਆ ਅਤੇ ਸਰਸਰੀ ਜਿਹੇ ਕਹਿਣ ਲੱਗਿਆ, "ਚੱਲੋ ਚੱਲੀਏ।"

ਇਕ ਵਾਰ ਫੇਰ ਅਸੀਂ ਪਹਾੜਾਂ 'ਤੇ ਚੜ੍ਹਨਾ-ਉੱਤਰਨਾ ਸ਼ੁਰੂ ਕਰ ਦਿੱਤਾ। ਰਸਤਾ ਸਾਡੀ ਆਸ ਨਾਲੋਂ ਵੱਧ ਲੰਮਾ ਸੀ।ਆਖ਼ਿਰ ਅਸੀਂ ਫਰਾਂਸੀਸੀ ਖੇਤਰ 'ਚ ਪਹੁੰਚ ਗਏ।ਅਸੀਂ ਅਕਸਰ ਹੀ ਨਵੇਂ ਦਰਿਆ ਪਾਰ ਕਰਦੇ ਹੋਏ ਦੁਪਹਿਰ ਤੱਕ ਤੁਰਦੇ ਰਹੇ।ਹੁਣ ਐਨੀ ਮੁਸ਼ਕਲ ਨਹੀਂ ਸੀ; ਘੱਟੋ-ਘੱਟ ਅਸੀਂ ਦੇਖ ਸਕਦੇ ਸਾਂ ਕਿ ਅਸੀਂ ਕਿੱਧਰ ਨੂੰ ਜਾ ਰਹੇ ਸਾਂ।

ਸਾਡੇ ਨੌਜਵਾਨ ਰਾਹ-ਦਰਸਾਵੇ ਦਾ ਤਜਵੀਜ਼ ਕੀਤਾ ਰਸਤਾ ਬੰਦ ਸੀ।ਰਾਤ ਦੀ ਬਾਰਿਸ਼ ਨਾਲ ਬੇਤਹਾਸ਼ਾ ਚਰਗਲ਼ ਬਣ ਗਈ ਸੀ। ਸਾਨੂੰ ਦੋ ਵਿਚੋਂ ਇਕ ਚੁਣਨਾ ਪੈਣਾ ਸੀ: ਜਾਂ ਤਾਂ ਵਾਪਸ ਉੱਥੇ ਨੂੰ ਚੱਲ ਪਈਏ ਜਿੱਥੋਂ ਆਏ ਸਾਂ, ਇਸ ਦਾ ਜੋਖ਼ਮ ਇਹ ਸੀ ਕਿ ਇਕ ਹੋਰ ਰਾਤ ਪਹਾੜਾਂ 'ਚ ਕੱਟਣੀ ਪੈਣੀ ਸੀ, ਜਾਂ ਸਾਡੇ ਤੋਂ ਪੰਜਾਹ ਕੁ ਫ਼ੁੱਟ ਉਤਾਂਹ ਚਟਾਨਾਂ ਵਿਚਲੀ ਦਰਾੜ

ਵਿਚੋਂ ਦੀ ਹੋ ਕੇ ਚਟਾਨ ਦੇ ਉੱਪਰ ਚੜ੍ਹੀਏ, ਇਹ ਉਨ੍ਹਾਂ ਝਾੜ-ਝੀਂਡਿਆਂ ਦੀਆਂ ਜੜ੍ਹਾਂ ਨੂੰ ਫੜਕੇ ਕਰਨਾ ਪੈਣਾ ਸੀ ਜੋ ਉੱਚੀਆਂ-ਨੀਵੀਂਆਂ ਚਟਾਨਾਂ ਵਿਚ ਉੱਗੇ ਹੋਏ ਸਨ।

ਪਹਿਲੀ ਨਜ਼ਰੇ, ਇਹ ਅਸੰਭਵ ਜਾਪਦਾ ਸੀ। ਇਸ ਤੋਂ ਮੈਨੂੰ ਵਿਜ਼ਕਾਇਆ ਵਿਚਲੀਆਂ ਚੂਨਾ ਪੱਥਰ ਦੀਆਂ ਖਾਣਾਂ ਯਾਦ ਆ ਗਈਆਂ ਜਿੱਥੇ ਡਾਈਨਾਮਾਈਟ ਲਗਾਉਣ ਵਾਲੇ ਮਜ਼ਦੂਰ, ਲੰਮੇ ਰੱਸੇ ਦਾ ਸਹਾਰਾ ਲੈ ਕੇ ਚਟਾਨਾਂ ਦੀਆਂ ਨਿਵਾਣਾਂ 'ਚ ਉੱਤਰਦੇ ਹੁੰਦੇ ਸਨ ਤਾਂ ਕਿ ਡਾਈਨਾਮਾਈਟ ਦੀ ਛੜ ਲਗਾਉਣ ਲਈ ਸੁਰਾਖ਼ ਕਰ ਸਕਣ। ਪਰ ਅਸੀਂ ਡਾਇਨਾਮਾਈਟ ਲਗਾਉਣ ਵਾਲੇ ਮਜ਼ਦੂਰ ਨਹੀਂ ਸਾਂ, ਅਤੇ ਜੇ ਅਸੀਂ ਹੁੰਦੇ ਵੀ, ਸਾਡੇ ਕੋਲ ਰੱਸਾ ਨਹੀਂ ਸੀ ਅਤੇ ਨਾਲੇ ਸਾਨੂੰ ਤਾਂ ਉੱਪਰ ਚੜ੍ਹਨਾ ਪੈਣਾ ਸੀ, ਅਸੀਂ ਹੇਠਾਂ ਨਹੀਂ ਸੀ ਉੱਤਰਨਾ।

ਹੁਣ ਕੀ ਕਰੀਏ? ਜੇ ਅਸੀਂ ਵਾਪਸ ਮੁੜ ਗਏ, ਤਾਂ ਅਸੀਂ ਕਾਨਫਰੰਸ 'ਚ ਵਕਤ ਸਿਰ ਨਹੀਂ ਪਹੁੰਚ ਸਕਾਂਗੇ, ਜੋ ਅਗਲੇ ਦਿਨ ਸ਼ੁਰੂ ਹੋਣੀ ਸੀ। ਚੜ੍ਹ ਜਾਈਏ? ਅਸੀਂ ਧੌਣਾਂ ਤੁੜਾਉਣ ਦਾ ਜੋਖ਼ਮ ਉਠਾ ਲਿਆ, ਪਰ ਹੋਰ ਕੋਈ ਚਾਰਾ ਵੀ ਨਹੀਂ ਸੀ।

ਰਾਹ-ਦਰਸਾਵਾ ਪਹਿਲਾਂ ਚੜ੍ਹਿਆ; ਮੈਂ ਉਸ ਦੇ ਪਿੱਛੇ ਇਹ ਦੇਖਦੀ ਹੋਈ ਚਲਦੀ ਗਈ ਕਿ ਉਹ ਪੈਰ ਕਿੱਥੇ ਟਿਕਾਉਂਦਾ ਸੀ ਅਤੇ ਕੋਲੀਨੋਸ ਅਖ਼ੀਰ 'ਚ ਚੱਲਿਆ ਤਾਂ ਜੋ ਜੇ ਮੇਰਾ ਪੈਰ ਤਿਲਕ ਜਾਵੇ ਤਾਂ ਮੈਨੂੰ ਫੜ ਸਕੇ। ਆਖ਼ਿਰ ਜਦੋਂ ਮੈਂ ਦਰਾੜ ਦੇ ਸਿਖ਼ਰ ਨੂੰ ਹੱਥ ਪਾਏ, ਮੈਨੂੰ ਅਚਾਨਕ ਖੰਭ ਲੱਗ ਗਏ, ਮੈਂ ਬਹੁਤ ਜ਼ਿਆਦਾ ਹਲਕੀ ਫੁਲਕੀ ਮਹਿਸੂਸ ਕੀਤਾ। ਡਰ ਭਾਰੀ ਬੋਝ ਹੁੰਦਾ ਹੈ। ਲੱਤਾਂ ਬੋਝਲ ਹੋ ਜਾਂਦੀਆਂ ਹਨ, ਸਿਰ ਪਥਰਾ ਜਾਂਦਾ ਹੈ—ਇਸ ਦਾ ਅਨੁਭਵ ਮੈਨੂੰ ਪਾਈਰੈਨੀਸ ਵਿਚੋਂ ਦੀ ਲੰਘਣ ਦੇ ਸਫ਼ਰ ਦੌਰਾਨ ਕਈ ਵਾਰ ਹੋਇਆ।

ਵਸਦੇ ਰਸਦੇ ਖੇਤਰ 'ਚ ਦਾਖ਼ਲ ਹੋਣ ਤੋਂ ਪਹਿਲਾਂ, ਅਸੀਂ ਮੂੰਹ-ਹੱਥ ਧੋਣ ਅਤੇ ਮੂੰਹ-ਮੱਥਾ ਸੰਵਾਰਨ ਲਈ ਪਾਣੀ ਦੀ ਧਾਰਾ ਦੇ ਕੰਢੇ ਬੈਠ ਗਏ। ਰਾਤ ਪੈਣ 'ਤੇ, ਅਸੀਂ ਫਰਾਂਸ ਦੇ ਇਕ ਪਿੰਡ ਦੀ ਫਿਰਨੀ ਵਿਚੋਂ ਦੀ ਲੰਘੇ। ਇੱਥੋਂ ਅਸੀਂ ਪਰਪਿਗਨਨ ਲਈ ਬੱਸ ਫੜੀ, ਜਿੱਥੇ ਇਕ ਫਰਾਂਸੀਸੀ ਸਾਥੀ ਨੇ ਸਾਨੂੰ ਰਾਜਧਾਨੀ ਤੱਕ ਦੀਆਂ ਰੇਲ ਟਿਕਟਾਂ ਦੇਣੀਆਂ ਸਨ। ਅਸੀਂ ਉਸ ਦੇ ਘਰ ਖਾਣਾ ਖਾਧਾ, ਆਪਣੇ ਰਾਹ-ਦਰਸਾਵੇ ਨੂੰ ਅਲਵਿਦਾ ਕਹੀ ਅਤੇ ਰੇਲਵੇ ਸਟੇਸ਼ਨ ਨੂੰ ਚਲੇ ਗਏ।

ਅਗਲੇ ਦਿਨ ਅਸੀਂ ਪੈਰਿਸ ਵਿਚ ਸਾਂ। ਸਾਡੇ ਸਫ਼ਰ ਦਾ ਪਹਿਲਾ ਹਿੱਸਾ ਮੁੱਕ ਗਿਆ ਸੀ। ਸਾਡੇ ਸਪੇਨ ਮੁੜਨ ਦਾ, ਦੂਜਾ ਹਿੱਸਾ ਕਿਹੋ ਜਿਹਾ ਹੋਵੇਗਾ?

ਕਾਨਫਰੰਸ ਤੋਂ ਪਹਿਲਾਂ, ਇਕ ਹੋਰ ਫਰਾਂਸੀਸੀ ਡਾਕਟਰ ਸਾਥੀ ਨੇ ਸਾਡੇ ਚੀਰਿਆਂ, ਕੰਨ੍ਹਿਆਂ ਅਤੇ ਝਰੀਟਾਂ ਦੇ ਜ਼ਖ਼ਮਾਂ ਦੀ ਮੱਲ੍ਹਮ ਪੱਟੀ ਕੀਤੀ। ਹਰ ਕਿਸੇ ਨੇ ਵਿਤੋਂ ਵੱਧ ਮੋਹ ਦਿਖਾਇਆ, ਇੱਥੋਂ ਤੱਕ ਕਿ ਇਕ ਵੱਖਰੇ ਰਸਤਿਉਂ ਵਾਪਸ ਜਾਣ 'ਚ ਮਦਦ ਦੇਣ ਦਾ ਵਾਅਦਾ ਵੀ ਸਾਡੇ ਨਾਲ ਕੀਤਾ ਗਿਆ।

ਕਾਨਫਰੰਸ ਦੌਰਾਨ, ਅਸੀਂ ਐਨਰੀਕ ਸੈਂਚੇਜ਼ ਨੂੰ ਮਿਲੇ, ਉਹ *ਸੋਕੋਰੋ ਰੋਜ਼ੋ* (Red Aid) ਵੱਲੋਂ ਡੈਲੀਗੇਟ ਸੀ। ਉਹ ਰੇਲਵੇ ਮਜ਼ਦੂਰ ਸੀ, ਇਸ ਕਰਕੇ ਉਹ ਬਿਨਾ ਕਿਸੇ ਤਕਲੀਫ਼ ਦੇ ਸਪੇਨ ਤੋਂ ਚਲਾ ਆਇਆ ਸੀ, ਪਰ ਉਹ ਉਸੇ ਰਸਤਿਉਂ ਵਾਪਸ ਨਹੀਂ ਸੀ ਜਾ ਸਕਦਾ, ਇਸ ਕਰਕੇ ਉਸਨੇ ਆਪਣੀ ਹੋਣੀ ਸਾਡੇ ਨਾਲ ਜੋੜਨ ਦਾ ਫ਼ੈਸਲਾ ਕੀਤਾ।

ਕਾਨਫਰੰਸ ਕਾਮਯਾਬ ਰਹੀ, ਪਰ—ਵਾਹ ਰੇ, ਮਨੁੱਖੀ ਕਮਜ਼ੋਰੀ!—ਜਦੋਂ ਇਹ ਖ਼ਤਮ ਹੋਈ, ਤਾਂ ਕਿਸੇ ਨੇ ਵੀ ਉਨ੍ਹਾਂ ਸਪੇਨੀਆਂ ਬਾਰੇ ਨਾ ਸੋਚਿਆ ਜੋ ਪਾਇਰੈਨੀਸ ਪਾਰ ਕਰਕੇ ਕਾਨਫਰੰਸ 'ਚ ਸ਼ਾਮਲ ਹੋਣ ਆਏ ਸਨ ਅਤੇ ਕਿਸੇ ਨੇ ਤਰਸ ਨਾ ਕੀਤਾ ਕਿ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼

ਕਿੰਨੇ ਔਖੇ ਹੋ ਕੇ ਮੁੜਨਾ ਪਵੇਗਾ। ਸਾਨੂੰ ਦੱਸਿਆ ਗਿਆ ਕਿ ਸਾਡੀ ਵਾਪਸੀ ਦਾ ਇੰਤਜ਼ਾਮ ਕਰਨਾ ਮੁਸ਼ਕਲ ਸੀ; ਕੁਝ ਵੀ ਨਹੀਂ ਸੀ ਕੀਤਾ ਜਾ ਸਕਦਾ।

ਉਨ੍ਹਾਂ ਨੇ ਸਾਨੂੰ ਫਰਾਂਸ ਦੇ ਦੱਖਣ ਤੱਕ ਦੀਆਂ ਟਿਕਟਾਂ ਫੜਾ ਦਿੱਤੀਆਂ। ਉੱਥੋਂ ਸਾਨੂੰ ਆਪਣਾ ਬੰਦੋਬਸਤ ਆਪ ਕਰਨਾ ਹੋਵੇਗਾ। ਅਸੀਂ ਪਰਪਿਗਨਨ ਪਹੁੰਚਕੇ ਇਕ ਸੱਜਣ ਦੇ ਘਰ ਰੁਕ ਗਏ। ਅਗਲੇ ਦਿਨ ਪਹੁ-ਫੁੱਟਣ ਵੇਲੇ, ਅਸੀਂ ਉਸੇ ਰਸਤਿਉਂ ਆਪਣਾ ਵਾਪਸੀ ਦਾ ਸਫ਼ਰ ਸ਼ੁਰੂ ਕੀਤਾ, ਬੀਤੇ ਤਜਰਬੇ ਦੇ ਬਾਵਜੂਦ ਇਹ ਕਿਵੇਂ ਵੀ ਸੁਖ਼ਾਲਾ ਨਹੀਂ ਸੀ, ਖ਼ਾਸ ਕਰਕੇ ਸਾਡੇ ਨਵੇਂ ਹਮ-ਸਫ਼ਰ ਸੈਂਚੇਜ਼ ਲਈ ਜੋ ਟੇਢੇ ਮੇਢੇ ਪਹਾੜਾਂ ਦੀਆਂ ਦੁਸ਼ਵਾਰੀਆਂ ਤੋਂ ਅਣਜਾਣ ਸੀ।

ਕਾਮਿਨਟਰਨ ਦੀ ਸੱਤਵੀਂ ਕਾਂਗਰਸ ਤਿੰਨ ਮਹੀਨੇ ਬਾਦ, ਜੁਲਾਈ 1935 'ਚ, ਮਾਸਕੋ 'ਚ ਹੋਈ। ਇਸ ਇਤਿਹਾਸਕ ਘਟਨਾ ਦਾ ਸੰਸਾਰ ਕਮਿਊਨਿਸਟ ਲਹਿਰ ਉੱਪਰ ਫ਼ੈਸਲਾਕੁਨ ਪ੍ਰਭਾਵ ਪਿਆ ਸੀ।

ਕਾਮਿਨਟਰਨ ਦਾ ਜਨਰਲ ਸਕੱਤਰ ਦਿਮਿਤਰੋਵ ਹਿਟਲਰਸ਼ਾਹੀ ਖ਼ਿਲਾਫ਼ ਆਪਣੇ ਸ਼ਾਨਦਾਰ, ਜ਼ੁਅਰਤਮੰਦ ਸਟੈਂਡ ਕਰਕੇ ਦੁਨੀਆਂ ਭਰ 'ਚ ਚਰਚਿਤ ਸੀ। ਇੱਥੇ ਉਸ ਨੇ ਉਨ੍ਹਾਂ ਪੁਰਾਣੀਆਂ ਸੰਕੀਰਣ ਮਰਜ਼ਾਂ ਨੂੰ ਸਾਫ਼ ਨਿਸ਼ਾਨਾ ਬਣਾਇਆ, ਜਿਨ੍ਹਾਂ ਦੀ ਛੂਤ ਹਾਲੇ ਤੱਕ ਵੀ ਕਮਿਊਨਿਸਟ ਲਹਿਰ ਨੂੰ ਚਿੰਬੜੀ ਹੋਈ ਸੀ। ਲੈਨਿਨ ਵੱਲੋਂ *"ਖੱਬੇਪੱਖੀ ਕਮਿਊਨਿਜ਼ਮ, ਇਕ ਬਚਗਾਨਾ ਰੋਗ"* ਲਿਖਤ 'ਚ ਇਨ੍ਹਾਂ ਦੀ ਤਾਬੜਤੋੜ ਆਲੋਚਨਾ ਕਰਨ ਦੇ ਬਾਵਜੂਦ ।

ਇਸ ਕਾਂਗਰਸ ਨੇ, ਕੌਮਾਂਤਰੀ ਮਜ਼ਦੂਰ ਲਹਿਰ ਨੂੰ ਮਜ਼ਬੂਤ ਬਣਾਉਂਦਿਆਂ ਅਤੇ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਅੰਦਰ ਜਮਹੂਰੀ ਤਾਕਤਾਂ ਦੇ ਵਿਕਾਸ ਦੇ ਹੱਕ 'ਚ ਖੜ੍ਹਦਿਆਂ ਤਮਾਮ ਕਮਿਊਨਿਸਟ ਪਾਰਟੀਆਂ ਦੀਆਂ ਧਾਰਨਾਵਾਂ, ਦਾਅਪੇਚਾਂ ਅਤੇ ਢੰਗ-ਤਰੀਕਿਆਂ 'ਚ ਬੁਨਿਆਦੀ ਤਬਦੀਲੀ ਲਿਆਂਦੀ।

ਸਾਂਝੇ ਮੁਹਾਜ਼ ਅਤੇ ਲੋਕ ਮੁਹਾਜ਼ ਦੀਆਂ ਨੀਤੀਆਂ, ਜਿਵੇਂ ਇਹ ਸੱਤਵੀਂ ਕਾਂਗਰਸ 'ਚ ਪ੍ਰੀਭਾਸ਼ਿਤ ਕੀਤੀਆਂ ਗਈਆਂ ਸਨ ਅਤੇ ਕੌਮੀ ਵਿਸ਼ੇਸ਼ਤਾਵਾਂ ਨੂੰ ਧਿਆਨ 'ਚ ਰੱਖਦਿਆਂ, ਹਰੇਕ ਦੇਸ਼ ਦੀਆਂ ਵਿਸ਼ੇਸ਼ ਹਾਲਤਾਂ 'ਤੇ ਲਾਗੂ ਹੁੰਦੀਆਂ ਸਨ, ਅਮਨ, ਨਿਸ਼ਸ਼ਤਰੀਕਰਨ, ਜਮਹੂਰੀਅਤ ਅਤੇ ਸਮਾਜਵਾਦ ਲਈ ਜੱਦੋਜਹਿਦ ਅੰਦਰ, ਸਾਰ-ਤੱਤ ਪੱਖੋਂ ਅੱਜ ਤੱਕ ਵੀ ਸਮੇਂ ਦੀਆਂ ਹਾਣੀ ਅਤੇ ਕਮਾਲ ਦਾ ਢੰਗ ਬਣੀਆਂ ਹੋਈਆਂ ਹਨ।

ਜਿਵੇਂ ਕਮਿਊਨਿਜ਼ਮ ਵਿਰੋਧੀ ਪੰਡਤ ਦਾਅਵਾ ਕਰਦੇ ਹਨ, ਲੋਕ ਮੁਹਾਜ਼ ਦੀ ਨੀਤੀ ਮਾਸਕੋ ਦੀ ਪ੍ਰਯੋਗਸ਼ਾਲਾ 'ਚ ਨਹੀਂ ਸੀ ਘੜੀ ਗਈ। ਇਹ ਤਾਂ ਮਿਹਨਤਕਸ਼ ਜਨਤਾ ਨੂੰ ਦਰਪੇਸ਼ ਖ਼ਤਰੇ ਦਾ ਮੁਕਾਬਲਾ ਕਰਨ ਦੀ ਲੋੜ 'ਚੋਂ ਪੈਦਾ ਹੋਇਆ ਇਕ ਤਰਕਸੰਗਤ ਉਪਰਾਲਾ ਸੀ; ਅਤੇ ਇਹ ਵੱਖ-ਵੱਖ ਕਮਿਊਨਿਸਟ ਪਾਰਟੀਆਂ ਦੇ ਸਿਆਸੀ ਤਜਰਬੇ ਦਾ ਠੋਸ ਰੂਪ ਧਾਰਨਾ ਵੀ ਸੀ, ਖ਼ਾਸ ਕਰਕੇ ਸਪੇਨ ਤੇ ਫਰਾਂਸ ਦੀਆਂ ਪਾਰਟੀਆਂ ਵੱਲੋਂ, ਜੋ ਵੱਖ-ਵੱਖ ਰਸਤਿਆਂ ਤੋਂ ਹੋ ਕੇ ਇਕੋ ਜਹੇ ਨਤੀਜਿਆਂ 'ਤੇ ਪਹੁੰਚੀਆਂ ਸਨ।

ਜਦੋਂਕਿ 1934 'ਚ ਫਰਾਂਸ ਦੇ ਸਾਡੇ ਸਾਥੀ ਫਾਸ਼ੀਵਾਦ ਵਿਰੁੱਧ ਵਿਸ਼ੇਸ਼ ਕਾਰਵਾਈਆਂ ਕਰਨ ਵਾਸਤੇ ਸਮਾਜਵਾਦੀ ਪਾਰਟੀਆਂ ਅਤੇ ਹੋਰ ਸਿਆਸੀ ਧੜਿਆਂ ਨਾਲ ਇਕਜੁੱਟ ਹੋ ਗਏ ਸਨ, ਸਪੇਨ ਵਿਚ ਕਮਿਊਨਿਸਟ ਲਹਿਰ ਦੇ ਇਤਹਾਸ 'ਚ ਪਹਿਲੀ ਵਾਰ ਕਮਿਊਨਿਸਟਾਂ ਨੇ ਸਮਾਜਵਾਦੀਆਂ ਅਤੇ ਗਣਰਾਜਵਾਦੀਆਂ ਨਾਲ ਮਿਲਕੇ 1933 ਦੀਆਂ ਚੋਣਾਂ 'ਚ ਮਲੱਗਾ ਤੋਂ

ਸੰਸਦ ਲਈ ਨੁਮਾਇੰਦਾ ਚੁਣਿਆ। ਏਕਤਾ ਦੀ ਨੀਤੀ 'ਤੇ ਚੱਲਦਿਆਂ, ਕਮਿਊਨਿਸਟਾਂ ਨੇ ਸਾਂਝਾ ਗੱਠਜੋੜ ਬਣਾਇਆ, ਜਿਸ ਗੱਠਜੋੜ ਨੇ, ਆਪਣੀਆਂ ਕਮੀਆਂ ਦੇ ਬਾਵਜੂਦ, ਦੋਵਾਂ ਪਾਰਟੀਆਂ ਲਈ ਅਕਤੂਬਰ 1934 ਦੀ ਬਗ਼ਾਵਤ ਦੌਰਾਨ ਮਿਲਕੇ ਲੜਾਈ ਦੇਣੀ ਸੰਭਵ ਬਣਾਈ।

ਕਾਮਿਨਟਰਨ ਦੀ ਸੱਤਵੀਂ ਕਾਂਗਰਸ ਦੀ ਸਮਾਪਤੀ ਤਕਰੀਰ 'ਚ ਦਿਮਿਤਰੋਵ ਨੇ ਆਖਿਆ, "ਸਾਡੇ ਕਮਿਊਨਿਸਟਾਂ ਵੱਲੋਂ ਅਪਣਾਏ ਸੰਘਰਸ਼ ਦੇ ਢੰਗ-ਤਰੀਕੇ ਹੋਰ ਪਾਰਟੀਆਂ ਦੇ ਢੰਗਾਂ ਨਾਲੋਂ ਵਖਰੇਵੇਂ ਵਾਲੇ ਹਨ, ਪਰ, ਫਾਸ਼ੀਵਾਦ ਦਾ ਟਾਕਰਾ ਕਰਨ 'ਚ ਆਪਣੇ ਢੰਗ ਤਰੀਕੇ ਵਰਤਦੇ ਹੋਏ, ਅਸੀਂ ਕਮਿਊਨਿਸਟ ਹੋਰ ਪਾਰਟੀਆਂ ਵੱਲੋਂ ਇਸਤੇਮਾਲ ਕੀਤੇ ਜਾਂਦੇ ਘੋਲ ਦੇ ਢੰਗ-ਤਰੀਕਿਆਂ ਦੀ ਹਮਾਇਤ ਵੀ ਕਰਾਂਗੇ, ਜੇ ਇਹ ਢੰਗ-ਤਰੀਕੇ ਫਾਸ਼ੀਵਾਦ ਵਿਰੁੱਧ ਸੱਚੀਉਂ ਹੀ ਸੇਧਤ ਹੋਣਗੇ, ਭਾਵੇਂ ਇਹ ਢੰਗ ਕਿੰਨੇ ਵੀ ਨਾਕਾਫ਼ੀ ਕਿਓਂ ਨਾ ਜਾਪਦੇ ਹੋਣ।"

"ਅਸੀਂ ਇਹ ਸਭ ਕੁਝ ਕਰਨ ਲਈ ਤਿਆਰ ਹਾਂ ਕਿਉਂਕਿ ਬੁਰਜੂਆ ਜਮਹੂਰੀਅਤ ਵਾਲੇ ਦੇਸ਼ਾਂ ਅੰਦਰ, ਅਸੀਂ ਪਿਛਾਖੜ ਦਾ ਅਤੇ ਸਰਮਾਏ ਤੇ ਫਾਸ਼ੀਵਾਦ ਦੇ ਹਮਲੇ ਦਾ ਰਾਹ ਬੰਦ ਕਰਨਾ ਚਾਹੁੰਦੇ ਹਾਂ, ਬੁਰਜੂਆ-ਜਮਹੂਰੀ ਆਜ਼ਾਦੀਆਂ ਦਾ ਖ਼ਾਤਮਾ ਕੀਤੇ ਜਾਣ ਨੂੰ ਰੋਕਣਾ ਚਾਹੁੰਦੇ ਹਾਂ, ਪ੍ਰੋਲੇਤਾਰੀ ਅਤੇ ਕਿਸਾਨੀ ਦੇ ਇਨਕਲਾਬੀ ਹਿੱਸਿਆਂ ਅਤੇ ਬੁੱਧੀਜੀਵੀਆਂ ਉੱਪਰ ਫਾਸ਼ੀਵਾਦ ਦੀ ਦਹਿਸ਼ਤਗਰਦ ਬਦਲੇਖ਼ੋਰ ਕਾਰਵਾਈ ਨੂੰ ਠੱਲਣਾ ਚਾਹੁੰਦੇ ਹਾਂ, ਅਤੇ ਨੌਜਵਾਨ ਪੀੜ੍ਹੀ ਨੂੰ ਸਰੀਰਕ ਤੇ ਰੂਹਾਨੀ ਨਿਘਾਰ ਤੋਂ ਬਚਾਉਣਾ ਚਾਹੁੰਦੇ ਹਾਂ।"

ਕਾਂਗਰਸ ਵਿਖੇ ਸਪੇਨ ਦੀ ਕਮਿਊਨਿਸਟ ਪਾਰਟੀ ਦੀ ਨੁਮਾਇੰਦਗੀ ਜੋਸ ਡਿਆਜ਼ ਅਤੇ ਮੈਂ ਕਰ ਰਹੇ ਸਾਂ। ਕੈਟਾਲੋਨੀਆ ਦੀ ਕਮਿਊਨਿਸਟ ਪਾਰਟੀ ਨੇ ਸਾਥੀ ਸੇਸੇ ਅਤੇ ਆਰਲੈਂਡਿਸ ਨੂੰ ਭੇਜਿਆ ਸੀ। ਸੇਸੇ ਨੂੰ ਬਾਦ 'ਚ ਮਈ 1937 ਦੇ ਰਾਜ-ਪਲਟੇ ਸਮੇਂ ਐੱਫ. ਏ. ਆਈ. (ਖੁਫ਼ੀਆ ਅਰਾਜਕਤਾਵਾਦੀ ਸੁਸਾਇਟੀ) ਵੱਲੋਂ ਕਤਲ ਕਰ ਦਿੱਤਾ ਗਿਆ; ਅਤੇ ਆਰਲੈਂਡਿਸ 1939 'ਚ ਫਿਗੂਏਰਸ ਦੀ ਬੰਬਾਰੀ 'ਚ ਮਾਰਿਆ ਗਿਆ।

ਕਿਉਂ ਜੋ ਪਾਈਰੈਨੀਸ ਵਿਚੋਂ ਦੀ ਲੰਘਕੇ ਜਾਣ ਦੇ ਮੇਰੇ ਬੀਤੇ ਮਾਅਰਕੇ ਤੋਂ ਲੈ ਕੇ ਤਿੰਨ ਮਹੀਨਿਆਂ ਦੇ ਅੰਦਰ ਕਮਿਊਨਿਸਟ ਪਾਰਟੀ ਦੀ ਸਿਆਸੀ ਹਾਲਤ ਬਦਲੀ ਨਹੀਂ ਸੀ, ਸਾਨੂੰ ਇਕ ਵਾਰ ਫਿਰ ਇਸ ਦੀਆਂ ਉੱਚੀਆਂ ਚੋਟੀਆਂ, ਕੰਡਿਆਲੀਆਂ ਝਾੜੀਆਂ ਅਤੇ ਤਿੱਖੀ ਚੜ੍ਹਾਈ ਵਾਲੀਆਂ ਚਟਾਨਾਂ ਦਾ ਸਾਹਮਣਾ ਕਰਨਾ ਪਿਆ ਸੀ। ਮੈਂ ਪਾਰਟੀ ਅਧਿਕਾਰੀਆਂ ਨੂੰ ਦੱਸਿਆ ਸੀ ਕਿ ਸਫ਼ਰ ਕਿੰਨਾ ਔਖਾ ਸੀ ਅਤੇ ਇੱਥੋਂ ਤੱਕ ਕਿ ਸਾਡੇ ਕੈਟਾਲਾਨ ਵਾਲੇ ਸਾਥੀਆਂ ਦੀ ਝਾੜ-ਝੰਬ ਵੀ ਹੋਈ ਸੀ ਕਿ ਉਨ੍ਹਾਂ ਨੇ ਰਸਤੇ ਦੇ ਮਾਮਲੇ ਨੂੰ ਵਧੇਰੇ ਗਹੁ ਨਾਲ ਨਹੀਂ ਸੀ ਵਾਚਿਆ। ਮੈਨੂੰ ਸਤਾਉਂਦਿਆਂ ਉਨ੍ਹਾਂ ਨੇ ਕਹਿ ਦਿੱਤਾ ਸੀ ਕਿ ਮੈਂ ਤਾਂ ਬਾਸਕ ਵਾਲਿਆਂ ਲਈ ਕਲੰਕ ਸੀ ਜੋ ਐਨੀ ਛੇਤੀ ਡਰ ਗਈ ਸੀ। ਮੈਂ ਅੰਦਰੋਂ ਅੰਦਰੀ ਇਹ ਸੋਚਕੇ ਹੱਸ ਪਈ ਸੀ ਕਿ ਇਨ੍ਹਾਂ ਦਾ ਸਫ਼ਰ ਕਿਵੇਂ ਰਹਿੰਦਾ—ਉਨ੍ਹਾਂ ਵਿਚੋਂ ਇਕ ਦਾ ਇਸ ਕਰਕੇ ਜਿਸਨੇ ਆਪਣੇ ਲੱਕ ਦੁਆਲੇ ਵਾਧੂ ਭਾਰ ਵਧਾ ਰੱਖਿਆ ਸੀ ਅਤੇ ਦੂਜਾ ਗਿਠ ਮੁਠੀਆ ਜਿਹਾ ਸੀ। ਅਤੇ ਮੈਂ ਤਾਂ ਉਨ੍ਹਾਂ ਬਾਰੇ ਛੋਟਾ ਜਿਹਾ ਚੁਟਕਲਾ ਵੀ ਬਣਾ ਲਿਆ ਸੀ।

ਜਦੋਂ ਸੇਸੇ ਅਤੇ ਆਰਲੈਂਡਿਸ ਇੱਥੇ ਪਹੁੰਚੇ ਸਨ ਤਾਂ ਮੈਂ ਪਰਪਿਗਨਨ ਵਿਚਲੇ ਆਪਣੇ ਦੋਸਤਾਂ ਨੂੰ ਕਿਹਾ ਸੀ ਕਿ ਇਨ੍ਹਾਂ ਨੂੰ ਕੁਨੀਨ ਦੀ ਸ਼ੀਸ਼ੀ ਤੇ ਟੈਲਕਮ ਪਾਊਡਰ ਦਾ ਇਕ ਡੱਬਾ ਮੇਰੇ ਵੱਲੋਂ ਤੋਹਫ਼ਾ ਦੇ ਦਿਉ—ਕੁਨੀਨ ਸੁਰੱਖਿਆ ਟਾਨਿਕ ਵਜੋਂ, ਅਤੇ ਟੈਲਕਮ ਚੀਰਿਆਂ ਤੇ ਝਰੀਟਾਂ

ਦੀਆਂ ਚੀਸਾਂ ਨੂੰ ਸ਼ਾਂਤ ਕਰਨ ਲਈ। ਮੈਂ ਓਦੋਂ ਹਾਸਾ ਨਾ ਰੋਕ ਸਕੀ ਜਦੋਂ ਮੈਂ ਮਾਸਕੋ 'ਚ ਉਨ੍ਹਾਂ ਦਾ ਹਾਲ ਦੇਖਿਆ, ਮੇਰੇ ਤੋਂ ਪੜ੍ਹਿਆਂ ਦੇ ਬਾਵਜੂਦ, ਉਨ੍ਹਾਂ ਦਾ ਬੁਰਾ ਹਾਲ ਸੀ।

ਇਸ ਵਾਰ ਮੈਂ ਪਾਈਰੇਨੀਸ ਦਰਿਆ ਜੋਸ ਡਿਆਜ਼ ਦੇ ਨਾਲ ਪਾਰ ਕੀਤਾ। ਪੈਂਡਾ ਸੁਖਾਲਾ ਸੀ ਕਿਉਂਕਿ ਅਸੀਂ ਦਿਨੇ ਚੱਲ ਸਕਦੇ ਸਾਂ; ਅਤੇ ਇਸ ਤੱਥ ਨੇ ਸਾਡੇ ਸਾਰੇ ਗਿਲੇ-ਸ਼ਿਕਵੇ ਭੁਲਾ ਦਿੱਤੇ ਕਿ ਅਸੀਂ ਕਾਮਿਨਟਰਨ ਦੀ ਕਾਂਗਰਸ 'ਚ ਹਿੱਸਾ ਲੈਣ ਲਈ ਮਾਸਕੋ ਜਾ ਰਹੇ ਸੀ। ਅਸੀਂ ਮਹਿਸੂਸ ਕੀਤਾ ਜੇ ਲੋੜ ਪਈ ਤਾਂ ਇਸ ਦੀ ਖ਼ਾਤਰ ਅਸੀਂ ਹਿਮਾਲੀਆ ਵੀ ਪਾਰ ਕਰ ਸਕਦੇ ਸਾਂ।

ਇੱਥੇ ਸਾਨੂੰ ਕਾਮਿਨਟਰਨ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਚੁਣੇ ਜਾਣ ਦਾ ਮਾਣ ਪ੍ਰਾਪਤ ਹੋਇਆ: ਸਾਡੇ ਜਨਰਲ ਸਕੱਤਰ ਜੋਸ ਡਿਆਜ਼ ਨੂੰ ਐਕਟਿੰਗ ਮੈਂਬਰ ਵਜੋਂ ਅਤੇ ਮੈਨੂੰ ਬਦਲਵੇਂ ਮੈਂਬਰ ਵਜੋਂ।

ਵਾਪਸੀ ਦੇ ਸਫ਼ਰ ਮੌਕੇ, ਸਾਨੂੰ ਅਨੇਕਾਂ ਸਰਹੱਦਾਂ ਪਾਰ ਕਰਨੀਆਂ ਪਈਆਂ ਸਨ, ਜਿੱਥੇ ਅਕਸਰ ਸਬੰਧੀ ਘਟਨਾਵਾਂ ਵਾਪਰਦੀਆਂ ਰਹੀਆਂ, ਖ਼ਾਸ ਤੌਰ 'ਤੇ ਆਸਟਰੀਆ 'ਚ, ਜਿੱਥੇ ਸਾਨੂੰ ਕਈ ਘੰਟੇ ਰੋਕੀ ਰੱਖਿਆ ਗਿਆ ਸੀ। ਸਾਡੇ ਕੋਲ ਆਸਟਰੀਅਨ ਵੀਜ਼ਾ ਨਹੀਂ ਸੀ ਅਤੇ ਭਾਰੀ ਜੁਰਮਾਨਾ ਦੇਣਾ ਪਿਆ ਸੀ। ਇਸਨੇ ਸਾਡੀਆਂ ਜੇਬਾਂ ਵਿਚਲਾ ਮਾੜਾ-ਮੋਟਾ ਪੈਸਾ ਧੇਲਾ ਹਥਿਆ ਕੇ ਜੇਬਾਂ ਖਾਲੀ ਕਰ ਦਿੱਤੀਆਂ ਸਨ ਅਤੇ ਪੈਰਿਸ ਵਿਚ ਅਸੀਂ ਸੱਚੀਉਂ ਖਾਲੀ ਪਹੁੰਚੇ ਸਾਂ।

ਅਸੀਂ ਪੈਰਿਸ ਵਿਚ ਰੇਲ ਤੋਂ ਨਾ ਉੱਤਰੇ, ਸਗੋਂ ਸਿੱਧਾ ਦੱਖਣ 'ਚ ਸਪੇਨ ਦੀ ਸਰਹੱਦ ਨੇੜਲੇ ਇਕ ਪਿੰਡ ਚਲੇ ਗਏ, ਜਿੱਥੇ ਜੇਸਸ ਲਾਰਾਨਾਗਾ ਵੱਲੋਂ ਭੇਜੇ ਇਕ ਸੱਜਣ ਦੇ ਆਉਣ ਦੀ ਇੰਤਜ਼ਾਰ ਕੀਤੀ, ਜਿਸ ਦੀ ਜ਼ਿੰਮੇਵਾਰੀ ਸਪੇਨ 'ਚ ਸਾਡੇ ਮੁੜ ਦਾਖ਼ਲ ਹੋਣ ਦਾ ਇੰਤਜ਼ਾਮ ਕਰਨ ਦੀ ਸੀ।

ਲਾਰਾਨਾਗਾ ਦੀ ਯੋਜਨਾ ਸ਼ਾਨਦਾਰ ਸੀ। ਅਸੀਂ ਫਰਾਂਸੀਸੀ ਬੰਦਰਗਾਹ, ਸੈਨ ਜੂਆਨ ਡੀ ਲੁਜ਼, ਜਿੱਥੇ ਅਸੀਂ ਠਹਿਰੇ ਹੋਏ ਸਾਂ, ਤੋਂ ਗੁਇਪੁਜ਼ਕੋਆ 'ਚ ਸੈਨ ਸੇਬੇਸਟੀਅਨ ਤੱਕ ਬੇੜੀ ਰਾਹੀਂ ਜਾਵਾਂਗੇ। ਅਸੀਂ ਸੈਨ ਸੇਬੇਸਟੀਅਨ ਦੀ ਖਾੜੀ 'ਚ ਲੰਗਰ ਸੁੱਟੀ ਖੜ੍ਹੀ ਸੈਰ-ਸਪਾਟੇ ਵਾਲੀ ਬਾਦਵਾਨੀ ਬੇੜੀ ਲਵਾਂਗੇ ਜਿਸ ਦਾ ਮਾਲਕ ਸ਼ਹਿਰ ਤੋਂ ਬਾਹਰ ਗਿਆ ਹੋਇਆ ਸੀ। ਸਾਡਾ ਇਕ ਮਿਸਤਰੀ ਸਾਥੀ, ਉਸ ਮਿਸਤਰੀ ਨੂੰ ਜਾਣਦਾ ਸੀ ਜੋ ਮਾਲਕ ਦੀ ਗ਼ੈਰ-ਹਾਜ਼ਰੀ 'ਚ ਇਸ ਬੇੜੀ ਦੀ ਦੇਖਭਾਲ ਕਰਦਾ ਸੀ। ਬੇੜੀ ਦੇ ਨਿਗਰਾਨ ਮਿਸਤਰੀ ਦਾ ਧਿਆਨ ਖਾਣੇ ਦੇ ਲਾਲਚ, ਇਕ ਪ੍ਰਸਿੱਧ ਰੇਸਤਰਾਂ 'ਚ ਸ਼ਾਹੀ ਦਾਅਵਤ ਜਿਸ ਨੂੰ ਕੋਈ ਚੰਗਾ ਬਾਸਕ ਕਦੇ ਨਾਂਹ ਨਹੀਂ ਕਰੇਗਾ, ਦੁਆਰਾ ਹੋਰ ਪਾਸੇ ਲਾ ਦਿੱਤਾ ਜਾਣਾ ਸੀ, ਜਦੋਂਕਿ ਉਸ ਦੇ ਦੋਸਤ ਨੇ ਸਾਨੂੰ ਬੇੜੀ 'ਚ ਬੈਠਾਕੇ ਬੇੜੀ ਲੈ ਜਾਣੀ ਸੀ।

ਅਗਲੇ ਦਿਨ ਅਸੀਂ ਬੇੜੀ 'ਚ ਬੈਠਕੇ ਚੱਲ ਪਏ ਜਿਸ ਨੂੰ ਲਾਰਾਨਾਗਾ ਦਾ ਮਿਸਤਰੀ ਦੋਸਤ ਚਲਾ ਰਿਹਾ ਸੀ। ਫਿਰ ਵੀ, ਮਾਮਲਾ ਉਵੇਂ ਸਿੱਧਾ-ਸਾਦਾ ਨਹੀਂ ਸੀ ਜਿਵੇਂ ਸਾਨੂੰ ਧਰਤੀ 'ਤੇ ਲੱਗਦਾ ਸੀ। ਜ਼ੋਰਦਾਰ ਛੱਲਾਂ ਨੇ ਬੇੜੀ ਨੂੰ ਚੁੱਕ ਚੁੱਕ ਮਾਰਨਾ ਸ਼ੁਰੂ ਕਰ ਦਿੱਤਾ ਜਿਵੇਂ ਇਹ ਕੋਈ ਖੇਲ ਹੋਵੇ। ਝੱਗ ਦੇ ਪਹਾੜਾਂ ਵਿਚੋਂ ਦੀ ਲਹਿਰਾਂ ਨਾਲ ਭੁਆਂਟਣੀਆਂ ਖਾਂਦਿਆਂ, ਜੀਅ ਕੱਚਾ ਹੋਣ ਅਤੇ ਫਿਰ ਸਿਰ ਚਕਰਾਉਣ ਦੇ ਪਲਾਂ ਦੌਰਾਨ ਮੈਨੂੰ ਪਾਈਰੈਨੀਸ ਚੇਤੇ ਆ ਗਿਆ। ਉਸ ਪਲ ਇਹ ਲਹਿਰਾਂ ਐਨੀਆਂ ਭਿਆਨਕ ਨਾ ਜਾਪੀਆਂ।

ਜਦੋਂ ਮੈਂ ਘਰ ਦੇਰ ਨਾਲ ਆਉਣਾ ਹੁੰਦਾ, ਮੈਂ ਦਰਬਾਨਾਂ ਨੂੰ ਦੱਸ ਦਿੰਦੀ, ਉਹ ਦਰਵਾਜ਼ਾ ਖੁੱਲ੍ਹਾ ਰੱਖਕੇ ਓਦੋਂ ਤੱਕ ਪਹਿਰਾ ਦਿੰਦੇ, ਜਦੋਂ ਤੱਕ ਮੈਂ ਵਾਪਸ ਨਾ ਆ ਜਾਂਦੀ ਤਾਂ ਕਿ ਮੈਨੂੰ ਉਡੀਕਣਾ ਨਾ ਪਵੇ ਜਾਂ ਆਵਾਜ਼ ਨਾ ਦੇਣੀ ਪਵੇ।

ਇਸੇ ਤਰ੍ਹਾਂ ਹਫ਼ਤੇ ਲੰਘ ਗਏ ਅਤੇ ਪੁਲਿਸ ਦਣਦਣਾਉਂਦੀ ਫਿਰਦੀ ਸੀ। ਕਿਤੇ ਹੋਰ ਮੈਂ ਸੱਚਮੁੱਚ ਵੱਧ ਸੁਰੱਖਿਅਤ ਹੁੰਦੀ, ਪਰ ਮੇਰੇ ਉੱਥੋਂ ਜਾਣ ਨਾਲ ਇਨ੍ਹਾਂ ਲੋਕਾਂ ਨੂੰ ਠੇਸ ਪਹੁੰਚਣੀ ਸੀ। ਇਸ ਤੋਂ ਬਿਨਾਂ ਅਜਿਹੇ ਫਰਾਖ਼-ਦਿਲ ਤੇ ਬੇਗਰਜ਼ ਲੋਕ ਮੈਨੂੰ ਕਿੱਥੇ ਮਿਲਣੇ ਸਨ?

ਖ਼ਤਰੇ ਦੇ ਬਾਵਜੂਦ ਮੈਂ ਟਿਕੇ ਰਹਿਣ ਦਾ ਫ਼ੈਸਲਾ ਕੀਤਾ। ਇਕ ਸ਼ਾਮ ਨੂੰ ਪੁਲਿਸ ਆ ਗਈ, ਜਾਂ ਤਾਂ ਉਹ ਨਿਗਾਹ ਹੇਠਲੇ ਸਾਰੇ ਘਰਾਂ ਦੀ ਤਲਾਸ਼ੀ ਲੈਣੀ ਚਾਹੁੰਦੀ ਸੀ ਜਾਂ ਚਾਹੁੰਦੀ ਸੀ ਕਿ ਦਰਬਾਨ ਸਾਰੇ ਸ਼ੱਕੀ ਕਿਰਾਏਦਾਰਾਂ ਦੇ ਨਾਂਅ ਉਨ੍ਹਾਂ ਨੂੰ ਦੱਸ ਦੇਵੇ। ਦਰਬਾਨਾਂ ਨੇ ਗ਼ੈਰਕਾਨੂੰਨੀ ਕਹਿਕੇ ਪਹਿਲੀ ਤਜਵੀਜ਼ ਠੁਕਰਾ ਦਿੱਤੀ। ਜਿੱਥੋਂ ਤੱਕ ਦੂਜੀ ਦਾ ਸਵਾਲ ਸੀ, ਉਨ੍ਹਾਂ ਨੇ ਪੁਲਿਸ ਨੂੰ ਇਕ ਐਸਾ ਘਰ ਦਿਖਾ ਦਿੱਤਾ ਜਿਸ ਵਿਚ ਰਹਿਣ ਵਾਲਿਆਂ ਬਾਰੇ ਇਮਾਰਤ ਵਿਚਲਾ ਹਰ ਕੋਈ ਜਾਣਦਾ ਸੀ।

ਇਹ ਸੋਚਕੇ ਕਿ ਲੋੜੀਂਦਾ ਵਿਅਕਤੀ ਮਿਲ ਗਿਆ ਸੀ, ਪੁਲਸੀਏ ਘਰ 'ਚ ਜਾ ਵੜੇ। ਝੱਟ ਹੀ ਉਹ ਗੁੱਸੇ 'ਚ ਫੁੰਕਾਰੇ ਮਾਰਦੇ ਬਾਹਰ ਆ ਗਏ। ਦਰਬਾਨ ਆਪਣੇ ਚਿਹਰਿਆਂ ਉੱਪਰ ਗੰਭੀਰ ਹਾਵ-ਭਾਵ ਬਣਾਕੇ ਉਨ੍ਹਾਂ ਦੀ ਇੰਤਜ਼ਾਰ ਕਰ ਰਹੀਆਂ ਸਨ।

"ਮਿਲ ਗਈ?" ਉਨ੍ਹਾਂ ਨੇ ਡੂੰਘੀ ਦਿਲਚਸਪੀ ਨਾਲ ਪੁੱਛਿਆ।

"ਨਹੀਂ," ਮੁਖੀ ਨੇ ਰੁੱਖਾ ਜਵਾਬ ਦਿੱਤਾ। "ਅਸੀਂ ਤਾਂ ਇਕ ਔਰਤ ਨੂੰ ਲੱਭ ਰਹੇ ਸਾਂ, ਤੇ ਸਾਨੂੰ ਉੱਥੇ ਮਿਲਿਆ ਲੌਂਡੇਬਾਜ਼ਾਂ ਦਾ ਜੋੜਾ!"

"ਤੁਹਾਨੂੰ ਯਕੀਨ ਹੈ ਕਿ ਤੁਸੀਂ ਲਾ ਪੈਸੀਓਨਾਰੀਆ ਨੂੰ ਨਹੀਂ ਦੇਖਿਆ?" ਪੁਲਿਸ ਮੁਖੀ ਨੇ ਜ਼ੋਰ ਦਿੱਤਾ।

"ਦੇਖੋ," ਦਰਬਾਨ ਨੇ ਜਵਾਬ ਦਿੱਤਾ, "ਉਹ ਇੱਥੇ ਆਈ ਹੋ ਸਕਦੀ ਹੈ। ਤੁਸੀਂ ਜਾਣਦੇ ਹੋ ਕਿ ਜਿਸ ਕਮਿਊਨਿਸਟ ਐਕਾਨਿਲਾ ਨੂੰ ਤੁਸੀਂ ਗ੍ਰਿਫ਼ਤਾਰ ਕੀਤਾ, ਉਹ ਛੇਵੀਂ ਮੰਜ਼ਲ 'ਤੇ ਰਹਿੰਦਾ ਸੀ। ਉਹ ਉਸ ਦੇ ਕੋਲ ਇਕ ਦੋ ਵਾਰ ਆਈ ਹੋਵੇਗੀ। ਪਰ ਅਸੀਂ ਤੁਹਾਨੂੰ ਯਕੀਨ ਦਿਵਾ ਸਕਦੇ ਹਾਂ ਕਿ ਉਹ ਇੱਥੇ ਨਹੀਂ ਰਹਿੰਦੀ।"

ਸਾਰੇ ਕਿਰਾਏਦਾਰਾਂ ਦੇ ਨਾਵਾਂ ਦੀ ਜਾਂਚ ਕਰਨ ਤੋਂ ਬਾਅਦ, ਪੁਲਿਸ ਚਲੇ ਗਈ। ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋਈ, ਉਹ ਅਗਲੇ ਦਿਨ ਫਿਰ ਆ ਗਏ ਅਤੇ ਉਨ੍ਹਾਂ ਨੇ ਇਸ ਆਸ ਨਾਲ ਪੌੜੀਆਂ 'ਤੇ ਪਹਿਰੇਦਾਰ ਲਗਾ ਦਿੱਤੇ ਕਿ ਜਦੋਂ ਮੈਂ ਇਮਾਰਤ 'ਚ ਦਾਖ਼ਲ ਹੋਵਾਂ ਜਾਂ ਇੱਥੋਂ ਜਾਵਾਂ ਤਾਂ ਮੈਨੂੰ ਫੜ ਲੈਣਗੇ।

ਮੇਰੇ ਕਮਰੇ ਦੀ ਸਫ਼ਾਈ ਕਰਨ ਦੇ ਬਹਾਨੇ, ਦਰਬਾਨ ਮੈਨੂੰ ਮਿਲਣ ਆਈ।

"ਬਾਹਰ ਨਾ ਨਿਕਲਿਓ," ਉਹ ਕਹਿਣ ਲੱਗੀ। "ਉਨ੍ਹਾਂ ਨੇ ਪੌੜੀਆਂ 'ਤੇ ਪਹਿਰੇਦਾਰ ਲਾਇਆ ਹੋਇਆ ਹੈ। ਜੇ ਤੁਹਾਨੂੰ ਕਿਸੇ ਚੀਜ਼ ਦੀ ਜ਼ਰੂਰਤ ਹੈ, ਮੇਰੀ ਬੇਟੀ ਲਿਆ ਦੇਵੇਗੀ। ਉਹ ਖ਼ਾਸ ਤਰੀਕੇ ਨਾਲ ਦਰਵਾਜ਼ਾ ਖੜਕਾਏਗੀ। ਕਿਸੇ ਦੇ ਆਉਣ 'ਤੇ ਦਰਵਾਜ਼ਾ ਨਾ ਖੋਹਲਣਾ। ਮੈਂ ਤੁਹਾਡੇ ਸਾਥੀਆਂ ਨੂੰ ਦੱਸ ਦੇਵਾਂਗੀ, ਮੈਂ *ਮੁੰਡੋ ਓਬਰੇਰੋ* ਦੇ ਦਫ਼ਤਰ (ਜੋ ਨੇੜੇ ਹੀ ਸੀ) ਤੁਹਾਡੀ ਹਾਲਤ ਦੀ ਇਤਲਾਹ ਦੇ ਦਿੰਦੀ ਹਾਂ ਤਾਂ ਕਿ ਕੋਈ ਤੁਹਾਨੂੰ ਮਿਲਣ ਨਾ ਆਵੇ। ਫ਼ਿਕਰ ਨਾ ਕਰਿਓ, ਅਸੀਂ ਤੁਹਾਨੂੰ ਕੜਿੱਕੀ 'ਚੋਂ ਬਾਹਰ ਲੈ ਜਾਵਾਂਗੇ।"

ਹ. ਤਾ ਲੰਘ ਗਿਆ। ਪਹਿਰੇਦਾਰ ਵਾਰੀਆਂ ਬਦਲਦੇ ਰਹੇ, ਪਰ ਲਾ ਪੈਸੀਓਨਾਰੀਆ ਪ੍ਰਗਟ ਨਾ ਹੋਈ। ਅੰਤ ਦਰਬਾਨ ਨੇ ਅਤੇ ਮੈਂ "ਨਿੱਕਲਣ" ਦਾ ਫ਼ੈਸਲਾ ਲੈ ਲਿਆ। ਪੁਲਸੀਏ ਕਾਲੇ ਪਹਿਰਾਵੇ ਵਾਲੀ ਔਰਤ ਨੂੰ ਲੱਭ ਰਹੇ ਸਨ, ਅਤੇ ਉਹ ਬਾਹਰ ਜਾਣ ਵਾਲਿਆਂ ਨਾਲੋਂ ਇਮਾਰਤ 'ਚ ਵੜਨ ਵਾਲਿਆਂ ਦਾ ਵੱਧ ਧਿਆਨ ਰੱਖਦੇ ਸਨ।

ਮੈਂ ਦਰਬਾਨ ਹਰਮੇਨੇਗਿਲਡਾ ਨੂੰ ਪੁਸ਼ਾਕ ਬਣਾਉਣ ਵਾਸਤੇ ਕੁਝ ਗਜ਼ ਚਿੱਟਾ ਕੱਪੜਾ ਲਿਆਉਣ ਲਈ ਕਿਹਾ। ਉਸਨੇ ਕੱਪੜੇ ਬਣਾ ਦਿੱਤੇ ਅਤੇ ਮੈਨੂੰ ਵੱਡਾ ਛੱਜੇਦਾਰ ਟੋਪ, ਲੰਮੀਆਂ ਬਾਲ਼ੀਆਂ, ਧੁੱਪ ਦੀਆਂ ਐਨਕਾਂ ਅਤੇ ਸੁਰਖ਼ੀ ਲਿਆਕੇ ਦੇ ਦਿੱਤੇ। ਪੌੜੀਆਂ ਕੋਲ ਟੈਕਸੀ ਸਾਡਾ ਇੰਤਜ਼ਾਰ ਕਰ ਰਹੀ ਸੀ। ਪੌੜੀਆਂ 'ਚ ਚੁੱਪਚਾਪ ਬੈਠੀ ਪੁਲਿਸ ਕੋਲੋਂ ਲੰਘਕੇ, ਚਿੱਟੀ ਪੁਸ਼ਾਕ 'ਚ ਚੰਗੀ ਸਜੀ-ਫਬੀ ਔਰਤ ਉੱਤਰ 'ਚ ਕੁਝ ਹਫ਼ਤੇ ਗੁਜ਼ਾਰਨ ਲਈ ਇੱਥੋਂ ਚਲੀ ਗਈ। ਇਹ ਭੇਸ ਧਾਰਕੇ ਮੈਂ ਟੈਕਸੀ ਲੈ ਕੇ ਮੈਡਰਿਡ ਦੁਆਲੇ ਘੁੰਮਦੀ ਰਹੀ ਥੋੜ੍ਹਾ ਸ਼ਸ਼ੋਪੰਜ 'ਚ ਕਿ ਹੁਣ ਮੈਂ ਕਿੱਥੇ ਜਾਵਾਂ।

ਕਿਸੇ ਵੀ ਹਾਲਤ 'ਚ ਮੈਂ ਆਪਣੇ ਸਾਥੀਆਂ ਕੋਲ ਨਹੀਂ ਸੀ ਜਾ ਸਕਦੀ ਕਿਉਂਕਿ ਪੁਲਿਸ ਪਿੱਛਾ ਨਾ ਕਰ ਰਹੀ ਹੋਵੇ। ਮੈਂ ਅਲਕਲਾ ਗਲੀ 'ਚ, ਵਕੀਲਾਂ ਦੇ ਦਫ਼ਤਰ ਜਾਣ ਦਾ ਫ਼ੈਸਲਾ ਕੀਤਾ ਜੋ ਅਸਟੂਰੀਅਨ ਮਜ਼ਦੂਰਾਂ ਦੇ ਕੇਸ ਲੜਦੇ ਸਨ। ਇਕ ਸਾਥੀ ਨੇ ਮੇਰੇ ਲਈ ਸੁਰੱਖਿਅਤ ਠਾਹਰ ਲੱਭ ਲਈ, ਮੇਰੀ ਪੁਰਾਣੀ ਰਿਹਾਇਸ਼ ਤੋਂ ਦੂਰ। ਇੱਥੇ ਰਹਿਕੇ ਮੈਂ, ਹਮੇਸ਼ਾ ਗ੍ਰਿਫ਼ਤਾਰ ਹੋਣ ਦਾ ਖ਼ਤਰਾ ਮੁੱਲ ਲੈ ਕੇ, ਕਾਮਿਨਟਰਨ ਦੀ ਸੱਤਵੀਂ ਕਾਂਗਰਸ ਲਈ ਜਾਣ ਦੇ ਸਮੇਂ ਤੱਕ ਕੰਮ ਕੀਤਾ।

## [20]
## ਲੋਕ ਮੁਹਾਜ਼ ਦੀ ਜਿੱਤ

> ਤੁਸੀਂ ਕੌਣ ਹੋ ਜੋ, ਜ਼ਾਲਮ ਹਾਕਮ ਦੇ ਸੋਹਲੇ ਗਾਉਂਦਿਆਂ, ਇਕ ਆਜ਼ਾਦ ਰੂਹ ਦੇ ਸੁਨਹਿਰੀ ਖੰਭਾਂ ਨੂੰ ਕੈਦ ਕਰਨ ਦੀ ਆਸ ਲਾਈ ਬੈਠੇ ਹੋ?
>
> —*ਕੁਰਸ ਐਨਰਿਕਵਿਜ਼*

ਭਾਵੇਂ 1934 ਦੀ ਬਗ਼ਾਵਤ ਨਾਕਾਮਯਾਬ ਹੋ ਗਈ ਸੀ, ਪਰ ਸਪੇਨ 'ਚ ਇਨਕਲਾਬੀ ਉੱਥਲ-ਪੁੱਥਲ ਮਚੀ ਰਹੀ। ਆਰਥਕ ਸੰਕਟ ਹੋਰ ਗਹਿਰਾ ਗਿਆ ਸੀ; ਸਨਅਤ ਤੇ ਖੇਤੀਬਾੜੀ 'ਚ ਬੇਕਾਰੀ ਵੱਧ ਰਹੀ ਸੀ। ਗਰੀਬੀ ਹੋਰ ਤੀਖਣ ਤੇ ਵਿਆਪਕ ਹੋ ਗਈ ਸੀ। ਦੇਸ਼ ਦੀ ਕਦੇ ਨਾ ਮੁੱਕਣ ਵਾਲੀ ਅਗਨੀ-ਪ੍ਰੀਖਿਆ ਦੇ ਕਾਰਣ ਮੌਜੂਦ ਸਨ: ਤੀਹ ਹਜ਼ਾਰ ਪਰਿਵਾਰਾਂ 'ਚ ਕੋਈ ਕਮਾਉਣ ਵਾਲਾ ਨਹੀਂ ਸੀ। ਸਪੇਨ 'ਚ ਤੀਹ ਹਜ਼ਾਰ ਕੈਦੀ ਸਨ। ਬਗ਼ਾਵਤ ਦਾ ਤਾਪ ਕੈਟਾਲੋਨੀਆਂ 'ਚ ਫੈਲ ਰਿਹਾ ਸੀ, ਜਿਸ ਨੂੰ ਇਸ ਦੇ ਖ਼ੁਦ-ਮੁਖ਼ਤਿਆਰ ਹੱਕਾਂ ਤੋਂ ਵਾਂਝੇ ਕਰ ਦਿੱਤਾ ਗਿਆ ਸੀ। ਲੰਘੀਆਂ ਚੋਣਾਂ ਦੇ ਜੇਤੂ ਆਪਣੀ ਜਿੱਤ ਤੋਂ ਪਹਿਲਾਂ ਨਾਲੋਂ ਘੱਟ ਇਕਜੁੱਟ, ਘੱਟ ਸਥਿਰ ਸਨ। ਪਰ ਮਜ਼ਦੂਰ ਜਮਾਤ ਦਾ ਜੋਸ਼ ਬਰਕਰਾਰ ਸੀ। ਹੜਤਾਲ ਜਾਂ ਰੋਸ-ਮੁਜ਼ਾਹਰੇ ਦੀ ਅਫ਼ਵਾਹ ਹੀ ਹਕੂਮਤ ਦੇ ਹੋਸ਼ ਉਡਾਉਣ ਲਈ ਕਾਫ਼ੀ ਸੀ।

ਖੱਬੀ ਧਿਰ ਦੀਆਂ ਤਾਕਤਾਂ ਦੀ ਪ੍ਰਤੱਖ ਉੱਤਮ ਸਿਆਸੀ ਸਮਰੱਥਾ ਦੇ ਬਾਵਜੂਦ ਘਾਤਕ ਨੁਕਸ ਮੌਜੂਦ ਸੀ—ਇਹ ਸੀ ਏਕਤਾ ਦੀ ਘਾਟ। ਇਸ ਦੇ ਉਲਟ, ਸਾਂਝੇ ਮਕਸਦ ਲਈ ਸੱਜੇਪੱਖੀ ਧਿਰ ਦੀਆਂ ਤਾਕਤਾਂ ਦਾ ਗੱਠਜੋੜ ਸੀ, ਜਿਨ੍ਹਾਂ ਕੋਲ ਪ੍ਰਸਿੱਧ ਆਗੂ ਅਤੇ ਦੇਸ਼ ਭਰ 'ਚ ਚੋਖਾ ਅਸਰ-ਰਸੂਖ਼ ਜ਼ਰੂਰ ਸੀ ਪਰ ਵੱਡੀਆਂ, ਪ੍ਰਭਾਵਸ਼ਾਲੀ ਜਥੇਬੰਦੀਆਂ ਨਹੀਂ ਸਨ।

ਸਮਾਜਵਾਦੀ ਪਾਰਟੀ ਕੋਲ ਲੰਮੀ ਲੜਾਕੂ ਰਵਾਇਤ ਵਾਲੇ ਮਜ਼ਦੂਰਾਂ ਦੀਆਂ ਸਫ਼ਾਂ ਸਨ। ਇਸ ਦੀ ਲੀਡਰਸ਼ਿਪ ਵੰਨ-ਸੁਵੰਨੀ ਅਤੇ ਸੁਧਾਰਾਂ ਦੀ ਸੋਚ ਵਾਲੀ ਸੀ, ਪਰ ਇਸ ਕੋਲ ਇਨਕਲਾਬੀ ਸਿਧਾਂਤ ਦੀ ਇਕਜੁੱਟ ਤਾਕਤ ਦੀ ਘਾਟ ਸੀ। ਸਪੇਨ ਦੀਆਂ ਦੋ ਸ਼ਰੀਕ ਮਜ਼ਦੂਰ ਯੂਨੀਅਨਾਂ ਦਾ ਸਿਧਾਂਤਕ ਅਧਾਰ ਵੱਖ-ਵੱਖ ਸੀ, ਜੋ ਲੜਾਈ ਦੇ ਵੱਖੋ-ਵੱਖਰੇ ਢੰਗ ਅਪਣਾਉਂਦੀਆਂ ਸਨ। ਟਰੇਡ ਯੂਨੀਅਨਾਂ ਤੋਂ ਬਾਹਰ ਦਹਿ-ਲੱਖਾਂ ਗ਼ੈਰ-ਜਥੇਬੰਦ ਮਜ਼ਦੂਰ ਜਨਤਾ ਸੀ, ਖ਼ਾਸ ਤੌਰ 'ਤੇ ਪੇਂਡੂ ਇਲਾਕਿਆਂ ਅੰਦਰ। ਕਮਿਊਨਿਸਟ ਪਾਰਟੀ ਦਾ ਅਸਰ-ਰਸੂਖ਼ ਵੱਧ ਰਿਹਾ ਸੀ, ਪਰ ਇਹ ਹਾਲੇ ਵੀ ਐਨੀ ਛੋਟੀ ਸੀ ਕਿ ਫ਼ੈਸਲਾਕੁਨ ਭੂਮਿਕਾ ਨਹੀਂ ਸੀ ਨਿਭਾ ਸਕਦੀ। ਇਹ ਸਨ ਜਮਹੂਰੀਅਤ ਦੀ ਧਿਰ ਨਾਲ ਕਤਾਰਬੰਦ ਤਾਕਤਾਂ, ਜਿਨ੍ਹਾਂ ਨੂੰ ਲੈ ਕੇ ਸਪੇਨ ਨੇ ਉਹ ਬੰਨ੍ਹ ਉਸਾਰਨਾ ਸੀ ਜੋ ਫਾਸ਼ੀਵਾਦੀ ਕਾਂਗ ਨੂੰ ਰੋਕ ਸਕੇ।

ਸਪੇਨ ਦੀ ਕਮਿਊਨਿਸਟ ਪਾਰਟੀ ਨੇ ਲੋਕ ਮੁਹਾਜ਼ ਦੀ ਨੀਤੀ ਤਹਿਤ ਇਸ ਇਤਿਹਾਸਕ ਬੰਨ੍ਹ ਦੀ ਉਸਾਰੀ ਦਾ ਕੰਮ ਹੱਥ ਲਿਆ। ਰਾਹ ਦਾ ਰੋੜਾ ਬਣਨ ਵਾਲੀਆਂ ਬੇਸ਼ੁਮਾਰ ਰੁਕਾਵਟਾਂ 'ਤੇ ਕਾਬੂ ਪਾਉਣਾ ਕੋਈ ਸੁਖਾਲਾ ਕੰਮ ਨਹੀਂ ਸੀ। ਵਿਸ਼ੇਸ਼ ਹਿੱਤ, ਸ਼ਰੀਕਾ-ਭੇੜ, ਬੇਸਮਝੀ, ਵਿਅਕਤੀਗਤ ਝਗੜੇ, ਇਹ ਤਮਾਮ ਸਮੱਸਿਆਵਾਂ ਜਨਤਾ ਦੀਆਂ ਤਾਕਤਾਂ ਦੀ ਏਕਤਾ ਦੇ ਰਾਹ 'ਚ ਰੁਕਾਵਟ ਬਣਕੇ ਗਣਰਾਜਵਾਦੀ, ਅਰਾਜਕਤਾਵਾਦੀ ਅਤੇ ਸਮਾਜਵਾਦੀ ਪਾਰਟੀਆਂ ਦੀਆਂ ਸਫ਼ਾਂ 'ਚ ਉੱਭਰੀਆਂ।

ਫਾਸ਼ੀਵਾਦੀ ਖ਼ਤਰੇ ਵਿਰੁੱਧ ਸਾਂਝਾ ਜਮਹੂਰੀ ਮੁਹਾਜ਼ ਉਸਾਰਨ ਦੇ ਮੰਤਵ ਨਾਲ ਖੱਬੇਪੱਖੀ ਧੜਿਆਂ ਦਾ ਗੱਠਜੋੜ ਉਸਾਰਨ ਲਈ ਕਮਿਊਨਿਸਟ ਪਾਰਟੀ ਵੱਲੋਂ ਇਕ ਸਮੇਂ ਤੱਕ ਓਸ ਝਿਜਕ ਦੇ ਬਾਵਜੂਦ ਦ੍ਰਿੜਤਾ ਨਾਲ ਜੱਦੋਜਹਿਦ ਚਲਾਈ ਗਈ, ਜਿਸ ਝਿਜਕ ਤਹਿਤ ਕਾਮਿਨਟਰਨ ਦੇ ਪੁਰਾਣੇ ਸਮੇਂ ਦੇ ਕੁਝ ਆਗੂ ਦਿਮਿਤਰੋਵ ਦੇ ਕੌਮਾਂਤਰੀ ਕਮਿਊਨਿਸਟ ਲਹਿਰ ਦਾ ਸਕੱਤਰ ਬਣਨ ਤੋਂ ਪਹਿਲਾਂ ਇਸ ਨੀਤੀ ਨੂੰ ਦੇਖਦੇ ਸਨ।

ਅਪ੍ਰੈਲ 1933 'ਚ, ਪਾਰਟੀ ਦੀ ਕੇਂਦਰੀ ਕਮੇਟੀ ਦੀ ਮੈਡਰਿਡ 'ਚ ਹੋਈ ਮੀਟਿੰਗ 'ਚ, ਪਾਰਟੀ ਦੀ ਨਵੀਂ ਸਿਆਸੀ ਸੇਧ ਇਸ ਤਰ੍ਹਾਂ ਸਪਸ਼ਟ ਬਿਆਨ ਕੀਤੀ ਗਈ: ਮਜ਼ਦੂਰ ਜਮਾਤ ਅਤੇ ਜਮਹੂਰੀ ਤਾਕਤਾਂ ਸਭਨਾਂ ਨਾਲ ਏਕਤਾ ਕਰਨਾ, ਇੰਜ ਪਹਿਲੇ ਸੀਮਤ ਅਤੇ ਫੁੱਟਪਾਊ ਫਾਰਮੂਲਿਆਂ ਨਾਲੋਂ ਤੋੜ-ਵਿਛੋੜਾ ਕਰਨਾ। ਕਾਮਿਨਟਰਨ ਦੇ ਇਕ ਆਗੂ, ਚਵਾਰੋਸ਼ ਨੇ ਲੜੀਵਾਰ ਲੇਖਾਂ 'ਚ ਇਸ ਪੁਜ਼ੀਸ਼ਨ ਦੀ ਵਿਰੋਧਤਾ ਕੀਤੀ, ਇਸ ਨੇ ਬਾਦ 'ਚ ਜਾ ਕੇ ਹੀ ਇਹ ਮੰਨਿਆ ਕਿ ਸਾਡੀ ਪੁਜੀਸ਼ਨ ਸਹੀ ਸੀ। ਕਿਉਂਕਿ ਸਪੇਨ ਵਿਚਲੀ ਹਾਲਤ ਨੂੰ ਅਸੀਂ ਚਵਾਰੋਸ਼ ਨਾਲੋਂ ਬਿਹਤਰ ਜਾਣਦੇ ਸੀ, ਅਸੀਂ ਮਜ਼ਦੂਰਾਂ ਤੇ ਹੋਰ ਜਮਹੂਰੀ ਤਾਕਤਾਂ ਦੇ ਗੱਠਜੋੜ ਲਈ ਜੱਦੋਜਹਿਦ ਕਰਦੇ ਰਹੇ।

ਕਾਮਿਨਟਰਨ ਦੀ ਸੱਤਵੀਂ ਕਾਂਗਰਸ 'ਚ, ਫਰਾਂਸ ਦੀ ਕਮਿਊਨਿਸਟ ਪਾਰਟੀ ਦੀ ਲੋਕ ਮੁਹਾਜ਼ ਦੀ ਨੀਤੀ ਦੇ ਨਾਲ-ਨਾਲ, ਏਕਤਾ ਦੀ ਸਾਡੀ ਨੀਤੀ ਪੂਰੀ ਤਰ੍ਹਾਂ ਪ੍ਰਵਾਨ ਕਰ ਲਈ

ਗਈ। ਇਸ ਪਾਰਟੀ ਦੀਆਂ ਨੀਤੀਆਂ ਨੂੰ ਸਾਰੀਆਂ ਕਮਿਊਨਿਸਟ ਪਾਰਟੀਆਂ ਲਈ ਨਮੂਨਾ ਸਮਝਿਆ ਜਾਂਦਾ ਸੀ।

ਕਾਮਿਨਟਰਨ ਦੀ ਸੱਤਵੀਂ ਕਾਂਗਰਸ ਤੋਂ ਪਹਿਲਾਂ, 2 ਜੂਨ 1935 ਨੂੰ ਮੈਡਰਿਡ ਵਿਚ ਹੋਈ ਮੀਟਿੰਗ 'ਚ ਜੋਸ ਡਿਆਜ਼ ਨੇ ਸਪੇਨ ਦੀ ਕਮਿਊਨਿਸਟ ਪਾਰਟੀ ਦੇ ਨਾਂਅ ਹੇਠ ਫਾਸ਼ੀਵਾਦ ਵਿਰੋਧੀ ਸਾਰੀਆਂ ਤਾਕਤਾਂ ਨੂੰ ਇਕਮੁੱਠ ਹੋਣ ਦਾ ਸੱਦਾ ਦਿੱਤਾ, ਅਤੇ ਵਿਸ਼ੇਸ਼ ਸਰਗਰਮੀਆਂ ਤਜਵੀਜ਼ ਕੀਤੀਆਂ। ਕਮਿਊਨਿਸਟ ਆਪਣੇ ਨਿਸ਼ਾਨੇ ਨੂੰ ਤਿਲਾਂਜ਼ਲੀ ਨਹੀਂ ਸੀ ਦੇ ਰਹੇ। ਇਸ ਦੇ ਉਲਟ, ਪਾਰਟੀ ਸਪੇਨ ਦੀ ਅਸਲ ਸਿਆਸੀ ਹਾਲਤ ਦੇ ਅਨੁਕੂਲ ਆਪਣੇ ਦਾਅਪੇਚਾਂ ਨੂੰ ਢਾਲਕੇ ਆਪਣਾ ਇਨਕਲਾਬੀ ਸੁਭਾਅ ਦਰਸਾ ਰਹੀ ਸੀ।

"ਫਾਸ਼ੀਵਾਦ ਵੱਲੋਂ ਅਹਿਮ ਸਰਕਾਰੀ ਅਹੁਦਿਆਂ 'ਤੇ ਕੰਟਰੋਲ ਬਣਾ ਲੈਣ ਕਾਰਣ, ਖ਼ਤਰੇ ਦੇ ਇਨ੍ਹਾਂ ਪਲਾਂ 'ਚ" ਜੋਸ ਡਿਆਜ਼ ਨੇ ਆਖਿਆ, "ਅਸੀਂ ਘੱਟੋ-ਘੱਟ ਪ੍ਰੋਗਰਾਮ ਦੇ ਅਧਾਰ 'ਤੇ ਇਕਮੁੱਠ ਸਾਰੀਆਂ ਫਾਸ਼ੀਵਾਦ ਵਿਰੋਧੀ ਤਾਕਤਾਂ ਨੂੰ ਲੈ ਕੇ ਦ੍ਰਿੜਤਾ ਨਾਲ ਜੂਝਣ ਦਾ ਐਲਾਨ ਕਰਦੇ ਹਾਂ, ਜਿਸ ਘੱਟੋ-ਘੱਟ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਲੋਕ ਮੁਹਾਜ਼ ਦੇ ਸਾਰੇ ਮੈਂਬਰ ਪਾਬੰਦ ਹੋਣਗੇ। ......ਅਸੀਂ ਇਕ ਆਰਜ਼ੀ ਇਨਕਲਾਬੀ ਸਰਕਾਰ ਬਣਾਉਣ ਦੀ ਤਜਵੀਜ਼ ਕਰਦੇ ਹਾਂ ਜਿਹੜੀ ਸਾਰੇ ਮਜ਼ਦੂਰਾਂ, ਆਮ ਜਨਤਾ ਅਤੇ ਫਾਸ਼ੀਵਾਦ ਵਿਰੋਧੀ ਤਾਕਤਾਂ ਦੀਆਂ ਮੰਗਾਂ ਪੂਰੀਆਂ ਕਰੇਗੀ, ਅਤੇ ਫਾਸ਼ੀਵਾਦ ਵਿਰੋਧੀ ਲੋਕ ਗੱਠਜੋੜ ਵੱਲੋਂ ਮਨਜ਼ੂਰ ਕੀਤੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਹਲਫ਼ ਲੋਕਾਂ ਮੂਹਰੇ ਲਵੇਗੀ।"

ਜਦੋਂ ਦਿਮਿਤਰੋਵ ਨੇ ਸੱਤਵੀਂ ਕਾਂਗਰਸ 'ਚ, ਨਵੀਂ ਕਮਿਊਨਿਸਟ ਨੀਤੀ ਜਾਰੀ ਕੀਤੀ, ਤੇ ਸਾਡੇ ਦਾਅਪੇਚ ਪਾਸ ਹੋ ਗਏ, ਤਾਂ ਸਾਨੂੰ ਬੇਥਾਹ ਖ਼ੁਸ਼ੀ ਹੋਈ।

ਇਸ ਨੁਕਤੇ 'ਤੇ ਇਹ ਹੋ ਨਹੀਂ ਸਕਦਾ ਕਿ ਇਕ ਅਰਜਨਟਾਈਨੀ ਸਾਥੀ, ਵਿਕਟੋਰੀਓ ਕੌਂਡੋਵਿਲਾ ਦਾ ਜ਼ਿਕਰ ਨਾ ਕੀਤਾ ਜਾਵੇ, ਜਿਸ ਨੇ ਉਸ ਸਮੇਂ ਤੇ ਬਾਦ 'ਚ ਸਾਡੀਆਂ ਸਿਆਸੀ ਕਮਜ਼ੋਰੀਆਂ ਨੂੰ ਦੂਰ ਕਰਨ, ਸੰਕੀਰਣਤਾਵਾਦੀ ਕੰਮ-ਢੰਗ ਦਾ ਖ਼ਾਤਮਾ ਕਰਨ ਅਤੇ ਸਾਡੀ ਪਾਰਟੀ ਦੇ ਜਥੇਬੰਦ ਹੋਣ 'ਚ ਚੋਖੀ ਮਦਦ ਕੀਤੀ। ਕੌਂਡੋਵਿਲਾ ਦਾ ਨਾਂਅ ਸਪੇਨ ਦੀ ਕਮਿਊਨਿਸਟ ਪਾਰਟੀ ਦੀਆਂ ਔਖੀਆਂ ਘੜੀਆਂ ਤੇ ਇਸ ਦੇ ਵਿਕਾਸ ਨਾਲ ਅਟੁੱਟ ਰੂਪ 'ਚ ਜੁੜਿਆ ਹੋਇਆ ਹੈ।

ਕਾਂਗਰਸ ਤੋਂ ਅਸੀਂ, ਉਤਸ਼ਾਹ ਨਾਲ ਭਰੇ, ਤੇ ਸਾਡੇ ਦੇਸ਼ ਦੀਆਂ ਵੱਖ-ਵੱਖ ਮਜ਼ਦੂਰ ਜਮਾਤ ਤੇ ਜਮਹੂਰੀ ਜਥੇਬੰਦੀਆਂ ਨਾਲ ਸਮਝੌਤੇ 'ਤੇ ਅੱਪੜਨ ਲਈ, ਜ਼ਮੀਨ ਆਸਮਾਨ ਹਿਲਾ ਦੇਣ ਦੀ ਦ੍ਰਿੜਤਾ ਲੈ ਕੇ ਮੁੜੇ। ਕਮਿਊਨਿਸਟ ਪਾਰਟੀ ਖੱਬੀ ਧਿਰ ਦੀਆਂ ਤਮਾਮ ਤਾਕਤਾਂ ਨੂੰ ਕਾਮਯਾਬੀ ਨਾਲ ਜੋੜਨ ਦੇ ਸਮਰੱਥ, ਨਵੀਂ ਇਨਕਲਾਬੀ ਤਾਕਤ ਬਣ ਗਈ, ਕਿਉਂਕਿ ਲੋਕਾਂ ਦੀਆਂ ਨਜ਼ਰਾਂ 'ਚ ਇਸ 'ਤੇ ਨਾਕਾਮਯਾਬੀ ਦਾ ਠੱਪਾ ਨਹੀਂ ਸੀ ਲੱਗਿਆ ਹੋਇਆ, ਜਿਵੇਂ ਦੂਜੇ ਗਣਰਾਜ ਦੇ ਇਨਕਲਾਬੀ ਬਾਂਝਪਣ ਲਈ ਹੋਰ ਸਿਆਸੀ ਧੜਿਆਂ ਨੂੰ ਜ਼ਿੰਮੇਵਾਰ ਸਮਝਿਆ ਜਾਂਦਾ ਸੀ।

3 ਨਵੰਬਰ 1935 ਨੂੰ ਪਰਡਿਨਾਸ ਕਾਲਿਜ਼ੀਅਮ 'ਚ ਹੋਈ ਇਕ ਮੀਟਿੰਗ 'ਚ ਜੋਸ ਡਿਆਜ਼ ਨੇ ਇਕ ਵਾਰ ਫਿਰ ਖੱਬੀਆਂ ਤਾਕਤਾਂ ਨੂੰ ਆਪਣੇ ਮੱਤਭੇਦ ਪਾਸੇ ਰੱਖਕੇ ਇਕੋ ਇਕ ਬੁਨਿਆਦੀ ਨੁਕਤੇ, ਗਣਰਾਜ ਅਤੇ ਜਮਹੂਰੀਅਤ ਦੀ ਰਾਖੀ, ਦੇ ਅਧਾਰ 'ਤੇ ਇਕਜੁੱਟ ਹੋਣ ਅਤੇ ਮੁਕਤੀ ਦੇ ਸਭ ਤੋਂ ਵਹਿਸ਼ੀ ਦੁਸ਼ਮਣ, ਫਾਸ਼ੀਵਾਦ, ਨਾਲ ਲੜਨ ਵਾਸਤੇ ਫਾਸ਼ੀਵਾਦ ਵਿਰੁੱਧ ਲੋਕ ਮੁਹਾਜ਼ ਬਣਾਉਣ ਦਾ ਸੱਦਾ ਦਿੱਤਾ।

ਬਾਦਵਾਨੀ ਬੇੜੀ ਦੇ ਦੀਦਾਰ ਕਰਨ ਤੋਂ ਪਹਿਲਾਂ, ਸਾਨੂੰ ਲੰਮੀ, ਬੇਚੈਨੀ ਭਰੀ ਇੰਤਜ਼ਾਰ ਕਰਨੀ ਪਈ, ਫਿਰ ਇਹ ਖ਼ਤਰਾ ਬਣਿਆ ਰਿਹਾ ਕਿ ਤਰਥੱਲ ਮਚਾਉਂਦੀਆਂ ਛੱਲਾਂ ਕਿਸੇ ਵੀ ਪਲ ਸਾਡੀ ਬੇੜੀ ਉਲਟਾ ਦੇਣਗੀਆਂ। ਉੱਚੇ ਸਮੁੰਦਰ 'ਚ ਸਫ਼ਰ ਦਾ ਅਤੇ ਜੀਅ ਕੱਚਾ ਹੋਣ ਦਾ ਕੋਈ ਅਨੁਭਵ ਨਾ ਹੋਣ ਕਰਕੇ ਬਾਦਵਾਨੀ ਬੇੜੀ ਦੀ ਸਵਾਰੀ ਕਿਸੇ ਵੀ ਤਰ੍ਹਾਂ ਸੁਖਾਲਾ ਕਾਰਨਾਮਾ ਨਹੀਂ ਸੀ।

ਆਖ਼ਿਰ ਅਸੀਂ ਸੈਨ ਸੇਬੇਸਟੀਅਨ 'ਚ ਸਹੀ ਸਲਾਮਤ ਠਿੱਲ ਪਏ। ਕਸਟਮ ਵਾਲਿਆਂ ਨੇ ਸਾਨੂੰ ਬਾਦਵਾਨੀ ਬੇੜੀ ਦੇ ਮਾਲਕ ਦੇ ਦੋਸਤ ਸਮਝਕੇ ਬਿਨਾ ਕਿਸੇ ਮੁਸ਼ਕਲ ਦੇ ਲੰਘ ਜਾਣ ਦਿੱਤਾ।

ਬਾਦਵਾਨੀ ਬੇੜੀ, ਨਿਰੰਕੁਸ਼ਵਾਦੀ ਰਸਾਲੇ, *ਏ ਬੀ ਸੀ*, ਦੇ ਮਾਲਕ ਜਨਾਬ ਲੂਕਾ ਡੀ ਟੇਨਾ ਦੀ ਸੀ। ਕਿਉਂਕਿ ਸਾਨੂੰ ਪਤਾ ਹੈ ਕਿ ਉਹ ਕਿੰਨਾ ਚੰਗਾ ਅਤੇ ਦਰਿਆ-ਦਿਲ ਹੈ, ਮੈਨੂੰ ਯਕੀਨ ਹੈ ਕਿ ਉਹ ਆਪਣੀ ਬਾਦਵਾਨੀ ਬੇੜੀ ਵਰਤ ਲੈਣ ਲਈ ਸਾਨੂੰ ਮੁਆਫ਼ ਕਰ ਦੇਵੇਗਾ। ਇਸ ਨੇ ਸਾਡਾ ਖ਼ਾਸ ਕਰਕੇ ਮੇਰਾ ਇਕ ਕਮਜ਼ੋਰ ਔਰਤ ਦਾ, ਪਾਈਰੈਨੀਸ ਪਾਰ ਕਰਨ ਦੇ ਲੰਮੇ ਸਫ਼ਰ ਤੋਂ ਬਚਾਅ ਕਰ ਦਿੱਤਾ ਸੀ।

## [19]
## ਖੁੱਲ੍ਹ-ਦਿਲੀ ਨਾਲ ਸਹਾਇਤਾ

ਜਦੋਂ ਮੈਂ ਉਨ੍ਹਾਂ ਭਿਆਨਕ ਦਿਨਾਂ ਨੂੰ ਯਾਦ ਕਰਦੀ ਹਾਂ, ਤਾਂ ਮੈਂ ਉਨ੍ਹਾਂ ਸੰਜੀਦਾ ਤੇ ਸੁਘੜ ਲੋਕਾਂ ਪ੍ਰਤੀ ਉਚੇਚੇ ਤੌਰ 'ਤੇ ਸ਼ੁਕਰਾਨਾ ਜ਼ਾਹਿਰ ਕਰਨਾ ਚਾਹਾਂਗੀ, ਜਿਨ੍ਹਾਂ ਨੇ ਹਕੂਮਤੀ ਜ਼ੁਲਮਾਂ ਦੇ ਬਾਵਜੂਦ ਆਪਣੇ ਘਰਾਂ 'ਚ ਸਾਨੂੰ ਆਸਰਾ ਦਿੱਤਾ ਅਤੇ ਇਕਮੁੱਠਤਾ ਦਰਸਾਈ।

ਪੁਲਿਸ ਵੱਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਮੇਰਾ ਪਿੱਛਾ ਕੀਤੇ ਜਾਣ ਸਮੇਂ ਇਨ੍ਹਾਂ ਮਰਦਾਂ-ਔਰਤਾਂ ਨੇ ਕਮਿਊਨਿਸਟ ਪਾਰਟੀ ਪ੍ਰਤੀ ਜੋ ਹਮਦਰਦੀ ਦਿਖਾਈ ਉਹ ਬਹੁਤ ਜ਼ਿਆਦਾ ਅਹਿਮ ਤੇ ਸਲਾਹੁਣਯੋਗ ਸੀ ਕਿਉਂਕਿ ਬੁਰਜੂਆ ਸਿਆਸੀ ਅਮਲ ਦੇ ਉਲਟ, ਇੱਥੇ ਸਹਾਇਤਾ ਦੇ ਬਦਲੇ ਕੁਝ ਹਾਸਲ ਕਰਨ ਦੀ ਤਮੰਨਾ ਨਹੀਂ ਸੀ। ਕਮਿਊਨਿਸਟਾਂ ਦਾ ਸਿਆਸੀ ਅਸਰ-ਰਸੂਖ਼ ਨਹੀਂ ਸੀ ਅਤੇ ਬਦਲੇ 'ਚ ਦੇਣ ਲਈ ਸਰਕਾਰੀ ਨੌਕਰੀਆਂ ਜਾਂ ਹੋਰ ਕੋਈ ਬਖਸ਼ਿਸ਼ਾਂ ਨਹੀਂ ਸਨ।

ਰੋਸੇਲਜ਼ ਤੋਂ ਗਲੋਰਿਟਾ ਡੀ ਕਿਊਵੇਡੋ ਨੂੰ ਜਾਂਦੀ ਇਕ ਸੜਕ 'ਤੇ, ਲਿਖਣ ਦੇ ਸਮਾਨ ਤੇ ਤੰਬਾਕੂ ਦੀ ਇਕ ਦੁਕਾਨ ਸੀ ਜਿੱਥੋਂ ਮੈਂ ਲਿਖਣ ਦਾ ਸਮਾਨ ਖ਼ਰੀਦਿਆ ਕਰਦੀ ਸੀ। ਦੁਕਾਨ 'ਤੇ ਜਾ ਕੇ ਮੈਂ ਦੁਕਾਨਦਾਰ ਨਾਲ ਖ਼ਰੀਦਦਾਰੀ ਤੋਂ ਵੱਧ ਕਦੇ ਕੋਈ ਗੱਲ ਨਹੀਂ ਸੀ ਕੀਤੀ।

ਇਕ ਦਿਨ, 1935 ਦੇ ਸ਼ੁਰੂ 'ਚ, ਜਦੋਂ ਮੈਂ ਕੁਝ ਕਾਪੀਆਂ ਖ਼ਰੀਦ ਰਹੀ ਸੀ, ਦੁਕਾਨਦਾਰ ਨੇ ਮੈਨੂੰ ਅਪਣੱਤ ਨਾਲ ਪੁੱਛਿਆ, "ਕਿਵੇਂ ਚੱਲ ਰਿਹੈ ?"

ਮੈਂ ਹੈਰਾਨ ਹੋ ਕੇ ਉਸ ਵੱਲ ਵੇਖਿਆ ਤੇ ਕਿਹਾ, "ਮੈਂ ਤੁਹਾਡਾ ਸਵਾਲ ਨਹੀਂ ਸਮਝੀ ?"

"ਮਾਫ਼ ਕਰਨਾ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਕੌਣ ਹੋ! ਮੈਨੂੰ ਕਮਿਊਨਿਸਟ ਪਾਰਟੀ ਦੇ ਕਾਜ਼ ਪ੍ਰਤੀ ਹਮਦਰਦੀ ਅਤੇ ਹੋਰ ਪਾਰਟੀਆਂ ਦੇ ਵਤੀਰੇ ਪ੍ਰਤੀ ਨਾਰਾਜ਼ਗੀ ਹੈ। ਮੈਂ ਪੁਰਾਣਾ

ਗਣਰਾਜਵਾਦੀ ਹਾਂ ਅਤੇ ਸਾਡੀ ਸਰਕਾਰ ਨੇ ਗਣਰਾਜ ਨੂੰ ਜਿਸ ਹਾਲਤ 'ਚ ਸੁੱਟ ਦਿੱਤਾ ਹੈ ਉਸ ਤੋਂ ਮੈਂ ਸ਼ਰਮਿੰਦਾ ਹਾਂ ਤੇ ਗੁੱਸਾ ਆਉਂਦਾ ਹੈ। ਤੁਸੀਂ ਕਿਸੇ ਚੀਜ਼ ਲਈ ਵੀ ਮੇਰੇ 'ਤੇ ਭਰੋਸਾ ਰੱਖ ਸਕਦੇ ਹੋ। ਮੈਂ ਤੇ ਮੇਰੀ ਭੈਣ ਇਕੱਠੇ ਰਹਿੰਦੇ ਹਾਂ, ਜੇ ਤੁਹਾਨੂੰ ਕੰਮ ਕਰਨ, ਜਾਂ ਮੀਟਿੰਗਾਂ ਕਰਨ ਲਈ ਜਗ੍ਹਾ ਦੀ ਲੋੜ ਹੋਵੇ ਤਾਂ ਮੈਂ ਆਪਣੀ ਦੁਕਾਨ ਤੇ ਆਪਣਾ ਘਰ ਤੁਹਾਨੂੰ ਵਰਤਣ ਲਈ ਦੇ ਸਕਦਾ ਹਾਂ।"

ਮੈਂ ਉਸਦਾ ਧੰਨਵਾਦ ਕੀਤਾ, ਪਰ ਸਾਨੂੰ ਉਸ ਦੀ ਮਿਹਰਬਾਨ ਪੇਸ਼ਕਸ਼ ਨੂੰ ਵਰਤੋਂ 'ਚ ਲਿਆਉਣ ਦੀ ਜ਼ਰੂਰਤ ਨਹੀਂ ਪਈ। ਕਿਉਂਕਿ, ਜਨਤਾ ਕਮਿਊਨਿਸਟ ਨੀਤੀਆਂ ਨੂੰ ਵੱਧ ਤੋਂ ਵੱਧ ਸਵੀਕਾਰ ਕਰਦੀ ਜਾ ਰਹੀ ਸੀ, ਸਾਡੇ ਕੋਲ ਮੀਟਿੰਗਾਂ ਲਈ ਅਨੇਕਾਂ ਸਹੂਲਤ ਵਾਲੀਆਂ ਜਗ੍ਹਾ ਸਨ ਜੋ ਪਹਿਲਾਂ ਨਹੀਂ ਸੀ ਹੁੰਦੀਆਂ—ਮਜ਼ਦੂਰਾਂ ਦੀਆਂ ਰਿਹਾਇਸ਼ਾਂ, ਅਤੇ ਇੱਥੋਂ ਤੱਕ ਕਿ ਉਹ ਘਰ ਜਿਨ੍ਹਾਂ ਦੇ ਬਾਰੇ ਸਿਆਸੀ ਹੋਣ ਦਾ ਕੋਈ ਸ਼ੱਕ ਹੀ ਨਹੀਂ ਸੀ।

ਸੈਨ ਬਰਨਾਰਡੋ ਗਲੀ 'ਚ ਇਕ ਗਣਰਾਜਵਾਦੀ-ਗਰਮ ਖ਼ਿਆਲ-ਸਮਾਜਵਾਦੀ ਘੇਰਾ ਸੀ ਜਿਸ ਦਾ ਪ੍ਰਧਾਨ ਇਕ ਛੋਟਾ ਸਨਅਤਕਾਰ, ਇਕ ਸੰਜੀਦਾ ਗਣਰਾਜਵਾਦੀ ਅਤੇ ਜਮਹੂਰੀਅਤਪਸੰਦ ਸੀ। ਜਦੋਂ ਜ਼ੁਲਮ ਸਿਖ਼ਰਾਂ 'ਤੇ ਸੀ ਅਤੇ ਪੁਲਿਸ ਨੇ ਪਾਰਟੀ ਦੇ ਸਾਰੇ ਮੀਟਿੰਗ ਭਵਨ ਬੰਦ ਕਰਵਾ ਦਿੱਤੇ ਤਾਂ ਸਾਡੇ ਕੁਝ ਮੈਂਬਰਾਂ ਨੇ ਇਸ ਘੇਰੇ ਨਾਲ ਜੁੜੇ ਗਣਰਾਜਵਾਦੀ ਮਿੱਤਰਾਂ ਦੇ ਸਹਿਯੋਗ ਦੀ ਪੇਸ਼ਕਸ਼ ਮੰਨ ਲਈ ਅਤੇ ਰਾਤ ਨੂੰ ਸੈਨ ਬਰਨਾਰਡੋ ਗਲੀ 'ਚ ਉਨ੍ਹਾਂ ਸਾਥੀਆਂ ਨਾਲ ਮੀਟਿੰਗਾਂ ਕਰਨ ਲੱਗੇ ਜੋ ਕਸਬੇ ਦੇ ਕੇਂਦਰੀ ਹਿੱਸੇ ਤੋਂ ਦੂਰ ਰਹਿੰਦੇ ਸਨ।

ਇਸ ਤੋਂ ਇਸ ਘੇਰੇ ਦਾ ਪ੍ਰਧਾਨ ਚੁਕੰਨਾ ਹੋ ਗਿਆ—ਇਸ ਕਰਕੇ ਨਹੀਂ ਕਿ ਉਸਨੂੰ ਆਪਣਾ ਡਰ ਸੀ ਸਗੋਂ ਆਪਣੀ ਗਣਰਾਜਵਾਦੀ ਇਖ਼ਲਾਕੀ ਝਿਜਕ ਕਰਕੇ। ਉਸ ਨੇ ਸੋਚਿਆ, ਜਿਨ੍ਹਾਂ ਕਮਿਊਨਿਸਟਾਂ ਨੂੰ ਉਹ ਐਨਾ ਮਾਣ ਦਿੰਦੇ ਤੇ ਚਾਹੁੰਦੇ ਹਨ ਜੇ ਪੁਲਿਸ ਨੇ ਉਹ ਕਲੱਬ ਇਮਾਰਤ 'ਚੋਂ ਗ੍ਰਿਫ਼ਤਾਰ ਕਰ ਲਏ ਤਾਂ ਬਤੌਰ ਇਨਕਲਾਬੀ ਜਮਹੂਰੀਅਤਪਸੰਦ ਉਨ੍ਹਾਂ ਲਈ ਇਹ ਡੁੱਬ ਮਰਨ ਵਾਲੀ ਗੱਲ ਹੋਵੇਗੀ।

ਇਕ ਸ਼ਾਮ ਮੈਂ ਇਕ ਸਾਥੀ ਨੂੰ ਮਿਲਣ ਦੀ ਆਸ ਨਾਲ ਉੱਥੇ ਗਈ ਜਿਸਨੂੰ ਮਿਲਣਾ ਬਹੁਤ ਜ਼ਰੂਰੀ ਸੀ। ਪ੍ਰਧਾਨ ਨੇ ਮੈਨੂੰ ਆਪਣੇ ਦਫ਼ਤਰ ਬੁਲਾ ਲਿਆ।

"ਦੇਖੋ, ਪੈਸੀਓਨਾਰੀਆ, ਮੈਨੂੰ ਪਤੈ ਤੁਹਾਡੇ ਸਾਥੀ ਇੱਥੇ ਇਕ ਮਕਸਦ ਲਈ ਆਉਂਦੇ ਹਨ। ਪੁਲਿਸ ਵੀ ਏਥੇ ਗੇੜੇ ਮਾਰਦੀ ਰਹਿੰਦੀ ਹੈ, ਮੈਨੂੰ ਡਰ ਹੈ ਕਿ ਕਿਸੇ ਦਿਨ ਸਾਡੇ ਲਈ ਯੱਭ ਖੜ੍ਹਾ ਹੋ ਜਾਵੇਗਾ। ਮੈਂ ਸੰਜੀਦਗੀ ਨਾਲ ਤੁਹਾਡੀ ਮਦਦ ਕਰਨੀ ਚਾਹੁੰਦਾ ਹਾਂ। ਮੈਨੂੰ ਪਤੈ ਤੁਹਾਡੇ ਕੋਲ ਮਿਲਣ ਲਈ ਜਗ੍ਹਾ ਨਹੀਂ ਹੈ, ਇਸ ਕਰਕੇ ਮੇਰੇ ਘਰ ਆ ਜਾਇਆ ਕਰੋ। ਤੁਸੀਂ ਉੱਥੇ ਮੀਟਿੰਗ ਕਰ ਸਕਦੇ ਹੋ, ਤੁਹਾਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਹੋਵੇਗੀ। ਰਿਹਾਇਸ਼ੀ ਕਮਰਾ ਤੁਸੀਂ ਪੂਰਾ ਦਿਨ ਵਰਤ ਸਕਦੇ ਹੋ। ਮੈਂ ਦਰਬਾਨ ਨੂੰ ਆਖ ਦੇਵਾਂਗਾ ਕਿ ਤੁਹਾਨੂੰ ਚਾਬੀ ਦੇ ਦਿਆ ਕਰੇ ਅਤੇ ਕੱਲ੍ਹ ਤੋਂ ਹੀ ਤੁਸੀਂ ਕਿਸੇ ਵੀ ਸਮੇਂ ਉੱਥੇ ਜਾ ਸਕਦੇ ਹੋ।"

ਮੈਂ ਫਰਾਖ਼ਦਿਲ ਪੇਸ਼ਕਸ਼ ਲਈ ਉਸਦਾ ਧੰਨਵਾਦ ਕੀਤਾ ਅਤੇ ਸਾਥੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ। ਅਗਲੇ ਦਿਨ ਮੈਂ ਦਿੱਤੇ ਸਿਰਨਾਵੇਂ 'ਤੇ ਚਲੀ ਗਈ ਅਤੇ ਦਰਬਾਨ ਨੇ ਮੇਰਾ ਨਾਂਅ ਪੁੱਛੇ ਬਗ਼ੈਰ ਹੀ ਮੈਨੂੰ ਚਾਬੀ ਦੇ ਦਿੱਤੀ। ਇਹ ਮਕਾਨ ਪੋਲਿਟ ਬਿਊਰੋ ਦੀਆਂ ਮੀਟਿੰਗਾਂ ਲਈ ਢੁੱਕਵਾਂ ਸੀ। ਅਸੀਂ ਉੱਥੇ ਤਦ ਤੱਕ ਮੀਟਿੰਗਾਂ ਕਰਦੇ ਰਹੇ, ਜਦੋਂ ਤੱਕ ਸਿਆਸੀ ਹਾਲਤ ਠੀਕ ਨਹੀਂ ਹੋ ਗਈ।

ਅਕਤੂਬਰ 1934 ਦੇ ਅੰਤ 'ਚ ਪੁਲਿਸ ਨੇ ਜਿਸ ਜ਼ਿਲ੍ਹੇ 'ਚ ਮੈਂ ਰਹਿੰਦੀ ਸੀ, ਓਥੇ ਮੇਰੀ ਭਾਲ ਸ਼ੁਰੂ ਕਰ ਦਿੱਤੀ। ਮੈਨੂੰ ਤੁਰੰਤ ਆਪਣੇ ਘਰ ਤੋਂ ਰਿਹਾਇਸ਼ ਬਦਲਣੀ ਪਈ ਅਤੇ ਮੈਂ ਬਲੈਸਕੋ ਡੀ ਗਾਰੇਅ ਸੜਕ 'ਤੇ ਰਿਹਾਇਸ਼ੀ ਕਮਰਾ ਲੈ ਲਿਆ ਜੋ ਮੁਕਾਬਲਤਨ ਮਹਿਫੂਜ਼ ਲੱਗਦਾ ਸੀ।

ਫਿਰ ਵੀ, ਮੇਰੀ ਹਾਲਤ ਹੋਰ ਮੁਸ਼ਕਲ ਹੁੰਦੀ ਜਾ ਰਹੀ ਸੀ, ਖ਼ਾਸ ਕਰਕੇ ਬੱਚਿਆਂ ਦੇ ਸੰਬੰਧ 'ਚ। ਉਹ ਅਕਸਰ ਹੀ ਨਜ਼ਰਅੰਦਾਜ਼ ਹੋ ਜਾਂਦੇ ਸਨ ਜਦੋਂਕਿ ਮੈਂ ਪਾਰਟੀ ਦੇ ਖੁਫ਼ੀਆ ਕੰਮ 'ਚ ਸਰਗਰਮ ਰਹਿੰਦੀ ਸੀ।

ਜਦੋਂ ਮੈਂ ਬਿਲਬਾਓ ਜੇਲ੍ਹ ਤੋਂ ਵਾਪਸ ਆ ਕੇ ਪਾਰਟੀ ਆਗੂਆਂ ਨੂੰ ਮਿਲੀ, ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੀ ਇੱਛਾ ਬਾਸਕ ਦੇਸ਼ ਵਾਪਸ ਜਾਣ ਦੀ ਹੈ। ਉੱਥੇ ਮੈਂ ਪਾਰਟੀ ਲਈ ਕੰਮ ਕਰ ਸਕਦੀ ਸੀ ਅਤੇ ਆਪਣੇ ਬੱਚਿਆਂ ਨਾਲ ਰਹਿ ਸਕਦੀ ਸੀ, ਮੈਂ ਮੈਡਰਿਡ ਵਿਚ ਅਜਿਹਾ ਨਹੀਂ ਸੀ ਕਰ ਸਕੀ। ਪਰ ਪਾਰਟੀ ਨੇ ਇਸ ਨੂੰ ਮਹੱਤਤਾ ਦਿੱਤੀ ਕਿ ਮੈਂ ਮੈਡਰਿਡ 'ਚ ਰਹਿਕੇ ਔਰਤਾਂ 'ਚ ਕੰਮ ਕਰਾਂ, ਜਿਹੜਾ ਕਿ ਓਦੋਂ ਤੱਕ ਅੱਖੋਂ ਪਰੋਖੇ ਰਿਹਾ ਸੀ। ਕੁਝ ਵੀ ਹੋਵੇ, ਇਸ ਖੇਤਰ 'ਚ ਮੇਰਾ ਕੰਮ ਮਾਰਚ 1932 'ਚ ਮੇਰੀ ਨਵੀਂ ਗ੍ਰਿਫ਼ਤਾਰੀ ਕਰਕੇ ਆਰਜ਼ੀ ਤੌਰ 'ਤੇ ਠੱਪ ਹੋ ਗਿਆ। ਮੇਰੀ ਰਿਹਾਈ ਜਨਵਰੀ 1933 'ਚ ਹੋਈ।

ਮੇਰੇ ਬਾਸਕ ਦੇਸ਼ 'ਚ ਪਲੇ ਦੋਵੇਂ ਬੱਚੇ ਸਾਫ਼ ਹਵਾ, ਸਮੁੰਦਰ ਅਤੇ ਬਾਸਕ ਦੇਸ਼ ਦੇ ਪਹਾੜੀ ਨਜ਼ਾਰਿਆਂ ਦੇ ਆਦੀ ਸਨ। ਮੈਂ ਇਹ ਦੇਖਕੇ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਉਹ ਮੈਡਰਿਡ ਦੇ ਕਿਸੇ ਦਮਘੋਟੂ, ਨੇੜੇ ਮਕਾਨ 'ਚ ਤਾੜੇ ਰਹਿਣ, ਜਾਂ ਭੀੜ-ਭੜੱਕੇ ਵਾਲੇ ਸ਼ਹਿਰ 'ਚ *ਮੁੰਡੋ ਓਬਰੇਰੋ* ਅਖ਼ਬਾਰ ਵੇਚਦਿਆਂ ਗੁੰਮ ਹੋ ਜਾਣ। ਇਕ ਨਿੱਕੇ ਜਹੇ ਮੁਹਰੈਲ ਗਰੁੱਪ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਜਾਣਦਾ ਨਾ ਹੋਵੇ, ਜਿੱਥੇ ਉਹ ਸਕੂਲ ਨਾ ਜਾ ਸਕਣ, ਅਤੇ ਚੱਤੋ ਪਹਿਰ ਆਪਣੀ ਮਾਂ ਦਾ ਫ਼ਿਕਰ ਕਰਦੇ ਰਹਿਣ। ਪਾਰਟੀ ਆਗੂਆਂ ਨੇ ਮਾਮਲੇ ਬਾਰੇ ਸੋਚ-ਵਿਚਾਰ ਕੀਤੀ ਅਤੇ ਮੇਰੇ ਬੱਚਿਆਂ ਨੂੰ ਸੋਵੀਅਤ ਯੂਨੀਅਨ ਭੇਜਣ ਦੀ ਤਜਵੀਜ਼ ਰੱਖੀ, ਜਿੱਥੇ ਉਹ ਸੋਵੀਅਤ ਕਾਮਿਆਂ ਦੇ ਬੱਚਿਆਂ ਨਾਲ ਆਮ ਜ਼ਿੰਦਗੀ ਜੀ ਸਕਦੇ ਸਨ, ਹਾਲਾਂਕਿ ਉਨ੍ਹਾਂ ਨੂੰ ਆਪਣੀ ਮਾਂ ਦਾ ਸਾਥ ਤੇ ਨਿੱਘ ਨਹੀਂ ਮਿਲੇਗਾ।

ਇਹ ਇਕ ਹੋਰ ਕੁਰਬਾਨੀ ਸੀ ਜੋ ਮੈਨੂੰ ਕਰਨੀ ਪਈ। ਮੈਂ ਇਸ ਵਿਸ਼ਵਾਸ ਨਾਲ ਇਸ ਨੂੰ ਪ੍ਰਵਾਨ ਕਰ ਲਿਆ ਕਿ ਦੋਵਾਂ ਪਾਸਿਆਂ ਤੋਂ ਜੁਦਾਈ ਦੀ ਪੀੜ ਘਟ ਜਾਵੇਗੀ; ਉਹ ਆਮ ਬਚਪਨ ਮਾਣ ਸਕਣਗੇ, ਅਤੇ ਮੈਨੂੰ ਇਹ ਜਾਣਕੇ ਤਸੱਲੀ ਹੋਵੇਗੀ ਕਿ ਉਨ੍ਹਾਂ ਦੀ ਸਹੀ ਦੇਖਭਾਲ ਹੋ ਰਹੀ ਸੀ।

1935 ਦੀ ਬਸੰਤ 'ਚ, ਰੂਬਿਨ ਅਤੇ ਅਮਾਇਆ ਸੋਵੀਅਤ ਯੂਨੀਅਨ ਲਈ ਰਵਾਨਾ ਹੋ ਗਏ। ਕਰੀਮੀਆ ਵਿਚ ਅਰਟੇਕ ਦੇ ਪਾਈਨੀਅਰ ਖ਼ੇਮੇ 'ਚ ਥੋੜ੍ਹਾ ਠਹਿਰਣ ਤੋਂ ਬਾਦ ਅਮਾਇਆ ਇਵਾਨੋਵੋ ਵਿਚਲੇ ਕੌਮਾਂਤਰੀ ਬਾਲ-ਘਰ 'ਚ ਦਾਖ਼ਲ ਹੋ ਗਈ, ਅਤੇ ਰੂਬਿਨ ਮਾਸਕੋ ਦੇ ਸਟਾਲਿਨ ਆਟੋਮੋਬਾਈਲ ਅਦਾਰੇ 'ਚ ਸਿਖਾਂਦਰੂ ਲੇਥ-ਮਜ਼ਦੂਰ ਭਰਤੀ ਹੋ ਗਿਆ। ਕੁਝ ਮਹੀਨੇ ਬਾਦ, ਉਸ ਨੂੰ ਹਵਾਬਾਜ਼ੀ ਸਕੂਲ 'ਚ ਦਾਖ਼ਲ ਕਰ ਲਿਆ ਗਿਆ।

ਬੱਚਿਆਂ ਦੇ ਜਾਣ ਤੋਂ ਕੁਝ ਹਫ਼ਤੇ ਬਾਦ, ਦਰਬਾਨ ਔਰਤ ਨੇ ਮੇਰਾ ਦਰਵਾਜ਼ਾ ਖੜਕਾਇਆ। ਮੈਂ ਚੌਕਸ ਹੋ ਕੇ ਉ   ਦਾ ਸਵਾਗਤ ਕੀਤਾ। ਮੈਂ ਪਟਾ ਆਪਣੇ ਪਤੀ ਦੇ ਨਾਂਅ ਲਿਖਵਾਇਆ ਹੋਇਆ ਸੀ, ਇਕ "ਮਲਾਹ" ਦੱਸਕੇ ਜੋ ਹਮੇਸ਼ਾ ਸਮੁੰਦਰ 'ਚ ਰਹਿੰਦਾ ਸੀ; ਮੇਰਾ ਨਾਂਅ ਪਟੇ

ਉੱਪਰ ਨਹੀਂ ਸੀ। ਦਰਬਾਨ ਔਰਤ, ਜਿਸ ਨਾਲ ਮੇਰਾ ਕਦੇ ਕੋਈ ਵਾਹ ਨਹੀਂ ਸੀ ਪਿਆ, ਦੀ ਆਮਦ ਬਹੁਤ ਹੀ ਸ਼ੱਕੀ ਸੀ।

ਉਸ ਨੇ ਹਾਲੇ ਦਹਿਲੀਜ਼ ਹੀ ਟੱਪੀ ਸੀ ਜਦੋਂ ਬਿਨਾ ਕਿਸੇ ਭੂਮਿਕਾ ਦੇ ਉਹ ਬੋਲ ਪਈ, "ਕੀ ਤੁਸੀਂ ਲਾ ਪੈਸੀਓਨਾਰੀਆ ਹੋ?"

ਕਿਉਂਕਿ ਨਾਂਹ 'ਚ ਜਵਾਬ ਦੇਣਾ ਬੇਵਕੂਫ਼ੀ ਹੋਣੀ ਸੀ, ਮੈਂ ਜਵਾਬ ਦਿੱਤਾ: "ਹਾਂ, ਮੈਡਮ, ਮੈਂ ਹੀ ਲਾ ਪੈਸੀਓਨਾਰੀਆ ਹਾਂ। ਮੈਨੂੰ ਆਸ ਹੈ ਕਿ ਤੁਸੀਂ ਸਮਝ ਜਾਉਗੇ ਕਿ ਮੈਂ ਆਪਣੇ ਕੋਟ 'ਤੇ ਲਾਏ ਬਿੱਲੇ ਉੱਪਰ ਆਪਣਾ ਨਾਂਅ ਕਿਉਂ ਨਹੀਂ ਰੱਖਦੀ। ਤੁਸੀਂ ਕਿਉਂ ਜਾਨਣਾ ਚਾਹੁੰਦੇ ਹੋ? ਤੁਹਾਨੂੰ ਕੋਈ ਸ਼ਿਕਾਇਤ ਹੈ? ਕੀ ਮੈਂ ਸਮੇਂ ਸਿਰ ਕਿਰਾਇਆ ਨਹੀਂ ਦਿੰਦੀ?"

"ਦਖ਼ਲ ਦੇਣ ਲਈ ਮਾਫ਼ ਕਰਨਾ। ਪਰ ਇਹ ਗੱਲ ਬਿਲਕੁਲ ਨਹੀਂ ਹੈ। ਪੁਲਿਸ ਇੱਥੇ ਤੁਹਾਡੇ ਬਾਰੇ ਪੁੱਛਗਿੱਛ ਕਰ ਰਹੀ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਤੁਸੀਂ ਇੱਥੇ ਨਹੀਂ ਰਹਿੰਦੇ, ਮੈਨੂੰ ਸੱਚਮੁੱਚ ਤੁਹਾਡੇ ਇੱਥੇ ਹੋਣ ਬਾਰੇ ਨਹੀਂ ਸੀ ਪਤਾ। ਅਤੇ ਜੇ ਮੈਂ ਜਾਣਦੀ ਵੀ ਹੁੰਦੀ, ਤਾਂ ਕਿਹੜਾ ਮੈਂ ਉਨ੍ਹਾਂ ਨੂੰ ਦੱਸ ਦਿੰਦੀ। ਉਨ੍ਹਾਂ ਨੇ ਤੁਹਾਡਾ ਹੁਲੀਆ ਦੱਸਿਆ ਅਤੇ ਮੈਂ ਤੁਹਾਨੂੰ ਧਿਆਨ ਰੱਖਣ ਲਈ ਕਹਿਣ ਆਈ ਹਾਂ। ਮੇਰਾ ਪਰਿਵਾਰ ਕਮਿਊਨਿਸਟ ਨਹੀਂ ਹੈ ਪਰ ਅਸੀਂ ਕਾਮਿਆਂ ਦੇ ਹੱਕਾਂ ਦੀ ਰਾਖੀ ਕਰਨ ਵਾਲਿਆਂ ਨੂੰ ਪਸੰਦ ਕਰਦੇ ਹਾਂ। ਅਸੀਂ ਤੁਹਾਡੀ ਮਦਦ ਕਰਨੀ ਚਾਹਾਂਗੇ।"

ਉਸ ਨੇ ਮੈਨੂੰ ਸਾਵਧਾਨ ਰਹਿਣ ਦੀ ਚਿਤਾਵਨੀ ਦਿੱਤੀ ਤੇ ਨਾਲ ਹੀ ਮੈਨੂੰ ਦੱਸਿਆ ਕਿ ਮੇਰੇ ਵਾਲੀ ਮੰਜ਼ਲ 'ਤੇ ਕੁਝ ਮਕਾਨ ਸਨ ਜਿੱਥੇ ਮੈਂ ਮੁਸੀਬਤ ਪੈਣ 'ਤੇ ਛੁਪ ਸਕਦੀ ਸੀ। ਇਨ੍ਹਾਂ ਵਿਚੋਂ ਇਕ 'ਚ ਇਕ ਵਧੀਆ ਵਿਅਕਤੀ ਕੋਈ ਮੁਲਾਜ਼ਮ ਰਹਿੰਦਾ ਸੀ, ਜੋ ਕਿਸੇ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਸੀ। ਇਕ ਸਮਾਜਵਾਦੀ ਕਢਾਈ ਕਾਰੀਗਰ ਇਕ ਹੋਰ ਮਕਾਨ 'ਚ ਰਹਿੰਦਾ ਸੀ। ਉਸ ਨੇ ਪਹਿਲਾਂ ਹੀ ਇਨ੍ਹਾਂ ਨੂੰ ਦੱਸ ਦਿੱਤਾ ਸੀ ਅਤੇ ਉਹ ਸਹਿਯੋਗ ਦੇਣ ਲਈ ਤਿਆਰ ਸਨ।

ਸਪੇਨ ਦੀਆਂ ਦਰਵੇਸ਼ ਤੇ ਆਪਾ-ਵਾਰ ਔਰਤਾਂ ਦੀਆਂ ਕੁਦਰਤੀ ਜੁਗਤਾਂ ਅਤੇ ਫੁਰਤੀਲੀ ਜਾਸੂਸੀ ਦੀ ਮਦਦ ਨਾਲ, ਦਰਬਾਨ ਔਰਤ ਨੇ ਪੁਲਿਸ ਨੂੰ ਮਾਤ ਦੇਣ ਲਈ ਇਕ ਹਿਫਾਜ਼ਤੀ ਵਿਉਂਤ ਘੜ ਲਈ। ਮੇਰੇ ਆਲੇ-ਦੁਆਲੇ ਦਰਬਾਨ ਦੇ ਪਰਿਵਾਰ ਤੇ ਮੇਰੇ ਪ੍ਰਤੀ ਹਮਦਰਦੀ ਰੱਖਣ ਵਾਲੇ ਗੁਆਂਢੀਆਂ ਤੋਂ ਲੈ ਕੇ ਗਲੀ ਵਿਚਲੇ ਕੈਫ਼ੇ ਮਾਲਕਾਂ ਤੱਕ ਇਕ ਚੱਕਰਵਿਊ ਬਣਾ ਲਿਆ ਗਿਆ ਸੀ। ਜਦੋਂ ਕੋਈ ਸ਼ੱਕੀ ਵਿਅਕਤੀ ਆਉਂਦਾ, ਉਹ ਆਪਣੀ ਖਿੜਕੀ ਵਿਚੋਂ ਦੀ ਬਾਹਰ ਨੂੰ ਝਾਕਦੇ; ਪਹਿਲਾਂ ਹੀ ਤੈਅ ਕੀਤੇ ਇਸ ਸੰਕੇਤ ਦਾ ਮਤਲਬ ਸੀ, "ਚੁਕੰਨੇ ਹੋ ਜਾਉ! ਸ਼ੱਕੀ ਬੰਦੇ ਆਏ ਹਨ!"

ਸਵੇਰੇ ਜਦੋਂ ਮੈਂ ਜਾਂਦੀ, ਦਰਬਾਨ ਔਰਤ ਦਾ ਬਜ਼ੁਰਗ ਬਾਪ, ਜੋ ਵਾਲਾਡੋਲਿਡ ਦਾ ਇਕ ਸਾਬਕਾ ਕਿਸਾਨ ਸੀ, ਦਰਵਾਜ਼ੇ 'ਤੇ ਖੜ੍ਹਾ ਰਹਿੰਦਾ ਸੀ, ਉਹ ਕਹਿੰਦਾ: "ਇਕ ਮਿੰਟ, ਬੇਟੀ, ਮੈਨੂੰ ਦੇਖ ਲੈਣ ਦੇ ਮੀਂਹ ਤਾਂ ਨਹੀਂ ਆ ਰਿਹਾ।" ਉਹ ਗਲੀ ਦੇ ਅੱਧ ਤੱਕ ਜਾਂਦਾ, ਆਸਮਾਨ ਵੱਲ ਤੱਕਦਾ, ਥੁੱਕਦਾ, ਅਤੇ ਫੁਰਤੀ ਨਾਲ ਵਾਪਸ ਮੁੜ ਆਉਂਦਾ : "ਫਟਾਫਟ ਚਲੀ ਜਾ, ਕੋਈ ਨਹੀਂ ਹੈ।"

ਇਨ੍ਹਾਂ ਲੋਕਾਂ ਦੀ ਇਕਜੁੱਟਤਾ ਨੇ ਮੈਨੂੰ ਹੌਸਲਾ ਦਿੱਤਾ। ਕਿਉਂਕਿ ਮੈਂ ਇਕ ਕਮਿਊਨਿਸਟ ਸੀ ਜਿਸ ਦੇ ਪਿੱਛੇ ਪੁਲਿਸ ਪਈ ਰਹਿੰਦੀ ਸੀ, ਉਹ ਮੈਨੂੰ ਆਪਣੇ 'ਚੋਂ ਇਕ ਸਮਝਦੇ, ਜਿਸ ਦੀ ਹਿਫਾਜ਼ਤ ਤੇ ਦੇਖਭਾਲ ਕਰਨੀ ਉਨ੍ਹਾਂ ਦਾ ਜ਼ਿੰਮਾ ਸੀ।

ਸਮਾਜਵਾਦੀ ਪਾਰਟੀਆਂ ਦੀ ਸਜਿੰਦ ਏਕਤਾ ਕਰਨ ਲਈ ਵਾਹ ਲਾਉਣਾ। ਇਨ੍ਹਾਂ ਤਜਵੀਜ਼ਾਂ ਨੂੰ ਅਨੇਕਾਂ ਸਮਾਜਵਾਦੀ ਹਿੱਸਿਆਂ ਦੀ ਹਮਾਇਤ ਹਾਸਲ ਹੋ ਗਈ।

ਸਾਲ ਦੇ ਅਖ਼ੀਰ 'ਚ, ਸਰਕਾਰ ਅਤੇ ਸੰਸਦ ਦਾ ਵੱਕਾਰ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਸੀ। ਜਨਤਕ ਰਾਏ ਅਤੇ ਮਜ਼ਦੂਰ ਲਹਿਰ ਦੇ ਦਬਾਅ ਤਹਿਤ, ਗਣਰਾਜ ਦੇ ਰਾਸ਼ਟਰਪਤੀ ਨੇ ਸੰਸਦ ਭੰਗ ਕਰ ਦਿੱਤੀ ਅਤੇ ਫਰਵਰੀ 1936 'ਚ ਨਵੀਂਆਂ ਚੋਣਾਂ ਦਾ ਸੱਦਾ ਦਿੱਤਾ।

ਸਪੇਨੀ ਕਮਿਊਨਿਸਟਾਂ ਦੇ ਸਿਧਾਂਤ ਦੀ ਪੁਸ਼ਟੀ ਹੋ ਗਈ ਸੀ। ਪਿਛਾਖੜੀਆਂ ਦੀਆਂ ਸੱਤਾ ਹਥਿਆਉਣ ਦੀਆਂ ਯੋਜਨਾਵਾਂ ਲੋਕਾਂ ਨੇ ਆਪਣੀਆਂ ਸਰਗਰਮੀਆਂ ਅਤੇ ਆਪਣੀ ਏਕਤਾ ਰਾਹੀਂ ਫ਼ਨਾਹ ਕਰ ਦਿੱਤੀਆਂ ਸਨ। ਉਨ੍ਹਾਂ ਦੇ ਦਬਾਅ ਨੇ ਨਵੀਂਆਂ ਚੋਣਾਂ ਕਰਾਉਣ ਲਈ ਮਜਬੂਰ ਕਰ ਦਿੱਤਾ ਸੀ । ਸ਼ਾਂਤਮਈ ਚੋਣਾਂ ਦੇ ਢੰਗ ਦੁਆਰਾ ਜਮਹੂਰੀਅਤ ਨੂੰ ਮੁੜ-ਬਹਾਲ ਕਰਨ ਦੀ ਸੰਭਾਵਨਾ ਮੌਜੂਦ ਸੀ। ਮਜ਼ਦੂਰਾਂ ਅਤੇ ਜਮਹੂਰੀਅਤਪਸੰਦਾਂ ਦਾ ਇਕ ਰੋਸ ਪ੍ਰਗਟਾਊ ਧੜਾਂ ਉਸਾਰੇ ਦੀ ਜਾਣ ਦੀ ਸੰਭਾਵਨਾ ਮੌਜੂਦ ਸੀ। ਗਣਰਾਜਵਾਦੀਆਂ, ਸਮਾਜਵਾਦੀਆਂ ਅਤੇ ਕਮਿਊਨਿਸਟਾਂ ਨੇ ਕੁਲ ਸਰਗਰਮੀਆਂ ਇਨ੍ਹਾਂ ਉਦੇਸ਼ਾਂ ਵੱਲ ਸੇਧਤ ਕਰ ਦਿੱਤੀਆਂ ਸਨ।

ਆ ਰਹੀ ਚੋਣ ਸਿਆਸੀ ਉਤਪ੍ਰੇਰਕ ਹੋਣੀ ਸੀ। ਚੋਣ ਦਾ ਕਾਨੂੰਨ ਖ਼ੁਦ ਸਾਂਝੀਆਂ ਟਿਕਟਾਂ ਦੇ ਹੱਕ 'ਚ ਸੀ। ਗਣਰਾਜਵਾਦੀ ਪਾਰਟੀਆਂ ਦੇ ਆਗੂਆਂ ਨੇ ਸਮਾਜਵਾਦੀ ਪਾਰਟੀ ਨਾਲ ਆਪਣੇ ਪੁਰਾਣੇ ਸਮਝੌਤੇ ਨਵਿਆਉਣੇ ਸ਼ੁਰੂ ਕਰ ਦਿਤੇ। ਪਰ ਹੁਣ ਕਮਿਊਨਿਸਟ ਪਾਰਟੀ ਨੂੰ ਨਜ਼ਰ-ਅੰਦਾਜ਼ ਨਹੀਂ ਸੀ ਕੀਤਾ ਜਾ ਸਕਦਾ, ਕਿਉਂਕਿ 1936 'ਚ ਇਹ ਪਹਿਲੇ ਦਰਜੇ ਦੀ ਐਸੀ ਸਿਆਸੀ ਤਾਕਤ ਦੀ ਨੁਮਾਇੰਦਗੀ ਕਰਦੀ ਸੀ ਜਿਸ 'ਤੇ ਲੋਕਾਂ ਨੇ ਭਰੋਸਾ ਕਰਨਾ ਸੀ।

ਕੁਝ ਗਣਰਾਜਵਾਦੀ ਆਗੂਆਂ ਦੇ ਰੂੜ੍ਹੀਵਾਦ ਕਰਕੇ ਗੱਲਬਾਤ 'ਚ ਰੁਕਾਵਟ ਪੈਂਦੀ ਰਹੀ। ਲੰਮੀਆਂ ਵਾਰਤਾਵਾਂ ਤੋਂ ਬਾਦ ਜਨਵਰੀ 1936 'ਚ ਨੀਮ-ਬੁਰਜੂਆ ਗਣਰਾਜਵਾਦੀ ਪਾਰਟੀਆਂ, ਸਮਾਜਵਾਦੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਦਰਮਿਆਨ ਇਕ ਸਮਝੌਤੇ 'ਤੇ ਸਹੀ ਪਾਈ ਗਈ। ਲੋਕ ਮੁਹਾਜ਼ ਹੋਂਦ 'ਚ ਆ ਗਿਆ ਸੀ। ਦਹਿ-ਲੱਖਾਂ ਮਰਦ ਤੇ ਔਰਤਾਂ ਜਮਹੂਰੀ ਖ਼ੇਮੇ ਵੱਲ ਆ ਗਏ। ਸਪੇਨ ਦੇ ਪੁਨਰ-ਜਨਮ ਦਾ ਸਫ਼ਰ ਸ਼ੁਰੂ ਹੋ ਗਿਆ ਸੀ।

ਲੋਕ ਮੁਹਾਜ਼ ਦਾ ਪ੍ਰੋਗਰਾਮ ਐਨ ਉਹੀ ਨਹੀਂ ਸੀ ਜੋ ਕਮਿਊਨਿਸਟਾਂ ਨੇ ਸੋਚਿਆ ਹੋਇਆ ਸੀ। ਇਸ ਦੇ ਗੰਭੀਰ ਕਮਜ਼ੋਰ ਨੁਕਤੇ ਅਤੇ ਘਾਟਾਂ ਸਨ, ਖ਼ਾਸ ਤੌਰ 'ਤੇ ਜ਼ਰੱਈ ਸੁਧਾਰ ਦੇ ਸਵਾਲ ਬਾਰੇ ਇਸਦਾ ਸਟੈਂਡ ਅਸਪਸ਼ਟ ਸੀ। ਪਰ ਇਸਦੀਆਂ ਘਾਟਾਂ ਅਤੇ ਕੁਝ ਸਿਆਸੀ ਬੇਈਮਾਨਾਂ ਦੇ ਚੰਦਰੇ ਇਰਾਦਿਆਂ ਦੇ ਬਾਵਜੂਦ, ਲੋਕ ਮੁਹਾਜ਼ ਨਿਰੇ ਚੋਣ ਟਿਕਟਾਂ ਲਈ ਗੱਠਜੋੜ ਨਾਲੋਂ ਕਿਤੇ ਵੱਧ ਦੀ ਨੁਮਾਇੰਦਗੀ ਕਰਦਾ ਸੀ। ਇਹ ਏਕਤਾ ਦਾ ਹਥਿਆਰ ਸੀ, ਜੋ ਮਜ਼ਦੂਰਾਂ ਤੇ ਜਮਹੂਰੀ ਤਾਕਤਾਂ ਨੇ ਸਪੇਨ ਅੰਦਰ ਜਮਹੂਰੀਅਤ ਨੂੰ ਮੁੜ-ਬਹਾਲ ਤੇ ਮਜ਼ਬੂਤ ਕਰਨ ਲਈ ਚੋਣਾਂ ਵਿਚ ਅਤੇ ਚੋਣਾਂ ਤੋਂ ਬਾਦ ਦੀ ਲੜਾਈ 'ਚ ਪਹਿਨਿਆ ਹੋਇਆ ਸੀ।

ਕਮਿਊਨਿਸਟ ਪਾਰਟੀ ਨੇ ਇਕ ਸੀਮਤ ਅਤੇ ਗ਼ੈਰਤਸੱਲੀਬਖਸ਼ ਪ੍ਰੋਗਰਾਮ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੂਰੀ ਤਰਾਂ ਚੇਤੰਨ ਹੋ ਕੇ ਸਵੀਕਾਰ ਕੀਤਾ ਸੀ। ਪਾਰਟੀ ਦਾ ਵਿਸ਼ਵਾਸ ਸੀ ਕਿ ਬਹੁਤਿਆਂ ਨੂੰ ਪ੍ਰਵਾਨ ਹੋਣ ਵਾਲਾ ਪ੍ਰੋਗਰਾਮ ਚੰਗੀ ਚੀਜ਼ ਹੋਵੇਗਾ, ਪਰ ਕੌਮੀ ਪੱਧਰ 'ਤੇ ਇਹ ਸਾਂਝਾ ਜਮਹੂਰੀ ਮੁਹਾਜ਼ ਹੋਰ ਵੀ ਬਿਹਤਰ ਰਹੇਗਾ। ਇਹ ਹੋਣ ਵਾਲੀਆਂ ਅਹਿਮ ਚੋਣਾਂ 'ਚ ਅਤੇ ਬਾਦ ਦੇ ਸਿਆਸੀ ਘੋਲਾਂ 'ਚ ਜਨਤਾ ਦੀ ਸਾਂਝੀ ਕਾਰਵਾਈ ਦਾ ਰਸਤਾ ਸਾਫ਼ ਕਰੇਗਾ। ਫਰਵਰੀ

1936 ਦੀਆਂ ਚੋਣਾਂ ਮਹਾਨ ਸਿਆਸੀ ਲੜਾਈ ਸਨ। ਪਿਛਾਖੜ ਅਤੇ ਜਮਹੂਰੀਅਤ ਇਹ ਅਜਮਾਉਣ ਲਈ ਚੋਣਾਂ ਲੜਨਗੇ ਕਿ ਦੇਸ਼ 'ਤੇ ਕੌਣ ਰਾਜ ਕਰੇਗਾ।

ਲੋਕਾਂ ਦੀ ਜਿੱਤ ਹੋਈ। ਲੋਕ ਮੁਹਾਜ਼ ਨੇ ਬਹੁ-ਗਿਣਤੀ ਖੱਬੇਪੱਖੀ ਡਿਪਟੀ ਸੰਸਦ ਲਈ ਚੁਣੇ: 158 ਗਣਰਾਜਵਾਦੀ, 88 ਸਮਾਜਵਾਦੀ, 17 ਕਮਿਊਨਿਸਟ ਅਤੇ ਛੋਟੀਆਂ ਪਾਰਟੀਆਂ ਦੇ ਕੁਝ ਹੋਰ ਡਿਪਟੀ, ਇਸਦੇ ਮੁਕਾਬਲੇ ਸੱਜੇਪੱਖ ਵੱਲੋਂ 205 ਡੈਲੀਗੇਟ ਚੁਣਕੇ ਭੇਜੇ ਗਏ। ਸਪੇਨ ਅੰਦਰ ਲੋਕ ਮੁਹਾਜ਼ ਦੀ ਜਿੱਤ ਦਾ ਪੂਰੀ ਦੁਨੀਆਂ 'ਚ ਬੇਥਾਹ ਪ੍ਰਭਾਵ ਪਿਆ, ਅਤੇ ਇਸਨੇ ਇਕ ਵਰਤਾਰੇ ਦੀ ਪੁਸ਼ਟੀ ਕੀਤੀ ਜੋ ਅਕਤੂਬਰ 1934 ਦੀ ਅਸਟੂਰੀਅਨ ਬਗ਼ਾਵਤ ਤੋਂ ਬਾਦ ਖ਼ਾਸ ਤੌਰ 'ਤੇ ਪ੍ਰਤੱਖ ਸੀ ਕਿ ਯੂਰਪ ਦੇ ਸਰਮਾਏਦਾਰ ਦੇਸ਼ਾਂ ਅੰਦਰ ਫਾਸ਼ੀਵਾਦ ਵਿਰੋਧੀ ਟਾਕਰੇ ਦੀਆਂ ਮੁੱਖ ਤਾਕਤਾਂ ਦਾ ਭੇੜ ਸਪੇਨ 'ਚ ਕੇਂਦਰਤ ਹੋ ਰਿਹਾ ਸੀ।

[21]

## ਮੈਂ ਡਿਪਟੀ ਬਣੀ

ਗਲੀਸ਼ੀਆ ਦੇ ਦੌਰੇ ਤੋਂ ਬਾਦ, ਜਨਵਰੀ 1936 'ਚ ਮੈਂ ਅਸਟੂਰੀਅਸ ਵਾਪਸ ਮੁੜੀ। ਮੇਰੇ ਨਾਲ ਮੈਡਰਿਡ ਤੋਂ ਇਕ ਅਰਾਜਕਤਾਵਾਦੀ ਪਰਿਵਾਰ ਦੀ 20 ਸਾਲਾਂ ਦੀ ਧੀ ਜੌਨਿਟਾ ਕੌਰਜ਼ੋ ਗਈ। ਉਹ ਜੰਗ ਖ਼ਿਲਾਫ਼ ਔਰਤਾਂ ਦੀ ਮੈਂਬਰ ਸੀ। ਉਹ ਨਿਮਰ, ਸ਼ਕਤੀਸ਼ਾਲੀ ਅਤੇ ਸੂਝਵਾਨ ਸ੍ਰੇਸ਼ਟ ਸ਼ਖਸੀਅਤ ਵਾਲੀ, ਸਿੱਖਣ ਤੇ ਲੜਨ ਲਈ ਦ੍ਰਿੜ ਇਰਾਦੇ ਵਾਲੀ ਸੀ। ਜੌਨਿਟਾ ਦੇਰ ਤੱਕ ਕਮਿਊਨਿਸਟ ਪਾਰਟੀ ਦੀ ਮੈਂਬਰ ਨਾ ਬਣੀ। 1939 'ਚ ਉਹ ਗ੍ਰਿਫ਼ਤਾਰ ਕਰ ਲਈ ਗਈ ਅਤੇ ਮੇਰੇ ਨਾਲ ਕੰਮ ਕਰਨ ਦੇ ਜੁਰਮ 'ਚ ਮੌਤ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾ 30 ਸਾਲਾਂ ਦੀ ਕੈਦ 'ਚ ਬਦਲ ਦਿੱਤੀ ਗਈ, ਜਿਸ ਵਿਚੋਂ 19 ਸਾਲ ਉਸਨੇ ਮਲੱਗਾ ਅਤੇ ਅਲਕਾਲਾ ਦੀਆਂ ਜੇਲ੍ਹਾਂ 'ਚ ਗੁਜ਼ਾਰੇ। ਉਸ ਨੂੰ 1958 'ਚ ਰਿਹਾਅ ਕੀਤਾ ਗਿਆ ਸੀ, ਚਿੱਟੇ ਵਾਲਾਂ ਵਾਲੀ ਔਰਤ ਦੇ ਰੂਪ 'ਚ। ਉਸ ਦੀ ਸਿਹਤ ਬਰਬਾਦ ਸੀ ਪਰ ਇਖ਼ਲਾਕੀ ਪੱਖੋਂ ਉਹ ਮਜ਼ਬੂਤ ਸੀ।

ਆਪਣੇ ਨਾਲ ਅਸੀਂ 200 ਦੇ ਕਰੀਬ ਬੱਚੇ ਮੈਡਰਿਡ ਲੈ ਕੇ ਗਈਆਂ। ਰਾਜਧਾਨੀ ਦਾ ਸਿਆਸੀ ਮਾਹੌਲ ਮਘਿਆ ਹੋਇਆ ਸੀ, ਅਤੇ ਹਜ਼ਾਰਾਂ ਵਿਅਕਤੀ ਉੱਤਰੀ ਸਟੇਸ਼ਨ ਉੱਤੇ ਅਸਟੂਰੀਅਨ ਖਾਣ ਮਜ਼ਦੂਰਾਂ ਦੇ ਬੱਚਿਆਂ ਨੂੰ ਜੀ ਆਇਆਂ ਕਹਿਣ ਲਈ ਸਾਨੂੰ ਮਿਲੇ। ਹਰ ਕੋਈ ਬੱਚਿਆਂ ਦੇ ਮਾਪਿਆਂ, 1934 ਦੇ ਜੰਗਜੂਆਂ ਪ੍ਰਤੀ ਆਪਣਾ ਸਤਿਕਾਰ ਦਰਸਾਉਣਾ ਚਾਹੁੰਦਾ ਸੀ ਤੇ ਉਨ੍ਹਾਂ ਦੀ ਤਾਰੀਫ਼ ਕਰਨੀ ਚਾਹੁੰਦਾ ਸੀ। ਅਸੀਂ ਉਨ੍ਹਾਂ ਨੂੰ ਤੰਬਾਕੂ ਮਜ਼ਦੂਰ ਫੈੱਡਰੇਸ਼ਨ ਕੋਲ ਲੈ ਗਏ, ਜਿੱਥੇ ਉਹ ਉਨ੍ਹਾਂ ਦੇ ਨਵੇਂ ਪਰਿਵਾਰਾਂ ਨੂੰ ਸੌਂਪ ਦਿੱਤੇ ਗਏ।

ਫਿਰ ਮੈਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ, ਜੋ ਦਰਵਾਜ਼ੇ 'ਤੇ ਮੇਰਾ ਇੰਤਜ਼ਾਰ ਕਰ ਰਹੀ ਸੀ, ਅਤੇ ਜਨਰਲ ਪੁਲਿਸ ਦੇ ਸਦਰ ਮੁਕਾਮ ਲੈ ਗਈ। ਕੁਝ ਘੰਟੇ ਪੁਲਿਸ ਦੇ ਉਜੱਡਪੁਣੇ ਦਾ ਸ਼ਿਕਾਰ ਹੋਣ ਤੋਂ ਬਾਦ, ਮੈਨੂੰ ਲਾਸ ਵੈਂਟਾਸ ਸੜਕ ਵਾਲੀ ਔਰਤਾਂ ਦੀ ਜੇਲ੍ਹ 'ਚ ਭੇਜ ਦਿੱਤਾ ਗਿਆ।

ਜਨਵਰੀ ਤੋਂ ਫਰਵਰੀ 1936 ਤੱਕ, ਜੇਲ੍ਹ 'ਚ ਮੇਰਾ ਥੋੜ੍ਹੇ ਸਮੇਂ ਦਾ ਟਿਕਾਣਾ ਮੇਰੀਆਂ ਹੋਰ ਗ੍ਰਿਫ਼ਤਾਰੀਆਂ ਵਰਗਾ ਨਹੀਂ ਸੀ। ਜੇਲ੍ਹ ਦਾ ਡਾਇਰੈਕਟਰ ਕਵੀ ਮੈਨੂਅਲ ਮਚੈਡੋ ਸੀ। ਹਾਲਾਂਕਿ

ਉਸ ਦੀ ਖ਼ੂਬਸੂਰਤ ਕਵਿਤਾ ਨਾਲ ਜੇਲ੍ਹ ਦੀਆਂ ਸਲਾਖ਼ਾਂ ਤਾਂ ਨਹੀਂ ਝੁਕੀਆਂ, ਪਰ ਜੇਲ੍ਹ ਦੀ ਜ਼ਿੰਦਗੀ ਘੱਟੋ-ਘੱਟ ਥੋੜ੍ਹੀ ਮਨੁੱਖੀ ਜ਼ਰੂਰ ਹੋ ਗਈ।

6 ਫਰਵਰੀ ਨੂੰ ਮੇਰੀ ਰਿਹਾਈ ਤੋਂ ਬਾਦ, ਮੈਂ ਲੋਕ ਮੁਹਾਜ਼ ਦੇ ਉਮੀਦਵਾਰਾਂ ਦੇ ਹੱਕ 'ਚ ਮੁਹਿੰਮ ਚਲਾਉਣ ਲਈ ਅਸਟੂਰੀਅਸ ਗਈ ਕਿਉਂਕਿ ਡਿਪਟੀ ਵਜੋਂ ਮੈਨੂੰ ਵੀ ਉਮੀਦਵਾਰ ਬਣਾਇਆ ਗਿਆ ਸੀ। ਅਸਟੂਰੀਅਸ ਦੇ ਸਮੁੱਚੇ ਖਾਣ ਖੇਤਰ 'ਚ ਸਮਾਜਵਾਦੀਆਂ ਅਤੇ ਗਣਰਾਜਵਾਦੀਆਂ ਨਾਲ ਰੋਜ਼ ਅਨੇਕਾਂ ਤਕਰੀਰਾਂ ਕਰਨ ਦੇ ਰੁਝੇਵਿਆਂ ਵਾਲੀ ਦਸ ਦਿਨਾਂ ਦੀ ਮੁਹਿੰਮ ਤੋਂ ਕਈ ਚੀਜ਼ਾਂ ਸਿੱਖਣ ਨੂੰ ਮਿਲੀਆਂ।

ਫਾਸ਼ੀਵਾਦ ਵਿਰੋਧੀ ਗੱਠਜੋੜ ਵੱਲੋਂ ਜਥੇਬੰਦ ਕੀਤੀਆਂ ਪਹਿਲੀਆਂ ਮੀਟਿੰਗਾਂ ਦੌਰਾਨ, ਮੈਂ ਦੇਖਿਆ ਕਿ ਕਮਿਊਨਿਸਟਾਂ ਨੂੰ ਹਮੇਸ਼ਾ ਪਹਿਲਾਂ ਬੁਲਾਇਆ ਜਾਂਦਾ ਸੀ, ਜਿਵੇਂ ਉਹ ਘੱਟ ਅਹਿਮ ਹੋਣ। ਗਣਰਾਜਵਾਦੀ ਦੂਜੇ ਨੰਬਰ 'ਤੇ ਬੋਲਦੇ, ਅਤੇ ਸਮਾਜਵਾਦੀ ਹਮੇਸ਼ਾ ਕੁੰਜੀਵਤ ਤਕਰੀਰਾਂ ਕਰਕੇ ਮੀਟਿੰਗਾਂ ਦੀ ਸਮਾਪਤੀ ਕਰਦੇ। ਫਿਰ ਵੀ, ਅਕਸਰ ਹੀ ਇਹ ਵਾਪਰਦਾ ਸੀ ਕਿ ਕਿਉਂਕਿ ਗਣਰਾਜਵਾਦੀ ਅਤੇ ਸਮਾਜਵਾਦੀ ਹਮੇਸ਼ਾ ਕਾਨੂੰਨੀ ਸੰਵਿਧਾਨਕ ਅਤੇ ਹੋਰ ਗ਼ੈਰ-ਪ੍ਰਸੰਗਿਕ ਮੁੱਦਿਆਂ ਬਾਰੇ ਵਿਚਾਰ ਪੇਸ਼ ਕਰਦੇ, ਜਿਨ੍ਹਾਂ ਤੋਂ ਹਰ ਕੋਈ ਅੱਕਿਆ ਤੇ ਸਤਿਆ ਹੋਇਆ ਸੀ, ਇਸ ਕਰਕੇ ਕਮਿਊਨਿਸਟਾਂ ਦੀਆਂ ਤਕਰੀਰਾਂ ਖ਼ਤਮ ਹੁੰਦੇ ਸਾਰ ਅਨੇਕਾਂ ਲੋਕ ਉੱਠਕੇ ਚਲੇ ਜਾਂਦੇ।

ਫਿਰ ਦਾਅਪੇਚ ਬਦਲ ਲਏ ਗਏ ਅਤੇ ਕਮਿਊਨਿਸਟਾਂ ਨੂੰ ਅੰਤ 'ਚ ਬੁਲਾਇਆ ਜਾਂਦਾ। ਕਾਨੂੰਨਦਾਨਾਂ ਤੇ ਪ੍ਰਚਾਰਵਾਦੀਆਂ ਦੇ ਅਮੁੱਕ ਵਿਖਿਆਨ ਨੂੰ ਸੁਣਨ ਲਈ ਸਰੋਤਿਆਂ ਨੂੰ ਕਾਫ਼ੀ ਠਰੰਮਾ ਰੱਖਣਾ ਪੈਂਦਾ ਜਿਨ੍ਹਾਂ ਲਈ ਬੁਲਾਰਿਆਂ ਵਜੋਂ ਆਪਣੀ ਸ਼ੁਹਰਤ ਨਾਲੋਂ ਜਨਤਾ ਦੇ ਮੁੱਦੇ ਘੱਟ ਅਹਿਮ ਸਨ, ਖ਼ਾਸ ਕਰਕੇ ਅਸਟੂਰੀਅਸ 'ਚ, ਜੋ ਆਪਣੇ ਵੱਡੇ-ਵੱਡੇ ਬੁਲਾਰਿਆਂ ਤੇ ਉੱਚੇ ਸੱਭਿਆਚਾਰਕ ਮਿਆਰਾਂ ਲਈ ਪ੍ਰਸਿੱਧ ਹੈ। ਲੋਕਾਂ ਨਾਲ ਨਜਿੱਠਣ ਦੇ ਵੱਧ ਆਦੀ ਹੋਣ ਕਰਕੇ, ਸਮਾਜਵਾਦੀ ਜਾਣਦੇ ਸਨ ਕਿ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਕਿਵੇਂ ਖੇਡਿਆ ਜਾਵੇ, ਹਾਲਾਂਕਿ ਕੁਝ ਵਿਸ਼ਿਆਂ ਨੂੰ ਉਹ ਐਨਾ ਦੁਹਰਾਅ ਦਿੰਦੇ ਸਨ ਕਿ ਇਨ੍ਹਾਂ ਦੀ ਸਮੁੱਚੀ ਭਾਵਨਾਤਮਕ ਖਿੱਚ ਖ਼ਤਮ ਹੋ ਜਾਂਦੀ ਸੀ।

ਫਿਰ ਵੀ, ਮੈਨੂੰ ਉਨ੍ਹਾਂ ਦੀ ਭਾਸ਼ਣ-ਕਲਾ ਨਾਲ ਈਰਖਾ ਹੁੰਦੀ ਅਤੇ ਮੈਂ ਉਨ੍ਹਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੀ। ਅਤੇ ਇਕ ਦਿਨ ਮੈਂ ਉਨ੍ਹਾਂ ਤੋਂ ਅੱਗੇ ਲੰਘ ਗਈ, ਤਿਆਰ ਕਰਕੇ ਕੀਤੀ ਤਕਰੀਰ ਨਾਲ ਨਹੀਂ ਸਗੋਂ ਤੱਥਪੂਰਨ ਵੇਰਵੇ ਜ਼ਰੀਏ। ਸਾਡੀ ਇਕ ਇਕੱਤਰਤਾ ਕੈਂਡਾਸ ਵਿਚ ਇਕ ਸਿਨਮਾ ਘਰ 'ਚ ਰੱਖੀ ਹੋਈ ਸੀ, ਇਸ ਕਸਬੇ ਦੀ ਅੱਧੀ ਵਸੋਂ ਕਿਸਾਨਾਂ ਦੀ ਤੇ ਅੱਧੀ ਮਛੇਰਿਆਂ ਦੀ ਸੀ। ਪੂਰਾ ਕਸਬਾ ਉੱਥੇ ਆ ਜੁੜਿਆ ਸੀ। ਛੇ-ਸੱਤ ਬੁਲਾਰੇ ਪਹਿਲਾਂ ਹੀ ਬੋਲ ਚੁੱਕੇ ਸਨ। ਕਿਉਂਕਿ ਅੰਤਮ ਬੁਲਾਰਾ ਮੈਂ ਸੀ, ਜਦੋਂ ਮੇਰੀ ਵਾਰੀ ਆਈ ਤਾਂ ਲਗਭਗ ਅੱਧੀ ਰਾਤ ਹੋ ਗਈ ਸੀ। ਜਿਉਂ ਹੀ ਮੈਂ ਮੰਚ ਵੱਲ ਵਧੀ, ਇਕੱਤਰਤਾ ਦੇ ਪ੍ਰਧਾਨ ਨੇ ਘੁਸਰ-ਮੁਸਰ ਕੀਤੀ: "ਸੰਖੇਪ 'ਚ ਬੋਲੀਂ। ਸਮਾਂ ਬਹੁਤ ਹੋ ਗਿਆ।"

ਮੈਂ ਸਪੇਨ ਦੀ ਸਿਆਸੀ ਹਾਲਤ ਬਾਰੇ ਅਤੇ ਚੋਣ ਅੰਦਰ ਤੇ ਚੋਣਾਂ ਤੋਂ ਬਾਦ ਜਮਹੂਰੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਲੋਕ ਮੁਹਾਜ਼ ਦੀ ਮਹੱਤਤਾ ਬਾਰੇ ਪਾਰਟੀ ਦੀ ਪੁਜੀਸ਼ਨ ਸੰਖੇਪ ਸ਼ਬਦਾਂ 'ਚ ਬਿਆਨ ਕੀਤੀ। ਫਿਰ, ਆਪਣੇ ਸਰੋਤਿਆਂ ਦੀ ਫ਼ਿਤਰਤ ਨੂੰ ਧਿਆਨ 'ਚ ਰੱਖਦਿਆਂ, ਮੈਂ ਕਿਹਾ: "ਕਿਉਂਕਿ ਮੈਨੂੰ ਪਤੈ, ਤੁਸੀਂ ਜਾਨਣਾ ਚਾਹੁੰਦੇ ਹੋ, ਇਸ ਲਈ ਮੈਂ ਤੁਹਾਨੂੰ ਸੋਵੀਅਤ

ਯੂਨੀਅਨ ਅੰਦਰ, ਡਾਨ ਦਰਿਆ ਉੱਪਰ, ਮੱਛੀ ਪਾਲਣ ਦੀ ਸਹਿਕਾਰੀ ਸਭਾ ਦੇ ਪਿਛਲੇ ਸਾਲ ਕੀਤੇ ਦੌਰੇ ਬਾਰੇ ਦੱਸਣਾ ਚਾਹੁੰਦੀ ਹਾਂ, ਜੋ ਸੋਵੀਅਤ ਯੂਨੀਅਨ ਅੰਦਰ ਡਾਨ ਦਰਿਆ ਦੇ ਕੰਢੇ ਰੋਸਤੋਵ 'ਚ ਹੈ।"

ਸਰੋਤਿਆਂ 'ਚੋਂ ਵਾਹ ਵਾਹ ਅਤੇ ਤਾੜੀਆਂ ਸ਼ੁਰੂ ਹੋ ਗਈਆਂ, ਜਿਸ ਤੋਂ ਇਕ ਸਮਾਜਵਾਦੀ ਦੇਸ਼ ਅੰਦਰ ਮਛੇਰਿਆਂ ਦੀ ਜ਼ਿੰਦਗੀ ਦੀ ਪ੍ਰਤੱਖ ਜਾਣਕਾਰੀ ਨੂੰ ਸੁਣਨ ਦੀ ਦਿਲਚਸਪੀ ਪਤਾ ਲੱਗ ਰਹੀ ਸੀ। ਸੋਵੀਅਤ ਮਛੇਰਿਆਂ ਦੀਆਂ ਸ਼ਾਂਤ ਜ਼ਿੰਦਗੀਆਂ ਅਤੇ ਮਹਿਫੂਜ਼ ਭਵਿੱਖ ਬਾਰੇ ਜੋ ਕੁਝ ਮੈਂ ਦੇਖਿਆ ਸੀ ਉਨ੍ਹਾਂ ਨੂੰ ਦੱਸਿਆ। ਹਰੇਕ ਨੇ ਸਵਾਲ ਪੁੱਛੇ ਅਤੇ ਉਹ ਹੋਰ ਸੁਨਣਾ ਚਾਹੁੰਦੇ ਸਨ। ਉਹ ਕਿਸ ਤਰ੍ਹਾਂ ਦੀਆਂ ਕਿਸ਼ਤੀਆਂ ਵਰਤਦੇ ਸਨ, ਜਾਲ ਤੇ ਚੱਪੂ ਕਿਸ ਤਰ੍ਹਾਂ ਦੇ ਸਨ, ਕੀ ਉਹ ਰਾਤ ਨੂੰ ਮੱਛੀਆਂ ਫੜਦੇ ਸਨ, ਕੀ ਉਹ ਡਾਈਨਾਮਾਈਟ ਇਸਤੇਮਾਲ ਕਰਦੇ ਸਨ, ਮਛੇਰੇ ਕਿਸ ਤਰ੍ਹਾਂ ਦੀ ਜ਼ਿੰਦਗੀ ਜਿਉਂਦੇ ਸਨ, ਮੱਛੀ ਦੀ ਵੰਡ ਕਿਵੇਂ ਕੀਤੀ ਜਾਂਦੀ ਸੀ?

ਮੈਂ ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ, ਅਤੇ ਜਦੋਂ ਮੈਂ ਉਨ੍ਹਾਂ ਨੂੰ ਘੰਟਾ ਲੇਟ ਹੋਣ ਦਾ ਚੇਤਾ ਕਰਾਇਆ, ਉਹ ਚੀਕ ਪਏ: "ਕੋਈ ਗੱਲ ਨਹੀਂ! ਅਸੀਂ ਇੱਥੇ ਸਵੇਰ ਤੱਕ ਬੈਠਾਂਗੇ।"

ਪ੍ਰਧਾਨ ਆਪੇ ਤੋਂ ਬਾਹਰ ਹੋਇਆ ਬੈਠਾ ਸੀ। ਘੰਟੀ ਵਜਾਉਂਦਿਆਂ, ਉਸ ਨੇ ਚੁੱਪ ਹੋਣ ਲਈ ਆਖਿਆ ਅਤੇ ਸਰੋਤਿਆਂ ਨੂੰ ਦੱਸਿਆ ਕਿ ਬੁਲਾਰੇ ਥੱਕੇ ਹੋਏ ਹਨ ਅਤੇ ਸਵੇਰੇ ਸਾਝਰੇ ਮੁਹਿਮ ਫਿਰ ਜਾਰੀ ਰੱਖਣੀ ਹੈ। ਜਲਸਾ ਸਮਾਪਤ ਹੋ ਗਿਆ। ਜਦੋਂ ਅਸੀਂ ਜਾਣ ਲੱਗੇ, ਮਜ਼ਦੂਰਾਂ ਦੀ ਇਕ ਟੋਲੀ, ਜੋ ਦਰਵਾਜ਼ੇ ਉੱਤੇ ਮੈਨੂੰ ਉਡੀਕ ਰਹੀ ਸੀ, ਨੇ ਮੇਰਾ ਉਸ ਲਈ ਧੰਨਵਾਦ ਕੀਤਾ ਜੋ ਮੈਂ ਉਨ੍ਹਾਂ ਨੂੰ ਦੱਸਿਆ ਸੀ। ਉਨ੍ਹਾਂ ਨੇ ਮੈਨੂੰ ਚੋਣਾਂ ਤੋਂ ਬਾਦ ਵਾਪਸ ਆਉਣ ਲਈ ਅਤੇ ਸੋਵੀਅਤ ਯੂਨੀਅਨ ਬਾਰੇ ਅਤੇ ਦੋਵਾਂ ਦੇਸ਼ਾਂ ਦੀਆਂ ਦੁਵੱਲੀਆਂ ਸਮੱਸਿਆਵਾਂ ਅਤੇ ਮਜ਼ਦੂਰ ਹਿੱਤਾਂ ਬਾਰੇ ਹੋਰ ਦੱਸਣ ਦੀ ਗੁਜ਼ਾਰਿਸ਼ ਕੀਤੀ।

ਅਖ਼ੀਰ ਚੋਣਾਂ ਦਾ ਦਿਨ ਆ ਗਿਆ, ਅਤੇ ਆਸਟੂਰੀਅਨਾਂ ਨੇ 1934 ਦੀ ਜਬਰ ਮੁਹਿਮ ਨੂੰ ਸ਼ਹਿ ਦੇਣ ਵਾਲੀਆਂ ਪਿਛਾਖੜੀ ਤਾਕਤਾਂ ਨੂੰ ਡੱਟਵੀਂ ਹਾਰ ਦਿੱਤੀ। ਅਸਟੂਰੀਅਸ ਵਿਚ ਲੋਕ ਮੁਹਾਜ਼ ਦੇ ਸਾਰੇ ਉਮੀਦਵਾਰਾਂ ਦੀ ਜਿੱਤ ਹੋਈ ਜਿਨ੍ਹਾਂ 'ਚ ਦੋ ਕਮਿਊਨਿਸਟ ਜੁਆਨ ਜੋਸ ਮਾਨਸੋ, ਜਿਸ ਨੂੰ ਬਗ਼ਾਵਤ 'ਚ ਸ਼ਾਮਲ ਹੋਣ ਕਰਕੇ 30 ਸਾਲ ਕੈਦ ਦੀ ਸਜ਼ਾ ਦਿੱਤੀ ਗਈ, ਅਤੇ ਮੈਂ ਸਾਂ।

ਅਸਟੂਰੀਅਸ ਦੀਆਂ ਚੋਣਾਂ ਤੋਂ ਅਗਲੇ ਦਿਨ, ਗਿਜ਼ੋਨ ਦੇ ਕੈਦੀਆਂ ਨੇ ਰਿਹਾਈ ਦੀ ਮੰਗ ਕਰਦਿਆਂ ਬਗ਼ਾਵਤ ਕਰ ਦਿੱਤੀ। ਮੈਂ ਓਵੀਡੋ ਤੋਂ ਸਾਥੀਆਂ ਨੂੰ ਨਾਲ ਲੈ ਕੇ ਜੇਲ੍ਹ ਗਈ। ਅਸੀਂ ਦੇਖਿਆ ਕਿ ਸਿਵਲ ਗਾਰਡਾਂ ਨੇ ਇਸ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ।

ਜੇਲ੍ਹ ਦੇ ਡਾਇਰੈਕਟਰ ਨੇ ਸਾਨੂੰ ਕਮਿਊਨਿਸਟ ਕੈਦੀਆਂ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ, ਜਿਨ੍ਹਾਂ ਨੂੰ ਅਸੀਂ ਬਗ਼ਾਵਤ ਦੇ ਖ਼ਿਲਾਫ਼ ਸਲਾਹ ਦਿੱਤੀ, ਕਿਉਂਕਿ ਇਸ ਨੂੰ ਜਬਰ ਢਾਹੁਣ ਦਾ ਬਹਾਨਾ ਬਣਾਕੇ ਵਰਤਿਆ ਜਾ ਸਕਦਾ ਸੀ। ਅਸੀਂ ਸੰਸਦ ਸਮਾਗਮ ਬੁਲਾਏ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਮੁਕਤੀ ਲਈ ਜੋ ਕੁਝ ਸੰਭਵ ਸੀ ਕਰਨ ਦਾ ਵਾਅਦਾ ਕੀਤਾ।

ਇਸੇ ਦੌਰਾਨ ਓਵੀਡੋ ਦੇ ਕੈਦੀਆਂ ਨੇ ਬਗ਼ਾਵਤ ਕਰ ਦਿੱਤੀ ਸੀ, ਪਰ ਅਧਿਕਾਰੀਆਂ ਨੇ ਕਈ ਦਿਨਾਂ ਤੱਕ ਖ਼ਬਰ ਦਬਾਈ ਰੱਖੀ। ਇਹ ਓਦੋਂ ਤੱਕ ਚੱਲਦਾ ਰਿਹਾ, ਜਦੋਂ ਤੱਕ ਉਨ੍ਹਾਂ ਲਈ ਅਸਲੀਅਤ ਤੋਂ ਮੁੱਕਰਨਾ ਹੀ ਅਸੰਭਵ ਹੋ ਗਿਆ।

ਪਿਛਾਖੜੀ ਸਰਕਾਰਾਂ, ਇਨ੍ਹਾਂ ਦੇ ਗ਼ੈਰ-ਜਮਹੂਰੀ ਅਤੇ ਲੋਕ ਵਿਰੋਧੀ ਕਾਨੂੰਨਾਂ, ਸਟਰੈਪਲੋ ਨਾਂਅ ਦੇ ਵਿਤੀ ਘੁਟਾਲੇ 'ਚ ਸ਼ਾਮਲ ਜਨਤਕ ਹਸਤੀਆਂ ਦੇ ਭ੍ਰਿਸ਼ਟਾਚਾਰ ਦੀ ਭੰਡੀ ਕਰਦਿਆਂ ਡਿਆਜ਼ ਨੇ, ਖੱਬੀ ਧਿਰ ਦੀਆਂ ਤਾਜ਼ਾ ਸਰਗਰਮੀਆਂ, ਅਜ਼ਾਨਾ ਦੀ ਤਾਜ਼ਾ ਤਕਰੀਰ ਅਤੇ ਸਮਾਜਵਾਦੀ ਪਾਰਟੀ ਵੱਲੋਂ ਏਕਤਾ ਦੇ ਹੱਕ 'ਚ ਆਪਣੀ ਨੀਤੀ 'ਚ ਕੀਤੀਆਂ ਤਬਦੀਲੀਆਂ ਨੂੰ ਜੀ ਆਇਆਂ ਆਖਿਆ। ਉਸ ਨੇ ਫਾਸ਼ੀਵਾਦ ਵਿਰੋਧੀ ਸਾਰੀਆਂ ਤਾਕਤਾਂ ਦਾ ਗੱਠਜੋੜ ਬਣਾਉਣ ਲਈ ਉਤਸ਼ਾਹ ਭਰਪੂਰ ਸੱਦਾ ਦਿੱਤਾ।

ਸਮਾਜਵਾਦੀਆਂ ਨੂੰ ਸਿੱਧਾ ਸੰਬੋਧਨ ਕਰਦਿਆਂ, ਡਿਆਜ਼ ਨੇ ਕੁਲ ਜਮਹੂਰੀ ਤਾਕਤਾਂ ਨਾਲ ਇਕਮੁੱਠ ਹੋਣ, ਕਮਿਊਨਿਸਟ ਪਾਰਟੀ ਨਾਲ ਸਿਆਸੀ ਤੇ ਸਜਿੰਦ ਏਕਤਾ ਬਣਾਉਣ ਲਈ ਕੰਮ ਕਰਨ ਅਤੇ ਮਜ਼ਦੂਰ ਲਹਿਰ ਅੰਦਰ ਵਧ ਰਹੀ ਫੁੱਟ ਨੂੰ ਰੋਕਣ ਦੀ ਖੁੱਲ੍ਹੇਆਮ ਵਜਾਹਤ ਕੀਤੀ। ਜੋਸ ਡਿਆਜ਼ ਨੇ ਸਮਾਜਵਾਦੀਆਂ ਨੂੰ ਕਿਹਾ, "ਆ ਰਹੀ ਲੜਾਈ ਵਿਚ ਅਸੀਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜਕੇ ਚੱਲਣਾ ਚਾਹੁੰਦੇ ਹਾਂ। ਅਸੀਂ ਓਦੋਂ ਤੱਕ ਤੁਹਾਡੇ ਨਾਲ ਇਉਂ ਚੱਲਣਾ ਚਾਹਾਂਗੇ ਜਦੋਂ ਤੱਕ ਅਸੀਂ ਇਕੋ ਇਕ ਪਾਰਟੀ 'ਚ ਇਕਜੁੱਟ ਨਹੀਂ ਹੋ ਜਾਂਦੇ।"

ਕਮਿਊਨਿਸਟ ਪਾਰਟੀ ਨੇ ਏਕਤਾ ਦਾ ਇਹ ਅਤਿ ਜ਼ਰੂਰੀ ਸੱਦਾ ਸਪੇਨ ਦੇ ਸਾਰੇ ਸ਼ਹਿਰਾਂ ਤੇ ਪਿੰਡਾਂ ਤੱਕ ਪਹੁੰਚਾਇਆ। ਇਸ ਨੇ ਸਪੇਨ ਦੇ ਸਭਨਾਂ ਮਜ਼ਦੂਰਾਂ, ਬੁੱਧੀਜੀਵੀਆਂ ਅਤੇ ਜਮਹੂਰੀਅਤਪਸੰਦਾਂ ਨੂੰ ਏਕਤਾ ਦੀ ਖ਼ਾਤਰ ਆਪਣੇ ਵੈਰ-ਵਿਰੋਧਾਂ ਤੇ ਤੌਖ਼ਲਿਆਂ ਨੂੰ ਛੱਡਣ ਅਤੇ ਪਿਛਾਖੜ ਦੀਆਂ ਤਾਕਤਾਂ ਉੱਪਰ ਮਜ਼ਦੂਰਾਂ ਤੇ ਜਮਹੂਰੀਅਤਪਸੰਦਾਂ ਦੀ ਜਿੱਤ 'ਚ ਭਰੋਸਾ ਰੱਖਣ ਦਾ ਸੱਦਾ ਦਿੱਤਾ।

1935 ਦੇ ਅਖ਼ੀਰ 'ਚ, ਪਾਰਟੀ ਨੇ ਮੈਨੂੰ ਕੋਰੂਨਾ ਦੀ ਸੂਬਾ ਕਮੇਟੀ ਵੱਲੋਂ ਜਥੇਬੰਦ ਕੀਤੀਆਂ ਕੁਝ ਪ੍ਰਚਾਰ ਮੀਟਿੰਗਾਂ 'ਚ ਹਿੱਸਾ ਲੈਣ ਲਈ ਗਲੀਸ਼ੀਆ ਭੇਜਿਆ।

ਰਵਾਨਾ ਹੋਣ ਤੋਂ ਪਹਿਲਾਂ, ਜੋਸ ਡਿਆਜ਼ ਨੇ ਮੈਨੂੰ ਉੱਥੋਂ ਦੀ ਮਜ਼ਦੂਰ ਲਹਿਰ ਦੀਆਂ ਖ਼ਾਸੀਅਤਾਂ ਅਤੇ ਮੁੱਖ ਰੁਝਾਨਾਂ ਦੀ ਜਾਣਕਾਰੀ ਦਿੱਤੀ। ਉਸ ਦਾ ਮਸ਼ਵਰਾ ਬਹੁਤ ਕੀਮਤੀ ਸੀ, ਹਾਲਾਂਕਿ ਮੇਰਾ ਇਹ ਗਲੀਸ਼ੀਆ ਦਾ ਪਹਿਲਾ ਸਫ਼ਰ ਨਹੀਂ ਸੀ—ਪੌਂਟੇਵੈਡਰਾ ਅਤੇ ਵੀਗੋ ਸ਼ਹਿਰਾਂ 'ਚ ਪਹਿਲਾਂ ਹੀ ਮੇਰੇ ਪੁਰਾਣੇ ਦੋਸਤ ਸਨ।

ਗਲੀਸ਼ੀਆ ਦੇ ਮਜ਼ਦੂਰਾਂ, ਕਿਸਾਨਾਂ ਤੇ ਮਛੇਰਿਆਂ, ਖ਼ਾਸ ਤੌਰ 'ਤੇ ਆਪਾਵਾਰ ਔਰਤਾਂ, ਜੋ ਮੱਛੀ ਡੱਬਾਬੰਦ ਕਰਨ ਦੀ ਫੈਕਟਰੀ 'ਚ ਕੰਮ ਕਰਦੀਆਂ ਸਨ, ਦੀ ਇਨਕਲਾਬੀ ਦ੍ਰਿੜਤਾ ਨੇ ਮੇਰੇ ਉੱਪਰ ਅਮਿੱਟ ਪ੍ਰਭਾਵ ਪਾਇਆ।

ਗਲੀਸ਼ੀਆ ਸਪੇਨ ਦੇ ਸਭ ਤੋਂ ਦਿਲਕਸ਼ ਖੇਤਰਾਂ 'ਚੋਂ ਇਕ ਹੈ। ਇਸ ਦੀਆਂ ਨਦੀਆਂ ਤੇ ਨਦੀ-ਕੰਢਿਆਂ ਦੀ ਖ਼ੂਬਸੂਰਤੀ, ਇਸਦੇ ਪਹਾੜਾਂ ਦੀ ਨਿਰੰਤਰ ਹਰਿਆਲੀ, ਖ਼ੁਸ਼ਗਵਾਰ ਮੌਸਮ ਅਤੇ ਇਸ ਦੇ ਲੋਕਾਂ ਦੀ ਪ੍ਰਾਹੁਣਾਚਾਰੀ ਮਹਿਮਾਨ ਨੂੰ ਇਸ ਕਦਰ ਜਕੜ ਲੈਂਦੀ ਹੈ ਕਿ ਵਿਦਾ ਹੋਣ ਸਮੇਂ ਉਹ ਗਹਿਰੀ ਉਦਾਸੀ ਅਤੇ ਵਾਪਸ ਮੁੜਨ ਦੀ ਡੂੰਘੀ ਤਾਂਘ ਮਹਿਸੂਸ ਕਰਦਾ ਹੈ। ਗਲੀਸ਼ੀਆ ਨੂੰ ਦੇਖਣ, ਲੋਕਾਂ ਨੂੰ ਮਿਲਣ, ਕੁਦਰਤੀ ਨਜ਼ਾਰਿਆਂ ਤੇ ਸਮੁੰਦਰਾਂ ਨੂੰ ਤੱਕਣ ਤੋਂ ਬਾਦ ਹੀ, ਗਲੀਸ਼ੀਅਨਾਂ ਦੇ ਹੇਰਵੇ ਨੂੰ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੀ ਜਨਮ ਧਰਤੀ ਤੋਂ ਵਿਛੋੜ ਦਿੱਤਾ ਗਿਆ ਸੀ।

ਸੋ ਮੈਂ ਖ਼ੁਸ਼ੀ-ਖ਼ੁਸ਼ੀ ਗਲੀਸ਼ੀਆ ਗਈ। ਪਰ ਮੈਨੂੰ ਸਖ਼ਤ ਮਿਹਨਤ ਕਰਨੀ ਪਈ, ਅਤੇ ਨਾਮੰਨਣਯੋਗ ਵਿਰੋਧ 'ਤੇ ਕਾਬੂ ਪਾਉਣ ਲਈ ਸਖ਼ਤ ਘਾਲਣਾ ਘਾਲਣੀ ਪਈ।

ਕੋਰੂਨਾ ਦੀ ਕਮਿਊਨਿਸਟ ਪਾਰਟੀ ਨੇ ਆਪਣਾ ਪਹਿਲਾ ਪ੍ਰਚਾਰ ਜਲਸਾ ਪ੍ਰਸਿੱਧ ਗਵੱਈਏ, ਰੋਸਾਲੀਆ ਡੀ ਕਾਸਟਰੋ, ਦੇ ਨਾਂਅ 'ਤੇ ਬਣੇ ਨਾਟ-ਭਵਨ 'ਚ ਆਯੋਜਤ ਕੀਤਾ, ਜੋ ਗਲੀਸ਼ੀਆ ਦੀ ਖ਼ੂਬਸੂਰਤੀ ਨੂੰ ਅਨੂਠੇ ਅੰਦਾਜ਼ 'ਚ ਗਾਉਂਦਾ ਹੁੰਦਾ ਸੀ।

ਜਲਸਾ ਪਹਿਲੀ ਜਨਵਰੀ 1936 ਨੂੰ ਹੋਇਆ। ਕੋਰੂਨਾ ਦੇ ਲੋਕ ਜਾਣਦੇ ਸਨ ਕਿ ਕਮਿਊਨਿਸਟ ਪਾਰਟੀ ਸਾਂਝੇ ਲੋਕ ਮੁਹਾਜ਼ ਲਈ ਜੱਦੋਜਹਿਦ ਦੀ ਝੰਡਾਬਰਦਾਰ ਸੀ, ਅਤੇ ਉਹ ਏਕਤਾ ਦੇ ਹੱਕ 'ਚ ਨਵੀਆਂ ਦਲੀਲਾਂ ਸੁਣਨ ਦੀ ਆਸ ਨਾਲ ਨਾਟ-ਭਵਨ ਆਏ, ਜਿਸ ਨੂੰ ਉਹ ਵੀ ਲਾਜ਼ਮੀ ਸਮਝਦੇ ਸਨ।

ਅਕਤੂਬਰ ਦੀ ਬਗ਼ਾਵਤ ਤੋਂ ਬਾਦ ਗਲੀਸ਼ੀਆ ਅੰਦਰ ਇਹ ਪਹਿਲਾ ਕਮਿਊਨਿਸਟ ਇਕੱਠ ਸੀ ਅਤੇ ਇਸ ਨੇ ਲੋਕਾਂ ਨੂੰ ਜਬਰ ਸੰਬੰਧੀ ਭੜਾਸ ਕੱਢਣ ਦਾ ਮੌਕਾ ਦਿੱਤਾ। ਹਰ ਥਾਂ, ਅਸਟੂਰੀਅਨ ਲੜਾਕੂਆਂ ਦਾ ਜੰਗੀ ਨਾਅਰਾ "ਯੂ ਐੱਚ ਪੀ"(ਮਜ਼ਦੂਰ ਭਰਾਵਾਂ ਦੀ ਯੂਨੀਅਨ) ਗੂੰਜ ਰਿਹਾ ਸੀ। ਹਜ਼ਾਰਾਂ ਮਰਦਾਂ ਤੇ ਔਰਤਾਂ ਨੇ ਕਮਿਊਨਿਸਟ ਪਾਰਟੀ ਦੀ ਜੈ-ਜੈਕਾਰ ਕੀਤੀ। ਮਜ਼ਦੂਰ ਕੌਮਾਂਤਰੀ ਗੀਤ ਅਤੇ ਨੌਜਵਾਨ ਰਾਖੇ ਹੋਰ ਗੀਤ ਗਾਉਂਦੇ ਹੋਏ, ਵੱਡੀਆਂ ਵੱਡੀਆਂ ਟੋਲੀਆਂ ਬਣਾਕੇ ਨਾਟ-ਭਵਨ ਆਏ।

ਇਕੱਠ ਦੀ ਕਾਮਯਾਬੀ, ਜੇ ਘੱਟੋ-ਘੱਟ ਕਿਹਾ ਜਾਵੇ, ਨਾਲ ਪਿਛਾਖੜੀ ਅਤੇ ਇਨ੍ਹਾਂ ਦੇ ਜੋਟੀਦਾਰ, ਇਸ ਨਿੱਕੇ ਜਹੇ ਕਸਬੇ ਦੇ ਅਰਾਜਕਤਾਵਾਦੀ ਸਿਆਸਤਦਾਨ, ਪ੍ਰੇਸ਼ਾਨ ਹੋ ਗਏ। "ਮੁਕਤੀ" ਦੇ ਨਾਂਅ ਹੇਠ ਉਨ੍ਹਾਂ ਨੇ ਇਕੱਠ 'ਚ ਖਲੱਲ ਪਾਉਣ ਦੀ ਸਾਜਿਸ਼ ਰਚੀ। ਸਾਡੇ ਹਿਤੈਸ਼ੀਆਂ ਨੇ ਸਾਨੂੰ ਇਨ੍ਹਾਂ ਗੁੱਟਾਂ ਵੱਲੋਂ ਬਣਾਈਆਂ ਜਾ ਰਹੀਆਂ ਗੁਪਤ ਯੋਜਨਾਵਾਂ ਬਾਰੇ ਦੱਸ ਦਿੱਤਾ ਸੀ, ਜਿਨ੍ਹਾਂ ਦੀ ਪੁਰਾਣੀ ਜਗੀਰੂ ਸਿਆਸੀ ਸੱਤਾ ਖ਼ਤਰੇ 'ਚ ਪੈ ਗਈ ਸੀ। ਅਸੀਂ ਇਹ ਸੋਚਦੇ ਅੱਗੇ ਵਧਦੇ ਗਏ ਕਿ ਇਨ੍ਹਾਂ ਦਾ ਭੌਂਕਣਾ ਇਨ੍ਹਾਂ ਦੇ ਵੱਢਣ ਨਾਲੋਂ ਵੱਧ ਭੈੜਾ ਹੋਵੇਗਾ। ਪਰ ਜਿਨ੍ਹਾਂ ਨੇ ਸਾਨੂੰ ਚੇਤਾਵਨੀ ਦਿੱਤੀ ਸੀ ਉਨ੍ਹਾਂ ਦੀ ਗੱਲ ਦਰੁਸਤ ਸੀ। ਭੜਕਾਊ ਕਾਰਵਾਈ ਬਹੁਤ ਹੁਸ਼ਿਆਰੀ ਨਾਲ ਉਲੀਕੀ ਗਈ ਸੀ। ਜਿਉਂ ਹੀ ਪਹਿਲੇ ਬੁਲਾਰੇ ਨੇ ਬੋਲਣਾ ਸ਼ੁਰੂ ਕੀਤਾ, ਬੇਹੂਦਾ ਟੋਕਾਟਾਕੀ ਸ਼ੁਰੂ ਹੋ ਗਈ।

"ਸਾਨੂੰ ਸਿਆਸਤ ਨਾਲ ਕੋਈ ਮਤਲਬ ਨਹੀਂ ਹੈ।" ਬਾਲਕੋਨੀ ਤੋਂ ਇਕ ਭੜਕਾਊ ਅਨਸਰ ਚੀਕ ਪਿਆ ਅਤੇ ਉਸਦੀ ਮੰਡਲੀ ਦੇ ਵੀਹ-ਤੀਹ ਜਣਿਆਂ ਨੇ ਵਾਰ-ਵਾਰ "ਕੋਈ ਮਤਲਬ ਨਹੀਂ ਹੈ" ਦੀ ਰੱਟ ਲਾਉਣੀ ਸ਼ੁਰੂ ਕਰ ਦਿੱਤੀ।

ਸਰੋਤਿਆਂ ਨੂੰ ਗੁੱਸਾ ਆ ਗਿਆ। ਬੰਦਰਗਾਹ 'ਤੇ ਕੰਮ ਕਰਨ ਵਾਲਾ ਇਕ ਮਜ਼ਦੂਰ ਉੱਠ ਖੜ੍ਹਿਆ ਤੇ ਗੁੱਸੇ ਨਾਲ ਚਿਲਾ ਉੱਠਿਆ: "ਕੁੱਤੀ ਦੇ ਪੁੱਤਰੋ! ਤੁਹਾਨੂੰ ਰੌਲਾ ਪਾਉਣ ਲਈ ਕਿੰਨਾ ਪੈਸਾ ਦਿੱਤਾ ਗਿਆ ਹੈ?"

ਵਾਰ-ਵਾਰ ਖ਼ਲੱਲ ਪੈਂਦਾ ਰਿਹਾ, ਇਸੇ ਦਰਮਿਆਨ ਪਹਿਲੇ ਬੁਲਾਰੇ ਦਾ ਭਾਸ਼ਣ ਪੂਰਾ ਹੋਇਆ। ਦੂਜੇ ਬੁਲਾਰੇ ਨਾਲ ਵੀ ਇਹੋ ਵਾਪਰਿਆ। ਹੁਣ ਜੁੜੇ ਹੋਏ ਲੋਕਾਂ ਦੇ ਸਬਰ ਦਾ ਪਿਆਲਾ ਭਰ ਚੁੱਕਿਆ ਸੀ। ਸਾਥੀਆਂ ਦੀ ਇਕ ਟੋਲੀ ਖ਼ਲੱਲ ਪਾਉਣ ਵਾਲਿਆਂ ਨੂੰ ਬਾਹਰ ਕੱਢਣ ਲੱਗ ਪਈ। "ਬੁਜ਼ਦਿਲੋ! ਫ਼ਸਾਦੀਓ!" ਔਰਤਾਂ ਰੋਹ 'ਚ ਆ ਕੇ ਚੀਕ ਉੱਠੀਆਂ।

ਇਕ ਸਮੇਂ ਬਾਦ ਰੌਲਾ-ਰੱਪਾ ਥੰਮ ਗਿਆ, ਹੁਣ ਬੋਲਣ ਦੀ ਮੇਰੀ ਵਾਰੀ ਸੀ। ਮੈਂ ਖ਼ਲੱਲ ਨੂੰ ਨਜ਼ਰ-ਅੰਦਾਜ਼ ਕਰਨਾ ਚਾਹੁੰਦੀ ਸੀ। ਮੈਂ ਉੱਥੇ ਮੌਜੂਦ ਮਰਦਾਂ ਤੇ ਔਰਤਾਂ, ਕਿਸਾਨਾਂ, ਮਛੇਰਿਆਂ,

ਸਿਗਰਟ ਮਜ਼ਦੂਰਾਂ, ਸਿੱਧੀਆਂ-ਸਾਦੀਆਂ, ਬਹਾਦਰ ਤੇ ਦਲੇਰ ਘਰੇਲੂ ਤੀਵੀਂਆਂ, ਕੋਰੂਨਾ ਦੇ ਸਭਨਾਂ ਲੋਕਾਂ, ਬਾਗ਼ੀਆਂ ਤੇ ਇਨਕਲਾਬੀਆਂ ਨੂੰ ਦਿਲ ਦੀਆਂ ਡੂੰਘਾਈਆਂ ਤੋਂ ਸੰਬੋਧਤ ਹੋਈ।

ਇਸ ਤੋਂ ਪਹਿਲਾਂ ਕਿ ਮੈਂ ਪਿਛਾਖੜੀ ਤਾਕਤਾਂ ਦੀਆਂ ਚਾਲਾਂ ਦੀ ਭੰਡੀ ਕਰਦੀ, ਭੜਕਾਊ ਅਨਸਰਾਂ ਨੇ ਇਕ ਵਾਰ ਫਿਰ ਫ਼ਸਾਦ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਪੂਰੇ ਜ਼ੋਰ ਨਾਲ ਆਪਣੀ ਗੱਲ ਜਾਰੀ ਰੱਖੀ, ਸਰੋਤਿਆਂ ਨੂੰ ਦੱਸਿਆ ਕਿ ਭੜਕਾਊ ਅਨਸਰ ਉਨ੍ਹਾਂ ਦੇ ਹੱਥਠੋਕੇ ਹਨ ਜੋ ਏਕਤਾ ਦੇ ਵਿਰੋਧੀ ਹਨ। ਇਸ 'ਤੇ ਭੜਕਾਊ ਟੋਲੀ ਚੁੱਪ ਕਰ ਗਈ।

ਅਤੇ ਫਿਰ ਅੱਗੇ ਜੋ ਕੁਝ ਵਾਪਰਿਆ ਉਸ ਨਾਲ ਭੜਕਾਊ ਅਨਸਰਾਂ ਅਤੇ ਪੁਲਿਸ ਦੀ ਮਿਲੀ-ਭੁਗਤ ਜ਼ਾਹਰ ਹੋ ਗਈ। ਭੜਕਾਊ ਅਨਸਰ ਖ਼ਲੱਲ ਪਾ ਕੇ ਜੋ ਕੁਝ ਨਹੀਂ ਸੀ ਕਰ ਸਕੇ, ਉਹ ਹੁਣ ਪੁਲਸੀਏ ਕਰਨ ਲੱਗੇ। ਉਹ ਨਾਟ-ਭਵਨ 'ਚ ਘੁਸ ਗਏ ਅਤੇ ਇਸ ਤੋਂ ਪਹਿਲਾਂ ਕਿ ਸਰੋਤਿਆਂ ਨੂੰ ਪਤਾ ਲੱਗਦਾ ਕਿ ਕੀ ਹੋ ਰਿਹਾ ਸੀ, ਉਨ੍ਹਾਂ ਨੇ ਚਾਰੇ ਪਾਸੇ ਵਹਿਸ਼ੀ ਵਾਰ ਕਰਨੇ ਸ਼ੁਰੂ ਕਰ ਦਿੱਤੇ। ਬਿਨਾਂ ਇਹ ਪ੍ਰਵਾਹ ਕੀਤੇ ਕਿ ਸੱਟਾਂ ਮਰਦਾਂ ਦੇ ਵੱਜ ਰਹੀਆਂ ਹਨ, ਕਿ ਔਰਤਾਂ ਜਾਂ ਬੱਚਿਆਂ ਦੇ।

ਫ਼ਸਾਦ ਬਿਆਨ ਨਹੀਂ ਕੀਤਾ ਜਾ ਸਕਦਾ। ਲੋਕਾਂ ਨੇ ਕੁਰਸੀਆਂ ਉਖਾੜਕੇ ਪੁਲਸੀਆਂ ਨੂੰ ਭੰਨਣਾ ਸ਼ੁਰੂ ਕਰ ਦਿੱਤਾ। "ਮੁਜਰਮੋ! ਬੁਜ਼ਦਿਲੋ! ਕਾਤਲੋ!" ਹਜ਼ਾਰਾਂ ਆਵਾਜ਼ਾਂ ਚੀਕ ਪਈਆਂ। ਬਾਲਕੋਨੀ 'ਚ ਬੈਠੇ ਲੋਕਾਂ ਦੇ ਜੋ ਹੱਥ ਆਇਆ ਉਹੀ ਹੇਠਾਂ ਪੁਲਸੀਆਂ ਉੱਤੇ ਸੁੱਟਣ ਲੱਗ ਪਏ।

ਨਾਟ-ਭਵਨ ਇਕਦਮ ਖਾਲੀ ਹੋ ਗਿਆ। ਇਕ ਅਫ਼ਸਰ ਨੇ ਕੁਝ ਪੁਲਸੀਏ ਨਾਲ ਲੈ ਕੇ ਮੰਚ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਅਸੀਂ ਉਨ੍ਹਾਂ ਨੂੰ ਪੌੜੀਆਂ ਤੋਂ ਹੇਠਾਂ ਸੁੱਟ ਦਿੱਤਾ। ਬਾਹਰ ਸੜਕ 'ਤੇ ਲੜਾਈ ਹੁੰਦੀ ਰਹੀ। ਪੁਲਸੀਆਂ ਨੇ ਰਾਈਫਲਾਂ ਦੇ ਫਾਇਰ ਖੋਲ੍ਹ ਦਿੱਤੇ, ਤੇ ਮਜ਼ਦੂਰਾਂ ਨੇ ਇੱਟਾਂ-ਵੱਟਿਆਂ ਦੀ ਬੁਛਾੜ ਕੀਤੀ। ਜਦੋਂ ਮੈਂ ਨਾਟ-ਭਵਨ 'ਚੋਂ ਨਿੱਕਲੀ ਤਾਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। "ਇਸੇ ਨੇ ਸਾਹਬ ਨੂੰ ਪੌੜੀਆਂ ਤੋਂ ਹੇਠਾਂ ਸੁੱਟਿਆ ਸੀ," ਪੁਲਸੀਏ ਭੜਕ ਪਏ।

ਅਚਾਨਕ ਮੈਂ ਦੇਖਿਆ ਕਿ ਇਕ ਪੁਲਸੀਆ ਸਾਡੇ ਇਕ ਸਾਥੀ ਨੂੰ ਕੁੱਟ ਰਿਹਾ ਸੀ। ਆਪਣੇ ਦੁਆਲੇ ਦੇ ਪੁਲਸੀਆਂ ਨੂੰ ਪਾਸੇ ਧੱਕ ਕੇ ਮੈਂ ਉਸ ਨੂੰ ਰੋਕਣ ਲਈ ਦੂਸਰੇ ਬੰਦੇ ਦੇ ਉੱਪਰ ਛਾਲ ਮਾਰ ਦਿੱਤੀ। ਮਜ਼ਦੂਰ ਮੇਰੀ ਸਹਾਇਤਾ ਲਈ ਆ ਗਏ। ਜਦੋਂ ਉਨ੍ਹਾਂ ਨੇ ਦੇਖਿਆ ਕਿ ਮੈਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ, ਉਨ੍ਹਾਂ 'ਚੋਂ ਸੈਂਕੜੇ ਥਾਣੇ ਜਾਣ ਲਈ ਸਾਡੇ ਮਗਰ ਚੱਲ ਪਏ।

ਇਕੱਠ 'ਚ ਵਿਘਨ ਪਾਏ ਜਾਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਪੂਰੇ ਸ਼ਹਿਰ 'ਚ ਫੈਲ ਗਈ। ਹਰ ਕੋਈ ਸੜਕ 'ਤੇ ਆ ਕੇ, ਪਿਛਾਖੜ ਦੇ ਸੰਦ ਭੜਕਾਊ ਅਨਸਰਾਂ ਖ਼ਿਲਾਫ਼ ਰੋਸ ਪ੍ਰਗਟਾ ਰਿਹਾ ਸੀ। ਮਛੇਰਿਆਂ, ਮਜ਼ਦੂਰਾਂ ਅਤੇ ਸੀ.ਐੱਨ.ਟੀ. ਦੇ ਜਹਾਜ਼ੀਆਂ ਨੇ ਜੋ ਕੁਝ ਹੋਇਆ ਉਸ ਬਾਰੇ ਸਾਡੇ ਸਾਥੀਆਂ ਕੋਲ ਨਫ਼ਰਤ ਤੇ ਰੋਹ ਜ਼ਾਹਿਰ ਕੀਤਾ। ਮਜ਼ਦੂਰਾਂ ਦੀਆਂ ਸਿਆਸੀ ਜਥੇਬੰਦੀਆਂ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਰਿਹਾਅ ਕਰਨ ਦੀ ਮੰਗ ਕਰਨ ਅਤੇ ਪੁਲਿਸ ਦੀ ਦਖ਼ਲਅੰਦਾਜ਼ੀ ਦੇ ਵਿਰੁੱਧ ਰੋਸ ਪ੍ਰਗਟਾਉਣ ਲਈ ਗਵਰਨਰ ਨੂੰ ਮਿਲਣ ਵਾਸਤੇ ਵਿਸੇਸ਼ ਕਮੇਟੀਆਂ ਬਣਾਈਆਂ।

ਦੁਪਹਿਰ ਨੂੰ ਸਾਨੂੰ ਰਿਹਾਅ ਕਰ ਦਿੱਤਾ ਗਿਆ। ਜਦੋਂ ਅਸੀਂ ਕੋਰੂਨਾ ਦੀਆਂ ਗਲੀਆਂ 'ਚੋਂ ਲੰਘੇ ਤਾਂ ਮਜ਼ਦੂਰਾਂ ਨੇ ਸਾਡੇ ਕੋਲ ਆਕੇ ਇਕਮੁੱਠਤਾ ਪ੍ਰਗਟਾਈ ਅਤੇ ਸੂਬੇ ਦੇ ਹੋਰ ਕਸਬਿਆਂ

'ਚ ਆਉਣ ਦਾ ਸੱਦਾ ਦਿੱਤਾ। ਗਲੀਸ਼ੀਆ 'ਚ ਏਕਤਾ ਦੇ ਕਾਜ ਦੀ ਲੜਾਈ ਜਿੱਤ ਲਈ ਗਈ ਸੀ।

ਜਦੋਂ ਮੈਂ ਮੈਡਰਿਡ ਮੁੜੀ, ਮੈਂ ਦੇਖਿਆ ਪਾਰਟੀ ਲੋਕ ਮੁਹਾਜ਼ ਦੀ ਉਸਾਰੀ ਕਰਨ ਲਈ ਉਤਸ਼ਾਹ ਨਾਲ ਕੰਮ ਕਰ ਰਹੀ ਸੀ।

ਕੁਝ ਗਣਰਾਜਵਾਦੀ ਆਗੂ ਹਾਲੇ ਵੀ ਆਪਣੀਆਂ ਬੇਹੂਦਾ ਪੁਜੀਸ਼ਨਾਂ ਨੂੰ ਚਿੰਬੜੇ ਹੋਏ ਸਨ ਅਤੇ ਉਨ੍ਹਾਂ ਨੇ ਜਮਹੂਰੀ ਤਾਕਤਾਂ ਦੇ ਗੱਠਜੋੜ ਦੇ ਵਿਚਾਰ ਦਾ ਵਿਰੋਧ ਕੀਤਾ। ਬੇਸਿੱਟਾ ਵਿਚਾਰ-ਵਟਾਂਦਰੇ ਹੁੰਦੇ ਰਹੇ। ਹਰ ਕੋਈ ਸੋਚਦਾ ਸੀ ਕਿ ਉਹ ਠੀਕ ਸੀ ਅਤੇ ਗਣਰਾਜ ਦੀਆਂ ਸਾਰੀਆਂ ਬੁਰਾਈਆਂ ਲਈ ਦੂਸਰਿਆਂ ਨੂੰ ਦੋਸ਼ ਦਿੰਦਾ ਸੀ। ਕਿਸੇ ਨੇ ਵੀ ਆਪਣੀਆਂ ਗ਼ਲਤੀਆਂ ਨੂੰ ਘੋਖਣ ਵੱਲ ਧਿਆਨ ਨਹੀਂ ਦਿੱਤਾ। ਕਿਸੇ ਨੇ ਵੀ ਸੱਤਾਧਾਰੀ ਤਾਕਤਾਂ ਖ਼ਿਲਾਫ਼ ਲੜਾਈ ਦੇ ਕੇ ਗਣਰਾਜ ਦੀ ਸੱਤਾ ਨੂੰ ਮੁੜ-ਬਹਾਲ ਕਰਨ ਦਾ ਸਵਾਲ ਨਹੀਂ ਉਠਾਇਆ। ਸਮਾਜਵਾਦੀਆਂ ਨੇ ਅਕਤੂਬਰ ਬਗ਼ਾਵਤ ਦੀ ਹਮਾਇਤ ਨਾ ਕਰਨ ਦਾ ਇਲਜ਼ਾਮ ਗਣਰਾਜਵਾਦੀਆਂ 'ਤੇ ਲਾਇਆ। ਗਣਰਾਜਵਾਦੀਆਂ ਨੇ ਲੀਡਰਸ਼ਿਪ 'ਤੇ ਅਜਾਰੇਦਾਰੀ ਬਣਾਉਣਾ ਚਾਹੁੰਦੇ ਹੋਣ ਦਾ ਇਲਜ਼ਾਮ ਸਮਾਜਵਾਦੀਆਂ 'ਤੇ ਲਾਇਆ। ਹਰ ਕੋਈ ਹਰ ਕਿਸੇ ਉੱਪਰ ਇਲਜ਼ਾਮ ਲਾਉਣ 'ਚ ਐਨਾ ਮਸਰੂਫ਼ ਸੀ ਕਿ ਡਗਮਗਾ ਰਹੇ ਗਣਰਾਜ ਦਾ ਚੇਤਾ ਹੀ ਭੁੱਲਾ ਦਿੱਤਾ ਗਿਆ।

ਸਿਆਸੀ ਸਿਆਣਿਆਂ ਨੇ ਕੋਈ ਉਂਗਲ ਹਿਲਾਏ ਬਗ਼ੈਰ ਹੀ ਪਿਛਾਖੜ ਦਾ ਪਤਨ ਹੋ ਜਾਣ ਦੀ ਪੇਸ਼ੀਨਗੋਈ ਕੀਤੀ ਸੀ। ਕਿ ਇਹ ਉਵੇਂ ਹੀ ਸੁਭਾਵਿਕ ਵਾਪਰ ਜਾਵੇਗਾ ਜਿਵੇਂ ਗਲਿਆ ਹੋਇਆ ਸੇਬ ਦਰੱਖ਼ਤ ਨਾਲੋਂ ਟੁੱਟਕੇ ਡਿੱਗ ਜਾਂਦਾ ਹੈ। ਗਣਰਾਜਵਾਦੀਏ ਤੇ ਸਮਾਜਵਾਦੀਏ ਜਨਤਾ ਦੀਆਂ ਆਪਮੁਹਾਰੀਆਂ "ਸੁਭਾਵਿਕ" ਕਾਰਵਾਈਆਂ ਤੋਂ ਸਭਨਾਂ ਦੁੱਖਾਂ ਦੀ ਸਿਆਸੀ ਦਾਰੂ ਦੇ ਚਾਣਚੱਕ ਪ੍ਰਗਟ ਹੋਣ ਦੀ ਆਸ ਰੱਖਦੇ ਸਨ। ਉਨ੍ਹਾਂ ਨੂੰ 14 ਅਪ੍ਰੈਲ 1931 ਮੁੜ-ਦੁਹਰਾਏ ਜਾਣ ਦੀ ਆਸ ਸੀ।

1936 ਤੱਕ, ਮਜ਼ਦੂਰ ਜਮਾਤ ਅਤੇ ਸਪੇਨ ਦੀ ਬੁਰਜੂਆਜ਼ੀ ਦਰਮਿਆਨ ਗੱਠਜੋੜ ਸ਼ੇਰ ਨੂੰ ਲੇਲੇ ਨਾਲ ਸੁਲਾਉਣ ਵਾਂਗ ਸਨ। ਜਾਂ, ਇਕ ਹੋਰ ਅਲੰਕਾਰ ਵਰਤੀਏ, ਮੁਰਗਾ ਬੁਰਜੂਆਜ਼ੀ ਛਕ ਗਈ ਅਤੇ ਮਜ਼ਦੂਰਾਂ ਦੇ ਪੱਲੇ ਹੱਡੀਆਂ ਪਈਆਂ।

ਲੋਕ ਮੁਹਾਜ਼ ਦੀ ਨੀਤੀ ਕੁਝ ਬਹੁਤ ਹੀ ਵੱਖਰੇ ਤਰਾਂ ਦੀ ਨੁਮਾਇੰਦਗੀ ਕਰਦੀ ਸੀ। 1931 ਤੋਂ ਲੈ ਕੇ ਮਜ਼ਦੂਰ ਜਮਾਤ ਨੇ ਚੋਖਾ ਤਜਰਬਾ ਹਾਸਲ ਕਰ ਲਿਆ ਸੀ। ਅਸਟੂਰੀਅਸ ਨੇ ਦਿਖਾਇਆ ਸੀ ਕਿ ਪਿਛਾਖੜ ਦੇ ਵਿਰੁੱਧ ਮਜ਼ਦੂਰ ਸੰਘਰਸ਼ 'ਚ ਏਕਤਾ ਫ਼ੈਸਲਾਕੁਨ ਹਥਿਆਰ ਸੀ। ਅਕਤੂਬਰ 1935 'ਚ, ਹਕੂਮਤ ਦਾ ਸੰਕਟ ਸਿਰਾਂ 'ਤੇ ਹੋਣ ਦੇ ਵਕਤ, ਕਮਿਊਨਿਸਟ ਪਾਰਟੀ ਨੇ *Claridad* ਅਖ਼ਬਾਰ ਨੂੰ ਲਿਖੇ ਖ਼ਤ 'ਚ ਖੱਬੇਪੱਖੀ ਸਮਾਜਵਾਦੀਆਂ ਨੂੰ ਹੇਠ ਲਿਖੀਆਂ ਤਜਵੀਜ਼ਾਂ ਕੀਤੀਆਂ:

(1) ਕਮਿਊਨਿਸਟਾਂ ਦੇ ਪ੍ਰਭਾਵ ਵਾਲੀ ਜਨਰਲ ਕਨਫੈੱਡਰੇਸ਼ਨ ਆਫ ਯੂਨਾਈਟਿਡ ਵਰਕਰਜ਼ (ਸੀ ਜੀ ਯੂ ਟੀ) ਦਾ ਸਮਾਜਵਾਦੀਆਂ ਦੀ ਅਗਵਾਈ ਵਾਲੀ ਯੂ.ਜੀ.ਟੀ. ਨਾਲ ਰਲੇਵਾਂ ਕਰਕੇ ਮਜ਼ਦੂਰ ਯੂਨੀਅਨਾਂ ਦੀ ਏਕਤਾ ਕਰਨਾ; (2) ਗੱਠਜੋੜ ਦੀ ਨੀਤੀ ਨੂੰ ਅੱਗੇ ਵਧਾਉਣਾ; (3) ਫਾਸ਼ੀਵਾਦ ਵਿਰੁੱਧ ਲੋਕ ਮੁਹਾਜ਼ ਬਣਾਉਣਾ ਜਿਸ ਦਾ ਨਿਰਦੇਸ਼ਨ ਮਜ਼ਦੂਰ ਜਮਾਤ ਕਰੇਗੀ; (4) ਕਾਮਿਨਟਰਨ ਦੀ ਸੱਤਵੀਂ ਕਾਂਗਰਸ ਨੂੰ ਸ਼ੁਰੂਆਤੀ ਨੁਕਤੇ ਵਜੋਂ ਲੈਂਦੇ ਹੋਏ ਕਮਿਊਨਿਸਟ ਅਤੇ

ਖਾਣ ਦੇ ਇਲਾਕੇ ਤੋਂ ਮਜ਼ਦੂਰਾਂ ਅਤੇ ਕੈਦੀਆਂ ਦੇ ਸਕੇ-ਸੰਬੰਧੀਆਂ ਦੀਆਂ ਟੋਲੀਆਂ ਇਹ ਅਫ਼ਵਾਹ ਸੁਣਕੇ ਓਵੀਡੋ 'ਚ ਪਹੁੰਚ ਰਹੀਆਂ ਸਨ ਕਿ ਕੈਦੀਆਂ ਨੂੰ ਰਿਹਾਅ ਕੀਤਾ ਜਾਵੇਗਾ।

ਅਸੀਂ ਵੀ ਓਵੀਡੋ ਜਾਣ ਦਾ ਫ਼ੈਸਲਾ ਕੀਤਾ। ਜੇਲ੍ਹ ਦੇ ਸਾਹਮਣੇ ਲੋਕਾਂ ਦੀ ਚੋਖੀ ਭੀੜ ਆਪਣੇ ਸਕੇ-ਸੰਬੰਧੀਆਂ, ਸੱਜਣਾਂ-ਮਿੱਤਰਾਂ ਜਾਂ ਸਾਥੀਆਂ ਦੀ ਰਿਹਾਈ ਦੀ ਇੰਤਜ਼ਾਰ 'ਚ ਜੁੜੀ ਹੋਈ ਸੀ। ਰਾਈਫਲਾਂ ਨਾਲ ਲੈਸ, ਹਥਿਆਰਬੰਦ ਪੁਲਸੀਏ ਹਰੇਕ ਦਰਵਾਜ਼ੇ 'ਤੇ ਖੜ੍ਹੇ ਸਨ।

ਅਚਾਨਕ ਉਵੀਡੋ ਦਾ ਮੇਅਰ, ਪੀਲਾ ਪਿਆ ਤੇ ਘਬਰਾਇਆ ਹੋਇਆ ਜੇਲ੍ਹ ਦੇ ਮੁੱਖ ਦਰਵਾਜ਼ੇ 'ਤੇ ਆ ਪਹੁੰਚਿਆ। ਜਦੋਂ ਉਸਨੇ ਮੈਨੂੰ ਦੇਖਿਆ, ਉਹ ਸਿਰ ਫੜਕੇ ਮੇਰੇ ਨੇੜੇ ਆ ਕੇ ਰੋਣ-ਪਿੱਟਣ ਲੱਗਿਆ: "ਕਿੰਨਾ ਭਿਆਨਕ ਹੈ! ਕੈਦੀਆਂ ਨੇ ਬਗ਼ਾਵਤ ਕਰ ਦਿੱਤੀ ਹੈ। ਉਹ ਰਿਹਾਈ ਚਾਹੁੰਦੇ ਹਨ। ਮੈਨੂੰ ਪਤਾ ਨਹੀਂ ਲੱਗਦਾ ਅਸੀਂ ਬਿਨਾ ਖ਼ੂਨ ਵਹਾਏ ਇਹ ਮਸਲਾ ਕਿਵੇਂ ਹੱਲ ਕਰ ਸਕਦੇ ਹਾਂ।"

"ਮੈਨੂੰ ਪਤਾ ਕਿਵੇਂ," ਮੈਂ ਕਿਹਾ, "ਇਹ ਬਹੁਤ ਅਸਾਨ ਹੈ। ਸਾਰੇ ਕੈਦੀਆਂ ਨੂੰ ਰਿਹਾਅ ਕਰ ਦਿਉ।"

"ਕੀ ਕਿਹਾ?"

"ਇਹੀ ਤਰਕਸੰਗਤ ਹੈ। ਜੇਲ੍ਹ ਦੇ ਦਰਵਾਜ਼ੇ ਖੋਲ੍ਹ ਦਿਉ।"

"ਆਓ, ਹੋਰ ਡਿਪਟੀਆਂ ਅਤੇ ਅਧਿਕਾਰੀਆਂ ਨਾਲ ਗੱਲ ਕਰਕੇ ਦੇਖੀਏ ਕਿ ਇਸ ਝੰਜਟ 'ਚੋਂ ਕਿਵੇਂ ਨਿੱਕਲ ਸਕਦੇ ਹਾਂ!"

ਪਹਿਲਾਂ ਸਾਨੂੰ ਇਕ ਸਮਾਜਵਾਦੀ ਡਿਪਟੀ ਮੋਰੇਨੋ ਮੈਤੀਓ ਮਿਲਿਆ, ਜੋ ਮੇਰੇ ਨਾਲ ਸਹਿਮਤ ਸੀ ਕਿ ਇਕੋ ਇਕ ਸਹੀ ਤੇ ਵਾਜਬ ਹੱਲ ਕੈਦੀਆਂ ਨੂੰ ਰਿਹਾਅ ਕਰਨਾ ਹੋਵੇਗਾ। ਅਸੀਂ ਇਕੱਠੇ ਗਣਰਾਜਵਾਦੀ ਡਿਪਟੀ ਡਾ. ਲੂਇਸ ਲਾਰੈਂਡੋ ਦੇ ਘਰ ਚਲੇ ਗਏ, ਉਹ ਇਕ ਈਮਾਨਦਾਰ ਅਤੇ ਬਹੁਤ ਜ਼ਿਆਦਾ ਸਤਿਕਾਰਿਆ ਜਾਂਦਾ ਜਮਹੂਰੀਅਤਪਸੰਦ ਸੀ। ਉਹ ਘਰ ਨਹੀਂ ਸੀ, ਪਰ ਸਾਨੂੰ ਉੱਥੇ ਇਕ ਹੋਰ ਗਣਰਾਜਵਾਦੀ ਡਿਪਟੀ ਜਨਾਬ ਅਲਬਰਨੋਜ਼, ਇਕ ਸਾਬਕਾ ਮੰਤਰੀ ਮਿਲ ਪਿਆ। ਉਹ ਲਾਰੈਡੋ ਦੇ ਪਰਿਵਾਰ ਨਾਲ ਰਲ਼ਕੇ ਚੋਣਾਂ 'ਚ ਤਾਜ਼ਾ ਜਿੱਤ ਦੇ ਜਸ਼ਨ ਮਨਾ ਰਿਹਾ ਸੀ।

ਜੇਲ੍ਹ ਦੀ ਬਗ਼ਾਵਤ ਬਾਰੇ ਜਾਨਣ ਤੋਂ ਬਾਦ, ਅਲਬਰਨੋਜ਼ ਨੇ ਗੁੱਸੇ 'ਚ ਆ ਕੇ ਕਿਹਾ: "ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ! ਇੱਥੇ ਅਸੀਂ ਹਾਲੇ ਹੁਣੇ ਸੱਜੇਪੱਖ ਨੂੰ ਹਰਾਇਆ ਹੈ, ਅਤੇ ਕਾਨੂੰਨ ਫਿਰ ਤੋੜਿਆ ਜਾ ਰਿਹੈ। ਇਹ ਉਹੀ ਚੀਜ਼ ਹੈ ਜਿਸ ਦੇ ਕਾਰਣ 1933 ਵਾਲੀ ਹਾਰ ਹੋਈ ਸੀ। ਉਨ੍ਹਾਂ ਨੂੰ ਓਦੋਂ ਤੱਕ ਸਬਰ ਨਾਲ ਇੰਤਜ਼ਾਰ ਕਰਨੀ ਚਾਹੀਦੀ ਹੈ ਜਦੋਂ ਤੱਕ ਸੰਸਦ ਆਮ ਮਾਫ਼ੀ ਦਾ ਐਲਾਨ ਨਹੀਂ ਕਰ ਦਿੰਦੀ।"

ਮੈਂ ਇਤਰਾਜ਼ ਕੀਤਾ: "ਉਹ ਇੰਤਜ਼ਾਰ ਨਹੀਂ ਕਰਨਗੇ ਅਤੇ ਨਾ ਹੀ ਸਾਨੂੰ ਕਰਨੀ ਚਾਹੀਦੀ ਹੈ। ਅਸਟੂਰੀਅਨ ਲੋਕਾਂ ਨੇ ਕੈਦੀਆਂ ਦੀ ਰਿਹਾਈ ਦੇ ਮੰਚ ਤੋਂ ਸਾਨੂੰ ਵੋਟ ਪਾਈ ਸੀ। ਕਾਨੂੰਨ ਕੀ ਕਹਿੰਦਾ ਹੈ ਇਸ ਦੀ ਪ੍ਰਵਾਹ ਨਾ ਕਰਦਿਆਂ, ਕੈਦੀਆਂ ਨੂੰ ਰਿਹਾਅ ਕਰਾਉਣ ਦੇ ਅਸੀਂ ਪਾਬੰਦ ਹਾਂ। ਲੋਕਾਂ ਦੇ ਟਾਕਰੇ ਤੇ ਸ਼ਹਾਦਤ ਦੀ ਬਦੌਲਤ ਹੀ ਗਣਰਾਜ ਦੀ ਜਿੱਤ ਸੰਭਵ ਹੋਈ ਸੀ।"

"ਮੈਂ ਐਸਾ ਕੁਝ ਨਹੀਂ ਕਰ ਸਕਦਾ ਜੋ ਮੇਰੀ ਜ਼ਮੀਰ ਦੇ ਜਾਂ ਕਾਨੂੰਨ ਨੂੰ ਬੁਲੰਦ ਕਰਨ ਵਾਲੇ ਵਜੋਂ ਮੇਰੀ ਪੁਜ਼ੀਸ਼ਨ ਦੇ ਉਲਟ ਹੈ।"

"ਤਾਂ ਠੀਕ ਹੈ, ਅਸੀਂ ਕਰਾਂਗੇ। ਸਾਨੂੰ ਕਾਨੂੰਨ ਦੀ ਸਹੀ ਪ੍ਰਕਿਰਿਆ ਦਾ ਪਤਾ ਭਾਵੇਂ ਨਾ ਹੋਵੇ, ਪਰ ਸਾਨੂੰ ਪਤਾ ਲੋਕ ਕੀ ਚਾਹੁੰਦੇ ਹਨ, ਅਸਟੂਰੀਅਸ ਕੀ ਚਾਹੁੰਦਾ ਹੈ।"

ਲਾਰੈਂਡੋ ਦੀ ਪਤਨੀ ਦਰਵਾਜ਼ੇ ਤੱਕ ਸਾਨੂੰ ਛੱਡਣ ਆਈ। ਉਹ ਘਟਨਾ ਤੋਂ ਪ੍ਰੇਸ਼ਾਨ ਸੀ ਅਤੇ ਕਹਿਣ ਲੱਗੀ : "ਡਿਪਟੀ ਸਦਨ ਜਾਓ ਡੋਲੋਰਸ, ਮੇਰਾ ਘਰ ਵਾਲਾ ਉੱਥੇ ਹੀ ਹੈ। ਉਹ ਤੁਹਾਡੇ ਨਾਲ ਤੁਰੇਗਾ ਅਤੇ ਕੈਦੀਆਂ ਨੂੰ ਰਿਹਾਅ ਕਰਾਉਣ ਲਈ ਹਰ ਸੰਭਵ ਕੋਸ਼ਿਸ਼ ਕਰੋ।"

ਅਸੀਂ ਡਿਪਟੀ ਸਦਨ ਗਏ, ਪਰ ਲਾਰੈਂਡੋ ਉੱਥੇ ਨਹੀਂ ਸੀ। ਇਸੇ ਦੌਰਾਨ ਮੇਅਰ ਨੇ ਡਿਪਟੀ ਮਾਲਡੋਨੈਡੋ ਦਾ ਪਤਾ ਲਾ ਲਿਆ ਜੋ ਰਿਹਾਈ ਲਈ ਪੁਕਾਰ ਰਹੇ ਸੈਂਕੜੇ ਕਾਰਕੁਨਾਂ ਨੂੰ ਰਿਹਾਅ ਕਰਨ ਲਈ ਸਾਡੇ ਨਾਲ ਤੁਰ ਪਿਆ। ਅਸੀਂ ਫ਼ੌਜੀ ਗਵਰਨਰ ਕੈਬਾਲਿਰੋ ਨੂੰ ਮਿਲਣ ਚਲੇ ਗਏ। ਇਹ ਬਦਨਾਮ ਫਾਸ਼ੀਵਾਦੀ, ਜਬਰ ਦਾ ਹਲਕਾਇਆ ਹੋਇਆ ਸਰਗਣਾ ਸੀ ਅਤੇ ਗਣਰਾਜ ਦਾ ਐਲਾਨੀਆ ਵੈਰੀ ਸੀ। ਉਸ ਨੇ ਸਾਨੂੰ ਦੱਸਿਆ ਕਿ ਉਸਨੂੰ ਸਿਰਫ਼ ਸੱਠ ਵਿਅਕਤੀਆਂ ਨੂੰ ਰਿਹਾਅ ਕਰਨ ਦਾ ਹੁਕਮ ਹੋਇਆ ਸੀ। ਅਤੇ ਕਿ ਜੇ ਧਰਤੀ ਪਾਟ ਕੇ ਉਹ ਵਿਚ ਗ਼ਰਕ ਜਾਵੇ ਤਾਂ ਵੀ ਉਹ ਇਕ ਵਾਧੂ ਕੈਦੀ ਨਹੀਂ ਛੱਡੇਗਾ।

ਜਦੋਂ ਅਸੀਂ ਵਾਪਸ ਜੇਲ੍ਹ ਆਏ ਅਸੀਂ ਦੇਖਿਆ ਕਿ ਉਸਨੇ ਪੁਲਿਸ ਮੁੜ ਤਾਇਨਾਤ ਕਰ ਦਿੱਤੀ ਸੀ ਅਤੇ ਕੈਦੀਆਂ ਦੀ ਇੰਤਜ਼ਾਰ ਕਰ ਰਹੇ ਲੋਕਾਂ ਨੂੰ ਇਮਾਰਤ ਨੇੜਿਉਂ ਚਲੇ ਜਾਣ ਦਾ ਹੁਕਮ ਚਾੜ੍ਹ ਦਿੱਤਾ ਗਿਆ ਸੀ। ਅਸੀਂ ਪ੍ਰਸ਼ਾਸਕ (ਚੋਣਾਂ ਤੋਂ ਬਾਦ ਡਾਇਰੈਕਟਰ ਖਿਸਕ ਗਿਆ ਸੀ) ਨੂੰ ਆਖਿਆ ਕਿ ਕੈਦੀਆਂ ਨਾਲ ਮਿਲਾਓ। ਉਸਨੇ ਲੋਹੇ ਦੇ ਵੱਡੇ ਵੱਡੇ ਦਰਵਾਜ਼ੇ ਖੁਲ੍ਹਵਾ ਦਿੱਤੇ, ਜਿਸ ਦੇ ਪਿਛਵਾੜੇ ਦੀ ਡਿਓੜੀ ਬਰਾਂਡਿਆਂ ਨੂੰ ਜਾ ਮਿਲਦੀ ਸੀ। ਸਾਰੇ ਕੈਦੀ ਡਿਓੜੀ 'ਚ ਇਕੱਠੇ ਹੋਏ ਸਨ। ਸਾਡਾ ਸਵਾਗਤ ਮਖੌਲੀਆ ਟਿੱਪਣੀਆਂ ਨਾਲ ਹੋਇਆ।

"ਸਾਡੀ ਖ਼ਲਾਸੀ ਕਰਵਾ ਲਿਆਏ ?" ਉਹ ਪੁੱਛਣ ਲੱਗੇ।

"ਨਹੀਂ। ਇਸੇ ਬਾਰੇ ਅਸੀਂ ਤੁਹਾਡੇ ਨਾਲ ਗੱਲ ਕਰਨੀ ਏਂ।"

"ਦੱਸੋ।"

ਪਹਿਲਾਂ ਮਾਲਡੋਨੈਡੋ ਨੇ ਗੱਲ ਕੀਤੀ। ਉਸਨੇ ਗਵਰਨਰ ਨਾਲ ਸਾਡੀ ਮੁਲਾਕਾਤ ਅਤੇ ਸੱਠ ਕੈਦੀਆਂ ਦੀ ਰਿਹਾਈ ਬਾਰੇ ਜਾਣਕਾਰੀ ਦਿੱਤੀ।

"ਅਸੀਂ ਨਹੀਂ ਚਾਹੁੰਦੇ ਸਾਡੇ 'ਚੋਂ ਕੁਝ ਜਣੇ ਰਿਹਾਅ ਹੋਣ। ਜਾਂ ਤਾਂ ਹਰ ਕੋਈ ਰਿਹਾਅ ਹੋਵੇਗਾ ਜਾਂ ਕੋਈ ਵੀ ਨਹੀਂ।"

ਫਿਰ ਮੋਰੇਨੋ ਮੈਤੀਓ ਬੋਲਿਆ ਅਤੇ ਕੈਦੀਆਂ ਨਾਲ ਸਹਿਮਤੀ ਪ੍ਰਗਟਾਈ, ਪਰ ਨਾਲ ਹੀ ਸਪਸ਼ਟ ਕੀਤਾ ਕਿ ਹੁਕਮ ਮੈਡਰਿਡ ਤੋਂ ਆਵੇਗਾ, ਕਿਉਂਕਿ ਨਵੀਂ ਸਰਕਾਰ ਹਾਲੇ ਬਣਨ ਦੀ ਪ੍ਰਕਿਰਿਆ 'ਚ ਸੀ।

"ਤੇ ਪੈਸੀਓਨਾਰੀਆ ਨੇ ਕੀ ਕਹਿਣੈ ?" ਕੈਦੀਆਂ ਨੇ ਪੁੱਛਿਆ।

"ਪੈਸੀਓਨਾਰੀਆ ਕਹਿੰਦੀ ਹੈ ਤੁਹਾਡੀ ਗੱਲ ਸਹੀ ਹੈ। ਅਸੀਂ ਤੁਹਾਡੇ ਨਾਲ ਤੁਹਾਡੀ ਬੰਦ-ਖ਼ਲਾਸੀ ਦਾ ਵਾਅਦਾ ਕੀਤਾ ਹੋਇਆ। ਚਾਹੇ ਕੁਝ ਵੀ ਹੋਵੇ, ਕਾਨੂੰਨ ਹੋਵੇ ਜਾਂ ਨਾ ਹੋਵੇ ਇਹ ਹੋ ਕੇ ਰਹੇਗੀ। ਤੁਹਾਡੇ ਪਰਿਵਾਰ ਬਾਹਰ ਤੁਹਾਨੂੰ ਉਡੀਕ ਰਹੇ ਹਨ ਅਤੇ ਮੈਂ ਸਮਝਦਾ ਹਾਂ ਕਿ ਅਸੀਂ ਤੁਹਾਨੂੰ ਮੁਕਤ ਕਰ ਸਕਦੇ ਹਾਂ।"

"ਤੁਸੀਂ ਕਰ ਸਕਦੇ ਹੋ ? ਛੇਤੀ ਕਰੋ! ਅਸੀਂ ਕਾਲ ਕੋਠੜੀਆਂ ਅਤੇ ਮਾੜੇ ਖਾਣੇ ਤੋਂ ਤੰਗ ਆ ਚੁੱਕੇ ਹਾਂ।"

ਜਦੋਂ ਅਸੀਂ ਜੇਲ੍ਹ ਤੋਂ ਚੱਲੇ ਤਾਂ ਸਾਨੂੰ ਪਤਾ ਲੱਗਿਆ ਕਿ ਲੋਕਾਂ ਦੀਆਂ ਭੀੜਾਂ ਅਤੇ ਗਾਰਦਾਂ ਵਿਚਕਾਰ ਕੁਝ ਝੜਪਾਂ ਹੋਈਆਂ ਸਨ। ਲੋਕ ਧੱਕੇ ਨਾਲ ਅੰਦਰ ਜਾਣ ਦੀ ਧਮਕੀ ਦੇ ਕੇ ਜੇਲ੍ਹ ਦੇ ਨੇੜੇ ਸਰਕਦੇ ਗਏ। ਪ੍ਰਸ਼ਾਸਕ ਭੀੜ ਦੇ ਵਧ ਰਹੇ ਜੋਸ਼ ਨੂੰ ਸ਼ਾਂਤ ਕਰਨ ਲਈ ਬਾਹਰ ਆ ਗਿਆ। "ਨੁਮਾਇੰਦੇ ਕੈਦੀਆਂ ਨਾਲ ਗੱਲ ਕਰ ਰਹੇ ਹਨ। ਥੋੜ੍ਹਾ ਠਹਿਰੋ।"

"ਅਸੀਂ ਲਾ ਪੈਸੀਓਨਾਰੀਆ ਨੂੰ ਸੁਣਨਾ ਚਾਹੁੰਦੇ ਹਾਂ। ਉਹ ਦੱਸੇਗੀ ਅੰਦਰ ਕੀ ਹੋ ਰਿਹਾ।"

ਡਰੇ ਹੋਏ ਪ੍ਰਸ਼ਾਸਕ ਨੇ ਮੈਨੂੰ ਆਖਿਆ ਕਿ ਭੀੜ ਨੂੰ ਸ਼ਾਂਤ ਕਰਾਂ।

"ਭੀੜ ਨੂੰ ਸ਼ਾਂਤ ਕਰਾਂ! ਕੈਦੀ ਰਿਹਾਅ ਕਰ ਦਿਓ ਅਤੇ ਉਹ ਸ਼ਾਂਤ ਹੋ ਜਾਣਗੇ।"

"ਮੈਂ ਇਹ ਨਹੀਂ ਕਰ ਸਕਦਾ, ਉਹ ਮੈਨੂੰ ਗੋਲੀ ਮਾਰ ਦੇਣਗੇ।"

"ਜੇ ਤੁਸੀਂ ਇਹ ਨਹੀਂ ਕਰਦੇ, ਲੋਕ ਤੁਹਾਡਾ ਖਹਿੜਾ ਨਹੀਂ ਛੱਡਣਗੇ।"

ਮੈਂ ਸੜਕ ਉੱਪਰ ਖੜ੍ਹੇ ਲੋਕਾਂ ਨਾਲ ਗੱਲ ਕੀਤੀ। ਮੈਂ ਉਨ੍ਹਾਂ ਨੂੰ ਕੈਦੀਆਂ ਦੀ ਬਗ਼ਾਵਤ ਅਤੇ ਉਨ੍ਹਾਂ ਦੀ ਰਿਹਾਈ ਲਈ ਜੋ ਕੋਸ਼ਿਸ਼ਾਂ ਅਸੀਂ ਕੀਤੀਆਂ ਸਨ ਉਨ੍ਹਾਂ ਬਾਰੇ ਦੱਸਿਆ। ਮੈਂ ਉਨ੍ਹਾਂ ਨੂੰ ਰਿਹਾਈ ਦਾ ਭਰੋਸਾ ਦਿਵਾਇਆ ਅਤੇ ਲੋਕਾਂ ਨੂੰ ਇੰਤਜ਼ਾਰ ਕਰਨ ਅਤੇ ਕਿਸੇ ਟਕਰਾਅ ਤੋਂ ਬਚਣ ਲਈ ਜੇਲ੍ਹ ਤੋਂ ਚਲੇ ਜਾਣ ਦੀ ਬੇਨਤੀ ਕੀਤੀ। ਔਰਤਾਂ ਉੱਚੀ ਉੱਚੀ ਬੋਲ ਪਈਆਂ, "ਪੈਸੀਓਨਾਰੀਆ ਸਾਨੂੰ ਤੇਰੇ 'ਤੇ ਭਰੋਸਾ ਹੈ, ਉਹ ਸਾਡੇ ਪੁੱਤਰ ਤੇ ਪਤੀ ਵਾਪਸ ਦੇ ਦੇਣ।"

ਜਦੋਂ ਮੈਂ ਮੁੜਕੇ ਜੇਲ੍ਹ 'ਚ ਦਾਖ਼ਲ ਹੋਈ ਤਾਂ ਅਜੀਬ ਉਲਟ ਹਾਲਤ ਬਣੀ ਹੋਈ ਸੀ। ਮੁੱਖ ਦਰਵਾਜ਼ੇ ਮੂਹਰੇ ਦੋ ਸਿਪਾਹੀ ਮਸ਼ੀਨਗੰਨਾਂ ਲਈ ਬੈਠੇ ਸਨ। ਕੈਦੀ ਲੋਹੇ ਦੇ ਦਿਓਕੱਦ ਵੱਡੇ ਦਰਵਾਜ਼ਿਆਂ ਦੇ ਜੰਦਰਿਆਂ ਨੂੰ ਧੱਕੇ ਮਾਰਕੇ ਤੋੜਨ ਲੱਗੇ ਹੋਏ ਸਨ। ਮੈਂ ਮਸ਼ੀਨਗੰਨਾਂ ਦੇ ਮੋਰਚੇ ਲੰਘਕੇ ਦਰਵਾਜ਼ੇ 'ਤੇ ਪਹੁੰਚ ਗਈ। "ਸਾਥੀਓ," ਮੈਂ ਚੀਕੀ "ਉਹ ਤੁਹਾਡੇ 'ਤੇ ਗੋਲੀਆਂ ਚਲਾਉਣਗੇ! ਉਨ੍ਹਾਂ ਨੇ ਮਸ਼ੀਨਗੰਨਾਂ ਦਰਵਾਜ਼ੇ ਵੱਲ ਸੇਧੀਆਂ ਹੋਈਆਂ ਨੇ।"

ਬੇਪ੍ਰਵਾਹ ਹੋ ਕੇ, ਮੈਂ ਦਰਵਾਜ਼ੇ 'ਤੇ ਚੜ੍ਹ ਗਈ ਅਤੇ ਕੈਦੀ ਮੇਰੇ ਪੈਰ ਖਿੱਚਕੇ ਮੈਨੂੰ ਹੇਠਾਂ ਉਤਾਰਨ ਦੀ ਕੋਸ਼ਿਸ਼ ਕਰ ਰਹੇ ਸਨ।

"ਪਾਸੇ ਹੱਟ ਜਾਓ ਅਸੀਂ ਦਰਵਾਜ਼ੇ ਖੋਲ੍ਹਣ ਲੱਗੇ ਹਾਂ।"

"ਮੈਂ ਪਾਸੇ ਨਹੀਂ ਹਟਾਂਗੀ, ਮੈਂ ਤੁਹਾਡੇ ਨਾਲ ਹਾਂ।"

ਅਰਲ ਖੁੱਲ੍ਹ ਗਏ ਅਤੇ ਇਨ੍ਹਾਂ ਆਦਮੀਆਂ ਦੇ ਧੱਕੇ ਨਾਲ ਦਰਵਾਜ਼ੇ ਧੜੰਮ ਕਰਕੇ ਖੁੱਲ੍ਹ ਗਏ ਜੋ ਬਹੁਤ ਜ਼ਿਆਦਾ ਬੇਰਹਿਮ ਤਸੀਹਿਆਂ ਦੇ ਭੰਨੇ ਹੋਏ ਸਨ। ਪ੍ਰਸ਼ਾਸਕ ਨੇ ਬਾਹਰਲੇ ਦਰਵਾਜ਼ੇ ਇਕਦਮ ਬੰਦ ਕਰਵਾ ਦਿੱਤੇ। ਮੈਂ ਕੈਦੀਆਂ ਦੇ ਨਾਲ ਅੰਦਰ ਡੱਕੀ ਗਈ।

"ਹੁਣ ਮੈਂ ਓਦੋਂ ਤੱਕ ਇੱਥੇ ਹੀ ਰਹਾਂਗੀ ਜਦੋਂ ਤੱਕ ਸਾਰੇ ਰਿਹਾਅ ਨਹੀਂ ਹੋ ਜਾਂਦੇ," ਮੈਂ ਕਿਹਾ।

"ਅਸੀਂ ਤੁਹਾਡੇ ਆਉਣ 'ਤੇ ਖ਼ੁਸ਼ ਹਾਂ। ਉਨ੍ਹਾਂ ਨੇ ਤੁਹਾਨੂੰ ਡਰਾਇਆ ਧਮਕਾਇਆ?"

"ਹਾਂ। ਮੈਂ ਸੋਚਿਆ ਇਹ ਵਹਿਸ਼ੀ ਤੁਹਾਨੂੰ ਗੋਲੀਆਂ ਮਾਰ ਦੇਣਗੇ।"

ਦੂਜੇ ਦੋ ਡਿਪਟੀ, ਮੇਅਰ ਅਤੇ ਪ੍ਰਸ਼ਾਸਕ ਦੇ ਨਾਲ ਡਾਇਰੈਕਟਰ ਦੇ ਦਫ਼ਤਰ 'ਚ ਸਨ। ਉਹ ਨਹੀਂ ਸੀ ਜਾਣਦੇ ਕਰਨਾ ਕੀ ਹੈ। ਉਨ੍ਹਾਂ ਨੇ ਮੈਡਰਿਡ ਨਾਲ ਸੰਪਰਕ ਕੀਤਾ, ਪਰ ਕੇਂਦਰੀ ਹਕੂਮਤ ਉਨ੍ਹਾਂ ਦੀ ਮਦਦ ਨਾ ਕਰ ਸਕੀ। ਇਸ ਦੇ ਮੈਂਬਰ ਜਾਂ ਤਾਂ ਹੁਣ ਮੰਤਰੀ ਨਹੀਂ ਰਹੇ ਸਨ ਜਾਂ ਹਾਲੇ ਅਹੁਦੇ ਨਹੀਂ ਸੰਭ ੇ ਸਨ।

ਸੰਖੇਪ 'ਚ, ਹੱਥਾਂ-ਪੈਰਾਂ ਤੋਂ ਨੂੜਿਆ ਨਿਆਂ ਕਿਸੇ ਬੰਧਨ ਖੋਲ੍ਹਣ ਵਾਲੇ ਦੀ ਉਡੀਕ ਕਰ ਰਿਹਾ ਸੀ। ਉਨ੍ਹਾਂ ਨੇ ਦੁਬਾਰਾ ਮੇਰੇ ਨਾਲ ਸਲਾਹ ਕਰਨ ਦਾ ਫ਼ੈਸਲਾ ਕੀਤਾ। ਪ੍ਰਸ਼ਾਸਕ ਦਰਵਾਜ਼ੇ 'ਤੇ ਆ ਗਿਆ। "ਦੋਸਤੋ," ਉਸ ਨੇ ਕਿਹਾ, "ਅਸੀਂ ਫ਼ੈਸਲਾ ਕਰਨ ਲੱਗੇ ਹਾਂ ਅਤੇ ਅਸੀਂ ਲਾ ਪੈਸੀਓਨਾਰੀਆ ਨਾਲ ਗੱਲ ਕਰਨੀ ਏ।"

ਇਹ ਸੋਚਕੇ ਕਿ ਇਹ ਮੈਨੂੰ ਬਾਹਰ ਕੱਢਣ ਦੀ ਚਾਲ ਨਾ ਹੋਵੇ, ਮੈਂ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ। "ਇਹ ਓਦੋਂ ਜਾਵੇਗੀ ਜਦੋਂ ਅਸੀਂ ਜਾਵਾਂਗੇ," ਕੈਦੀਆਂ ਨੇ ਕਿਹਾ।

"ਮੈਂ ਕਸਮ ਖਾਂਦਾ ਹਾਂ ਅਸੀਂ ਫ਼ੈਸਲਾ ਲੈਣ ਲੱਗੇ ਹਾਂ ਅਤੇ ਇਹ ਵਾਪਸ ਆਏਗੀ।"

ਮੈਂ ਡਾਇਰੈਕਟਰ ਦੇ ਦਫ਼ਤਰ ਗਈ, ਜਿੱਥੇ ਉਨ੍ਹਾਂ ਨੇ ਮੈਨੂੰ ਮੈਡਰਿਡ ਨਾਲ ਹੋਈ ਗੱਲਬਾਤ ਬਾਰੇ ਦੱਸਿਆ। "ਸੱਜਣੋਂ," ਮੈਂ ਕਿਹਾ, "ਇਕ ਗੱਲ ਸਾਫ਼ ਹੈ। ਇਸ ਮਸਲੇ ਨੂੰ ਹੱਲ ਕਰਨ ਦਾ ਇਕੋ ਇਕ ਰਸਤਾ ਕੈਦੀਆਂ ਨੂੰ ਰਿਹਾਅ ਕਰਨਾ ਹੈ।"

ਪ੍ਰਸ਼ਾਸਕ ਕਹਿਣ ਲੱਗਿਆ: "ਹੁਕਮ ਦੀ ਜ਼ਿੰਮੇਵਾਰੀ ਕੌਣ ਲਵੇਗਾ?"

"ਮੈਂ ਲਵਾਂਗੀ, ਬਤੌਰ ਅਸਟੂਰੀਅਸ ਡਿਪਟੀ।"

"ਪਰ ਇਨ੍ਹਾਂ ਵਿਚ ਤਾਂ ਆਮ ਕੈਦੀ ਵੀ ਹਨ। ਉਨ੍ਹਾਂ ਦਾ ਕੀ ਕਰਾਂਗੇ?"

"ਉਨ੍ਹਾਂ ਨੂੰ ਵੀ ਰਿਹਾਅ ਕਰ ਦਿਓ। ਤੁਸੀਂ ਪਹਿਲਾਂ ਅੱਡ ਅੱਡ ਕਰ ਸਕਦੇ ਸੀ, ਪਰ ਹੁਣ ਨਹੀਂ ਕਰ ਸਕਦੇ।"

"ਇਹ ਲਓ, ਅਤੇ ਦਰਵਾਜ਼ੇ ਖੋਲ੍ਹ ਦਿਓ," ਪ੍ਰਸ਼ਾਸਕ ਮੈਨੂੰ ਸਾਰੀਆਂ ਚਾਬੀਆਂ ਫੜਾ ਕੇ ਕਹਿਣ ਲੱਗਿਆ। ਮੈਂ ਚਾਬੀਆਂ ਫੜ੍ਹਕੇ ਫਟਾਫਟ ਜੇਲ੍ਹ ਦੀਆਂ ਬੈਰਕਾਂ ਵਿਚੋਂ ਦੀ ਭੱਜ ਤੁਰੀ, ਚਾਬੀਆਂ ਉਤਾਂਹ ਕਰਕੇ ਲਹਿਰਾਉਂਦੀ ਹੋਈ ਮੈਂ ਚੀਕੀ, "ਸਾਥੀਓ, ਸਾਰੇ ਜਣੇ ਰਿਹਾਅ ਹੋ ਗਏ! ਸਾਰੇ ਜਣੇ ਰਿਹਾਅ ਹੋ ਗਏ!"

ਇਹ ਪਲ ਬਿਆਨ ਨਹੀਂ ਕੀਤਾ ਜਾ ਸਕਦਾ। ਮੈਂ ਐਨੀ ਉਤਸ਼ਾਹ 'ਚ ਸੀ ਕਿ ਜੰਦਰਾ ਨਹੀਂ ਖੋਲ੍ਹ ਸਕੀ। ਕੈਦੀਆਂ ਨੂੰ ਖ਼ੁਦ ਹੀ ਖੋਲ੍ਹਣਾ ਪਿਆ।

ਉਹ ਭੱਜਕੇ ਸੜਕ 'ਤੇ ਆ ਗਏ। ਸਾਰੇ ਇਕੋ ਸਮੇਂ ਮੈਨੂੰ ਗਲਵੱਕੜੀ ਪਾਉਣੀ ਚਾਹੁੰਦੇ ਸਨ। ਜਦੋਂ ਕੈਦੀ ਸਾਹਮਣੇ ਆ ਗਏ ਤਾ ਕਾਵਾਂ-ਰੌਲ਼ੀ ਮਚ ਗਈ। ਮਾਵਾਂ, ਪਤਨੀਆਂ, ਸੱਜਣ-ਮਿੱਤਰ, ਸੰਗੀ-ਸਾਥੀ ਇਨ੍ਹਾਂ ਆਦਮੀਆਂ ਨੂੰ ਮਿਲਣ ਲਈ ਦੌੜੇ ਜੋ ਸਪੇਨ ਨੂੰ ਵੱਡੀ ਫਾਸ਼ੀਵਾਦੀ ਜੇਲ੍ਹ ਬਨਣ ਤੋਂ ਰੋਕਣ ਲਈ ਐਨੀ ਦ੍ਰਿੜਤਾ ਨਾਲ ਲੜੇ ਸਨ। ਓਵੀਡੋ ਦੇ ਇਤਹਾਸ 'ਚ ਪਹਿਲੀ ਵਾਰ ਸੀ ਕਿ ਅਧਿਕਾਰੀਆਂ, ਵਾਰਡਨਾਂ ਅਤੇ ਗਾਰਦਾਂ ਦੇ ਕਰਨ ਲਈ ਕੋਈ ਕੰਮ ਨਹੀਂ ਸੀ।

[22]

## ਸੰਸਦ ਦੇ ਅੰਦਰ ਕਮਿਊਨਿਸਟ

ਲੋਕ ਮੁਹਾਜ਼ ਦੀ ਜਿੱਤ ਅਤੇ ਸੰਸਦ 'ਚ ਕਮਿਊਨਿਸਟਾਂ ਦੀ ਥੋੜ੍ਹੀ ਨੁਮਾਇੰਦਗੀ ਹੋ ਜਾਣ ਨਾਲ, ਹੁਣ ਪਾਰਟੀ ਮੂਹਰੇ ਆਪਣੀਆਂ ਸਰਗਰਮੀਆਂ ਚਲਾਉਣ ਲਈ ਨਵੀਂਆਂ ਸੰਭਾਵਨਾਵਾਂ ਅਤੇ ਨਵੇਂ ਮੌਕੇ ਸਨ।

ਸੱਜੇਪੱਖ ਦੀਆਂ ਤਾਕਤਾਂ ਨੇ ਹਾਰ ਅਸਾਨੀ ਨਾਲ ਨਾ ਕਬੂਲੀ। ਜਿਉਂ ਹੀ ਚੋਣਾਂ ਦੇ ਨਤੀਜੇ ਸਾਹਮਣੇ ਆਏ, ਇਨ੍ਹਾਂ ਨੇ ਗਣਰਾਜ ਦੇ ਖਿਲਾਫ਼ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਕਮਿਊਨਿਸਟ ਡਿਪਟੀਆਂ ਨੇ ਇਨ੍ਹਾਂ ਦੀਆਂ ਚਾਲਾਂ ਦੀ ਵਾਰ-ਵਾਰ ਨਿਖੇਧੀ ਕੀਤੀ। ਉਨ੍ਹਾਂ ਨੇ ਉੱਤਰ ਤੋਂ ਦੱਖਣ ਤੱਕ ਸਪੇਨ ਦਾ ਦੌਰਾ ਕਰਕੇ ਲੋਕਾਂ ਨੂੰ ਪਿਛਾਖੜ ਬਾਰੇ ਚੁਕੰਨੇ ਕੀਤਾ ਅਤੇ ਉਨ੍ਹਾਂ ਨੂੰ ਲੋਕ ਮੁਹਾਜ਼ ਤੇ ਸਰਕਾਰ ਦੀ ਹੋਰ ਜ਼ੋਰਦਾਰ ਹਮਾਇਤ ਕਰਨ ਲਈ ਕਿਹਾ।

ਜੋਸ ਡਿਆਜ਼ ਅਤੇ ਮੈਂ ਮਈ 'ਚ ਅਸਟੂਰੀਅਸ ਗਏ। ਓਵੀਡੋ 'ਚ ਹੋਏ ਵੱਡੇ ਇਕੱਠ 'ਚ ਅਸੀਂ ਸਾਰੇ ਅਸਟੂਰੀਅਨ ਮਜ਼ਦੂਰਾਂ ਨੂੰ ਕਿਸੇ ਵੀ ਪਲ ਗਣਰਾਜ ਦੀ ਰਾਖੀ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। "ਬਾਰੂਦ ਸੁਕਾ ਕੇ ਰੱਖੋ ਤੇ ਇਕ ਅੱਖ ਖੁੱਲ੍ਹੀ ਰੱਖਕੇ ਸੌਂਵੋ। ਦੁਸ਼ਮਣ ਹਰ ਥਾਂ ਘਾਤ ਲਾਈ ਬੈਠਾ ਹੈ ਤੇ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ," ਮੈਂ ਉਨ੍ਹਾਂ ਨੂੰ ਦੱਸਿਆ।

ਜਦੋਂ ਅਪ੍ਰੈਲ 'ਚ ਸੰਸਦ ਦਾ ਸਮਾਗਮ ਸੱਦਿਆ ਗਿਆ, ਤਾਂ ਕਮਿਊਨਿਸਟ ਡਿਪਟੀਆਂ ਨੇ ਵੱਖ-ਵੱਖ ਕਮੇਟੀਆਂ 'ਚ ਪਾਰਟੀ ਡਿਪਟੀਆਂ ਦੇ ਕੰਮਾਂ ਦੀ ਵੰਡ ਅਤੇ ਜਥੇਬੰਦੀ ਲਈ ਇਕ ਚੈਂਬਰ 'ਚ ਜੋਸ ਡਿਆਜ਼ ਨਾਲ ਮੀਟਿੰਗ ਕੀਤੀ। ਸੰਸਦ ਅੰਦਰ ਸਮਾਜਵਾਦੀ ਘੱਟਗਿਣਤੀ ਗਰੁੱਪ ਦੇ ਉਲਟ, ਕਮਿਊਨਿਸਟ ਧੜਾ ਪਾਰਟੀ ਤੋਂ ਪ੍ਰਵਾਹਰਾ ਨਹੀਂ ਸੀ। ਕਮਿਊਨਿਸਟ ਡਿਪਟੀ ਪੋਲਿਟ ਬਿਊਰੋ ਦੇ ਕੰਟਰੋਲ ਤੇ ਅਗਵਾਈ ਹੇਠ ਅਤੇ ਸਖ਼ਤ ਪਾਰਟੀ ਜ਼ਾਬਤੇ ਦੇ ਪਾਬੰਦ ਸਨ। ਸੰਸਦ ਅੰਦਰ ਉਨ੍ਹਾਂ ਦਾ ਕੰਮ ਮਜ਼ਦੂਰਾਂ, ਕਿਸਾਨਾਂ ਅਤੇ ਆਮ ਮਿਹਨਤਕਸ਼ ਜਮਾਤ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਸੰਸਦੀ ਟ੍ਰਿਬਿਊਨਲ ਨੂੰ ਜਮਹੂਰੀਅਤ ਦੀ ਰਾਖੀ ਦਾ ਮੰਚ ਬਣਾਉਣਾ ਸੀ।

ਮੀਟਿੰਗ ਦੌਰਾਨ ਅਸਟੂਰੀਅਸ ਦੇ ਸਾਡੇ ਸਾਥੀਆਂ ਦੀ ਤਾਰ ਆ ਗਈ ਜਿਸ ਵਿਚ ਸਾਮਾ ਡੀ ਲੈਂਗਰੀਓ ਦੀ "ਕੈਡਾਵੀਓ" ਖਾਣ ਦੇ ਮਜ਼ਦੂਰਾਂ ਦੀ ਹਾਲਤ ਦੱਸੀ ਗਈ ਸੀ। ਕੰਪਨੀ ਖਾਣ ਮਜ਼ਦੂਰਾਂ ਦੀਆਂ ਮੰਗਾਂ ਮੰਨੇ ਜਾਣ ਤੋਂ ਇਨਕਾਰੀ ਹੋਣ ਕਰਕੇ ਉਹ ਕਈ ਦਿਨ ਪਹਿਲਾਂ ਹੜਤਾਲ 'ਤੇ ਚਲੇ ਗਏ ਸਨ। ਹੜਤਾਲੀ ਮਜ਼ਦੂਰਾਂ ਨੇ ਖਾਣਾਂ ਦੇ ਅੰਦਰ ਹੀ ਰਹਿਣ ਦਾ ਫ਼ੈਸਲਾ ਕੀਤਾ। ਇਹ ਕੁਝ ਦਿਨ ਪਹਿਲਾਂ ਵਾਪਰਿਆ ਸੀ, ਅਤੇ ਇਹ ਪ੍ਰਤੱਖ ਸੀ ਕਿ ਖਾਣ ਮਜ਼ਦੂਰਾਂ ਦੀ ਸਿਹਤ ਖ਼ਤਰੇ ਮੂੰਹ ਆਈ ਹੋਈ ਸੀ। ਉਨ੍ਹਾਂ 'ਚੋਂ ਕੁਝ ਗੰਭੀਰ ਬੀਮਾਰਾਂ ਨੂੰ ਪਹਿਲਾਂ ਹੀ ਹਸਪਤਾਲ ਭੇਜਿਆ ਜਾ ਚੁੱਕਾ ਸੀ।

ਪਾਰਟੀ ਨੇ ਸੰਸਦ 'ਚ ਮਾਮਲਾ ਉਠਾਉਣ ਅਤੇ ਹਾਲਤ ਦੀ ਸਿੱਧੀ ਜਾਣਕਾਰੀ ਲੈਣ ਲਈ ਮੈਨੂੰ ਅਸਟੂਰੀਅਸ ਭੇਜਣ ਅਤੇ ਅਸਟੂਰੀਅਨ ਸਾਥੀਆਂ ਨੂੰ ਨਾਲ ਲੈ ਕੇ ਹੜਤਾਲੀਆਂ ਦੀ ਮਦਦ ਲਈ ਜੋ ਕੁਝ ਕਰਨਾ ਜ਼ਰੂਰੀ ਸੀ ਕਰਨ ਦਾ ਫ਼ੈਸਲਾ ਕੀਤਾ।

ਮੇਰੀ ਆਮਦ ਦੀ ਖ਼ਬਰ ਝੱਟ ਪੂਰੇ ਸਾਮਾ 'ਚ ਫੈਲ ਗਈ। ਹੜਤਾਲੀਆਂ ਦੇ ਪਰਿਵਾਰ ਮੈਨੂੰ ਮਿਲਕੇ ਮਦਦ ਲਈ ਕਹਿਣ ਆਏ। ਮੈਂ ਔਰਤਾਂ ਦੀ ਇਕ ਟੋਲੀ ਨੂੰ ਨਾਲ ਲੈ ਕੇ ਖਾਣ ਅੰਦਰ ਗਈ। ਹੜਤਾਲੀਆਂ ਨੇ ਇਸ ਨੂੰ ਘੇਰਾ ਪਾਇਆ ਹੋਇਆ ਸੀ। ਅੰਦਰ ਜਾਣ ਦੇ ਰਸਤੇ 'ਤੇ, ਦੋ ਮਜ਼ਦੂਰਾਂ ਨੇ ਆ ਕੇ ਮੈਨੂੰ ਪੁੱਛਿਆ ਕਿ ਮੈਂ ਕੀ ਚਾਹੁੰਦੀ ਸੀ। ਮੈਂ ਉਨ੍ਹਾਂ ਨੂੰ ਆਪਣੇ ਬਾਰੇ ਅਤੇ ਆਉਣ ਦੇ ਮਕਸਦ ਬਾਰੇ ਦੱਸਿਆ। ਉਨ੍ਹਾਂ ਨੇ ਮੈਨੂੰ ਥੋੜ੍ਹਾ ਇੰਤਜ਼ਾਰ ਕਰਨ ਲਈ ਕਿਹਾ, ਉਨ੍ਹਾਂ ਵਿਚੋਂ ਇਕ ਜਣਾ ਅੰਦਰ ਜਾ ਕੇ ਖੱਚਰ-ਰੇੜ੍ਹਾ ਲੈ ਆਇਆ। "ਇੱਥੇ ਹੇਠਾਂ ਬਹੁਤ ਚਿੱਕੜ ਹੈ। ਖਾਣ ਮਜ਼ਦੂਰਾਂ ਨੇ ਇਸ ਲਈ ਇਹ ਰੇੜ੍ਹਾ ਭੇਜਿਆ ਹੈ ਕਿ ਤੁਸੀਂ ਲਿੱਬੜ ਨਾ ਜਾਵੋ।"

ਗੱਡੀ 'ਤੇ ਚੜ੍ਹਕੇ ਮੈਂ ਓਦੋਂ ਤੱਕ ਹਨੇਰੇ 'ਚ ਸਫ਼ਰ ਕਰਦੀ ਰਹੀ ਜਦੋਂ ਤੱਕ ਅਸੀਂ ਛੋਟੀ ਜਹੀ ਨਿਵਾਸੀ 'ਚ ਮਜ਼ਦੂਰਾਂ ਦੀ ਇਕ ਟੋਲੀ ਕੋਲ ਨਹੀਂ ਪਹੁੰਚੇ, ਥੰਮੀਆਂ 'ਤੇ ਲਟਕਦੀਆਂ ਲਾਲਟੈਣਾਂ ਨੇ ਇਸ ਨੂੰ ਰੁਸ਼ਨਾਇਆ ਹੋਇਆ ਸੀ। ਉਹ ਮੈਨੂੰ ਦੇਖਕੇ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਆਪਣੀ ਹਾਲਤ ਬਿਆਨ ਕੀਤੀ ਅਤੇ ਮੈਂ ਉਨ੍ਹਾਂ ਨੂੰ ਆਮ ਸਿਆਸੀ ਹਾਲਤ ਬਾਰੇ ਸੰਖੇਪ 'ਚ ਦੱਸਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਓਦੋਂ ਤੱਕ ਉਨ੍ਹਾਂ ਦੇ ਨਾਲ ਖਾਣ 'ਚ ਰਹਾਂਗੀ ਜਦੋਂ ਤੱਕ ਹੜਤਾਲ ਦਾ ਨਿਪਟਾਰਾ ਨਹੀਂ ਹੋ ਜਾਂਦਾ।

ਇਕ ਕਮਿਊਨਿਸਟ ਡਿਪਟੀ ਦੇ ਧੁਰ ਖਾਣ ਅੰਦਰ ਹੜਤਾਲੀਆਂ ਵਿਚਕਾਰ ਹੋਣ ਦੀ ਖ਼ਬਰ ਪੂਰੇ ਖਾਣ ਖੇਤਰ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਅਸਟੂਰੀਅਨ ਗਵਰਨਰ ਦੇ ਕੰਨਾਂ ਤੱਕ ਵੀ ਪਹੁੰਚ ਗਈ। ਉਸਨੇ ਇਹ ਗੱਲ ਸਰਕਾਰ ਕੋਲ ਪੁੱਜਦੀ ਕਰ ਦਿੱਤੀ; ਸਰਕਾਰ ਨੂੰ ਇਹ ਖ਼ਬਰ ਸੁਣਕੇ ਕੁਝ ਨਾਰਾਜ਼ਗੀ ਹੋਈ ਸੀ।

ਹੜਤਾਲ ਦੇ ਆਗੂਆਂ, *ਸਿੰਡੀਕੇਟੋ ਯੂਨੀਕੋ* ਦੇ ਅਰਾਜਕਤਾਵਾਦੀਆਂ, ਨੇ ਸਾਮਾ ਦੇ ਹੜਤਾਲੀ ਮਜ਼ਦੂਰਾਂ ਨਾਲ ਇਕਮੁੱਠਤਾ ਵਜੋਂ ਖਾਣ ਖੇਤਰ 'ਚ ਆਮ ਹੜਤਾਲ ਦਾ ਸੱਦਾ ਦੇ ਦਿੱਤਾ। ਪਰ ਖਾਣ ਅੰਦਰਲੇ ਕੁਝ ਅਰਾਜਕਤਾਵਾਦੀ ਮਜ਼ਦੂਰਾਂ ਦੀ ਤੰਗਨਜ਼ਰੀ ਨੇ ਆਪਣੇ ਆਗੂਆਂ ਦੀਆਂ ਯੋਜਨਾਵਾਂ ਉਲਟ-ਪੁਲਟ ਕਰ ਦਿੱਤੀਆਂ।

ਪਹਿਲਾਂ ਪਹਿਲ ਇਹ ਸਰਬਸੰਮਤੀ ਸੀ : "ਬਿਲਕੁਲ, ਪੈਸੀਓਨਾਰੀਆ ਇੱਥੇ ਰਹੇ। ਇਸ ਨਾਲ ਸਾਡੀ ਹੜਤਾਲ ਛੇਤੀ ਕਾਮਯਾਬ ਹੋ ਜਾਵੇਗੀ।" ਪਰ ਕੁਝ ਚਿਰ ਪਿੱਛੋਂ ਉਨ੍ਹਾਂ ਨੇ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ ਕਿ ਕਿਉਂਕਿ ਮੈਂ ਕਮਿਊਨਿਸਟ ਸੀ, ਮੇਰੀ ਸ਼ਮੂਲੀਅਤ ਨਾਲ ਹੜਤਾਲ ਦੀ ਸੁਰ ਸਿਆਸੀ ਬਣ ਜਾਵੇਗੀ, ਜੇ ਹੜਤਾਲ ਜੇਤੂ ਹੋ ਗਈ ਤਾਂ ਸਿਹਰਾ ਕਮਿਊਨਿਸਟਾਂ ਨੂੰ ਜਾਵੇਗਾ।

ਸਾਡੇ ਕਮਿਊਨਿਸਟ ਸਾਥੀਆਂ ਨੇ ਮੈਨੂੰ ਹਾਲਤ ਤੋਂ ਜਾਣੂੰ ਕਰਾਇਆ ਅਤੇ ਚਲੇ ਜਾਣ ਲਈ ਕਿਹਾ, ਤਾਂ ਕਿ ਕਿਸੇ ਨੂੰ ਇਹ ਕਹਿਣ ਦਾ ਬਹਾਨਾ ਨਾ ਮਿਲੇ ਕਿ ਪਾਰਟੀ ਹਾਲਤ ਦਾ ਲਾਹਾ ਲੈ ਰਹੀ ਸੀ। ਮੈਂ ਸਹਿਮਤ ਨਹੀਂ ਸੀ ਪਰ, ਦੂਜੇ ਪਾਸੇ, ਇਹ ਵੀ ਨਹੀਂ ਸੀ ਚਾਹੁੰਦੀ ਕਿ ਖਾਣ ਮਜ਼ਦੂਰਾਂ 'ਚ ਟਕਰਾਅ ਖੜ੍ਹਾ ਹੋਵੇ ਜਿਨ੍ਹਾਂ ਨੂੰ ਪਹਿਲਾਂ ਹੀ ਖਾਣ ਦੇ ਅੰਦਰ ਕਈ ਦਿਨ ਹੋ ਗਏ ਸਨ।

"ਸੁਣੋ, ਸਾਥੀਓ," ਅਰਾਜਕਤਾਵਾਦੀਆਂ ਦੀਆਂ ਭਾਵਨਾਵਾਂ ਜਾਨਣ ਤੋਂ ਬਾਦ ਮੈਂ ਉਨ੍ਹਾਂ ਨੂੰ ਕਿਹਾ। "ਮੈਂ ਇੱਥੇ ਹੜਤਾਲ ਜਿੱਤਣ 'ਚ ਤੁਹਾਡੀ ਮਦਦ ਕਰਨ ਲਈ ਆਈ ਸੀ ਇਸਦੇ ਬਾਵਜੂਦ ਕਿ ਤੁਹਾਡੇ 'ਚੋਂ ਬਹੁਤੇ ਅਰਾਜਕਤਾਵਾਦੀ ਹਨ। ਤੁਸੀਂ ਮਜ਼ਦੂਰ ਹੋ, ਅਤੇ ਮੇਰੇ ਲਈ ਅਤੇ ਕਮਿਊਨਿਸਟ ਪਾਰਟੀ ਲਈ ਇਹੀ ਚੀਜ਼ ਅਹਿਮ ਹੈ। ਜੇ ਮੇਰੀ ਮੌਜੂਦਗੀ ਤੁਹਾਨੂੰ ਗਵਾਰਾ ਨਹੀਂ ਅਤੇ ਇਸ ਨਾਲ ਤੁਹਾਡੇ ਤੇ ਕਮਿਊਨਿਸਟਾਂ ਵਿਚਾਲੇ ਰੱਫੜ ਪੈਂਦਾ ਹੈ, ਤਾਂ ਮੈਂ ਚਲੀ ਜਾਂਦੀ ਹਾਂ। ਤੁਸੀਂ ਇੱਥੇ ਇਕਮੁੱਠ ਰਹੋ ਅਤੇ ਮੈਂ ਬਾਹਰੋਂ ਹੜਤਾਲ ਨੂੰ ਕਾਮਯਾਬ ਬਣਾਉਣ 'ਚ ਤੁਹਾਡੀ ਮਦਦ ਕਰਾਂਗੀ।"

ਜਦੋਂ ਮੈਂ ਸਾਮਾ ਮੁੜ ਆਈ, ਤਾਂ ਅਰਾਜਕਤਾਵਾਦੀ ਆਗੂਆਂ ਨੂੰ ਸਮਝ ਨਾ ਆਈ ਮੈਂ ਖਾਣ ਤੋਂ ਵਾਪਸ ਕਿਉਂ ਆ ਗਈ ਸੀ ਜਦੋਂਕਿ ਉਨ੍ਹਾਂ ਨੇ ਆਮ ਹੜਤਾਲ ਦੀ ਹਰ ਤਰ੍ਹਾਂ ਦੀ ਤਿਆਰੀ ਪਹਿਲਾਂ ਹੀ ਕਰ ਲਈ ਸੀ। "ਮੈਂ ਹੜਤਾਲੀ ਮਜ਼ਦੂਰਾਂ 'ਚ ਫੁੱਟ ਨੂੰ ਰੋਕਣ ਲਈ ਖਾਣ ਛੱਡਕੇ ਆਈ ਹਾਂ। ਜੇ ਤੁਸੀਂ ਚਾਹੁੰਦੇ ਹੋ, ਮੈਂ ਵਾਪਸ ਚਲੀ ਜਾਵਾਂਗੀ, ਪਰ ਤੁਹਾਡੇ 'ਚੋਂ ਇਕ ਜਣੇ

ਨੂੰ ਮੇਰੇ ਨਾਲ ਜਾਣਾ ਪਵੇਗਾ ਤਾਂ ਜੋ ਤੁਹਾਡੇ ਸਾਥੀਆਂ ਨੂੰ ਸਮਝਾਇਆ ਜਾ ਸਕੇ ਕਿ ਉਹ ਗ਼ਲਤ ਹਨ।"

ਉਨ੍ਹਾਂ ਨੂੰ ਨਹੀਂ ਸੀ ਲੱਗਦਾ ਕਿ ਵਾਪਸ ਜਾਣ ਠੀਕ ਰਹੇਗਾ ਅਤੇ ਮੈਨੂੰ ਉਹੀ ਕਰਨ ਲਈ ਆਖਿਆ ਜੋ ਮੈਂ ਕਰਨ ਜਾ ਰਹੀ ਸੀ। "ਠੀਕ ਐ, ਮੈਂ ਹੁਣ ਗਵਰਨਰ ਨੂੰ ਹਾਲਤ ਦੀ ਜਾਣਕਾਰੀ ਦੇਣ ਅਤੇ ਉਸ ਨੂੰ ਕਹਿਣ ਜਾ ਰਹੀ ਹਾਂ ਕਿ ਉਹ ਖਾਣ ਮਾਲਕਾਂ ਨੂੰ ਹੜਤਾਲੀ ਮਜ਼ਦੂਰਾਂ ਦੀਆਂ ਮੰਗਾਂ ਮੰਨਣ ਲਈ ਪ੍ਰੇਰਤ ਕਰੇ।"

ਮੈਂ ਓਵੀਡੋ ਜਾ ਕੇ ਗਵਰਨਰ, ਜਨਾਬ ਬੌਸਕ ਨਾਲ ਗੱਲ ਕੀਤੀ, ਉਹ ਪੁਰਾਣਾ ਗਣਰਾਜਵਾਦੀ ਸੀ, ਬਾਦ 'ਚ ਖ਼ਾਨਾਜੰਗੀ ਦੌਰਾਨ ਉਸ ਨੂੰ ਫਾਸ਼ੀਵਾਦੀਆਂ ਨੇ ਗੋਲੀ ਮਾਰਕੇ ਮਾਰ ਦਿੱਤਾ ਸੀ। ਉਸ ਨੇ ਵਾਅਦਾ ਕੀਤਾ ਕਿ ਉਹ ਹੜਤਾਲੀ ਮਜ਼ਦੂਰਾਂ ਦੀ ਮਦਦ ਲਈ ਜੋ ਕੁਝ ਕਰ ਸਕਦਾ ਹੈ ਕਰਨ ਦੀ ਪੂਰੀ ਵਾਹ ਲਾਵੇਗਾ। "ਮੈਡਰਿਡ ਜਾਓ," ਉਸ ਨੇ ਕਿਹਾ, "ਉੱਥੇ ਸਰਕਾਰ ਉੱਤੇ ਦਬਾਅ ਪਾਓ ਕਿ ਮੇਰੇ ਹੁਕਮਾਂ ਦੀ ਅਵੱਗਿਆ ਨਾ ਕਰਨ, ਮੈਂ ਤੁਹਾਨੂੰ ਚੌਵੀ ਘੰਟੇ ਦੇ ਅੰਦਰ ਮਾਮਲਾ ਨਿਬੇੜਨ ਦਾ ਵਾਅਦਾ ਕਰਦਾ ਹਾਂ।"

ਉਸਨੇ ਮੈਨੂੰ ਆਪਣੀ ਕਾਰ ਦੇ ਦਿੱਤੀ ਅਤੇ ਮੈਂ ਤੁਰੰਤ ਮੈਡਰਿਡ ਲਈ ਚੱਲ ਪਈ। ਮੈਂ ਪਾਰਟੀ ਆਗੂਆਂ ਨੂੰ ਅਸਟੂਰੀਅਸ ਦੀ ਹਾਲਤ ਦੱਸੀ। ਅਸੀਂ ਮਾਮਲਾ ਸਰਕਾਰ ਦੇ ਧਿਆਨ 'ਚ ਲਿਆਂਦਾ, ਅਤੇ ਉਸੇ ਦਿਨ ਹੜਤਾਲ ਦਾ ਨਿਬੇੜਾ ਖਾਣ ਮਜ਼ਦੂਰਾਂ ਦੇ ਹੱਕ 'ਚ ਹੋ ਗਿਆ।

ਅਸਲ ਵਿਚ, ਮੁਕਾਬਲਤਨ ਅਮਨ ਦਾ ਅਰਸਾ ਥੋੜ੍ਹਾ ਸੀ, ਜਿਸ ਵਿਚ 1936 ਦੀਆਂ ਚੋਣਾਂ ਤੋਂ ਬਾਦ ਬਣੀ ਸੰਸਦ ਨੂੰ ਕੰਮ ਕਰਨ ਦਾ ਮੌਕਾ ਮਿਲਿਆ। ਫਿਰ ਵੀ ਇਹ ਉਨ੍ਹਾਂ ਦੀ ਸਿਖਲਾਈ ਲਈ ਕਾਫ਼ੀ ਲੰਮਾ ਸੀ, ਜੋ ਸੰਸਦੀ ਬਹਿਸ ਸਬੰਧੀ ਖੁੱਲ੍ਹੇ ਕਾਰਵਾਈ ਦੇ ਕਈ ਰਾਹਾਂ ਬਾਰੇ ਸਾਡੇ ਵਾਂਗ ਅਨਾੜੀ ਸਨ। ਇਹ ਮਜ਼ਦੂਰ ਪਾਰਟੀਆਂ ਦੇ ਡਿਪਟੀਆਂ ਲਈ ਨਵੇਂ ਖੁੱਲ੍ਹੇ ਸਨ। ਅਰਥਾਤ, ਜੇ ਉਹ ਇਹ ਨਹੀਂ ਭੁੱਲਦੇ ਕਿ ਉਹ ਲੋਕਾਂ ਦੇ ਨੁਮਾਇੰਦੇ ਹਨ ਅਤੇ ਜੇ ਉਹ ਹਊਮੈਂ ਦਾ ਸ਼ਿਕਾਰ ਨਹੀਂ ਹੁੰਦੇ। ਹਊਮੈਂ, ਜਿਸ ਦਾ ਸਿੱਟਾ ਖ਼ੁਦ ਨੂੰ ਅਤੇ ਆਪਣੀ ਹੈਸੀਅਤ ਨੂੰ ਮਜ਼ਦੂਰਾਂ ਤੋਂ ਉੱਪਰ ਸਮਝਣ 'ਚ ਜਾਂ ਉਨ੍ਹਾਂ ਨੂੰ ਨਫ਼ਰਤ ਕਰਨ ਲੱਗ ਜਾਣ 'ਚ ਨਿੱਕਲਦਾ ਹੈ ਜਿਨ੍ਹਾਂ ਦੀਆਂ ਵੋਟਾਂ ਦੇ ਸਿਰ 'ਤੇ ਉਹ ਚੁਣੇ ਹੋਏ ਅਦਾਰਿਆਂ ਤੱਕ ਪਹੁੰਚੇ ਸਨ।

ਜਦੋਂ ਸੰਸਦ ਦੇ ਦਰਵਾਜ਼ੇ ਖੁੱਲ੍ਹ ਗਏ, ਤਾਂ ਸ਼ਹਿਰਾਂ ਤੇ ਪਿੰਡਾਂ ਦੇ, ਖ਼ਾਸ ਤੌਰ 'ਤੇ ਸੂਬਿਆਂ ਦੇ ਪ੍ਰਤੀਨਿੱਧੀ ਮੰਡਲ ਆਪਣੇ ਡਿਪਟੀਆਂ ਨੂੰ ਸਹਾਇਤਾ ਦੀਆਂ ਦਰਖ਼ਾਸਤਾਂ ਦੇਣ ਰੋਜ਼ਾਨਾ ਵੱਡੀ ਗਿਣਤੀ 'ਚ ਆਉਣ ਲੱਗ ਪਏ। ਪਰ, ਕੁਝ ਅਕ੍ਰਿਤਘਣ ਨੁਮਾਇੰਦੇ ਉਨ੍ਹਾਂ ਲੋਕਾਂ ਦੀ ਗੱਲ ਹੀ ਗੌਰ ਨਾਲ ਨਾ ਸੁਣਦੇ ਜਿਨ੍ਹਾਂ ਦੀਆਂ ਉਨ੍ਹਾਂ ਨੇ ਵੋਟਾਂ ਲਈਆਂ ਸਨ।

ਸਿੱਟੇ ਵਜੋਂ, ਇਕ ਦਿਲਚਸਪ ਵਰਤਾਰਾ ਵਾਪਰਨਾ ਸ਼ੁਰੂ ਹੋ ਗਿਆ। ਜਦੋਂ ਸੂਬਿਆਂ ਤੋਂ ਆਏ ਕਿਸੇ ਪ੍ਰਤੀਨਿੱਧ-ਮੰਡਲ ਦੀ ਗੱਲ ਉਨ੍ਹਾਂ ਦੇ ਡਿਪਟੀ ਧਿਆਨ ਨਾਲ ਨਾ ਸੁਣਦੇ, ਜਦੋਂ ਉਹ ਜ਼ਰੂਰੀ ਕੰਮ ਦੀ, ਕਿਸੇ ਮੀਟਿੰਗ ਜਾਂ ਸਖ਼ਤ ਡਿਊਟੀਆਂ ਦੀ ਦਲੀਲ ਦੇਣ ਲੱਗ ਜਾਂਦੇ ਤਾਂ ਲੋਕ ਐਨੇ ਨਿਰਾਸ਼ ਅਤੇ ਨਿਰਉਤਸ਼ਾਹਤ ਹੋ ਜਾਂਦੇ ਕਿ ਸੰਸਦ ਦੇ ਦਰਬਾਨਾਂ ਨੇ ਉਨ੍ਹਾਂ ਨੂੰ ਕਮਿਊਨਿਸਟ ਡਿਪਟੀਆਂ ਨਾਲ ਗੱਲ ਕਰਨ ਦੀ ਸਲਾਹ ਦੇਣੀ ਸ਼ੁਰੂ ਕਰ ਦਿੱਤੀ।

ਪਹਿਲਾਂ ਤਾਂ ਆਉਣ ਵਾਲੇ ਔਖ ਮਹਿਸੂਸ ਕਰਦੇ ਅਤੇ ਅਜਿਹਾ ਕਰਨ ਦਾ ਹੌਸਲਾ ਨਾ ਕਰਦੇ, ਕਿਉਂਕਿ ਉਨ੍ਹਾਂ ਨੇ ਕਮਿਊਨਿਸਟਾਂ ਨੂੰ ਵੋਟਾਂ ਨਹੀਂ ਸੀ ਪਾਈਆਂ ਹੋਈਆਂ, ਉਹ ਹੋਰ

ਪਾਰਟੀ ਨਾਲ ਜੁੜੇ ਹੋਏ ਸਨ। ਪਰ, ਥੋੜ੍ਹੇ ਸਮੇਂ 'ਚ ਹੀ, ਕਿਸੇ ਕਮਿਊਨਿਸਟ ਡਿਪਟੀ ਨੂੰ ਮਿਲਣਾ ਆਮ ਹੀ ਹੋ ਗਿਆ।

ਇਕ ਦੁਪਹਿਰ, ਦਰਬਾਨ ਨੇ ਮੈਨੂੰ ਦੱਸਿਆ ਕਿ ਕੋਈ ਮੇਰੇ ਨਾਲ ਫ਼ੋਨ 'ਤੇ ਗੱਲ ਕਰਨੀ ਚਾਹੁੰਦਾ ਹੈ। ਮੈਂ ਹਾਲ ਤੋਂ ਚਲੀ ਗਈ ਅਤੇ ਪਤਾ ਲੱਗਿਆ ਕਿ ਫ਼ੋਨ ਇਕ ਰਿਹਾਇਸ਼ੀ ਮੁਹੱਲੇ ਦੇ ਕਿਰਾਏਦਾਰਾਂ ਦਾ ਸੀ। ਆਪਣਾ ਦੁੱਖ ਦੱਸਕੇ ਉਨ੍ਹਾਂ ਨੇ ਮੈਨੂੰ ਆ ਕੇ ਮਿਲਣ ਲਈ ਕਿਹਾ। ਉਨ੍ਹਾਂ ਵਿਚੋਂ ਬਹੁਤਿਆਂ ਤੋਂ ਕਿਰਾਇਆ ਨਹੀਂ ਸੀ ਦੇ ਹੋਇਆ ਇਸ ਕਰਕੇ ਉਨ੍ਹਾਂ ਤੋਂ ਮਕਾਨ ਖਾਲੀ ਕਰਾਏ ਜਾ ਰਹੇ ਸਨ। ਉਨ੍ਹਾਂ ਨੇ ਮੈਨੂੰ ਗਲੀ 'ਚ ਕੱਢੇ ਬੀਮਾਰਾਂ ਤੇ ਬੱਚਿਆਂ ਦੀ ਤਰਸਯੋਗ ਹਾਲਤ ਦੱਸੀ, ਜਿਨ੍ਹਾਂ ਦੇ ਆਲੇ-ਦੁਆਲੇ ਉਨ੍ਹਾਂ ਦਾ ਸਮਾਨ ਪਿਆ ਸੀ।

"ਅਸੀਂ ਆਪਣੇ ਡਿਪਟੀ ਨੂੰ ਸੱਦਿਆ ਸੀ," ਉਨ੍ਹਾਂ ਨੇ ਮੈਨੂੰ ਦੱਸਿਆ, "ਪਰ ਉਹ ਨਹੀਂ ਆਵੇਗਾ। ਉਹ ਕਹਿ ਰਹੇ ਹਨ ਜੇ ਅਸੀਂ ਕਿਰਾਇਆ ਹੀ ਨਹੀਂ ਦਿੱਤਾ, ਤਾਂ ਅਸੀਂ ਉਨ੍ਹਾਂ ਤੋਂ ਕਾਹਦੀ ਆਸ ਕਰਦੇ ਹਾਂ?"

"ਡਟੇ ਰਹੋ! ਉਨ੍ਹਾਂ ਨੂੰ ਕਿਸੇ ਨੂੰ ਬਾਹਰ ਨਾ ਕੱਢਣ ਦਿਉ। ਅਸੀਂ ਹੁਣੇ ਆਏ।"

ਮੈਂ ਸੰਸਦ ਭਵਨ 'ਚ ਜਾ ਕੇ ਆਪਣੇ ਸਾਥੀਆਂ ਨੂੰ ਹਾਲਤ ਦੱਸੀ। ਇਕ ਹੋਰ ਕਮਿਊਨਿਸਟ ਡਿਪਟੀ ਮੇਰੇ ਨਾਲ ਉਜਾੜੇ ਵਾਲੀ ਥਾਂ ਜਾਣ ਲਈ ਮੰਨ ਗਿਆ। ਅਸੀਂ ਟੈਕਸੀ ਰਾਹੀਂ ਮਿੰਟਾਂ 'ਚ ਪਹੁੰਚ ਗਏ। ਗਲੀ ਦੇ ਲਾਂਘਿਆਂ ਉੱਪਰ ਹਥਿਆਰਬੰਦ ਪੁਲਿਸ ਦਾ ਪਹਿਰਾ ਸੀ। ਕੱਢੇ ਹੋਏ ਕਿਰਾਏਦਾਰ ਆਪਣਾ ਨਿੱਕ-ਸੁੱਕ ਇਕੱਠਾ ਕਰਨ ਲੱਗੇ ਹੋਏ ਸਨ, ਜੋ ਮਕਾਨ ਖਾਲੀ ਕਰਾਉਣ ਵਾਲਿਆਂ ਨੇ ਸਾਰੀ ਗਲੀ 'ਚ ਖਿਡਾ ਦਿੱਤਾ ਸੀ।

ਜਦੋਂ ਅਸੀਂ ਪਹੁੰਚੇ ਤਾਂ ਉਹ ਇਕ ਬੀਮਾਰ ਨੂੰ ਇਕ ਮਕਾਨ ਦੇ ਅੰਦਰੋਂ ਪੁਰਾਣੀ ਟੁੱਟੀ ਹੋਈ ਕੁਰਸੀ 'ਤੇ ਬੈਠਾਕੇ ਬਾਹਰ ਲਿਆ ਰਹੇ ਸਨ। "ਕੀ ਕਰ ਰਹੇ ਹੋ?" ਮੈਂ ਉਨ੍ਹਾਂ ਆਦਮੀਆਂ ਨੂੰ ਪੁੱਛਿਆ ਜੋ ਆਪਣੇ ਵਰਗੇ ਇਕ ਕਿਰਾਏਦਾਰ ਨੂੰ ਬੇਘਰ ਕਰਨ ਦੇ ਕੰਮ 'ਚ ਜੁੱਟੇ ਹੋਏ ਸਨ।

"ਹੁਕਮਾਂ ਦੀ ਪਾਲਣਾ," ਉਨ੍ਹਾਂ ਨੇ ਮੋਢੇ ਸੁੰਗੇੜਦਿਆਂ ਜਵਾਬ ਦਿੱਤਾ।

"ਤੁਹਾਨੂੰ ਇਹ ਹੁਕਮ ਕਿਸਨੇ ਦਿੱਤੇ?"

"ਤੁਹਾਡੀ ਸੋਚ ਅਨੁਸਾਰ ਕਿਸਨੇ ਦਿੱਤਾ ਹੋ ਸਕਦਾ? ਕੰਪਨੀ ਅਤੇ ਅਦਾਲਤ ਨੇ।"

"ਠੀਕ ਹੈ, ਪਰ ਜੇ ਲੋਕ ਦਬਾਏ ਜਾਣ ਤੋਂ ਆਕੀ ਹੋ ਜਾਣ ਤਾਂ ਨਾ ਕੰਪਨੀ ਕੁਝ ਕਰ ਸਕਦੀ ਹੈ ਨਾ ਅਦਾਲਤ। ਤੁਸੀਂ ਇਸ ਬੰਦੇ ਨੂੰ ਇਸੇ ਪਲ ਉਸਦੇ ਘਰ ਅੰਦਰ ਛੱਡ ਕੇ ਆਓ!"

ਸਾਡੇ ਬੋਲਾਂ ਦੀ ਦ੍ਰਿੜਤਾ ਨਾਲ ਉਹ ਬੰਦੇ ਜੱਕੋਤੱਕੀ 'ਚ ਪੈ ਗਏ। ਉਹ ਸਾਧਾਰਨ ਮੁਲਾਜ਼ਮ ਸਨ ਜੇ ਉਹ ਹੁਕਮਾਂ ਦੀ ਤਾਮੀਲ ਨਹੀਂ ਕਰਨਗੇ ਤਾਂ ਕੱਢ ਦਿੱਤੇ ਜਾਣਗੇ।

"ਤੁਸੀਂ ਕੌਣ ਹੋ?" ਉਨ੍ਹਾਂ ਨੇ ਸਾਨੂੰ ਪੁੱਛਿਆ।

"ਅਸੀਂ ਕਮਿਊਨਿਸਟ ਡਿਪਟੀ ਹਾਂ।"

ਉਨ੍ਹਾਂ ਨੂੰ ਪਤਾ ਨਾ ਲੱਗੇ ਉਹ ਹੁਣ ਕੀ ਕਰਨ, ਅਤੇ ਅਸੀਂ ਉਨ੍ਹਾਂ ਦੀ ਹਾਲਤ ਸਮਝ ਗਏ। "ਘਰਾਂ ਨੂੰ ਤੁਰ ਜਾਓ," ਅਸੀਂ ਉਨ੍ਹਾਂ ਨੂੰ ਕਿਹਾ, "ਅਸੀਂ ਇਸਨੂੰ ਆਪੇ ਵਾਪਸ ਛੱਡ ਆਵਾਂਗੇ।" ਮੈਂ ਕੁਰਸੀ ਖੋਹ ਲਈ ਅਤੇ ਕੋਲ ਖੜ੍ਹੇ ਦੋ ਕੱਢੇ ਹੋਏ ਗੁਆਂਢੀਆਂ ਨੂੰ ਮਦਦ ਕਰਨ ਲਈ ਕਿਹਾ।

ਬੀਮਾਰ ਬੰਦਾ ਕਰਾਹ ਰਿਹਾ ਸੀ, ਉਸ ਦੇ ਲਿੱਸੇ, ਜ਼ਰਦ ਚਿਹਰੇ ਤੋਂ ਅੱਥਰੂ ਵਹਿ ਰਹੇ ਸਨ। ਅਸੀਂ ਉਹਨੂੰ ਉਸਦੇ ਕਮਰੇ 'ਚ ਲੈ ਆਏ, ਉਸਦਾ ਮੰਜਾ ਥਾਂ ਸਿਰ ਕੀਤਾ ਅਤੇ ਉਸ ਨੂੰ ਲਿਟਾ ਦਿੱਤਾ।

ਮੈਂ ਘਰ ਦੇ ਬਾਹਰ ਆ ਗਈ। "ਦੋਸਤੋ," ਮੈਂ ਕਿਹਾ, "ਸਾਰਾ ਫਰਨੀਚਰ ਦੁਬਾਰਾ ਅੰਦਰ ਰੱਖ ਦਿਉ। ਕੁਝ ਵੀ, ਕੋਈ ਵੀ ਗਲੀ 'ਚ ਨਾ ਰਹੇ!"

"ਉਨ੍ਹਾਂ ਨੇ ਕੁੰਜੀਆਂ ਖੋਹ ਲਈਆਂ ਹਨ," ਕੱਢੇ ਹੋਏ ਕਿਰਾਏਦਾਰ ਦੱਸਣ ਲੱਗੇ।

"ਜੰਦਰੇ ਤੋੜ ਦਿਉ!"

ਉਨ੍ਹਾਂ ਨੇ ਇੰਜ ਕਰਨ ਦਾ ਹੌਸਲਾ ਨਾ ਕੀਤਾ।

"ਮੈਨੂੰ ਕੋਈ ਹਥੌੜਾ ਦਿਉ!" ਮੈਂ ਇਕ ਜੰਦਰਾ ਤੋੜ ਦਿੱਤਾ ਅਤੇ ਇਸ ਪਿੱਛੋਂ ਹਰ ਕਿਸੇ ਨੇ ਬਾਕੀ ਦੇ ਜੰਦਰੇ ਭੰਨਣੇ ਸ਼ੁਰੂ ਕਰ ਦਿੱਤੇ। ਕੁਝ ਮਿੰਟਾਂ 'ਚ ਹੀ ਹਰੇਕ ਕਿਰਾਏਦਾਰ ਆਪਣੇ ਕਮਰੇ ਦੇ ਅੰਦਰ ਸੀ।

ਅਦਾਲਤ ਦੇ ਕਰਿੰਦੇ ਭੈਭੀਤ ਹੋ ਕੇ ਥਾਏਂ ਬਰਫ਼ ਹੋ ਗਏ ਸਨ। ਆਖ਼ਿਰ, ਉਹ ਸੰਭਲਕੇ ਕਹਿਣ ਲੱਗੇ, "ਸਾਨੂੰ ਇਸ ਬਾਰੇ ਇਤਲਾਹ ਦੇਣੀ ਪੈਣੀ ਏ!"

"ਜੋ ਇਤਲਾਹ ਦੇਣੀ ਏ ਦਿਉ ਅਤੇ ਕੰਪਨੀ ਦੇ ਸਾਹਿਬਾਂ ਨੂੰ ਦੱਸ ਦਿਉ ਕਿ ਬਿਹਤਰ ਇਹ ਹੈ ਕਿ ਅਗਲੀ ਵਾਰ ਉਹ ਲੋਕਾਂ ਨੂੰ ਕੱਢਣ ਲਈ ਆਪ ਆਉਣ। ਪਰ ਸਾਨੂੰ ਪਹਿਲਾਂ ਦੱਸ ਦੇਣ, ਤਾਂ ਕਿ ਅਸੀਂ ਵੀ ਆ ਸਕੀਏ।"

ਗਲੀ ਦੇ ਲਾਂਘੇ 'ਤੇ ਲਗਾਏ ਚੌਕੀਦਾਰ ਦ੍ਰਿਸ਼ ਦੇ ਨੇੜੇ ਆ ਗਏ ਸਨ। ਅਸੀਂ ਦੇਖ ਲਿਆ ਸੀ ਕਿ ਉਹ ਸਾਡੇ ਵੱਲ ਹਨ। ਉਸ ਗਲੀ ਅਤੇ ਕਈ ਹੋਰ ਗਲੀਆਂ ਦੇ ਕਿਰਾਏਦਾਰ ਸਾਨੂੰ ਵਧਾਈਆਂ ਦੇਣ ਆਏ ਅਤੇ ਸਾਡਾ ਧੰਨਵਾਦ ਕੀਤਾ।

"ਆਪਣੇ ਹੱਕਾਂ ਦੀ ਰਾਖੀ ਲਈ ਕਿਰਾਏਦਾਰ ਕਮੇਟੀਆਂ ਬਣਾ ਲਵੋ। ਖ਼ੂਨ ਪੀਣੀਆਂ ਕੰਪਨੀਆਂ ਵਿਰੁੱਧ ਲੜਾਈ 'ਚ ਇਕਜੁੱਟ ਹੋ ਜਾਉ। ਇਹ ਕਦੇ ਨਾ ਭੁੱਲੋ ਕਿ ਤੁਹਾਡੀ ਤਾਕਤ ਏਕੇ 'ਚ ਹੈ!" ਅਸੀਂ ਉਨ੍ਹਾਂ ਨੂੰ ਸਮਝਾਕੇ ਚੱਲ ਪਏ। ਸਾਡੇ ਜਾਣ ਸਾਰ ਚੌਕੀਦਾਰ ਵੀ ਚਲੇ ਗਏ।

ਫਰਾਂਕੋ ਬਗ਼ਾਵਤ ਤੋਂ ਪਹਿਲਾਂ, ਮੈਂ ਮੈਡਰਿਡ 'ਚ ਇਕ ਗ਼ੈਰ-ਕਮਿਊਨਿਸਟ ਰੇਲਵੇ ਮਜ਼ਦੂਰ ਦੇ ਘਰ 'ਚ ਰਹਿੰਦੀ ਸੀ। ਗੈਲੀਲੀਓ ਸੜਕ ਉੱਪਰ *ਮੁੰਡੋ ਓਬਰੇਰੋ* ਦੇ ਸੰਪਾਦਕੀ ਦਫ਼ਤਰ ਦੇ ਸਾਹਮਣੇ ਉਸਦਾ ਇਕ ਸਾਧਾਰਨ ਰਿਹਾਇਸ਼ੀ ਮਕਾਨ ਸੀ ਅਤੇ ਉਹ ਰੇਸਤਰਾਂ ਚਲਾਉਂਦਾ ਸੀ।

ਉੱਥੇ ਮੈਂ ਹੀ ਰਹਿੰਦੀ ਸੀ। ਮਕਾਨ ਮਾਲਕ ਮੈਨੂੰ ਪਰਿਵਾਰ ਦੀ ਮੈਂਬਰ ਸਮਝਕੇ ਨਿੱਘਾ ਵਰਤਾਓ ਕਰਦਾ ਅਤੇ ਮੇਰੇ ਰੈਣ ਬਸੇਰੇ ਨੂੰ ਖੁਸ਼ਗਵਾਰ ਬਣਾਉਣ ਲਈ ਹਰ ਵਾਹ ਲਾਉਂਦਾ। ਉਸਦੇ ਬਾਕਾਇਦਾ ਗਾਹਕ ਵੀ, ਹਮੇਸ਼ਾ ਮੈਨੂੰ ਖਿੜ੍ਹੇ ਮੱਥੇ ਮਿਲਦੇ।

ਹੌਲੀ ਹੌਲੀ ਮੇਰਾ ਕਮਰਾ ਡਾਕਖ਼ਾਨਾ ਬਣਦਾ ਜਾ ਰਿਹਾ ਸੀ ਕਿਉਂਕਿ ਮੈਨੂੰ ਰੋਜ਼ ਵੱਡੀ ਗਿਣਤੀ 'ਚ ਚਿੱਠੀਆਂ ਆਉਂਦੀਆਂ ਸਨ। ਜੋ ਆਮ ਤੌਰ 'ਤੇ ਸਹਾਇਤਾ ਦੀ ਮੰਗ ਕਰਦੇ ਲੋਕਾਂ ਵੱਲੋਂ ਭੇਜੀਆਂ ਹੁੰਦੀਆਂ ਸਨ। ਹਾਲਾਂਕਿ ਕਈ ਚਿੱਠੀਆਂ ਵੱਖਰੀ ਤਰ੍ਹਾਂ ਦੀਆਂ ਵੀ ਹੁੰਦੀਆਂ। ਮੇਰੇ ਕੋਲ ਅਖੌਤੀ ਸਤਿਕਾਰਯੋਗ ਲੋਕਾਂ ਵੱਲੋਂ ਭੇਜੇ ਅਸ਼ਲੀਲ ਤੇ ਧਮਕੀ-ਪੱਤਰਾਂ ਦਾ ਢੇਰ ਸੁਖਾਲਿਆਂ ਹੀ ਲੱਗ ਜਾਂਦਾ।

ਪਹਿਲੀ ਮਈ ਮੈਂ ਅਸਟੂਰੀਅਸ 'ਚ ਗੁਜ਼ਾਰੀ ਸੀ। ਜਦੋਂ ਮੈਂ ਮੈਡਰਿਡ ਮੁੜੀ ਤਾਂ ਮੈਂ ਦੇਖਿਆ ਕਿ ਰੇਸਤਰਾਂ ਦੇ ਦਰਵਾਜ਼ੇ 'ਤੇ ਇਕ ਜਣਾ ਮੈਨੂੰ ਉਡੀਕ ਰਿਹਾ ਸੀ। ਉਹ ਮਜ਼ਦੂਰ ਸੀ, ਪਰ ਉਸਦੇ ਕੱਪੜੇ ਫਟੇ-ਪੁਰਾਣੇ ਸਨ (ਇੱਥੋਂ ਤੱਕ ਕਿ ਗਰੀਬੀ ਦੇ ਵੀ ਮਿਆਰ ਹੁੰਦੇ ਹਨ, ਇਕ ਐਸੀ

ਸੱਚਾਈ ਜੋ ਮੈਂ ਆਪਣੇ ਅਨੁਭਵ 'ਚੋਂ ਸਿੱਖੀ) ਮੈਂ ਝਟਪਟ ਜਾਣ ਗਈ ਕਿ ਬਦਕਿਸਮਤੀ ਨੇ ਉਸ ਨੂੰ ਵਿਸ਼ੇਸ਼ ਧਿਆਨ ਦਿੱਤੇ ਜਾਣ ਲਈ ਨਿਖੇੜ ਦਿੱਤਾ ਸੀ।

ਉਸ ਨੇ ਦੱਸਿਆ, "ਮੈਂ ਗਾਰਾ ਢੋਂਦਾ ਹਾਂ, ਪਰ ਮੈਨੂੰ ਕਈ ਮਹੀਨਿਆਂ ਤੋਂ ਕੰਮ ਨਹੀਂ ਮਿਲ ਰਿਹਾ। ਇਹ ਦੇਖੋ!" ਅਤੇ ਉਸਨੇ ਆਪਣੀ ਜੇਬ ਵਿਚੋਂ ਗਿਰਵੀ ਦੀ ਦੁਕਾਨ ਦੀਆਂ ਰਸੀਦਾਂ ਦਾ ਰੁੱਗ ਕੱਢ ਵਿਖਾਇਆ। ਉਸ ਦੀ ਹਰੇਕ ਚੀਜ਼ ਗੱਦੇ ਤੋਂ ਲੈ ਕੇ ਜੁੱਤੀ ਤੱਕ, ਗਹਿਣੇ ਧਰੀ ਹੋਈ ਸੀ। "ਅਸਲ 'ਚ ਇਹੀ ਵਧੇਰੇ ਭੈੜੀ ਗੱਲ ਨਹੀਂ ਹੈ। ਐਸ ਵਕਤ ਮੈਨੂੰ ਇਕ ਸਮੱਸਿਆ ਨੇ ਘੇਰਿਆ ਹੋਇਆ ਹੈ, ਪਰ ਮੈਨੂੰ ਨਹੀਂ ਸੁੱਝਦਾ ਕੀ ਕਰਾਂ। ਮੈਂ ਐਨਾ ਮਾਯੂਸ ਹਾਂ ਕਿ ਮੈਂ ਕੁਝ ਵੀ ਕਰ ਲਵਾਂਗਾ। ਮੇਰੀ ਪਤਨੀ ਜੱਚਾ ਘਰ 'ਚ ਦਾਖ਼ਲ ਸੀ ਅਤੇ ਉਨ੍ਹਾਂ ਨੇ ਉਸ ਨੂੰ ਤੇ ਇਕ ਹੋਰ ਔਰਤ ਨੂੰ ਬਾਹਰ ਕੱਢ ਦਿੱਤਾ ਹੈ। ਹੁਣ ਉਸਦੇ ਕਿਸੇ ਵੀ ਸਮੇਂ ਬੱਚਾ ਪੈਦਾ ਹੋਣ ਵਾਲਾ ਹੈ। ਸਾਡੇ ਕੋਲ ਮੰਜਾ-ਬਿਸਤਰਾ ਵੀ ਨਹੀਂ ਹੈ, ਬੱਚੇ ਨੂੰ ਫਰਸ਼ 'ਤੇ ਹੀ ਜੰਮਣਾ ਪਵੇਗਾ।"

"ਉਨ੍ਹਾਂ ਨੇ ਬਾਹਰ ਕਿਉਂ ਕੱਢਿਆ ਸੀ?"

"ਪ੍ਰਾਰਥਨਾ ਕਰਨ ਤੋਂ ਇਨਕਾਰੀ ਹੋਣ ਕਰਕੇ।"

"ਹੁਣ ਉਹ ਕਿੱਥੇ ਹਨ?"

"ਪਾਰਕ ਵਿਚ ਬੈਂਚ 'ਤੇ ਬੈਠੀਆਂ ਹਨ।"

"ਅੰਦਰ ਆ ਜਾਓ ਅਤੇ ਬਿੰਦ ਕੁ ਰੁਕੋ। ਮੈਂ ਨਹਾਕੇ ਵਾਲ ਵਾਹ ਲਵਾਂ।" ਮੈਂ ਮਕਾਨ ਮਾਲਕਾਂ ਨੂੰ ਕਿਹਾ ਕਿ ਉਸ ਨੂੰ ਕੁਝ ਨਾਸ਼ਤਾ ਕਰਾ ਦੇਣ, ਅਤੇ ਮੈਂ ਫੁਰਤੀ ਨਾਲ ਤਿਆਰ ਹੋ ਗਈ। ਮੈਂ ਟੈਕਸੀ ਵਾਲੇ ਨੂੰ ਸੱਦਿਆ ਅਤੇ ਅਸੀਂ ਔਰਤਾਂ ਨੂੰ ਲਿਆਉਣ ਲਈ ਚਲੇ ਗਏ। ਫਿਰ ਅਸੀਂ ਜੱਚਾ ਘਰ ਵੱਲ ਹੋ ਤੁਰੇ। ਮੈਂ ਔਰਤਾਂ ਨੂੰ ਕਾਰ ਵਿਚ ਛੱਡਕੇ ਡਾਇਰੈਕਟਰ ਨਾਲ ਗੱਲ ਕਰਨ ਚਲੀ ਗਈ।

ਸਾਧਵੀ ਨੇ ਮੇਰੀ ਆਓ-ਭਗਤ ਕੀਤੀ। ਮੈਂ ਡਾਇਰੈਕਟਰ ਬਾਰੇ ਪੁੱਛਿਆ।

"ਤੁਸੀਂ ਕੀ ਚਾਹੁੰਦੇ ਹੋ?" ਉਹ ਪੁੱਛਣ ਲੱਗੀ।

"ਮੈਂ ਤੈਨੂੰ ਦੱਸਿਆ ਤਾਂ ਹੈ ਮੈਂ ਡਾਇਰੈਕਟਰ ਨਾਲ ਗੱਲ ਕਰਨੀ ਹੈ।"

ਮੇਰੇ ਲਹਿਜ਼ੇ ਤੋਂ ਉਸ ਨੂੰ ਪਤਾ ਲੱਗ ਗਿਆ ਕਿ ਉਹ ਮੈਨੂੰ ਚੱਕਰਾਂ 'ਚ ਨਹੀਂ ਪਾ ਸਕੇਗੀ। ਸਾਧਵੀ ਚਲੀ ਗਈ ਅਤੇ ਥੋੜ੍ਹੇ ਸਮੇਂ 'ਚ ਹੀ ਸਾਹਨ ਵਰਗੇ, ਚਿੱਟੇ ਚੋਗੇ ਵਾਲੇ, ਬੰਦੇ ਨੂੰ ਲੈ ਕੇ ਆ ਗਈ। ਉਸ ਦਾ ਤੌਰ-ਤਰੀਕਾ ਉੱਕਾ ਹੀ ਦੋਸਤਾਨਾ ਨਹੀਂ ਸੀ।

"ਤੁਸੀਂ ਮੇਰੇ ਨਾਲ ਗੱਲ ਕਰਨੀ ਚਾਹੁੰਦੇ ਸੀ?"

"ਹਾਂ, ਜੇ ਤੁਸੀਂ ਜੱਚਾ ਘਰ ਦੇ ਡਾਇਰੈਕਟਰ ਹੋ।"

"ਮੈਂ ਹੀ ਹਾਂ।"

"ਕੀ ਤੁਸੀਂ ਦੱਸੋਗੇ ਕਿ ਤੁਸੀਂ ਉਨ੍ਹਾਂ ਦੋ ਔਰਤਾਂ ਨੂੰ ਜੱਚਾ ਘਰ 'ਚੋਂ ਬਾਹਰ ਕਿਉਂ ਕੱਢਿਆ ਜਿਨ੍ਹਾਂ ਦੇ ਬੱਚਾ ਹੋਣ ਵਾਲਾ ਹੈ?"

"ਤੂੰ ਪੁੱਛਣ ਵਾਲੀ ਕੌਣ ਹੁੰਦੀ ਏਂ?"

"ਡੋਲੋਰਸ ਇਬਾਰੂਰੀ, ਕਮਿਊਨਿਸਟ ਡਿਪਟੀ।"

"ਅਤੇ ਤੁਹਾਨੂੰ ਇਹ ਸਹੀ ਲੱਗਦਾ ਕਿ ਜਿਨ੍ਹਾਂ ਦੋ ਔਰਤਾਂ ਦੇ ਬੱਚੇ ਹੋਣ ਵਾਲੇ ਹਨ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਜਾਵੇ? ਤੁਹਾਡੀ ਜ਼ਮੀਰ ਤੁਹਾਨੂੰ ਲਾਹਣਤ ਨਹੀਂ ਪਾਉਂਦੀ? ਤੁਸੀਂ ਦੋਵਾਂ ਔਰਤਾਂ ਨੂੰ ਉਨ੍ਹਾਂ ਦੀ ਹੋਣੀ 'ਤੇ ਛੱਡ ਦਿੱਤਾ ਜਿਨ੍ਹਾਂ ਦੇ ਸਿਰ ਉੱਤੇ ਛੱਤ ਵੀ ਹੈ ਨਹੀਂ ਅਤੇ ਕੋਲ

ਕੋਈ ਪੈਸਾ ਵੀ ਨਹੀਂ? ਡਾਇਰੈਕਟਰ ਸਾਹਬ, ਮੈਂ ਤੁਹਾਨੂੰ ਕਹਿੰਦੀ ਹਾਂ, ਉਨ੍ਹਾਂ ਨੂੰ ਦੁਬਾਰਾ ਦਾਖ਼ਲ ਕਰ ਲਵੋ।"

"ਮੈਂ ਨਹੀਂ ਚਾਹੁੰਦਾ ਉਨ੍ਹਾਂ ਨੂੰ ਦੁਬਾਰਾ ਦਾਖ਼ਲ ਕੀਤਾ ਜਾਵੇ!"

ਮੈਂ ਸਾਧਵੀ ਵੱਲ ਮੁੜੀ: "ਇਨ੍ਹਾਂ ਵਿਚਾਰੀਆਂ ਔਰਤਾਂ ਲਈ ਮੰਜੇ-ਬਿਸਤਰੇ ਤੇ ਖਾਣੇ ਦਾ ਇੰਤਜ਼ਾਮ ਕਰਨ ਲਈ ਤੂੰ ਕੁਝ ਨਹੀਂ ਕਰ ਸਕਦੀ ਤਾਂ ਕਿ ਉਹ ਆਪਣੇ ਬੱਚਿਆਂ ਨੂੰ ਇਸ ਦੁਨੀਆਂ 'ਚ ਠੀਕ ਤਰੀਕੇ ਨਾਲ ਜਨਮ ਦੇ ਸਕਣ।"

"ਡਾਇਰੈਕਟਰ ਸਾਹਬ ਫ਼ੈਸਲਾ ਲੈਂਦੇ ਹਨ," ਉਸ ਨੇ ਨੀਵੀਂ ਪਾਕੇ ਜਵਾਬ ਦਿੱਤਾ।

ਮੈਂ ਹੁਣ ਆਪੇ 'ਤੇ ਕਾਬੂ ਨਾ ਰੱਖ ਸਕੀ। "ਤੁਸੀਂ ਤਾਂ ਨੀਚ ਹੋ," ਮੈਂ ਚੀਕੀ, "ਕਿੱਥੇ ਹੈ ਤੁਹਾਡਾ ਪਰਉੱਪਕਾਰ, ਆਂਢ-ਗੁਆਂਢ ਪ੍ਰਤੀ ਤੁਹਾਡਾ ਮੋਹ? ਲੋਕ ਇਸ ਜੱਚਾ ਘਰ ਦੀ ਮਦਦ ਇਸ ਤਰ੍ਹਾਂ ਦੀਆਂ ਔਰਤਾਂ ਦੀ ਖ਼ਾਤਰ ਕਰਦੇ ਹਨ ਨਾ ਕਿ ਇਸ ਦੀ ਕੀਮਤ 'ਤੇ ਜਿਊਣ ਵਾਲੇ ਤੁਹਾਡੇ ਵਰਗਿਆਂ ਦੀ ਖ਼ਾਤਰ। ਅਸੀਂ ਦੇਖਦੇ ਹਾਂ ਤੁਸੀਂ ਇਨ੍ਹਾਂ ਨੂੰ ਦਾਖ਼ਲ ਕਰਦੇ ਹੋ ਜਾਂ ਨਹੀਂ।" ਮੈਂ ਦਰਵਾਜ਼ਾ ਫੜੱਕ ਬੰਦ ਕਰਕੇ ਚਲੀ ਗਈ।

ਮੈਂ ਟੈਕਸੀ ਕੋਲ ਜਾ ਕੇ ਔਰਤਾਂ ਨੂੰ ਜੱਚਾ ਘਰ ਦੇ ਸਵਾਗਤੀ ਕਮਰੇ 'ਚ ਇੰਤਜ਼ਾਰ ਕਰਨ ਲਈ ਕਿਹਾ। "ਇੱਥੇ ਬੈਠੋ। ਮੈਂ ਹੁਣੇ ਆਈ," ਮੈਂ ਔਰਤ ਦੇ ਪਤੀ ਨੂੰ ਕਿਹਾ। ਮੈਂ ਨੇੜੇ ਦੇ ਸਮਾਜਵਾਦੀ ਕਲੱਬ ਨੂੰ ਚਲੀ ਗਈ।

ਕਲੱਬ ਦੇ ਦਰਬਾਨ ਨੇ ਮੈਨੂੰ ਦੱਸਿਆ ਕਿ ਜ਼ਿਲ੍ਹਾ ਮੁਖੀ ਤਾਂ ਦੁਪਹਿਰ ਦਾ ਖਾਣਾ ਖਾਣ ਗਿਆ ਹੋਇਆ ਪਰ ਮੈਂ ਫ਼ੋਨ 'ਤੇ ਗੱਲ ਕਰ ਸਕਦੀ ਸੀ। ਮੈਂ ਉਸ ਨੂੰ ਫ਼ੋਨ ਕੀਤਾ, ਉਸ ਨੇ ਜਵਾਬ ਦਿੱਤਾ ਕਿ ਇਕ ਘੰਟੇ 'ਚ ਉਹ ਉੱਥੇ ਆ ਜਾਵੇਗਾ। ਇਕ ਘੰਟਾ ਉਡੀਕਣਾ ਬਹੁਤ ਜ਼ਿਆਦਾ ਵਕਤ ਸੀ। ਮੈਂ ਕਲੱਬ ਦੇ ਅੰਦਰ ਨੌਜਵਾਨਾਂ ਦੀ ਟੋਲੀ ਕੋਲ ਚਲੀ ਗਈ, ਉਨ੍ਹਾਂ ਨੂੰ ਸਮੱਸਿਆ ਦੱਸੀ ਅਤੇ ਨਾਲ ਆਉਣ ਲਈ ਕਿਹਾ। ਉਹ ਸਾਰੇ ਬਿਨਾ ਝਿਜਕ ਤੁਰ ਪਏ। ਜਦੋਂ ਅਸੀਂ ਜੱਚਾ ਘਰ ਪਹੁੰਚੇ, ਗਾਰਾ ਢੋਣ ਵਾਲੇ ਦੀ ਪਤਨੀ ਨੂੰ ਪਹਿਲਾਂ ਹੀ ਜੰਮਣ ਪੀੜਾਂ ਸ਼ੁਰੂ ਹੋ ਗਈਆਂ ਸਨ।

ਪਹਿਲਾ ਦਰਵਾਜ਼ਾ ਖੋਲ੍ਹਦੇ ਸਾਰ ਮੈਂ ਡਾਕਟਰ ਬੁਲਾਉਣ ਲਈ ਉੱਚੀ ਉੱਚੀ ਰੌਲਾ ਪਾਇਆ। ਡਾਇਰੈਕਟਰ ਭੱਜਿਆ ਆਇਆ।

"ਉਸ ਔਰਤ ਨੂੰ ਦੇਖੋ," ਮੈਂ ਕਿਹਾ, "ਉਸ ਨੂੰ ਦਰਦਾਂ ਸ਼ੁਰੂ ਹੋ ਗਈਆਂ ਹਨ!"

ਉਸ ਨੇ ਇਸ ਪ੍ਰਤੱਖ ਹਕੀਕਤ ਤੋਂ ਅੱਖਾਂ ਮੀਟਕੇ ਔਰਤ ਨੂੰ ਅੰਦਰ ਲਿਜਾਣ ਤੋਂ ਨਾਂਹ ਕਰ ਦਿੱਤੀ। ਉਸ ਦੀ ਡਾਕਟਰੀ ਨੂੰ ਨਜ਼ਰ-ਅੰਦਾਜ਼ ਕਰਦਿਆਂ ਮੈਂ ਔਰਤ ਦੇ ਪਤੀ ਅਤੇ ਸਮਾਜਵਾਦੀ ਨੌਜਵਾਨਾਂ ਨੂੰ ਕਿਹਾ, "ਮੇਰੇ ਨਾਲ ਆਉ। ਆਪਾਂ ਉਸ ਨੂੰ ਅੰਦਰ ਲਿਜਾਕੇ ਮੰਜਾ-ਬਿਸਤਰਾ ਲੱਭੀਏ।" ਅਸੀਂ ਉਸ ਨੂੰ ਬਾਹਵਾਂ 'ਤੇ ਚੁੱਕਕੇ ਕਮਰਿਆਂ 'ਚ ਲੈ ਗਏ।

ਇਕ ਨਰਸ ਇਹ ਸ਼ਰਮਨਾਕ ਦ੍ਰਿਸ਼ ਦੇਖਕੇ ਸਾਡੀ ਮਦਦ ਲਈ ਆਈ। ਉਸ ਨੇ ਸਾਨੂੰ ਦੱਸਿਆ ਕਿ ਉਹ ਯੂ ਜੀ ਟੀ ਟਰੇਡ ਯੂਨੀਅਨ ਨਾਲ ਜੁੜੀ ਹੋਈ ਸੀ ਅਤੇ ਉਸ ਨੇ ਔਰਤ ਨੂੰ ਜਣੇਪਾ ਕਮਰੇ 'ਚ ਲਿਜਾਣ ਲਈ ਕਿਹਾ। ਸਾਡਾ ਅੰਦਾਜ਼ਾ ਸਹੀ ਸਾਬਤ ਹੋਇਆ ਸੀ, ਥੋੜ੍ਹੇ ਸਮੇਂ 'ਚ ਹੀ ਔਰਤ ਦੇ ਬੱਚਾ ਪੈਦਾ ਹੋ ਗਿਆ।

"ਇਸ ਔਰਤ ਦੀ ਜ਼ਿੰਮੇਵਾਰੀ ਤੁਹਾਡੀ ਹੈ," ਮੈਂ ਨਰਸ ਨੂੰ ਕਿਹਾ। "ਜੇ ਇਸ ਨੂੰ ਜਾਂ ਬੱਚੇ ਨੂੰ ਕੁਝ ਹੋ ਗਿਆ, ਤਾਂ ਸਮਝ ਲਉ ਜੱਚਾ ਘਰ ਦੀ ਸ਼ਾਮਤ ਆ ਜਾਵੇਗੀ।"

"ਫ਼ਿਕਰ ਨਾ ਕਰੋ, ਪੈਸੀਓਨਾਰੀਆ, ਮੈਂ ਦੋਵਾਂ ਔਰਤਾਂ ਦਾ ਧਿਆਨ ਰੱਖਾਂਗੀ।"

"ਹੁਣ ਅਸੀਂ ਦੂਜੀ ਨੂੰ ਲੈ ਕੇ ਆਉਂਦੇ ਹਾਂ।"

ਹੁਣ ਕੰਮ ਸੁਖਾਲਾ ਹੋ ਗਿਆ ਸੀ। ਡਾਇਰੈਕਟਰ ਨਾਲ ਵਾਪਰੇ ਦੀ ਖ਼ਬਰ ਆਲੇ-ਦੁਆਲੇ ਫੈਲ ਗਈ। ਜੱਚਾ ਘਰ ਮੂਹਰੇ ਲੋਕਾਂ ਦਾ ਤਕੜਾ ਹਜੂਮ ਜੁੜ ਗਿਆ ਜੋ ਪੱਥਰ ਦਿਲ ਡਾਇਰੈਕਟਰ ਨੂੰ ਸੜਕ 'ਤੇ ਘੜੀਸਣ ਲਈ ਤਿਆਰ ਸੀ।

ਇਸੇ ਦੌਰਾਨ, ਮੇਰੇ ਕਹਿਣ 'ਤੇ, ਇਕ ਸਮਾਜਵਾਦੀ ਨੌਜਵਾਨ ਨੇ ਮੈਡਰਿਡ ਦੇ ਪ੍ਰਸਿੱਧ ਨੌਜਵਾਨ ਡਾਕਟਰ ਕਾ. ਰਿਕੈਟਰੋ ਨੂੰ ਫੋਨ ਕਰ ਦਿੱਤਾ ਸੀ। ਉਸ ਦਾ ਪਿਤਾ ਵੀ ਡਾਕਟਰ ਸੀ, ਉਸ ਦੀ ਥਾਂ 'ਤੇ ਉਹ ਆ ਗਿਆ। ਉਹ ਜੱਚਾ ਘਰ ਦੇ ਡਾਇਰੈਕਟਰ ਨੂੰ ਜਾਣਦਾ ਸੀ। ਜਦੋਂ ਡਾਕਟਰ ਰਿਕੈਟਰੋ ਆਇਆ, ਮੈਂ ਉੱਥੇ ਨਹੀਂ ਸੀ। ਡਾਇਰੈਕਟਰ ਨੇ ਘਟਨਾ ਬਾਰੇ ਝਟਪਟ ਆਪਣੀ ਸਫਾਈ ਪੇਸ਼ ਕਰ ਦਿੱਤੀ: "ਤੁਸੀਂ ਸੋਚ ਵੀ ਨਹੀਂ ਸਕਦੇ ਜਿਹੜੀ ਕਰਤੂਤ ਪੈਸੀਓਨਾਰੀਆ ਨੇ ਇੱਥੇ ਕੀਤੀ, ਉਸਨੇ ਡਿਪਟੀ ਦੀ ਬਜਾਏ ਰਸੋਇਣ ਦੀ ਭੂਮਿਕਾ ਵੱਧ ਨਿਭਾਈ।"

ਜਦੋਂ ਰਿਕੈਟਰੋ ਨੇ ਮੈਨੂੰ ਉਹ ਕਹਾਣੀ ਸੁਣਾਈ ਜੋ ਡਾਇਰੈਕਟਰ ਨੇ ਉਸ ਦੇ ਪਿਤਾ ਨੂੰ ਦੱਸੀ ਸੀ ਤਾਂ ਮੈਨੂੰ ਹਾਸਾ ਆ ਗਿਆ। ਅਣਜਾਣੇ 'ਚ, ਡਾਇਰੈਕਟਰ ਨੇ ਪਤੇ ਦੀ ਗੱਲ ਕਹਿ ਦਿੱਤੀ ਸੀ। ਇਕ ਸਮੇਂ ਨਾ ਸਿਰਫ਼ ਮੈਂ ਰਸੋਇਣ ਵਜੋਂ ਕੰਮ ਕੀਤਾ ਸੀ ਅਤੇ ਮੈਂ ਜਾਣਦੀ ਸੀ ਕਿ ਕਾਡ ਮੱਛੀ ਸੁਆਦੀ ਕਿਵੇਂ ਬਣਾਉਣੀ ਹੈ ਕਿ ਖਾਣ ਵਾਲਾ ਉਂਗਲੀਆਂ ਚੱਟਦਾ ਰਹਿ ਜਾਵੇ, ਸਗੋਂ ਮੈਂ ਇਹ ਵੀ ਜਾਣਦੀ ਸੀ ਕਿ ਰਸੋਈ ਨੂੰ ਕਿਵੇਂ ਸਜਾਉਣਾ ਹੈ ਅਤੇ ਡਾਇਰੈਕਟਰ ਦੀ ਧੁਆਂਖੀ ਚਿਮਨੀ ਕਿਵੇਂ ਸਾਫ਼ ਕਰਨੀ ਹੈ, ਜੋ ਸਿਰੇ ਦੀ ਗੰਦੀ ਸੀ। ਅਤੇ ਡਾਇਰੈਕਟਰ ਹੋ ਕੇ ਕੋਈ ਆਪਣਾ ਇਖ਼ਲਾਕ ਜਾਂ ਸ਼ਖ਼ਸੀਅਤ ਬਣਾਈ ਰੱਖੇ—ਇਹ ਸੁਭਾਗ ਹਰ ਕਿਸੇ ਨੂੰ ਹਾਸਲ ਨਹੀਂ ਹੁੰਦਾ।

ਇਕ ਘੰਟੇ ਬਾਅਦ ਮੈਂ ਜੱਚਾ ਘਰ ਵਾਪਸ ਆਈ, ਨਰਸ ਨੇ ਮੈਨੂੰ ਸੱਦਕੇ ਦੱਸਿਆ ਕਿ ਉਸ ਔਰਤ ਦੇ ਲੜਕੀ ਪੈਦਾ ਹੋਈ ਸੀ। ਲੜਕੀ ਦੇ ਪਿਤਾ ਨੇ, ਜੋ ਸੀ.ਐੱਨ. ਟੀ. ਦਾ ਮੈਂਬਰ ਸੀ, ਬੱਚੀ ਦਾ ਨਾਂਅ ਮੇਰੇ ਵਾਲਾ ਡੋਲੋਰਸ ਰੱਖਿਆ। ਮਾਂ ਅਤੇ ਧੀ ਦੋਵੇਂ ਰਾਜ਼ੀਖੁਸ਼ੀ ਸਨ।

[23]

## ਤੂਫ਼ਾਨ ਦੇ ਬੀਜ

16 ਫਰਵਰੀ 1936 ਦੀਆਂ ਚੋਣਾਂ ਦੀ ਕਾਮਯਾਬੀ ਤੋਂ ਬਾਦ ਸਪੇਨ ਦਾ ਸੰਸਦੀ ਜੀਵਨ ਲੰਮਾ ਸਮਾਂ ਨਾ ਰਿਹਾ।

ਹਾਰੀਆਂ ਹੋਈਆਂ ਤਾਕਤਾਂ ਓਦੋਂ ਹੋਰ ਜਾਬਰ ਹੋ ਗਈਆਂ ਜਦੋਂ ਖੱਬੀ ਧਿਰ ਨੇ ਆਪਣਾ ਏਕਾ ਮਜ਼ਬੂਤ ਕਰਕੇ ਜਮਹੂਰੀ ਇਨਕਲਾਬ ਦਾ ਕਾਰਜ ਗੰਭੀਰਤਾ ਨਾਲ ਹੱਥ ਲੈ ਲਿਆ, ਜਿਸ ਨੂੰ ਪਿਛਾਖੜੀਆਂ ਨੇ ਡਾਰਕ ਬਿਨੀਅਲ ਦੇ ਸਮੇਂ ਦਬਾ ਦਿੱਤਾ ਸੀ।

ਇਹ ਮਹਿਸੂਸ ਹੋ ਰਿਹਾ ਸੀ ਕਿ ਪੂਰੇ ਦੇਸ਼ ਦਾ ਮਾਹੌਲ ਖ਼ਤਰਨਾਕ ਬਣ ਗਿਆ ਸੀ। ਯੇਸਟੇ ਦੇ ਖ਼ੂਨੀ ਕਾਂਡ ਨੇ ਸਮੁੱਚੇ ਸਪੇਨ ਨੂੰ ਝੰਜੋੜ ਦਿੱਤਾ ਸੀ ਜਿੱਥੇ 16 ਕਿਸਾਨਾਂ ਨੂੰ ਸਿਵੱਲ ਗਾਰਡਾਂ

ਨੇ ਭੌਂਇ ਸਰਦਾਰਾਂ ਦੀ ਸੇਵਾ 'ਚ ਭੁਗਤਕੇ ਮਾਰ ਦਿੱਤਾ ਸੀ। ਇਕ ਸਵਾਲ ਸਾਡੇ ਮਨਾਂ 'ਚ ਡੂੰਘਾ ਘਰ ਕਰੀ ਬੈਠਾ ਸੀ: ਪਿਛਾਖੜੀ ਅੱਗੇ ਕੀ ਕਰਨਗੇ?

ਜੂਨ ਦੇ ਅੱਧ 'ਚ ਸੀ. ਈ. ਡੀ. ਏ. ਨੇ ਐਲਾਨ ਕੀਤਾ ਕਿ ਇਹ ਸਰਕਾਰ ਤੋਂ ਸਪੇਨ ਦੇ ਅਮਨ ਅਮਾਨ ਦੀ ਹਾਲਤ ਬਾਰੇ ਅਧਿਕਾਰਤ ਸਪਸ਼ਟੀਕਰਨ ਦੀ ਮੰਗ ਕਰੇਗੀ। ਪਿਛਾਖੜੀਆਂ ਦੀ ਬੇਸ਼ਰਮੀ ਦੀ ਕੋਈ ਹੱਦ ਨਹੀਂ ਸੀ। ਜਿਨ੍ਹਾਂ ਨੇ ਸਨਅਤਾਂ ਅਤੇ ਖੇਤੀਬਾੜੀ 'ਚ ਮਜ਼ਦੂਰਾਂ ਦੀਆਂ ਉਜਰਤਾਂ ਘਟਾਈਆਂ, ਜਿਨ੍ਹਾਂ ਨੇ ਭੁੱਖੇ ਮਰਦੇ ਕਿਸਾਨਾਂ ਉੱਪਰ ਹਮਲੇ ਲਈ ਸਿਵਲ ਗਾਰਡਾਂ ਨੂੰ ਸ਼ਸ਼ਕੇਰਿਆ, ਜਿਨ੍ਹਾਂ ਨੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਮਜ਼ਦੂਰ ਜਥੇਬੰਦੀਆਂ ਵੱਲੋਂ ਤੈਅ ਕੀਤੀਆਂ ਉਜਰਤਾਂ ਦੇਣ ਨਾਲੋਂ ਫ਼ਸਲਾਂ ਦਾ ਨੁਕਸਾਨ ਹੋਈ ਜਾਣ ਦਿਓ, ਜਿਨ੍ਹਾਂ ਨੇ ਜਮਹੂਰੀ ਅਸੂਲਾਂ ਵਾਲੇ ਵਿਅਕਤੀਆਂ ਨੂੰ ਕਤਲ ਕਰਾਉਣ ਲਈ ਕਿਰਾਏ ਦੇ ਗੁੰਡਿਆਂ ਨੂੰ ਹਥਿਆਰਬੰਦ ਕੀਤਾ—ਗੜਬੜ ਲਈ ਖ਼ੁਦ ਜ਼ਿੰਮੇਵਾਰ ਇਹ ਅਨਸਰ ਸਪਸ਼ਟੀਕਰਨ ਸਰਕਾਰ ਤੋਂ ਮੰਗਣ ਦੀ ਜ਼ੁਅਰਤ ਕਰਨ, ਇਹ ਉੱਕਾ ਹੀ ਅਸਹਿ ਸੀ।

ਅਜਿਹੀ ਬਦਤਮੀਜ਼ੀ ਨੂੰ ਸਿਰਫ਼ ਤਦ ਹੀ ਸਮਝਿਆ ਜਾ ਸਕਦਾ ਹੈ ਜੇ ਲੋਕ ਮੁਹਾਜ਼ ਦੀਆਂ ਪਾਰਟੀਆਂ ਦੀ ਸਿਆਸੀ ਹਾਲਤ ਦੀ ਛਾਣਬੀਣ ਕੀਤੀ ਜਾਵੇ। ਮੁਹਾਜ਼ ਦੀ ਕਮਜ਼ੋਰੀ ਦੁਸ਼ਮਣ ਦੀ ਤਾਕਤ ਸੀ। ਇਹ ਹੁਣ ਗੁੱਝਾ ਨਹੀਂ ਸੀ ਕਿ ਕਈ ਗਣਰਾਜਵਾਦੀ ਆਗੂ ਅਤੇ ਇੱਥੋਂ ਤੱਕ ਕਿ ਕੁਝ ਸਮਾਜਵਾਦੀ ਵੀ ਮਜ਼ਦੂਰਾਂ ਦੇ ਹੱਕਾਂ ਦੀ ਮੁੜ-ਬਹਾਲੀ ਦੇ ਖ਼ਿਲਾਫ਼ ਸਨ। ਕੈਦੀਆਂ ਦੀ ਅਤਿ ਬੇਸਬਰੀ ਬਾਰੇ ਅਸਟੂਰੀਅਸ ਤੋਂ ਅਲਬੋਮੋਜ਼ ਵਰਗਿਆਂ ਦੇ ਬਿਆਨ ਗੱਲਬਾਤ 'ਚ ਅਤੇ ਸੰਸਦ ਦੇ ਬਹਿਸ ਸਦਨਾਂ 'ਚ ਸਿਰਫ਼ ਓਦੋਂ ਹੀ ਸੁਣਾਈ ਦਿੰਦੇ ਜਦੋਂ ਉਜਰਤਾਂ 'ਚ ਵਾਧੇ ਅਤੇ ਜੀਵਨ ਹਾਲਤ 'ਚ ਸੁਧਾਰ ਦੀ ਚਰਚਾ ਹੋ ਰਹੀ ਹੁੰਦੀ।

ਸੀ.ਈ.ਡੀ.ਏ. ਵੱਲੋਂ ਜਨਤਕ ਅਮਨ-ਅਮਾਨ ਬਾਰੇ ਮਤੇ ਦਾ ਐਲਾਨ ਸਰਕਾਰ ਅਤੇ ਲੋਕ ਮੁਹਾਜ਼ ਦੇ ਮੂੰਹ 'ਤੇ ਚਪੇੜ ਵਾਂਗ ਸੀ। ਸੱਜੇਪੱਖੀ ਧਿਰ ਨੇ ਜ਼ੋਰ ਦਿੱਤਾ ਕਿ ਜਦੋਂ ਇਹ ਮਤਾ ਸੰਸਦ 'ਚ ਪੇਸ਼ ਕੀਤਾ ਗਿਆ ਉਹ ਪੂਰਾ ਜ਼ੋਰ ਲਾ ਦੇਣਗੇ। ਖੱਬੀਆਂ ਤਾਕਤਾਂ ਆ ਰਹੀ ਲੜਾਈ ਦੀ ਤਿਆਰੀ 'ਚ ਸਰਕਾਰ ਦੇ ਨਾਲ ਖੜ੍ਹ ਗਈਆਂ।

ਫ਼ੌਜੀ ਬਗ਼ਾਵਤ ਤੋਂ ਐਨ ਇਕ ਮਹੀਨਾ ਪਹਿਲਾਂ, 16 ਜੂਨ ਦੀ ਦੁਪਹਿਰ ਨੂੰ ਸਪੇਨੀ ਸੰਸਦ ਦਾ ਮਾਹੌਲ ਮੁਕੰਮਲ ਯੁੱਧ ਵਰਗਾ ਸੀ। ਪੱਤਰਕਾਰਾਂ ਨੇ ਨੋਟ ਅਤੇ ਫ਼ੋਟੋਗ੍ਰਾਫਰਾਂ ਨੇ ਤਸਵੀਰਾਂ ਲਈਆਂ। ਹਰ ਕਿਸੇ ਦਾ ਪ੍ਰਭਾਵ ਸੀ ਕਿ ਇਹ ਸਮਾਗਮ ਇਤਿਹਾਸਕ ਹੋਵੇਗਾ। ਜਾਂ ਤਾਂ ਸਰਕਾਰ ਹਾਰ ਜਾਵੇਗੀ, ਭਾਵ ਲੋਕ ਮੁਹਾਜ਼ ਫੇਲ੍ਹ ਹੋ ਜਾਵੇਗਾ, ਜਾਂ ਸਰਕਾਰ ਉੱਪਰ ਸੱਜੇਪੱਖ ਦਾ ਹਮਲਾ ਪਛਾੜ ਦਿੱਤਾ ਜਾਵੇਗਾ।

ਹਰੇਕ ਧਿਰ ਨੇ ਕਮਰਕੱਸੇ ਕੱਸ ਲਏ। ਕਮਿਊਨਿਸਟਾਂ ਨੇ ਦੁਪਹਿਰ ਨੂੰ ਮੀਟਿੰਗ ਕੀਤੀ ਅਤੇ ਮੇਰੀ ਤਕਰੀਰ ਦੇ ਮੁੱਖ ਨੁਕਤਿਆਂ ਦਾ ਖ਼ਾਕਾ ਤਿਆਰ ਕੀਤਾ, ਕਿਉਂਕਿ ਮੈਂ ਕਮਿਊਨਿਸਟ ਪਾਰਟੀ ਵੱਲੋਂ ਬਹਿਸ 'ਚ ਹਿੱਸਾ ਲੈਣਾ ਸੀ। ਐਨਰਿਕ ਡੀ ਫਰਾਂਸਿਸਕੋ ਨੇ ਸਮਾਜਵਾਦੀਆਂ ਵੱਲੋਂ ਅਤੇ ਮਾਰਸੀਲਿਨੋ ਡੋਮਿਗੋ ਨੇ ਗਣਰਾਜਵਾਦੀਆਂ ਵੱਲੋਂ ਬੋਲਣਾ ਸੀ।

ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ, ਸੰਸਦ ਦੇ ਵੱਡੇ ਕਮਰਿਆਂ ਅਤੇ ਗਲਿਆਰਿਆਂ 'ਚ ਮਖਿਆਲ ਦੇ ਛੱਤੇ ਵਰਗੀ ਹਲਚਲ ਸੀ। ਲੋਕਾਂ ਦਾ ਆਉਣ-ਜਾਣ ਸੀ, ਟਿੱਪਣੀਆਂ, ਭਵਿੱਖਬਾਣੀਆਂ, ਵਿਚਾਰ-ਚਰਚਾਵਾਂ ਹੋ ਰਹੀਆਂ ਸਨ, ਝਾਕਣੀ 'ਚ ਨਫ਼ਰਤ ਸੀ, ਮੁਸਕਰਾਹਟਾਂ

'ਚ ਵਿਅੰਗ ਸੀ, ਭਵਾਂ ਤਣੀਆਂ ਹੋਈਆਂ ਸਨ, ਬੇਚੈਨੀ ਛਾਈ ਹੋਈ ਸੀ, ਡਿਪਟੀ ਆਪਣੇ ਪੱਖ 'ਚ ਦਲੀਲਬਾਜ਼ੀ ਦੀ ਤਿਆਰੀ ਕਰ ਰਹੇ ਸਨ ਅਤੇ ਹਮਲੇ ਦੀ ਤਿਆਰੀ 'ਚ ਰੁੱਝੇ ਹੋਏ ਸਨ।

ਕਮਿਊਨਿਸਟਾਂ ਦੀ ਮੁੱਖ ਚਿੰਤਾ ਸੀ ਕਿ ਗਣਰਾਜ ਦੇ ਦੁਸ਼ਮਣਾਂ ਵਿਰੁੱਧ ਸਰਕਾਰ ਨੇ ਪਹਿਲਕਦਮੀ ਨਹੀਂ ਲੈਣੀ, ਇਸ ਦੀ ਬਜਾਏ ਦੁਸ਼ਮਣਾਂ ਨੇ ਗਣਰਾਜ ਦੀ ਸਹਿਣਸ਼ੀਲਤਾ ਦਾ ਫ਼ਾਇਦਾ ਉਠਾਕੇ ਹਮਲਾ ਕਰ ਦੇਣਾ ਸੀ।ਓਦੋਂ ਤੱਕ ਇਹ ਕਮਿਊਨਿਸਟ ਘੱਟ-ਗਿਣਤੀ ਹੀ ਸੀ ਜਿਸ ਦੀ ਦ੍ਰਿੜ੍ਹਤਾ ਨੇ ਸੰਸਦ ਨੂੰ ਨਵੀਂ ਸੁਰ ਬਖਸ਼ੀ ਸੀ। ਉਸ ਦੁਪਹਿਰ ਨੂੰ ਸਾਡੇ ਸ਼ਸਤਰਾਂ ਦਾ ਮੁਕਾਬਲਾ ਸਾਡੇ ਸਭ ਤੋਂ ਘੋਰ ਦੁਸ਼ਮਣਾਂ ਦੇ ਸ਼ਸਤਰਾਂ ਨਾਲ ਹੋਣਾ ਸੀ।

ਮੈਂ ਬਹੁਤ ਬੈਚੇਨ ਸੀ। ਮੈਂ ਜਾਣਦੀ ਸੀ ਕਿ ਇਹ ਸਮਾਗਮ ਗਣਰਾਜ ਵਾਸਤੇ ਅਹਿਮ ਹੋਵੇਗਾ, ਅਤੇ ਕਿ ਕਮਿਊਨਿਸਟਾਂ ਨੂੰ ਸੀ.ਈ.ਡੀ.ਏ. ਅਤੇ ਸਪੇਨ ਦੇ ਕੁਲ ਪਿਛਾਖੜ ਨੂੰ ਝਟਕੇ ਦੇਣ ਵਾਲੀਆਂ ਟੁਕੜੀਆਂ ਬਣਨਾ ਹੋਏਗਾ, ਜਿਸ ਦੇ ਨੁਮਾਇੰਦੇ ਗਿਲ ਰੋਬਲਜ਼ ਤੇ ਕਾਲਵੋ ਸੋਟੈਲੋ ਸਨ। ਸਾਰਾ ਤਮਾਸ਼ਾ ਉਨ੍ਹਾਂ ਦੀ ਘਾੜਤ ਸੀ।

ਸਮਾਗਮ ਸ਼ੁਰੂ ਹੋਇਆ। ਕੁਝ ਆਮ ਕਾਰਵਾਈ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਅਮਨ-ਕਾਨੂੰਨ ਬਾਰੇ ਪੁਰਾਣੇ ਕਾਨੂੰਨ 'ਚ ਸੋਧਾਂ ਦੇ ਬਿੱਲ ਦੀ ਪਹਿਲੀ ਮੱਦ ਪਾਸ ਕੀਤੀ ਗਈ। ਫਿਰ ਪ੍ਰਧਾਨ ਨੇ ਸੀ.ਈ.ਡੀ.ਏ. ਦਾ ਮਤਾ ਪੜ੍ਹੇ ਜਾਣ ਦਾ ਐਲਾਨ ਕੀਤਾ ਜਿਸ ਵਿਚ ਸਰਕਾਰ ਤੋਂ ਸਪੇਨ ਦੀ ਤੋੜਫੋੜ ਵਾਲੀ ਹਾਲਤ ਦਾ ਸਪਸ਼ਟੀਕਰਨ ਮੰਗਿਆ ਗਿਆ ਸੀ।

ਗਿਲ ਰੋਬਲਜ਼ ਨੇ ਮਤੇ ਦੀ ਤਾਈਦ ਕੀਤੀ। ਉਹ ਘਟਨਾਵਾਂ ਗਿਣਨ ਤੋਂ ਬਾਦ ਜੋ ਲੋਕ ਮੁਹਾਜ਼ ਦੀਆਂ ਪਾਰਟੀਆਂ ਦੇ ਸਿਰ ਲਾਈਆਂ ਗਈਆਂ, ਉਸ ਨੇ ਇਹ ਕਹਿਕੇ ਗੱਲ ਮੁਕਾਈ ਕਿ ਉਹ ਲੋਕ ਮੁਹਾਜ਼ ਨੂੰ ਤੋੜਨਾ ਨਹੀਂ ਚਾਹੁੰਦਾ ਸੀ। ਉਹ ਚਾਹੁੰਦਾ ਸੀ ਲੋਕ ਮੁਹਾਜ਼ 'ਚ ਸ਼ਾਮਲ ਸਭਨਾਂ ਪਾਰਟੀਆਂ ਦਾ ਖ਼ਾਤਮਾ, ਉਸਨੇ ਦਾਅਵੇ ਨਾਲ ਕਿਹਾ, "ਅਸੀਂ ਜਮਹੂਰੀਅਤ ਦੇ ਜਨਾਜ਼ੇ 'ਚ ਸ਼ਾਮਲ ਹਾਂ।"

ਅਗਲਾ ਬੁਲਾਰਾ ਐਨਰਿਕ ਡੀ ਫਰਾਂਸਿਸਕੋ ਸੀ, ਜੋ ਸਮਾਜਵਾਦੀ ਘੱਟਗਿਣਤੀ ਵੱਲੋਂ ਬੋਲਿਆ। ਉਸ ਨੇ ਹਲੀਮੀ ਨਾਲ ਖ਼ਿਮਾ ਮੰਗੀ ਕਿ ਉਸ ਵਰਗੇ ਐਨੇ ਤੁੱਛ ਡੈਲੀਗੇਟ ਨੂੰ "ਜਨਾਬ ਗਿਲ ਰੋਬਲਜ਼ ਵਰਗੇ ਐਨੇ ਸਿਰਕੱਢ ਸ਼ਖਸ ਨਾਲ ਬਹਿਸ ਕਰਨ ਦੇ" ਦੁਖਦਾਈ ਫਰਜ਼ ਦਾ ਪਾਬੰਦ ਹੋਣਾ ਪਿਆ ਸੀ। ਉਸਦੀ ਤਕਰੀਰ ਨਾਲ ਸਦਨ 'ਚ ਸੁੰਨ ਵਰਤ ਗਈ ਅਤੇ ਕਈ ਸਮਾਜਵਾਦੀ ਡਿਪਟੀਆਂ ਦੇ ਅੱਗ ਲੱਗ ਗਈ, ਜਿਨ੍ਹਾਂ ਨੂੰ ਆਪਣੇ ਨੁਮਾਇੰਦੇ ਤੋਂ ਵੱਧ ਪਾਏਦਾਰ ਅਤੇ ਵੱਧ ਸਿਆਸੀ ਤਕਰੀਰ ਦੀ ਤਵੱਕੋਂ ਸੀ।

ਜਦੋਂ ਸੱਜੇਪੱਖ ਨੇ ਸਦਨ ਦਾ ਰੌਂਅ ਬਦਲਿਆ ਦੇਖਿਆ ਉਨ੍ਹਾਂ ਦੇ ਹੌਂਸਲੇ ਹੋਰ ਵਧ ਗਏ। ਜਦੋਂ ਪ੍ਰਾਈਮੋ ਡੀ ਰਿਵੇਰਾ ਤਾਨਾਸ਼ਾਹੀ ਦੇ ਸਾਬਕਾ ਮੰਤਰੀ, ਕਾਲਵੋ ਸੋਟੈਲੋ ਨੇ ਧਮਕੀਆਂ ਤੇ ਵੰਗਾਰਾਂ ਨਾਲ ਗੜੁੱਚ ਤਕਰੀਰ ਖ਼ਤਮ ਕੀਤੀ, ਹਰ ਕੋਈ ਸੋਚਦਾ ਸੀ ਕਿ ਸਰਕਾਰ ਮਰਨ-ਬਿਸਤਰ 'ਤੇ ਪਈ ਸੀ। ਚਲਾਕੀ ਭਰੇ ਅਤੇ ਭੜਕਾਊ ਭਾਸ਼ਣ ਰਾਹੀਂ, ਸੱਜੇਪੱਖੀ ਆਗੂ ਨੇ ਸੀ.ਐੱਨ.ਟੀ. ਦੀ ਪੁਰਜੋਸ਼ ਤਾਰੀਫ਼ ਕੀਤੀ, ਜਿਸ ਦੇ ਆਗੂ 16 ਫਰਵਰੀ ਤੋਂ ਲੈ ਕੇ ਸਪਸ਼ਟ ਤੌਰ 'ਤੇ ਸੱਜੇਪੱਖ ਨਾਲ ਮਿਲਕੇ ਚੱਲ ਰਹੇ ਸਨ।

ਗਣਰਾਜ ਦੇ ਪ੍ਰਧਾਨ ਮੰਤਰੀ, ਕੈਸਰਸ ਕਿਊਰਗਾ ਨੇ ਕਾਲਵੋ ਦਾ ਢੁੱਕਵਾਂ ਜਵਾਬ ਦਿੱਤਾ। ਸਾਬਕਾ ਮੰਤਰੀ ਦੀਆਂ ਧਮਕੀਆਂ ਦਾ ਹਵਾਲਾ ਦਿੰਦਿਆਂ, ਕੈਸਰਸ ਨੇ ਗਣਰਾਜ ਵਿਰੁੱਧ ਅਤੇ ਲੋਕਾਂ ਵਿਰੁੱਧ ਸੱਜੇਪੱਖ ਦੀਆਂ ਕਾਰਵਾਈਆਂ ਲਈ ਕਾਲਵੋ ਸੋਟੈਲੋ ਨੂੰ ਜ਼ਿੰਮੇਵਾਰ ਗਰਦਾਨਿਆ।

ਸੱਜੇਪੱਖੀਆਂ ਦੀ ਚਾਲ ਦਾ ਪਾਜ ਉਘਾੜਦਿਆਂ ਅਗਲੀ ਤਕਰੀਰ ਮੈਂ ਕੀਤੀ। ਸੱਜੇਪੱਖੀ ਦਿਖਾ ਤਾਂ ਇਹ ਰਹੇ ਸਨ ਕਿ ਉਹ ਪੀੜਤ ਹਨ ਜਦੋਂਕਿ ਜਿਨ੍ਹਾਂ ਵਾਰਦਾਤਾਂ ਦੀ ਉਹ ਨਿਖੇਧੀ ਕਰ ਰਹੇ ਸਨ ਅਸਲ ਵਿਚ ਉਨ੍ਹਾਂ ਦੇ ਰਚੇਤਾ ਉਹ ਖ਼ੁਦ ਸਨ। ਮੈਂ ਗਣਰਾਜ ਦੇ ਵਿਰੁੱਧ ਉਨ੍ਹਾਂ ਦੀਆਂ ਸਾਜ਼ਿਸ਼ਾਂ, ਅਤੇ ਤਸਕਰੀ ਕੀਤੇ ਹਥਿਆਰਾਂ ਦੀਆਂ ਖੇਪਾਂ ਦਾ ਪਰਦਾਫਾਸ਼ ਕੀਤਾ ਜੋ ਸਰਹੱਦ ਦੇ ਪਾਰੋਂ ਨਵਾਰੇ 'ਚ ਸਮਗਲ ਕੀਤੇ ਗਏ ਸਨ, ਇਹ ਹਥਿਆਰ ਰਾਜ-ਪਲਟਾ ਕਰਨ ਦੇ ਕੰਮ ਆਉਣੇ ਸਨ। ਮੈਂ ਅਕਤੂਬਰ 1934 ਤੋਂ ਪਹਿਲਾਂ ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਜਬਰ ਦੇ ਸਮੇਂ ਜਿਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਉਨ੍ਹਾਂ ਦੇ ਹੱਕ 'ਚ ਬੋਲੀ। ਮੈਂ ਸੱਜੇਪੱਖ ਦੀ ਮਕਾਰੀ ਅਤੇ ਦੰਭ ਦੀ ਨਿਖੇਧੀ ਕੀਤੀ, ਜੋ ਅਕਤੂਬਰ ਦੇ ਸ਼ਾਨਾਮੱਤੇ ਵਿਦ੍ਰੋਹ ਪ੍ਰਤੀ ਜਨਤਾ 'ਚ ਘਿਰਣਾ ਪੈਦਾ ਕਰਨ ਦੀ ਖ਼ਾਤਰ ਸਿਰੇ ਦਾ ਕੂੜ-ਪ੍ਰਚਾਰ ਕਰਨ ਤੋਂ ਵੀ ਨਹੀਂ ਸੀ ਝਿਜਕੇ।

ਫਿਰ ਮੈਂ ਹੜਤਾਲਾਂ ਅਤੇ ਸਪੇਨ ਅੰਦਰਲੀ ਬੇਚੈਨੀ ਪਿਛਲੇ ਕਾਰਣਾਂ ਦਾ ਖ਼ੁਲਾਸਾ ਕੀਤਾ ਅਤੇ ਇਹ ਕਹਿੰਦਿਆਂ ਤਕਰੀਰ ਖ਼ਤਮ ਕੀਤੀ:

"ਲੋਕ ਮੁਹਾਜ਼ ਅਤੇ ਇਸ ਦੀ ਨੁਮਾਇੰਦਾ ਸਰਕਾਰ 'ਚ ਮਜ਼ਦੂਰਾਂ ਦੇ ਭਰੋਸੇ ਨੂੰ ਨਾ ਤਾਂ ਪਿਛਾਖੜੀਆਂ ਦੇ ਹਮਲੇ ਖ਼ਤਮ ਜਾਂ ਕਮਜ਼ੋਰ ਕਰ ਸਕਣਗੇ ਅਤੇ ਨਾ ਜਮਹੂਰੀਅਤ ਦੇ ਵੈਰੀਆਂ ਦੀਆਂ ਭੇਖੀ ਚਾਲਾਂ।

"ਪਰ ਸਰਕਾਰ ਨੂੰ ਲਾਜ਼ਮੀ ਧਿਆਨ ਦੇਣਾ ਚਾਹੀਦਾ ਹੈ ਅਤੇ ਕਾਨੂੰਨ ਦੇ ਅੰਦਰ ਰਹਿਣ ਤੋਂ ਮੁਨਕਰਾਂ ਨੂੰ ਕਾਨੂੰਨ ਦੀ ਭਰਪੂਰ ਤਾਕਤ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ—ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਮਜ਼ਦੂਰ ਤੇ ਕਿਸਾਨ ਇਸ ਮਾਮਲੇ 'ਚ ਮੁਨਕਰ ਨਹੀਂ ਹਨ।

"ਜੇ ਇੱਥੇ ਪਿਛਾਖੜੀ ਜਰਨੈਲ ਮੌਜੂਦ ਹਨ ਜੋ, ਢੁੱਕਵੇਂ ਮੌਕੇ 'ਤੇ, ਕਾਲਵੋ ਸੋਟੈਲੋ ਵਰਗੇ ਅਨਸਰਾਂ ਦੀ ਸ਼ਹਿ 'ਤੇ ਸਰਕਾਰ ਦੇ ਖ਼ਿਲਾਫ਼ ਖੜ੍ਹੇ ਹੋ ਸਕਦੇ ਹਨ, ਤਾਂ ਇੱਥੇ ਬਹਾਦਰ ਯੋਧੇ ਵੀ ਮੌਜੂਦ ਹਨ ਜੋ ਇਨ੍ਹਾਂ ਨੂੰ ਲੀਹ 'ਤੇ ਲਿਆ ਸਕਦੇ ਹਨ।

"ਜੇ ਸਰਕਾਰ ਲੋਕ ਮੁਹਾਜ਼ ਦੇ ਪ੍ਰੋਗਰਾਮ ਨੂੰ ਉਸ ਤੋਂ ਵੱਧ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੰਦੀ ਹੈ ਜਿੰਨਾ ਹੁਣ ਤੱਕ ਕੀਤਾ ਗਿਆ ਹੈ, ਅਤੇ ਗਣਰਾਜ ਦੀ ਤਰਫ਼ੋਂ ਹੱਲਾ ਬੋਲ ਦਿੰਦੀ ਹੈ, ਤਾਂ ਸਪੇਨ ਦੇ ਕੁਲ ਮਜ਼ਦੂਰ ਪਿਛਾਖੜ ਦੀਆਂ ਤਾਕਤਾਂ ਨੂੰ ਕੁਚਲਣ ਲਈ ਅਤੇ ਇਕ ਵਾਰ ਫਿਰ ਲੋਕ ਮੁਹਾਜ਼ ਨੂੰ ਜੇਤੂ ਬਣਾਉਣ ਲਈ, ਓਨੀ ਹੀ ਦ੍ਰਿੜਤਾ ਨਾਲ, ਇਸ ਦਾ ਸਾਥ ਦੇਣਗੇ ਜਿਵੇਂ ਉਨ੍ਹਾਂ ਨੇ 16 ਫਰਵਰੀ ਨੂੰ ਸਾਥ ਦਿੱਤਾ ਸੀ।"

ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਸੰਬੋਧਤ ਹੁੰਦਿਆਂ ਮੈਂ ਕਿਹਾ: "ਜਨਾਬ ਕੈਸਰਸ, 'ਅਮਨ 'ਚ ਖ਼ਲੱਲ', ਜਿਸ ਨਾਲ ਜਨਾਬ ਗਿਲ ਰੋਬਲਜ਼ ਅਤੇ ਕਾਲਵੋ ਸੋਟੈਲੋ ਨੂੰ ਐਨੀ ਤਕਲੀਫ਼ ਹੁੰਦੀ ਹੈ, ਤੋਂ ਬਚਣ ਲਈ ਅਤੇ ਸਪੇਨ ਵਿਚਲੀ ਬੇਚੈਨੀ ਖ਼ਤਮ ਕਰਨ ਲਈ ਵਾਪਰਨ ਵਾਲੀਆਂ ਘਟਨਾਵਾਂ ਦਾ ਇਲਜ਼ਾਮ ਇਕੱਲੇ ਕਾਲਵੋ ਸੋਟੈਲੋ ਜਾਂ ਉਸ ਦੇ ਜੋਟੀਦਾਰਾਂ ਉੱਤੇ ਲਾ ਦੇਣਾ ਕਾਫ਼ੀ ਨਹੀਂ ਹੈ, ਸਰਕਾਰ ਨੂੰ ਉਨ੍ਹਾਂ ਨੂੰ ਜੇਲ੍ਹ ਭੇਜਣਾ ਸ਼ੁਰੂ ਕਰਨਾ ਹੋਵੇਗਾ ਜੋ ਕਾਨੂੰਨ ਦੀ ਪਾਲਣਾ ਕਰਨ ਤੋਂ ਇਨਕਾਰੀ ਹਨ।

"ਸਰਕਾਰ ਭੋਂਇ ਸਰਦਾਰਾਂ ਨੂੰ ਜੇਲ੍ਹ ਭੇਜੇ ਜਿਨ੍ਹਾਂ ਕਰਕੇ ਕਿਸਾਨ ਗਰੀਬੀ ਤੇ ਭੁੱਖਮਰੀ ਦਾ ਸ਼ਿਕਾਰ ਹਨ, ਨਾਲ ਹੀ ਭੇਜੇ ਉਨ੍ਹਾਂ ਨੂੰ ਜਿਨ੍ਹਾਂ ਦੇ ਹਾਲੇ ਤੱਕ ਅਕਤੂਬਰ ਜਬਰ ਢਾਹੁਣ ਸਮੇਂ ਦੇ

ਖ਼ੂਨ ਦੇ ਦਾਗ਼ ਨਹੀਂ ਲੱਥੇ, ਜਿਹੜੇ ਇੱਥੇ ਆ ਕੇ ਅਨੋਖੇ ਸਨਕੀਪਣ ਨਾਲ ਉਨ੍ਹਾਂ ਕਾਰਿਆਂ ਨੂੰ ਨਿੰਦਣ ਦੀ ਮੰਗ ਕਰ ਰਹੇ ਹਨ ਜੋ ਹੋਏ ਹੀ ਨਹੀਂ।

"ਅਤੇ ਜਦੋਂ ਇਹ ਨਿਆਂ ਦਾ ਕੰਮ ਨੇਪਰੇ ਚੜ੍ਹ ਗਿਆ, ਜਨਾਬ ਕੈਸਰਸ ਅਤੇ ਮਾਣਯੋਗ ਮੰਤਰੀ ਸਹਿਬਾਨ, ਤਾਂ ਤੁਹਾਡੀ ਸਰਕਾਰ ਨਾਲੋਂ ਵੱਧ ਹਰਮਨਪਿਆਰੀ ਜਾਂ ਵੱਧ ਮਜ਼ਬੂਤ ਸਰਕਾਰ ਕੋਈ ਨਹੀਂ ਹੋਵੇਗੀ, ਕਿਉਂਕਿ ਸਪੇਨ ਦੇ ਲੋਕ ਉਨ੍ਹਾਂ ਸਾਰੀਆਂ ਤਾਕਤਾਂ ਦੇ ਖ਼ਿਲਾਫ਼ ਲੜਨ ਲਈ ਉੱਠ ਖੜ੍ਹਨਗੇ ਜਿਨ੍ਹਾਂ 'ਚ ਜੇ ਈਮਾਨਦਾਰੀ ਹੁੰਦੀ ਤਾਂ ਅੱਜ ਇੱਥੇ ਨਾ ਬੈਠੀਆਂ ਹੁੰਦੀਆਂ।*

ਇਕ ਇਕ ਕਰਕੇ ਘਟਨਾਵਾਂ ਤੇਜ਼ੀ ਨਾਲ ਵਾਪਰੀਆਂ। ਸੱਜਾਪੱਖ ਕਾਰਵਾਈ ਸ਼ੁਰੂ ਕਰਨ 'ਤੇ ਉਤਾਰੂ ਸੀ। ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ, ਅਤੇ ਉਹ ਆਪਣੇ ਨਾਟਕ ਦਾ ਸਦਾ ਲਈ ਅੰਤ ਕਰ ਦੇਣਾ ਚਾਹੁੰਦੇ ਸਨ। ਉਨ੍ਹਾਂ ਦਾ ਦਾਅਪੇਚ ਹਮਲਾ ਕਰਨ ਦਾ ਸੀ, ਸਪੇਨ ਦੀ ਪੁਰਾਣੀ ਕਹਾਵਤ ਅਨੁਸਾਰ : ਜਿਹੜਾ ਪਹਿਲਾ ਵਾਰ ਕਰਦਾ, ਉਹ ਦੂਹਰਾ ਵਾਰ ਕਰ ਰਿਹਾ ਹੁੰਦਾ ਹੈ।

ਨਵਾਰੇ ਤੋਂ ਸਾਥੀ ਜੀਸਸ ਮੋਨਜ਼ੋਨ ਪਾਰਟੀ ਨੂੰ ਆਪਣੇ ਖੇਤਰ ਦੀ ਸਿਆਸੀ ਹਾਲਤ ਬਾਰੇ ਦੱਸਣ ਅਤੇ ਨਵਾਰੇ ਦੇ ਪਿਛਾਖੜੀਆਂ ਦੀਆਂ ਸਰਗਰਮੀਆਂ ਦੀ ਇਤਲਾਹ ਸੰਸਦ 'ਚ ਦੇਣ ਮੈਡਰਿਡ ਆਇਆ ਸੀ, ਜੋ ਸ਼ਰੇਆਮ ਜੰਗ ਦੀ ਤਿਆਰੀ 'ਚ ਲੱਗੇ ਹੋਏ ਸਨ।

ਨਵਾਰੇ ਦਾ ਸਿਆਸੀ ਇਤਹਾਸ ਸਪੇਨ ਦੇ ਹੋਰ ਸੂਬਿਆਂ ਨਾਲੋਂ ਸਦਾ ਨਿਆਰਾ ਰਿਹਾ ਹੈ। ਨਵਾਰੇ ਪਿਛਾਖੜ ਦਾ ਗੜ੍ਹ ਸੀ ਜਿੱਥੇ ਨਾ ਤਾਂ ਗਣਰਾਜ ਦੀ ਮੁੜ-ਬਹਾਲੀ ਹੋਈ ਸੀ ਅਤੇ ਨਾ ਇੱਥੇ ਸਪੇਨ ਵਾਲੀ ਤਰੱਕੀ ਦਾ ਕੋਈ ਅੰਸ਼ ਸੀ। ਰਵਾਇਤੀ ਤੌਰ 'ਤੇ ਇਹ ਜਮਹੂਰੀ ਨੁਹਾਰ ਵਾਲੇ ਨਿਜ਼ਾਮ ਦਾ ਵਿਰੋਧੀ ਸੀ, ਇਸ ਵਿਰੋਧ ਨੂੰ ਗਣਰਾਜਵਾਦੀ-ਸਮਾਜਵਾਦੀ ਸਰਕਾਰਾਂ ਨੇ ਪਾਲਿਆ-ਪੋਸਿਆ ਸੀ। ਡੂੰਘੀਆਂ ਜੜ੍ਹਾਂ ਲਾਈ ਬੈਠੇ ਪਿਛਾਖੜ ਤੋਂ ਡਰਕੇ ਇਨ੍ਹਾਂ ਨੇ ਨਵਾਰੇ ਦੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਆਪਣੇ ਦੁਸ਼ਮਣਾਂ ਦੇ ਹਵਾਲੇ ਕੀਤਾ ਹੋਇਆ ਸੀ।

ਨਵਾਰੇ ਜਿਹੋ ਜਿਹਾ 1876 'ਚ ਸੀ ਉਸ 'ਚ ਸ਼ਾਇਦ ਹੀ ਕੋਈ ਬਦਲਾਅ ਆਇਆ ਸੀ। ਸਿਰਫ਼ ਫ਼ਰਕ ਇਹ ਪਿਆ ਸੀ ਕਿ 1936 'ਚ ਇਹ ਉਨ੍ਹਾਂ ਪੁਰਾਣੀਆਂ ਬੰਦੂਕਾਂ ਤੇ ਪਿਸਤੌਲਾਂ ਨਾਲ ਹਥਿਆਰਬੰਦ ਨਹੀਂ ਸੀ ਜੋ ਕਾਰਲਸਵਾਦੀ ਜੰਗਾਂ ਦਾ ਅੰਤ ਹੋਣ ਸਮੇਂ ਦਬਾ ਦਿੱਤੀਆਂ ਗਈਆਂ ਸਨ ਸਗੋਂ ਆਧੁਨਿਕ ਮਾਊਜ਼ਰਾਂ ਅਤੇ ਮਸ਼ੀਨਗੰਨਾਂ ਨਾਲ ਲੈਸ ਸੀ।

ਨਵਾਰੇ 'ਚ ਪੁਰਾਣੇ ਕਾਰਲਸਵਾਦੀਆਂ ਦੇ ਪੈਰੋਕਾਰ ਬੈਠੇ ਸਨ, ਜੋ *ਰਿਕੁਵੇ* ਨਾਂਅ ਦੇ ਗਰੋਹਾਂ 'ਚ ਜਥੇਬੰਦ ਸਨ, ਫ਼ੌਲਾਦੀ ਜ਼ਾਬਤਾ, ਧਾਰਮਿਕ ਜਨੂੰਨ ਅਤੇ ਕਮਾਲ ਦੀ ਦਰਜਾਬੰਦੀ ਇਨ੍ਹਾਂ ਦੀ ਖ਼ਾਸੀਅਤ ਸੀ। ਫ਼ੌਜੀ ਪਹਿਲੂ, ਕਾਰਲਸਵਾਦੀ ਸੋਚ ਅਤੇ ਫਾਸ਼ੀਵਾਦੀ ਜਥੇਬੰਦੀ ਦਾ ਸੁਮੇਲ *ਰਿਕੁਵੇ* ਬਾਕਾਇਦਾ ਕਵਾਇਦ ਕਰਦੇ, ਨਿਸ਼ਾਨਾ ਲਾਉਣ ਦਾ ਅਭਿਆਸ ਕਰਦੇ, ਫ਼ੌਜੀ ਪਰੇਡਾਂ ਅਤੇ ਜੰਗੀ ਚਾਲਾਂ ਦਾ ਅਭਿਆਸ ਕਰਦੇ, ਪਰ ਸਰਕਾਰਾਂ ਇਨ੍ਹਾਂ ਤੋਂ ਅੱਖਾਂ ਬੰਦ ਕਰੀ ਰੱਖਦੀਆਂ।

---

(* ਮੈਂ ਆਪਣੀ ਤਕਰੀਰ ਦੇ ਇਸ ਹਿੱਸੇ 'ਤੇ ਜ਼ੋਰ ਦੇਣਾ ਚਾਹੁੰਦੀ ਹਾਂ ਅਤੇ ਉਨ੍ਹਾਂ ਫਰਾਂਕੋਵਾਦੀ ਲੇਖਕਾਂ ਦੇ ਕੰਨਾਂ 'ਚ ਪਾਉਣਾ ਚਾਹੁੰਦੀ ਹਾਂ ਜੋ ਪਿਛਲੇ ਚੌਵੀ ਸਾਲਾਂ ਤੋਂ ਇਹ ਬਦਨਾਮ ਕੂੜ-ਪ੍ਰਚਾਰ ਕਰ ਰਹੇ ਹਨ ਕਿ ਮੈਂ ਸੰਸਦ ਅੰਦਰ ਕਾਲਵੋ ਸੋਟੇਲੋ ਦੇ ਕਤਲ ਲਈ ਮਾਹੌਲ ਭੜਕਾਇਆ ਸੀ।)

ਨਵਾਰੇ 'ਚ ਚੋਣਾਂ ਇਨ੍ਹਾਂ ਅਨਸਰਾਂ ਦੇ ਦਬਾਅ ਹੇਠ ਹੋਈਆਂ ਸਨ। ਲੋਕ ਮੁਹਾਜ਼ ਅਤੇ ਪੈਪਲੋਨਾ ਵਿਚ ਸਮਾਜਵਾਦੀਆਂ ਅਤੇ ਕਮਿਊਨਿਸਟਾਂ ਵੱਲੋਂ ਦ੍ਰਿਸ਼ ਬਦਲ ਦੇਣ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ, ਇਸ ਖੇਤਰ 'ਤੇ ਕਾਰਲਸਵਾਦੀਆਂ ਦਾ ਸਿੱਕਾ ਚੱਲਦਾ ਰਿਹਾ। ਜਦੋਂ ਨਵਾਰੇ ਵਿਚ ਜਮਹੂਰੀ ਤੱਤਾਂ ਵਿਰੁੱਧ ਫ਼ੌਜੀ ਫਾਸ਼ੀਵਾਦੀ ਬਗ਼ਾਵਤ ਸ਼ੁਰੂ ਹੋਈ, ਤਾਂ *ਰਿਕੁਵੇ* ਅਤੇ ਫਾਸ਼ੀਵਾਦੀਆਂ ਦੇ ਮੁਜਰਮਾਨਾ ਹਮਲੇ ਦੀ ਵਹਿਸ਼ਤ ਨਾਲ ਸੈਂਕੜੇ ਪਰਿਵਾਰਾਂ ਦੇ ਘਰਾਂ 'ਚ ਸੋਗ ਪੈ ਗਿਆ ਸੀ।

ਨਵਾਰੇ ਦੇ ਲੋਕ ਮੁਹਾਜ਼ ਦੇ ਨੁਮਾਇੰਦੇ ਵਜੋਂ ਸਾਥੀ ਮੌਨਜ਼ੋਨ ਉਨ੍ਹਾਂ ਹਥਿਆਰਬੰਦ ਖੇਪਾਂ ਦੀ ਅਗਾਊਂ ਜਾਣਕਾਰੀ ਦੇਣ ਮੈਡਰਿਡ ਆਇਆ ਸੀ ਜੋ ਵੇਰਾ ਡੈੱਲ ਬਿਦਸੋਆ ਅਤੇ ਨਵਾਰੇ ਦੇ ਪਾਈਰੈਨੀਸ ਦਰਿਆ ਦੇ ਕੰਢਿਆਂ ਤੋਂ ਸਪੇਨ ਅੰਦਰ ਲਗਾਤਾਰ ਪਹੁੰਚ ਰਹੀਆਂ ਸਨ। ਮੌਨਜ਼ੋਨ ਦੀ ਸੋਚ ਸੀ ਕਿ ਸਰਕਾਰ ਨੂੰ ਪਿਛਾਖੜੀ ਜਥੇਬੰਦੀਆਂ ਦੀਆਂ ਸਰਗਰਮੀਆਂ ਨੂੰ ਨੱਥ ਪਾਉਣ ਅਤੇ ਇਨ੍ਹਾਂ ਨੂੰ ਬੇਹਥਿਆਰੇ ਕਰਨ ਦੇ ਉਪਰਾਲੇ ਕਰਨ ਲਈ ਕਿਹਾ ਜਾਵੇ। ਮੈਂ ਉਸ ਨੂੰ ਨਾਲ ਲਿਆ ਅਤੇ ਅਸੀਂ ਕੈਸਰਸ ਕਿਊਰਗਾ ਨੂੰ ਮਿਲਣ ਚਲੇ ਗਏ। ਹਾਲਾਂਕਿ ਪ੍ਰਧਾਨ ਮੰਤਰੀ ਨੇ ਇਸ ਬਾਰੇ ਕੁਝ ਕਰਨ ਦਾ ਵਾਅਦਾ ਕੀਤਾ, ਪਰ ਉਹ ਇਸ ਤਰ੍ਹਾਂ ਪੇਸ਼ ਆਇਆ ਜਿਵੇਂ ਫਾਸ਼ੀਵਾਦੀ ਖ਼ਤਰਾ ਕੋਈ ਵੱਡਾ ਚੁਟਕਲਾ ਹੋਵੇ। ਉਸਦੀ ਸੋਚ ਸੀ ਕਿ ਕਮਿਊਨਿਸਟਾਂ ਨੂੰ ਤਾਂ ਹਮੇਸ਼ਾ ਹਰੇਕ ਝਾੜੀ ਪਿੱਛਿਓਂ ਫਾਸ਼ੀਵਾਦੀਆਂ ਦੇ ਝਾਓਲੇ ਪੈਂਦੇ ਰਹਿੰਦੇ ਹਨ। ਅਜਿਹੇ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਕਰਕੇ, ਨਵਾਰੇ ਵਿਚ ਫਾਸ਼ੀਵਾਦੀ ਸਰਗਰਮੀਆਂ ਬੇਰੋਕ ਚੱਲਦੀਆਂ ਰਹੀਆਂ। ਜਦੋਂ ਫ਼ੌਜੀ ਫਾਸ਼ੀਵਾਦੀ ਬਗ਼ਾਵਤ ਹੋਈ ਤਾਂ ਨਵਾਰੇ ਦੇ ਕਈ ਹਜ਼ਾਰ *ਰਿਕੁਵੇ* ਫਰਾਂਕੋ ਦੀ ਫ਼ੌਜ ਦੇ ਵਿਸ਼ੇਸ਼ ਹਮਲਾਵਰ ਦਸਤੇ ਬਣਕੇ ਸਾਹਮਣੇ ਆਏ, ਵਿਸ਼ੇਸ਼ ਤੌਰ 'ਤੇ ਉੱਤਰ 'ਚ।

ਕਿਉਂਕਿ ਸਰਕਾਰ ਸਰਮਾਏਦਾਰਾਂ, ਵੱਡੇ ਸ਼ਾਹੂਕਾਰਾਂ ਅਤੇ ਭੌਂਇ ਸਰਦਾਰਾਂ ਵੱਲੋਂ ਕੀਤੀ ਆਰਥਕ ਤੇ ਸਿਆਸੀ ਭੰਨਤੋੜ ਦੇ ਸਿੱਟੇ ਵਜੋਂ ਲਗਾਤਾਰ ਮੁਸੀਬਤ 'ਚ ਫਸੀ ਹੋਈ ਸੀ, ਇਸ ਕਰਕੇ ਲੋਕ ਮੁਹਾਜ਼ ਦੀਆਂ ਸਫ਼ਾਂ ਦੇ ਅੰਦਰ ਪਰਲੋ ਦੀਆਂ ਭਵਿੱਖਬਾਣੀਆਂ ਸੁਣਾਈ ਦੇਣ ਲੱਗੀਆਂ। ਇਸ ਨਾਲ ਹੌਸਲੇ ਢਹਿ ਗਏ। ਸਰਕਾਰ ਦੇ ਇਨਕਲਾਬੀ ਜੋਸ਼ ਨੂੰ ਲਕਵਾ ਮਾਰ ਗਿਆ। ਇਸ ਦੀ ਪਹਿਲਕਦਮੀ ਖ਼ਤਮ ਹੋ ਗਈ ਅਤੇ ਸੱਜੇਪੱਖੀਆਂ ਲਈ ਖੁੱਲ੍ਹ ਖੇਡ੍ਹਣ ਦਾ ਮੁਆਫ਼ਕ ਸਿਆਸੀ ਮਾਹੌਲ ਪੈਦਾ ਹੋ ਗਿਆ। ਕਮਿਊਨਿਸਟ ਪਾਰਟੀ ਨੇ ਨਿਰਾਸ਼ਾਵਾਦੀ ਭਾਵਨਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਲੋਕ ਮੁਹਾਜ਼ ਦੇ ਦੁਆਲੇ ਹੋਰ ਤਾਕਤਾਂ ਨੂੰ ਜੋੜਨ 'ਤੇ ਜ਼ੋਰ ਦਿੱਤਾ। ਤਾਂ ਜੋ ਪਿਛਾਖੜ ਨਾਲ ਲੜਿਆ ਜਾ ਸਕੇ। *ਮੁੰਡੋ ਓਬਰੇਰੋ* ਨੇ ਲਿਖਿਆ:

"ਸੰਸਦ ਦੇ ਅੰਦਰੋਂ ਅਤੇ ਬਾਹਰੋਂ ਲੋਕ ਮੁਹਾਜ਼ ਸਰਕਾਰ ਦੀ ਮਦਦ ਕਰੇ ਅਤੇ ਆਰਥਕ ਤੇ ਸਮਾਜਿਕ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਇਸ ਦੀ ਹੌਸਲਾ ਅਫਜਾਈ ਕਰੇ ਜਿਸ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਹੋਣਗੀਆਂ ਅਤੇ ਪਿਛਾਖੜੀਆਂ ਦੇ ਚੰਦਰੇ ਮਨਸੂਬੇ ਕੁਚਲ ਦਿੱਤੇ ਜਾਣਗੇ। ਜੇ ਇਹ ਕਰ ਲਿਆ ਜਾਂਦਾ ਹੈ, ਤਾਂ ਸਾਨੂੰ ਯਕੀਨ ਹੈ ਕਿ ਉਹ ਬ੍ਰਹਮ ਗਿਆਨੀ ਕਿੱਧਰੇ ਨਜ਼ਰ ਨਹੀਂ ਆਉਣਗੇ ਜਿਨ੍ਹਾਂ ਦੀਆਂ ਪੇਸ਼ੀਨਗੋਈਆਂ ਇਨ੍ਹਾਂ ਮਨਸੂਬਿਆਂ ਦਾ ਅਧਾਰ ਹਨ।"

ਹਰ ਲੰਘਦਾ ਦਿਨ ਨਵੀਂ ਬੇਚੈਨੀ ਲੈ ਕੇ ਆਉਂਦਾ। ਸਰਮਾਏ ਦੇ ਉਡਾਰੀ ਮਾਰ ਜਾਣ ਨਾਲ ਦੇਸ਼ ਦੇ ਅਰਥਚਾਰੇ ਨੂੰ ੋਰਾ ਲੱਗ ਰਿਹਾ ਸੀ। ਖ਼ਾਸ ਗੁਪਤ ਏਜੰਸੀਆਂ ਧਨ ਬਾਹਰ ਭੇਜਣ ਦੇ ਸਪਸ਼ਟ ਮਕਸਦ ਲਈ ਬਣਾਈਆਂ ਗਈਆਂ ਸਨ। ਹਜ਼ਾਰਾਂ ਲੱਖ ਪਿਸੇਟਾ ਫਰਾਂਸੀਸੀ, ਬਰਤਾਨਵੀ

ਜਾਂ ਸਵਿਸ ਬੈਂਕਾਂ 'ਚ ਜਮਾਂ ਕਰਾਏ ਜਾ ਰਹੇ ਸਨ। ਪਿਸੇਟਾ ਦੀ ਕੀਮਤ ਡਿੱਗ ਰਹੀ ਸੀ; ਜੂਨ ਗੁਜ਼ਾਰਾ ਮਹਿੰਗਾ ਹੁੰਦੇ ਜਾਣ ਦੇ ਨਾਲ-ਨਾਲ ਦਰਾਮਦਾਂ ਦੀਆਂ ਕੀਮਤਾਂ ਵਧ ਰਹੀਆਂ ਸਨ। ਵਸੋਂ ਦੇ ਵੱਧ ਗਰੀਬ ਹਿੱਸੇ, ਖ਼ਾਸ ਤੌਰ 'ਤੇ ਮਜ਼ਦੂਰ ਜਮਾਤ, ਦੇ ਜੀਵਨ ਹਾਲਾਤ ਨਿੱਘਰਦੇ ਜਾ ਰਹੇ ਸਨ।

ਸਰਕਾਰ ਨੇ ਦਖ਼ਲ ਦੇ ਕੇ ਭੁੱਖ ਦੇ ਵਪਾਰੀਆਂ ਅਤੇ ਸੱਟੇਬਾਜ਼ਾਂ ਦਾ ਮੁਕਾਬਲਾ ਕਰਨ ਦੀ ਕੋਸ਼ਿਸ ਕੀਤੀ। ਇਸਨੇ ਕਾਲੇ ਧੰਦੇ 'ਚ ਸ਼ਾਮਲ ਵੀਹ ਕੁ ਵਿਅਕਤੀਆਂ ਦੀਆਂ ਗ੍ਰਿਫ਼ਤਾਰੀ ਦੇ ਹੁਕਮ ਦੇ ਦਿੱਤੇ। ਸਰਮਾਏ ਦੀ ਉਡਾਰੀ ਨੂੰ ਠੱਲ ਪਾਉਣ ਲਈ ਕੁਝ ਕਾਰਵਾਈਆਂ ਨੂੰ ਮਨਜ਼ੂਰੀ ਦਿੱਤੀ ਗਈ, ਜੋ ਰਾਜ ਦੀ ਆਰਥਕਤਾ ਨੂੰ ਤਬਾਹ ਕਰ ਰਹੀ ਸੀ ਅਤੇ ਲੋਕਾਂ ਨੂੰ ਕੰਗਾਲ ਕਰ ਰਹੀ ਸੀ।

ਲੋਕ ਮੁਹਾਜ਼ ਦਾ ਅੰਗ ਜਾਂ ਇਸ ਦੀਆਂ ਨੀਤੀਆਂ ਦਾ ਹਮਦਰਦ ਹਰੇਕ ਸਪੇਨ ਵਾਸੀ ਇਹ ਚਿੰਤਾ ਮਨ 'ਚ ਲੈ ਕੇ ਸੌਂਦਾ ਸੀ ਕਿ ਅਗਲੇ ਦਿਨ ਕੀ ਵਾਪਰੇਗਾ। ਸੱਜੇਪੱਖ ਵੱਲੋਂ ਲਿਆਂਦੇ ਤੂਫ਼ਾਨ ਨੇ ਅਜਿਹੀ ਬੇਯਕੀਨੀ ਤੇ ਖ਼ਤਰਾ ਪੈਦਾ ਕਰ ਦਿੱਤਾ ਸੀ ਕਿ ਹਰ ਕੋਈ ਪਰਦਾ ਸਰਕਾਕੇ ਬਾਹਰ ਇਹ ਦੇਖ ਲੈਣਾ ਚਾਹੁੰਦਾ ਸੀ ਕਿ ਉਸ ਨੂੰ ਕਿਸ ਆਫ਼ਤ ਦਾ ਸਾਹਮਣਾ ਕਰਨਾ ਪਵੇਗਾ। ਪਿਛਾਖੜੀ ਰਾਜ-ਪਲਟੇ ਦੀ ਸੰਭਾਵਨਾ ਦੇ ਮੱਦੇਨਜ਼ਰ ਟਾਕਰੇ ਤੇ ਰਾਖੀ ਦਾ ਖ਼ਿਆਲ ਲੋਕ ਮਨਾਂ 'ਤੇ ਛਾ ਰਿਹਾ ਸੀ।

ਖੱਬੇਪੱਖੀ ਗਣਰਾਜਵਾਦੀ ਪਾਰਟੀਆਂ ਦੇ ਤਰਜ਼ਮਾਨ, *ਪੋਲੀਟੀਸ਼ੀਆ* ਨੇ 28 ਜੂਨ ਨੂੰ ਲਿਖਿਆ: "ਜਿਹੜਾ ਕੋਈ ਸੱਤਾ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ ਤੇ ਇਸਨੂੰ ਲੋਕਾਂ ਦੇ ਖ਼ਿਲਾਫ਼ ਵਰਤੋਂ 'ਚ ਲਿਆਉਣਾ ਚਾਹੁੰਦਾ ਹੈ, ਉਸ ਨੂੰ ਜਾਇਜ਼ ਸਰਕਾਰ ਦੀ ਹਮਾਇਤ ਕਰਨ ਵਾਲਿਆਂ ਨਾਲ ਲਾਜ਼ਮੀ ਹੀ ਸੜਕਾਂ 'ਤੇ ਲੜਨਾ ਪਵੇਗਾ। ਅਤੇ ਸੜਕਾਂ ਉੱਤੇ ਉਸ ਦੀ ਟੱਕਰ ਲੋਕਾਂ ਨਾਲ ਹੋਵੇਗੀ। ਸਾਰੇ ਲੋਕਾਂ ਨਾਲ, ਕਿਉਂਕਿ ਫ਼ੌਜ ਧੁਰ ਅੰਦਰੋਂ ਜਨਤਾ ਦੀ ਹੈ।"

11 ਜੁਲਾਈ ਨੂੰ ਵੇਲੈਂਸੀਆ 'ਚ, ਫਲਾਂਗੇਵਾਦੀਆਂ ਦੇ ਇਕ ਗਰੋਹ ਨੇ ਯੂਨੀਅਨ ਰੇਡੀਓ ਸਟੇਸ਼ਨ 'ਤੇ ਕਬਜ਼ਾ ਕਰ ਲਿਆ। ਕਾਰਵਾਈ ਕੀਤੇ ਜਾਣ ਨੂੰ ਰੋਕਣ ਲਈ ਟੈਲੀਫ਼ੋਨ ਦੀਆਂ ਲਾਈਨਾਂ ਕੱਟਣ ਤੋਂ ਬਾਦ, ਉਨ੍ਹਾਂ ਨੇ ਇਹ ਸੰਦੇਸ਼ ਪ੍ਰਸਾਰਤ ਕੀਤਾ :

ਇਹ ਯੂਨੀਅਨ ਰੇਡੀਓ, ਵੇਲੈਂਸੀਆ ਏ। ਇਸ ਸਮੇਂ ਫਲਾਂਗੇ ਦੇ ਫ਼ੌਜੀ ਦਸਤੇ ਯੂਨੀਅਨ ਰੇਡੀਓ ਸਟੇਸ਼ਨ 'ਤੇ ਕਬਜ਼ਾ ਕਰ ਰਹੇ ਹਨ। ਹੌਸਲਾ ਰੱਖੋ! ਕੁਝ ਦਿਨਾਂ ਦੇ ਅੰਦਰ ਟਰੇਡਯੂਨੀਅਨਵਾਦੀ ਇਨਕਲਾਬ ਸ਼ੁਰੂ ਹੋ ਜਾਵੇਗਾ। ਅਸੀਂ ਇਸ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਸਾਰੇ ਸਪੇਨੀਆਂ, ਖ਼ਾਸ ਕਰਕੇ ਆਪਣੇ ਪੈਰੋਕਾਰਾਂ ਨੂੰ ਵਧਾਈ ਦਿੰਦੇ ਹਾਂ।"

ਫਾਸ਼ੀਵਾਦੀਆਂ ਦੀ ਇਸ ਚੇਤਾਵਨੀ, ਇਸ ਹੈਂਕੜ ਭਰੇ ਐਲਾਨ ਦੇ ਮੱਦੇਨਜ਼ਰ ਹਕੂਮਤ ਨੇ ਕੀ ਕੀਤਾ?

ਬਸ ਵੇਲੈਂਸੀਆ ਦੇ ਗਵਰਨਰ ਨੇ ਇਕ ਭਾਸ਼ਣ ਦੇ ਦਿੱਤਾ, ਇਸ ਨੇ ਨਾਲ-ਨਾਲ ਰੀਗੋ ਦਾ ਭਜਨ ਕਈ ਵਾਰ ਪ੍ਰਸਾਰਿਤ ਕੀਤਾ ਗਿਆ।

ਹਕੂਮਤ ਜੋ ਕਰਨ 'ਚ ਅਸਫ਼ਲ ਰਹੀ, ਉਸ ਦਾ ਘੱਟੋ-ਘੱਟ ਇਕ ਹਿੱਸਾ ਤਾਂ ਲੋਕਾਂ ਨੇ ਆਪਣੇ ਤਰੀਕੇ ਨਾਲ ਕਰ ਦਿਖਾਇਆ। ਵੇਲੈਂਸੀਆ ਦੇ ਕੇਂਦਰੀ ਸੱਜੇਪੱਖੀ ਜੂਆਘਰ 'ਤੇ ਹਮਲਾ ਕਰਕੇ ਇਸ ਨੂੰ ਅੱਗ ਲਾ ਦਿੱਤੀ ਗਈ। ਲੋਕਾਂ ਨੇ ਫਾਇਰ ਬ੍ਰਿਗੇਡ ਵਾਲਿਆਂ ਨੂੰ ਅੱਗ ਬੁਝਾਉਣ ਤੋਂ ਵੀ ਵਰਜ ਦਿੱਤਾ। ਚੋਖੀ ਭੀੜ ਮਾਰਚ ਕਰਦੀ ਹੋਈ ਨਿਰੰਕੁਸ਼ਵਾਦੀ ਅਖ਼ਬਾਰ, ਲਾ

*ਵੋਜ਼ ਵੇਲੈਂਸੀਆਨਾ*, ਦੇ ਸੰਪਾਦਕੀ ਦਫ਼ਤਰ ਪਹੁੰਚ ਗਈ, ਜਿੱਥੇ ਪੁਲਿਸ ਨੇ ਉਨ੍ਹਾਂ ਨੂੰ ਅੱਗ ਨਾ ਲਾਉਣ ਦਿੱਤੀ।ਬਾਅਦ 'ਚ, ਫਲਾਂਗੇਵਾਦੀਆਂ ਦੇ ਮੀਟਿੰਗਾਂ ਕਰਨ ਦੇ ਅੱਡੇ ਰੇਸਤਰਾਂ "*ਵੋਦਕਾ*" ਨੂੰ ਮਜ਼ਦੂਰਾਂ ਨੇ ਪੂਰੀ ਤਰ੍ਹਾਂ ਮਲੀਆਮੇਟ ਕਰ ਦਿੱਤਾ।

ਪੁਲਿਸ ਨੇ ਕੁਝ ਫਲਾਂਗੇਵਾਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨਾਂ ਬਾਰੇ ਰੇਡੀਓ ਸਟੇਸ਼ਨ ਉੱਪਰ ਹਮਲਾ ਕਰਨ ਦਾ ਸ਼ੱਕ ਸੀ। ਸੱਜੇਪੱਖੀ ਕਲੱਬ ਅਤੇ ਜੂਆਘਰ ਸਾੜ ਕੇ ਸੁਆਹ ਕਰ ਦਿੱਤੇ ਗਏ ਤੇ ਵੇਲੈਂਸੀਆ ਦੀ ਰਾਜਧਾਨੀ ਦੇ ਬਾਹਰਲੇ ਰਸਤਿਆਂ ਉੱਪਰ ਕਈ ਵਿਅਕਤੀ ਫੱਟੜ ਹੋਏ। ਫਲਾਂਗੇਵਾਦੀਆਂ ਦੀਆਂ ਪੈਦਾ ਕੀਤੀਆਂ ਭੜਕਾਹਟਾਂ ਦਾ ਲੋਕਾਂ ਵੱਲੋਂ ਦਿੱਤਾ ਜਵਾਬ ਤਾਂ ਉਸ ਦਾ ਨਮੂਨਾ ਹੀ ਸੀ ਜੋ ਬਾਦ 'ਚ ਲਾਕਾਨੂੰਨੀ ਫ਼ੌਜੀ ਬਗ਼ਾਵਤ ਦੇ ਜਵਾਬ 'ਚ ਕਈ ਦਿਨ ਵਾਪਰਦੇ ਰਹਿਣਾ ਸੀ।

ਮੈਡਰਿਡ ਹੜਤਾਲਾਂ ਦੀ ਲਪੇਟ 'ਚ ਆਇਆ ਹੋਇਆ ਸੀ। ਜਨਤਕ ਸੇਵਾਵਾਂ ਦੀ ਨਿਗਰਾਨੀ ਕਰਨ ਵਾਲੇ, ਲਿਫਟਾਂ ਚਲਾਉਣ ਵਾਲੇ ਅਤੇ ਉਸਾਰੀ ਮਜ਼ਦੂਰ ਦੋ ਮਹੀਨੇ ਪਹਿਲਾਂ ਹੀ ਕੰਮ ਛੱਡ ਗਏ ਸਨ। ਸਭ ਤੋਂ ਅਹਿਮ ਹੜਤਾਲ 80,000 ਤੋਂ ਵੱਧ ਉਸਾਰੀ ਮਜ਼ਦੂਰਾਂ ਦੀ ਸੀ। ਹੜਤਾਲਾਂ ਨੂੰ ਲਮਕਾਇਆ ਜਾ ਰਿਹਾ ਸੀ ਕਿਉਂਕਿ ਮੈਨੇਜਮੈਂਟ ਦੇਸ਼ ਦੇ ਅੰਦਰ ਬੇਚੈਨੀ ਦੀ ਹਾਲਤ ਬਣਾਈ ਰੱਖਣਾ ਚਾਹੁੰਦੀ ਸੀ ਤਾਂ ਕਿ ਲੋਕ ਮੁਹਾਜ਼ ਬਦਨਾਮ ਹੋ ਜਾਵੇ ਅਤੇ ਮਜ਼ਦੂਰਾਂ ਨੂੰ ਸਿਰੇ ਦੀ ਆਰਥਕ ਤੰਗੀ 'ਚ ਫਸਾ ਦਿੱਤਾ ਜਾਵੇ।

ਸੱਜਾਪੱਖ ਮਨਸੂਬੇ ਘੜ ਰਿਹਾ ਸੀ। ਡਾਕਖ਼ਾਨੇ ਵਿਚਲੇ ਸਾਡੇ ਸਾਥੀਆਂ ਨੇ ਉਹ ਚਿੱਠੀਆਂ ਪੜ੍ਹ ਲਈਆਂ ਸਨ ਜੋ ਸੂਬਿਆਂ ਵਿਚੋਂ ਮੈਡਰਿਡ ਦੇ ਸੱਜੇਪੱਖੀਆਂ ਨੂੰ ਲਿਖੀਆਂ ਗਈਆਂ ਸਨ। ਇਨ੍ਹਾਂ ਤੋਂ ਇਹ ਮਨਸੂਬੇ ਪਤਾ ਲੱਗੇ: "ਤੁਸੀਂ ਜਾਣਦੇ ਹੀ ਹੋ ਕਿ ਮੇਰੇ ਕੋਲ ਸਮਿੱਥ ਰਿਵਾਲਵਰ ਹੈ, ਪਰ ਮੈਂ ਇਹ ਬਿਹਤਰ ਹਥਿਆਰ ਨਾਲ ਵਟਾਉਣਾ ਚਾਹੁੰਦਾ ਹਾਂ। ਜਿਵੇਂਕਿ ਸਮਾਂ ਨੇੜੇ ਆ ਰਿਹਾ ਹੈ, ਸਭਨਾਂ ਸੱਜੇਪੱਖੀ ਮਰਦਾਂ ਤੇ ਔਰਤਾਂ ਨੂੰ ਆਪਣੇ ਉਹ ਸਾਰੇ ਹਥਿਆਰ ਲਾਜ਼ਮੀ ਤਿਆਰ ਰੱਖਣੇ ਚਾਹੀਦੇ ਹਨ, ਜਿਹੜੇ ਵੀ ਉਨ੍ਹਾਂ ਕੋਲ ਗੁਪਤ ਰੂਪ 'ਚ ਪਏ ਹਨ।" ਹੋਰ ਸਬੂਤ ਇਹ ਸੀ ਕਿ ਮੈਡਰਿਡ ਦੇ ਕੁਝ ਫਲਾਂਗੇਵਾਦੀਆਂ ਅਤੇ ਸਪੇਨ ਦੇ ਆਧੁਨਿਕ ਕਲੱਬਾਂ 'ਚੋਂ ਹਥਿਆਰਾਂ ਦੇ ਜ਼ਖ਼ੀਰੇ ਅਤੇ ਸਿਵਲ ਗਾਰਡਾਂ ਦੀਆਂ ਵਰਦੀਆਂ ਬਰਾਮਦ ਹੋਈਆਂ ਸਨ।

12 ਜੁਲਾਈ ਨੂੰ ਫਲਾਂਗੇਵਾਦੀ ਬੰਦੂਕਧਾਰੀਆਂ ਨੇ ਅਸਾਲਟ ਗਾਰਡ ਦੇ ਨੌਜਵਾਨ ਅਫ਼ਸਰ, ਲੈਫਟੀਨੈਂਟ ਕਾਸਟਿਲੋ ਨੂੰ ਕਤਲ ਕਰ ਦਿੱਤਾ ਜੋ ਆਪਣੇ ਜਮਹੂਰੀ ਤੇ ਫਾਸ਼ੀਵਾਦ ਵਿਰੋਧੀ ਖ਼ਿਆਲਾਂ ਲਈ ਪ੍ਰਸਿੱਧ ਸੀ।

ਸੱਜੇਪੱਖ ਦੇ ਵੱਧ ਹਿੰਸਕ ਬਣ ਜਾਣ 'ਤੇ, ਕਮਿਊਨਿਸਟ ਪੋਲਿਟ ਬਿਊਰੋ ਨੇ ਹਾਲਤ ਦਾ ਜਾਇਜ਼ਾ ਲੈਣ ਅਤੇ ਜ਼ਰੂਰੀ ਉਪਾਅ ਕਰਨ ਲਈ ਮੀਟਿੰਗ ਕੀਤੀ। ਇਸ ਨੇ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਫਾਸ਼ੀਵਾਦੀ ਭੜਕਾਹਟ ਦਾ ਵਿਰੋਧ ਕਰਦੇ ਹੋਏ ਸਰਕਾਰ ਨੂੰ ਗਣਰਾਜ ਦੇ ਦੁਸ਼ਮਣਾਂ ਵਿਰੁੱਧ ਵੱਧ ਧੜੱਲੇਦਾਰ ਸਟੈਂਡ ਲੈਣ ਅਤੇ ਲੜਾਈ ਨੂੰ ਤੇਜ਼ ਕਰਨ ਲਈ ਕਿਹਾ ਗਿਆ ਸੀ।

ਬਿਆਨ 'ਚ ਕਿਹਾ ਗਿਆ, "ਪਿਛਾਖੜੀ ਅਤੇ ਫਾਸ਼ੀਵਾਦੀ ਅਨਸਰ ਜਨਤਾ ਦੀਆਂ ਆਜ਼ਾਦੀਆਂ ਨੂੰ ਤਬਾਹ ਕਰਨ ਲਈ ਫਟਾਫਟ ਤਿਆਰੀ ਕਰ ਰਹੇ ਹਨ। ਲੈਫਟੀਨੈਂਟ ਕਾਸਟਿਲੋ ਦਾ ਕਤਲ ਅਤੇ ਅਨੇਕ ਭੜਕਾਊ ਕਾਰਵਾਈਆਂ, ਦੇਸ਼ ਦੇ ਅੰਦਰ ਬੇਚੈਨੀ ਦੇ ਬੀਜ ਬੀਜਣ

ਅਤੇ ਐਸਾ ਮਾਹੌਲ ਪੈਦਾ ਕਰਨ ਦੀ ਘਿਣਾਉਣੀ ਯੋਜਨਾ ਦਾ ਹਿੱਸਾ ਹਨ, ਜਿਸ ਵਿਚ ਪਿਛਾਖੜੀ ਰਾਜ-ਪਲਟੇ ਨੂੰ ਅੰਜਾਮ ਦਿੱਤਾ ਜਾ ਸਕੇ।"

ਸਾਡੀ ਅਪੀਲ 'ਤੇ ਕੀਤੀ ਇਕ ਮੀਟਿੰਗ 'ਚ ਇਹ ਨੁਮਾਇੰਦੇ ਸ਼ਾਮਲ ਹੋਏ: ਕਮਿਊਨਿਸਟ ਪਾਰਟੀ ਵੱਲੋਂ ਜੋਸ ਡਿਆਜ਼ ਅਤੇ ਵਿਸੈਂਟੇ ਯੂਰਾਈਬ; ਯੂ.ਜੀ.ਟੀ. ਵੱਲੋਂ ਮੈਨੂਅਲ ਲੋਇਸ; ਮੈਡਰਿਡ ਦੇ ਕਾਸਾ ਡੈੱਲ ਪਿਊਬਲੋ ਵੱਲੋਂ ਐਡਮੰਡੋ ਡੋਮਿੰਗੇਜ਼, ਸਮਾਜਵਾਦੀ ਨੌਜਵਾਨ ਜਥੇਬੰਦੀ ਵੱਲੋਂ ਜੋਸ ਕੈਜ਼ੋਰਲਾ ਅਤੇ ਸਾਂਤਿਆਗੋ ਕੈਰਿਲੋ; ਸਮਾਜਵਾਦੀ ਪਾਰਟੀ ਵੱਲੋਂ ਲੈਮੋਨਿਡਾ ਜਿਮੇਨੇਜ਼ ਡੀ ਆਸੂਆ, ਕਰੂਜ਼ ਸਾਲਿਡੋ, ਵਿਡਾਰਟੇ, ਪਰੀਟੋ ਅਤੇ ਹੋਰ। ਸਾਰੇ ਸਹਿਮਤ ਸਨ ਕਿ ਸਿਆਸੀ ਹਾਲਾਤ ਗੰਭੀਰ ਸਨ ਅਤੇ ਕਿਸੇ ਵੀ ਘਟਨਾ ਦਾ ਮੁਕਾਬਲਾ ਕਰਨ ਲਈ ਸਾਂਝੀ ਕਾਰਵਾਈ ਜ਼ਰੂਰੀ ਸੀ। ਸਾਰੀਆਂ ਜਥੇਬੰਦੀਆਂ ਦੇ ਨੁਮਇੰਦਿਆਂ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਅਤੇ ਸਰਕਾਰ ਨੂੰ ਉਲਟਾਉਣ ਦੇ ਉਦੇਸ਼ ਨਾਲ ਕੀਤੀ ਜਾਣ ਵਾਲੀ ਤੋੜਫੋੜ ਤੋਂ ਇਸਦੀ ਰਾਖੀ ਕਰਨ ਲਈ ਸਹਾਇਤਾ ਦੀ ਪੇਸ਼ਕਸ਼ ਕਰਨ ਵਾਸਤੇ ਕਮੇਟੀ ਬਣਾ ਲਈ।

ਇਸ ਸਮੇਂ, ਲੋਕ ਮੁਹਾਜ਼ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਇਕ ਐਲਾਨ ਜਾਰੀ ਕੀਤਾ: "ਗਣਰਾਜ ਅਤੇ ਮਜ਼ਦੂਰ ਜਮਾਤ ਦੇ ਪਿਛਾਖੜੀ ਦੁਸ਼ਮਣਾਂ ਦੇ ਇਰਾਦੇ ਸਾਹਮਣੇ ਆਉਣ 'ਤੇ ਇਨ੍ਹਾਂ ਸਿਆਸੀ ਤੇ ਮਜ਼ਦੂਰ ਜਥੇਬੰਦੀਆਂ ਨੇ ਮੀਟਿੰਗ ਕੀਤੀ ਜਿਨ੍ਹਾਂ ਦੇ ਨੁਮਾਇੰਦਿਆਂ ਦੇ ਇੱਥੇ ਦਸਤਖ਼ਤ ਹਨ। ਇਨ੍ਹਾਂ ਨੇ ਸਰਵਸੰਮਤੀ ਨਾਲ ਸਹਿਮਤੀ ਪ੍ਰਗਟਾਈ ਕਿ ਸਰਕਾਰ ਦੀ ਰਾਖੀ ਕਰਨ ਅਤੇ ਨਿਜ਼ਾਮ ਦੇ ਖ਼ਿਲਾਫ਼ ਸਾਜਿਸ਼ਾਂ ਦਾ ਮੂੰਹ ਭੰਨਣ ਦੇ ਉਦੇਸ਼ ਲਈ, ਸਰਕਾਰ ਨੂੰ ਜਨਤਾ ਵੱਲੋਂ ਯਥਾਸੰਭਵ ਸਹਾਇਤਾ ਤੇ ਮਦਦ ਦੀ ਪੇਸ਼ਕਸ਼ ਕੀਤੀ ਜਾਵੇ, ਜਿਸ ਦੀ ਉਹ ਨੁਮਾਇੰਦਗੀ ਕਰਦੇ ਹਨ।

"ਇਹ ਸਰਵਸੰਮਤੀ ਨਿਰੀ ਆਰਜ਼ੀ ਨਹੀਂ ਹੈ; ਜਿਨ੍ਹਾਂ ਹਾਲਾਤ 'ਚ ਮੁਨਾਸਬ ਲੱਗੇਗਾ, ਓਦੋਂ ਸਾਡਾ ਇਰਾਦਾ ਇਸ ਨੂੰ ਸਥਾਈ ਬਣਾਉਣ ਦਾ ਹੈ ਤਾਂ ਜੋ ਲੋਕ ਮੁਹਾਜ਼ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਮਜ਼ਦੂਰ ਜਮਾਤ ਦੀਆਂ ਰੀਝਾਂ ਪੂਰੀਆਂ ਕੀਤੀਆਂ ਜਾ ਸਕਣ; ਜੋ ਹੁਣ ਆਪਣੇ ਅਤੇ ਗਣਰਾਜ ਦੇ ਦੁਸ਼ਮਣਾਂ ਤੋਂ ਖ਼ਤਰੇ ਮੂੰਹ ਆਈ ਹੋਈ ਹੈ।"

ਐਲਾਨਨਾਮੇ 'ਤੇ ਮੈਨੂਅਲ ਲੋਇਸ, ਯੂ.ਜੀ.ਟੀ.; ਸਾਂਤਿਆਗੋ ਕੈਰਿਲੋ ਸਮਾਜਵਾਦੀ ਨੌਜਵਾਨ ਜਥੇਬੰਦੀ; ਜੋਸ ਡਿਆਜ਼ ਕਮਿਊਨਿਸਟ ਪਾਰਟੀ; ਐਡਮੰਡੋ ਡੋਮਿੰਗੇਜ਼, ਕਾਸਾ ਡੈੱਲ ਪਿਊਬਲੋ; ਜ਼ਿਮੇਨੇਜ਼ ਡੀ ਅਸੂਆ, ਸਮਾਜਵਾਦੀ ਪਾਰਟੀ ਨੇ ਦਸਤਖ਼ਤ ਕੀਤੇ।

ਸਰਕਾਰ ਨੇ ਕੁਝ ਪਿਛਾਖੜੀ ਅਖ਼ਬਾਰਾਂ ਬੰਦ ਕਰਵਾ ਦਿੱਤੀਆਂ ਅਤੇ ਸੱਜੇਪੱਖੀਆਂ ਦੇ ਅਨੇਕਾਂ ਟੋਲੇ ਗ੍ਰਿਫ਼ਤਾਰ ਕਰ ਲਏ। ਪਰ ਇਸ ਪੜਾਅ 'ਤੇ ਇਹ ਕਾਫ਼ੀ ਨਹੀਂ ਸੀ।

13 ਜੁਲਾਈ ਨੂੰ, ਸੱਜੇਪੱਖ ਦੇ ਸਭ ਤੋਂ ਅਹਿਮ ਆਗੂ ਕਾਲਵੋ ਸੋਟੇਲੋ ਦੇ ਮਾਰੇ ਜਾਣ ਦੀ ਖ਼ਬਰ ਮੈਡਰਿਡ 'ਚ ਫੈਲ ਗਈ ਸੀ। ਉਸ ਦੇ ਕਾਤਲ ਦੇ ਹੱਥ ਹਥਿਆਰ ਕਿਸਨੇ ਦਿੱਤੇ ਸਨ? ਇੱਥੇ ਉਸ ਕਵੀ ਦੀ ਟੂਕ ਦੇਣੀ ਠੀਕ ਰਹੇਗੀ, ਜਿਸ ਨੇ ਵਿਲਾਮੈਡੀਆਨਾ ਦੇ ਨਵਾਬ ਦੀ ਮੌਤ 'ਤੇ ਕਿਹਾ ਸੀ: "ਉਸ ਦੇ ਕਾਤਲ ਹਨ ਬੈਲਿਡੋ ਅਤੇ ਸਰਕਾਰੀ ਉਕਸਾਵੇਬਾਜ਼।"

ਕਾਲਵੋ ਸੋਟੈਲੋ ਦੀ ਮੌਤ ਦੀ ਸਿੱਧੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਆਉਂਦੀ ਸੀ ਜਿਨ੍ਹਾਂ ਨੇ ਸਪੇਨ ਅੰਦਰ ਨਫ਼ਰਤ ਦੀ ਅੱਗ ਅਤੇ ਖ਼ਾਨਾਜੰਗੀ ਨੂੰ ਹਵਾ ਦਿੱਤੀ। ਕਮਿਊਨਿਸਟ ਪਾਰਟੀ ਦੋਸ਼ੀ ਨਹੀਂ ਸੀ, ਜਿਵੇਂ ਫਰਾਂਕੋਵਾਦੀਏ ਕੂੜ ਪ੍ਰਚਾਰ ਕਰਦੇ ਸਨ, ਸਗੋਂ ਉਹ ਦੋਸ਼ੀ ਸਨ ਜਿਨ੍ਹਾਂ ਨੇ ਲੈਫਟੀਨੈਂਟ ਕਾਸਟਿਲੋ, ਕੈਪਟਨ ਫਰੌਡੋ ਅਤੇ ਜਨਾਬ ਪੈਡਰੀਗਲ ਦੇ ਕਾਤਲਾਂ ਨੂੰ ਹਥਿਆਰਬੰਦ

ਕੀਤਾ; ਜਿਨ੍ਹਾਂ ਨੇ ਜਿਮੇਨੇਜ਼ ਡੀ ਆਸੂਆ ਅਤੇ ਲਾਰਗੋ ਕੈਬਾਲਿਰੋ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਕਮਿਊਨਿਸਟਾਂ ਨੂੰ ਇਹ ਪ੍ਰਤੱਖ ਸੀ ਕਿ ਕਾਲਵੋ ਸੋਟੈਲੋ ਦਾ ਕਤਲ ਗਣਰਾਜ ਦੀ ਸੇਵਾ ਨਹੀਂ ਸੀ ਕਰਦਾ; ਇਸ ਨੇ ਸਗੋਂ ਉਲਟ-ਇਨਕਲਾਬੀਆਂ ਦੇ ਹੱਕ 'ਚ ਜਮਹੂਰੀਅਤ ਵਿਰੋਧੀ ਨਵੀਂਆਂ ਦਲੀਲਾਂ ਘੜਨ ਦਾ ਕੰਮ ਕੀਤਾ। ਸੱਜੇਪੱਖੀ ਤਾਕਤਾਂ ਨੇ ਉਸ ਨੂੰ ਸ਼ਹੀਦ ਬਣਾ ਲਿਆ ਅਤੇ ਉਸ ਦੀ ਮੌਤ ਨੂੰ ਗਣਰਾਜ ਵਿਰੁੱਧ ਇਕੱਠੇ ਹੋਣ ਦੀ ਹਾਲ-ਪਾਹਰਿਆ ਵਜੋਂ ਇਸਤੇਮਾਲ ਕੀਤਾ ਗਿਆ। ਸਰਕਾਰ ਨੇ ਇਨ੍ਹਾਂ ਚਾਲਾਂ ਦਾ ਮੁਕਾਬਲਾ ਇਕ ਹਫ਼ਤੇ ਲਈ ਸੰਸਦ ਦੇ ਸਮਾਗਮ ਮੁਲਤਵੀ ਕਰਕੇ ਕੀਤਾ—ਇਸ ਕਦਮ ਦਾ ਸੱਜੇਪੱਖ ਨੇ ਹਿੰਸਕ ਵਿਰੋਧ ਕੀਤਾ।

ਚੈਂਬਰ ਦੇ ਪ੍ਰਧਾਨ ਵੱਲੋਂ ਪੂਰੇ ਸਪੇਨ ਲਈ "ਸੰਕਟਕਾਲੀ ਹਾਲਤ" ਐਲਾਨ ਕਰਨ ਵਾਸਤੇ ਸਦਨਾਂ ਦੀ ਸਥਾਈ ਕਮੇਟੀ ਦੀ ਮੀਟਿੰਗ ਬੁਲਾਈ ਗਈ। ਇਸ ਵਿਚ, ਸੱਜੇਪੱਖ ਦੇ ਨੁਮਾਇੰਦਿਆਂ, ਖ਼ਾਸ ਤੌਰ 'ਤੇ ਕਾਊਂਟ ਵੈਲੇਲੈਨੋ ਅਤੇ ਗਿਲ ਰੋਬਲਜ਼, ਨੇ ਅੱਗ-ਲਾਊ ਭਾਸ਼ਣ ਦਿੱਤੇ, ਜੋ ਅਸਲ 'ਚ ਜੰਗ ਦੇ ਐਲਾਨ ਦੇ ਤੁਲ ਸਨ।

ਰੂੜ੍ਹੀਵਾਦੀਆਂ ਅਤੇ ਸਪੇਨ ਦੀ ਮੁੜ-ਬਹਾਲੀ ਪੱਖੀ ਘੱਟਗਿਣਤੀਆਂ ਨੂੰ ਲੈ ਕੇ ਬਣਾਏ ਗਏ ਅਖੌਤੀ ਕੌਮੀ ਮੁਹਾਜ਼ ਦੇ ਨਾਂਅ ਹੇਠ, ਕਾਊਂਟ ਵੈਲੇਲੈਨੋ ਵੱਲੋਂ ਪੜ੍ਹੀ ਗਈ ਲਿਖਤ 'ਚ ਅਜਿਹੇ ਗੰਭੀਰ ਇਲਜ਼ਾਮ ਲਾਏ ਗਏ ਸਨ ਕਿ ਸਥਾਈ ਕਮੇਟੀ ਦੇ ਪ੍ਰਧਾਨ ਨੇ ਚੇਤਾਵਨੀ ਦੇ ਦਿੱਤੀ ਸੀ ਕਿ ਇਹ ਤਾਂ ਸਿਰਫ਼ ਜਜ਼ਬਾਤ ਭੜਕਾਉਣ ਦਾ ਕੰਮ ਕਰੇਗੀ ਅਤੇ ਇਸ ਕਰਕੇ ਇਹ ਛਾਪੀ ਨਹੀਂ ਜਾਵੇਗੀ।

ਇਸ ਇਤਿਹਾਸਕ ਸੈਸ਼ਨ 'ਚ, ਖੱਬੀ ਧਿਰ ਦੇ ਨੁਮਾਇੰਦਿਆਂ ਨੇ ਦੇਸ਼ ਅੰਦਰ ਬੇਚੈਨੀ ਲਈ ਸੱਜੇਪੱਖ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ, ਕੌਮੀ ਮੁਹਾਜ਼ ਨੂੰ ਆਪਣੀਆਂ ਕਾਰਵਾਈਆਂ ਨੂੰ ਮੁੜ-ਵਿਚਾਰਨ ਲਈ ਆਖਿਆ; ਜਦੋਂਕਿ ਸੱਜੇਪੱਖ ਨੇ ਸੰਸਦੀ ਸਰਕਾਰ 'ਚੋਂ ਨਿੱਕਲ ਜਾਣ ਦਾ ਇਰਾਦਾ ਜ਼ਾਹਰ ਕੀਤਾ। ਇਕ ਅਗੰਮੀ ਵਖਿਆਨ 'ਚ, ਸੱਜੇਪੱਖ ਨੇ ਉਹ ਅਗਾਮੀ ਸਾਜ਼ਿਸ਼ ਨਸ਼ਰ ਕਰ ਦਿੱਤੀ ਜਿਸ ਦੀ ਉਹ ਫਰਵਰੀ ਚੋਣਾਂ 'ਚ ਹਾਰ ਹੋਣ ਦੇ ਸਮੇਂ ਤੋਂ ਹੀ ਤਿਆਰੀ ਕਰ ਰਹੇ ਸਨ।

ਜੋਸ ਡਿਆਜ਼ ਨੇ ਪਿਛਾਖੜੀ ਡੈਲੀਗੇਟਾਂ ਦੇ ਸਨਕੀ ਅਤੇ ਹੈਂਕੜਬਾਜ਼ ਬਿਆਨਾਂ ਦਾ ਢੁੱਕਵਾਂ ਜਵਾਬ ਦਿੱਤਾ, ਜਿਵੇਂ ਉਸ ਤੋਂ ਪਹਿਲਾਂ ਸਮਾਜਵਾਦੀ ਅਤੇ ਗਣਰਾਜਵਾਦੀ ਨੁਮਾਇੰਦਿਆਂ ਨੇ ਕੀਤਾ ਸੀ:

"ਤੁਸੀਂ ਮੁੱਕਰ ਨਹੀਂ ਸਕਦੇ," ਡਿਆਜ਼ ਨੇ ਕਿਹਾ, "ਕਿ ਤੁਸੀਂ ਸਾਜ਼ਿਸ਼ ਰਚ ਰਹੇ ਹੋ, ਕਿ ਤੁਸੀਂ ਰਾਜ-ਪਲਟੇ ਦੀ ਤਿਆਰੀ ਕਰ ਰਹੇ ਹੋ। ਪਰ, ਖ਼ਬਰਦਾਰ! ਸਾਡੀ ਸਾਰਿਆਂ ਦੀ ਅੱਖ ਤੁਹਾਡੇ 'ਤੇ ਹੈ ਤਾਂ ਜੋ ਤੁਹਾਡੇ ਵੱਲੋਂ ਸਪੇਨ ਨੂੰ ਜਬਰ, ਭੁੱਖਮਰੀ ਅਤੇ ਲਾਹਣਤ ਦੇ ਰਾਹ ਪਾਏ ਜਾਣ ਤੋਂ ਰੋਕਿਆ ਜਾ ਸਕੇ। ਅਸੀਂ ਸਪੇਨ ਦੇ ਗਣਰਾਜ ਦੀ ਰਾਖੀ ਲਈ ਹਾਸਲ ਕੀਤੀਆਂ ਪ੍ਰਾਪਤੀਆਂ ਨੂੰ ਤਬਾਹ ਕਰਨ ਦੀ ਇਜਾਜ਼ਤ ਹਰਗਿਜ਼ ਨਹੀਂ ਦਿਆਂਗੇ।"

ਇਸੇ ਦਿਨ ਪੋਲਿਟ ਬਿਊਰੋ ਨੇ ਇਕ ਹੋਰ ਬਿਆਨ ਜਾਰੀ ਕੀਤਾ, ਜਿਸ ਰਾਹੀਂ ਆਪਣੀਆਂ ਸਾਰੀਆਂ ਜਥੇਬੰਦੀਆਂ ਨੂੰ ਲੋਕ ਮੁਹਾਜ਼ ਦੇ ਖੇਤਰੀ, ਜ਼ਿਲ੍ਹਾ ਅਤੇ ਸਥਾਨਕ ਅਦਾਰਿਆਂ ਨਾਲ ਰਾਬਤਾ ਬਣਾਉਣ ਅਤੇ ਕਿਸੇ ਵੀ ਭਵਿੱਖੀ ਘਟਨਾ ਲਈ ਤਿਆਰ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੱਜੇਪੱਖ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ਼ ਨਾ ਕਰਕੇ, ਪਾਰਟੀ ਨੇ ਆਪਣੀਆਂ

ਸਫ਼ਾਂ ਨੂੰ ਤਕੜਿਆਂ ਕੀਤਾ, ਹੋਰ ਤਾਕਤਾਂ ਨਾਲ ਗੱਠਜੋੜ ਬਣਾਇਆ, ਵਫ਼ਾਦਾਰ ਫ਼ੌਜੀਆਂ ਨਾਲ ਗੱਲਬਾਤ ਚਲਾਈ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਮਿਲੀਸ਼ੀਆ ਨੂੰ ਮਜ਼ਬੂਤ ਕੀਤਾ। "ਬੀਤੇ ਦਿਨਾਂ ਦੀਆਂ ਘਟਨਾਵਾਂ ਨਾਲ," ਬਿਆਨ 'ਚ ਐਲਾਨ ਕੀਤਾ ਗਿਆ, "ਫਾਸ਼ੀਵਾਦ ਦੀਆਂ ਖ਼ੂਨੀ ਯੋਜਨਾਵਾਂ ਦੀ ਸੰਭਾਵਨਾ, ਜਿਸ ਦੀ ਭਵਿੱਖਬਾਣੀ ਸਾਡੀ ਪਾਰਟੀ ਲੰਮੇ ਸਮੇਂ ਤੋਂ ਕਰਦੀ ਆ ਰਹੀ ਹੈ, ਅਤੇ ਸੱਜੇਪੱਖ ਵੱਲੋਂ ਧੱਕੇ ਨਾਲ ਵਹਿਸ਼ੀ, ਮੁਜਰਮਾਨਾ ਤਾਨਾਸ਼ਾਹੀ ਥੋਪਣ ਦੇ ਇਰਾਦੇ ਜ਼ਾਹਰ ਹੋ ਗਏ ਹਨ।"

16 ਜੁਲਾਈ ਨੂੰ ਮੇਨਟੀਨੈਂਸ ਵਾਲਿਆਂ ਅਤੇ ਲਿਫਟ ਚਾਲਕਾਂ ਦੀ ਬਹੱਤਰ ਦਿਨ ਲੰਮੀ ਹੜਤਾਲ ਮੈਡਰਿਡ 'ਚ ਕਾਮਯਾਬੀ ਨਾਲ ਸਿਰੇ ਚੜ੍ਹ ਗਈ। ਇਸੇ ਦਿਨ ਲੱਕੜ ਸਨਅਤ ਦੇ ਕਾਮੇ ਵੀ ਜਿੱਤ ਹਾਸਲ ਕਰਕੇ ਕੰਮ 'ਤੇ ਵਾਪਸ ਆ ਗਏ।

ਪਰ ਉਲਟ-ਇਨਕਲਾਬੀ ਪਲੀਤੇ ਨੂੰ ਅੱਗ ਤਾਂ ਲਾਈ ਜਾ ਚੁੱਕੀ ਸੀ। ਜ਼ਬਰਦਸਤ ਧਮਾਕਾ ਹੋਣ 'ਚ ਕੁਝ ਘੰਟੇ ਹੀ ਰਹਿੰਦੇ ਸਨ।

ਇਹ ਭਵਿੱਖ ਲਈ ਸਿਆਸੀ ਸਬਕ ਹੈ ਜੋ ਦੁਸ਼ਮਣ ਦੇ ਖ਼ੇਮੇ ਅੰਦਰ ਤਾਕਤਾਂ ਦੇ ਰਿਸ਼ਤੇ 'ਚ ਵਿਕਸਤ ਹੋ ਰਹੀਆਂ ਤਬਦੀਲੀਆਂ ਦੀ ਡੂੰਘੀ ਛਾਣਬੀਣ ਕਰਨ ਤੇ ਇਸ ਨੂੰ ਅਗਾਊਂ ਬੁੱਝ ਲੈਣ, ਅਤੇ ਇਸ ਦੇ ਮੁਤਾਬਿਕ ਨੀਤੀਆਂ ਨੂੰ ਢਾਲਣ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਇਸ ਸਬਕ ਵਜੋਂ ਮੈਂ ਉਸ ਭੂਮਿਕਾ ਦਾ ਸੰਖੇਪ ਵੇਰਵਾ ਦੇਣਾ ਚਾਹੁੰਦੀ ਹਾਂ, ਜਿਸ ਦਾ ਦੋਸ਼ ਅਸੀਂ ਕੁਝ ਚੀੜ੍ਹੇ ਅਤੇ ਅੰਤਰਮੁਖੀ ਹੋ ਕੇ, ਗਣਰਾਜ ਵਿਰੋਧੀ ਸਾਜ਼ਿਸ਼ ਦੇ ਮੁੱਖੀ ਵਜੋਂ ਗਿਲ ਰੋਬਲਜ਼ ਉੱਤੇ ਉਸ ਸਮੇਂ ਲਾਉਂਦੇ ਰਹੇ ਜਦੋਂ ਉਸ ਦੀ ਅਹਿਮੀਅਤ ਜ਼ਰੂਰ ਸੀ, ਪਰ ਉਸ ਵਕਤ ਉਹ ਫ਼ੈਸਲਾਕੁਨ ਹਸਤੀ ਨਹੀਂ ਸੀ।

ਫਰਵਰੀ ਚੋਣਾਂ ਅੰਦਰ, ਸੱਜੇਪੱਖ ਦੀ ਅਸਫ਼ਲਤਾ ਦੇ ਸਮੇਂ ਤੋਂ, ਗਿਲ ਰੋਬਲਜ਼ ਦੀ ਸਿਆਸੀ ਮਹੱਤਤਾ ਨੂੰ ਚੋਖਾ ਖ਼ੋਰਾ ਲੱਗ ਚੁੱਕਾ ਸੀ, ਹਾਲਾਂਕਿ ਸੰਬੰਧਤ ਪਾਰਟੀਆਂ ਨੇ ਇਸ ਨੂੰ ਸ਼ਰੇਆਮ ਕਬੂਲਿਆ ਨਹੀਂ ਸੀ। ਅਸਲ 'ਚ ਉਹ ਵੱਡੀਆਂ ਵੱਡੀਆਂ ਆਡੰਬਰ ਭਰੀਆਂ ਤਕਰੀਰਾਂ ਕਰ ਸਕਦਾ ਸੀ; ਇਹ ਪਿਛਾਖੜੀ ਕਿਰਦਾਰ ਹਕੂਮਤੀ ਜਬਰ ਦਾ, ਥੀਅਰਜ਼ ਅਤੇ ਗੈਲੀਫੇਟੋ* ਦਾ ਸੁਮੇਲ ਸੀ। ਪਰ ਜਿਸ ਤਰ੍ਹਾਂ ਦਾ ਸਿਰੇ ਦੇ ਪਿਛਾਖੜ ਨੂੰ ਲੋੜੀਂਦਾ ਸੀ, ਨਾ ਤਾਂ ਉਸ ਦਾ ਇਸ ਤਰ੍ਹਾਂ ਦਾ ਰੋਹਬ-ਦਾਬ ਸੀ ਅਤੇ ਨਾ ਇਸ ਤਰ੍ਹਾਂ ਦਾ ਉਹ ਆਗੂ ਸੀ।

ਅਤੇ ਇਹ ਓਦੋਂ ਹੋਰ ਵੀ ਸੱਚ ਸੀ ਜਦੋਂ ਸਿਆਸੀ ਲੜਾਈ ਗਣਰਾਜ ਵਿਰੁੱਧ ਖੁੱਲ੍ਹੇਆਮ ਹਿੰਸਾ ਅਤੇ ਖ਼ਾਨਾਜੰਗੀ ਦੇ ਅਖਾੜੇ 'ਚ ਬਦਲ ਗਈ ਸੀ। ਇਸ ਨਵੀਂ ਲੜਾਈ ਨੂੰ ਦਿਸ਼ਾ-ਨਿਰਦੇਸ਼ ਦੇਣ ਲਈ ਗਿਲ ਰੋਬਲਜ਼ ਸਭ ਤੋਂ ਢੁੱਕਵੀਂ ਸ਼ਖਸੀਅਤ ਨਹੀਂ ਸੀ। ਸੱਜੇਪੱਖ ਨੇ ਨਾ ਤਾਂ ਰੋਬਲਜ਼ ਨੂੰ ਯੁੱਧ ਵਜ਼ਾਰਤ ਛੱਡਣ ਲਈ ਮਾਫ਼ ਕੀਤਾ ਸੀ ਨਾ ਫਰਵਰੀ ਦੀਆਂ ਚੋਣਾਂ 'ਚ ਹੋਈ ਹਾਰ ਲਈ।

ਸੱਜੇਪੱਖ ਨੇ ਫ਼ੌਜ ਵੱਲ ਮੋੜਾ ਕੱਟ ਲਿਆ ਸੀ। ਅਤੇ ਇਹ ਕੋਈ ਇਤਫ਼ਾਕ ਨਹੀਂ ਹੈ ਕਿ ਅਮਲੀ ਤੌਰ 'ਤੇ ਸਾਜ਼ਿਸ਼ ਦੀ ਸਮੁੱਚੀ ਵਾਗਡੋਰ ਫ਼ੌਜ ਦੇ ਹੱਥ ਆ ਗਈ ਸੀ ਹਾਲਾਂਕਿ ਫਰਾਂਕੋ

---

* ਅਡੋਲਫ਼ ਥੀਅਰਜ਼ (1797-1877) ਅਤੇ ਗਾਸਟਨ ਗੈਲੀਫੇਟੋ (1830-1909), ਕ੍ਰਮਵਾਰ ਫਰਾਂਸ ਦੇ ਰਾਸ਼ਟਰਪਤੀ ਅਤੇ ਜਰਨੈਲ ਸਨ, ਜੋ 1871 ਦੇ ਪੈਰਿਸ ਕਮਿਊਨ ਨੂੰ ਕੁਚਲਣ ਅਤੇ ਕਮਿਊਨਾਰਡਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਸਨ।

ਹਾਲੇ ਦ੍ਰਿਸ਼ 'ਤੇ ਨਹੀਂ ਉੱਭਰਿਆ ਸੀ। ਉਹ ਢੁੱਕਵੇਂ ਸਮੇਂ ਦੀ ਉਡੀਕ 'ਚ ਸੀ, ਅਤੇ ਮੌਕਾ ਆਉਣ 'ਤੇ ਉਸ ਨੇ, ਹਿਟਲਰ ਦੀ ਮਦਦ ਨਾਲ, ਸੱਜੇਪੱਖ ਦੀਆਂ ਉਨ੍ਹਾਂ ਸਾਰੀਆਂ ਸਿਆਸੀ ਤਾਕਤਾਂ ਨੂੰ ਪਾਸੇ ਕਰ ਦਿੱਤਾ ਜਿਨ੍ਹਾਂ ਨੇ ਬਗ਼ਾਵਤ ਦੀ ਪਿੱਠ ਠੋਕੀ ਸੀ।

ਹਾਲਾਂਕਿ ਕਮਿਊਨਿਸਟ ਪਾਰਟੀ ਨੇ ਫਰਾਂਕੋ ਅਤੇ ਉਸਦੀ ਜੁੰਡੀ ਦੀਆਂ ਮੁਜਰਮਾਨਾ ਯੋਜਨਾਵਾਂ ਅਤੇ ਗਣਰਾਜ ਨੂੰ ਦਰਪੇਸ਼ ਖ਼ਤਰੇ ਨੂੰ ਅਗਾਊਂ ਬੁੱਝ ਤਾਂ ਲਿਆ ਸੀ, ਪਰ ਇਹ ਇਸ ਖ਼ਤਰੇ ਨੂੰ ਇੰਨ-ਬਿੰਨ, ਦੁਖਾਂਤ ਦੀ ਹੱਦ ਤੱਕ ਨਹੀਂ ਸਮਝ ਸਕੀ ਸੀ।

## *ਹਿੱਸਾ ਤੀਜਾ*

[24]

# ਬਗ਼ਾਵਤ

ਇਸ ਤੋਂ ਪਹਿਲਾਂ ਕਿ ਅਸੀਂ ਗ਼ੁਲਾਮ ਬਣ ਜਾਈਏ,
ਦਰਿਆਵਾਂ 'ਚ ਸਮੁੰਦਰ ਨੂੰ ਲਾਲੋ ਲਾਲ ਕਰਨ ਜੋਗਾ ਉੱਤਮ ਲਹੂ ਵਗ ਚੁੱਕਾ ਹੋਵੇਗਾ।
*—ਬਾਸਕ ਗੀਤ*

ਕਈ ਗਣਰਾਜਵਾਦੀ ਅਤੇ ਸਮਾਜਵਾਦੀ ਆਗੂਆਂ ਦਾ ਆਸ਼ਾਵਾਦ ਬੇਤੁਕਾ ਸੀ। ਹੱਠਧਰਮੀ ਨਾਲ ਖ਼ਤਰੇ ਤੋਂ ਅੱਖਾਂ ਮੀਟਕੇ, ਉਹ ਕਮਿਊਨਿਸਟਾਂ ਨੂੰ ਡਰ-ਪਾਊ ਕਹਿੰਦੇ ਕਿਉਂਕਿ ਅਸੀਂ ਸੰਭਵ ਰਾਜ-ਪਲਟੇ ਦੇ ਖ਼ਿਲਾਫ਼ ਅਗਾਊਂ ਕਦਮ ਚੁੱਕਣ 'ਤੇ ਜ਼ੋਰ ਦਿੰਦੇ ਸੀ।

ਸਮਾਜਵਾਦੀ ਆਗੂਆਂ ਨੇ ਸਾਜ਼ਿਸ਼ ਦੀਆਂ ਗੁਪਤ ਰਿਪੋਰਟਾਂ ਬਾਰੇ ਵਿਚਾਰ-ਚਰਚਾ ਕਰਨ ਲਈ ਯੂ.ਜੀ.ਟੀ. ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਲਾਰਗੋ ਕੈਬਾਲਿਰੋ ਦੀ ਅਗਵਾਈ 'ਚ ਬੁਲਾਈ ਸੀ। ਮੀਟਿੰਗ ਸੱਦਣ ਦਾ ਸੁਝਾਅ ਇੰਡੇਲਸੀਓ ਪਰੀਟੋ ਨੇ ਦਿੱਤਾ ਸੀ; ਲਾਰਗੋ ਕੈਬਾਲਿਰੋ ਨੇ ਇਹ ਸੱਦਾ ਹਕਾਰਤ ਨਾਲ ਪ੍ਰਵਾਨ ਕੀਤਾ ਸੀ; ਉਸ ਨੂੰ ਪਿਛਾਖੜੀ ਬਗ਼ਾਵਤ ਦੀ ਸੰਭਾਵਨਾ ਬਾਰੇ ਯਕੀਨ ਨਹੀਂ ਸੀ। ਉਹ ਕਹਿੰਦਾ ਸੀ, "ਸਪੇਨ 'ਚ ਕੋਈ ਸਾਜ਼ਿਸ਼ੀ ਨਹੀਂ ਹਨ! ਜੇ ਪਿਛਾਖੜੀ ਰਾਜ-ਪਲਟਾ ਕਰਨਾ ਚਾਹੁੰਦੇ ਹਨ, ਜੇ ਉਨ੍ਹਾਂ 'ਚ ਜ਼ੁਅਰਤ ਹੈ ਤਾਂ ਕਰਨ ਦਿਉ! ਜੋ ਹੋਊ ਦੇਖੀ ਜਾਊ!"

ਇਕ ਸਮੇਂ ਤੋਂ ਕਮਿਊਨਿਸਟ ਪਾਰਟੀ ਰਾਜਧਾਨੀ 'ਚ ਆਪਣੀਆਂ ਸਮਾਗਮਾਂ ਵਾਲੀਆਂ ਥਾਵਾਂ ਅਤੇ ਦਫ਼ਤਰਾਂ 'ਚ ਹਰ ਸਮੇਂ ਚੌਕਸੀ ਰੱਖ ਰਹੀ ਸੀ। ਚੌਕਸੀ ਦੇ ਹਿੱਸੇ ਵਜੋਂ, ਅਸੀਂ ਸੱਜੇਪੱਖ ਦੇ ਕੇਂਦਰੀ ਤੇ ਫ਼ੌਜੀ ਟਿਕਾਣਿਆਂ ਅਤੇ ਨਾਲ ਦੀ ਨਾਲ ਸਭ ਤੋਂ ਅਹਿਮ ਸੱਜੇਪੱਖੀ ਆਗੂਆਂ ਦੇ ਘਰਾਂ ਅਤੇ ਪਿਛਾਖੜੀ ਖ਼ਿਆਲਾਂ ਲਈ ਮਸ਼ਹੂਰ ਵਿਅਕਤੀਆਂ ਦੇ ਘਰਾਂ ਦੀ ਲਗਾਤਾਰ ਸੂਹ ਰੱਖਦੇ ਸੀ। ਫਾਸ਼ੀਵਾਦ ਵਿਰੋਧੀ ਮਿਲੀਸ਼ੀਆ ਦੇ ਮਰਦ ਤੇ ਔਰਤਾਂ ਚੌਵੀ ਘੰਟੇ ਚੁਕੰਨੇ ਰਹਿੰਦੇ ਸਨ।

ਹਰੇਕ ਜਾਣਕਾਰੀ, ਹਰੇਕ ਅਫ਼ਵਾਹ, ਫ਼ੌਜੀ ਦਸਤਿਆਂ ਦੀ ਹਰੇਕ ਸ਼ੱਕੀ ਹਿਲਜੁਲ ਅਤੇ ਪਿਛਾਖੜੀਆਂ ਦੇ ਘਰੀਂ ਆਉਣ-ਜਾਣ ਵਾਲਿਆਂ ਦੀ ਕੁਲ ਸਰਗਰਮੀ ਦੀ ਚੰਗੀ ਤਰ੍ਹਾਂ ਰਿਪੋਰਟ ਕੀਤੀ ਜਾਂਦੀ ਸੀ।

ਕਈ ਰਾਤਾਂ ਅਸੀਂ ਬਗ਼ੈਰ ਅੱਖ ਲਾਏ, ਸਿਰੇ ਦੀ ਥਕਾਵਟ ਦੀ ਹਾਲਤ 'ਚ ਗੁਜ਼ਾਰੀਆਂ। ਜਦੋਂ ਕਿਸੇ ਸਾਥੀ ਨੂੰ ਅਰਾਮ ਕਰਨ ਲਈ ਕਿਹਾ ਜਾਂਦਾ, ਉਹ ਦ੍ਰਿੜਤਾ ਨਾਲ ਨਾਂਹ ਕਰ ਦਿੰਦਾ। ਕਿਸੇ ਸਾਥੀ ਨੂੰ ਘਰ ਗੇੜਾ ਮਾਰ ਆਉਣ ਲਈ ਮਨਾ ਲੈਣ ਦਾ ਕੋਈ ਹੀਲਾ ਨਹੀਂ ਸੀ। ਉਨ੍ਹਾਂ ਦੇ ਪੀਲੇ ਭੂਕ ਚਿਹਰੇ, ਅੱਖਾਂ ਦੀ ਜਲਣ ਅਤੇ ਤਣੇ ਹੋਏ ਭਰਵੱਟੇ, ਉਸ ਬੇਅਰਾਮੀ ਦਾ ਸੂਚਕ ਸਨ ਜੋ ਸਾਨੂੰ ਸਾਰਿਆਂ ਨੂੰ ਮਹਿਸੂਸ ਹੁੰਦੀ ਸੀ।

ਆਖ਼ਿਰ ਉਹ ਤੂਫ਼ਾਨ ਝੁੱਲ ਗਿਆ, ਜਿਸ ਦਾ ਐਨੇ ਲੰਮੇ ਸਮੇਂ ਤੋਂ ਅੰਦੇਸ਼ਾ ਸੀ; 18 ਜੁਲਾਈ 1936 ਨੂੰ ਸਪੇਨ ਉੱਭੜਵਾਹੇ ਉੱਠ ਖੜ੍ਹਿਆ। ਮੋਰੱਕੋ 'ਚ ਪਹਿਲੀਆਂ ਗੋਲੀਆਂ ਚਲਾ ਦਿੱਤੀਆਂ ਗਈਆਂ ਸਨ। ਫਿਰ ਛੇਤੀ ਹੀ ਪੂਰੇ ਸਪੇਨ 'ਚ ਠਾਹ-ਠੂਹ ਹੋਣ ਲੱਗੀ। ਮੂੰਹੋਂ ਮੂੰਹੀਂ, ਘਰੋ ਘਰੀ, ਗਲੀ ਗਲੀ, ਖ਼ਤਰੇ ਦਾ ਘੁੱਗੂ ਵੱਜ ਗਿਆ; "ਮੋਰੱਕੋ 'ਚ ਫ਼ੌਜ ਨੇ ਗਣਰਾਜ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ ਹੈ!"

ਜਿਸ ਤਰ੍ਹਾਂ ਦੀ ਖਿੰਡੀਪੁੰਡੀ ਜਾਣਕਾਰੀ ਹਰੇਕ ਸੰਭਵ ਤਰੀਕੇ ਨਾਲ ਮਿਲ ਰਹੀ ਸੀ, ਉਸਨੂੰ ਸੁਣਕੇ ਪੂਰੇ ਸਪੇਨ 'ਚ ਦਹਿ-ਹਜ਼ਾਰਾਂ ਲੋਕ ਸਚਾਈ ਜਾਨਣ ਅਤੇ ਸਰਕਾਰ ਤੇ ਗਣਰਾਜ ਪ੍ਰਤੀ ਦੇਸ਼ਭਗਤ ਇਕਮੁੱਠਤਾ ਦਰਸਾਉਣ ਲਈ ਸੜਕਾਂ 'ਤੇ ਆ ਗਏ। ਜਿਹੜੀਆਂ ਸਿਆਸੀ ਅਤੇ ਮਜ਼ਦੂਰ ਜਥੇਬੰਦੀਆਂ ਲੋਕ ਮੁਹਾਜ਼ ਵਿਚ ਸ਼ਾਮਲ ਸਨ ਅਤੇ ਜਿਹੜੀਆਂ ਮੈਂਬਰ ਨਹੀਂ ਵੀ ਸਨ, ਇਨ੍ਹਾਂ ਸਾਰੀਆਂ ਦੇ ਆਗੂ ਝਟਪਟ ਇਕੱਠੇ ਹੋ ਗਏ ਅਤੇ ਫ਼ੌਜ ਦੀ ਬਗ਼ਾਵਤ ਨਾਲ ਬਣੀ ਸਿਰੇ ਦੀ ਗੰਭੀਰ ਹਾਲਤ, ਜਿਸ ਦੀ ਮਹੱਤਤਾ ਤੋਂ ਕੋਈ ਵੀ ਇਨਕਾਰੀ ਨਹੀਂ ਸੀ, ਦਾ ਮੁਕਾਬਲਾ ਕਰਨ ਲਈ ਢੁਕਵੇਂ ਕਦਮ ਚੁੱਕਣ ਵਾਸਤੇ ਸਹਿਮਤ ਹੋ ਗਏ।

ਸਿਰਫ਼ ਗਣਰਾਜ ਦੇ ਪ੍ਰਧਾਨ ਮੰਤਰੀ ਕੈਸਰਸ ਕਿਊਰਗਾ, ਜੋ ਗੈਲੀਸ਼ੀਅਨ ਵਕੀਲ ਸੀ ਅਤੇ ਖੱਬੇਪੱਖੀ ਗਣਰਾਜਵਾਦੀ ਪਾਰਟੀ ਦਾ ਮੈਂਬਰ ਸੀ, ਨੇ ਬਗ਼ਾਵਤ ਦੀ ਮਹੱਤਤਾ ਘਟਾਕੇ ਦੇਖੀ। ਰਾਸ਼ਟਰਪਤੀ ਅਜ਼ਾਨਾ ਵੀ ਇਸੇ ਪਾਰਟੀ ਨਾਲ ਸੰਬੰਧਤ ਸੀ। ਪ੍ਰਧਾਨ ਮੰਤਰੀ ਇਸ ਨੂੰ ਉਨ੍ਹਾਂ ਫ਼ੌਜੀ ਬਗ਼ਾਵਤਾਂ ਵਰਗੀ ਬਗ਼ਾਵਤ ਹੀ ਸਮਝਦਾ ਸੀ, ਜਿਨ੍ਹਾਂ ਦਾ ਸ਼ਿਕਾਰ ਸਪੇਨ 19ਵੀਂ ਸਦੀ 'ਚ ਹੁੰਦਾ ਰਿਹਾ ਸੀ। ਇਸ ਵਜ੍ਹਾ ਕਰਕੇ ਉਸ ਦੀ ਸੋਚ ਸੀ ਕਿ ਇਸ ਬਗ਼ਾਵਤ ਨੂੰ ਸੁਖਾਲਿਆਂ ਹੀ ਨੱਪ ਦਿੱਤਾ ਜਾਵੇਗਾ।

ਪਰ ਜੋ ਕੁਝ ਮੋਰੱਕੋ 'ਚ ਵਾਪਰਿਆ, ਜਿੱਥੇ ਵਿਦੇਸ਼ੀ ਲਸ਼ਕਰ ਅਤੇ ਮੋਰੱਕੋ ਫ਼ੌਜ ਨੇ ਖ਼ਾਨਾਜੰਗੀ ਛੇੜ ਦਿੱਤੀ ਸੀ, ਇਹ ਸਾਧਾਰਣ ਫ਼ੌਜੀ ਬਗ਼ਾਵਤ ਨਹੀਂ ਸੀ।

19ਵੀਂ ਸਦੀ ਦੀਆਂ ਅਖੌਤੀ ਫ਼ੌਜੀ ਬਗ਼ਾਵਤਾਂ ਜਾਂ ਇਨਕਲਾਬੀ ਲਹਿਰਾਂ, ਜਿਵੇਂ ਲੇਸ਼ੀ, ਪੌਰਲੀਅਰ, ਟੌਰੀਜੋਸ, ਰੀਗੋ ਦੀਆਂ ਬਗ਼ਾਵਤਾਂ, ਅਤੇ ਸਤੰਬਰ 1868 ਦਾ ਇਨਕਲਾਬ, ਜਿਸਨੇ ਮਲਕਾ ਇਸਾਬੇਲਾ ਦੂਜੀ ਨੂੰ ਗੱਦੀਓਂ ਲਾਹਿਆ ਸੀ, ਇਹ ਦੇਸ਼ਭਗਤੀ 'ਚੋਂ ਜਾਂ ਸਪੇਨ ਦੀ ਮੁਕਤੀ ਤੇ ਇਸ 'ਚ ਤਰੱਕੀ ਲਿਆਉਣ ਦੀ ਤਾਂਘ 'ਚੋਂ ਭੜਕੀਆਂ ਸਨ।

1875 'ਚ ਰਜਵਾੜਾਸ਼ਾਹੀ ਦੀ ਮੁੜ-ਬਹਾਲੀ ਤੋਂ ਬਾਦ, ਫ਼ੌਜ ਦਾ ਖ਼ਾਸਾ ਹਰਮਨਪਿਆਰਾ ਅਤੇ ਅਗਾਂਹਵਧੂ ਨਾ ਰਿਹਾ ਅਤੇ ਇਹ ਰਜਵਾੜਾਸ਼ਾਹੀ ਤੇ ਹਾਕਮ ਜਮਾਤ ਦੀ ਸੇਵਾ ਕਰਨ ਵਾਲੀ ਸ਼ਾਹੀ ਫ਼ੌਜ ਅਤੇ ਸ਼ਹਿਨਸ਼ਾਹ ਦੀ ਰਖਵਾਲੀ ਬਣਕੇ ਰਹਿ ਗਈ। ਇਹ ਹੋਰ ਵੀ ਵੱਧ ਗੰਭੀਰ ਮਾਮਲਾ ਸੀ ਕਿਉਂਕਿ ਸਪੇਨ ਦੀ ਫ਼ੌਜ ਹੱਦੋਂ ਵੱਧ ਵੱਡੀ ਸੀ। ਜੰਗੇ-ਆਜ਼ਾਦੀ (1808-14, ਫਰਾਂਸ ਵਿਰੁੱਧ) ਅਤੇ ਉੱਪਰੋਥਲੀ ਖ਼ਾਨਾਜੰਗਾਂ ਨੇ ਪੜ੍ਹੇ-ਲਿਖੇ ਅਤੇ ਨੀਮ-ਬੁਰਜੂਆ ਨੌਜਵਾਨਾਂ ਦੇ ਚੋਖੇ ਹਿੱਸੇ ਨੂੰ ਫ਼ੌਜ 'ਚ ਖਿਚ ਲਿਆਂਦਾ ਸੀ। ਜਦੋਂ ਸ਼ਾਂਤੀ ਕਾਇਮ ਹੋ ਗਈ ਤਾਂ ਵੀ ਉਨ੍ਹਾਂ ਨੇ

ਸ਼ਹਿਰੀ ਜ਼ਿੰਦਗੀ ਦੀ ਆਰਥਕ ਬੇਯਕੀਨੀ 'ਚ ਮੁੜ ਜਾਣ ਨਾਲੋਂ ਫ਼ੌਜ 'ਚ ਰਹਿਕੇ ਭਾਵੇਂ ਦਰਮਿਆਨੇ ਦਰਜੇ ਦਾ, ਪਰ ਸੁੱਰਖਿਅਤ ਭਵਿੱਖ ਦਾ ਆਨੰਦ ਮਾਨਣ ਨੂੰ ਹੀ ਤਰਜੀਹ ਦਿੱਤੀ।

ਹੱਦੋਂ ਵੱਧ ਫੈਲੀ ਹੋਈ ਫ਼ੌਜ, ਜੋ ਕੌਮੀ ਬਜਟ ਉੱਤੇ ਭਾਰੀ ਬੋਝ ਸੀ, ਲੋਕ ਸੱਤਾ ਨੂੰ ਅਮਲ 'ਚ ਲਿਆਉਣ ਦੇ ਰਾਹ 'ਚ ਡਾਹਢੀ ਰੁਕਾਵਟ ਬਣ ਗਈ। ਸਦਾ ਤਾਕਤ ਵਰਤਣ ਲਈ ਤਿਆਰ ਫ਼ੌਜ ਆਪਣੀਆਂ ਤਨਖ਼ਾਹਾਂ ਤੇ ਸਹੂਲਤਾਂ 'ਤੇ ਭੋਰਾ ਰੋਕ ਲਗਾਏ ਜਾਣ ਨੂੰ ਵੀ ਮੰਨਣ ਲਈ ਤਿਆਰ ਨਹੀਂ ਸੀ।

ਜਦੋਂ ਸਪੇਨ ਕੋਲ ਕਿਊਬਾ, ਪਿਊਰਟੋਰੀਕੋ ਅਤੇ ਫਿਲੀਪਿਨਜ਼ ਦੀ ਦੌਲਤ ਲੁੱਟਣ ਲਈ ਸੀ ਤਾਂ ਇਹ ਬਸਤੀਆਂ, ਖ਼ਾਸ ਤੌਰ 'ਤੇ ਕਿਊਬਾ, ਤਰੱਕੀ ਦੇ ਸੁਪਨੇ ਲੈਣ ਵਾਲੇ ਉਤਸ਼ਾਹੀ ਫ਼ੌਜੀਆਂ ਲਈ ਬਹਿਸ਼ਤ ਹੁੰਦੀਆਂ ਸਨ। ਕਿਸੇ ਬਸਤੀ 'ਚ "ਮਿਸ਼ਨ" ਜਾਂ ਫ਼ੌਜੀ ਉੱਪ-ਦੂਤ ਵਜੋਂ ਨਿਯੁਕਤੀ ਦਰਬਾਰ ਦੀ ਖ਼ਿਦਮਤ ਅਤੇ ਰਾਜ ਮਹਿਲ ਦੀ ਖ਼ੁਸ਼ਾਮਦ ਦੇ ਸਿਲੇ ਦੇ ਤੌਰ 'ਤੇ ਕੀਤੀ ਜਾਂਦੀ ਸੀ। ਮਹਾਂ-ਨਗਰਾਂ 'ਚ ਸਰਕਾਰੀ ਅਹੁਦਿਆਂ ਦੇ ਚਾਹਵਾਨਾਂ ਨੂੰ ਬਹੁਤ ਥੋੜ੍ਹੀ ਗਿਣਤੀ 'ਚ ਰੱਖਿਆ ਜਾਂਦਾ, ਜਦੋਂਕਿ ਪਹਿਲਾਂ ਹੀ ਕੰਗਾਲ ਹੋ ਚੁੱਕੀਆਂ ਬਸਤੀਆਂ ਹਜ਼ਾਰਾਂ ਅਫ਼ਸਰਾਂ ਅਤੇ ਫ਼ੌਜੀਆਂ ਨਾਲ ਤੂੜੀਆਂ ਪਈਆਂ ਸਨ। ਟਿੱਡੀ ਦਲਾਂ ਵਾਂਗ ਇਹ ਫ਼ੌਜੀ ਬਸਤੀਆਂ ਦਾ ਗੰਨਾ, ਕੌਫ਼ੀ ਅਤੇ ਤੰਬਾਕੂ ਹੜੱਪ ਜਾਂਦੇ ਸਨ, ਅਤੇ ਇਨ੍ਹਾਂ ਨੇ ਆਪਣੀਆਂ ਜੇਬਾਂ ਭਰਕੇ ਸਥਾਨਕ ਵਸਨੀਕਾਂ ਨੂੰ ਕੰਗਾਲ ਕਰ ਦਿੱਤਾ ਸੀ।

ਸਪੇਨ-ਅਮਰੀਕਾ ਯੁੱਧ 'ਚ ਹਾਰ ਜਾਣ ਤੋਂ ਬਾਦ ਬਸਤੀਵਾਦੀ ਫ਼ੌਜਾਂ ਦੇ ਸਪੇਨ ਮੁੜ ਆਉਣ ਨਾਲ ਗੰਭੀਰ ਸਮੱਸਿਆ ਪੈਦਾ ਹੋ ਗਈ ਸੀ, ਇਸ ਨੂੰ ਸਿਰਫ਼ ਹਥਿਆਰਬੰਦ ਫ਼ੌਜਾਂ ਦੀ ਨਫ਼ਰੀ ਘਟਾਕੇ ਅਤੇ ਇਸ ਜ਼ਰੀਏ ਇਸ ਫ਼ੌਜੀ ਨਾਸੂਰ ਦਾ ਫਸਤਾ ਵੱਢਕੇ ਹੀ ਹੱਲ ਕੀਤਾ ਜਾ ਸਕਦਾ ਸੀ ਜਿਸ ਦੀ ਲਾਗ ਪੂਰੇ ਸਪੇਨ 'ਚ ਫੈਲੀ ਹੋਈ ਸੀ। ਪਰ ਬਿੱਲੀ ਦੇ ਗਲ਼ ਟੱਲੀ ਕੌਣ ਬੰਨ੍ਹੇ ? ਮਈ 1902 ਵਿਚ ਜਦੋਂ ਸ਼ਹਿਨਸ਼ਾਹ ਗੱਦੀਨਸ਼ੀਨ ਹੋਇਆ ਸੀ ਤਾਂ ਉਸਨੇ ਆਪਣੀ ਸੱਤਾ ਦਾ ਅਧਾਰ ਹੀ ਫ਼ੌਜ ਨੂੰ ਬਣਾਇਆ ਸੀ। ਸਪੇਨੀ ਸਮਾਜ ਦੀ ਨੀਂਹ ਰੱਖਣ ਸਮੇਂ ਫ਼ੌਜ ਨੂੰ ਹੋਰ ਸਾਰੀਆਂ ਸਮਾਜਿਕ ਤਾਕਤਾਂ ਮੂਹਰੇ ਜੋੜ ਦਿੱਤਾ ਗਿਆ। ਇਹ ਨੀਤੀ ਨਿਆਂ-ਪ੍ਰਬੰਧ ਨੇ ਪੱਕੀ ਕਰ ਦਿੱਤੀ। ਇਸਨੇ ਫ਼ੌਜ ਦੀ ਆਲੋਚਨਾ ਕੀਤੇ ਜਾਣ ਨੂੰ ਜੁਰਮ ਦਾ ਦਰਜਾ ਦੇ ਦਿੱਤਾ; ਅਤੇ ਆਮ ਅਦਾਲਤਾਂ ਤੋਂ ਲੈ ਕੇ ਫ਼ੌਜੀ ਅਦਾਲਤਾਂ ਤੱਕ ਦੇ ਅੰਦਰੋਂ ਫ਼ੌਜ ਦੇ ਖ਼ਿਲਾਫ਼ ਜੁਰਮ ਦੇ ਦੋਸ਼ ਹਟਾ ਦਿੱਤੇ ਗਏ। ਕਿਹੜਾ ਸਰਕਾਰੀ ਆਗੂ ਇਹ ਸਲਾਹ ਦੇ ਕੇ ਆਪਣਾ ਸਿਆਸੀ ਭਵਿੱਖ ਤੇ ਇੱਥੋਂ ਤੱਕ ਕਿ ਆਪਣੀ ਜਾਨ ਖ਼ਤਰੇ 'ਚ ਪਾਉਂਦਾ ਕਿ ਫ਼ੌਜ ਦੀਆਂ ਮੁਰਦਾ ਜਾਂ ਫਜ਼ੂਲ ਸ਼ਾਖਾਵਾਂ ਛਾਂਗ ਦਿੱਤੀਆਂ ਜਾਣ ਅਤੇ ਇਸ ਨੂੰ ਕੌਮੀ ਰੱਖਿਆ ਦੀ ਉਚੇਚੀ ਸੇਵਾ ਕਰਨ ਵਾਲੀ ਕਾਰਜ-ਕੁਸ਼ਲ ਫ਼ੌਜ ਬਣਾਇਆ ਜਾਵੇ ? ਜਿਵੇਂ ਫਰਨਾਂਡੇਜ਼ ਅਲਮੈਗਰੋ ਨੇ *ਅਲਫੌਂਸੋ ਅੱਠਵੇਂ ਦੇ ਰਾਜ ਦਾ ਇਤਹਾਸ* 'ਚ ਲਿਖਿਆ: "ਕੌਮੀ ਜੀਵਨ ਉੱਪਰ ਸ਼ਹਿਨਸ਼ਾਹ ਅਤੇ ਫ਼ੌਜ ਰਾਜ ਕਰਦੇ ਹਨ। ਮੁਕਾਬਲਤਨ ਨਵੀਆਂ ਸਮਾਜਿਕ ਤਾਕਤਾਂ, ਧਨਾਢਤੰਤਰ, ਅਧਿਕਾਰੀ, ਪ੍ਰੈੱਸ, ਸਾਰੇ ਇਕ ਹੀ ਤਾਕਤ ਦੀ ਖ਼ਿਦਮਤ ਕਰਦੇ ਹਨ ਅਤੇ ਇਕ ਦੂਜੇ ਦੀ ਨਕਲ ਕਰਦੇ ਹਨ, ਇਨ੍ਹਾਂ ਦੋਵਾਂ ਦੇ ਅਧੀਨ ਹੁੰਦੇ ਹਨ ਜਾਂ ਦੋਵੇਂ ਲੁੱਟਮਾਰ ਕਰਦੇ ਹਨ।"

ਰਜਵਾੜਾਸ਼ਾਹੀ ਹੇਠ ਸਾਰੀਆਂ ਹੀ ਸਰਕਾਰਾਂ ਨੂੰ ਹੱਦੋਂ ਵੱਧ ਵੱਡੀ ਫ਼ੌਜ ਵਿਰਸੇ 'ਚ ਮਿਲੀ ਸੀ। ਸਮੱਸਿਆਵਾਂ ਤੋਂ ਬਚਣ ਲਈ, ਇਨ੍ਹਾਂ ਸਾਰੀਆਂ ਨੇ ਇਸ ਨੂੰ ਤੇਜ਼ੀ ਨਾਲ ਵਧਣ ਦਿੱਤਾ ਅਤੇ ਇਹ ਹੋਰ ਵੱਡੀ ਹੁੰਦੀ ਗਈ। ਕਿਉਂਕਿ ਉਹ ਫ਼ੌਜੀ ਨਾਸੂਰ ਦਾ ਇਲਾਜ਼ ਚੀਰਫਾੜ ਕਰਕੇ

ਕਰਨ ਦੀ ਬਜਾਏ ਆਪ ਹੀ ਗਰਮ ਫਹੇ ਲਾ ਕੇ ਕਰਨ ਤੱਕ ਸੀਮਤ ਸਨ, ਇਸ ਕਰਕੇ ਨਾਸੂਰ ਹੋਰ ਵਿਗੜਦਾ ਗਿਆ।

ਜਿੱਥੋਂ ਤੱਕ ਮੋਰੱਕੋ ਦਾ ਸੰਬੰਧ ਸੀ, ਮਹਾਂ-ਸ਼ਕਤੀਆਂ ਨੇ ਅਫ਼ਰੀਕਾ ਦੇ ਉੱਤਰ 'ਚ ਸਪੇਨ ਨੂੰ ਇਕ ਇਲਾਕਾ ਛੱਡ ਦਿੱਤਾ ਸੀ। ਇਹ ਇਲਾਕਾ ਇਨ੍ਹਾਂ ਮਹਾਂ-ਸ਼ਕਤੀਆਂ ਦਾ ਨਹੀਂ ਸੀ। ਮੋਰੱਕੋ ਦੇ ਲੋਕਾਂ ਤੋਂ ਖੋਹੇ ਤੇ ਸਪੇਨ ਨੂੰ ਦਿੱਤੇ ਇਸ ਪਰਾਏ ਇਲਾਕੇ ਦੀ ਰਾਖੀ ਲਈ ਸਪੇਨ ਨੂੰ ਅਖੌਤੀ ਸੁਰੱਖਿਆ ਹੇਠਲੇ ਰਾਜ 'ਤੇ ਪਹਿਰਾ ਦੇਣ ਲਈ ਫ਼ੌਜ ਚਾਹੀਦੀ ਸੀ। ਇਸ ਫ਼ੌਜ ਨੂੰ ਸਪੇਨੀ ਲੋਕਾਂ ਦੀ ਇੱਛਾ ਦੇ ਉਲਟ ਮੋਰੱਕੋ ਦੇ ਉੱਤਰ 'ਚ ਜਬਰੀ ਬਿਠਾਇਆ ਹੋਇਆ ਸੀ। ਮੋਰੱਕੋ ਦੇ ਲੋਕਾਂ ਨੇ ਇਸ ਫ਼ੌਜੀ ਮੁਹਿੰਮ ਵਿਰੁੱਧ ਕਈ ਵਾਰ ਬਗ਼ਾਵਤ ਕੀਤੀ ਸੀ।

ਫ਼ੌਜ ਦੀ ਹਿਫਾਜ਼ਤ ਵਾਲਾ ਰਾਜ ਕਾਇਮ ਕਰਨ ਲਈ ਹਜ਼ਾਰਾਂ ਫ਼ੌਜੀ ਮੋਰੱਕੋ ਭੇਜੇ ਗਏ ਸਨ। ਸਿੱਟੇ ਵਜੋਂ, ਮੋਰੱਕੋ ਸਵਾਲ ਦਾ ਕੋਈ ਸ਼ਾਂਤਮਈ ਜਾਂ ਸਿਆਸੀ ਹੱਲ ਸੰਭਵ ਨਹੀਂ ਸੀ ਕਿਉਂਕਿ ਸਾਮਰਾਜੀ ਮਨਸੂਬੇਬਾਜ਼ ਸ਼ਹਿਨਸ਼ਾਹ, ਫਰਾਂਕੋ ਨੇ ਇਹੀ ਮਨਸੂਬੇ ਅਪਣਾਏ, ਅਤੇ ਫ਼ੌਜ ਹੱਲ ਦੇ ਖਿਲਾਫ਼ ਸੀ। ਜੀ. ਮੌਰੇਅ ਗੋਮਾਜ਼ੋ ਨੇ *ਤਾਨਾਸ਼ਾਹੀ ਦਾ ਸੰਖੇਪ ਇਤਿਹਾਸਕ ਖ਼ਾਕਾ* ਵਿਚ ਲਿਖਿਆ: "ਸਪੇਨੀ ਹਿਫਾਜ਼ਤ ਹੇਠਲਾ ਰਾਜ, ਜਿਵੇਂ ਕੌਮਾਂਤਰੀ ਸੰਧੀਆਂ ਰਾਹੀਂ ਬਣਾਇਆ ਗਿਆ, ਸ਼ੁਰੂ 'ਚ ਇਹ ਅਸੰਭਵ ਸੰਕਲਪ ਸੀ। ਪਰ ਸੰਗੀਨਾਂ ਦੀ ਵਰਤੋਂ ਨੇ ਘਾਲ਼ਾ-ਮਾਲ਼ਾ ਕਰਕੇ ਇਸ ਨੂੰ ਫ਼ੌਜੀ ਜਿੱਤ ਬਣਾ ਦਿੱਤਾ।"

ਮੋਰੱਕੋ ਦੀ ਹਾਲਤ, ਜੋ ਜਾਨਾਂ ਅਤੇ ਪੈਸੇ ਦਾ ਪੱਕਾ ਖੌਅ ਸੀ, ਦਾ ਪ੍ਰਭਾਵ ਕੌਮੀ ਦ੍ਰਿਸ਼ 'ਤੇ ਭਾਰੂ ਸੀ। ਇਸ ਨੇ ਫ਼ੌਜ ਦੇ ਸ਼ਾਹੀ ਰਖਵਾਲੇ ਵਾਲੇ ਖ਼ਾਸੇ ਨੂੰ ਪੱਕੇ ਪੈਰੀਂ ਕਰ ਦਿੱਤਾ ਸੀ। ਮੋਰੱਕੋ ਵਾਲੀ ਫ਼ੌਜ ਦੇ ਮਾਮਲੇ 'ਚ ਇਹ ਵਿਸ਼ੇਸ਼ ਤੌਰ 'ਤੇ ਸੱਚ ਸੀ, ਜਿਸ ਦੇ ਜਰਨੈਲਾਂ ਦੀ ਅਲਫੌਂਸੋ ਅੱਠਵਾਂ ਬਹੁਤ ਜ਼ਿਆਦਾ ਕਦਰ ਕਰਦਾ ਸੀ। ਉਸ ਨੇ ਉਨ੍ਹਾਂ ਉੱਪਰ ਤਰੱਕੀਆਂ ਅਤੇ ਸਹੂਲਤਾਂ ਦੀ ਝੜੀ ਲਾ ਦਿੱਤੀ। ਇਹ ਫ਼ੌਜ ਦੇ ਹੋਰ ਹਿੱਸਿਆਂ 'ਚ ਬੇਚੈਨੀ ਤੇ ਰੋਸ ਦਾ ਕਾਰਣ ਬਣੀ ਅਤੇ ਇਸਨੇ ਥੋਕ ਬੇਚੈਨੀ ਪੈਦਾ ਕੀਤੀ।

ਅਜਿਹਾ ਹੈ ਉਨ੍ਹਾਂ "ਅਫ਼ਰੀਕਣ" ਜਰਨੈਲਾਂ ਦਾ ਪਿਛੋਕੜ ਜਿਨ੍ਹਾਂ ਨੇ ਵੀਹਵੀਂ ਸਦੀ 'ਚ ਸਪੇਨ ਦੇ ਇਤਹਾਸ ਅੰਦਰ ਅਜਿਹੀ ਬਦਨਾਮ ਭੂਮਿਕਾ ਨਿਭਾਈ ਸੀ। ਇਨ੍ਹਾਂ ਦੇ ਮੱਥੇ 'ਤੇ ਮੋਰੱਕੋ ਦੀਆਂ ਜੰਗਾਂ ਅੰਦਰ ਮੈਲਿਲਾ, ਬੇਰੈਂਸੋ ਡੈੱਲ ਲੋਬੋ, ਮੌਂਟੀ ਅਰੂਇਟ ਅਤੇ ਐਨੂਇਲ ਦੀਆਂ ਭਿਆਨਕ ਤਬਾਹੀਆਂ ਦੇ ਕਲੰਕ ਲੱਗੇ ਹੋਏ ਹਨ ਜਿਸ ਦੀ ਕੀਮਤ ਸਪੇਨ ਨੂੰ ਹਜ਼ਾਰਾਂ ਫ਼ੌਜੀਆਂ ਦੀਆਂ ਜਾਨਾਂ ਦੇ ਕੇ ਚੁਕਾਉਣੀ ਪਈ। ਇਨ੍ਹਾਂ ਨੂੰ ਭਰਤੀ ਤਾਂ ਪੂਰੇ ਦੇਸ਼ ਲਈ ਲੜਨ ਦੇ ਉਦੇਸ਼ ਵਾਸਤੇ ਕੀਤਾ ਗਿਆ ਸੀ, ਪਰ ਇਹ "ਅਲਫੌਂਸੋ ਅਫ਼ਰੀਕੀ" ਅਤੇ ਉਸਦੇ ਸ਼ਾਹੀ ਜਰਨੈਲਾਂ ਦੀ ਬੀਮਾਰ ਬਸਤੀਵਾਦੀ ਝੂਠੀ ਸ਼ਾਨ ਦੀ ਸੰਤੁਸ਼ਟੀ ਲਈ ਕੰਮ ਕਰ ਰਹੀਆਂ ਸਨ, ਜਿਨ੍ਹਾਂ 'ਚ ਜਨਰਲ ਫਰਾਂਕੋ ਵੀ ਸ਼ਾਮਲ ਸੀ।

ਇਨ੍ਹਾਂ ਅਫ਼ਰੀਕਣ ਜਰਨੈਲਾਂ, ਜਿਨ੍ਹਾਂ ਨੇ ਨਾ ਸਪੇਨ ਨੂੰ ਕੋਈ ਨੇਕਨਾਮੀ ਖੱਟ ਕੇ ਦਿੱਤੀ ਸੀ ਤੇ ਨਾ ਇਸ ਦਾ ਕੋਈ ਫ਼ਾਇਦਾ ਕੀਤਾ ਸੀ, ਨੇ ਗਣਰਾਜ ਦੇ ਵਿਰੁੱਧ ਹਥਿਆਰਬੰਦ ਬਗ਼ਾਵਤ ਦੀ ਰਾਹਨੁਮਾਈ ਕਰਕੇ ਇਸ ਨੂੰ ਜਥੇਬੰਦ ਕੀਤਾ। ਇਨ੍ਹਾਂ ਦੀ ਪਿੱਠ 'ਤੇ 1931 ਤੱਕ ਸੱਤਾਧਾਰੀ ਰਹੇ ਹਿੱਸੇ ਅਤੇ ਇਟਲੀ ਦਾ ਮਸੋਲਿਨੀ ਤੇ ਜਰਮਨੀ ਦਾ ਹਿਟਲਰ ਸਨ। ਇਨ੍ਹਾਂ ਦੀ ਦਖ਼ਲਅੰਦਾਜ਼ੀ ਨਾ ਹੁੰਦੀ ਤਾਂ ਬਗ਼ਾਵਤ ਝੱਟ ਕੁਚਲੀ ਜਾਣੀ ਸੀ।

ਬਗ਼ਾਵਤ ਨੂੰ ਸ਼ੁਰੂ 'ਚ ਹੀ ਨੱਪ ਦੇਣ ਲਈ ਕੋਈ ਉਪਰਾਲੇ ਨਹੀਂ ਕੀਤੇ ਗਏ। ਇਸ ਦੇ ਉਲਟ, ਗੈਰ-ਜ਼ਿੰਮੇਵਾਰੀ ਦੇ ਝੱਲ ਦਾ ਸ਼ਿਕਾਰ ਹੋ ਕੇ, ਸਰਕਾਰ ਨੇ ਪੈਂਪਲੋਨਾ ਵਿਚ ਹਥਿਆਰਬੰਦ ਫ਼ੌਜਾਂ ਦੇ ਕਮਾਂਡਰ ਜਰਨਲ ਮੋਲਾ ਦਾ ਨਾਂਅ ਇਸ ਨਾਲ ਜੋੜ ਦਿੱਤਾ। ਇਸ ਤਰ੍ਹਾਂ ਨਵਾਰੇ 'ਚ ਰਾਜਪਲਟੇ ਦਾ ਰਾਹ ਪੱਧਰਾ ਕਰ ਦਿੱਤਾ ਗਿਆ। ਇਸ ਨਾਲ ਬਗ਼ਾਵਤ ਨੂੰ ਫ਼ਸਾਦੀ ਗਰੋਹਾਂ ਦੀ ਤਾਕਤ ਹਾਸਲ ਹੋ ਗਈ, ਜਿਸ ਤੋਂ ਬਗ਼ੈਰ ਫਰਾਂਕੋ ਲਈ ਲੜਾਈ ਜਾਰੀ ਰੱਖਣਾ ਬਹੁਤ ਮੁਸ਼ਕਲ ਹੋਣਾ ਸੀ।

ਬਗ਼ਾਵਤ ਹੋ ਜਾਣ 'ਤੇ ਘੰਟਿਆਂ ਬੱਧੀ ਸਰਕਾਰ ਨੂੰ ਹਾਲੇ ਵੀ ਵਿਸ਼ਵਾਸ ਸੀ ਕਿ ਇਹ ਘਟਨਾਵਾਂ ਉੱਤੇ ਕਾਬੂ ਪਾ ਲਵੇਗੀ, ਅਤੇ ਇਸ ਨੇ ਹਾਲਤ ਬਾਰੇ ਜਿਹੜਾ ਸਰਕਾਰੀ ਬਿਆਨ ਜਾਰੀ ਕੀਤਾ, ਉਹ ਤੱਥਾਂ 'ਤੇ ਅਧਾਰਤ ਨਹੀਂ ਸੀ। ਇਹ ਬਿਆਨ ਦੇਖਕੇ ਹਰ ਕਿਸੇ ਨੇ ਕਚੀਚੀਆਂ ਵੱਟੀਆਂ ਸਨ।

ਸਾਰੀਆਂ ਪਾਰਟੀਆਂ ਦੇ ਆਗੂ ਆਪੋ-ਆਪਣੇ ਘਰੀਂ ਚੁਕੰਨੇ ਬੈਠੇ, ਖ਼ਬਰਾਂ ਸੁਣ ਰਹੇ ਸਨ ਤੇ ਕਾਰਵਾਈ ਉਡੀਕ ਰਹੇ ਸਨ। ਲੋਕ ਲੜਾਈ ਲਈ ਤਿਆਰੀਆਂ 'ਚ ਜੁੱਟੇ ਹੋਏ ਸਨ। ਹਦਾਇਤਾਂ ਚਾਹੁੰਦੇ ਅਤੇ ਹਥਿਆਰ ਮੰਗਦੇ ਮਜ਼ਦੂਰਾਂ ਦੇ ਹਜੂਮਾਂ ਨੇ ਸਾਰੀਆਂ ਜਥੇਬੰਦੀਆਂ ਦੇ ਮੀਟਿੰਗ ਭਵਨਾਂ 'ਚ ਝੁਰਮਟ ਪਾਇਆ ਹੋਇਆ ਸੀ।

ਲੋਕ ਮੁਹਾਜ਼ ਦੇ ਨੁਮਾਇੰਦਿਆਂ ਨੇ ਮਜ਼ਦੂਰਾਂ ਦੀ ਮਿਲੀਸ਼ੀਆ ਨੂੰ ਹਥਿਆਰਬੰਦ ਕਰਨ ਦੀ ਮੰਗ ਕੀਤੀ। ਕੈਸਰਸ ਨੇ ਕਹਿ ਦਿੱਤਾ ਕਿ ਉਹ ਨਹੀਂ ਸੋਚਦਾ ਕਿ ਇਹ ਜ਼ਰੂਰੀ ਸੀ, ਕਿਉਂਕਿ ਹਾਲਤ ਨੂੰ ਸੰਭਾਲਣ ਲਈ ਸਰਕਾਰ ਖ਼ੁਦ ਬਥੇਰੀ ਮਜ਼ਬੂਤ ਸੀ।

ਜਿਉਂ ਹੀ ਕੁਝ ਘੰਟੇ ਗੁਜ਼ਰੇ, ਖ਼ਬਰਾਂ ਹੋਰ ਭਿਆਨਕ ਬਣਦੀਆਂ ਗਈਆਂ। ਰਿਪੋਰਟਾਂ ਇਹ ਆ ਰਹੀਆਂ ਸਨ ਕਿ ਅਫ਼ਰੀਕਾ ਵਿਚਲੇ ਸਪੇਨੀ ਕਬਜ਼ੇ ਵਾਲੇ ਸਾਰੇ ਇਲਾਕੇ ਬਾਗ਼ੀਆਂ ਦੇ ਕੰਟਰੋਲ 'ਚ ਸਨ, ਕਿ ਵਲਾਡੋਲਿਡ ਅਤੇ ਪਾਲੈਂਸੀਆ ਬਗ਼ਾਵਤ 'ਚ ਸ਼ਾਮਲ ਹੋ ਗਏ ਸਨ, ਕਿ ਬਰਗੋਸ, ਅਵੀਲਾ ਅਤੇ ਗਲੀਸ਼ੀਆ ਉੱਤੇ ਬਾਗ਼ੀਆਂ ਨੇ ਕਬਜ਼ਾ ਕਰ ਲਿਆ ਸੀ, ਕਿ ਮੈਡਰਿਡ ਅਤੇ ਬਾਰਸੀਲੋਨਾ ਦੇ ਫ਼ੌਜੀ ਅੱਡਿਆਂ ਅੰਦਰ ਕੁਝ ਅਜੀਬ ਜਿਹਾ ਵਾਪਰ ਰਿਹਾ ਸੀ।

ਆਖ਼ਿਰ ਸਰਕਾਰ ਨੂੰ ਮੰਨਣਾ ਪਿਆ ਕਿ ਇਹ ਹੁਣ ਹਾਲਤ ਨਾਲ ਨਜਿੱਠ ਨਹੀਂ ਸਕਦੀ। ਲੋਕਾਂ ਵੱਲੋਂ ਹਥਿਆਰਾਂ ਲਈ ਰੌਲਾ ਪਾਉਣ ਅਤੇ ਲੋਕ ਮੁਹਾਜ਼ ਦੀਆਂ ਜਥੇਬੰਦੀਆਂ ਦੇ ਦਬਾਅ ਹੇਠ ਸਰਕਾਰ ਮਜ਼ਦੂਰਾਂ ਨੂੰ ਹਥਿਆਰਬੰਦ ਕਰਨ ਲਈ ਮਜਬੂਰ ਹੋ ਗਈ। ਕੈਸਰਸ ਕਿਊਰਗਾ ਨੇ ਗਣਰਾਜ ਦੇ ਰਾਸ਼ਟਰਪਤੀ ਨੂੰ ਅਸਤੀਫ਼ਾ ਭੇਜ ਦਿੱਤਾ।

ਜਦੋਂ ਸਿਆਸੀ ਸੰਕਟ ਸੁਲਝਾਇਆ ਜਾ ਰਿਹਾ ਸੀ, ਉਸ ਸਮੇਂ ਮਜ਼ਦੂਰਾਂ ਦੀ ਮਿਲੀਸ਼ੀਆ ਅਤੇ ਗਣਰਾਜ ਪ੍ਰਤੀ ਵਫ਼ਾਦਾਰ ਅਸਾਲਟ ਗਾਰਡਾਂ ਨੇ ਸ਼ਹਿਰ ਦੀਆਂ ਸਾਰੀਆਂ ਯੁੱਧਨੀਤਕ ਥਾਵਾਂ 'ਤੇ ਕਬਜ਼ੇ ਕਰ ਲਏ। ਮੈਡਰਿਡ, ਅਤੇ ਅਸਲ ਵਿਚ ਤਾਂ ਗਣਰਾਜ ਪੱਖੀ ਪੂਰੇ ਸਪੇਨ 'ਚ ਇਕੋ ਗੂੰਜ ਸੁਣਾਈ ਦਿੰਦੀ ਸੀ: "ਹਥਿਆਰ! ਹਥਿਆਰ!"

ਟਰੱਕ, ਬੱਸਾਂ, ਟੈਕਸੀਆਂ ਤੇ ਕਾਰਾਂ ਖ਼ਤਰਨਾਕ ਰਫ਼ਤਾਰ ਨਾਲ ਸ਼ਹਿਰ ਵਿਚੋਂ ਦੀ ਉਨ੍ਹਾਂ ਮਜ਼ਦੂਰਾਂ ਲਈ ਹਥਿਆਰ ਲੈ ਕੇ ਲੰਘ ਰਹੀਆਂ ਸਨ ਜੋ ਬੰਦੂਕਾਂ ਚੁੱਕਣ ਲਈ ਨੌਕਰੀਆਂ ਛੱਡ ਰਹੇ ਸਨ।

ਸਰਕਾਰ ਵੱਲੋਂ ਰੇਡੀਓ ਪ੍ਰਸਾਰਨ ਰਾਹੀਂ ਐਲਾਨ ਕੀਤਾ ਗਿਆ ਕਿ ਕਈ ਥਾਵਾਂ 'ਤੇ ਬਗ਼ਾਵਤ ਕੁਚਲ ਦਿੱਤੀ ਗਈ ਸੀ। ਲੋਕ ਖ਼ੁਸ਼ੀ ਨਾਲ ਖੀਵੇ ਸਨ।

18 ਜੁਲਾਈ ਦੀ ਸ਼ਾਮ ਨੂੰ, ਮੈਂ ਗ੍ਰਹਿ ਮੰਤਰਾਲੇ ਦੇ ਰੇਡੀਓ ਸਟੇਸ਼ਨ ਤੋਂ ਕਮਿਊਨਿਸਟ ਪਾਰਟੀ ਵੱਲੋਂ ਤਕਰੀਰ ਕੀਤੀ: "ਗੋਡਣੀਏ ਹੋ ਕੇ ਜਿਊਣ ਨਾਲੋਂ ਪੈਰਾਂ 'ਤੇ ਖੜੋਕੇ ਮਰਨਾ ਬਿਹਤਰ ਹੈ। No Pasaran! (ਅੱਗੇ ਨਹੀਂ ਜਾਣ ਦਿਆਂਗੇ)।" ਇਸ ਸਮੇਂ ਤੋਂ, "ਅੱਗੇ ਨਹੀਂ ਜਾਣ ਦਿਆਂਗੇ" ਦਾ ਨਾਅਰਾ ਟਾਕਰਾ ਲਹਿਰ ਦਾ ਜੰਗੀ ਲਲਕਾਰਾ ਬਣ ਗਿਆ।

ਹਰ ਕੋਈ ਤਣਾਅ ਦਾ ਸ਼ਿਕਾਰ ਅਤੇ ਘਬਰਾਇਆ ਹੋਇਆ ਸੀ। ਮੈਡਰਿਡ ਅਤੇ ਸਪੇਨ ਦੇ ਸਾਰੇ ਅਹਿਮ ਸ਼ਹਿਰਾਂ ਤੇ ਕਸਬਿਆਂ ਦੀਆਂ ਗਲੀਆਂ ਫ਼ੌਜੀ ਖੇਮੇ ਬਣ ਗਈਆਂ। ਕਿਸੇ ਗਲੀ ਤੋਂ ਲਾਂਭੇ ਜਾਣ ਦਾ ਮਤਲਬ ਸੀ ਇਹ ਦੁਸ਼ਮਣ ਨੂੰ ਸੌਂਪ ਦੇਣਾ, ਜੋ ਹਰ ਥਾਂ ਘਾਤ ਲਾਈ ਬੈਠਾ ਸੀ। ਹਥਿਆਰਬੰਦ ਔਰਤਾਂ ਦੇ ਦ੍ਰਿਸ਼ ਵੇਖਕੇ ਹਰ ਕੋਈ ਤਾਰੀਫ਼ਾਂ ਕਰਦਾ ਅਤੇ ਸ਼ਾਬਾਸ਼ ਕਹਿ ਉੱਠਦਾ।

[25]

## ਸੈਨਿਕ

ਕੈਸਰਸ ਕਿਊਰਗਾ ਦੇ ਅਸਤੀਫ਼ੇ ਤੋਂ ਬਾਦ 19 ਜੁਲਾਈ ਨੂੰ ਸਵੇਰੇ ਸੁਵੱਖਤੇ, ਸਪੇਨ ਨੂੰ ਸੂਚਨਾ ਦਿੱਤੀ ਗਈ ਕਿ ਇਕ ਨਵੀਂ, ਨਵੇਕਲੀ ਸੱਜੇਪੱਖੀ ਹਕੂਮਤ ਬਣਾ ਦਿੱਤੀ ਗਈ ਸੀ, ਜਿਸ ਦਾ ਮੁਖੀ ਮਾਰਟੀਨੇਜ਼ ਬਾਰੀਓ ਸੀ। ਮੰਤਰੀ-ਮੰਡਲ ਦਾ ਇਕ ਮੈਂਬਰ ਸੈਂਚੇਜ਼ ਰੋਮਨ ਸੀ, ਜਿਸ ਨੇ ਇਕ ਸਮੇਂ ਲੋਕ-ਮੁਹਾਜ਼ 'ਚ ਸ਼ਾਮਲ ਹੋਣੋ ਇਨਕਾਰ ਕਰ ਦਿੱਤਾ ਸੀ।

ਜਨਤਾ 'ਚ ਗੁੱਸੇ ਦੀ ਲਹਿਰ ਫੈਲ ਗਈ। ਉਹ ਤਾਂ ਗਣਰਾਜ ਦੀ ਖ਼ਾਤਰ ਲੜਨ-ਮਰਨ ਲਈ ਤਿਆਰ ਸੀ, ਉਸ ਦੇ "ਓਹ ਗ਼ਦਾਰੋ!" ਦੇ ਲਲਕਾਰੇ ਸੁਣਾਈ ਦੇਣ ਲੱਗੇ।

ਕੀ ਲੋਕਾਂ ਦੇ ਹੱਥਾਂ 'ਚੋਂ ਹਥਿਆਰ ਸੁਟਵਾ ਦਿੱਤੇ ਜਾਣਗੇ? ਗੋਡੇਟੇਕੂ ਸਰਕਾਰ? ਨਹੀਂ। ਹਜ਼ਾਰ ਵਾਰ ਨਹੀਂ! ਰੋਸ-ਮੁਜ਼ਾਹਰੇ ਜਵਾਰਭਾਟੇ ਵਾਂਗ ਗਣਰਾਜ ਦੇ ਰਾਸ਼ਟਰਪਤੀ ਤੱਕ ਜਾ ਪਹੁੰਚੇ। ਅਜ਼ਾਨਾ ਡਰਿਆ ਹੋਇਆ ਸੀ। ਜਿਹੜੀ ਸਰਕਾਰ ਹੁਣੇ ਜੰਮੀ ਸੀ, ਉਹ ਮੁਰਦਾ ਸੀ। ਲੋਕਾਂ ਨੇ ਸਹਿਜ-ਸੁਭਾਅ ਹੀ ਮਹਿਸੂਸ ਕਰ ਲਿਆ ਸੀ ਕਿ ਮਾਰਟੀਨੇਜ਼ ਹਕੂਮਤ ਉਸ ਤਰ੍ਹਾਂ ਦੀ ਨਹੀਂ ਹੈ ਜੋ ਗਣਰਾਜ ਦੀ ਖ਼ਾਤਰ ਲੜਾਈ ਨੂੰ ਅਗਵਾਈ ਦੇ ਸਕੇ। ਮਜ਼ਦੂਰ ਗੋਡੇ ਟੇਕਣ ਲਈ ਤਿਆਰ ਨਹੀਂ ਸਨ।

ਚੌਵੀ ਘੰਟਿਆਂ ਦੇ ਅੰਦਰ, ਸਪੇਨ ਦੇ ਲੋਕਾਂ ਨੇ ਆਪਣੇ ਅੰਦਰ ਝਾਤ ਮਾਰੀ ਅਤੇ ਆਪਣੀ ਤਾਕਤ ਦੀ ਥਾਹ ਪਾ ਲਈ। ਨਵੀਂ ਸਰਕਾਰ ਹੁਣ ਖ਼ਤਮ ਸੀ, ਲੋਕਾਂ ਨੇ ਇਸ ਨੂੰ ਦਬੱਲ ਦਿੱਤਾ ਸੀ ਜੋ ਆਪਣੀ ਗੱਲ ਕਹਿਣ ਦਾ ਹੱਕ ਰੱਖਦੇ ਸਨ। ਇਸ ਝਲਕ ਤੋਂ ਕੁਝ ਘੰਟੇ ਬਾਦ ਮਾਰਟੀਨੇਜ਼ ਹਕੂਮਤ ਨੇ ਅਸਤੀਫ਼ਾ ਦੇ ਦਿੱਤਾ, ਕੈਸਰਸ ਕਿਊਰਗਾ ਮੰਤਰੀ-ਮੰਡਲ ਨਾਲ ਮਿਲਦੀ-ਜੁਲਦੀ ਇਕ ਹੋਰ ਸਰਕਾਰ ਬਣਾ ਦਿੱਤੀ ਗਈ, ਜਿਸ ਵਿਚ ਖੱਬੇਪੱਖੀ ਗਣਰਾਜਵਾਦੀ ਗਿਰਲ ਰਾਸ਼ਟਰਪਤੀ, ਜਰਨਲ ਕਾਸਟੀਲੋ ਯੁੱਧ ਮੰਤਰੀ, ਅਤੇ ਸਿਵਲ ਗਾਰਡਾਂ ਦਾ ਸਾਬਕਾ ਮੁਖੀ ਜਰਨਲ ਪੋਜ਼ਾਸ ਗ੍ਰਹਿ ਮੰਤਰੀ ਸੀ।

ਉਸ ਮੌਕੇ, ਗਿਰਲ ਸਰਕਾਰ 'ਚ ਲੋਕਾਂ ਦਾ ਭਰੋਸਾ ਸੀ, ਅਤੇ ਇਸਦੇ ਪਹਿਲੇ ਬਿਆਨਾਂ ਨਾਲ ਲੋਕਾਂ ਦੇ ਇਰਾਦਿਆਂ 'ਚ ਮੁੜ ਦ੍ਰਿੜਤਾ ਆ ਗਈ ਜੋ ਪਿਛਾਖੜ ਦੀ ਜਿੱਤ ਨੂੰ ਠੱਲਣ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਸਨ।

ਰਾਜਧਾਨੀ ਅੰਦਰ ਤਣਾਅ ਓਦੋਂ ਸਿਖਰਾਂ 'ਤੇ ਪਹੁੰਚ ਗਿਆ ਜਦੋਂ 19 ਜੁਲਾਈ ਦੀ ਸ਼ਾਮ ਨੂੰ ਖ਼ਬਰ ਆ ਗਈ ਕਿ ਮੈਡਰਿਡ ਦੇ ਉੱਪ-ਸ਼ਹਿਰੀ ਇਲਾਕਿਆਂ—ਕੈਰਾਬਨਸ਼ੇਲ, ਲੀਗੇਨਜ਼, ਗੇਟਾਫ਼ੀ, ਵਗੈਰਾ—ਦੇ ਫ਼ੌਜੀ ਅੱਡਿਆਂ ਨੇ ਬਗ਼ਾਵਤ ਕਰ ਦਿੱਤੀ ਹੈ ਅਤੇ ਇਹ ਗਲੀਆਂ 'ਚ ਲੜਨ ਦੀ ਤਿਆਰੀ ਕਰ ਰਹੇ ਸਨ।

ਮੈਡਰਿਡ ਦੇ ਕੇਂਦਰ ਵਿਚਲੀਆਂ ਮੌਨਟਾਨਾ ਬੈਰਕਾਂ ਦੇ ਅੰਦਰੋਂ ਫ਼ੌਜੀ ਅਤੇ ਫਲਾਂਗੇਵਾਦੀ, ਨਾਲ ਲੱਗਦੀਆਂ ਗਲੀਆਂ 'ਚ ਮਜ਼ਦੂਰਾਂ ਦੀਆਂ ਟੋਲੀਆਂ ਉੱਪਰ ਗੋਲੀਆਂ ਵਰ੍ਹਾ ਰਹੇ ਸਨ। ਜਿਉਂ-ਜਿਉਂ ਬਾਗ਼ੀਆਂ ਦੇ ਕਬਜ਼ਾ ਕਰ ਲੈਣ ਦਾ ਖ਼ਤਰਾ ਵਧਦਾ ਗਿਆ, ਤਿਉਂ ਹੀ ਲੜਨ ਦੇ ਇਰਾਦੇ ਦ੍ਰਿੜ ਹੁੰਦੇ ਗਏ।20 ਜੁਲਾਈ ਨੂੰ ਫਾਇਰਾਂ ਦੇ ਖੜਾਕ ਨਾਲ ਮੈਡਰਿਡ ਦੀ ਜਾਗ ਖੁੱਲ੍ਹ ਗਈ। ਮਿਲੀਸ਼ੀਆ ਅਤੇ ਗਣਰਾਜ ਦੀਆਂ ਵਫ਼ਾਦਾਰ ਤਾਕਤਾਂ ਬਾਗ਼ੀਆਂ ਨੂੰ ਦਬੱਲਣ ਲਈ ਮੌਨਟਾਨਾ ਬੈਰਕਾਂ ਦੇ ਅੰਦਰ ਲੜ ਰਹੀਆਂ ਸਨ। ਚੋਟੀ ਦੇ ਬਹਾਦਰ ਯੋਧਿਆਂ 'ਚੋਂ ਇਕ ਸੀ, ਮਿਲੀਸ਼ੀਆ ਮੈਂਬਰ ਬਰਜ਼ਾਨਾ, ਜੋ ਸਕੂਲ ਅਧਿਆਪਕ ਸੀ, ਜਿਸ ਨੇ 1934 'ਚ ਅਕਤੂਬਰ ਬਗ਼ਾਵਤ ਅੰਦਰ ਸਰਗਰਮੀ ਨਾਲ ਹਿੱਸਾ ਲਿਆ ਸੀ।

ਦੋ ਪੁਰਾਣੀਆਂ ਤੋਪਾਂ ਖਿੱਚਕੇ ਪਲਾਜ਼ਾ ਡੀ ਐਸਪਾਨਾ ਦੇ ਨੇੜੇ ਬੀੜ ਦਿੱਤੀਆਂ ਗਈਆਂ ਸਨ, ਪਰ ਉਨ੍ਹਾਂ ਦੇ ਗੋਲੇ ਬਿਨਾ ਨੁਕਸਾਨ ਕੀਤੇ ਬਾਗ਼ੀਆਂ ਦੇ ਗੜ੍ਹ ਦੀਆਂ ਕੰਧਾਂ ਦੇ ਪਾਰ ਡਿੱਗ ਰਹੇ ਸਨ।

ਬਾਗ਼ੀਆਂ ਦੇ ਗੜ੍ਹ ਦੀਆਂ ਖਿੜਕੀਆਂ ਵਿਚੋਂ ਸਫੈਦ ਝੰਡੇ ਕਈ ਵਾਰ ਲਹਿਰਾਏ ਗਏ। ਜਦੋਂ ਗਣਰਾਜਵਾਦੀ ਮਿਲੀਸ਼ੀਆ ਵਾਲੇ ਬਾਹਰ ਆਕੇ ਇਸ ਆਤਮ-ਸਮਰਪਣ ਨੂੰ ਕਬੂਲ ਕਰਨ ਲਈ ਅੱਗੇ ਵਧੇ ਤਾਂ ਉਨ੍ਹਾਂ ਦਾ ਸਵਾਗਤ ਮਸ਼ੀਨਗੰਨ ਦੀਆਂ ਗੋਲੀਆਂ ਦੀ ਬੁਛਾੜ ਨਾਲ ਕੀਤਾ ਗਿਆ।ਮੁਹਾਰਤ ਨਾਲ ਸ਼ਿਸਤ ਸੇਧਕੇ, ਗਣਰਾਜ ਦੇ ਇਕ ਹਵਾਈ-ਜਹਾਜ਼ ਨੇ ਇਸ ਗੜ੍ਹ ਉੱਪਰ ਕਈ ਬੰਬ ਸੁੱਟ ਦਿੱਤੇ।ਇਸ ਜ਼ੁਅਰਤਮੰਦ ਕਾਰਵਾਈ ਨਾਲ ਬਾਗ਼ੀਆਂ ਅੰਦਰ ਬੇਤਹਾਸ਼ਾ ਡਰ ਪੈ ਗਿਆ।ਉਨ੍ਹਾਂ ਨੇ ਮੁੜ ਸਫੈਦ ਝੰਡਾ ਲਹਿਰਾਇਆ, ਇਸ ਵਾਰ ਕਮੀਨੀ ਚਾਲ ਵਜੋਂ ਨਹੀਂ, ਸਗੋਂ ਗੰਭੀਰਤਾ ਨਾਲ। ਨਾਟਕੀ ਢੰਗ ਨਾਲ, ਮਿਲੀਸ਼ੀਆ ਵਾਲੇ ਇਮਾਰਤ ਦੇ ਅੱਧ-ਖੁੱਲ੍ਹੇ ਦਰਵਾਜ਼ਿਆਂ 'ਚ ਜਾ ਘੁਸੇ। ਇਹ ਇਮਾਰਤ ਪਿਛਾਖੜ ਦਾ ਗੜ੍ਹ ਬਣ ਚੁੱਕੀ ਸੀ।

ਜਨਰਲ ਫਾਂਜੁਲ ਨੇ ਆਮ ਫ਼ੌਜੀ ਦਾ ਭੇਸ ਵਟਾਕੇ, ਖਿੜਕੀ ਰਾਹੀਂ ਬਚ ਨਿਕਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਦਰਜਣਾਂ ਹੋਰ ਅਫ਼ਸਰਾਂ ਅਤੇ ਫਲਾਂਗੇਵਾਦੀ ਸ਼ਹਿਰੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਜੋ ਬਾਗ਼ੀਆਂ ਦੀ ਮਦਦ ਕਰਨ ਲਈ ਬਗ਼ਾਵਤ ਤੋਂ ਕੁਝ ਘੰਟੇ ਪਹਿਲਾਂ ਹੀ ਇੱਥੇ ਆਏ ਸਨ। ਕਈ ਸੈਂਕੜੇ ਮਿਲੀਸ਼ੀਆ ਵਾਲਿਆਂ ਨੂੰ ਬੈਰਕਾਂ ਤੋਂ ਮਿਲੇ ਹਥਿਆਰਾਂ ਨਾਲ ਲੈਸ ਕਰ ਦਿੱਤਾ ਗਿਆ।

ਉਸ ਦਿਨ ਬਾਗ਼ੀਆਂ ਦੀ ਹਾਰ ਸਿਰਫ਼ ਮੌਨਟਾਨਾ 'ਚ ਹੀ ਨਹੀਂ ਸੀ ਹੋਈ। ਕੈਰਾਬਨਸ਼ੇਲ ਅਤੇ ਹੋਰ ਕਿਲ੍ਹਿਆਂ ਵਿਚਲੇ ਬਾਗ਼ੀ ਦਸਤੇ ਵੀ ਦਬੋਚ ਲਏ ਗਏ ਸਨ।

ਮੈਡਰਿਡ ਗਣਰਾਜਵਾਦੀਆਂ ਦੇ ਕਬਜ਼ੇ ਹੇਠ ਸੀ। ਮੈਡਰਿਡ ਗਣਰਾਜ ਦੀ ਰਾਜਧਾਨੀ ਅਤੇ ਗਣਰਾਜਵਾਦੀ ਟਾਕਰੇ ਦਾ ਕੇਂਦਰ ਸੀ।

ਇਕੱਲੇ ਮੈਡਰਿਡ 'ਚ ਹੀ ਨਹੀਂ ਸਗੋਂ ਹੋਰ ਥਾਈਂ ਵੀ ਲੜਾਈ ਚੱਲ ਰਹੀ ਸੀ। ਬਾਰਸੀਲੋਨਾ, ਸਾਨ ਸੈਬੇਸਟੀਅਨ, ਗਿਜ਼ੋਨ, ਓਵੀਡੋ, ਮਲੱਗਾ ਅਤੇ ਕੌਰਡੋਬਾ ਵੀ ਲੜਾਈ 'ਚ ਸ਼ਾਮਲ ਸਨ।

ਕਮਿਊਨਿਸਟਾਂ ਦੀਆਂ ਟਾਕਰਾ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਕਿਊਏਪੋ ਡੀ ਲੈਨੋ ਚਲਾਕੀ ਨਾਲ ਸੇਵਾਈਲ 'ਤੇ ਕਬਜ਼ਾ ਕਰਨ 'ਚ ਸਫ਼ਲ ਹੋ ਗਿਆ, ਜੋ ਟਾਕਰੇ ਕਰਦੇ ਹੋਏ ਹਿਊਲਵਾ 'ਚ ਬਾਗ਼ੀਆਂ ਦੇ ਅੱਗੇ ਵਧਣ ਨੂੰ ਠੱਲਕੇ ਕਈ ਦਿਨਾਂ ਤੱਕ ਤਰੀਆਨਾ ਵਿਚ ਡਟੇ ਰਹੇ ਸਨ।

ਗਲੀਸ਼ੀਆ ਅੰਦਰ, ਵੀਗੋ ਦੇ ਮਜ਼ਦੂਰਾਂ ਅਤੇ ਜਮਹੂਰੀਅਤਪਸੰਦਾਂ ਦੀ ਅਗਵਾਈ 'ਚ ਜਨਤਾ ਕਈ ਦਿਨਾਂ ਤੱਕ ਟਾਕਰਾ ਕਰਦੀ ਰਹੀ। ਸਮਾਜਵਾਦੀ ਅਤੇ ਕਮਿਊਨਿਸਟ, ਵੀਗੋ ਦੇ ਮੇਅਰ, ਪੁਰਾਣੇ ਸਮਾਜਵਾਦੀ, ਬੋਟਾਨਾ, ਅਤੇ ਯੂਸਟਾਸੀਓ ਗੈਰੋਟ ਪੁਰਾਣੇ ਗਲੀਸ਼ੀਅਨ ਕਮਿਊਨਿਸਟ, ਦੀ ਅਗਵਾਈ ਹੇਠ ਰਲਕੇ ਲੜੇ। ਫ਼ੌਜੀ ਉੱਤਮਤਾ ਦੀ ਬਦੌਲਤ, ਬਾਗ਼ੀ ਅਨਸਰ ਜਨਤਾ ਦੇ ਟਾਕਰੇ ਦਾ ਲੱਕ ਤੋੜਨ 'ਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਨੇ ਬਹਾਦਰ ਆਗੂਆਂ ਨੂੰ ਮਾਰ ਦਿੱਤਾ। ਬੋਟਾਨਾ ਨੂੰ ਗੋਲੀ ਮਾਰਕੇ ਮਾਰਿਆ ਗਿਆ। ਗੈਰੋਟ ਨੂੰ ਐਨੀ ਬੁਰੀ ਤਰ੍ਹਾਂ ਵੱਢਿਆ ਗਿਆ ਕਿ ਉਸ ਦਾ ਜਿਸਮ ਪਛਾਣਿਆ ਨਹੀਂ ਸੀ ਜਾ ਰਿਹਾ।

ਅਸਲ ਵਿਚ ਪੂਰਾ ਉੱਤਰੀ ਸਪੇਨ ਗਣਰਾਜ ਦੇ ਪੱਖ 'ਚ ਸੀ; ਅਸਟੂਰੀਅਸ ਦੀਆਂ ਕੋਲਾ ਖਾਣਾਂ, ਵਿਜ਼ਕਾਇਆ ਦੀਆਂ ਕੱਚੇ ਲੋਹੇ ਦੀਆਂ ਖਾਣਾਂ, ਸਪੇਨ ਦੀ ਤਾਕਤਵਰ ਸਟੀਲ ਸਨਅਤ, ਅਤੇ ਇਸੇ ਤਰ੍ਹਾਂ ਕੈਸਟਾਈਲ ਦੇ ਅੰਨ ਪੈਦਾ ਕਰਨ ਵਾਲੇ ਖੇਤਰ ਦਾ ਵੱਡਾ ਹਿੱਸਾ, ਲੇਵਾਂਤੇ, ਐਰਾਗਾ ਦੇ ਹਿੱਸੇ, ਐਸਟਰੀਮਾਡੂਰਾ, ਐਂਡਾਲੂਸੀਆ ਅਤੇ ਪੂਰਾ ਕੈਟਾਲੋਨੀਆ।

ਜੰਗੀ ਬੇੜੇ ਦੀ ਬਗ਼ਾਵਤ ਜਹਾਜ਼ੀਆਂ ਨੇ ਫੁਰਤੀ ਨਾਲ ਕੁਚਲ ਦਿੱਤੀ ਸੀ। 21 ਜੁਲਾਈ ਨੂੰ ਅਖ਼ਬਾਰਾਂ ਦੀ ਸੁਰਖ਼ੀ ਸੀ: "ਜੇਮ ਪਹਿਲੇ ਦੇ ਜਹਾਜ਼ੀਆਂ ਦੇ ਜਥੇ ਨੇ ਬਾਗ਼ੀ ਕਮਾਂਡਰਾਂ ਨੂੰ ਦਬਾਕੇ ਜੰਗੀ ਜਹਾਜ਼ ਕਬਜ਼ੇ 'ਚ ਲਿਆ।" ਇਸ ਦੇ ਨਾਲ ਹੀ ਦੋ ਸੰਖੇਪ ਤਾਰਾਂ ਆਈਆਂ, ਇਨ੍ਹਾਂ 'ਚੋਂ ਇਕ ਜਹਾਜ਼ੀ ਜਥੇ ਨੇ ਸਮੁੰਦਰੀ ਫ਼ੌਜ ਵਿਭਾਗ ਨੂੰ ਭੇਜੀ ਸੀ :

"ਜਹਾਜ਼ ਉੱਪਰ ਕਮਾਂਡਰਾਂ ਤੇ ਅਫ਼ਸਰਾਂ ਨੇ ਸਾਡੇ ਨਾਲ ਜ਼ਬਰਦਸਤ ਟੱਕਰ ਲਈ, ਤੇ ਉਨ੍ਹਾਂ ਨੂੰ ਤਾਕਤ ਨਾਲ ਦਬਾ ਦਿੱਤਾ ਗਿਆ। ਲੜਾਈ 'ਚ ਇਕ ਕਪਤਾਨ ਅਤੇ ਇਕ ਲਫਟੈਣ ਮਾਰਿਆ ਗਿਆ; ਅੱਠ ਛੋਟੇ ਅਫਸਰ, ਇਕ ਲਫਟੈਣ, ਇਕ ਝੰਡਾਬਰਦਾਰ, ਇਕ ਤੋਪਖ਼ਾਨੇ ਦਾ ਫ਼ੌਜੀ, ਅਤੇ ਦੋ ਜਹਾਜ਼ੀ ਗੰਭੀਰ ਜ਼ਖ਼ਮੀ ਹੋ ਗਏ। ਲਾਸ਼ਾਂ ਦਾ ਕੀ ਕਰੀਏ। ਤੁਰੰਤ ਹਦਾਇਤਾਂ ਦਿਉ।"

ਸਮੁੰਦਰੀ ਫ਼ੌਜ ਵਿਭਾਗ ਦਾ ਜਵਾਬ ਹੋਰ ਵੀ ਸੰਖੇਪ ਸੀ: "ਸਮੁੰਦਰੀ ਫ਼ੌਜ ਵਿਭਾਗ ਜੇਮ ਪਹਿਲੇ ਦੇ ਜਹਾਜ਼ੀ ਜਥੇ ਦੇ ਨਾਂਅ: ਜਹਾਜ਼ ਉੱਪਰੋਂ ਲਾਸ਼ਾਂ ਨੂੰ ਸਤਿਕਾਰ ਨਾਲ ਹਟਾ ਦਿਉ। ਤੁਹਾਡੀ ਸਥਿਤੀ ਕੀ ਹੈ?"

ਇਸ 'ਚ ਕੋਈ ਸ਼ੱਕ ਨਹੀਂ ਕਿ ਮੌਨਟਾਨਾ ਬੈਰਕਾਂ ਦੇ ਅਫ਼ਸਰਾਂ, ਜਿਨ੍ਹਾਂ ਨੇ ਲੋਕਾਂ ਦੇ ਵਿਰੁੱਧ ਗਲੀਆਂ 'ਚ ਆ ਕੇ ਲੜਨ ਦੀ ਬਜਾਏ ਕਿਲ੍ਹੇ ਦੇ ਅੰਦਰ ਪੱਕੇ ਮੋਰਚੇ ਲਾ ਕੇ ਲੜਨ ਨੂੰ ਤਰਜੀਹ ਦਿੱਤੀ, ਵੱਲੋਂ ਫ਼ੈਸਲਾ ਲੈਣ 'ਚ ਦੇਰੀ ਦਾ ਸਿੱਟਾ ਉਨ੍ਹਾਂ ਦੇ ਅਲੱਗ-ਥਲੱਗ ਹੋ ਜਾਣ ਤੇ ਹਾਰ ਜਾਣ 'ਚ ਨਿੱਕਲਿਆ ਅਤੇ ਇਸਨੇ ਰਾਜਧਾਨੀ ਅੰਦਰ ਟਾਕਰੇ ਨੂੰ ਮਜ਼ਬੂਤ ਕੀਤਾ। ਪਰ ਮੈਡਰਿਡ ਵਿਚ ਹੋਰ ਫ਼ੌਜੀ ਅੱਡੇ ਵੀ ਸਨ ਜਿਨ੍ਹਾਂ ਦੇ ਕਮਾਂਡਰ ਬਗ਼ਾਵਤ 'ਚ ਸ਼ਾਮਲ ਸਨ ਅਤੇ ਗਣਰਾਜ ਦੇ ਖ਼ਿਲਾਫ਼ ਹਮਲਾ ਕਰਨ ਲਈ ਹੁਕਮ ਦਾ ਇੰਤਜ਼ਾਰ ਕਰ ਰਹੇ ਸਨ।

ਮੈਂ ਗੁਆਡਰਮਾ ਪਹਾੜਾਂ ਤੋਂ ਪਾਰਟੀ ਨੂੰ ਉਸ ਖੇਤਰ 'ਚ ਲੋਕ ਮੁਹਾਜ਼ ਦੀ ਸਥਿਰ ਹਾਲਤ ਦੀ ਰਿਪੋਰਟ ਕਰਨ ਲਈ 20 ਜੁਲਾਈ ਦੀ ਦੁਪਹਿਰ ਨੂੰ ਵਾਪਸ ਆਈ। ਇੱਥੇ ਮੁਹਾਜ਼ ਦੇ ਮਜ਼ਦੂਰਾਂ ਦੀ ਹਥਿਆਰਾਂ ਪੱਖੋਂ ਹਾਲਤ ਮਾੜੀ ਸੀ, ਜਥੇਬੰਦੀਆਂ 'ਚ ਜ਼ਾਬਤਾ ਨਹੀਂ ਸੀ; ਦੂਜੇ ਪਾਸੇ, ਦੁਸ਼ਮਣ ਐਨਾ ਵਧੀਆ ਹਥਿਆਰਬੰਦ ਤੇ ਸਿਖਲਾਈ ਪ੍ਰਾਪਤ ਸੀ ਕਿ ਮੈਡਰਿਡ ਤੱਕ ਮਾਰਚ ਕਰ ਸਕਦਾ ਸੀ। ਅਸੀਂ ਵਿਚਾਰ-ਵਟਾਂਦਰਾ ਕਰਨ ਲੱਗੇ ਕਿ ਇਨ੍ਹਾਂ ਨਾਜ਼ੁਕ ਘੜੀਆਂ 'ਚ ਕੀ ਢੰਗ ਅਪਣਾਇਆ ਜਾਵੇ।

ਸਰਕਾਰ ਕੋਲ ਕੋਈ ਫ਼ੌਜ ਨਹੀਂ ਸੀ। ਹਾਲੇ ਤੱਕ ਫ਼ੌਜੀ ਅੱਡਿਆਂ 'ਚ ਬੈਠੇ ਫ਼ੌਜੀ ਦਸਤੇ ਕਿਸ ਪਾਸੇ ਖੜ੍ਹਨਗੇ ?ਜੇ ਇਹੀ ਹਾਲਤ ਬਣੀ ਰਹੇਗੀ ਤਾਂ ਸਵਾਲ ਦਾ ਜਵਾਬ ਕੁਝ ਘੰਟਿਆਂ ਦੇ ਅੰਦਰ ਦੇਣਾ ਪਵੇਗਾ।

ਕਮਿਊਨਿਸਟਾਂ ਨੇ ਫ਼ੌਜੀ ਅੱਡਿਆਂ ਵਾਲੇ ਜ਼ਿਲ੍ਹਿਆਂ ਦੀ ਜ਼ਿੰਮੇਵਾਰੀ ਸੰਭਾਲ ਲਈ ਅਤੇ ਇਸ ਸਵਾਲ ਦਾ ਜਵਾਬ, ਜਿਸ ਦਾ ਅਰਥ ਸੀ ਗਣਰਾਜ ਲਈ ਜ਼ਿੰਦਗੀ ਜਾਂ ਮੌਤ, ਲੱਭਣ ਲਈ ਫ਼ੌਜੀਆਂ ਨਾਲ ਝਟਪਟ ਸੰਪਰਕ ਬਣਾ ਲਿਆ। ਪੈਦਲ ਫ਼ੌਜ ਦੀ ਛੇਵੀਂ ਰੈਜੀਮੈਂਟ ਅਤੇ ਪ੍ਰਸ਼ਾਂਤ ਰੈਜੀਮੈਂਟ ਦੇ ਯੁੱਧ ਵਾਹਨ ਫੌਰਨ ਗਣਰਾਜਵਾਦੀ ਧਿਰ 'ਚ ਸ਼ਾਮਲ ਹੋ ਗਏ।

ਸਾਥੀ ਲਿਸਟਰ ਨੂੰ ਨਾਲ ਲੈ ਕੇ, ਮੈਂ ਪੈਦਲ ਫ਼ੌਜ ਦੇ ਇਕ ਨੰਬਰ ਫ਼ੌਜੀ ਦਸਤੇ, ਸਾਬਕਾ ਵਾਡਰਾਸ, ਕੋਲ ਗਈ, ਜਿੱਥੇ ਫ਼ੌਜੀਆਂ ਤੋਂ ਇਲਾਵਾ ਸਿਵਲ ਗਾਰਡ ਵੀ ਵੱਡੀ ਤਾਦਾਦ 'ਚ ਮੌਜੂਦ ਸਨ।

ਜਦੋਂ ਅਸੀਂ ਬੈਰਕਾਂ 'ਚ ਗਏ ਅਤੇ ਸਿਵਲ ਗਾਰਡਾਂ ਦੇ ਚਿਹਰਿਆਂ ਉੱਤੇ ਨਫ਼ਰਤ ਦੀ ਝਲਕ ਦੇਖੀ—ਕਿਤੇ ਇਹ ਨਿਰਾਸ਼ਤਾ ਤੇ ਬੇਦਿਲੀ ਦੀ ਝਲਕ ਤਾਂ ਨਹੀਂ ਸੀ ?—ਤਾਂ ਅਸੀਂ ਸਮਝਿਆ ਕਿ ਇੱਥੋਂ ਜਿਉਂਦੇ ਵਾਪਸ ਨਹੀਂ ਜਾ ਸਕਾਂਗੇ।

ਅਸੀਂ ਕੁਝ ਗਾਰਡਾਂ ਨੂੰ ਪੁੱਛਿਆ: "ਫ਼ੌਜੀ ਕਿੱਥੇ ਹਨ ?"

ਜਵਾਬ ਸੀ, "ਬੈਰਕਾਂ 'ਚ।"

ਅਸੀਂ ਪਹਿਲੀ ਬੈਰਕ 'ਚ ਗਏ। ਦਰਵਾਜ਼ਾ ਖੁੱਲ੍ਹਾ ਸੀ। ਉਤਸੁਕਤਾ ਨਾਲ ਸਾਨੂੰ ਜੀ ਆਇਆਂ ਕਿਹਾ ਗਿਆ। ਲਿਸਟਰ ਨੇ ਬਾਗ਼ੀ ਕਾਰਪੋਰਲ* (*ਸਰਜੰਟ ਤੋਂ ਛੋਟਾ ਅਫ਼ਸਰ) ਨਾਲ ਗੱਲਬਾਤ ਕੀਤੀ ਜੋ ਸਾਡੇ ਬਾਰੇ ਜਾਨਣਾ ਚਾਹੁੰਦਾ ਸੀ।

ਅਸੀਂ ਉਸ ਨੂੰ ਆਪਣੇ ਨਾਂਅ ਦੱਸੇ ਤੇ ਇਹ ਜਾਣਕਾਰੀ ਦਿੱਤੀ ਕਿ ਅਸੀਂ ਕਿਨ੍ਹਾਂ ਸਿਆਸੀ ਵਿਚਾਰਾਂ ਨਾਲ ਸੰਬੰਧਤ ਸੀ ਅਤੇ ਉਸਨੂੰ ਕਿਲ੍ਹੇ ਵਿਚਲੇ ਸਾਰੇ ਫ਼ੌਜੀਆਂ ਨਾਲ ਗੱਲ ਕਰਨ ਦੀ ਖਾਹਸ਼ ਦੱਸੀ। ਸਾਨੂੰ ਹੈਰਾਨੀ ਹੋਈ, ਜਦੋਂ ਉਸ ਨੇ ਕੋਈ ਉਜਰ ਨਾ ਕੀਤਾ ਅਤੇ ਬਾਕੀਆਂ ਨੂੰ ਸੱਦਣ ਲਈ ਕੁਝ ਸਿਪਾਹੀ ਭੇਜ ਦਿੱਤੇ।

ਜਦੋਂ ਬਹੁਤੇ ਫ਼ੌਜੀ ਇਕੱਠੇ ਹੋ ਗਏ; ਅਫ਼ਸਰ ਨੇ ਚੁੱਪ ਹੋਣ ਲਈ ਆਖਕੇ ਉਨ੍ਹਾਂ ਨੂੰ ਦੱਸਿਆ: "ਕਮਿਊਨਿਸਟ ਪਾਰਟੀ ਦੇ ਦੋ ਨੁਮਾਇੰਦੇ, ਲਾ ਪੈਸੀਓਨਾਰੀਆ ਅਤੇ ਐਨਰਿਕ ਲਿਸਟਰ ਤੁਹਾਡੇ ਨਾਲ ਕੁਝ ਗੱਲਬਾਤ ਕਰਨ ਆਏ ਹਨ।"

"ਕਰ ਲੈਣ!" ਫ਼ੌਜੀ ਚੀਕੇ, ਕੁਝ ਉਤਸੁਕ ਅਤੇ ਬਾਕੀ ਦੇ ਉਦਾਸੀਨ ਸਨ।

ਫ਼ੌਜੀ ਹੋਰ ਨੇੜੇ ਓਥੇ ਆ ਗਏ ਜਿੱਥੇ ਮੈਂ ਕਮਰੇ ਦੇ ਵਿਚਕਾਰ ਖੜ੍ਹੀ ਸੀ। ਉਨ੍ਹਾਂ ਵਿਚੋਂ ਇਕ ਮੇਰੇ ਲਈ ਬੈਂਚ ਲੈ ਆਇਆ ਜਿਸ ਨੂੰ ਮੈਂ ਆਰਜ਼ੀ ਮੰਚ ਵਜੋਂ ਵਰਤਿਆ ਤਾਂ ਕਿ ਮੈਂ ਬਿਹਤਰ ਦੇਖੀ-ਸੁਣੀ ਜਾ ਸਕਾਂ।

ਮੈਂ ਉਨ੍ਹਾਂ ਨੂੰ ਦੱਸਿਆ ਅਸੀਂ ਕੌਣ ਸਾਂ ਅਤੇ ਅਸੀਂ ਉਨ੍ਹਾਂ ਤੋਂ ਕੀ ਚਾਹੁੰਦੇ ਸਾਂ, ਬਾਗ਼ੀ ਕੌਣ ਸਨ ਅਤੇ ਉਨ੍ਹਾਂ ਦੇ ਉਦੇਸ਼ ਕੀ ਸਨ ?ਪਚਾਨਵੇਂ ਫੀਸਦੀ ਫ਼ੌਜੀ ਕਿਸਾਨ ਸਨ।ਉਨ੍ਹਾਂ ਵਿਚੋਂ ਇਕ ਨੇ ਪੁੱਛਿਆ: "ਸਾਥੀ ਪੈਸੀਓਨਾਰਿਆ, ਜੇ ਗਣਰਾਜ ਜਿੱਤ ਜਾਂਦਾ ਹੈ, ਇਹ ਜ਼ਮੀਨ ਦਾ ਕੀ ਕਰੇਗਾ ?"

ਗਣਰਾਜ ਦੀ ਵਰਦੀ ਪਹਿਨੀਂ ਉਸ ਸਾਧਾਰਨ ਕਿਸਾਨ ਨੂੰ ਇਹ ਸਵਾਲ ਕਰਨ ਦਾ ਪੂਰਾ ਹੱਕ ਸੀ, ਕਿਉਂਕਿ ਇਹ ਉਨ੍ਹਾਂ ਤਮਾਮ ਠੱਗੀਆਂ ਤੇ ਮੁਸ਼ਕਲਾਂ ਦਾ ਖ਼ੁਲਾਸਾ ਕਰਦਾ ਸੀ ਜਿਨ੍ਹਾਂ ਦਾ ਸ਼ਿਕਾਰ ਕਿਸਾਨ ਗਣਰਾਜ ਦਾ ਐਲਾਨ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਹੁੰਦੇ ਆ ਰਹੇ ਸਨ। ਸਰਕਾਰ ਨੇ ਵਾਅਦੇ ਬਥੇਰੇ ਕੀਤੇ ਸਨ ਪੱਲੇ ਘੱਟ ਪਾਇਆ ਸੀ।

"ਜ਼ਮੀਨ ?ਜ਼ਮੀਨ ਇਸ 'ਤੇ ਕੰਮ ਕਰਨ ਵਾਲਿਆਂ ਨੂੰ ਦੇ ਦਿੱਤੀ ਜਾਵੇਗੀ।ਗ਼ੈਰ-ਹਾਜ਼ਰ ਭੌਂਇ ਮਾਲਕੀ ਖ਼ਤਮ ਕਰ ਦਿੱਤੀ ਜਾਵੇਗੀ, ਇਸੇ ਤਰ੍ਹਾਂ ਵੱਡੀਆਂ ਮਿਲਖਾਂ ਦਾ ਕੀਤਾ ਜਾਵੇਗਾ। ਵਿਆਪਕ ਜ਼ਰੱਈ ਸੁਧਾਰ ਕਿਸਾਨ ਨੂੰ ਜ਼ਮੀਨ ਦੇਵੇਗਾ ਜਿਸ ਦੀ ਮਾਲਕੀ ਦਾ ਸੁਪਨਾ ਉਹ ਲੰਮੇ ਸਮੇਂ ਤੋਂ ਲੈ ਰਹੇ ਹਨ।"

"ਅਤੇ ਇਸ ਦੀ ਜ਼ਾਮਨੀ ਕੌਣ ਕਰਦੈ ?"

"ਤੁਸੀਂ !"

"ਅਸੀਂ ?"

"ਹਾਂ, ਤੁਸੀਂ।ਪਿਛਾਖੜੀਆਂ ਨੇ ਸਾਨੂੰ ਯੁੱਧ 'ਚ ਖਿੱਚ ਲਿਆਂਦਾ ਹੈ; ਉਨ੍ਹਾਂ ਨੇ ਗਣਰਾਜ ਦੇ ਵਿਰੁੱਧ, ਇਸ ਤੱਥ ਦੇ ਬਾਵਜੂਦ ਬਗ਼ਾਵਤ ਕੀਤੀ ਹੈ ਕਿ ਗਣਰਾਜ ਨੇ ਉਨ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਛੂਹਿਆ ਤੱਕ ਨਹੀਂ। ਪਿਛਾਖੜੀਆਂ ਦੀ ਹਾਰ ਨਾਲ, ਤੁਹਾਡੇ ਕੋਲ ਨਾ ਸਿਰਫ਼ ਜ਼ਮੀਨ ਉੱਪਰ ਦਾਅਵੇਦਾਰੀ ਦਾ ਹੱਕ ਹੋਵੇਗਾ, ਸਗੋਂ ਆਪਣੇ ਹੱਕ ਦੀ ਰਾਖੀ ਕਰਨ ਤੇ ਇਸ ਨੂੰ ਤਾਕਤ ਨਾਲ ਲਾਗੂ ਕਰਨ ਲਈ ਹਥਿਆਰ ਵੀ ਹੋਣਗੇ।ਸਪੇਨ ਦੇ ਸਭ ਤੋਂ ਅਗਾਂਹਵਧੂ ਮਜ਼ਦੂਰ ਅਤੇ ਕਮਿਊਨਿਸਟ ਪਾਰਟੀ ਤੁਹਾਡੀ ਮਦਦ 'ਤੇ ਤੁਹਾਡੇ ਨਾਲ ਖੜ੍ਹਨਗੇ। ਪਰ ਤੁਹਾਨੂੰ ਕਦੇ ਭੁੱਲਣਾ ਨਹੀਂ ਚਾਹੀਦਾ ਕਿ ਐਸ ਸਮੇਂ ਸੰਚਾਲਕ ਵਾਲੀ ਸੀਟ ਤੁਹਾਡੇ ਕੋਲ ਹੈ।ਤੁਸੀਂ ਆਪਣੀ ਲੜਾਕੂ ਯੋਗਤਾ, ਆਪਣੀ ਦ੍ਰਿੜਤਾ ਨਾਲ ਜ਼ਮੀਨ ਦਾ ਭਵਿੱਖ ਅਤੇ ਇਸ ਦੇ ਨਾਲ ਹੀ ਸਪੇਨ ਦਾ ਭਵਿੱਖ ਤੈਅ ਕਰਨਾ ਹੈ।"

ਪਲ ਕੁ ਲਈ ਜੱਕੋਤੱਕੀ ਦੀ ਹਾਲਤ ਬਣੀ ਰਹੀ। ਫ਼ੌਜੀਆਂ ਨੂੰ ਫ਼ੈਸਲਾ ਲੈਣਾ ਪੈਣਾ ਸੀ ਅਤੇ ਉਨ੍ਹਾਂ ਨੇ ਲਿਆ। ਛੋਟੇ ਅਫ਼ਸਰ ਨੇ ਝੰਡਾਬਰਦਾਰ ਨੂੰ ਬੁਲਾਕੇ ਹੁਕਮ ਦਿੱਤਾ। ਕਤਾਰਾਂ ਬਣਾਉਣ ਦੀ ਕੜਕਵੀਂ ਆਵਾਜ਼ ਬੈਰਕਾਂ 'ਚ ਫਿਰ ਗਈ, ਜੋ ਅਹਾਤੇ 'ਚੋਂ ਹੁੰਦੀ ਹੋਈ ਸੜਕ ਤੱਕ ਪਹੁੰਚ ਗਈ। ਵਾਡਰਾਸ ਰੈਜੀਮੈਂਟ ਦੇ ਫ਼ੌਜੀ ਗਣਰਾਜ ਦੇ ਲਈ ਲੜਨਗੇ।

ਉਨ੍ਹਾਂ ਨੇ ਝੱਟ ਵਰਦੀਆਂ ਪਾ ਲਈਆਂ ਅਤੇ ਅਹਾਤੇ 'ਚ ਅਹੁਦਿਆਂ ਮੁਤਾਬਿਕ ਕਤਾਰਾਂ ਬਣਾ ਲਈਆਂ। ਕਾਰਪੋਰਲ ਨੇ ਉਨ੍ਹਾਂ ਨੂੰ ਦੱਸਿਆ: "ਆਪਾਂ ਗਣਰਾਜ ਦੇ ਦੁਸ਼ਮਣਾਂ, ਸਾਡੇ ਦੁਸ਼ਮਣਾਂ ਤੋਂ ਇਸ ਦੀ ਰਾਖੀ ਕਰਨ ਲਈ ਮੁਹਾਜ਼ 'ਤੇ ਜਾ ਰਹੇ ਹਾਂ।ਗਣਰਾਜ ਹਾਰ ਨਾ ਜਾਵੇ। ਗਣਰਾਜ ਅਮਰ ਰਹੇ।" ਫ਼ੌਜੀਆਂ ਨੇ ਉਤਸ਼ਾਹ ਨਾਲ ਹੁੰਗਾਰਾ ਭਰਿਆ।ਉਨ੍ਹਾਂ ਨੇ ਸੁੱਤੇ ਸਿਧ ਕਾਰਪੋਰਲ ਵੱਲ ਇਸ ਤਰ੍ਹਾਂ ਤੱਕਿਆ ਜਿਵੇਂ ਉਹ ਉਨ੍ਹਾਂ ਦਾ ਮੁਖੀ ਹੋਵੇ।ਲਿਸਟਰ ਨੇ ਪਾਰਟੀ ਨੂੰ ਇਸ ਦੀ ਜਾਣਕਾਰੀ ਦਿੱਤੀ ਅਤੇ ਫ਼ੌਜੀਆਂ ਦੇ ਮੁਹਾਜ਼ 'ਤੇ ਜਾਣ ਲਈ ਸਾਧਨਾਂ ਦਾ ਪ੍ਰਬੰਧ

ਕੀਤਾ। ਅਸੀਂ ਉਹ ਟਰੱਕ ਤੇ ਬੱਸਾਂ ਲੈ ਆਏ ਜਿਹੜੀਆਂ ਗਣਰਾਜ ਦੇ ਦੁਸ਼ਮਣ ਟਰਾਂਸਪੋਰਟਰ ਨੇ "ਬਚਾਅ ਲਈ" ਇਕ ਵੱਡੇ ਗਰਾਜ਼ 'ਚ ਲੁਕੋਈਆਂ ਹੋਈਆਂ ਸਨ।

ਫਾਸ਼ੀਵਾਦ ਵਿਰੋਧੀ ਫ਼ੌਜੀ ਯੂਨੀਅਨ ਦੇ ਇਕ ਕਪਤਾਨ ਨੇ ਕਾਰਪੋਰਲ ਦੇ ਨਾਲ ਇਸ ਕਾਨਵਾਈ ਦੀ ਜ਼ਿੰਮੇਵਾਰੀ ਸਾਂਭ ਲਈ, ਸੈਨਿਕਾਂ ਨੇ ਉਸ ਨੂੰ ਹੁਣ ਸਰਵ-ਸੰਮਤੀ ਨਾਲ ਤਰੱਕੀ ਦੇ ਕੇ ਲਫਟੈਣ ਬਣਾ ਦਿੱਤਾ ਸੀ। ਲਿਸਟਰ ਤੇ ਮੈਂ ਉਨ੍ਹਾਂ ਦੇ ਨਾਲ ਗਏ।

ਗੁਆਡਰਮਾ 'ਚ ਅਸੀਂ ਦੇਰ ਰਾਤ ਨੂੰ ਪਹੁੰਚੇ। ਸੈਨਿਕ ਘੰਟਾ-ਘਰ ਦੇ ਸਾਹਮਣੇ ਬਜ਼ਾਰ ਦੇ ਚੌਂਕ 'ਚ ਲਾਮਬੰਦ ਹੋ ਰਹੇ ਸਨ, ਅਸੀਂ ਜਨਰਲ ਸਟਾਫ਼ ਦੇ ਸਦਰ ਮੁਕਾਮ ਚਲੇ ਗਏ; ਇਹ ਬਦਨਾਮ ਕਰਨਲ ਕਾਬਰੇਰਾ ਦੀ ਕਮਾਨ ਹੇਠ ਸੀ, ਜਿਸ ਨੇ ਬਾਦ 'ਚ ਮਲੱਗਾ ਦੇ ਮੁਹਾਜ਼ ਨੂੰ "ਝਟਕਾਕੇ" ਇਹ ਸ਼ਹਿਰ ਫਾਸ਼ੀਵਾਦੀਆਂ ਨੂੰ ਸੌਂਪਿਆ ਸੀ।

"ਵਫ਼ਾਦਾਰ" ਫ਼ੌਜੀ ਮੁਖੀ ਸਾਨੂੰ ਇਕ ਨਿੱਕੇ ਜਹੇ ਕਮਰੇ 'ਚ ਮਿਲੇ। ਲਾਲਟੈਣ ਦੇ ਚਾਨਣ 'ਚ ਫ਼ੌਜੀ ਨਕਸ਼ੇ 'ਤੇ ਝੁਕੇ ਉਹ ਦੁਸ਼ਮਣ ਦੀਆਂ ਪੁਜ਼ੀਸ਼ਨਾਂ ਦਾ "ਅਧਿਐਨ ਕਰ ਰਹੇ" ਸਨ, ਜੋ ਉਨ੍ਹਾਂ ਤੋਂ ਕੁਝ ਕੁ ਕਦਮਾਂ ਤੋਂ ਵੱਧ ਦੂਰ ਨਹੀਂ ਸਨ, ਅਸਲ 'ਚ ਤਾਂ ਇਹ ਉਨ੍ਹਾਂ ਦੇ ਐਨ ਗੁਆਂਢ 'ਚ ਸਨ।

ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਉਨ੍ਹਾਂ ਦੇ ਹਵਾਲੇ ਕਰਨ ਲਈ ਪੈਦਲ ਸੈਨਾ ਦੀ ਰੈਜੀਮੈਂਟ ਲਿਆਏ ਹਾਂ। ਉਨ੍ਹਾਂ ਨੇ ਕੋਈ ਰੁਚੀ ਲਏ ਬਗ਼ੈਰ ਜਵਾਬ ਦਿੱਤਾ: "ਉਨ੍ਹਾਂ ਨੂੰ ਰਾਤ ਚੌਂਕ 'ਚ ਗੁਜ਼ਾਰਨ ਦਿਉ। ਕੱਲ੍ਹ ਉਨ੍ਹਾਂ ਦੇ ਬਾਰੇ ਸੋਚ ਲਵਾਂਗੇ।"

ਮੈਨੂੰ ਆਪਣੇ ਕੰਨਾਂ 'ਤੇ ਯਕੀਨ ਨਾ ਆਇਆ। ਸਤਿਕਾਰ ਨਾਲ, ਅਤੇ ਪੂਰੇ ਜ਼ਬਤ 'ਚ ਰਹਿੰਦੇ ਹੋਏ ਮੈਂ ਕਿਹਾ: "ਮੈਂ ਯੁੱਧ ਵਿਗਿਆਨ ਬਾਰੇ ਕੁਝ ਨਹੀਂ ਜਾਣਦੀ, ਪਰ ਮੇਰੀ ਪੱਕੀ ਧਾਰਨਾ ਹੈ ਕਿ ਜੇ ਅਸੀਂ ਇਨ੍ਹਾਂ ਨੂੰ ਉੱਥੇ ਛੱਡ ਦਿੰਦੇ ਹਾਂ ਤਾਂ ਫਾਸ਼ੀਵਾਦੀਆਂ ਦੇ ਜਹਾਜ਼ਾਂ ਨੇ ਕੱਲ੍ਹ ਤੱਕ ਇਕ ਵੀ ਸੈਨਿਕ ਨੂੰ ਜ਼ਿੰਦਾ ਨਹੀਂ ਰਹਿਣ ਦੇਣਾ, ਤੁਸੀਂ ਇਹ ਨਹੀਂ ਸੋਚਦੇ ਕਿ ਇਸੇ ਰਾਤ ਇਨ੍ਹਾਂ ਨੂੰ ਮੁਹਾਜ਼ 'ਤੇ ਲਿਜਾਣਾ ਬਿਹਤਰ ਰਹੇਗਾ ਤਾਂ ਕਿ ਜੇ ਦੁਸ਼ਮਣ ਕੱਲ੍ਹ ਨੂੰ ਹਮਲਾ ਕਰਨ ਦਾ ਫੈਸਲਾ ਲੈ ਲੈਂਦਾ ਹੈ ਤਾਂ ਉਹ ਸਿਖਲਾਈਯਾਫਤਾ ਅਤੇ ਜਥੇਬੰਦ ਫ਼ੌਜ ਰੈਂਜੀਮੈਂਟ ਦੇਖਕੇ ਦੰਗ ਰਹਿ ਜਾਵੇ?"

"ਅਸੀਂ ਪਹਾੜੀ ਰਾਹਾਂ ਦੇ ਭੇਤੀ ਨਹੀਂ ਹਾਂ ਅਤੇ ਸਾਡੇ ਕੋਲ ਕੋਈ ਰਾਹ-ਦਰਸਾਵੇ ਵੀ ਨਹੀਂ ਹਨ।"

ਗੁਆਡਰਮਾ ਦੇ ਮੇਅਰ ਨੇ ਉਸੇ ਵਕਤ ਆਪਣੀਆਂ ਸੇਵਾਵਾਂ ਪੇਸ਼ਕਸ਼ ਕਰਦਿਆਂ ਕਿਹਾ: "ਮੈਂ ਦੁਸ਼ਮਣ ਨੂੰ ਪਤਾ ਲੱਗਣ ਦਿੱਤੇ ਬਗ਼ੈਰ ਜਾਣ ਦਾ ਰਾਹ ਦਿਖਾ ਸਕਦਾ ਹਾਂ।"

"ਫਿਰ ਰੈਜੀਮੈਂਟ ਦੇ ਮੁਖੀ ਨਾਲ ਸਲਾਹ ਕਰ ਲਉ," ਕੈਬਰੇਰਾ ਨੇ ਜਵਾਬ ਦਿੱਤਾ।

ਲਿਸਟਰ ਦੀਆਂ ਅਤੇ ਮੇਰੀਆਂ ਸਵਾਲੀਆ ਨਜ਼ਰਾਂ ਮਿਲੀਆਂ। ਕੀ ਇਨ੍ਹਾਂ "ਵਫ਼ਾਦਾਰ" ਕਮਾਂਡਰਾਂ ਨੇ ਗਣਰਾਜ ਦੀ ਰਾਖੀ ਕਰਨੀ ਹੈ? ਕੀ ਗਣਰਾਜ ਦਾ ਭੋਗ ਪਾਏ ਜਾਣ ਦੇ ਰੱਸੇ-ਪੈੜੇ ਤਾਂ ਨਹੀਂ ਵੱਟੇ ਜਾ ਰਹੇ ਤਾਂ ਜੋ ਗ਼ੱਦਾਰੀ ਦਾ ਸਿਲ੍ਹਾ ਲਿਆ ਜਾ ਸਕੇ?

[26]

# ਦਖ਼ਲਅੰਦਾਜ਼ੀ ਨਾ ਕਰਨ ਦੀ ਨੀਤੀ

ਵਿਆਪਕ ਜਨਤਕ ਟਾਕਰਾ ਲਹਿਰ ਕਰਕੇ ਸਰਕਾਰ ਗਣਰਾਜ ਦੀ ਰਾਖੀ ਲਈ ਸਾਜ਼ੋ ਸਮਾਨ ਅਤੇ ਤਕਨੀਕੀ ਸਾਧਨ ਸਪਲਾਈ ਕਰਨ ਲਈ ਪਾਬੰਦ ਹੋ ਗਈ। ਇਸ ਖ਼ਾਤਰ, ਸਰਕਾਰ ਨੇ ਉਨ੍ਹਾਂ ਮਿੱਤਰ ਦੇਸ਼ਾਂ ਤੋਂ ਸਹਾਇਤਾ ਮੰਗੀ ਜਿਨ੍ਹਾਂ ਨਾਲ ਇਸ ਦੇ ਸਮਝੌਤੇ ਸਨ।

1935 'ਚ, ਸਪੇਨ ਦੀ ਸਰਕਾਰ ਨੇ ਫਰਾਂਸ ਨਾਲ ਇਕ ਵਪਾਰਕ ਸਮਝੌਤਾ ਕੀਤਾ ਸੀ। ਇਕ ਮੱਦ 'ਚ ਇਹ ਸ਼ਰਤ ਲਾਈ ਗਈ ਸੀ ਕਿ ਲੋੜ ਪੈਣ 'ਤੇ ਸਪੇਨ ਦੀ ਸਰਕਾਰ ਫਰਾਂਸ ਨੂੰ ਛੱਡਕੇ ਹੋਰ ਕਿਸੇ ਦੇਸ਼ ਤੋਂ ਹਥਿਆਰ ਨਹੀਂ ਖ਼ਰੀਦ ਸਕਦੀ। ਇਸ ਸਮਝੌਤੇ ਤਹਿਤ, ਗਣਰਾਜੀ ਸਰਕਾਰ ਨੇ ਹਮਲੇ ਤੋਂ ਦੇਸ਼ ਦੀ ਰਾਖੀ ਕਰਨ ਲਈ ਲੋੜੀਂਦੇ ਹਥਿਆਰ ਤੇ ਸਾਜ਼ੋ-ਸਮਾਨ ਦੇਣ ਦੀ ਅਪੀਲ ਫਰਾਂਸ ਨੂੰ ਕੀਤੀ। ਫਰਾਂਸ ਦੀ ਸਰਕਾਰ ਨੇ ਗਣਰਾਜ ਸਰਕਾਰ ਨੂੰ ਹਥਿਆਰ ਵੇਚਣ ਤੋਂ (ਉਧਾਰ ਜਾਂ ਮਦਦ ਦੇਣ ਤੋਂ ਨਹੀਂ, ਸਗੋਂ ਵੇਚਣ ਤੋਂ !) ਕੋਰਾ ਜਵਾਬ ਦੇ ਦਿੱਤਾ ਜਿਨ੍ਹਾਂ ਦੀ ਸਪੇਨ ਕੋਲ ਬੁਰੀ ਤਰ੍ਹਾਂ ਥੁੜ੍ਹ ਸੀ। ਗਣਰਾਜ ਦੀ ਸਰਕਾਰ ਨੇ ਫਰਾਂਸ ਨੂੰ ਸਹਿਯੋਗ ਜਾਂ ਸਰਗਰਮ ਮਦਦ ਲਈ ਨਹੀਂ, ਸਗੋਂ ਲੋੜੀਂਦੇ ਹਥਿਆਰ ਵੇਚਣ ਲਈ ਕਿਹਾ ਸੀ।

ਫਰਾਂਸ ਤੇ ਬਰਤਾਨੀਆਂ ਦੋਵਾਂ ਨੇ, ਸਪੇਨ ਦੇ ਜ਼ਖ਼ਮਾਂ, ਇਸ ਦੇ ਲੋਕਾਂ ਦੀ ਬਹਾਦਰੀ ਅਤੇ ਕੁਰਬਾਨੀਆਂ ਤੋਂ ਅੱਖਾਂ ਫੇਰ ਲਈਆਂ। ਅਤੇ ਇਹ ਵੀ ਰਿਕਾਰਡ 'ਚ ਦਰਜ ਰਹਿਣਾ ਚਾਹੀਦਾ ਹੈ ਕਿ ਸਪੇਨ ਨੇ ਕੋਈ ਸ਼ਿਕਵਾ ਨਹੀਂ ਕੀਤਾ। ਇਹ ਤੱਥ ਮੂੰਹੋਂ ਬੋਲਦੇ ਹਨ।

ਫਰਾਂਸ ਦੀ ਬੁਰਜੂਆਜ਼ੀ ਅਤੇ ਬਰਤਾਨੀਆ ਦੇ ਸਰਮਾਏਦਾਰ ਵੱਖ-ਵੱਖ ਕਾਰਣਾਂ ਕਰਕੇ, ਨਹੀਂ ਚਾਹੁੰਦੇ ਸਨ ਕਿ ਗਣਰਾਜ ਦੀ ਜਿੱਤ ਹੋਵੇ। ਇਨ੍ਹਾਂ 'ਚੋਂ ਇਕ ਤੱਥ ਇਹ ਸੀ ਕਿ ਉਨ੍ਹਾਂ ਨੂੰ ਗਰੀਬ, ਪਿਛੜੇ ਹੋਏ ਗੁਆਂਢੀ ਵਜੋਂ ਸਪੇਨ ਦੀ ਲੋੜ ਸੀ, ਜਿਸ ਉੱਪਰ ਉਹ ਬੋਝਲ ਅਤੇ ਲੋਟੂ ਸਮਝੌਤੇ ਥੋਪ ਸਕਣ। ਉਨ੍ਹਾਂ ਨੇ ਦੇਖ ਲਿਆ ਕਿ ਫਰਾਂਕੋ ਸਪੇਨ ਦੀ ਧਨਾਢ ਤੇ ਪਿਛਾਖੜੀ ਜਮਾਤ ਦਾ ਰਖਵਾਲਾ ਸੀ। ਇਨ੍ਹਾਂ ਨੇ ਪਿਛਾਖੜ ਦੀ ਮਦਦ ਕੀਤੀ, ਇਸ ਦਾ ਰਾਹ ਮੋਕਲਾ ਕੀਤਾ, ਅਤੇ ਦੇਸ਼ ਪ੍ਰਤੀ ਵਫ਼ਾਦਾਰ ਲੋਕਾਂ ਦੇ ਹੱਥ ਬੰਨ੍ਹ ਦਿੱਤੇ, ਇਹ ਇਸ ਤੋਂ ਵੀ ਮੁੱਕਰ ਗਏ ਕਿ ਲੋਕਾਂ ਦਾ ਲੜਨਾ ਹੱਕ ਬਜਾਨਬ ਸੀ।

ਇਹ ਤੱਥ ਵੀ ਬਹੁਤ ਉੱਘੜਵਾਂ ਹੈ ਕਿ ਦਖ਼ਲ ਨਾ ਦੇਣ ਦੀ ਨੀਤੀ ਉਸ ਸਮੇਂ ਸਾਹਮਣੇ ਆਈ ਜਦੋਂ ਜਰਮਨੀ ਅਤੇ ਇਟਲੀ ਨੇ ਸ਼ਰੇਆਮ ਬਾਗ਼ੀਆਂ ਨੂੰ ਮਦਦ ਦੇਣੀ ਸ਼ੁਰੂ ਕੀਤੀ ਹੋਈ ਸੀ। ਇਹ ਦੋਵੇਂ ਨੀਤੀਆਂ ਓਦੋਂ ਹੋਂਦ 'ਚ ਆਈਆਂ ਜਦੋਂ ਯੁੱਧ ਦੇ ਪਹਿਲੇ ਹਫ਼ਤਿਆਂ ਦੌਰਾਨ ਫਰਾਂਕੋ ਦੀਆਂ ਤਾਕਤਾਂ ਨੂੰ ਲੋਕ ਟਾਕਰੇ ਨੇ ਭਾਜੜ ਪਾਈ ਹੋਈ ਸੀ।

ਜਾਇਜ਼ ਸਰਕਾਰ ਨੂੰ ਤਾਂ ਕਿਸੇ ਵੀ ਤਰ੍ਹਾਂ ਦੇ ਹਥਿਆਰ ਖ਼ਰੀਦਣ ਦਾ ਹੱਕ ਦੇਣ ਤੋਂ ਹੀ ਇਨਕਾਰ ਕੀਤਾ ਜਾ ਰਿਹਾ ਸੀ, ਜਦੋਂਕਿ ਬਾਗ਼ੀਆਂ ਨੂੰ ਉਨ੍ਹਾਂ ਦੀ ਜ਼ਰੂਰਤ ਦੇ ਹਰ ਤਰ੍ਹਾਂ ਦੇ ਹਥਿਆਰ ਜਰਮਨੀ ਤੇ ਇਟਲੀ ਲਗਾਤਾਰ ਦੇ ਰਹੇ ਸਨ। ਅਖੌਤੀ ਜਮਹੂਰੀਅਤਾਂ ਨੇ ਇਸ ਨੂੰ ਰੋਕਣ ਲਈ ਕੁਝ ਨਹੀਂ ਕੀਤਾ!

ਬਰਤਾਨਵੀ ਹਕੂਮਤ ਨੇ ਦਖ਼ਲ ਨਾ ਦੇਣ ਲਈ ਕਮੇਟੀ ਦੇ ਅੰਦਰ ਕਾਊਂਟ ਗਰੈਂਡੀ ਦੇ ਲਫ਼ਜ਼ਾਂ ਨੂੰ ਵਧੇਰੇ ਮਹੱਤਤਾ ਦਿੱਤੀ ਜਿਸ ਨੇ ਜ਼ੋਰ ਦਿੱਤਾ ਕਿ ਜੰਗ 'ਚ ਇਤਾਲਵੀ ਸਰਕਾਰ ਦੀ ਸ਼ਮੂਲੀਅਤ ਬਾਰੇ ਰਿਪੋਰਟ ਝੂਠੀ ਸੀ। ਸਪੇਨੀ ਸਰਕਾਰ ਵੱਲੋਂ ਮੁਹੱਈਆ ਕੀਤੇ ਤੱਥਾਂ ਨੂੰ ਰੱਦ ਨਹੀਂ ਸੀ ਕੀਤਾ ਜਾ ਸਕਦਾ ਇਸ ਦੇ ਬਾਵਜੂਦ ਅਜਿਹਾ ਕੀਤਾ ਗਿਆ।

ਬਰਤਾਨਵੀ ਹਕੂਮਤ ਵੱਲੋਂ ਸਪੇਨੀ ਲੋਕਾਂ ਦੀ ਪ੍ਰਵਾਹ ਨਾ ਕਰਨ ਦਾ ਪੈਂਤੜਾ, ਜਿਸ ਨੂੰ ਬਰਤਾਨੀਆਂ ਦੇ ਲੇਬਰ ਪਾਰਟੀ ਆਗੂਆਂ ਨੇ ਸ਼ਹਿ ਦਿੱਤੀ, ਇਸ ਹੱਦ ਤੱਕ ਨਿਘਰਿਆ ਹੋਇਆ ਸੀ ਕਿ ਇਸ ਨੇ ਸਪੇਨ ਦੇ ਲੋਕਾਂ ਅਤੇ ਸ਼ਹਿਰਾਂ ਉੱਪਰ ਸੁੱਟੇ ਜਾ ਰਹੇ ਬੰਬ ਕਿਸ ਦੇਸ਼ ਦੇ ਸਨ, ਇਸ ਦੀ ਪੜਤਾਲ ਕਰਨ ਲਈ ਕਮੇਟੀ ਭੇਜ ਦਿੱਤੀ। ਸਪੇਨ ਦੇ ਲੋਕ ਟਾਕਰੇ ਨੂੰ ਕੁਚਲ ਦਿੱਤੇ ਜਾਣ ਨੂੰ ਜ਼ਿਆਦਾ ਸਮਾਂ ਨਹੀਂ ਸੀ ਹੋਇਆ ਕਿ ਇੰਗਲੈਂਡ ਦੇ ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਬੰਬ ਕੌਣ ਬਣਾ ਰਿਹਾ ਸੀ ਜੋ ਜਰਮਨ ਦੇ ਅਮੀਰਜ਼ਾਦਿਆਂ, ਜੁੰਕਰਾਂ ਨੇ ਮੈਦਾਨੇ-ਜੰਗ 'ਚ ਤੇ ਸਪੇਨ ਦੀ ਨਿਹੱਥੀ ਆਮ ਵਸੋਂ ਉੱਪਰ ਸੁੱਟੇ ਸਨ।

ਹਿੰਸਕ ਘਟਨਾਵਾਂ ਸਪੇਨ ਦੇ ਸਮਾਜਿਕ ਸੰਘਰਸ਼ਾਂ ਦੀ ਹਮੇਸ਼ਾ ਖ਼ਾਸੀਅਤ ਰਹੀਆਂ ਹਨ—ਗਣਰਾਜ ਨਾਲੋਂ ਰਜਵਾੜਾਸ਼ਾਹੀ ਅਧੀਨ ਇਹ ਜ਼ਿਆਦਾ ਤਦਾਦ 'ਚ ਅਤੇ ਵੱਧ ਹਿੰਸਕ ਰਹੀਆਂ। ਤੱਥਾਂ ਤੋਂ ਪੂਰੀ ਤਰ੍ਹਾਂ ਨਾਬਰ ਹੋ ਕੇ ਅਤੇ ਹਿੰਸਕ ਵਾਰਦਾਤਾਂ ਨੂੰ ਵਧਾ-ਚੜ੍ਹਾਕੇ ਬਾਗ਼ੀਆਂ ਤੇ ਇਨ੍ਹਾਂ ਦੇ ਬਦੇਸ਼ੀ ਸੰਗੀਆਂ ਨੇ ਬਗ਼ਾਵਤ ਨੂੰ ਇਸ ਤਰ੍ਹਾਂ ਜਾਇਜ਼ ਠਹਿਰਾਇਆ ਕਿ ਸਪੇਨ 'ਚ ਇਹ ਖ਼ੂਨ-ਖਰਾਬਾ ਕਮਿਊਨਿਸਟਾਂ ਵੱਲੋਂ ਕਬਜ਼ਾ ਕੀਤੇ ਜਾਣ ਦੇ ਖ਼ਤਰੇ ਦਾ ਮੁਕਾਬਲਾ ਕਰਨ ਦੀ ਕੌਮੀ ਜ਼ਰੂਰਤ ਦੇ ਕਾਰਣ ਹੋ ਰਿਹਾ ਸੀ।

ਸਚਾਈ ਇਹ ਸੀ ਕਿ ਗ੍ਰਹਿ-ਯੁੱਧ ਦਾ ਮੁੱਖ ਕਾਰਣ ਕੌਮੀ ਦ੍ਰਿਸ਼ 'ਤੇ ਭੋਂਇ ਸਰਦਾਰ ਰਾਠਸ਼ਾਹੀ ਅਤੇ ਧਨਾਢ ਜੁੰਡਲੀ ਦੀ ਜਮਾਤੀ ਨਫ਼ਰਤ 'ਚ ਪਿਆ ਸੀ। ਆਰਥਕ ਸਹੂਲਤਾਂ ਵਾਲੇ ਇਹ ਤਬਕੇ ਸਪੇਨ ਅੰਦਰ ਜਮਹੂਰੀਅਤ, ਜਾਂ ਇਸ ਸੰਬੰਧ 'ਚ ਆਪਣੀਆਂ ਜਮਾਤੀ ਸਹੂਲਤਾਂ ਉੱਪਰ ਭੋਰਾ ਆਂਚ ਨਹੀਂ ਸੀ ਆਉਣ ਦੇਣੀ ਚਾਹੁੰਦੇ।

ਕੌਮਾਂਤਰੀ ਦ੍ਰਿਸ਼ ਉੱਪਰ, ਬਗ਼ਾਵਤ ਨੂੰ ਸ਼ਹਿ ਤੇ ਹਮਾਇਤ ਇਟਲੀ ਤੇ ਜਰਮਨੀ ਨੇ ਦਿੱਤੀ ਸੀ, ਇਨ੍ਹਾਂ ਹੱਲਾਸ਼ੇਰੀ ਦੇਣ ਵਾਲਿਆਂ ਨੇ ਇਸ ਸਾਜ਼ਿਸ਼ ਨੂੰ ਅੰਤਮ ਛੋਹਾਂ ਦਿੱਤੀਆਂ ਸਨ ਅਤੇ ਇਨ੍ਹਾਂ ਤੋਂ ਰੱਜਵੀਂ ਅਤੇ ਸਵਾਰਥੀ ਮਦਦ ਲਈ ਗਈ ਸੀ। ਯੂਰਪ ਤੇ ਅਫ਼ਰੀਕਾ ਵਿਚਕਾਰ ਪੁਲ ਵਜੋਂ, ਇਬੇਰੀਅਨ ਪ੍ਰਾਇਦੀਪ (ਸਪੇਨ ਤੇ ਪੁਰਤਗਾਲ ਨਾਲ ਸਬੰਧਤ ਖੇਤਰ—ਅਨੁਵਾਦਕ) ਦੀ ਯੁੱਧਨੀਤਕ ਮਹੱਤਤਾ ਸੀ, ਇਸ ਦੀ ਖਣਿਜੀ ਦੌਲਤ, ਇਸ ਦਾ ਅਮਰੀਕਾ ਮਹਾਂਦੀਪ ਦੇ ਨੇੜੇ ਹੋਣਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਉੱਪਰ ਇਸ ਦਾ ਰਸੂਖ਼, ਇਸ ਸਭ ਕੁਝ ਦੇ ਕਾਰਣ ਸਪੇਨ ਦੇ ਪਿਛਾਖੜੀਆਂ ਨੂੰ ਮਦਦ ਦੇਣਾ ਅਤੇ ਸੈਂਕੜੇ ਹਵਾਈ ਜਹਾਜ਼, ਟੈਂਕ, ਹਜ਼ਾਰਾਂ ਮਸ਼ੀਨ ਗੰਨਾਂ, ਤਕਨੀਕੀ ਮਾਹਰ ਅਤੇ ਫ਼ੌਜੀ ਭੇਜਣਾ ਫਾਸ਼ੀਵਾਦੀਆਂ ਦੀ ਵਿਆਪਕ ਜ਼ਰੂਰਤ ਬਣ ਗਈ।

ਸਪੇਨ ਦੇ ਪ੍ਰਮੁੱਖ ਸ਼ਹਿਰਾਂ ਅਤੇ ਸਨਅਤੀ ਕੇਂਦਰਾਂ 'ਚ ਲੋਕ ਤਾਕਤਾਂ ਦੀਆਂ ਪਹਿਲੀਆਂ ਜਿੱਤਾਂ ਤੋਂ ਬਾਦ, ਮੋਰਚੇ ਮੱਲ ਕੇ ਯੁੱਧ ਸ਼ੁਰੂ ਹੋ ਗਿਆ। ਗਣਰਾਜਵਾਦੀ ਤਾਕਤਾਂ ਲਈ ਟਾਕਰੇ ਦਾ ਅਰਥ ਸੀ, ਜਥੇਬੰਦ ਹੋਣ, ਫ਼ੌਜ ਬਣਾਉਣ, ਜੰਗੀ ਸਨਅਤ ਦੀ ਰਫ਼ਤਾਰ ਤੇਜ਼ ਕਰਨ ਅਤੇ ਲੜਾਈ ਦੀਆਂ ਮੰਗਾਂ ਪੂਰੀਆਂ ਕਰਨ ਦੀ ਖ਼ਾਤਰ ਦੇਸ਼ ਦੇ ਵਸੀਲੇ ਲਾਮਬੰਦ ਕਰਨ ਲਈ ਸਮਾਂ ਲੈਣਾ।

ਜੇ ਕਿਤੇ ਬਾਗ਼ੀਆਂ ਨੂੰ ਆਪਣੇ ਖ਼ੁਦ ਦੇ ਵਸੀਲਿਆਂ ਦੇ ਆਸਰੇ ਰਹਿਣਾ ਪੈਂਦਾ ਤਾਂ ਗਣਰਾਜਵਾਦੀ ਟਾਕਰੇ ਦਾ ਅਰਥ ਹੋਣਾ ਸੀ ਬਾਗ਼ੀਆਂ ਦੀ ਹਾਰ। ਇਨ੍ਹਾਂ ਦੇ ਕੰਟਰੋਲ ਵਾਲਾ ਖੇਤਰ ਲੋੜੀਂਦਾ ਮਾਲ ਮੁਹੱਈਆ ਨਹੀਂ ਕਰ ਸਕਦਾ ਸੀ ਕਿਉਂਕਿ ਕਿਸੇ ਵੀ ਬਾਗ਼ੀ ਇਲਾਕੇ 'ਚ ਕੋਈ ਅਹਿਮ ਖਾਣਾਂ ਜਾਂ ਸਟੀਲ ਦੇ ਕਾਰਖ਼ਾਨੇ ਨਹੀਂ ਸਨ।

ਜਦੋਂ ਉਲਟ ਇਨਕਲਾਬੀ ਲਹਿਰ ਦੀ ਪਿੱਠ 'ਤੇ ਖੜ੍ਹੀਆਂ ਤਾਕਤਾਂ ਨੂੰ ਇਹ ਮਹਿਸੂਸ ਹੋ ਗਿਆ ਕਿ ਲੋਕ ਟਾਕਰੇ ਸਾਹਮਣੇ ਬਾਗ਼ੀਆਂ ਦਾ ਤੇਜ਼ੀ ਨਾਲ ਜਿੱਤਣਾ ਸੰਭਵ ਨਹੀਂ ਹੈ, ਉਨ੍ਹਾਂ ਨੇ ਸ਼ਰੇਆਮ ਅਤੇ ਬੇਸ਼ਰਮ ਹੋ ਕੇ ਯੁੱਧ ਨੂੰ ਦਿਸ਼ਾ-ਨਿਰਦੇਸ਼ ਦੇਣ ਦਾ ਕਿੱਤਾ ਸੰਭਾਲ ਲਿਆ।

ਫਾਸ਼ੀਵਾਦੀ ਨੌਜਵਾਨ ਗਰੋਹਾਂ 'ਚੋਂ ਚੁਣਕੇ ਬਣਾਏ ਜਰਮਨ ਅਤੇ ਇਤਾਲਵੀ ਫ਼ੌਜੀ ਦਸਤੇ ਸਪੇਨ ਭੇਜੇ ਗਏ। ਇਨ੍ਹਾਂ ਨੂੰ ਆਧੁਨਿਕ ਜੰਗੀ ਸਾਜ਼ੋਸਮਾਨ—ਲੜਾਕੂ ਹਵਾਈ ਜਹਾਜ਼, ਬੰਬਾਰ ਜਹਾਜ਼, ਭਾਰੀ ਤੇ ਹਲਕੇ ਟੈਂਕ, ਤੋਪਖ਼ਾਨਾ, ਮਸ਼ੀਨਗੰਨਾਂ, ਰਾਈਫਲਾਂ, ਗੋਲੀਸਿੱਕਾ, ਦਸਤੀ ਬੰਬ—ਨਾਲ ਲੈਸ ਕਰਕੇ ਭੇਜਿਆ ਗਿਆ। ਬਾਗ਼ੀਆਂ ਲਈ ਜਰਮਨ ਅਤੇ ਇਤਾਲਵੀ ਜੰਗੀ ਜਹਾਜ਼ ਭੇਜੇ ਗਏ। ਅਮਰੀਕੀ ਪੈਟਰੋਲੀਅਮ ਕੰਪਨੀਆਂ ਨੇ ਜੰਗ ਜਾਰੀ ਰੱਖਣ ਲਈ ਫਰਾਂਕੋ ਨੂੰ ਲੋੜੀਂਦਾ ਕੁਲ ਪੈਟਰੋਲੀਅਮ ਸਪਲਾਈ ਕੀਤਾ। ਹਿਟਲਰ ਦੇ ਜਰਨੈਲਾਂ ਨੇ ਫਰਾਂਕੋ ਦੇ ਜਨਰਲ ਸਟਾਫ਼ ਦੀਆਂ ਮੀਟਿੰਗਾਂ 'ਚ ਸ਼ਰੇਆਮ ਹਿੱਸਾ ਲਿਆ। ਫ਼ੌਜੀ ਤਕਨੀਕੀ ਮਾਹਰ ਜਾਂ ਤਾਂ ਜਰਮਨ ਸਨ ਜਾਂ ਇਤਾਲਵੀ।

ਇਟਲੀ ਦੇ ਸਰਕਾਰੀ ਅੰਕੜਿਆਂ ਅਨੁਸਾਰ ਮੁਸੋਲਿਨੀ ਦੇ ਡੇਢ ਲੱਖ ਫ਼ੌਜੀ ਸਪੇਨ 'ਚ ਲੜੇ। ਹਾਲਾਂਕਿ ਜਰਮਨਾਂ ਨੇ ਸਪੇਨ 'ਚ ਭੇਜੇ ਫ਼ੌਜੀਆਂ ਦੀ ਗਿਣਤੀ ਕਦੇ ਨਹੀਂ ਛਾਪੀ, ਫਿਰ ਵੀ ਅਸੀਂ ਜੰਗ 'ਚ ਜਰਮਨੀ ਦੀ ਸ਼ਮੂਲੀਅਤ ਦਾ ਮੁਨਾਸਿਬ ਅੰਦਾਜ਼ਾ ਇਸ ਤੱਥ ਤੋਂ ਲਗਾ ਸਕਦੇ ਹਾਂ ਕਿ ਇਸ ਵੱਲੋਂ ਹਥਿਆਰਬੰਦ ਤਾਕਤਾਂ ਦੀਆਂ ਸਾਰੀਆਂ ਹੀ ਸ਼ਾਖਾਵਾਂ ਦੇ 25,000 ਨਾਜ਼ੀ ਕਮਾਂਡਰਾਂ, ਫ਼ੌਜੀਆਂ ਅਤੇ ਅਫ਼ਸਰਾਂ ਨੂੰ ਸਪੇਨੀ ਲੋਕਾਂ ਵਿਰੁੱਧ ਲੜਾਈ 'ਚ ਦਿਖਾਈ ਬਹਾਦਰੀ ਤੇ ਜੋਸ਼ ਦੇ ਬਦਲੇ ਸੋਨੇ, ਚਾਂਦੀ ਜਾਂ ਪਿੱਤਲ ਦੇ ਤਮਗੇ ਦਿੱਤੇ ਗਏ ਸਨ।

ਇਤਾਲਵੀ ਅਤੇ ਜਰਮਨ ਹਵਾਈ ਜਹਾਜ਼ਾਂ ਨੇ ਗਵੇਰਨਿਕਾ ਅਤੇ ਨਿਊਲਜ਼ ਤਬਾਹ ਕਰ ਦਿੱਤੇ। ਜਰਮਨ ਤੋਪਾਂ ਨੇ ਸਿਆਰਾ ਪੈਨਡੋਲਾ 'ਚ ਗਣਰਾਜਵਾਦੀ ਮੋਰਚਾਬੰਦੀਆਂ ਹਿਲਾ ਦਿੱਤੀਆਂ ਅਤੇ ਸਿਰੋ ਡੀ ਲਾਸਏਂਜਲਸ ਵਾਲੇ ਪਾਸਿਉਂ ਮੈਡਰਿਡ 'ਤੇ ਬੰਬਾਰੀ ਕੀਤੀ। ਇਤਾਲਵੀ ਫ਼ੌਜੀ ਦਸਤਿਆਂ ਨੇ ਮਲੱਗਾ 'ਤੇ ਚੜ੍ਹਾਈ ਕੀਤੀ; ਜਰਮਨ ਜੰਗੀ ਬੇੜੇ ਨੇ ਅਲਮੇਰੀਆ ਉੱਪਰ ਤੋਪਾਂ ਦੇ ਗੋਲਿਆਂ ਦੀ ਬੁਛਾੜ ਕੀਤੀ; ਜਰਮਨ ਹਵਾਈ ਜਹਾਜ਼ਾਂ ਨੇ ਦਰਜਣਾਂ ਵਾਰ ਬਾਰਸੀਲੋਨਾ ਅਤੇ ਮੈਡਰਿਡ ਉੱਪਰ ਬੰਬਾਰੀ ਕੀਤੀ; ਇਤਾਲਵੀ ਫ਼ੌਜਾਂ ਸਪੇਨ ਦੇ ਦੱਖਣ 'ਚ ਦਾਖ਼ਲ ਹੋਈਆਂ ਅਤੇ ਸਾਂਤਾਂਦੇਰ ਵੱਲ ਕੂਚ ਕੀਤਾ; ਗੁਆਡਲਾਜਾਰਾ 'ਚ ਇਤਾਲਵੀ ਫ਼ੌਜੀ ਟੁਕੜੀਆਂ ਨੂੰ ਹਰਾਇਆ ਗਿਆ; ਐਲੀਕੈਂਟੇ ਦੇ ਕਿਲ੍ਹੇ 'ਚ ਡਟੇ ਬੈਠੇ ਲੋਕ ਫ਼ੌਜਾਂ ਦੇ ਬਚੇ ਖੁਚੇ ਲੜਾਕੂਆਂ ਨੂੰ ਘੇਰਾ ਇਟਲੀ ਦੇ ਕਾਲੀ ਵਰਦੀ ਵਾਲੇ ਫ਼ੌਜੀ ਦਸਤਿਆਂ ਨੇ ਪਾਇਆ ਸੀ। ਇਹ ਸਨ ਸਪੇਨ ਦੀਆਂ ਅਖੌਤੀ ਕੌਮਪ੍ਰਸਤ ਤਾਕਤਾਂ ਜਿਨ੍ਹਾਂ ਦਾ ਸਪੇਨ ਦੇ ਲੋਕਾਂ ਨੇ ਜੁਲਾਈ 1936 ਤੋਂ ਲੈ ਕੇ ਮਾਰਚ 1939 ਤੱਕ ਬਹਾਦਰੀ ਨਾਲ ਟਾਕਰਾ ਕੀਤਾ—ਮੂਰ ਲੋਕਾਂ (ਆਦਿਵਾਸੀ ਅਤੇ ਅਰਬੀ ਨਸਲਾਂ ਤੋਂ ਪੈਦਾ ਹੋਏ ਉੱਤਰ-ਪੱਛਮੀ ਅਫ਼ਰੀਕਾ ਵਿਚ ਰਹਿੰਦੇ ਮੁਸਲਮਾਨ—ਅਨੁਵਾਦਕ), ਪੁਰਤਗਾਲੀਆਂ ਅਤੇ ਸ੍ਰੇਸ਼ਟ ਸਮਾਜਾਂ ਦੇ ਨਰਕ 'ਚੋਂ ਭਰਤੀ ਕੀਤੇ ਇਨਸਾਨੀ ਕਚਰੇ ਦੀ ਤਾਂ ਗੱਲ ਹੀ ਛੱਡੋ।

ਫਾਸ਼ੀਵਾਦੀ ਤਾਕਤਾਂ ਦੀ ਮਦਦ ਕਾਰਣ, 1936 'ਚ ਸ਼ੁਰੂ ਹੋਈ ਜੰਗ ਨੇ ਵਿਸ਼ੇਸ਼ ਖ਼ਾਸਾ ਅਖ਼ਤਿਆਰ ਕਰ ਲਿਆ। ਇਹ ਖ਼ਾਨਾਜੰਗੀ ਦੀਆਂ ਹੱਦਾਂ ਤੋੜਕੇ ਦੇਸੀ ਅਤੇ ਬਦੇਸ਼ੀ ਫਾਸ਼ੀਵਾਦ ਵਿਰੁੱਧ ਕੌਮੀ ਇਨਕਲਾਬੀ ਯੁੱਧ ਬਣ ਗਿਆ। ਫਾਸ਼ੀਵਾਦੀ ਹਮਲੇ ਖ਼ਿਲਾਫ਼ ਸਪੇਨ ਦੇ ਟਾਕਰੇ ਦੀ ਕੌਮਾਂਤਰੀ ਮਹੱਤਤਾ ਇਸੇ 'ਚ ਹੈ। ਹਿਟਲਰ ਸਪੇਨ ਦੀ ਵਰਤੋਂ, ਯੂਰਪ ਅਤੇ ਕੁਲ ਦੁਨੀਆਂ ਵਿਰੁੱਧ ਹਮਲੇ ਦੀ ਤਿਆਰੀ ਲਈ ਆਪਣੇ ਹਵਾਈ ਅਮਲੇ ਅਤੇ ਫ਼ੌਜੀਆਂ ਦੀ ਸਿਖਲਾਈ ਵਜੋਂ ਕਰ ਰਿਹਾ ਸੀ।

ਸਪੇਨ ਦੇ ਲੋਕਾਂ ਨੂੰ ਕੁਲ ਦੁਨੀਆਂ ਦੀ ਮਜ਼ਦੂਰ ਜਮਾਤ ਅਤੇ ਜਮਹੂਰੀ ਤਾਕਤਾਂ ਦੀ ਹਮਦਰਦੀ ਅਤੇ ਇਕਮੁੱਠਤਾ ਨੇ ਇਖ਼ਲਾਕੀ ਹਿੰਮਤ ਬਖਸ਼ੀ ਸੀ। ਜਿਨ੍ਹਾਂ ਮੂਹਰੇ ਯੂਰਪ ਅੰਦਰ ਹਮਲੇ 'ਤੇ ਉੱਤਰੀਆਂ ਜੰਗਬਾਜ਼ ਤਾਕਤਾਂ ਨਾਲ ਲੜਨ ਅਤੇ ਇਨ੍ਹਾਂ ਨੂੰ ਘੇਰਨ ਅਤੇ ਇਹ ਸਾਬਤ ਕਰਨ ਦਾ ਮੁਸ਼ਕਲ ਕਾਰਜ ਮੌਜੂਦ ਸੀ ਕਿ ਦੁਨੀਆਂ ਅੰਦਰ ਫਾਸ਼ੀਵਾਦ ਦੇ ਅੱਗੇ ਵਧਣ ਨੂੰ ਠੱਲ ਪਾਈ ਜਾ ਸਕਦੀ ਹੈ ਤੇ ਇਸ ਦਾ ਸਫ਼ਾਇਆ ਕੀਤਾ ਜਾ ਸਕਦਾ ਹੈ।

ਫਾਸ਼ੀਵਾਦੀ ਤਾਕਤਾਂ ਵੱਲੋਂ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਦੇ ਪ੍ਰਤੱਖ ਅਤੇ ਮੂੰਹ ਜ਼ੋਰ ਤੱਥਾਂ ਦੇ ਰੂ-ਬ-ਰੂ ਸਪੇਨ ਦੀ ਸਰਕਾਰ ਅਤੇ ਲੋਕਾਂ ਨੇ ਜਮਹੂਰੀ ਦੇਸ਼ਾਂ ਨੂੰ ਇਕਮੁੱਠਤਾ ਪ੍ਰਗਟਾਉਣ ਦੀਆਂ ਜ਼ੋਰਦਾਰ ਅਪੀਲਾਂ ਕੀਤੀਆਂ। ਉਨ੍ਹਾਂ ਦੀਆਂ ਆਵਾਜ਼ਾਂ ਮਾਰੂਥਲ 'ਚ ਕੁਰਲਾਉਣ ਵਾਂਗ ਦਰਕਿਨਾਰ ਹੋ ਗਈਆਂ।

ਪਿਛਾਖੜ ਦੀਆਂ ਕੌਮਾਂਤਰੀ ਤਾਕਤਾਂ ਨੇ ਗਣਰਾਜੀ ਸਪੇਨ ਦੇ ਆਲੇ-ਦੁਆਲੇ ਸ਼ਰੇਆਮ ਜੰਗੀ ਕੰਧ ਉਸਾਰ ਦਿੱਤੀ। ਦੁਨੀਆਂ ਦੀਆਂ ਤਮਾਮ ਪਿਛਾਖੜੀ ਤਾਕਤਾਂ ਦੀ ਪ੍ਰੈੱਸ, ਰੇਡੀਓ, ਪ੍ਰਚਾਰ ਦਾ ਬੇਥਾਹ ਤਾਣਾਬਾਣਾ ਸਪੇਨ ਦੇ ਬਹਾਦਰੀ ਭਰੇ ਸੰਗਰਾਮ ਦੇ ਖ਼ਿਲਾਫ਼ ਚੀਕ ਉੱਠਿਆ। ਸਿਰੇ ਦੇ ਨੰਗੇ-ਚਿੱਟੇ ਕੂੜ-ਪ੍ਰਚਾਰ ਦਾ ਸਹਾਰਾ ਲੈ ਕੇ, ਉਨ੍ਹਾਂ ਨੇ ਫ਼ੌਜੀ ਬਗ਼ਾਵਤ ਅਤੇ ਬਦੇਸ਼ੀ ਦਖ਼ਲਅੰਦਾਜ਼ੀ 'ਤੇ ਪਰਦਾ ਪਾਉਣ ਅਤੇ ਇਸ ਨੂੰ ਜਾਇਜ਼ ਠਹਿਰਾਉਣ ਦੀ ਪੂਰੀ ਕੋਸ਼ਿਸ਼ ਕੀਤੀ।

ਸਵਾਰਥੀ ਗਰੋਹਾਂ ਦੀ ਬਦਕਾਰੀ, ਤੇ ਤੱਥਾਂ ਦੀ ਤੋੜ-ਮਰੋੜ ਦਾ ਪਰਦਾਫਾਸ਼ ਕਰਨ ਲਈ ਮੈਂ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ 29 ਜੁਲਾਈ ਨੂੰ ਸਰਕਾਰੀ ਰੇਡੀਓ ਤੋਂ ਤਕਰੀਰ ਕੀਤੀ। ਮੈਂ ਕੁਲ ਜਮਹੂਰੀ ਦੇਸ਼ਾਂ ਨੂੰ ਅਪੀਲ ਕੀਤੀ, ਤੇ ਉਨ੍ਹਾਂ ਨੂੰ ਸਪੇਨ ਬਾਰੇ ਅਤੇ ਸਪੇਨੀ ਲੋਕਾਂ ਦੀ ਹਾਰ ਤੋਂ ਉਪਜਣ ਵਾਲੇ ਖ਼ਤਰੇ ਦੀ ਸਚਾਈ ਤੋਂ ਜਾਣੂੰ ਕਰਾਇਆ।

ਮੈਂ ਦੇਸ਼ ਦੀ ਹਾਲਤ ਬਿਆਨ ਕੀਤੀ ਅਤੇ ਅਮਰੀਕਾ ਦੇ ਲੋਕਾਂ ਅਤੇ ਯੂਰਪ ਦੇ ਮਜ਼ਦੂਰਾਂ ਨੂੰ ਗਣਰਾਜ ਤੇ ਇਸ ਦੇ ਲੋਕਾਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ:

"ਸਪੇਨੀ ਲੋਕਾਂ ਦੀ ਲੜਾਈ ਉਨ੍ਹਾਂ ਲੋਕਾਂ ਦੀ ਲੜਾਈ ਹੈ ਜੋ ਪਿਛਾਖੜੀ ਫ਼ੌਜੀ ਹਿੱਸਿਆਂ ਦੇ ਮੁਜਰਮਾਨਾ ਹਮਲਿਆਂ ਵਿਰੁੱਧ ਉੱਠ ਖੜ੍ਹੇ ਹਨ;

"ਇਹ ਅਮਨ ਲਈ ਲੜਾਈ ਹੈ; ਇਹ ਜੰਗ ਨੂੰ ਹੱਲਾਸ਼ੇਰੀ ਦੇਣ ਵਾਲਿਆਂ ਦੇ ਖ਼ਿਲਾਫ਼ ਲੜਾਈ ਹੈ।

"ਸਪੇਨ ਦੀ ਜਮਹੂਰੀਅਤ ਨੂੰ ਖ਼ਤਮ ਹੋਣੋਂ ਬਚਾਉਣ 'ਚ ਸਾਡੀ ਮਦਦ ਕਰੋ ਕਿਉਂਕਿ ਜੇ ਇਹ ਵਾਪਰ ਗਿਆ, ਇਸ ਦਾ ਲਾਜ਼ਮੀ ਅਰਥ ਹੋਵੇਗਾ ਸੰਸਾਰ ਜੰਗ ਜਿਸ ਨੂੰ ਅਸੀਂ ਸਾਰੇ ਟਾਲਣਾ ਚਾਹੁੰਦੇ ਹਾਂ।

"ਦਖ਼ਲਅੰਦਾਜ਼ੀ ਕਰਨ ਵਾਲਿਆਂ ਦੇ ਹੱਥ ਰੋਕ ਦਿਉ! ਸਪੇਨ ਦੀ ਹਕੂਮਤ ਸੰਵਿਧਾਨਕ ਹਕੂਮਤ ਹੈ ਜਿਸ ਨੂੰ ਸੱਤਾ ਦੇ ਅਧਿਕਾਰ 16 ਫਰਵਰੀ ਦੀਆਂ ਚੋਣਾਂ ਨੇ ਦਿੱਤੇ ਹਨ। ਅਸੀਂ ਕਮਿਊਨਿਸਟ, ਇਸ ਹਕੂਮਤ ਦੀ ਹਮਾਇਤ ਕਰਦੇ ਹਾਂ ਤੇ ਇਸ ਦੀ ਰਾਖੀ ਕਰਦੇ ਹਾਂ ਕਿਉਂਕਿ ਇਹ ਲੋਕਾਂ ਦੀ ਸਹੀ ਪ੍ਰਤੀਨਿੱਧ ਹੈ ਜੋ ਜਮਹੂਰੀਅਤ ਤੇ ਮੁਕਤੀ ਲਈ ਸੰਘਰਸ਼ਸ਼ੀਲ ਹੈ।"

ਬਦਕਿਸਮਤੀ ਨਾਲ, ਜਿਵੇਂ ਕਮਿਊਨਿਸਟ ਪਾਰਟੀ ਨੇ ਅਗਾਊਂ ਦੱਸ ਦਿੱਤਾ ਸੀ, ਸਪੇਨ ਦੇ ਗਣਰਾਜ ਦੀ ਹਾਰ ਦਾ ਅਰਥ ਸੀ ਜੰਗ ਦਾ ਆਗਾਜ਼। ਸਪੇਨ ਦੇ ਟਾਕਰੇ ਨੂੰ ਕੁਚਲ ਦੇਣ ਤੋਂ ਪੰਜ ਮਹੀਨੇ ਬਾਦ, ਦੂਜੀ ਸੰਸਾਰ ਜੰਗ ਦਾ ਦਰਦਨਾਕ ਕਹਿਰ ਵਰਤ ਗਿਆ।

[27]

## ਪਰਖ ਦਾ ਦੌਰ

ਬਗ਼ਾਵਤ ਦੇ ਸ਼ੁਰੂ ਤੋਂ ਕਮਿਊਨਿਸਟ ਪਾਰਟੀ ਨੂੰ ਆਪਣੀਆਂ ਸਰਗਰਮੀਆਂ 'ਚ ਪੂਰੀ ਤਰ੍ਹਾਂ ਬਦਲਾਅ ਲਿਆਉਣੇ ਪਏ ਸਨ। ਹਰੇਕ ਕਮਿਊਨਿਸਟ ਦਾ ਇਕੋ ਇਕ ਸਰੋਕਾਰ ਸੀ: ਗਣਰਾਜ ਨੂੰ ਬਚਾਉਣਾ ਅਤੇ ਫਾਸ਼ੀਵਾਦ ਦੀ ਜਿੱਤ ਨੂੰ ਰੋਕਣਾ।

ਜਦੋਂ ਫਾਸ਼ੀਵਾਦੀ ਫ਼ੌਜੀ ਦਸਤੇ ਉੱਤਰ ਵਾਲੇ ਪਾਸਿਉਂ ਕਈ ਦਿਸ਼ਾਵਾਂ ਤੋਂ ਮੈਡਰਿਡ ਵੱਲ ਵਧ ਰਹੇ ਸਨ, ਤਾਂ ਲਿਸਟਰ, ਮੌਡੇਸਟੋ, ਜੁਆਨਿਟੋ, ਪੇਨਾ, ਕਪਤਾਨ ਬੇਨਿਟੋ, ਅਬਾਡ, ਐਂਰੀਜ਼, ਮਾਰਟਿਨ, ਬਰਜ਼ਾਨਾ, ਹੇਰੇਦੀਆ, ਏਫਾਰਿਸਟੋ ਗਿਲ, ਬਾਰਲ, ਸੇਂਦਰ, ਅਰਿਜ਼ਾ ਅਤੇ ਹੋਰਨਾਂ ਦੀ ਅਗਵਾਈ ਹੇਠ ਫਾਸ਼ੀਵਾਦ ਵਿਰੋਧੀ ਮਿਲੀਸ਼ੀਆ ਫਟਾਫਟ ਗੁਆਡਰਮਾ ਪਹਾੜਾਂ ਵੱਲ ਚਲੀ ਗਈ ਤਾਂ ਜੋ ਦੁਸ਼ਮਣ ਦੇ ਅੱਗੇ ਵਧਣ ਨੂੰ ਰੋਕਿਆ ਜਾ ਸਕੇ।

ਪੈਦਰੋ ਚੇਕਾ ਦੀ ਜਥੇਬੰਦਕ ਕਾਬਲੀਅਤ, ਜੋਸ ਡਿਆਜ਼ ਦੀ ਸਿਆਸੀ ਸੂਝ, ਅਨਤੋਨੀਓ ਮਿਜ਼ੇ ਦੀ ਪ੍ਰਚਾਰ ਮੁਹਾਰਤ, ਵਿਸੈਂਟੇ ਯੂਰਾਈਬ ਦੀ ਸਿਆਸੀ ਪ੍ਰੱਪਕਤਾ, ਸਾਂਤਿਆਗੋ ਕੈਰਿਲੋ, ਟ੍ਰਿਫੋਨ ਮੈਡਰਾਨੋ ਦੀ ਅਗਵਾਈ ਹੇਠ ਇਕਮੁੱਠ ਸਮਾਜਵਾਦੀ ਨੌਜਵਾਨ ਜਥੇਬੰਦੀ ਦੇ ਲੜਾਕੂ ਜਜ਼ਬੇ ਨੇ ਇਨ੍ਹਾਂ ਨਾਜ਼ੁਕ ਘੜੀਆਂ 'ਚ ਜੌਹਰ ਵਿਖਾਏ।

ਲੋਕ ਟਾਕਰਾ ਸਾਰੀਆਂ ਸਿਆਸੀ ਤਾਕਤਾਂ ਦੀ ਕਸੌਟੀ ਹੋ ਨਿੱਬੜਿਆ, ਅਤੇ ਕਮਿਊਨਿਸਟ ਪਾਰਟੀ ਦੀ ਇਨਕਲਾਬੀ ਗੁਣਵੱਤਾ ਪੂਰੀ ਤਰ੍ਹਾਂ ਉੱਭਰਕੇ ਸਾਹਮਣੇ ਆਈ। ਜਨਤਾ ਨੂੰ ਅਹਿਸਾਸ ਹੁੰਦਿਆਂ ਦੇਰ ਨਾ ਲੱਗੀ ਕਿ ਜੇ ਉਨ੍ਹਾਂ ਕੋਲ ਪਾਰਟੀ ਨਾ ਹੁੰਦੀ ਤਾਂ ਪਿਛਾਖੜ ਦੀਆਂ ਤਾਕਤਾਂ ਨੇ ਨਿਰਵਿਰੋਧ ਆਪਣੇ ਨਿਸ਼ਾਨੇ ਹਾਸਲ ਕਰ ਲੈਣੇ ਸਨ।

1933 'ਚ ਹਿਟਲਰ ਦੇ ਸੱਤਾ 'ਚ ਆਉਣ ਅਤੇ ਸਪੇਨ ਅੰਦਰ ਫਾਸ਼ੀਵਾਦੀ ਰਾਜ-ਪਲਟੇ ਦੇ ਹਕੀਕੀ ਖ਼ਤਰਾ ਬਣ ਜਾਣ ਪਿੱਛੋਂ, ਕਮਿਊਨਿਸਟ ਪਾਰਟੀ ਨੇ ਮਜ਼ਦੂਰ ਜਥੇਬੰਦੀਆਂ, ਜਮਹੂਰੀਅਤ ਅਤੇ ਗਣਰਾਜ ਦੀ ਰਾਖੀ ਕਰਨ ਲਈ ਹਥਿਆਰਬੰਦ ਦਸਤਿਆਂ ਦੇ ਰੂਪ 'ਚ ਫਾਸ਼ੀਵਾਦ ਵਿਰੋਧੀ ਮਿਲੀਸ਼ੀਆ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਸੀ।

ਪਰ ਗਣਰਾਜਵਾਦੀ ਕੈਂਪ ਦੇ ਅਨੇਕਾਂ ਬੰਦੇ ਮਿਲੀਸ਼ੀਆ ਦੀ ਜ਼ਰੂਰਤ ਨੂੰ ਸਮਝਣ 'ਚ ਅਸਫ਼ਲ ਰਹੇ। ਕਮਿਊਨਿਸਟਾਂ ਦੀਆਂ ਤਜਵੀਜ਼ਾਂ ਨੂੰ ਡਰ-ਪਾਊ ਸਮਝਿਆ ਗਿਆ ਅਤੇ ਇਨ੍ਹਾਂ

ਨੂੰ ਨਘੋਚੀ ਤੇ ਗ਼ਲਤ ਰੂਪ 'ਚ ਪੇਸ਼ ਕੀਤਾ ਗਿਆ। ਸੋਚ ਇਹ ਸੀ ਕਿ ਇਸ ਪਾਰਟੀ ਦੇ ਮਨਸੂਬੇ ਭੈੜੇ ਹਨ।

ਫਿਰ ਵੀ ਨੌਜਵਾਨਾਂ ਦੇ ਚੋਖੇ ਹਿੱਸੇ ਨੇ ਨਾ ਤਾਂ ਪੁਰਾਣੇ ਗਣਰਾਜਵਾਦੀ ਆਗੂਆਂ ਦੇ ਵਿਚਾਰਾਂ ਦਾ ਅਸਰ ਕਬੂਲਿਆ, ਨਾ ਅਫਸਰਸ਼ਾਹੀ ਦੇ ਵਿਚਾਰਾਂ ਦਾ, ਜਿਨ੍ਹਾਂ ਨੂੰ ਕੱਟੜਵਾਦ, ਕਾਨੂੰਨਵਾਦ ਨੇ ਨਖਿਧ ਬਣਾ ਦਿੱਤਾ ਸੀ ਅਤੇ ਇਹ ਦੁਨੀਆਂ 'ਚ ਹੋ ਰਹੀਆਂ ਤਬਦੀਲੀਆਂ ਅਤੇ ਕੌਮੀ ਅਤੇ ਕੌਮਾਂਤਰੀ ਦ੍ਰਿਸ਼ ਉੱਤੇ ਨਵੀਆਂ ਤਾਕਤਾਂ ਦੀ ਕਤਾਰਬੰਦੀ ਨੂੰ ਸਮਝਣ ਤੋਂ ਅਸਮਰੱਥ ਸਨ।

ਸਾਂਤਿਆਗੋ ਕੈਰਿਲੋ ਸੱਚਾ ਇਨਕਲਾਬੀ ਆਗੂ ਸਿੱਧ ਹੋਇਆ, ਉਸ ਦੀ ਅਗਵਾਈ ਹੇਠ ਯੂਨਾਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਨੇ ਅਫਸਰਸ਼ਾਹੀ ਨਾਲੋਂ ਸੰਬੰਧ ਤੋੜ ਲਏ ਜਿਨ੍ਹਾਂ ਨੇ ਜਥੇਬੰਦੀ ਨੂੰ ਵਲਗਣ 'ਚ ਕੈਦ ਕਰ ਰੱਖਿਆ ਸੀ। ਨੌਜਵਾਨ ਤੇ ਬਜ਼ੁਰਗ ਦੋਵੇਂ ਤਰ੍ਹਾਂ ਦੇ ਸਮਾਜਵਾਦੀ, ਲੜਾਈ 'ਚ ਕਮਿਊਨਿਸਟਾਂ ਦੇ ਨਾਲ ਆ ਮਿਲੇ। ਲੋਕ ਏਕਤਾ ਤੇ ਟਾਕਰੇ ਨੂੰ ਬਰਕਰਾਰ ਰੱਖਣ 'ਚ ਉਹ ਜ਼ਬਰਦਸਤ ਅਹਿਮ ਕਾਰਕ ਬਣੇ।

ਆਪਣੀਆਂ ਤਾਕਤਾਂ ਨੂੰ ਲੈ ਕੇ ਅਤੇ ਕੁਝ ਫ਼ੌਜੀ ਮੁਖੀਆਂ ਦੀ ਸਹਾਇਤਾ ਨਾਲ, ਕਮਿਊਨਿਸਟ ਪਾਰਟੀ ਨੇ 1933 'ਚ ਸਪੇਨ ਦੇ ਲਗਭਗ ਹਰੇਕ ਸੂਬੇ 'ਚ ਫਾਸ਼ੀਵਾਦ ਵਿਰੋਧੀ ਮਜ਼ਦੂਰ ਕਿਸਾਨ ਮਿਲੀਸ਼ੀਆ ਬਣਾ ਦਿੱਤੀ। ਮੈਡਰਿਡ 'ਚ ਮਿਲੀਸ਼ੀਆ ਦੇ ਮੁਖੀ ਲਿਸਟਰ, ਮੌਡੈਸਟੋ, ਕਪਤਾਨ ਬੈਨਿਟੋ ਅਤੇ ਹੋਰ ਸਨ। ਉਨ੍ਹਾਂ ਦੇ ਉੱਪਰ ਸੀ ਪਾਰਟੀ ਦਾ ਜਥੇਬੰਦਕ ਸਕੱਤਰ ਪੈਦਰੋ ਚੇਕਾ।

ਕਮਿਊਨਿਸਟ ਪਾਰਟੀ ਵੱਲੋਂ ਫਾਸ਼ੀਵਾਦ ਵਿਰੋਧੀ ਮਿਲੀਸ਼ੀਆ ਬਣਾ ਲਏ ਜਾਣ ਤੋਂ ਬਾਦ, ਸੰਮਾਜਵਾਦੀ ਨੌਜਵਾਨ ਜਥੇਬੰਦੀ ਨੇ ਵੀ ਇਵੇਂ ਹੀ ਕੀਤਾ। ਮਿਲੀਸ਼ੀਆ ਦਾ ਗੋਲੀ ਚਲਾਉਣ ਦਾ ਪਹੁਲ 1934 ਦੀ ਅਸਟੂਰੀਅਸ ਬਗ਼ਾਵਤ ਸਮੇਂ ਹੋ ਗਿਆ ਸੀ। ਯੂ.ਐੱਚ.ਪੀ. (ਮਜ਼ਦੂਰ ਭਰਾਵਾਂ ਦਾ ਏਕਾ) ਦੇ ਜੰਗੀ ਨਾਅਰੇ ਹੇਠ, ਉਹ ਸਪੇਨ ਅੰਦਰ ਪਿਛਾਖੜ ਅਤੇ ਫਾਸ਼ੀਵਾਦ 'ਤੇ ਹੱਲਾ ਬੋਲਣ ਵਾਲੇ ਵਿਸ਼ੇਸ਼ ਦਸਤੇ ਸਨ।

ਪਹਿਲਾਂ ਤਾਂ ਇਸ ਮਿਲੀਸ਼ੀਆ ਦਾ ਗਣਰਾਜੀ ਸਰਕਾਰ ਨੇ ਤਿੱਖਾ ਵਿਰੋਧ ਕੀਤਾ। ਪਰ ਇਨ੍ਹਾਂ ਮਿਲੀਸ਼ੀਆ ਵਾਲਿਆਂ ਨੇ ਹੀ ਸੋਮੋਸੀਏਰਾ, ਨਵਾਸੇਰਾਤਾ ਅਤੇ ਅਲਟੋ ਡੈੱਲ ਲਿਓਨ 'ਚ ਬਾਗ਼ੀ ਫ਼ੌਜਾਂ ਨਾਲ ਲੜਾਈ ਲੜਕੇ ਇਨ੍ਹਾਂ ਨੂੰ ਮੈਡਰਿਡ ਵੱਲ ਵਧਣ ਤੋਂ ਰੋਕੀ ਰੱਖਿਆ। ਇਹ ਲੋਕ ਫ਼ੌਜ ਦੀ ਅਧਾਰਸ਼ਿਲਾ ਸੀ।

ਜੰਗ ਦੇ ਪਹਿਲੇ ਹਫ਼ਤਿਆਂ ਦੌਰਾਨ, ਸਾਡਾ ਮੁੱਖ ਸਰੋਕਾਰ ਮੈਡਰਿਡ ਨੂੰ ਆਉਂਦੀ ਸੜਕ ਦੀ ਰਾਖੀ ਕਰਕੇ, ਦੁਸ਼ਮਣ ਦੀ ਰਾਜਧਾਨੀ 'ਚ ਪਹੁੰਚਣ ਦੀ ਹਰੇਕ ਕੋਸ਼ਿਸ਼ ਨੂੰ ਰੋਕਣਾ ਸੀ। ਜਦੋਂ ਤੱਕ ਮੈਡਰਿਡ ਗਣਰਾਜੀ ਸਰਕਾਰ ਦੇ ਹੱਥਾਂ 'ਚ ਸੀ, ਜਿੱਤ ਯਕੀਨੀ ਸੀ। ਹਰੇਕ ਪਾਰਟੀ, ਹਰੇਕ ਜਥੇਬੰਦੀ ਨੇ ਪੂਰੀ ਫੁਰਤੀ ਨਾਲ ਆਪੋ ਆਪਣੀਆਂ ਮਿਲੀਸ਼ੀਆ ਬਣਾ ਲਈਆਂ ਸਨ, ਉਨ੍ਹਾਂ ਨੇ ਵੀ ਜਿਨ੍ਹਾਂ ਨੇ 1933 'ਚ ਮਿਲੀਸ਼ੀਆ ਬਣਾਏ ਜਾਣ ਦਾ ਅੜੀਅਲ ਵਿਰੋਧ ਕੀਤਾ ਸੀ।

ਸ਼ੁਰੂ ਤੋਂ ਹੀ ਇਹ ਸਪਸ਼ਟ ਸੀ ਕਿ ਸਵੈ-ਇੱਛਕ ਅਧਾਰ 'ਤੇ ਜਥੇਬੰਦ ਕੀਤੀ ਅਤੇ ਬਹੁਤ ਹੀ ਮੁੱਢਲੀ ਫ਼ੌਜੀ ਸਿਖਲਾਈ ਪ੍ਰਾਪਤ ਮਿਲੀਸ਼ੀਆ, ਬਹਾਦਰੀ ਦੇ ਬਾਵਜੂਦ, ਲੰਮੀ ਲੜਾਈ 'ਚ ਨਿਭਣ ਦੇ ਸਮਰੱਥ ਨਹੀਂ ਸੀ। ਗਣਰਾਜ ਨੂੰ ਘੇਰਾ ਪਾ ਰਹੀ ਜ਼ਾਬਤਾਬਧ, ਪੂਰੀ ਤਰ੍ਹਾਂ ਲੈਸ ਫ਼ੌਜ ਨਾਲ ਇਕੱਲੀ ਮਿਲੀਸ਼ੀਆ ਟੱਕਰ ਨਹੀਂ ਲੈ ਸਕਦੀ ਸੀ।

ਲੇਵਾਂਤੇ ਦੇ ਅਰਾਜਕਤਾਵਾਦੀਆਂ ਨੇ "ਰੋਜ਼ ਬੁਸ਼" ਅਤੇ "ਆਇਰਨ" ਦਸਤੇ ਜਥੇਬੰਦ ਕਰ ਲਏ ਸਨ। ਸੈਨ ਮਿਗੂਅਲ ਡੀ ਲਾਸ ਰੇਯੇਸ ਜੇਲ੍ਹ ਵਿਚੋਂ ਅਰਾਜਕਤਾਵਾਦੀਆਂ ਵੱਲੋਂ ਰਿਹਾਅ ਕਰਾਏ ਆਮ ਕੈਦੀ ਵੀ ਈਮਾਨਦਾਰ ਅਰਾਜਕਤਾਵਾਦੀ ਮਜ਼ਦੂਰਾਂ ਦੇ ਨਾਲ ਮਿਲਕੇ ਮਿਲੀਸ਼ੀਆ 'ਚ ਭਰਤੀ ਹੋ ਗਏ। ਇਸੇ ਤਰ੍ਹਾਂ ਕੁਝ ਫਾਸ਼ੀਵਾਦੀ ਅਨਸਰ ਵੀ ਵਿਚ ਵੜ ਗਏ ਪਰ ਉਨ੍ਹਾਂ ਨੇ ਜਦੋਂ ਵੇਲੈਂਸੀਆ ਵਿਚ ਕਮਿਊਨਿਸਟ ਪਾਰਟੀ ਦੇ ਦਫ਼ਤਰ ਉੱਪਰ ਹਮਲਾ ਕਰ ਦਿੱਤਾ ਤਾਂ ਉਨ੍ਹਾਂ ਦਾ ਅਸਲ ਰੰਗ ਉੱਘੜ ਆਇਆ। ਇਨ੍ਹਾਂ ਨੂੰ ਐਨੀ ਗਿੱਦੜ ਕੁੱਟ ਪਈ ਕਿ ਮੁੜ ਕਦੇ ਅਜਿਹਾ ਕਰਨ ਦੀ ਇਨ੍ਹਾਂ ਦੀ ਹਿੰਮਤ ਨਹੀਂ ਸੀ ਪਈ।

ਆਪਣੀ ਫ਼ੌਜ ਬਣਾਉਣਾ ਗਣਰਾਜ ਦੀ ਲਾਜ਼ਮੀ ਲੋੜ ਸੀ, ਇਸ ਨੂੰ ਬਣਾਉਣ ਦੀ ਕੋਸ਼ਿਸ਼ 'ਚ, ਕਮਿਊਨਿਸਟ ਪਾਰਟੀ ਨੇ ਆਪਣੀ ਮਿਲੀਸ਼ੀਆ ਇਸ 'ਚ ਸ਼ਾਮਲ ਕਰਨੀ ਸ਼ੁਰੂ ਕਰ ਦਿੱਤੀ।ਪਾਰਟੀ ਦੀ ਸਰਗਰਮੀ ਨੇ ਸਰਕਾਰ ਦੀ ਪਹਿਲਕਦਮੀ ਦੀ ਘਾਟ ਪੂਰੀ ਕਰ ਦਿੱਤੀ; ਇਸ ਨੂੰ ਕਈ ਮੁਸ਼ਕਲਾਂ 'ਤੇ ਕਾਬੂ ਪਾਉਣ 'ਚ ਮਦਦ ਕੀਤੀ। ਗਿਰਾਲ ਹਕੂਮਤ ਦੀ ਇਕ ਅਹਿਮ ਸਿਫ਼ਤ ਨੂੰ ਇਤਹਾਸ ਅਤੇ ਲੋਕ ਚੇਤੇ ਰੱਖਣਗੇ, ਉਹ ਇਹ ਕਿ ਇਸ ਨੇ ਮਿਲੀਸ਼ੀਆ ਦੇ ਫ਼ੌਜੀਕਰਨ ਦਾ ਫੁਰਮਾਨ ਜਾਰੀ ਕੀਤਾ ਸੀ।ਆਪਣੇ ਆਪ 'ਚ ਭਾਵੇਂ ਇਹ ਕਾਫ਼ੀ ਨਹੀਂ ਸੀ, ਪਰ ਇਹ ਗਣਰਾਜ ਦੀ ਫ਼ੌਜ ਜਥੇਬੰਦ ਕਰਨ ਦੀ ਦਿਸ਼ਾ 'ਚ ਇਕ ਕਦਮ ਜ਼ਰੂਰ ਸੀ।

ਜਦੋਂ ਕਮਿਊਨਿਸਟਾਂ ਨੂੰ ਲੱਗਿਆ ਕਿ ਮਾਰਟੀਨੇਜ਼ ਬੈਰੀਓ ਦੀਆਂ ਨੀਤੀਆਂ ਲੋਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਸਨ ਤਾਂ ਉਹ ਇਸ ਦੀ ਆਲੋਚਨਾ ਕਰਨ ਤੋਂ ਕਦੇ ਨਹੀਂ ਸੀ ਝਿਜਕੇ। ਉਸਨੇ ਮਿਲੀਸ਼ੀਆ ਦੀ ਸਪਲਾਈ ਤੇ ਭਰਤੀ ਕਮੇਟੀ ਦੀ ਪ੍ਰਧਾਨਗੀ ਕਰਨੀ ਕਬੂਲ ਕਰ ਲਈ।ਉਸ ਨੂੰ ਗਣਰਾਜ ਲਈ ਇਸ ਦੇ ਲਾਹੇ ਦਾ ਪਤਾ ਸੀ।ਉਸਨੇ ਇਹ ਅਹੁਦਾ ਹਲੀਮੀ ਨਾਲ ਪ੍ਰਵਾਨ ਕਰ ਲਿਆ ਜੋ ਬਹੁਤੀ ਚਮਕ-ਦਮਕ ਵਾਲਾ ਨਹੀਂ ਸੀ।ਇਸ ਹਲੀਮੀ ਨੇ ਉਸ ਦੇ ਮਾਣ-ਤਾਣ 'ਚ ਵਾਧਾ ਕੀਤਾ। ਮਾਰਟੀਨੇਜ਼ ਨੇ ਕਈ "ਮਾਣਮੱਤੇ" ਸਿਆਸਤਦਾਨਾਂ ਲਈ ਮਿਸਾਲ ਕਾਇਮ ਕੀਤੀ ਜਿਨ੍ਹਾਂ ਲਈ ਸਿਆਸਤ ਦਾ ਅਰਥ ਸੀ ਆਪਣਾ ਨਾਂਅ ਚਮਕਾਉਣਾ ਅਤੇ ਕੌਮੀ ਜਾਂ ਬਦੇਸ਼ੀ ਦੂਤਘਰਾਂ ਦੇ ਸ਼ੁਹਰਤ ਵਾਲੇ ਅਹੁਦੇ ਮਾਨਣ ਦਾ ਮੌਕਾ ਹਾਸਲ ਕਰਨਾ।

ਅਗਸਤ 1936 ਦੇ ਇਕ ਦਿਨ, ਜੋਸ ਡਿਆਜ਼ ਅਤੇ ਮੈਂ ਗੁਆਡਰਮਾ 'ਚ ਕਰਨਲ ਅਸੈਨਸੀਓ ਦੇ ਚੀਫ਼ ਆਫ ਸਟਾਫ਼ ਦੇ ਸਦਰ ਮੁਕਾਮ ਗਏ।ਉੱਥੇ ਗਣਰਾਜ ਦਾ ਸਾਬਕਾ ਪ੍ਰਧਾਨ ਮੰਤਰੀ ਕੈਸਰਸ ਕਿਊਰਗਾ ਮੋਢੇ ਬੰਦੂਕ ਲਟਕਾਈ ਸਾਡੇ ਨਜ਼ਰੀਂ ਪੈ ਗਿਆ।

ਬਗ਼ਾਵਤ ਤੋਂ ਕੁਝ ਹਫ਼ਤੇ ਪਹਿਲਾਂ ਅਸੀਂ ਉਸ ਨੂੰ ਨਵਾਰੇ ਦੀ ਹਾਲਤ ਦੀ ਜਾਣਕਾਰੀ ਦੇਣ ਗਏ ਸੀ, ਜਿੱਥੇ ਰਿਕੂਵੇ ਗਰੋਹ ਸ਼ਰੇਆਮ ਬਗ਼ਾਵਤ ਦੀ ਤਿਆਰੀ ਕਰ ਰਹੇ ਸਨ।ਉਸ ਨੇ ਵਿਸ਼ੇਸ਼ ਗਲੀਸ਼ੀਅਨ ਮੱਕਾਰੀ ਨਾਲ ਜਵਾਬ ਦਿੱਤਾ ਸੀ, "ਤੁਸੀਂ ਕਮਿਊਨਿਸਟ ਡਰੇ ਹੋਏ ਹੋ! ਤੁਹਾਨੂੰ ਹਰ ਥਾਂ ਫਾਸ਼ੀਵਾਦੀਆਂ ਤੇ ਸਾਜ਼ਿਸ਼ੀਆਂ ਦੇ ਝਾਓਲੇ ਪੈਂਦੇ ਰਹਿੰਦੇ ਹਨ।"

ਮੈਂ ਉਸ ਨੂੰ ਉਸ ਸਮੇਂ ਹੋਈ ਗੱਲਬਾਤ ਮੌਕੇ ਦੀ ਉਸ ਦੀ ਸਿਆਸੀ ਟਾਲਮਟੋਲ ਅਤੇ ਬਾਦ ਦੀ ਉਹ ਘਟਨਾ ਚੇਤੇ ਕਰਾਈ, ਜਦੋਂ ਉਸ ਨੇ ਇਕ ਵਾਰ ਕਾਂਗਰਸ ਦੇ ਗਲਿਆਰਿਆਂ 'ਚ ਮੇਰੀ ਇਹ ਕਹਿਕੇ ਖਿੱਲੀ ਉਡਾਈ ਸੀ: "ਤੁਸੀਂ ਮੈਨੂੰ ਡਰਾ ਰਹੇ ਹੋ!" ਹੁਣ ਮੈਂ ਉਸ ਨੂੰ ਪੁੱਛਿਆ:

"ਜਨਾਬ ਕੈਸਰਸ ਫਾਸ਼ੀਵਾਦੀ ਹੈਗੇ ਸਨ ਜਾਂ ਨਹੀਂ? ਕੀ ਇਹ ਕਮਿਊਨਿਸਟਾਂ ਦਾ ਬਣਾਇਆ ਹਊਆ ਸੀ? ਜਾਂ ਤੁਸੀਂ ਸਿਆਸਤਦਾਨ ਜਾਣ-ਬੁੱਝਕੇ ਸ਼ੁਤਰਮੁਰਗ ਬਣੇ ਹੋਏ ਸੀ? ਹੁਣ ਤੁਹਾਨੂੰ ਕੀਹਦਾ ਭੈਅ ਹੈ? ਉਨ੍ਹਾਂ ਦਾ ਜਾਂ ਮੇਰਾ?"

ਉਸ ਨੇ ਆਪਣੇ ਉੱਪਰਲਿਆਂ ਦੇ ਸਿਰ ਸੁੱਟਦਿਆਂ ਖ਼ੁਦ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੇ ਉਸ ਸਮੇਂ ਉਸ ਦੀਆਂ ਕਾਰਵਾਈਆਂ ਅਤੇ ਨੀਤੀਆਂ ਨੂੰ ਪ੍ਰਭਾਵਿਤ ਕੀਤਾ ਸੀ।

"ਤੁਸੀਂ ਕਿਸ ਦੀ ਗੱਲ ਕਰ ਰਹੇ ਹੋ ?ਅਜ਼ਾਨਾ ਦੀ ?"

"ਮੈਂ ਕਹਿ ਨਹੀਂ ਸਕਦਾ, ਪਰ ਮੈਂ 'ਕੱਲਾ ਜ਼ਿੰਮੇਵਾਰ ਨਹੀਂ ਸੀ।"

ਅਸੀਂ ਕਰਨਲ ਅਸੈਨਸੀਓ ਨਾਲ ਮੁਹਾਜ਼ ਦੀ ਹਾਲਤ ਬਾਰੇ ਗੱਲਬਾਤ ਕੀਤੀ ਜੋ ਖ਼ੁਦ ਸਥਿਰ ਹੋਣ ਦੀ ਕੋਸ਼ਿਸ਼ 'ਚ ਸੀ।ਉਹ ਕਹਿਣ ਲੱਗਿਆ, "ਹਾਂ ਸੱਚ, ਕੀ ਤੁਸੀਂ ਫੌਂਟਨ ਮੋਰਚਾਬੰਦੀ ਦੇਖਣਾ ਚਾਹੁੰਦੇ ਹੋ ?ਉਸ ਜਗ੍ਹਾ 'ਤੇ ਦੁਸ਼ਮਣ ਦੀਆਂ ਗੋਲੀਆਂ ਲਗਾਤਾਰ ਚੱਲਦੀਆਂ ਰਹਿਣ ਕਾਰਣ ਇਹ ਵਿਸ਼ਾਲ ਜ਼ਮੀਨੀ ਖੱਡਾ ਬਣਕੇ ਰਹਿ ਗਿਆ ਹੈ।"

ਅਸੈਨਸੀਓ, ਜਿਸ 'ਤੇ ਗੁਆਡਰਮਾ ਮੁਹਾਜ਼ ਦੀ ਜ਼ਿੰਮੇਵਾਰੀ ਸੀ, ਨੇ ਸਾਨੂੰ ਇਹ ਦੱਸਣ ਤੋਂ ਟਾਲਾ ਵੱਟਿਆ ਕਿ ਇਸ ਅਹਿਮ ਜਗ੍ਹਾ ਨੂੰ ਕਬਜ਼ੇ 'ਚ ਲੈਣ ਲਈ ਜ਼ਬਰਦਸਤ ਲੜਾਈ ਲੜ ਰਹੇ ਦੁਸ਼ਮਣ ਨੂੰ ਠੱਲ ਪਾਉਣ ਲਈ ਉਹ ਕੀ ਕਰ ਰਿਹਾ ਸੀ। ਇਸ ਉੱਤੇ ਮੈਡਰਿਡ ਨੂੰ ਜਾਂਦੀ ਸੜਕ ਦੀ ਹਿਫਾਜ਼ਤ ਨਿਰਭਰ ਸੀ। ਜ਼ਾਹਿਰ ਸੀ ਕਿ ਇਹ ਅਜਿਹਾ ਫ਼ੌਜੀ ਭੇਤ ਸੀ, ਜਿਸ ਥੱਲੇ ਅਨੇਕਾਂ ਪਾਪ ਛੁਪੇ ਹੋਏ ਸਨ।

"ਠੀਕ ਹੈ," ਡਿਆਜ਼ ਨੇ ਕਿਹਾ, "ਪਰ ਅਸੀਂ ਉੱਥੇ ਜਾਵਾਂਗੇ ਕਿਵੇਂ ?"

"ਬਕਤਰਬੰਦ ਕਾਰ 'ਚ।"

ਜਿਸ ਬਕਤਰਬੰਦ ਕਾਰ 'ਚ ਅਸੀਂ ਗਏ ਇਸ ਤਰ੍ਹਾਂ ਦੀਆਂ ਕਈ ਗਣਰਾਜ ਦੇ ਵਫ਼ਾਦਾਰਾਂ ਵੱਲੋਂ ਬਣਾਈਆਂ ਜਾ ਰਹੀਆਂ ਸਨ। ਇਹ ਗੋਲੀਆਂ ਤੋਂ ਐਨਾ ਕੁ ਬਚਾਅ ਕਰ ਸਕਦੀ ਸੀ ਜਿੰਨਾ ਕਾਗਜ਼ ਕਰੇਗਾ। ਜਦੋਂ ਅਸੀਂ ਮੋਰਚਾਬੰਦੀ ਵੱਲ ਜਾਂਦੀ ਸੜਕ 'ਤੇ ਜਾ ਰਹੇ ਸਾਂ, ਦੁਸ਼ਮਣ ਦੇ ਤੋਪਖ਼ਾਨੇ ਨੂੰ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਕਈ ਗੋਲੇ ਸੁੱਟੇ। ਜੇ ਇਕ ਵੀ ਸਾਡੀ ਪ੍ਰਸਿੱਧ ਬਕਤਰਬੰਦ ਕਾਰ ਨੇੜੇ ਪਹੁੰਚ ਜਾਂਦਾ, ਤਾਂ ਸਾਡਾ ਸਵਿਸ ਪਨੀਰ ਵਾਂਗ ਕੱਦੂਕਸ਼ ਹੋ ਜਾਣਾ ਸੀ।

ਜਿਸ ਕੋਨੇ 'ਤੇ ਕੰਡੇਦਾਰ ਤਾਰਾਂ ਦੀ ਵਾੜ ਕਰਕੇ ਰਾਹ ਰੋਕਿਆ ਹੋਇਆ ਸੀ, ਅਸੈਨਸੀਓ ਨੇ ਸਾਨੂੰ ਉੱਥੇ ਉੱਤਰਨ ਲਈ ਕਿਹਾ। ਦੁਸ਼ਮਣ ਹਾਲੇ ਤੱਕ ਗੋਲੀਆਂ ਚਲਾਈ ਜਾ ਰਿਹਾ ਸੀ। ਕਾਰ ਗੁਆਡਰਮਾ ਨੂੰ ਵਾਪਸ ਚਲੀ ਗਈ; ਜਦੋਂਕਿ ਅਸੀਂ ਕੰਡੇਦਾਰ ਤਾਰ ਵਿਚੋਂ ਦੀ ਮੋਰਚੇ ਵੱਲ ਨੂੰ ਦੌੜ ਪਏ। ਕਈ ਵਾਰ ਇਸ ਨੇ ਮੇਰਾ ਲਹਿੰਗਾ ਪਰੁੰਨ ਦਿੱਤਾ ਜਿਵੇਂ ਇਹ ਉਨ੍ਹਾਂ ਮੁੱਠੀ ਭਰ ਵਿਅਕਤੀਆਂ ਦੀ ਦ੍ਰਿੜਤਾ ਦੇ ਸਬੂਤ ਵਜੋਂ ਮੈਨੂੰ ਪਕੜਕੇ ਰੱਖਣਾ ਚਾਹੁੰਦੀ ਹੋਵੇ ਜਿਨ੍ਹਾਂ ਨੇ ਇਕ ਇੰਚ ਜ਼ਮੀਨ ਵੀ ਦੁਸ਼ਮਣ ਨੂੰ ਦੇਣ ਦੀ ਬਜਾਏ ਮਰਨ ਨੂੰ ਪਹਿਲ ਦਿੱਤੀ ਸੀ। ਮੈਨੂੰ ਅਸੈਨਸੀਓ ਦੇ ਜਨਰਲ ਸਟਾਫ਼ ਦੀ ਮੁਜਰਮਾਨਾ ਲਾਪਰਵਾਹੀ ਦਾ ਖ਼ਿਆਲ ਆਇਆ, ਜਿਨ੍ਹਾਂ ਨੇ "ਸਾਨੂੰ ਕਾਹਦੀ ਪ੍ਰਵਾਹ" ਦਾ ਰਵੱਈਆ ਅਪਣਾਕੇ ਸ਼ਹਿਰ ਨੂੰ ਮੌਤ ਦੇ ਹਵਾਲੇ ਕਰੀ ਰੱਖਿਆ ਕਿਉਂਕਿ ਮਿਲੀਸ਼ੀਆ ਵਾਲੇ ਬਾਕਾਇਦਾ ਜ਼ਾਬਤੇ ਵਾਲੇ ਫ਼ੌਜੀ ਦਸਤੇ ਨਹੀਂ ਸਨ ਸਗੋਂ ਆਦੇਸ਼ਾਂ ਦੀ ਪਾਲਣਾ ਕਰਨ ਦੀ ਆਦੀ ਤਾਕਤ ਸਨ।

ਅਸੀਂ ਮੋਰਚਾਬੰਦੀ ਵਾਲੀ ਥਾਂ ਪਹੁੰਚ ਗਏ ਜਿੱਥੇ ਕੜਕਦੀ ਧੁੱਪ 'ਚ ਲਿੱਬੜੇ ਤਿੱਬੜੇ, ਮੱਚਦੀਆਂ ਅੱਖਾਂ, ਸੁੱਜੇ ਹੋਏ ਬੁੱਲ੍ਹਾਂ, ਅਤੇ ਖੁਸ਼ਕ ਗਲਿਆਂ ਵਾਲੇ ਫ਼ੌਜੀਆਂ ਦੀ ਟੋਲੀ, ਆਪਣੀ ਕੁਰਬਾਨੀ ਦੀ ਮਹੱਤਤਾ ਤੋਂ ਸੁਚੇਤ, ਦੁਸ਼ਮਣ ਵਿਰੁੱਧ ਲੜ ਰਹੀ ਸੀ, ਇਨ੍ਹਾਂ 'ਚ ਕਈ ਜ਼ਖ਼ਮੀ ਸਨ।

ਉਹ ਸਾਨੂੰ ਮਿਲਕੇ ਖੁਸ਼ ਹੋ ਗਏ। ਦੁਸ਼ਮਣ ਤੋਂ ਬਚਣ ਲਈ ਬਣਾਈ ਰੇਤੇ ਦੀਆਂ ਬੋਰੀਆਂ ਦੀ ਕੰਧ ਓਹਲੇ ਰੀਂਘਕੇ ਉਹ ਸਾਡੇ ਨਾਲ ਹੱਥ ਮਿਲਾਉਣ ਤੇ ਸਾਡਾ ਸਵਾਗਤ ਕਰਨ ਲਈ ਆਏ। ਕਪਤਾਨ ਫੌਂਟਨ ਨੇ ਇਨ੍ਹਾਂ ਨਾਇਕਾਂ ਦੀ ਤਾਰੀਫ਼ ਕਰਦਿਆਂ ਸਾਨੂੰ ਦੱਸਿਆ: "ਇਨ੍ਹਾਂ ਯੋਧਿਆਂ ਨਾਲ, ਅਸੀਂ ਦੁਨੀਆਂ ਜਿੱਤ ਸਕਦੇ ਹਾਂ; ਇਹ ਫ਼ੌਜੀ ਕਾਇਦੇ-ਕਾਨੂੰਨ ਨਹੀਂ ਜਾਣਦੇ, ਪਰ ਜਿੱਥੋਂ ਤੱਕ ਲੜਾਕੂਪਣ ਅਤੇ ਟਾਕਰੇ ਦਾ ਸੰਬੰਧ ਹੈ, ਇਨ੍ਹਾਂ ਨੂੰ ਹਰਾਇਆ ਨਹੀਂ ਜਾ ਸਕਦਾ।" ਆਪਣੇ ਕਮਾਂਡਰ ਫੌਂਟਨ, ਜੋ ਗਣਰਾਜ ਪ੍ਰਤੀ ਆਪਣੇ ਲਗਾਉ ਲਈ ਪ੍ਰਸਿੱਧ ਪੇਸ਼ਾਵਰ ਫ਼ੌਜੀ ਸੀ, ਪ੍ਰਤੀ ਫ਼ੌਜੀਆਂ ਦਾ ਮੋਹ ਵੀ ਇਵੇਂ ਹੀ ਸੀ।

ਅਸੀਂ ਉਨ੍ਹਾਂ ਸਾਰਿਆਂ ਨਾਲ ਗੱਲਾਂ ਕੀਤੀਆਂ, ਉਨ੍ਹਾਂ ਨੂੰ ਹਾਲਾਤ ਦੀ ਜਾਣਕਾਰੀ ਦਿੱਤੀ, ਜਿੱਤ 'ਚ ਭਰੋਸਾ ਦਿਖਾਉਂਦਿਆਂ ਉਨ੍ਹਾਂ ਨੂੰ ਦਿਲਾਸਾ ਦਿੱਤਾ। ਉਨ੍ਹਾਂ ਨੇ ਆਪਣੇ ਸ਼ਨਾਖ਼ਤੀ ਕਾਰਡ, ਨਿੱਜੀ ਕਾਗਜ਼-ਪੱਤਰ, ਆਪਣੀਆਂ ਮਾਵਾਂ ਅਤੇ ਪ੍ਰੇਮਕਾਵਾਂ ਦੀਆਂ ਤਸਵੀਰਾਂ ਕੱਢ ਲਈਆਂ ਤਾਂ ਕਿ ਅਸੀਂ ਉਨ੍ਹਾਂ ਉੱਪਰ ਪਿਆਰ ਤੇ ਆਸ ਦੇ ਦੋ ਨਿੱਘੇ ਲਫ਼ਜ਼ ਲਿਖਕੇ ਦਸਤਖ਼ਤ ਕਰ ਦੇਈਏ।

ਦੁਸ਼ਮਣ ਦੇ ਵਰ੍ਹਦੇ ਗੋਲਿਆਂ ਹੇਠ ਅਸੀਂ ਉਨ੍ਹਾਂ ਨਾਲ ਲੰਮਾ ਸਮਾਂ ਬਿਤਾਇਆ, ਇਸ ਗੋਲਾਬਾਰੀ ਦਾ ਕਦੇ ਵੀ ਜਵਾਬ ਨਹੀਂ ਦਿੱਤਾ ਗਿਆ ਕਿਉਂਕਿ ਮੋਰਚਾਬੰਦੀ ਕੋਲ ਕੋਈ ਤੋਪ ਨਹੀਂ ਸੀ।

ਹਨੇਰਾ ਹੋ ਰਿਹਾ ਸੀ, ਗੋਲਾਬਾਰੀ ਥੋੜ੍ਹੀ ਸ਼ਾਂਤ ਹੋ ਗਈ ਸੀ। ਫੌਂਟਨ ਨੇ ਸਾਨੂੰ ਜਾਣ ਦੀ ਸਲਾਹ ਦਿੱਤੀ ਕਿਉਂਕਿ ਰਾਤ ਨੂੰ ਹਮਲੇ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਸੀ। ਅਸੀਂ ਉਨ੍ਹਾਂ ਸੂਰਮਿਆਂ ਨੂੰ ਅਲਵਿਦਾ ਕਿਹਾ। ਅਸੀਂ ਹੱਥ ਮਿਲਾਕੇ, ਗਲੇ ਲੱਗਕੇ, ਉਨ੍ਹਾਂ ਦੀਆਂ ਚਿੱਠੀਆਂ ਤੇ ਪਰਿਵਾਰਾਂ ਲਈ ਸੁਨੇਹੇ ਲੈ ਕੇ ਵਿਦਾ ਹੋਏ।

"ਫਟਾਫਟ ਚਲੇ ਜਾਉ! ਇਸ ਤੋਂ ਪਹਿਲਾਂ ਕਿ ਉਹ ਮੁੜ ਗੋਲਾਬਾਰੀ ਸ਼ੁਰੂ ਕਰ ਦੇਣ।"

ਅਸੀਂ ਫੁਰਤੀ ਨਾਲ ਭੱਜ ਤੁਰੇ, ਪਰ ਦੁਸ਼ਮਣ ਦਾ ਤੋਪਖ਼ਾਨਾ ਹੋਰ ਵੀ ਵੱਧ ਫੁਰਤੀਲਾ ਸੀ। ਅਸੀਂ ਓਦੋਂ ਤੱਕ ਯਕੀਨੋਂ ਬਾਹਰੀਆਂ ਰੁਕਾਵਟਾਂ ਭਰੀ ਦੌੜ ਲਾਉਂਦੇ ਹੋਏ, ਅੰਤ ਉਸ ਖੇਤਰ 'ਚ ਪਹੁੰਚ ਗਏ ਜੋ ਉਨ੍ਹਾਂ ਦੀ ਗੋਲਾਬਾਰੀ ਦੀ ਮਾਰ ਹੇਠ ਨਹੀਂ ਸੀ। ਸੜਕ ਤੋਂ ਪਾਸੇ-ਪਾਸੇ, ਅਸੀਂ ਗੁਆਡਰਮਾ ਵੱਲ ਤੁਰ ਪਏ ਅਤੇ ਫਿਰ ਮੈਡਰਿਡ ਨੂੰ ਮੁੜ ਆਏ।

ਮੁੜਕੇ ਸਾਨੂੰ ਕਦੇ ਕਪਤਾਨ ਫੌਂਟਨ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ। ਸਾਡੇ ਜਾਣ ਤੋਂ ਅਗਲੇ ਦਿਨ, ਸਪੇਨੀ ਗਣਰਾਜ ਅਤੇ ਇਸ ਦੇ ਲੋਕ, ਦੁਸ਼ਮਣ ਦੀ ਗੋਲੀ ਨਾਲ ਆਪਣੇ ਇਕ ਸਭ ਤੋਂ ਵਫ਼ਾਦਾਰ ਯੋਧੇ, ਇਕ ਸਭ ਤੋਂ ਈਮਾਨਦਾਰ ਤੇ ਬਿਹਤਰੀਨ ਇਨਸਾਨ ਤੋਂ ਵਾਂਝੇ ਹੋ ਗਏ। ਫੌਂਟਨ ਦਾ ਮੋਰਚਾ ਉਸ ਦੀ ਜਾਨ ਦੀ ਕੁਰਬਾਨੀ ਨਾਲ ਮਹਿਫ਼ੂਜ਼ ਹੋ ਗਿਆ ਸੀ ਅਤੇ ਜੰਗ ਦੇ ਨਬੇੜੇ ਤੱਕ ਉਸ ਵਰਗੀ ਬਹਾਦਰੀ, ਲੋਕ ਫ਼ੌਜ ਦੇ ਯੋਧਿਆਂ ਦੀ ਖ਼ਾਸੀਅਤ ਬਣੀ ਰਹੀ ਜਿਸ ਨਾਲ ਉਸ ਦਾ ਨਾਂਅ ਜੁੜਿਆ ਹੋਇਆ ਸੀ।

ਗੁਆਡਰਮਾ ਦੇ ਸੋਮੋਸੀਆਰਾ ਦੀ ਲੜਾਈ ਦੇ ਦਿਨ ਵੀ ਭੁਲਾਏ ਨਹੀਂ ਜਾ ਸਕਦੇ, ਇਹ ਭਿਆਨਕ ਲੜਾਈ ਮਾੜੇ ਹਥਿਆਰਾਂ ਵਾਲੇ ਯੋਧਿਆਂ ਅਤੇ ਵਧੀਆ ਜਥੇਬੰਦ ਤੇ ਵਧੀਆ ਨਿਰਦੇਸ਼ਨ ਵਾਲੀ ਫ਼ੌਜ ਵਿਚਕਾਰ ਲੜੀ ਗਈ ਸੀ।

ਆਲਟੋ ਡੀ ਲਿਓਨ! ਆਪਣੇ ਮਿਲੀਸ਼ੀਆ ਵਾਲਿਆਂ ਦੀ ਬਹਾਦਰੀ ਤੇ ਕੁਰਬਾਨੀਆਂ ਦਾ ਖ਼ਾਮੋਸ਼ ਗਵਾਹ ਹੈ।

ਜਿਵੇਂ ਮੈਂ ਦੱਸਿਆ ਹੈ, ਜੰਗ ਨੇ ਪਾਰਟੀ ਦੇ ਕੰਮ ਦਾ ਸੁਭਾਅ ਪੂਰੀ ਤਰ੍ਹਾਂ ਬਦਲ ਦਿੱਤਾ। 18 ਜੁਲਾਈ ਤੋਂ ਬਾਦ, ਪਾਰਟੀ ਨੇ ਆਪਣੀਆਂ ਕੁਲ ਕੋਸ਼ਿਸ਼ਾਂ ਲੜਾਈ ਦੇ ਅਤੇ ਘਰੇਲੂ ਦੋਵਾਂ ਮੁਹਾਜ਼ਾਂ ਉੱਤੇ ਲੋਕ ਟਾਕਰੇ ਨੂੰ ਜਥੇਬੰਦ ਕਰਨ ਤੇ ਬਰਕਰਾਰ ਰੱਖਣ 'ਤੇ ਲਾ ਦਿੱਤੀਆਂ।

ਕੁਰਬਾਨੀ ਤੇ ਸਰਗਰਮੀ ਪੱਖੋਂ ਸਾਥੀਆਂ ਦੀ ਇਕ ਦੂਜੇ ਨਾਲ ਬੁਰਦ ਲੱਗ ਗਈ। ਸਾਡੇ ਬੁਰੀ ਤਰ੍ਹਾਂ ਬੀਮਾਰ ਜਨਰਲ ਸਕੱਤਰ, ਜੋਸ ਡਿਆਜ਼, ਤੋਂ ਲੈ ਕੇ ਦੂਰ-ਦੁਰਾਡੇ ਸੂਬੇ ਦੇ ਸਭ ਤੋਂ ਸਾਧਾਰਣ ਮੈਂਬਰਾਂ ਤੱਕ, ਸਾਡੇ ਸਾਰਿਆਂ ਉੱਤੇ ਜੰਗ ਅਤੇ ਗਣਰਾਜ ਦੀ ਜਿੱਤ ਯਕੀਨੀ ਬਣਾਉਣ ਵਾਸਤੇ ਰੋਜ਼ ਵੱਧ ਕੰਮ ਕਰਨ ਦੀ ਧੁਨ ਸਵਾਰ ਸੀ।

ਕਮਿਊਨਿਸਟ ਡਿਪਟੀਆਂ ਨੇ ਇਸ ਬੇਗਰਜ਼ ਘਾਲਣਾ 'ਚ ਸਿਰੇ ਦੇ ਉਤਸ਼ਾਹ ਨਾਲ ਹਿੱਸਾ ਲਿਆ।

ਉਨ੍ਹਾਂ 'ਚੋਂ ਕੁਝ ਸਿਰਫ਼ ਸੰਸਦ ਦੇ ਸਮਾਗਮਾਂ ਲਈ ਹੀ ਮੈਡਰਿਡ ਆਉਂਦੇ ਸਨ, ਤੇ ਉਨ੍ਹਾਂ ਦੇ ਹਲਕਿਆਂ 'ਚ ਜਦੋਂ ਬਗ਼ਾਵਤ ਹੋਈ ਤਾਂ ਉਹ ਅਚਾਨਕ ਦਬੋਚ ਲਏ ਗਏ। ਕੈਨੇਰੀਅਸ ਦਾ ਡਿਪਟੀ ਐਡੂਆਰਡੋ ਸੁਆਰੇਜ਼ ਮੋਰੇਲਜ਼ ਅਤੇ ਕੌਰਡੋਬਾ ਦਾ ਡਿਪਟੀ, ਬੌਟਿਸਟਾ ਗਾਰਸੀਜ਼, ਇਹ ਸਾਥੀ ਫਲਾਂਗੇਵਾਦੀਆਂ ਨੇ ਜੱਦੀ ਇਲਾਕਿਆਂ 'ਚ ਫੜ ਕੇ ਮਾਰ ਦਿੱਤੇ। ਸਾਥੀ ਸੁਆਰੇਜ਼ ਕੈਂਬਰੇਲਜ਼ ਅਤੇ ਜੋਸ ਓਕੋਆ ਅਲਕਾਜ਼ਰ ਕੈਨੇਰੀਅਸ 'ਚ ਪਾਰਟੀ ਕਾਨਫਰੰਸ ਕਰਵਾ ਰਹੇ ਸਨ, ਉਨ੍ਹਾਂ ਨੂੰ ਫੜਕੇ ਵਹਿਸ਼ੀ ਤਸੀਹੇ ਦਿੱਤੇ ਗਏ ਅਤੇ ਜਿਉਂਦਿਆਂ ਨੂੰ ਬੋਰੀਆਂ 'ਚ ਪਾ ਕੇ ਸਮੁੰਦਰ 'ਚ ਸੁੱਟ ਦਿੱਤਾ ਗਿਆ।

ਸਾਥੀ ਲੀਟੈਂਡਰੋ ਕੈਰੋ, ਜੋ ਬਗ਼ਾਵਤ ਤੋਂ ਦੋ ਦਿਨ ਪਹਿਲਾਂ ਖੇਤਰੀ ਮੀਟਿੰਗ 'ਚ ਸ਼ਾਮਲ ਹੋਣ ਲਈ ਗਲੀਸ਼ੀਆ ਗਿਆ ਸੀ, ਨੇ ਓਰੈਂਸ ਦੇ ਪਾਰਟੀ ਮੁਖੀ ਬੀਨਾਈਨੋ ਅਲਵਾਰੇਜ਼ ਨਾਲ ਮਿਲਕੇ ਲੜਾਈ 'ਚ ਹਿੱਸਾ ਲਿਆ। ਬਹਾਦਰੀ ਭਰੇ ਟਾਕਰੇ ਤੋਂ ਬਾਦ, ਉਹ ਛਾਪਾਮਾਰਾਂ ਦੀ ਇਕ ਟੋਲੀ ਦੇ ਨਾਲ ਬਚਕੇ ਪਹਾੜਾਂ 'ਚ ਚਲੇ ਗਏ, ਜਿੱਥੇ ਬਾਦ 'ਚ ਅਲਵਾਰੇਜ਼ ਦੀ ਮੌਤ ਹੋ ਗਈ। ਕੈਰੋ ਨੇ ਦੋ ਸਾਲ ਛਾਪਾਮਾਰਾਂ ਨਾਲ ਗੁਜ਼ਾਰੇ। ਜੰਗ ਦੇ ਅਖ਼ੀਰ 'ਚ ਉਹ ਬਚਕੇ ਪੁਰਤਗਾਲ ਚਲਾ ਗਿਆ ਤੇ ਬਾਦ 'ਚ ਮੈਕਸੀਕੋ ਪਹੁੰਚ ਗਿਆ।

ਅਸਟੂਰੀਅਸ ਦੇ ਡਿਪਟੀ ਜੁਆਨ ਜੋਸ ਮਾਨਸੋ, ਸਾਥੀ ਐਨਜੀਲਿਨ ਅਤੇ ਰੋਜ਼ਾ ਭਰਾਵਾਂ ਨੇ ਅਸਟੂਰੀਅਸ 'ਚ ਟਾਕਰਾ ਜਥੇਬੰਦ ਕਰਦੇ ਹੋਏ ਅਤੇ ਘਰੇਲੂ ਮੁਹਾਜ਼ 'ਤੇ ਕੰਮ ਕਰਦੇ ਹੋਏ ਲੜਾਈ 'ਚ ਯੋਗਦਾਨ ਪਾਇਆ। ਜੰਗ 'ਚ ਪਾਰਟੀ ਦੇ ਕਈ ਆਗੂ ਮਾਰੇ ਗਏ, ਜਿਵੇਂ ਅਸਟੂਰੀਅਸ ਦਾ ਹੋਰੇਸੀਓ ਅਰਗੁਏਲਜ਼, ਗਿਜ਼ੋਨ ਦੇ ਕਾਰਾਲੋਸ ਵੇਗਾ ਅਤੇ ਓਵੀਡੋ ਦੇ ਹਰਮਿਨੀਓ ਅਰਗੁਏਲਜ਼।

ਸਾਡੇ ਕਈ ਡਿਪਟੀ ਮਿਲੀਸ਼ੀਆ 'ਚ ਸ਼ਾਮਲ ਹੋਏ, ਇਨ੍ਹਾਂ 'ਚ ਸੀ ਗਰਾਨਾਡਾ ਦਾ ਅਨਤੋਨੀਓ ਪਰੇਟਲ, ਜੋ ਲੀਨਾ ਓਡੇਨਾ ਨਾਲ ਮਿਲਕੇ ਇਸ ਮੁਹਾਜ਼ 'ਤੇ ਲੜਿਆ।

ਕੈਡੀਜ਼ ਸੂਬੇ ਦਾ ਡਿਪਟੀ, ਡੇਨੀਅਲ ਅਰਤੇਗਾ ਪੰਜਵੀਂ ਰੈਂਜੀਮੈਂਟ ਨੂੰ ਜਥੇਬੰਦ ਕਰਨ ਵਾਲਿਆਂ 'ਚੋਂ ਇਕ ਸੀ। ਜੰਗ ਦਾ ਸਾਰਾ ਸਮਾਂ ਉਹ ਮੈਡਰਿਡ 'ਚ ਬਹੁਤ ਸਰਗਰਮ ਰਿਹਾ। ਕੈਸਾਡੋ ਦੇ ਗੋਡੇ ਟੇਕਣ ਤੋਂ ਬਾਦ ਫਲਾਂਗੇਵਾਦੀਆਂ ਨੇ ਉਸ ਨੂੰ ਗੋਲੀ ਮਾਰਕੇ ਮਾਰ ਦਿੱਤਾ।

ਕਾਏਟੇਨੋ ਬੌਲੀਵਰ, 1933 'ਚ ਪਾਰਟੀ ਦਾ ਪਲੇਠਾ ਡਿਪਟੀ ਸੀ, ਉਹ ਮਲੱਗਾ 'ਚ ਮਿਲੀਸ਼ੀਆ ਦਾ ਕਾਮੀਸਾਰ ਸੀ। ਜੰਗ ਦੇ ਅਖ਼ੀਰ 'ਚ ਫਲਾਂਗੇਵਾਦੀਆਂ ਨੇ ਉਸ ਨੂੰ ਗੋਲੀ ਮਾਰਕੇ ਮਾਰ ਦਿੱਤਾ।

ਡਿਪਟੀ ਐਡਰੀਆਨੋ ਰੋਮੇਰੋ ਅਤੇ ਪੈਦਰੋ ਮਾਰਟੀਨੇਜ਼ ਕਾਰਟਨ ਪਹਿਲਾਂ ਮਿਲੀਸ਼ੀਆ 'ਚ ਅਤੇ ਬਾਦ 'ਚ ਫ਼ੌਜ 'ਚ ਸ਼ਾਮਲ ਹੋਏ। ਰੋਮੇਰੋ ਐਂਡਾਲੂਸੀਆ 'ਚ ਕਵਾਟਰ ਮਾਸਟਰ ਜਨਰਲ ਸੀ; ਅਤੇ ਮਾਰਟੀਨੇਜ਼ ਨੇ ਆਪਣੇ ਹਲਕੇ ਐਸਟਰੀਮਾਡੁਰਾ ਵਿਚ ਫ਼ੌਜੀ ਦਸਤੇ ਦੀ ਅਗਵਾਈ ਕੀਤੀ।

ਪੋਲਿਟ ਬਿਊਰੋ ਦੇ ਬਹੁਤੇ ਮੈਂਬਰ ਡਿਪਟੀ ਸਨ: ਅਨਤੋਨੀਓ ਮਿਜੇ, ਜਿਸ ਨੇ ਜੰਗ 'ਚ ਰਸਦ ਅਧਿਕਾਰੀ ਦੀ ਜ਼ਿੰਮੇਵਾਰੀ ਨਿਭਾਈ, ਵਿਸੈਂਟੇ ਯੂਰਾਈਬ ਅਤੇ ਯੇਸਸ ਹਰਨਾਂਡੇਜ਼, ਜੋ ਲਾਰਗੋ ਕੈਬਾਲਿਰੋ ਅਤੇ ਨੈਗਰਿਨ ਨਾਲ ਮੰਤਰੀ ਸਨ; ਅਤੇ ਅਖ਼ੀਰ 'ਚ ਮੈਂ।

ਸਾਰੇ ਸਾਥੀਆਂ ਵਾਂਗ, ਮੇਰਾ ਮੁੱਖ ਸਰੋਕਾਰ ਜੰਗ ਦਾ ਮੁਹਾਜ਼ ਸੀ, ਪਰ ਘਰੇਲੂ ਮੁਹਾਜ਼ ਦੇ ਕੰਮ ਨੂੰ ਨਜ਼ਰ-ਅੰਦਾਜ਼ ਨਹੀਂ ਸੀ ਕੀਤਾ ਜਾ ਸਕਦਾ। ਜੰਗ ਦੇ ਸਮੇਂ ਸਾਡੇ ਅਨੇਕਾਂ ਕੰਮ ਸਨ ਜਿਵੇਂ: ਬਾਗ਼ੀਆਂ ਦੇ ਕਬਜ਼ੇ ਵਾਲੇ ਖੇਤਰਾਂ ਤੋਂ ਉੱਜੜੇ ਲੋਕਾਂ ਦੀ ਮਦਦ ਕਰਨਾ; ਬੱਚਿਆਂ ਲਈ ਨਰਸਰੀਆਂ ਅਤੇ ਲੰਗਰ ਬਣਾਉਣਾ; ਫ਼ੌਜ ਲਈ ਵਰਦੀਆਂ ਸਪਲਾਈ ਕਰਨ ਲਈ ਸਿਲਾਈ ਕੇਂਦਰ ਬਣਾਉਣਾ; ਮੁਹਾਜ਼ ਅਤੇ ਹਸਪਤਾਲਾਂ 'ਚ ਦਾਖ਼ਲ ਫ਼ੌਜੀਆਂ ਦੀ ਸਹਾਇਤਾ ਕਰਨ ਲਈ ਵਿਸ਼ੇਸ਼ ਜਥੇਬੰਦੀਆਂ ਬਣਾਉਣੀਆਂ; ਜੰਗੀ ਸਨਅਤਾਂ ਅੰਦਰ ਮਜ਼ਦੂਰਾਂ ਨੂੰ ਖਾਣਾ ਦੇਣਾ; ਅਤੇ ਔਰਤਾਂ ਦੀ ਸਹਾਇਤਾ ਕਮੇਟੀ 'ਚ ਹਿੱਸਾ ਲੈਣਾ, ਜਿਸ ਨੇ ਜੰਗ 'ਚੋਂ ਪੈਦਾ ਹੋਣ ਵਾਲੀਆਂ ਬਹੁ-ਪਰਤੀ ਸਮੱਸਿਆਵਾਂ ਨੂੰ ਹੱਲ ਕਰਨ 'ਚ ਰੱਖਿਆ ਮੰਤਰਾਲੇ ਦੀ ਸਹਾਇਤਾ ਕੀਤੀ।

ਇਸ ਤੋਂ ਇਲਾਵਾ, ਪਾਰਟੀ ਨੇ ਮੈਦਾਨੇ-ਜੰਗ ਅਤੇ ਦੇਸ਼ ਦੇ ਅੰਦਰ ਪ੍ਰਚਾਰ ਦਾ ਤਕੜਾ ਕੰਮ ਕੀਤਾ। ਅਸੀਂ ਸੰਸਦ, ਜਿੱਥੇ ਮੈਂ ਹੁਣ ਉੱਪ-ਪ੍ਰਧਾਨ ਸੀ, ਦੇ ਸਮਾਗਮ ਦੇ ਨਾਲ-ਨਾਲ ਅਨੇਕਾਂ ਮੀਟਿੰਗਾਂ, ਕਾਨਫਰੰਸਾਂ ਅਤੇ ਮੁਜ਼ਾਹਰਿਆਂ 'ਚ ਸ਼ਾਮਲ ਹੁੰਦੇ ਰਹੇ।

ਪਾਰਟੀ ਨੇ ਮੈਨੂੰ ਅਤੇ ਹੋਰ ਸਾਥੀਆਂ ਨੂੰ ਜਿੱਥੇ ਕਿਤੇ ਪਾਰਟੀ ਦੀ ਆਵਾਜ਼ ਤੇ ਮਦਦ ਦੀ ਲੋੜ ਸੀ, ਗੁਆਡਰਮਾ, ਸੋਮੋਸੀਆਰਾ, ਸਿਉਡਡ ਯੂਨੀਵਰਸਿਟੇਰੀਆ, ਐਰਾਗਨ, ਕੈਟਾਲੋਨੀਆ ਅਤੇ ਐਸਟਰੀਮਾਡੁਰਾ ਦੇ ਮੁਹਾਜ਼ਾਂ ਉੱਤੇ ਫਾਇਰਿੰਗ ਲਾਈਨ 'ਤੇ ਭੇਜਿਆ। ਮੈਂ ਇਹ ਲਾਜ਼ਮੀ ਦੱਸਣਾ ਚਾਹਾਂਗੀ ਕਿ ਮੈਂ ਆਮ ਸ਼ਹਿਰੀਆਂ ਨਾਲੋਂ ਫ਼ੌਜੀਆਂ 'ਚ ਵੱਧ ਸੁਖਾਵਾਂ ਮਹਿਸੂਸ ਕਰਦੀ ਸੀ।

ਅਸੀਂ ਜੋ ਕੁਝ ਵੀ ਕੀਤਾ, ਉਸਦਾ ਸਮੁੱਚਾ ਸਿਹਰਾ ਪਾਰਟੀ ਨੂੰ ਜਾਂਦਾ ਹੈ, ਸਾਡੇ ਸਾਰਿਆਂ ਦੀ ਪਿੱਠ 'ਤੇ ਇਸ ਦੀ ਤਾਕਤ ਸੀ ਅਤੇ ਇਸ ਦੀਆਂ ਸਿਆਸੀ ਸਰਗਰਮੀਆਂ ਨੇ ਸਾਨੂੰ ਆਪਣੀਆਂ ਕਮੀਆਂ ਤੇ ਕਮਜ਼ੋਰੀਆਂ ਨੂੰ ਦੂਰ ਕਰਨ 'ਚ ਪ੍ਰੇਰਣਾ ਤੇ ਸਹਾਇਤਾ ਦਿੱਤੀ।

ਕਮਿਊਨਿਸਟ ਪਾਰਟੀ ਨੇ ਯੋਧਿਆਂ ਦੀ ਅਮੁੱਕ ਲੜੀ ਪੈਦਾ ਕੀਤੀ। ਲਿਸਟਰ ਤੇ ਮੌਡੈਸਟੋ ਕੌਣ ਸਨ ? ਕੌਣ ਸਨ ਕੌਰਡਨ, ਮਾਰਕੁਏਜ਼, ਪਰੈਡੋਸ, ਹਿਡਾਲਗੋ ਡੀ ਸਿਸਨੈਰੋਸ, ਰਿਕਾਲਡੇ, ਕ੍ਰਿਸਟੋਬਲ, ਮਾਰਕੁਇਨਾ, ਸਿਊਟਟ, ਮਾਰਿਨ ਅਤੇ ਅਨੇਕਾਂ ਹੋਰ ਫ਼ੌਜੀ ਅਤੇ ਮਿਲੀਸ਼ੀਆ ਵਾਲੇ ਜੋ ਐਨੀ ਬਹਾਦਰੀ ਨਾਲ ਲੜਦੇ ਰਹੇ ?

ਬਹਾਦਰ ਕਾਮੀਸਾਰ ਡਿਆਗੁਏਜ਼, ਡੈੱਲ ਕੈਂਪੋ, ਫੂਜੀਮਾਨਾ, ਬਹਾਮੌਂਡੇ, ਡੌਲੇਜ਼ ਕੌਣ ਸਨ ? "ਸਭ ਤੋਂ ਮੂਹਰੇ ਹੋ ਕੇ ਅੱਗੇ ਵਧਣ ਵਾਲੇ ਅਤੇ ਪਿੱਛੇ ਹਟਣ ਸਮੇਂ ਸਭ ਤੋਂ ਪਿੱਛੇ ਡਟੇ ਰਹਿਣ ਵਾਲੇ" ਕੌਣ ਸਨ ? ਮੋਰਾਟਾ ਡੈੱਲ ਤਾਜੁਨਾ ਦਾ ਸਾਧਾਰਨ ਕਿਸਾਨ, ਸਿਲੈਸਟਿਨੋ ਗਾਰਸੀਆ ਕੌਣ ਸੀ, ਜਿਸਨੇ ਚਾਰ ਇਤਾਲਵੀ ਟੈਂਕ ਤਬਾਹ ਕੀਤੇ ਅਤੇ ਇਨ੍ਹਾਂ ਦੇ ਚਾਲਕਾਂ ਨੂੰ ਬੰਦੀ

ਬਣਾਇਆ। ਦ੍ਰਿੜਤਾ ਤੇ ਦਲੇਰੀ ਦਾ ਸਾਕਾਰ ਰੂਪ ਟੈਂਕ-ਤੋੜ ਯੋਧੇ ਕੌਲ, ਕੌਰਨੇਜੋ ਅਤੇ ਗਰਾਅ ਕੌਣ ਸਨ?

ਮਜ਼ਦੂਰ, ਕਿਸਾਨ, ਵਿਦਿਆਰਥੀ, ਫ਼ੌਜੀ, ਜਹਾਜ਼ੀ—ਇਹ ਸਾਰੇ ਕਮਿਊਨਿਸਟ ਪਾਰਟੀ ਦੇ ਯੋਧੇ ਸਨ। ਡਿਪਟੀ, ਸੂਬਾ ਤੇ ਸਥਾਨਕ ਕਮੇਟੀਆਂ ਦੇ, ਪੋਲਿਟ ਬਿਓਰੋ ਅਤੇ ਕੇਂਦਰੀ ਕਮੇਟੀ ਦੇ ਮੈਂਬਰ ਹਰ ਕੋਈ ਲੜਾਈ 'ਚ ਡਟਿਆ ਰਿਹਾ। ਸਮੁੱਚੀ ਕਮਿਊਨਿਸਟ ਪਾਰਟੀ ਨੇ ਇਕੋ ਇਕ ਮਕਸਦ ਨਾਲ ਜੰਗ ਲੜੀ ਅਤੇ ਸਪੇਨ ਦੀ ਮੁਕਤੀ, ਆਜ਼ਾਦੀ, ਗਣਰਾਜ ਅਤੇ ਜਮਹੂਰੀਅਤ ਦੀ ਰਾਖੀ ਕੀਤੀ।

## [28]
## ਪੰਜਵੀਂ ਰੈਜੀਮੈਂਟ

ਮਿਲੀਸ਼ੀਆ ਦੀ ਭਰਤੀ ਦਾ ਪਹਿਲਾ ਕੇਂਦਰ ਮੈਡਰਿਡ ਵਿਚ ਸੈਲੇਸ਼ੀਅਨ ਕਾਨਵੈਂਟ 'ਚ ਜਥੇਬੰਦ ਕੀਤਾ ਗਿਆ ਸੀ। ਇੱਥੇ ਮਿਲੀਸ਼ੀਆ ਦੀ ਪੰਜਵੀਂ ਰੈਜੀਮੈਂਟ ਦਾ ਜਨਮ ਹੋਇਆ ਜਿਸ ਵਿਚ ਹੇਠ ਲਿਖੀਆਂ ਬਟਾਲੀਅਨਾਂ ਅਤੇ ਦਸਤੇ ਸ਼ਾਮਲ ਸਨ: ਸਥਾਨਕ ਮਿਲੀਸ਼ੀਆ, ਮਜ਼ਦੂਰ ਤੇ ਕਿਸਾਨ, ਨੌਜਵਾਨ, ਅਕਤੂਬਰ, ਥੇਲਮੈਨ*, ਆਇਰਨ, ਰੈੱਡ ਲਾਇਨਜ਼, ਰੈੱਡ ਬੁਲੇਟਸ, ਵਾਈਟ ਆਰਟਸ, ਦੀ ਪੈਨ, ਐੱਫ.ਯੂ.ਈ. (Federacion Universitaria Espanola, ਸਪੈਨਿਸ਼ ਸਟੂਡੈਂਟਸ ਯੂਨੀਅਨ), ਅਸਟੂਰੀਅਸ, ਕੌਂਡੀਸ**, ਕੈਪਟਨ ਬੈਨਿਟੋ, ਲੈਨਿਨਗਰਾਦ, ਪੈਰਿਸ ਕਮਿਊਨ,*** ਮੈਡਰਿਡ ਕਮਿਊਨ, ਵਿਕਟਰੀ, ਸੇਲਰਜ਼ ਆਫ ਕਰੌਂਸਤਦਾ,**** ਜਾਏਨ (ਐਂਡਾਲੂਸੀਆ ਵਿਚਲਾ ਇਕ ਸੂਬਾ), ਲਿਸਟਰ, ਪੀ.ਯੂ.ਏ., ਜੋਸ ਡਿਆਜ਼ ਅਤੇ ਸਟੀਲ ਬਟਾਲੀਅਨ।

ਯੂਨਾਈਟਿਡ ਸਮਾਜਵਾਦੀ ਯੂਥ ਬਟਾਲੀਅਨ, ਲਾ ਪੈਸੀਓਨਾਰੀਆ ਦੇ ਨਾਂ 'ਤੇ, ਅਤੇ ਦੀ ਮਾਂਗਾਡਾ ਅਤੇ ਗਾਲਨ ਦਸਤੇ। ਕੈਟਾਲੋਨੀਆ 'ਚ, ਯੂਨਾਈਟਿਡ ਸਮਾਜਵਾਦੀ ਪਾਰਟੀ (ਪੀ.ਐੱਸ.ਯੂ.ਸੀ.)***** ਨੇ ਕਾਰਲ ਮਾਰਕਸ ਦਸਤਾ ਅਤੇ ਬਾਦ 'ਚ 27ਵੀਂ ਡਿਵੀਜ਼ਨ।

---

* ਅਰਨੈਸਟ ਥੇਲਮੈਨ (1886-1944), ਜਰਮਨੀ ਦੀ ਕਮਿਊਨਿਸਟ ਪਾਰਟੀ ਦਾ ਆਗੂ, ਜਿਸ ਨੂੰ ਨਾਜ਼ੀਆਂ ਨੇ ਸੱਤਾ 'ਚ ਆਉਣ ਸਾਰ ਗ੍ਰਿਫ਼ਤਾਰ ਕਰ ਲਿਆ ਸੀ; ਕਈ ਸਾਲ ਤਸੀਹਾ ਕੇਂਦਰ 'ਚ ਰੱਖਣ ਤੋਂ ਬਾਦ ਉਸ ਨੂੰ ਬੁਖੇਨਵਾਲਡ 'ਚ ਫਾਹੇ ਲਾ ਦਿੱਤਾ ਗਿਆ।

** ਇਸ ਦਾ ਨਾਂਅ ਸਿਵਲ ਗਾਰਡਾਂ ਦੇ ਕਪਤਾਨ ਫਰਨਾਂਡੋ ਕੌਂਡੀਸ ਦੇ ਨਾਂਅ 'ਤੇ ਰੱਖਿਆ ਗਿਆ, ਉਸ ਉੱਤੇ ਰਜਵਾੜਾਸ਼ਾਹੀ ਆਗੂ ਕਾਰਵੋ ਸੋਟੈਲੋ ਨੂੰ ਕਤਲ ਕਰਨ ਦਾ ਦੋਸ਼ ਲਾਇਆ ਗਿਆ ਸੀ।

*** 8 ਜਨਵਰੀ 1871, ਜਰਮਨ ਫ਼ੌਜ ਨੇ ਸ਼ਹਿਰ ਘੇਰਿਆ ਹੋਇਆ ਸੀ, ਜਦੋਂ ਫਰਾਂਸ ਦੀ ਕੇਂਦਰੀ ਸਰਕਾਰ ਨੇ ਵਰਸੇਲਜ਼ 'ਚ ਕੌਮੀ ਗਾਰਦਾਂ ਨੂੰ ਬੇਹਥਿਆਰੇ ਕਰਨ ਦਾ ਯਤਨ ਕੀਤਾ ਤਾਂ ਪੈਰਿਸ ਦੇ ਪ੍ਰੋਲੇਤਾਰੀ ਨੇ ਕਮਿਊਨ ਦਾ ਐਲਾਨ ਕਰ ਦਿੱਤਾ। ਮਾਰਕਸ ਅਤੇ ਏਂਗਲਜ਼, ਅਤੇ ਉਨ੍ਹਾਂ ਤੋਂ ਬਾਦ ਲੈਨਿਨ ਨੇ, ਪੈਰਿਸ ਕਮਿਊਨ ਨੂੰ ਮਜ਼ਦੂਰਾਂ ਦੀ ਪਹਿਲੀ ਹਕੂਮਤ ਮੰਨਿਆ। ਦੋ ਮਹੀਨੇ ਪਿੱਛੋਂ, ਵਰਸੇਲਜ਼ ਦੇ ਫ਼ੌਜੀ ਦਸਤਿਆਂ ਨੇ ਸ਼ਹਿਰ ਨੂੰ ਮੁੜ ਕਬਜ਼ੇ 'ਚ ਲੈ ਲਿਆ, 17000 ਮਰਦਾਂ, ਔਰਤਾਂ ਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਗਿਆ।

ਮਿਲੀਸ਼ੀਆ ਦਾ ਫ਼ੌਜੀਕਰਨ, ਸਰਕਾਰ ਦਾ ਆਪਣੀਆਂ ਤਾਕਤਾਂ ਨੂੰ ਜਥੇਬੰਦ ਕਰਨ ਦਾ ਪਹਿਲਾ ਕਦਮ ਸੀ, ਇਸ ਨਾਲ ਮਿਲੀਸ਼ੀਆ ਨੂੰ ਐਰਲਾਨੋ, ਮਾਰਕੁਵੇਜ਼, ਗਾਲੋ, ਜੋਸ ਗਾਲਨ, ਬਰਸੀਲੋ, ਬਿਊਨੋ ਅਤੇ ਹੋਰ ਤਜ਼ਰਬੇਕਾਰ ਕਮਾਂਡਰਾਂ ਅਤੇ ਫ਼ੌਜੀ ਤਕਨੀਕੀ ਮਾਹਰਾਂ ਅਧੀਨ ਸਿਖਲਾਈ ਲੈਣ ਦਾ ਮੌਕਾ ਮਿਲਿਆ। ਇਨ੍ਹਾਂ ਨੂੰ ਆਪਣੇ ਮਤਹਿਤ ਮਿਲੀਸ਼ੀਆ ਵਾਲਿਆਂ ਦਾ ਸਤਿਕਾਰ ਤੇ ਪਿਆਰ ਹਾਸਲ ਹੋਇਆ।

ਪੰਜਵੀਂ ਰੈਜੀਮੈਂਟ, ਜੋ ਗਣਰਾਜ ਦੀ ਸਭ ਤੋਂ ਪਾਏਦਾਰ ਤੇ ਸੰਜੀਦਾ ਫ਼ੌਜੀ ਜਥੇਬੰਦੀ ਵਜੋਂ ਉੱਭਰ ਰਹੀ ਸੀ, ਵਿਚ ਉਹ ਸਾਰੇ ਸ਼ਾਮਲ ਸਨ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਗਣਰਾਜ ਦੀ ਜਿੱਤ ਹੋਵੇ। ਅਨੇਕਾਂ ਵੱਖੋ-ਵੱਖਰੇ ਸਿਆਸੀ ਵੰਨਗੀਆਂ ਦੇ ਨਾਗਰਿਕ ਅਤੇ ਫ਼ੌਜੀ ਪੰਜਵੀਂ ਰੈਜੀਮੈਂਟ ਨਾਲ ਜੁੜੇ ਹੋਏ ਸਨ, ਇਹ ਕਮਿਊਨਿਸਟ ਪਾਰਟੀ ਵੱਲੋਂ ਲੜਾਕੂਆਂ 'ਚ ਵਿਵਸਥਾ ਤੇ ਜ਼ਾਬਤਾ ਕਾਇਮ ਕਰਨ ਦੀ ਬਦੌਲਤ ਹੋਇਆ ਸੀ।

ਜਦੋਂ ਕਮਿਊਨਿਸਟਾਂ ਨੇ ਪੰਜਵੀਂ ਰੈਜੀਮੈਂਟ ਨੂੰ ਜਥੇਬੰਦ ਕੀਤਾ, ਉਨ੍ਹਾਂ ਨੇ ਵਿਅਕਤੀਆਂ ਨੂੰ ਨਿਰਾ ਫ਼ੌਜੀ ਮਾਮਲਿਆਂ ਨਾਲ ਸੰਬੰਧਤ ਇਕਾਈਆਂ 'ਚ ਜਥੇਬੰਦ ਨਹੀਂ ਕੀਤਾ। ਇਸ ਵੱਲੋਂ ਡੂੰਘੀ ਸਿਆਸੀ ਵਿਦਿਆ ਵੀ ਦਿੱਤੀ ਗਈ, ਅਖ਼ਬਾਰਾਂ ਛਾਪੀਆਂ ਗਈਆਂ, ਜਿਨ੍ਹਾਂ 'ਚੋਂ ਕੁਝ, ਜਿਵੇਂ *ਪਾਪੂਲਰ ਮਿਲੀਸ਼ੀਆ*, ਨੇ 75,000 ਰੋਜ਼ਾਨਾ ਦੀ ਗਿਣਤੀ ਦੀਆਂ ਸਿਖ਼ਰਾਂ ਛੂਹੀਆਂ। ਮੋਰਚਾਬੰਦੀਆਂ ਅਤੇ ਖਾਈਆਂ ਅੰਦਰ ਤਾਜ਼ਾ ਘਟਨਾਵਾਂ ਨੂੰ ਸਚਿੱਤਰ ਬਿਆਨ ਕਰਦੇ ਖ਼ਬਰ ਬੋਰਡ ਲਗਾਏ ਜਾਂਦੇ ਸਨ।

ਪੰਜਵੀਂ ਰੈਜੀਮੈਂਟ ਨੇ ਇਕ ਫ਼ੌਜੀ ਸਿਹਤ-ਵਿਗਿਆਨ ਸ਼ਾਖਾ ਅਤੇ ਰਸਦ ਪ੍ਰਬੰਧਕ ਦਫ਼ਤਰ ਬਣਾਏ ਜੋ ਬਾਦ 'ਚ ਫ਼ੌਜ ਲਈ ਨਮੂਨਾ ਬਣੇ।

ਇਕ ਮੁੱਢਲੇ ਪੱਧਰ ਦਾ ਜੰਗੀ ਕਾਰਖ਼ਾਨਾ ਸ਼ੁਰੂ ਕੀਤਾ ਗਿਆ ਜਿਸ ਨੇ ਮਿਲੀਸ਼ੀਆ ਨੂੰ ਦਸਤੀ ਬੰਬ ਅਤੇ ਬਕਤਰਬੰਦ ਕਾਰਾਂ ਸਪਲਾਈ ਕੀਤੀਆਂ। ਹਥਿਆਰਾਂ ਦੀ ਮੁਰੰਮਤ ਲਈ ਸ਼ਾਪਾਂ ਬਣਾਈਆਂ ਗਈਆਂ। ਅਰਾਮ ਘਰਾਂ ਦੇ ਨਾਲੋ ਨਾਲ ਸੈਨੇਟੋਰੀਅਮ, ਮਿਲੀਸ਼ੀਆ ਵਾਲਿਆਂ ਦੇ ਯਤੀਮ ਬੱਚਿਆਂ ਲਈ ਸੰਭਾਲ-ਘਰ ਅਤੇ ਸਿਲਾਈ ਕੇਂਦਰ ਬਣਾਏ ਗਏ ਜਿੱਥੇ ਸੈਂਕੜੇ ਔਰਤਾਂ ਕੰਮ ਕਰਦੀਆਂ ਸਨ।

ਪੰਜਵੀਂ ਰੈਜੀਮੈਂਟ ਨੇ ਤੋਪਖ਼ਾਨਾ ਅਤੇ ਪੈਦਲ ਸੈਨਾ ਲਈ ਫ਼ੌਜੀ ਸਿਖਲਾਈ ਸਕੂਲ ਬਣਾਏ। ਪਹਿਲੇ ਟੈਂਕ ਚਾਲਕ ਅਤੇ ਜੰਗ ਲਈ ਹਵਾਈ-ਜਹਾਜ਼ ਚਾਲਕ ਪੰਜਵੀਂ ਰੈਜੀਮੈਂਟ ਦੀਆਂ ਸਫ਼ਾਂ 'ਚੋਂ ਆਏ ਸਨ। ਇੰਜ, ਪੰਜਵੀਂ ਰੈਜੀਮੈਂਟ ਨੇ ਉਹ ਕੁਝ ਛੋਟੇ ਪੱਧਰ 'ਤੇ ਜਥੇਬੰਦ ਕੀਤਾ ਜੋ ਹਕੂਮਤ ਨੂੰ ਕਈ ਮਹੀਨੇ ਪਹਿਲਾਂ ਕੌਮੀ ਪੱਧਰ 'ਤੇ ਕਰ ਲੈਣਾ ਚਾਹੀਦਾ ਸੀ।

---

**** ਕਰੌਂਸਤਦਾ, ਲੈਨਿਨਗਰਾਦ ਦੇ ਨੇੜੇ ਛੋਟਾ ਜਿਹਾ ਟਾਪੂ, ਸਮੁੰਦਰੀ ਫ਼ੌਜੀ ਅੱਡਾ, ਸਮੁੰਦਰੀ ਫ਼ੌਜ ਦੀਆਂ ਬਗ਼ਾਵਤਾਂ ਦਾ ਘਟਨਾ ਸਥਾਨ ਜਿਸ ਨੇ 1905 ਅਤੇ 1917 ਦੇ ਰੂਸੀ ਇਨਕਲਾਬ 'ਚ ਅਹਿਮ ਭੂਮਿਕਾਵਾਂ ਨਿਭਾਈਆਂ।

***** 23 ਜੁਲਾਈ 1936 ਨੂੰ ਕੈਟਾਲਾਨ ਕਮਿਊਨਿਸਟ ਪਾਰਟੀ, ਕੈਟਾਲਾਨ ਮਜ਼ਦੂਰ ਪਾਰਟੀ, ਸਪੇਨੀ ਸਮਾਜਵਾਦੀ ਮਜ਼ਦੂਰ ਪਾਰਟੀ ਦੀ ਕੈਟਾਲਾਨ ਫੈੱਡਰੇਸ਼ਨ, ਅਤੇ ਕੈਟਾਲੋਨੀਆ ਦੀ ਸਮਾਜਵਾਦੀ ਯੂਨੀਅਨ ਨੇ ਮਿਲਕੇ ਯੂਨਾਈਟਿਡ ਸੋਸ਼ਲਿਸਟ ਪਾਰਟੀ ਆਫ ਕੈਟਾਲੋਨੀਆ (ਪੀ. ਐੱਸ. ਯੂ. ਸੀ.) ਬਣਾ ਲਈ, ਜਿਸਨੇ ਟാਕਰਾ ਜਥੇਬੰਦ ਕਰਨ ਅਤੇ ਕੈਟਾਲਾਨ ਦੀ ਮਜ਼ਦੂਰ ਲਹਿਰ ਅੰਦਰਲੀਆਂ ਅਰਾਜਕਤਾਵਾਦੀ ਰੁਚੀਆਂ ਦਾ ਮੁਕਾਬਲਾ ਕਰਨ 'ਚ ਵੱਡਾ ਯੋਗਦਾਨ ਪਾਇਆ ਸੀ।

ਪੰਜਵੀਂ ਰੈਜੀਮੈਂਟ ਨਾਲ ਜੁੜੇ ਹੋਣਾ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ, ਇਸ ਜਜ਼ਬਾਤ ਨੂੰ ਕਵੀ ਰਾਫੇਲ ਅਲਬਰਟੀ ਨੇ ਆਪਣੀ ਨਿੱਕੀ ਕਵਿਤਾ, "ਮੈਂ ਪੰਜਵੀਂ ਰੈਜੀਮੈਂਟ ਤੋਂ ਹਾਂ" ਵਿਚ ਪੇਸ਼ ਕੀਤਾ ਸੀ:

ਕੱਲ੍ਹ ਨੂੰ ਮੈਂ ਆਪਣਾ ਘਰ ਛੱਡ ਜਾਵਾਂਗਾ,
ਮੇਰਾ ਬਲਦ ਤੇ ਮੇਰੇ ਲੋਕ ਪਿੱਛੇ ਰਹਿ ਜਾਣਗੇ।
ਤੂੰ ਸੁਭਾਗਾ ਹੋਵੇਂ! ਤੁਸੀਂ ਕਿੱਥੇ ਜਾ ਰਹੇ ਹੋ, ਮੈਨੂੰ ਦੱਸੋ ਕਿੱਥੇ ?
ਮੈਂ ਪੰਜਵੀਂ ਰੈਜੀਮੈਂਟ 'ਚ ਜਾ ਰਿਹਾਂ।
ਪਾਣੀ ਤੋਂ ਬਿਨਾਂ ਕੂਚ ਕਰਨ ਲਈ
ਪਹਾੜੀਆਂ ਉੱਤੇ ਅਤੇ ਖੇਤਾਂ 'ਚ,
ਸ਼ਾਨ ਤੇ ਜਿੱਤ ਦੇ ਗੀਤ ਗਾਉਂਦਿਆਂ,
ਕਿਉਂਕਿ ਮੈਂ ਪੰਜਵੀਂ ਰੈਜੀਮੈਂਟ ਨਾਲ ਸੰਬੰਧਤ ਹਾਂ!

ਇਸ ਦੀਆਂ ਪ੍ਰਾਪਤੀਆਂ 'ਚ ਸਨ ਸਟੀਲ ਬਟਾਲੀਅਨ। ਸਟੀਲ ਬਟਾਲੀਅਨਾਂ ਬੇਗਰਜ਼, ਬਹਾਦਰ ਮਰਦ ਤੇ ਔਰਤਾਂ ਨੂੰ ਲੈ ਕੇ ਬਣਾਈਆਂ ਗਈਆਂ ਸਨ, ਜੋ ਲੋਕ ਕਾਜ਼ ਨੂੰ ਆਪਣੀਆਂ ਜਾਨਾਂ ਦੀ ਕੀਮਤ 'ਤੇ ਜੇਤੂ ਬਣਾਉਣ ਦਾ ਦ੍ਰਿੜ ਇਰਾਦਾ ਰੱਖਦੇ ਸਨ। ਕਵੀ ਲੂਇਸ ਡੀ ਤਾਪੀਆ ਨੇ ਇਹ ਕਵਿਤਾ ਇਨ੍ਹਾਂ ਬੀਰ ਬਟਾਲੀਅਨਾਂ ਬਾਰੇ ਲਿਖੀ ਸੀ:

ਸਟੀਲ ਬਟਾਲੀਅਨਾਂ
ਮੌਤ ਵੱਲ ਗਾਉਂਦੀਆਂ ਜਾਂਦੀਆਂ!
ਕਠੋਰ ਅਤੇ ਭਿਅੰਕਰ,
ਯੋਧਿਆਂ ਵਾਲਾ ਨਖ਼ਰਾ
ਤੇ ਬਹਾਦਰਾਂ ਵਾਲੀ ਫ਼ਿਤਰਤ
ਸਟੀਲ ਬਟਾਲੀਅਨਾਂ
ਫ਼ੌਲਾਦ ਦੀਆਂ ਬਣੀਆਂ
ਜਿੱਤਣਗੀਆਂ!

ਜੰਗ ਦੀ ਭੱਠੀ 'ਚ ਜਿੱਥੇ ਸਟੀਲ ਢਾਲੀ ਜਾਂਦੀ,
ਉਹ ਇਕੋ ਮੰਤਵ ਲਈ ਇਕਮੁੱਠ:
ਮਜ਼ਦੂਰ, ਕਿਸਾਨ
ਸਿੱਧੇ ਸਾਦੇ ਛਾਪਾਮਾਰ
ਅਜਿੱਤ ਕਪਤਾਨ!
ਸਟੀਲ ਬਟਾਲੀਅਨਾਂ,
ਫ਼ੌਲਾਦ ਦੀਆਂ ਬਣੀਆਂ
ਜਿੱਤਣਗੀਆਂ!

ਸਟੀਲ ਬਟਾਲੀਅਨਾਂ
ਯੁੱਧ 'ਚ ਗਾਉਂਦੀਆਂ ਜਾਂਦੀਆਂ

ਆਪਣੇ ਗੀਤਾਂ 'ਚ
ਆਪਣੇ ਕਪਤਾਨ ਦੀ ਮਹਿਮਾ ਗਾਉਂਦੀਆਂ:
ਜੇ ਮੈਂ ਮਰਾਂ,
ਇਸ ਤਰ੍ਹਾਂ ਹੋਵੇ ਕਿ
ਮੇਰੇ ਬੱਚੇ ਜ਼ਿੰਦਾ ਰਹਿਣ
ਸਟੀਲ ਬਟਾਲੀਅਨਾਂ
ਫ਼ੌਲਾਦ ਦੀਆਂ ਬਣੀਆਂ
ਜਿੱਤਣਗੀਆਂ!
ਅਤੀਤਪਸੰਦਾਂ ਨੂੰ ਦੱਸ ਦਿਓ,
ਉਹ ਕਾਮਯਾਬ ਨਹੀਂ ਹੋਣਗੇ!

ਲੋਕ ਮੁਹਾਜ਼ ਦੀਆਂ ਤਮਾਮ ਜਥੇਬੰਦੀਆਂ, ਖ਼ਾਸ ਤੌਰ 'ਤੇ ਕਮਿਊਨਿਸਟ ਪਾਰਟੀ ਵੱਲੋਂ ਕੀਤੇ ਪ੍ਰਚਾਰ ਦੇ ਕੰਮ ਨੇ ਟਾਕਰਾ ਲਹਿਰ ਨੂੰ ਉਗਾਸਾ ਦੇਣ 'ਚ ਸਭ ਤੋਂ ਅਹਿਮ ਭੂਮਿਕਾ ਨਿਭਾਈ। ਗਣਰਾਜ ਦੀਆਂ ਜਿੱਤਾਂ ਅਤੇ ਸਾਡੇ ਲੋਕਾਂ ਦੀ ਲੜਾਕੂ ਭਾਵਨਾ ਨੂੰ ਬਿਆਨ ਕਰਦੀਆਂ ਅਖ਼ਬਾਰਾਂ, ਇਸ਼ਤਿਹਾਰ, ਪੈਂਫਲੈੱਟ ਅਤੇ ਤਿੱਖੀਆਂ ਟਿੱਪਣੀਆਂ ਜੰਗੇ-ਮੈਦਾਨ ਅਤੇ ਦੇਸ਼ 'ਚ ਹਰ ਥਾਂ ਹਾਸਲ ਹੁੰਦੇ ਸਨ।

*ਮੁੰਡੋ ਓਬਰੇਰੋ* ਅਤੇ *ਫਰੈਂਟੀ ਰੋਜੋ*, ਦੋਵੇਂ ਪਾਰਟੀ ਦੀਆਂ ਪ੍ਰਕਾਸ਼ਨਾਵਾਂ, ਜੰਗ ਦੇ ਸਮੇਂ ਮਜ਼ਦੂਰਾਂ ਦੇ ਇਨਕਲਾਬੀ ਅਖ਼ਬਾਰਾਂ ਦੀਆਂ ਸ਼ਾਨਦਾਰ ਮਿਸਾਲਾਂ ਸਨ। ਇਹ ਆਸ ਅਤੇ ਵਿਸ਼ਵਾਸ ਦੇ ਕਾਸਦ, ਫਾਸ਼ੀਵਾਦ ਵਿਰੋਧੀ ਵਿਚਾਰਾਂ ਦੇ ਧੁਰੇ, ਅਤੇ ਸਾਰੇ ਕਮਿਊਨਿਸਟਾਂ ਲਈ ਸੇਧ ਦਾ ਵਸੀਲਾ ਸਨ, ਇਹ ਏਕੇ ਦੀ ਕਮਿਊਨਿਸਟ ਨੀਤੀ ਨੂੰ ਦਰਸਾਉਂਦੇ ਸਨ।

ਕਈ ਸੈਨਿਕ ਪੱਤਰਕਾਰਾਂ ਨੇ *ਮੁੰਡੋ ਓਬਰੇਰੋ* ਅਤੇ *ਫਰੈਂਟੀ ਰੋਜੋ* 'ਚ ਕੰਮ ਕੀਤਾ। ਇਨ੍ਹਾਂ 'ਚ ਸਭ ਤੋਂ ਸਿਰਕੱਢ ਸਨ ਮੈਨੂਅਲ ਨਾਵਾਰੋ ਬਾਲੈਸਟੀਰੋਸ, ਯੂਸੇਬੀਓ ਸਿਮੋਰਾ, ਰੇਜਾਨੋ ਅਤੇ ਇਜ਼ਕਾਰੇਆ। ਬਾਲੈਸਟੀਰੋਸ ਨੂੰ ਬਾਗ਼ੀਆਂ ਨੇ ਗੋਲੀ ਮਾਰਕੇ ਮਾਰ ਦਿੱਤਾ ਸੀ। ਉਸਦੀ ਪੱਤਰਕਾਰੀ ਦੀ ਘਾਲਣਾ ਉਸਦੇ ਪੇਸ਼ੇ ਦਾ ਖ਼ਰਾ ਅਤੇ ਪੁਰਜੋਸ਼ ਇਜ਼ਹਾਰ ਸੀ। ਉਸਨੇ ਅਣਥੱਕ ਕੰਮ ਕੀਤਾ ਅਤੇ ਨਿਰਦੇਸ਼ਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ, ਉਹ ਕੋਈ ਵੀ ਕੰਮ ਹੱਥ ਲੈਣ ਲਈ ਹਮੇਸ਼ਾ ਤੱਤਪਰ ਰਹਿੰਦਾ ਸੀ ਕਿਉਂਕਿ ਸਭ ਕਾਸੇ ਤੋਂ ਵਧਕੇ ਉਹ ਕਮਿਊਨਿਸਟ ਸੀ। ਯੂਸੇਬੀਓ ਸਿਮੋਰਾ ਦੀਆਂ ਸਰਗਰਮੀਆਂ 'ਚ ਐਸੀਆਂ ਸਿਆਸੀ ਟਿੱਪਣੀਆਂ ਅਤੇ ਜੰਗ ਦੇ ਵੇਰਵੇ ਸ਼ਾਮਲ ਸਨ ਜਿਵੇਂ ਮੌਨਟਾਨਾ ਬੈਰਕਾਂ ਉੱਪਰ ਹਮਲੇ ਦਾ ਵਿਲੱਖਣ ਵਰਨਣ। ਸਾਥੀ ਰੇਜਾਨੋ ਨੇ *ਫਰੈਂਟੀ ਰੋਜੋ* 'ਚ ਕੰਮ ਕੀਤਾ। ਉਹ ਖੁੱਲ੍ਹੇਡੁੱਲ੍ਹੇ ਸਭਿਆਚਾਰ, ਸੰਜੀਦਾ ਨਿਰਮਾਣਤਾ ਅਤੇ ਵੰਨਸੁਵੰਨੀ ਪ੍ਰਤਿਭਾ ਵਾਲਾ ਇਨਸਾਨ ਸੀ। ਸਾਥੀ ਇਜ਼ਕਾਰੇਆ ਨੇ ਵੀ *ਫਰੈਂਟੀ ਰੋਜੋ* 'ਚ ਕੰਮ ਕੀਤਾ, ਉਸਨੇ ਭਰਵੇਂ ਲੇਖ ਲਿਖੇ ਜੋ ਹਰ ਥਾਂ ਪੜ੍ਹੇ ਜਾਂਦੇ ਸਨ ਅਤੇ ਚਰਚਾ ਦਾ ਵਿਸ਼ਾ ਬਣਦੇ ਸਨ। ਇਨ੍ਹਾਂ ਦੋਵਾਂ ਅਖ਼ਬਾਰਾਂ ਦੇ ਸੰਪਾਦਕਾਂ ਵੱਲੋਂ ਕੀਤਾ ਜੋਸ਼ੀਲਾ ਅਤੇ ਅਣਥੱਕ ਕੰਮ—ਜੋ ਇਨ੍ਹਾਂ ਦੇ ਅਜ਼ੀਮ ਉਤਸ਼ਾਹ ਕਰਕੇ ਹਮੇਸ਼ਾ ਗ਼ਲਤੀਆਂ ਤੋਂ ਰਹਿਤ ਨਹੀਂ ਸੀ ਹੁੰਦਾ—ਵੱਧ ਹੰਢੇ ਵਰਤੇ ਪੱਤਰਕਾਰਾਂ ਦੀ ਘਾਟ ਨੂੰ ਪੂਰੀ ਕਰਦਾ ਸੀ ਜੋ ਸਾਡੇ ਖ਼ੇਮੇ ਅੰਦਰ ਹਾਲੇ ਉਸਾਰੀ ਦੇ ਅਮਲ 'ਚੋਂ ਲੰਘ ਰਹੇ ਸਨ।

ਯੂਨਾਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਨੇ ਸਾਥੀ ਫਰਨੈਂਡੋ ਕਲਾਡੀਨ ਅਤੇ ਵਿਕਟਰ ਵੇਲੈਸਕੋ ਦੀ ਸੂਝਵਾਨ ਅਗਵਾਈ ਹੇਠ ਵੇਲੈਂਸੀਆ 'ਚ *ਲਾ ਹੋਰਾ* ਅਤੇ ਮੈਡਰਿਡ 'ਚ *ਅਹੋਰਾ* ਰੋਜ਼ਾਨਾ ਅਖ਼ਬਾਰ ਛਾਪੇ। ਇਹ ਸਪੇਨ ਦੇ ਨੌਜਵਾਨ ਦੇਸ਼ਭਗਤਾਂ ਦੀ ਆਵਾਜ਼ ਸਨ, ਤੇ ਨੌਜਵਾਨਾਂ ਦੇ ਰਾਹ-ਦਰਸਾਵੇ ਦਾ ਅਤੇ ਅਧਿਆਪਕ ਦਾ ਕੰਮ ਕਰਦੇ ਸਨ। ਮੈਨੂਅਲ ਅਜ਼ਕਰਾਤੇ ਨੇ ਵੀ ਇਨ੍ਹਾਂ ਪ੍ਰਾਜੈਕਟਾਂ ਵਿਚ ਸਰਗਰਮੀ ਨਾਲ ਹਿੱਸਾ ਪਾਇਆ।

ਲੇਖਕਾਂ, ਕਵੀਆਂ, ਕਲਾਕਾਰਾਂ, ਚਿੱਤਰਕਾਰਾਂ, ਬੁੱਤ ਘਾੜਿਆਂ ਨੇ ਪੰਜਵੀਂ ਰੈਜੀਮੈਂਟ ਨੂੰ ਆਪਣੀਆਂ ਪ੍ਰਤਿਭਾਵਾਂ ਅਰਪਿਤ ਕੀਤੀਆਂ ਅਤੇ ਇਸ ਲਈ ਕੰਮ ਕੀਤਾ, ਜੋ ਮੋੜਵੇਂ ਰੂਪ 'ਚ ਉਨ੍ਹਾਂ ਦੀ ਘਾਲਣਾ ਲਈ ਪ੍ਰੇਰਣਾ ਦੇ ਅਮੁੱਕ ਸੋਮੇ ਬਣੇ। ਉਨ੍ਹਾਂ 'ਚੋਂ ਕਈਆਂ ਨੇ ਵਾਰੋ-ਵਾਰੀ ਕਲਮ ਤੇ ਤਲਵਾਰ ਉਠਾਕੇ ਕੰਮ ਕੀਤਾ।

ਜਮਹੂਰੀ ਪੱਤਰਕਾਰ ਅਨਤੋਨੀਓ ਜ਼ੋਜ਼ੋਇਆ, ਗਣਰਾਜ ਪੱਖੀ ਸਾਹਿਤਕ ਤੇ ਪੱਤਰਕਾਰੀ ਹਲਕਿਆਂ 'ਚ ਜਾਣਿਆ-ਪਛਾਣਿਆ ਨਾਂਅ ਸੀ, ਮਿਲੀਸ਼ੀਆ ਵਾਲਿਆਂ ਦੀ ਬਹਾਦਰੀ ਤੋਂ ਪ੍ਰਭਾਵਤ ਹੋ ਕੇ, ਉਸ ਨੇ ਉਨ੍ਹਾਂ ਦੀਆਂ ਸਫ਼ਾਂ 'ਚ ਸ਼ਾਮਲ ਹੋ ਕੇ ਜੂਝਣ ਦਾ ਅਹਿਦ ਇਨ੍ਹਾਂ ਪ੍ਰਭਾਵਸ਼ਾਲੀ ਸਤਰਾਂ 'ਚ ਬਿਆਨ ਕੀਤਾ:

ਮਿਲੀਸ਼ੀਆ! ਰੌਸ਼ਨ ਨਾਂਅ
ਸਾਡੇ ਦੇਸ਼ ਦਾ ਮਾਣ,
ਕੁਲ ਸਤਿਕਾਰ ਦਾ ਹੱਕਦਾਰ।
ਸੈਨਿਕ ਹਮੇਸ਼ਾ ਨਾਇਕ ਹੁੰਦੈ
ਜਦੋਂ ਬਹਾਦਰੀ ਨਾਲ ਫਰਜ਼ ਨਿਭਾਉਂਦੈ
ਭਾੜੇ ਦਾ ਟੱਟੂ ਬਣ ਸਕਦੈ ਗ਼ੁਲਾਮ
ਵਰਤਿਆ ਜਾਂਦਾ ਆਪਣੇ ਹੀ ਲੋਕਾਂ ਦੇ ਖਿਲਾਫ਼,
ਪਰ ਮਿਲੀਸ਼ੀਆ ਵਾਲਾ ਕਦੇ ਨਹੀਂ, ਬਿਲਕੁਲ ਨਹੀਂ!
ਅਤੇ ਜਦੋਂ ਜੰਗ ਦਾ ਹੋ ਜਾਂਦੈ ਐਲਾਨ,
ਦੁਸ਼ਮਣ ਦੇ ਹਮਲੇ ਦੇ ਖ਼ਿਲਾਫ਼
ਉਹ ਡਰਕੇ ਇੰਜ ਨਹੀਂ ਚੀਕਦਾ,
"ਹਾਏ ਮਾਂ, ਉਹ ਮੈਨੂੰ ਲੈ ਜਾਣਗੇ,"
ਸਗੋਂ ਉਹ ਕਹਿੰਦਾ, "ਮੈਂ ਜਾਨਾਂ
ਆਪਣੇ ਲੋਕਾਂ ਦੇ ਸੱਦੇ ਨੂੰ ਹੁੰਗਾਰਾ ਦੇਣ ਲਈ।
ਮੈਂ ਖੁਸ਼ੀ ਖੁਸ਼ੀ ਲੜਨ ਜਾਂਦਾ ਹਾਂ
ਗ਼ੱਦਾਰੀ ਤੇ ਬੁਰਛਾਗਰਦੀ ਦੇ ਖ਼ਿਲਾਫ਼
ਆਪਣੀ ਸਭ ਤੋਂ ਪਿਆਰੀ ਚੀਜ਼ ਦੀ ਰਾਖੀ ਲਈ:
ਤੁਹਾਡੇ ਵਾਲ ਧੌਲੇ ਹੋ ਗਏ
ਮੇਰੇ ਬਾਪ ਦੀ ਯਾਦ
ਲੰਮੇ ਸਮੇਂ ਤੋਂ ਦੱਬੇ-ਕੁਚਲੇ ਆਪਣੇ ਲੋਕਾਂ ਦੀ ਮੁਕਤੀ 'ਚ ਮਦਦ ਕਰਨ ਲਈ
ਫੁੱਲਾਂ ਦੇ ਹਾਰ ਨਾਲ ਸ਼ਿੰਗਾਰਨ ਲਈ
ਉਹ ਖੇਤ ਜਿੱਥੇ ਮੈਂ ਜੰਮਿਆਂ

ਤੇ ਮੇਰੇ ਘਰ ਦੇ ਸ਼ਤੀਰ।
ਅਤੇ ਐਨਾ ਬੇਖ਼ੌਫ਼ ਅਤੇ ਖ਼ੁਸ਼ੀ 'ਚ ਖੀਵਾ,
ਆਪਣੇ ਭਰਾਵਾਂ ਨਾਲ ਇਕਮੁੱਠ,
ਮੈਂ ਜਿੱਤ ਵੱਲ ਜਾਵਾਂ।
ਤੇ ਜੇ ਮੈਂ ਮਰਾਂ,
ਤਾਂ ਮਰਾਂ ਮਿਲੀਸ਼ੀਆ ਵਾਲੇ ਦੀ ਤਰਾਂ!"

ਅਨਤੋਨੀਓ ਮਸ਼ਾਡੋ ਨੇ ਹਰਮਨਪਿਆਰੇ ਨਾਇਕ, ਲਿਸਟਰ ਦੇ ਸਨਮਾਨ 'ਚ ਹੇਠ ਲਿਖੀ ਕਵਿਤਾ ਰਚੀ, ਜਿਸ ਦੀ ਬਹਾਦਰੀ ਪੂਰੇ ਸਪੇਨ 'ਚ ਲੋਕ-ਗਾਥਾ ਬਣ ਚੁੱਕੀ ਸੀ:

*ਐਬਰੋ ਫ਼ੌਜ ਦੇ ਮੁਖੀ, ਲਿਸਟਰ ਨੂੰ*
ਤੇਰੇ ਬੋਲ—ਹੇ ਸੁਹਣੇ ਦਿਲ, ਰਹਿੰਦੇ ਚੁਕੰਨੇ,
ਅਜਿੱਤ ਸਪੇਨ ਵਾਸੀਆ, ਬਲਵਾਨ ਯੋਧਿਆ,
ਤੇਰੇ ਬੋਲ—ਬੀਰ ਲਿਸਟਰ, ਹੌਲਾ ਕਰੇ
ਮੇਰੇ ਮੌਤ ਦੇ ਬੋਝ ਨੂੰ।
ਤੇਰੇ ਬੋਲ ਲਿਆਏ ਗੂੰਜ
ਇਬੇਰੀਅਨ ਮੈਦਾਨਾਂ 'ਚ ਹੁੰਦੀ ਪਵਿੱਤਰ ਲੜਾਈ ਦੀ;
ਮੇਰੀ ਆਤਮਾ ਵੀ ਜਾਗ ਉੱਠੀ
ਬਾਰੂਦ ਅਤੇ ਰੋਜ਼ਮੇਰੀ ਬੂਟੀ ਦੀ ਗੰਧ ਨਾਲ।
ਜਿੱਥੇ ਸਮੁੰਦਰੀ ਫ਼ੌਜ ਦੇ ਨਰਸਿੰਘੇ ਕਰਦੇ ਪਏ ਐਲਾਨ
ਐਬਰੋ ਦੀ ਹੋਂਦ ਦਾ,
ਅਤੇ ਠੰਢੀ ਚਟਾਨ ਦੇ ਉੱਤੇ
ਜਿੱਥੋਂ ਇਹ ਸਪੇਨੀ ਹੋਕਾ ਗਰਜਦਾ,
ਪਹਾੜ ਤੇ ਸਮੁੰਦਰ ਤੋਂ, ਇਹ ਨੇ ਮੇਰੇ ਬੋਲ:
"ਮੇਰੀ ਕਲਮ ਤੇਰੀ ਬਹਾਦਰ ਤਲਵਾਰ ਦੇ ਲਾਇਕ ਹੋਈ,
ਮੈਂ ਚੈਨ ਨਾਲ ਮਰਾਂਗਾ।"

ਜਦੋਂ ਦੁਸ਼ਮਣ ਨਾਲ ਘਿਰੀ ਰਾਜਧਾਨੀ ਖ਼ੌਫ਼ ਨਾਲ ਬੇਚੈਨ ਸੀ, ਇਸ ਦੀ ਧਰਤੀ ਤੋਂ ਦਰਿੰਦੇ ਨੂੰ ਪਰ੍ਹਾਂ ਦੂਰ ਭਜਾਉਣ ਲਈ ਲੜਾਈ ਚੱਲ ਰਹੀ ਸੀ, ਜੋ ਆਪਣਾ ਗੁੱਸਾ ਵਹਿਸ਼ੀ ਬੰਬ ਹਮਲਿਆਂ ਦੇ ਰੂਪ 'ਚ ਕੱਢ ਰਿਹਾ ਸੀ, ਤਾਂ ਪੰਜਵੀਂ ਰੈਜੀਮੈਂਟ ਦੇ ਸੈਨਿਕ-ਕਵੀ ਹੈਰੇਰਾ ਪੈਟਰੀ ਦੀ ਆਵਾਜ਼ ਮੈਡਰਿਡ ਦੇ ਲੋਕਾਂ ਨੂੰ ਆਖ਼ਰੀ ਬਹਾਦਰੀ ਭਰੇ ਮੋਰਚੇ ਲਈ ਤਿਆਰ ਰਹਿਣ ਦਾ ਸੱਦਾ ਦਿੰਦੀ ਸੁਣਾਈ ਦਿੱਤੀ:

ਖ਼ਤਰਾ
ਮੈਡਰਿਡ, ਮੈਡਰਿਡ, ਤੇਰੇ ਦਰ 'ਤੇ,
ਤੇਰੀਆਂ ਅੱਖਾਂ ਮੂਹਰੇ, ਤੇਰੇ ਘਰੀਂ,

ਕਾਲੀ ਬੂਥੀ ਵਾਲਾ ਹੋਰ ਨੇੜੇ ਆਉਂਦਾ ਜਾਵੇ
ਕਾਲਾ ਦਰਿੰਦਾ ਸਿੱਧਾ ਤੇਰੇ ਵੱਲ ਨੂੰ।
ਹਥਿਆਰਬੰਦ ਹੋਵੋ ਮੈਡਰਿਡ ਦੇ ਲੋਕੋ!
ਸਮਾਂ ਸ਼ਾਂਤ ਨਹੀਂ ਹੈ!
ਪੌਣਾਂ 'ਚੋਂ ਲੋਹੇ ਦੀ ਗੰਧ ਆਵੇ
ਨੀਲੇ ਅੰਬਰਾਂ 'ਚ ਛੂਟ ਵੱਟਦੀਆਂ ਗੋਲੀਆਂ,
ਸ਼ਹਿਰ ਨੂੰ ਤੋਪਾਂ ਕੰਬਣੀ ਛੇੜਦੀਆਂ,
ਧਰਤੀ 'ਚ ਭਿਆਨਕ ਵਰੋਲੇ ਉੱਠਦੇ
ਕਾਲੀ, ਸੁਰਮਈ ਧੂੜ ਦੇ।
ਫਾਸ਼ੀਵਾਦੀਆਂ ਦੇ ਛੱਡੇ ਜਹਾਜ਼,
ਹਵਾਵਾਂ ਚੀਰਦੇ।
ਮਰਦ, ਔਰਤਾਂ, ਜਵਾਨ, ਬੁੱਢੇ,
ਬੰਬਾਂ ਨਾਲ ਢੇਰੀ ਹੋਣ ਪਏ।
ਮੈਡਰਿਡ, ਮੈਡਰਿਡ, ਤੇਰੇ ਦਰ 'ਤੇ,
ਕਾਲਾ ਦਰਿੰਦਾ ਸਿੱਧਾ ਤੇਰੇ ਵੱਲ ਨੂੰ
ਹਾਲੇ ਵੀ ਸਮਾਂ ਹੈ, ਮੈਡਰੀ ਲੀਨੋਸ
ਫਟਾਫਟ, ਬਹੁਤ ਛੇਤੀ, ਹਥਿਆਰਬੰਦ ਹੋਣ ਦਾ!
ਗ਼ੱਦਾਰ ਭਾੜੇ ਦੇ ਟੱਟੂ ਤਿਆਰ ਨੇ
ਹਮਲਾ ਕਰਨ ਲਈ
ਨਾਜ਼ੀਆਂ ਦੀ ਖ਼ਿਦਮਤ ਕਰਨ ਲਈ।
ਹਥਿਆਰਬੰਦ ਹੋਵੋ, ਮੈਡਰਿਡ ਦੇ ਲੋਕੋ!
ਤੁਹਾਡੀਆਂ ਗਰਦਣਾਂ ਨੂੰ ਪੰਜਾ
ਮਹਾਂ ਫਾਸ਼ੀ ਦਰਿੰਦੇ ਦਾ
ਜਾਵੇ ਜਕੜਦਾ।
ਜ਼ਿੰਦਗੀ ਦੇ ਖਾਹਸ਼ਮੰਦ ਆਦਮੀ,
ਮੁਕਤੀ ਤੇ ਆਸ,
ਤੁਹਾਡੇ ਬੱਚਿਆਂ ਲਈ ਰੋਟੀ,
ਤੇ ਅਮਨ-ਅਮਾਨ ਵਾਲਾ ਭਲਕ;
ਬਹਾਦਰ ਮੈਡਰਿਡ ਦੇ ਆਦਮੀ
ਖਿੜਕੀ 'ਚੋਂ ਬਾਹਰ ਦੇਖ!
ਸਮਾਂ ਸ਼ਾਂਤ ਨਹੀਂ ਹੈ।
ਹੁਣੇ, ਰਾਤ ਨੂੰ ਜਾਂ ਬਾਦ ਵਿਚ,
ਸ਼ਾਂਤ ਪ੍ਰਭਾਤ ਨੂੰ,
ਫਾਸ਼ੀਵਾਦੀ [illegible]
ਹਥਿਆਉਣ ਲਈ ਤਿਆਰ

ਇਕ ਖ਼ੂਨੀ ਝਪਟ ਮਾਰਕੇ
ਸਪੇਨ ਦੀ ਮਹਾਨ ਰਾਜਧਾਨੀ, ਮੈਡਰਿਡ ਨੂੰ।
ਮੈਂ ਤੁਹਾਨੂੰ ਚੁਕੰਨੇ ਕਰਦਾਂ ਸਾਥੀਓ,
ਪੰਜਵੀਂ ਰੈਜੀਮੈਂਟ ਨੇ
ਮੈਨੂੰ ਭੇਜਿਐ ਤੁਹਾਨੂੰ ਚੁਕੰਨੇ ਕਰਨ ਲਈ।
ਇਹ ਪਲ ਹਨ ਫ਼ੈਸਲੇ ਦੇ,
ਸਾਡੇ ਦੇਸ਼ ਦੀ ਹੋਣੀ ਦੇ ਲਈ।
ਹਥਿਆਰਬੰਦ ਹੋਵੋ! ਹਥਿਆਰਬੰਦ ਹੋਵੋ!

ਪੰਜਵੀਂ ਰੈਜੀਮੈਂਟ 'ਚ ਤਰੱਕੀ ਪਾਉਣ ਵਾਲੇ ਲੋਕ ਫ਼ੌਜ ਦੇ ਪਹਿਲੇ ਜਰਨੈਲ, ਪਹਿਲਾਂ ਸਟੀਲ ਬਟਾਲੀਅਨ ਦੇ ਕਮਾਂਡਰ ਅਤੇ ਬਾਦ 'ਚ ਥੇਲਮੈਨ ਬਟਾਲੀਅਨ ਦੇ ਕਮਾਂਡਰ, ਸਾਥੀ ਮੌਡੈਸਟੋ ਦੀ ਤਾਰੀਫ਼ 'ਚ ਕਵੀ ਐਮੀਲੀਓ ਪਰੈਡੋਸ ਨੇ ਲਿਖਿਆ:

*ਥੇਲਮੈਨ ਬਟਾਲੀਅਨ ਦੇ ਸਾਥੀਆਂ*
*ਅਤੇ, ਇਸ ਦੇ ਕਮਾਂਡਰ ਮੌਡੈਸਟੋ ਗੁਇਲੋਟੋ ਦੇ ਨਾਂਅ*
.......ਬਹਾਦਰ ਬੰਦਿਆਂ ਦੀ ਕੰਪਨੀ
ਜੋ ਲੜਾਈਆਂ 'ਚ ਸੂਰਜ ਨਾਲ ਲਿਆਉਂਦੇ,
ਪਹੁ-ਫੁਟਾਲੇ ਦੀ ਹਿੱਕ 'ਚੋਂ ਖੁੱਗਿਆ ਸੂਰਜ,
ਉਨ੍ਹਾਂ ਦੀਆਂ ਸੰਗੀਨਾਂ ਕਿਰਨਾਂ ਦੀ ਝਲਕ ਦਿੰਦੀਆਂ
ਉਹ ਲਹਿਰਾਉਣ ਪਰਚਮ ਯੁੱਧ ਦੇ
ਇਹ ਹੈ ਥੇਲਮੈਨ ਬਟਾਲੀਅਨ....
ਇਨ੍ਹਾਂ ਨੂੰ ਸੱਦਣ ਲਈ ਢੋਲ ਨਹੀਂ ਆਏ,
ਦਰਵਾਜ਼ਿਆਂ 'ਤੇ ਬੰਦੂਕਾਂ ਨਹੀਂ ਸੇਧੀਆਂ
ਅਸਲ ਵਿਚ ਕੋਈ ਢੋਲ ਜਾਂ ਧਮਕੀ
ਜ਼ਮੀਰ ਤੋਂ ਵੱਧ ਤਾਕਤਵਰ ਨਹੀਂ ਹੁੰਦੀ;
ਖ਼ੂਨ-ਖਰਾਬੇ ਨਾਲ ਜਾਗੀ ਜ਼ਮੀਰ,
ਹਜ਼ਾਰਾਂ ਘੰਟੀਆਂ ਦੀਆਂ ਜੀਭਾਂ ਦੀ ਜਗਾਈ:
ਹਥਿਆਰਬੰਦ ਹੋਵੋ! ਹਥਿਆਰਬੰਦ ਹੋਵੋ!
ਗ਼ੱਦਾਰ ਪਹਿਲਾਂ ਹੀ ਕੂਚ ਕਰਨ ਪਏ,
ਉਨ੍ਹਾਂ ਦੀਆਂ ਬੰਦੂਕਾਂ ਲਿਸ਼ਕਦੀਆਂ!
ਤੋਪਾਂ ਗਰਜਦੀਆਂ!
ਹਥਿਆਰਬੰਦ ਹੋਵੋ! ਹਥਿਆਰਬੰਦ ਹੋਵੋ!
ਦਾਤੀਆਂ ਲੈ ਕੇ, ਚਾਕੂ ਲੈ ਕੇ,
ਤੰਗਲੀਆਂ ਲੈ ਕੇ, ਪੁਰਾਣੀਆਂ ਬੰਦੂਕਾਂ ਲੈ ਕੇ,
ਦੰਦਾਂ ਨਾਲ, ਨਹੁੰਦਰਾਂ ਨਾਲ

ਗੋਲੀਆਂ ਨਹੀਂ ਤਾਂ ਪੱਥਰਾਂ ਨਾਲ,
ਬੰਦੂਕਾਂ ਨਹੀਂ ਤਾਂ ਸੋਟੀਆਂ ਨਾਲ,
ਜੇ ਮੋਰਚਾਬੰਦੀਆਂ ਨਹੀਂ,
ਤਾਂ ਸਾਡੇ ਕੁਰਬਾਨ ਹੋਏ ਸਾਥੀਆਂ ਦੀਆਂ ਲਾਸ਼ਾਂ
ਬਣਨਗੀਆਂ ਪਹਿਲਾ ਮੋਰਚਾ।
ਪਰਾਈ ਧਾਤ,
ਸਾਡੀਆਂ ਗਲੀਆਂ 'ਚ ਖਿੰਡ ਰਹੀ
ਤੇ ਸਾਡੇ ਖੇਤਾਂ ਨੂੰ ਲਹੂ-ਲੁਹਾਣ ਕਰ ਰਹੀ।
ਗ਼ਦਾਰ ਨੂੰ ਦੁਰਕਾਰ ਦਿਓ।
ਜੋ ਸਪੇਨ ਦੇ ਵਿਰੁੱਧ ਖੜ੍ਹਨ ਦੀ ਹਿੰਮਤ ਕਰ ਰਿਹੈ।
ਝਾੜੀਆਂ ਵਿਚ ਦੀ
ਉੱਚੇ ਲੰਮੇ ਬਲੂਤਾਂ, ਸਲੇਟੀ ਪੱਥਰਾਂ
ਵਿਚ ਦੀ ਵਿਲਾਲਬਾ ਨੂੰ ਪਾਰ ਕਰ ਰਹੇ;
ਨਾਵਾਸੇਰਾਡਾ ਉੱਤੇ ਚੜ੍ਹਨ ਪਏ;
ਉੱਥੇ ਬਰਜ਼ਾਨਾ ਉਡੀਕ ਰਿਹੈ;
ਤੇ ਮੌਡੈਸਟੋ ਵੀ ਉੱਥੇ ਹੀ ਹੈ,
ਲੋਹੇ ਤੇ ਪੱਥਰ ਦਾ ਬਣਿਆ ਆਦਮੀ,
ਬੱਚੇ ਵਰਗਾ ਮਲੂਕ,
ਸ਼ੇਰ ਵਰਗਾ ਤਾਕਤਵਰ
ਸਾਥੀਓ, ਪੈਗੁਏਰੀਨੋਸ
ਉਨ੍ਹਾਂ ਖੋਹ ਲਿਆ ਸੀ,
ਇਹ ਹੁਣ ਸਾਡੇ ਕੋਲ ਨਹੀਂ ਰਿਹਾ!
ਅਤੇ ਹੇਠਾਂ ਤਲਾਵੇਰਾ
ਮੂਰਾਂ ਤੋਂ ਸਹਿਮਿਆ।
ਉੱਠੋ ਥੇਲਮੈਨ ਬਟਾਲੀਅਨ!
ਹਮਲਾ ਕਰਨ ਲਈ! ਆਓ ਇਨ੍ਹਾਂ ਨੂੰ ਘੇਰਾ ਘੱਤੀਏ!
ਸਾਡਾ ਲਾਲ ਤਾਰਾ
ਮੈਡਰਿਡ ਨੂੰ ਮੁਕਤ ਕਰਾਏ
ਤੇ ਕੰਡੇ ਵਾਂਗ ਚੁੱਭ ਜਾਏ
ਫਾਸ਼ੀਵਾਦ ਦੀ ਬਗਲ 'ਚ
ਇਸ ਨੂੰ ਆਪਣੀ ਧਰਤੀ ਤੋਂ ਚੱਲਦਾ ਕਰਨ ਲਈ!
ਤੁਸੀਂ ਇਹ ਕਰੋਗੇ, ਸਾਥੀਓ,
ਸਾਰੇ ਸਪੇਨ ਦੀਆਂ ਆਸਾਂ ਤੁਸਾਂ 'ਤੇ।
ਵਧੀਆ ਕਮਿਊਨਿਸਟ ਮੌਡੈਸਟੋ ਦੇ,
ਬੋਲ ਸੱਚ ਐਲਾਨਦੇ,

ਮੌਡੈਸਟੋ, ਮੇਰੇ ਕਮਾਂਡਰ,
ਲੋਹੇ ਤੇ ਪੱਥਰ ਦੇ ਬਾਪ,
ਮੈਂ ਮਹਿਰਮ ਤੇਰੇ ਮਿਲੀਸ਼ੀਆ ਵਾਲਿਆਂ ਦਾ,
ਅਤੇ ਉਨ੍ਹਾਂ ਨੂੰ ਪ੍ਰੇਰਦੇ ਵਿਸ਼ਵਾਸ ਦਾ,
ਆਟਾ ਹੈ ਖ਼ਮੀਰਿਆ
ਜਿੱਤ ਦੀ ਵਧੀਆ ਰੋਟੀ ਵਾਸਤੇ,
ਥੇਲਮੈਨ ਬਟਾਲੀਅਨ ਸਿਰਜਿਆ!

ਚਰਵਾਹਾ ਕਵੀ ਅਤੇ ਸੈਨਿਕ, ਮਿਗੂਅਲ ਹਰਨਾਂਡੇਜ਼, ਜਿਸ ਦੀ ਮੌਤ ਫਰਾਂਕੋਵਾਦੀ ਜੇਲ੍ਹ 'ਚ ਤਕਲੀਫਾਂ ਤੇ ਨਿਰਾਸ਼ਤਾ ਨਾਲ ਹੋਈ, ਫਲਾਂਗੇਵਾਦੀਆਂ ਨੂੰ ਨਫ਼ਰਤ ਕਰਨ ਕਰਕੇ ਜ਼ੁਲਮਾਂ ਦਾ ਸ਼ਿਕਾਰ ਹੋਇਆ ਸੀ। ਉਸਨੇ ਲੋਕਾਂ ਪ੍ਰਤੀ ਵਫ਼ਾਦਾਰੀ ਨਹੀਂ ਛੱਡੀ, ਅਤੇ ਗਣਰਾਜ ਦੇ ਸੈਨਿਕਾਂ ਨੂੰ ਸਮਰਪਿਤ ਇਕ ਹਜ਼ਾਰ ਕਵਿਤਾਵਾਂ ਦੀ ਰਚਨਾ ਕੀਤੀ। ਹੇਠਾਂ ਦਿੱਤੀ ਕਵਿਤਾ ਕੌਮਾਂਤਰੀ ਬ੍ਰਿਗੇਡ ਦੇ ਸੂਰਮਿਆਂ ਪ੍ਰਤੀ ਉਸਦੇ ਜਜ਼ਬਾਤਾਂ ਦਾ ਭਰਵਾਂ ਇਜ਼ਹਾਰ ਹੈ:

ਜੇ ਸਰਹੱਦਾਂ ਤੋਂ ਪਾਰ ਜ਼ਮੀਰ ਵਾਲੇ ਕੋਈ ਮਨੁੱਖ ਨੇ,
ਵਿਸ਼ਵ ਭਾਈਚਾਰੇ ਦੇ ਵਿਸ਼ਾਲ ਮਸਤਕ ਵਾਲੇ,
ਦੂਰ ਦਿਸਹੱਦਿਆਂ, ਸਮੁੰਦਰੀ ਜਹਾਜ਼ਾਂ ਅਤੇ ਪਹਾੜਾਂ,
ਰੇਤ ਤੇ ਬਰਫ਼ ਦੀ, ਦ੍ਰਿਸ਼ਟੀ ਵਾਲੇ, ਤੁਸੀਂ ਐਸੇ ਮਨੁੱਖ ਹੋ।
ਤੁਹਾਡੀਆਂ ਜਨਮ ਧਰਤੀਆਂ ਨੇ ਆਪਣੇ ਪਰਚਮ ਲਹਿਰਾਕੇ ਤੁਹਾਨੂੰ ਹੋਕਾ ਦਿੱਤਾ
ਤੁਹਾਡੇ ਸਵਾਸ ਧਰਤੀ ਨੂੰ ਸਮਾਰਕਾਂ ਨਾਲ ਵਰੋਸਾਉਣਗੇ
ਤੁਸੀਂ ਖ਼ੂਨ ਦੇ ਤਿਹਾਏ ਚੀਤਿਆਂ ਨੂੰ ਰੋਕਣ ਲਈ ਆਏ ਸੀ
ਤੁਸੀਂ ਪੂਰਾ ਜ਼ੋਰ ਲਾਕੇ ਖ਼ੁਦ ਨੂੰ ਉਨ੍ਹਾਂ ਦੇ ਖ਼ੂੰਖਾਰ ਜਬਾੜਿਆਂ ਮੂਹਰੇ ਸੁੱਟਿਆ
ਕੁਲ ਸੂਰਜਾਂ ਤੇ ਸਮੁੰਦਰਾਂ ਦੇ ਨਿੱਘ ਨਾਲ
ਸਪੇਨ ਤੁਹਾਨੂੰ ਹਿੱਕ ਨਾਲ ਲਾਉਂਦੈ ਕਿਉਂਕਿ ਤੁਸੀਂ ਦਿਖਾਈ
ਰੁਖ਼ ਵਰਗੀ ਮਜ਼ਬੂਤੀ ਜੋ ਮਹਾਂਦੀਪਾਂ ਦੇ ਆਰ-ਪਾਰ ਪਸਰੀ
ਤੁਹਾਡੀਆਂ ਹੱਡੀਆਂ ਦੇ ਵਿਚੋਂ ਦੀ ਜੈਤੂਨ ਦੇ ਰੁਖ਼ ਉੱਗਣਗੇ,
ਉਨ੍ਹਾਂ ਦੀਆਂ ਮਜ਼ਬੂਤ ਜੜ੍ਹਾਂ ਧਰਤੀ 'ਚ ਡੂੰਘੀਆਂ ਧਸ ਜਾਣਗੀਆਂ
ਕਿਉਂਕਿ ਤੁਸੀਂ ਮਨੁੱਖ ਪ੍ਰਤੀ ਵਫ਼ਾਦਾਰ ਵਿਸ਼ਵਾਸੀ ਮਨੁੱਖ ਹੋ!

ਮੈਡਰਿਡ ਦੀ ਰਾਖੀ ਦੇ ਸਮਿਆਂ 'ਚ, ਲੋਕਾਂ ਦੀ ਜ਼ਬਾਨ 'ਤੇ ਚੜ੍ਹੇ ਗੀਤ ਕਮਿਊਨਿਸਟ ਪਾਰਟੀ ਅਤੇ ਪੰਜਵੀਂ ਰੈਜੀਮੈਂਟ ਨੂੰ ਸਮਰਪਿਤ ਗੀਤ ਹੁੰਦੇ ਸਨ। ਇੱਥੇ ਇਕ ਗੀਤ ਦਿੱਤਾ ਜਾ ਰਿਹਾ ਹੈ ਜੋ ਪਹਿਲਾਂ ਮੈਡਰਿਡ ਦੀਆਂ ਖੰਦਕਾਂ 'ਚ ਗਾਇਆ ਜਾਂਦਾ ਸੀ ਤੇ ਬਾਦ 'ਚ ਗਣਰਾਜ ਪ੍ਰਤੀ ਵਫ਼ਾਦਾਰ ਤਮਾਮ ਸਪੇਨੀ ਗਾਇਆ ਕਰਦੇ ਸਨ:

ਕਮਿਊਨਿਸਟ ਪਾਰਟੀ,
ਲੜਾਈ ਦੀ ਮੁਹਰੈਲ,
ਇਸ ਨੇ ਬਣਾਈ ਪੰਜਵੀਂ ਰੈਜੀਮੈਂਟ

ਸਪੇਨ ਦੀ ਰਾਖੀ ਲਈ

ਸਪੇਨ ਦੇ ਫੁੱਲ
ਲੋਕਾਂ ਦੇ ਸਭ ਤੋਂ ਸੂਹੇ ਫੁੱਲ,
ਮੈਡਰਿਡ ਦੀ ਰਾਖੀ ਕਰਨ ਵਾਲੀਆਂ
ਚੌਹਾਂ ਬਟਾਲੀਅਨਾਂ ਨੂੰ ਸਮਰਪਿਤ

ਮਾਂ, ਮਾਂ
ਇਸ ਪਾਸੇ!
ਗਾਉਂਦੀ ਹੋਈ,
ਮਾਰਚ ਕਰਦੀ ਸਾਡੀ ਰੈਜੀਮੈਂਟ ਨੂੰ।

## [29]
## ਪੈਰਿਸ 'ਚ ਨੁਮਾਇੰਦਗੀ

ਜੇ ਸਪੇਨ 'ਚ ਖ਼ੂਨ ਦੀ ਭਾਹ ਮਾਰਦਾ ਕੋਈ ਰੁਖ਼ ਹੈ,
ਤਾਂ ਇਹ ਆਜ਼ਾਦੀ ਦਾ ਰੁਖ਼ ਹੈ।
ਜੇ ਸਪੇਨ 'ਚ ਕੋਈ ਬੋਲਣ ਲਈ ਬਚਿਆ ਮੂੰਹ ਹੈ,
ਇਹ ਆਜ਼ਾਦੀ ਦੀ ਗੱਲ ਕਰਦਾ ਹੈ।

*—ਪਾਲ ਐਡੂਅਰਡ*

ਦਖ਼ਲ ਨਾ ਦੇਣ ਦੀ ਨੀਤੀ ਕਰਕੇ, ਜੋ ਗਣਰਾਜ ਦੇ ਕਾਜ਼ ਨੂੰ ਐਨਾ ਜ਼ਿਆਦਾ ਨੁਕਸਾਨ ਪਹੁੰਚਾ ਰਹੀ ਸੀ, ਲੋਕ ਮੁਹਾਜ਼ ਨੇ ਇਕ ਕਮੇਟੀ ਨਾਮਜ਼ਦ ਕੀਤੀ ਜਿਸ ਨੇ ਫਰਾਂਸ ਦਾ ਦੌਰਾ ਕਰਕੇ ਫਰਾਂਸ ਦੇ ਲੋਕ ਮੁਹਾਜ਼ 'ਚ ਸ਼ਾਮਲ ਵੱਖ-ਵੱਖ ਪਾਰਟੀਆਂ ਅਤੇ ਫਰਾਂਸ ਦੀ ਸਰਕਾਰ ਤੋਂ ਮਦਦ ਮੰਗਣੀ ਸੀ।

ਪ੍ਰਤੀਨਿਧੀ ਮੰਡਲ ਦੇ ਮੈਂਬਰ ਸਨ ਜੋਸ ਸਲਮੈਰੋਨ, ਮਾਰਸੀਲਿਨੋ ਡੋਮਿੰਗੋ, ਰੀਕੈਸਨਜ਼ ਸਿਚੇਸ ਅਤੇ ਮੈਂ। ਜਨਾਬ ਲਾਰਾ ਅਤੇ ਕੁਝ ਸਮੇਂ, ਜਨਾਬ ਜਿਮੇਨੇਜ਼ ਡੀ ਅਸੂਆ ਪੈਰਿਸ 'ਚ ਸਾਡੇ ਨਾਲ ਸ਼ਾਮਲ ਹੋਏ।

ਅਸੀਂ ਅਗਸਤ ਦੇ ਅਖ਼ੀਰ 'ਚ ਮੈਡਰਿਡ ਤੋਂ ਚੱਲ ਪਏ। ਮਨੁੱਖੀ ਹੱਕਾਂ ਦੇ ਮੁਦੱਈ ਫਰਾਂਸ, 1848 ਦੇ ਇਨਕਲਾਬ ਅਤੇ ਕਮਿਊਨ ਵਾਲੇ ਫਰਾਂਸ ਦੀ ਯਾਤਰਾ ਹੈਰਾਨੀਜਨਕ ਘਟਨਾਵਾਂ ਨਾਲ ਭਰਪੂਰ ਸੀ: ਕੁਝ ਰੌਚਕ ਸਨ, ਬਾਕੀ ਦੀਆਂ—ਚਲੋ ਖ਼ੈਰ, ਮਨੁੱਖੀ ਕਮਜ਼ੋਰੀਆਂ ਦੀ ਗੱਲ ਕਿਉਂ ਕਰੀਏ?

ਬਰਾਸਤਾ ਵੇਲੈਂਸੀਆ ਬਾਰਸੀਲੋਨਾ ਤੱਕ ਦਾ ਸਫ਼ਰ ਸਾਧਾਰਣ ਹੀ ਸੀ। ਕੈਟਾਲਾਨ ਦੀ ਰਾਜਧਾਨੀ 'ਚ ਅਸੀਂ ਹੋਟਲ ਕੋਲੋਨ 'ਚ ਠਹਿਰੇ, ਜੋ ਯੂ.ਜੀ.ਟੀ. ਦੀ ਹੋਟਲ ਯੂਨੀਅਨ ਦੇ ਹੱਥਾਂ 'ਚ ਸੀ।

ਪਹੁੰਚਦੇ ਸਾਰ ਅਸੀਂ Generalitat, Luis Companys ਦੇ ਪ੍ਰਧਾਨ ਨੂੰ ਮਿਲੇ। ਪੀ.ਐੱਸ.ਯੂ.ਸੀ. ਜਥੇਬੰਦੀ ਦਾ ਸਕੱਤਰ ਵਾਲਡਸ ਸਾਡੇ ਨਾਲ ਗਿਆ। ਅਸੀਂ ਆਪਣੇ ਦੌਰੇ ਦਾ ਮਕਸਦ ਦੱਸਿਆ, ਅਤੇ ਉਸਨੇ ਸਾਡੇ ਮਿਸ਼ਨ ਦੀ ਕਾਮਯਾਬੀ ਦੀ ਕਾਮਨਾ ਕੀਤੀ।

ਅਸੀਂ ਉਸ ਨੂੰ ਦੱਸਿਆ ਕਿ ਸਾਨੂੰ ਬਾਰਸੀਲੋਨਾ ਦੀ ਹਾਲਤ ਨੇ ਹੈਰਾਨ-ਪ੍ਰੇਸ਼ਾਨ ਕੀਤਾ ਸੀ, ਜਿੱਥੇ ਐੱਫ.ਏ.ਆਈ. ਦੇ ਲਾਲ ਤੇ ਕਾਲੇ ਝੰਡਿਆਂ ਨੂੰ ਛੱਡਕੇ ਸਾਨੂੰ ਸੜਕਾਂ 'ਤੇ ਕਿਤੇ ਝੰਡੇ ਦਿਖਾਈ ਨਹੀਂ ਦਿੱਤੇ ਸਨ; ਅਸੀਂ ਉਸ ਨੂੰ ਸਮਾਜਵਾਦੀ ਅਤੇ ਹੋਰ ਖੱਬੇਪੱਖੀ ਮਜ਼ਦੂਰਾਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਆਪਣੀ ਚਿੰਤਾ ਤੋਂ ਵੀ ਜਾਣੂੰ ਕਰਾਇਆ ਜਿਨ੍ਹਾਂ ਨੇ ਕੈਟਾਲੋਨੀਆ 'ਚ ਅਰਾਜਕਤਾਵਾਦੀ ਰਾਜ ਨੂੰ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਕੰਪੈਨਿਸ ਨੇ ਸਾਡੇ ਨਿਰੀਖਣ ਨਾਲ ਸਹਿਮਤੀ ਦਿਖਾਈ ਅਤੇ ਜ਼ੋਰਦਾਰ ਪ੍ਰਤੀਕਰਮ ਜ਼ਾਹਿਰ ਕੀਤਾ: "ਤੁਸੀਂ ਜੋ ਕਹਿ ਰਹੇ ਹੋ, ਸੱਚ ਹੈ! ਪਰ ਤੁਸੀਂ ਮੇਰੇ ਤੋਂ ਕੀ ਚਾਹੁੰਦੇ ਹੋ ?ਮੈਂ ਬੁਜ਼ਦਿਲਾਂ 'ਚ ਘਿਰਿਆ ਹੋਇਆ ਹਾਂ ਜੋ ਸੀ.ਐੱਨ.ਟੀ. 'ਚ ਸ਼ਾਮਲ ਹੋ ਗਏ ਹਨ ਕਿਉਂਕਿ ਉਹ ਡਰਦੇ ਹਨ। ਐੱਫ.ਏ.ਆਈ. ਮਿਲੀਸ਼ੀਆ ਹਰ ਗੱਲ 'ਚ ਟੰਗ ਅੜਾਉਂਦੀ ਹੈ। ਸਾਰੀ ਹਾਲਤ ਮੈਨੂੰ ਖ਼ੁਦ ਸੰਭਾਲਣੀ ਪੈਣੀ ਹੈ। ਅਤੇ ਮੈਂ ਜ਼ਿਆਦਾ ਲੰਮਾ ਸਮਾਂ ਨਹੀਂ ਚੱਲ ਸਕਦਾ।"

ਪੀ.ਐੱਸ.ਯੂ.ਸੀ. ਤੋਂ ਸਾਡੇ ਇਕ ਸਾਥੀ ਨੇ ਉਸ ਨੂੰ ਚੇਤੇ ਕਰਾਇਆ ਕਿ ਉਹ ਇਕੱਲਾ ਨਹੀਂ ਸੀ, ਕਿ ਅਮਨ-ਅਮਾਨ ਕਾਇਮ ਕਰਨ ਤੇ ਬਰਕਰਾਰ ਰੱਖਣ ਲਈ ਪੀ.ਐੱਸ.ਯੂ.ਸੀ. ਅਤੇ ਯੂ.ਜੀ.ਟੀ. ਮਦਦ ਕਰਨ ਲਈ ਤਿਆਰ ਸਨ ਤੇ ਉਸਦੇ ਨਾਲ ਸਨ।

ਕੰਪੈਨਿਸ ਨੇ ਮੰਨਿਆ ਕਿ ਉਸ ਨੇ ਕੈਟਾਲੋਨੀਆ ਦੀ ਯੂਨਾਈਟਿਡ ਸਮਾਜਵਾਦੀ ਪਾਰਟੀ ਅਤੇ ਯੂ.ਜੀ.ਟੀ. ਦੀ ਮਦਦ ਨਹੀਂ ਸੀ ਲਈ। ਉਹ ਆਪਣੇ ਲੋਕਾਂ ਅਤੇ ਆਪਣੀ ਸਰ-ਜ਼ਮੀਨ ਨੂੰ ਡੂੰਘਾ ਪਿਆਰ ਕਰਨ ਵਾਲਾ ਕੈਟਾਲਾਨ ਵਾਸੀ ਅਤੇ ਸਰਗਰਮ ਦੇਸ਼ਭਗਤ ਸੀ। ਉਸ ਨੇ ਕੈਟਾਲਾਨ ਦੇ ਮਜ਼ਦੂਰਾਂ ਤੇ ਕਿਸਾਨਾਂ ਦੀ ਬਹੁਤ ਤਾਰੀਫ਼ ਕੀਤੀ। ਉਸ ਨੇ ਸਾਨੂੰ ਕੈਟਾਲਾਨ ਦੀ ਸਨਅਤ ਨੂੰ ਜੰਗੀ ਸਮਾਨ ਦੀ ਪੈਦਾਵਾਰ 'ਚ ਤਬਦੀਲ ਕਰਨ ਅਤੇ ਇਸ ਵੱਲੋਂ ਮੁਕਾਬਲਤਨ ਥੋੜ੍ਹੇ ਸਮੇਂ 'ਚ ਕਮਾਲ ਦੇ ਸਿੱਟੇ ਕੱਢਕੇ ਦੇਣ ਬਾਰੇ ਦੱਸਿਆ।

ਆਪਣੀ ਆਦਤਨ ਪ੍ਰੇਸ਼ਾਨੀ ਤਹਿਤ, ਕੰਪੈਨਿਸ ਨੇ ਦਰਾਜ ਖੋਲ੍ਹਕੇ ਪੀਲੇ ਤਰਲ ਦੀ ਇਕ ਛੋਟੀ ਜਹੀ ਸ਼ੀਸ਼ੀ ਕੱਢੀ। ਟਰਾਫੀ ਵਾਂਗ ਹੱਥ 'ਚ ਫੜ੍ਹਕੇ, ਕਹਿਣ ਲੱਗਿਆ: "ਤੁਸੀਂ ਖ਼ੁਦ ਦੇਖ ਲਉ ਅਸੀਂ ਜੰਗੀ ਸਮਾਨ ਬਣਾਉਣ 'ਚ ਕਿੰਨੀ ਤਰੱਕੀ ਕੀਤੀ ਹੈ। ਇਹ ਟ੍ਰਿਨਿਟਾ ਹੈ।"

ਮੇਰੇ ਨਾਲਦਿਆਂ ਨੇ ਪ੍ਰੇਸ਼ਾਨੀ ਨਾਲ ਸ਼ੀਸ਼ੀ ਵੱਲ ਦੇਖਿਆ, ਸ਼ਾਇਦ ਉਨ੍ਹਾਂ ਟ੍ਰਿਨਿਟਾ ਨੂੰ ਨਾਈਟਰੋਗਿਲਿਸਰੀਨ ਸਮਝ ਲਿਆ ਸੀ। ਸਲਮੈਰੋਨ ਨੂੰ ਉੱਚਾ ਸੁਣਦਾ ਸੀ, ਉਸ ਦੇ ਗੱਲ ਸਮਝ ਨਾ ਪਈ ਅਤੇ ਉਸਨੇ ਮੈਨੂੰ ਕੂਹਣੀ ਮਾਰੀ।

"ਉਹ ਕੀ ਕਹਿ ਰਿਹੈ ?"

"ਉਹ ਕਹਿੰਦਾ ਇਹ ਟ੍ਰਿਨਿਟਾ ਹੈ" ਮੈਂ ਉਸ ਨੂੰ ਦੱਸਿਆ

"ਟ੍ਰਿਨਿਟਾ"

"ਹਾਂ ਟ੍ਰਿਨਿਟਾ!"

ਸਲਮੈਰੋਨ ਲਈ ਇਹ ਬੇਮਾਅਨਾ ਸੀ। ਕੰਪੈਨਿਸ ਨੇ ਸ਼ੀਸ਼ੀ ਦੁਬਾਰਾ ਦਰਾਜ 'ਚ ਟਿਕਾ ਦਿੱਤੀ। ਸਾਡੇ ਸਾਰਿਆਂ 'ਤੇ ਖ਼ਾਮੋਸ਼ੀ ਦਾ ਆਲਮ ਛਾ ਗਿਆ।

ਅਸੀਂ ਗਰਮਜੋਸ਼ੀ ਨਾਲ ਅਲਵਿਦਾ ਕਹੀ ਅਤੇ ਹੋਟਲ ਮੁੜ ਆਏ। ਇੱਥੇ ਸਾਨੂੰ ਜੋ ਹੈਰਾਨੀ ਹੋਈ ਉਹ ਪਹਿਲਾਂ ਨਾਲੋਂ ਘੱਟ ਔਖ ਵਾਲੀ ਨਹੀਂ ਸੀ। ਜਦੋਂ ਅਸੀਂ ਮੈਡਰਿਡ ਤੋਂ ਰਵਾਨਾ ਹੋਏ ਸੀ, ਤਾਂ ਰਾਜ ਮੰਤਰੀ ਨੇ ਸਾਨੂੰ ਸਫ਼ਾਰਤੀ ਪਾਸਪੋਰਟ ਦਿੱਤੇ ਸਨ। ਪਰ 1936 'ਚ ਕੈਟਾਲੋਨੀਆ ਵਿਚ ਸਫ਼ਾਰਤੀ ਸ਼ਿਸ਼ਟਾਚਾਰ ਨਾਂਅ ਦੀ ਕੋਈ ਚੀਜ਼ ਨਹੀਂ ਸੀ। ਸਾਡੇ ਪਾਸਪੋਰਟਾਂ ਦੀ ਕਾਗਜ਼ ਦੇ ਟੁਕੜਿਆਂ ਤੋਂ ਵੱਧ ਕੋਈ ਕੀਮਤ ਨਹੀਂ ਸੀ।

ਅਰਾਜਕਤਾਵਾਦੀ ਐਸਕੌਰਜ਼ਾ ਦੀ ਅਗਵਾਈ ਹੇਠ ਬਾਰਸੀਲੋਨਾ ਅੰਦਰ ਐੱਫ.ਏ.ਆਈ. ਮਿਲੀਸ਼ੀਆ ਦੀ ਕਮਾਨ ਸੀ। ਇਸ ਕੁੱਬੇ ਤੇ ਅਧਰੰਗ ਮਾਰੇ ਬੰਦੇ ਦੀ ਸਿਹਤ ਨਸ਼ਟ ਹੋਈ ਪਈ ਸੀ। ਉਸ ਦੇ ਅੰਦਰ ਇਕੋ ਇਕ ਜ਼ਿੰਦਾ ਚੀਜ਼ ਸੀ ਉਸ ਦਾ ਤੰਦਰੁਸਤ ਵਿਅਕਤੀਆਂ ਪ੍ਰਤੀ ਸਾੜਾ। ਉਹ ਸਾਰੀ ਮਨੁੱਖ ਜਾਤੀ ਨੂੰ ਆਪਣੇ ਵਾਂਗ ਵਿਗੜੀ ਸ਼ਕਲ-ਸੂਰਤ ਅਤੇ ਅਧਰੰਗ ਮਾਰੀ ਦੇਖਣੀ ਚਾਹੁੰਦਾ ਸੀ।

ਕੈਟਾਲਾਨ ਤੋਂ ਡਿਪਟੀ, ਡਾਕਟਰ ਟਰਾਬਲ, ਜੋ ਸੱਜੇ ਤੋਂ ਖੱਬੇ, ਅਤੇ ਇਸ ਦੇ ਉਲਟ ਰੁਖ਼ ਟਪੂਸੀਆਂ ਮਾਰ ਰਿਹਾ ਸੀ, ਸਾਨੂੰ ਇਹ ਸੂਚਨਾ ਦੇਣ ਆਇਆ ਕਿ ਵੀਜ਼ੇ ਵਾਸਤੇ ਸਾਨੂੰ ਆਪਣੇ ਪਾਸਪੋਰਟ ਐੱਫ.ਏ.ਆਈ. ਮਿਲੀਸ਼ੀਆ ਕੋਲ ਭੇਜਣੇ ਹੋਣਗੇ।

"ਸਫ਼ਾਰਤੀ ਪਾਸਪੋਰਟਾਂ ਲਈ ਵੀਜ਼ੇ ਅਰਾਜਕਤਾਵਾਦੀ ਮਿਲੀਸ਼ੀਆ ਜਾਰੀ ਕਰਦੀ ਹੈ?" ਮੈਂ ਹੈਰਾਨ ਹੋ ਕੇ ਪੁੱਛਿਆ। "ਕੀ ਗੱਲ ? ਸਰਕਾਰ ਦੇ ਆਪਣੇ ਅਧਿਕਾਰੀ ਨਹੀਂ ਹਨ ? ਕੈਟਾਲੋਨੀਆ 'ਚ ਸਰਕਾਰ ਨਹੀਂ ਹੈ ? ਤੁਹਾਨੂੰ ਨੀ ਲੱਗਦਾ ਇਹ ਸਾਰਾ ਕੁਝ ਕਿੰਨਾ ਬੇਤੁਕਾ ਹੈ ? ਅਸੀਂ ਫਰਾਂਸ 'ਚ ਦੁਨੀਆਂ ਨੂੰ ਇਹ ਦੱਸਣ ਜਾ ਰਹੇ ਹਾਂ ਕਿ ਸਪੇਨ ਵਿਚ ਪੂਰੇ ਅਧਿਕਾਰ ਰੱਖਦੀ, ਕਾਨੂੰਨੀ ਜਾਇਜ਼ ਸਰਕਾਰ ਹੈ, ਅਤੇ ਅਸੀਂ ਆਪਣੇ ਪਾਸਪੋਰਟ ਜਾਰੀ ਕਰਨ ਦਾ ਅਧਿਕਾਰ ਐੱਫ.ਏ.ਆਈ. ਮਿਲੀਸ਼ੀਆ ਨੂੰ ਦੇ ਕੇ ਆਪ ਹੀ ਇਸ ਨੂੰ ਰੱਦ ਕਰ ਰਹੇ ਹਾਂ। ਮੈਂ ਪਹਿਲਾਂ ਪੀ.ਐੱਸ.ਯੂ.ਸੀ. ਨਾਲ ਗੱਲ ਕਰਦੀ ਹਾਂ।"

ਮੇਰੇ ਸਾਥੀ ਸਹਿਮਤ ਨਹੀਂ ਸਨ। ਉਹ ਬਹੁਤ ਘਬਰਾਏ ਹੋਏ ਸਨ ਅਤੇ ਉਹ ਕਿਸੇ ਵੀ ਕੀਮਤ 'ਤੇ ਜਾਣਾ ਚਾਹੁੰਦੇ ਸਨ, ਚਾਹੇ ਇਸ ਦਾ ਅਰਥ ਜ਼ਲਾਲਤ ਹੀ ਹੋਵੇ। ਮੈਂ ਇਕੱਲੀ ਹੀ ਪੀ.ਐੱਸ.ਯੂ.ਸੀ. ਦੇ ਅਧਿਕਾਰੀਆਂ ਨੂੰ ਮਿਲਣ ਗਈ। ਮੇਰੇ ਨਾਲ ਦਿਆਂ ਨੇ ਕਿਸੇ ਬਖੇੜੇ ਤੋਂ ਬਚਣ ਲਈ ਪਾਸਪੋਰਟ ਐੱਫ. ਏ. ਆਈ. ਕੋਲ ਭੇਜਣ ਦੀ ਸਲਾਹ ਦਿੱਤੀ, ਕਿਉਂਕਿ ਸਭ ਤੋਂ ਅਹਿਮ ਸੀ ਜਾਣਾ ਅਤੇ ਆਪਣੀ ਜੱਦੋਜਹਿਦ ਦੇ ਬਾਰੇ ਬਾਹਰ ਪ੍ਰਚਾਰ ਕਰਨਾ।

ਇਕ ਪੁਲਸੀਆ ਸਾਡੇ ਸਾਰਿਆਂ ਦੇ ਪਾਸਪੋਰਟ ਐੱਫ.ਏ.ਆਈ. ਦੇ "ਸਫ਼ਾਰਤੀ" ਮਹਿਕਮੇ ਕੋਲ ਲੈ ਗਿਆ। ਤਕਰੀਬਨ ਘੰਟੇ ਦੇ ਅੰਦਰ, ਔਰੀਲੀਓ ਫਰਨਾਂਡੇਜ਼, ਆਪਣੇ "ਸ਼ਾਹੀ" ਗਾਰਡਾਂ ਨੂੰ ਲੈ ਕੇ, ਹੋਟਲ ਆ ਗਿਆ। ਉਹ ਮਿਲੀਸ਼ੀਆ ਦੇ ਤਫ਼ਤੀਸ਼ ਮਹਿਕਮੇ ਦਾ ਮੁਖੀ ਸੀ। ਉਹ ਉਸ ਨਿੱਕੇ ਜਹੇ ਕਮਰੇ ਵਿਚ, ਜਿੱਥੇ ਅਸੀਂ ਆਪਣੇ ਪਾਸਪੋਰਟ ਉਡੀਕ ਰਹੇ ਸਾਂ, ਇਸ ਤਰ੍ਹਾਂ ਆ ਵੜਿਆ ਜਿਵੇਂ ਇਹ ਉਸ ਦਾ ਆਪਣਾ ਘਰ ਹੋਵੇ।

ਉਹ ਬਦਮਾਸ਼ਾਂ ਵਾਲੀ ਫੂੰ-ਫਾਂ ਨਾਲ ਸਾਡੇ ਵੱਲ ਝਾਕਿਆ। "ਸੋ ਤੁਸੀਂ ਪੈਰਿਸ ਜਾ ਰਹੇ ਹੋ, ਹੈ ਨਾ?" ਉਸ ਨੇ ਕਿਹਾ।

ਮੇਰੀ ਸਾਥੀ ਖ਼ਾਮੋਸ਼ ਰਹੇ। ਉਨ੍ਹਾਂ ਦੀ ਥਾਂ ਮੈਂ ਜਵਾਬ ਦਿੱਤਾ: "ਹਾਂ; ਪੈਰਿਸ ਜਾ ਰਹੇ ਹਾਂ; ਕੀ ਗੱਲ ?"

"ਕੁਝ ਨਹੀਂ, ਪਰ ਲੱਗਦੈ ਇਸ 'ਚ ਕੁਝ ਮੁਸ਼ਕਲ ਆਵੇਗੀ।"

"ਮੁਸ਼ਕਲ ਕੌਣ ਖੜ੍ਹੀ ਕਰੇਗਾ, ਤੁਸੀਂ ?"

ਉਸ ਨੇ ਜਵਾਬ ਨਹੀਂ ਦਿੱਤਾ।

"ਅਸੀਂ ਆਪਣੇ ਦੇਸ਼ 'ਚੋਂ ਜਾ ਸਕਾਂਗੇ ਜਾਂ ਨਹੀਂ ?" ਮੈਂ ਜ਼ੋਰ ਦਿੱਤਾ।

"ਮੈਂ ਨਹੀਂ ਜਾਣਦਾ," ਉਸ ਨੇ ਜਵਾਬ ਦਿੱਤਾ। "ਮੈਂ ਸਿਰਫ਼ ਇਹ ਜਾਣਦਾ ਹਾਂ ਕਿ ਉਹ ਸਰਹੱਦ 'ਤੇ ਘੋਖਵੀਂ ਨਿਗਾਹ ਰੱਖ ਰਹੇ ਹਨ ਅਤੇ ਹਰ ਕਿਸੇ ਦੇ ਸਮਾਨ ਦੀ ਬਹੁਤ ਬਾਰੀਕੀ ਨਾਲ ਛਾਣਬੀਣ ਕਰਦੇ ਹਨ।"

"ਹਰ ਕਿਸੇ ਦੀ ?" ਮੈਂ ਪੁੱਛਿਆ।

"ਹਰ ਕਿਸੇ ਦੀ!" ਉਸ ਨੇ ਕਿਹਾ।

"ਉਨ੍ਹਾਂ ਸਮੇਤ ਜੋ ਸੁਰੱਖਿਅਤ ਪਾਸੇ ਤੋਂ ਵੀ ਜਾਂਦੇ ਹਨ ?" ਮੈਂ ਜ਼ੋਰ ਦਿੱਤਾ।

"ਕੀ ਮਤਲਬ ?" ਉਸ ਨੇ ਔਖ ਨਾਲ ਪੁੱਛਿਆ।

"ਮਤਲਬ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ।" ਮੈਂ ਜਵਾਬ ਦਿੱਤਾ। ਹੋਰ ਕੋਈ ਗੱਲ ਨਹੀਂ ਕਰ ਰਿਹਾ ਸੀ। ਸਾਡੀ ਗੱਲਬਾਤ ਬੰਧੇਜ ਭਰੇ ਟਕਰਾਅ ਨਾਲ ਲਬਰੇਜ਼ ਸੀ। ਮੇਰੇ ਨਾਲਦਿਆਂ ਨੂੰ ਇਹ ਲਾਜ਼ਮੀ ਹੀ ਭਿਆਨਕ ਲੱਗਦੀ ਹੋਵੇਗੀ।

ਫਰਨਾਂਡੇਜ਼ ਨੇ ਭਾਰਾ ਜਿਹਾ ਲਿਫਾਫ਼ਾ ਮੇਜ਼ 'ਤੇ ਰੱਖ ਦਿੱਤਾ। "ਇਹ ਰਹੇ ਤੁਹਾਡੇ ਪਾਸਪੋਰਟ। ਮੈਨੂੰ ਆਸ ਹੈ, ਦੋਸਤ ਪੈਸੀਓਨਾਰੀਆ," ਉਸ ਨੇ ਚਟਕਾਰੇ ਲੈਂਦਿਆਂ ਸਹਿਜ ਨਾਲ ਇਹ ਲਫ਼ਜ਼ ਆਖੇ, "ਕਿ ਜਦੋਂ ਤੁਸੀਂ ਵਾਪਸ ਮੁੜ ਆਏ ਤਾਂ ਆਪਾਂ ਇਹ ਵਿਚਾਰ-ਵਟਾਂਦਰਾ ਕਰਦੇ ਰਹਾਂਗੇ।"

"ਬੇਸ਼ੱਕ," ਮੈਂ ਕਿਹਾ, "ਅਸੀਂ ਇਹ ਜਾਰੀ ਰੱਖਾਂਗੇ, ਅਤੇ ਅਸੀਂ ਐੱਫ.ਏ.ਆਈ. ਦੀ ਤਾਨਾਸ਼ਾਹੀ ਬਾਰੇ ਯੂ.ਜੀ.ਟੀ. ਟਰਾਂਸਪੋਰਟ ਯੂਨੀਅਨਾਂ ਦੇ ਕਾਰਕੁੰਨਾਂ ਬਾਰੇ ਗੱਲਬਾਤ ਕਰਾਂਗੇ ਜਿਨ੍ਹਾਂ ਨੂੰ ਉਨ੍ਹਾਂ ਦੇ ਘਰੋਂ ਲਿਜਾਕੇ ਮਾਰਿਆ ਜਾਂਦਾ ਹੈ, ਜਿਵੇਂ ਬਰੈਵੋ ਪੋਰਟਿਲੋ ਦੇ ਪੁਰਾਣੇ ਵਕਤਾਂ 'ਚ ਹੋਇਆ ਕਰਦਾ ਸੀ।"

"ਕੀ ਤੁਸੀਂ ਸਾਬਤ ਕਰ ਸਕਦੇ ਹੋ ਕਿ ਯੂ.ਜੀ.ਟੀ. ਦੇ ਕਾਰਕੁੰਨਾਂ ਨੂੰ ਕਤਲ ਕੀਤਾ ਗਿਆ ?"

"ਬਿਲਕੁਲ ਮੈਂ ਕਰ ਸਕਦੀ ਹਾਂ, ਅਤੇ ਉਨ੍ਹਾਂ ਬੰਦਿਆਂ ਦੇ ਪਰਿਵਾਰ ਮੇਰੇ ਤੋਂ ਵੀ ਬਿਹਤਰ ਸਾਬਤ ਕਰ ਸਕਦੇ ਹਨ।"

ਉਹ ਮੇਰੇ ਵੱਲ ਵੱਢ ਖਾਣੀਆਂ ਨਜ਼ਰਾਂ ਨਾਲ ਝਾਕਿਆ। ਉਹ ਆਪਣੇ ਗਾਰਡਾਂ ਨੂੰ ਲੈ ਕੇ ਤੁਰ ਗਿਆ, ਉਹ ਮੇਰੇ ਵੱਲ ਇਸ ਤਰ੍ਹਾਂ ਝਾਕੇ ਜਿਵੇਂ ਉਹ ਮੈਨੂੰ "ਭੋਗਣ" ਦਾ ਨਜ਼ਾਰਾ ਲੈ ਕੇ ਹਟੇ ਹੋਣ।

"ਤੁਸੀਂ ਉਨ੍ਹਾਂ ਲੋਕਾਂ ਦੀ ਸਿਰਦਰਦੀ ਕਿਉਂ ਲੈਂਦੇ ਹੋ ?" ਮਰਸੀਲਿਨੋ ਡੋਮਿੰਗੋ ਕਹਿਣ ਲੱਗਿਆ। "ਅਸੀਂ ਸੋਚਦੇ ਸੀ ਉਹ ਸਾਨੂੰ ਜਾਣ ਨਹੀਂ ਦੇਣਗੇ। ਬਿਹਤਰ ਹੈ ਕਿ ਅਸੀਂ ਇਸ ਹੋਏ ਬੀਤੇ ਬਾਰੇ ਮੈਡਰਿਡ ਨੂੰ ਇਤਲਾਹ ਕਰ ਦੇਈਏ।"

"ਚਿੰਤਾ ਨਾ ਕਰੋ," ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ, "ਅਸੀਂ ਜਾਵਾਂਗੇ।"

ਇਸੇ ਦੌਰਾਨ ਫਰਨਾਂਡੇਜ਼ ਨੇ ਸਰਹੱਦੀ ਪੁਲਿਸ ਨੂੰ ਸਾਡੀ ਆਮਦ ਬਾਰੇ ਸੂਚਿਤ ਕਰ ਦਿੱਤਾ ਸੀ ਅਤੇ ਹਦਾਇਤ ਦੇ ਦਿੱਤੀ ਸੀ ਕਿ ਸਾਨੂੰ ਲੰਘਣ ਨਾ ਦਿੱਤਾ ਜਾਵੇ।

ਪਰ, ਹੋਇਆ ਉਸ ਦੀ ਵਿਉਂਤ ਦੇ ਉਲਟ। ਜਦੋਂ ਸਾਡੀ ਰੇਲ ਗੱਡੀ ਸਰਹੱਦੀ ਸਟੇਸ਼ਨ 'ਤੇ ਪਹੁੰਚੀ, ਤਾਂ ਸਾਨੂੰ ਰੇਲਵੇ ਮੁਲਾਜ਼ਮ ਅਤੇ ਮਜ਼ਦੂਰ, ਪੀ.ਐੱਸ.ਯੂ.ਸੀ. ਦੇ ਸਾਥੀ ਅਤੇ ਹੋਰ ਲੋਕ ਮਿਲਣ ਆਏ ਹੋਏ ਸਨ ਜਿਨ੍ਹਾਂ ਨੂੰ ਸਾਡੇ ਆਉਣ ਦੀ ਭਿਣਕ ਪੈ ਗਈ ਸੀ। ਹਰ ਕੋਈ ਸਾਨੂੰ ਜੀ ਆਇਆਂ ਕਹਿਣ, ਜਿੱਤ 'ਚ ਵਿਸ਼ਵਾਸ ਦਰਸਾਉਣ ਅਤੇ ਸਾਡੇ ਮਿਸ਼ਨ ਦੀ ਕਾਮਯਾਬੀ ਲਈ ਸ਼ੁਭ ਇੱਛਾਵਾਂ ਦੇਣ ਲਈ ਉੱਥੇ ਆਇਆ।

ਸਟੇਸ਼ਨ ਉੱਤੇ ਲੋਕਾਂ ਨਾਲ ਲੰਮਾ ਸਮਾਂ ਗੱਲਬਾਤ ਕਰਨ ਉਪਰੰਤ, ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਫ਼ਿਕਰਮੰਦ ਸੀ ਕਿ ਸਰਕਾਰੀ ਕਰਤਾ-ਧਰਤਾ ਸਾਨੂੰ ਫਰਾਂਸ ਜਾਣ ਨਹੀਂ ਦੇਣਗੇ। "ਫ਼ਿਕਰ ਨਾ ਕਰੋ," ਹਰ ਕੋਈ ਕਹਿਣ ਲੱਗਿਆ, "ਜੇ ਲੋੜ ਪਈ ਤਾਂ ਅਸੀਂ ਵਿਸ਼ੇਸ਼ ਰੇਲ ਗੱਡੀ 'ਚ ਲੈ ਕੇ ਜਾਵਾਂਗੇ ਤਾਂ ਕਿ ਤੁਸੀਂ ਵਕਤ ਸਿਰ ਪਹੁੰਚ ਸਕੋ।" ਮਜ਼ਦੂਰਾਂ ਨੇ ਗਣਰਾਜ ਦੀ ਜਿੱਤ 'ਚ, ਲੋਕਾਂ ਦੀ ਜਿੱਤ 'ਚ ਪੂਰੇ ਜੋਸ਼ ਨਾਲ ਬੁਲੰਦ ਆਵਾਜ਼ 'ਚ ਭਰੋਸਾ ਪ੍ਰਗਟਾਇਆ।

ਅੰਤ, ਅਸੀਂ ਚੱਲ ਪਏ। ਗਣਰਾਜ ਜ਼ਿੰਦਾਬਾਦ! ਕੈਟਾਲੋਨੀਆ ਜ਼ਿੰਦਾਬਾਦ! ਲੋਕ ਮੁਹਾਜ਼ ਜ਼ਿੰਦਾਬਾਦ! ਜਦੋਂ ਅਸੀਂ ਕੈਟਾਲੋਨੀਆ ਤੋਂ ਪੈਰਿਸ ਨੂੰ ਰਵਾਨਾ ਹੋਏ ਤਾਂ ਇਨ੍ਹਾਂ ਆਖ਼ਰੀ ਲਫ਼ਜ਼ਾਂ ਦੀ ਗੂੰਜ ਸਾਨੂੰ ਸੁਣਾਈ ਦਿੱਤੀ।

ਫਰਾਂਸ ਦੀ ਰਾਜਧਾਨੀ 'ਚ ਸਾਡੀ ਆਮਦ ਕੁਝ ਉਤੇਜਨਾ ਭਰੀ ਸੀ। "ਦੋ ਸੌ ਘਰਾਣਿਆਂ" ਦੇ ਕਬਜ਼ੇ ਵਾਲੀ ਪ੍ਰੈੱਸ ਨੇ ਸਾਨੂੰ ਕੱਢਣ ਦੀ ਮੰਗ ਕੀਤੀ। ਤਮਾਮ ਸੱਜੇਪੱਖੀ ਅਖ਼ਬਾਰਾਂ ਦੀ ਨਫ਼ਰਤ ਖ਼ਾਸ ਤੌਰ 'ਤੇ ਮੇਰੇ ਵੱਲ ਸੇਧਤ ਸੀ।

ਹੋਟਲ 'ਚ ਸਾਨੂੰ ਸਿਰਫ਼ ਦੋ ਦਿਨ ਹੀ ਹੋਏ ਸਨ ਜਦੋਂ ਇਸ ਦੇ ਮਾਲਕ ਨੇ ਸਾਨੂੰ ਬਾਹਰ ਕੱਢ ਦਿੱਤਾ। ਇਹ ਸੱਚ ਹੈ ਕਿ ਉਸਨੇ ਇਹ ਹਜ਼ਾਰਾਂ ਵਾਰ ਖ਼ਿਮਾ ਮੰਗਦੇ ਹੋਏ, ਹਲੀਮੀ ਨਾਲ ਕੀਤਾ ਪਰ ਉਸਨੇ ਸਾਨੂੰ ਦੱਸ ਦਿੱਤਾ ਕਿ *ਲਾ ਕਰੋਇਕਸ ਡੂ ਫਿਊ* (ਫਰਾਂਸੀਸੀ ਫਾਸ਼ੀਵਾਦੀਏ, ਕਰਾਸ ਆਫ ਫਾਇਰ) ਨੇ ਹੋਟਲ 'ਤੇ ਹਮਲਾ ਕਰਕੇ ਤਬਾਹ ਕਰ ਦੇਣ ਦੀ ਧਮਕੀ ਦਿੱਤੀ ਸੀ। ਉਹ ਭੈਭੀਤ ਹੋਇਆ "ਮੈਡਮ" (ਮੇਰੇ) ਤੋਂ ਖ਼ਿਮਾ ਮੰਗੀ ਜਾ ਰਿਹਾ ਸੀ ਪਰ ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ।

ਅਸੀਂ ਸਪੇਨੀ ਸਫ਼ਾਰਤਖ਼ਾਨੇ ਦੇ ਨੇੜੇ ਇਕ ਹੋਟਲ 'ਚ ਚਲੇ ਗਏ। ਉਸੇ ਦਿਨ ਮੈਨੂੰ *ਲਾ ਕਰੋਇਕਸ ਡੂ ਫਿਊ* ਦੀ ਧਮਕੀ ਆ ਗਈ ਜਿਸ 'ਚ ਫਰਾਂਸ ਛੱਡਣ ਦਾ ਹੁਕਮ ਚਾੜ੍ਹਿਆ ਗਿਆ ਸੀ। "ਜੇ ਤੁਸੀਂ ਇਹ ਨਹੀਂ ਕਰੋਗੇ," ਧਮਕੀ-ਪੱਤਰ 'ਚ ਕਿਹਾ ਗਿਆ ਸੀ, "ਸਾਡੇ ਕੋਲ ਫਰਾਂਸ ਅੰਦਰ ਗਣਰਾਜੀ ਸਪੇਨ ਦਾ ਪ੍ਰਚਾਰ ਕਰਨ ਤੋਂ ਤੁਹਾਨੂੰ ਰੋਕਣ ਦੇ ਹੋਰ ਢੰਗ ਵੀ ਹਨ।"

ਮੈਂ ਫਰਾਂਸੀਸੀ ਕਮਿਊਨਿਸਟ ਪਾਰਟੀ ਦੇ ਸਾਥੀਆਂ ਨੂੰ ਇਹ ਪੱਤਰ ਦਿਖਾਇਆ, ਜਿਨ੍ਹਾਂ ਨੇ *I Humanite* ਅਖ਼ਬਾਰ ਦੇ ਪੰਨਿਆਂ 'ਤੇ ਇਸ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਗ੍ਰਹਿ ਮੰਤਰੀ ਕੋਲ ਵੀ ਰੋਸ ਪ੍ਰਗਟਾਇਆ ਅਤੇ ਸਪੇਨੀ ਗਣਰਾਜ ਦੇ ਹੱਕ 'ਚ ਮੁਹਿਮ ਤੇਜ਼ ਕਰ ਦਿੱਤੀ।

ਇਸ ਮੌਕੇ, ਫਰਾਂਸ 'ਚ ਸਪੇਨ ਦਾ ਸਫੀਰ "ਕਾਨੂੰਨਦਾਨ" ਅਲਵੇਰੋ ਡੀ ਅਲਬੌਰਨੋਜ਼ ਸੀ, ਜੋ ਅਸਟੂਰੀਅਸ 'ਚ ਚੋਣ ਸਮੇਂ ਮੇਰੇ ਨਾਲ ਉਮੀਦਵਾਰ ਰਿਹਾ ਸੀ। ਮੈਨੂੰ ਸੱਚੀਓਂ ਕਦੇ ਨਹੀਂ ਸੀ ਪਤਾ ਕਿ ਸਪੇਨ ਦੇ ਸਫ਼ੀਰ ਵਿਦੇਸ਼ 'ਚ ਕਿਵੇਂ ਕੰਮ ਕਰਦੇ ਸਨ। ਮੈਨੂੰ ਇਹ ਲਾਜ਼ਮੀ ਮੰਨ ਲੈਣਾ ਚਾਹੀਦਾ ਹੈ ਕਿ ਜਦੋਂ ਮੈਂ ਆਪਣੇ ਸਫ਼ੀਰ ਨੂੰ ਕੰਮ ਕਰਦੇ ਦੇਖਿਆ ਤਾਂ ਮੇਰਾ ਭਰਮ ਪੂਰੀ ਤਰ੍ਹਾਂ ਟੁੱਟ

ਗਿਆ। ਉਹ ਲੜਾਈ ਲੜ ਰਹੇ ਲੋਕਾਂ ਦੇ ਨੁਮਾਇੰਦੇ ਨਾਲੋਂ ਦਿਖਾਵੇ ਕਰਨ ਵਾਲਾ ਨਾਮਧਰੀਕ ਮੁਖੀ ਵੱਧ ਸੀ।

ਅਲਬੌਰਨੋਜ਼ ਦੇ ਨਾਲ ਸਾਬਕਾ ਸਮਾਜਵਾਦੀ ਮੰਤਰੀ ਫਰਨਾਂਡੋ ਡੀ ਲੌਸ ਰਿਓਸ ਸੀ। ਉਹ ਅਤੇ ਓਟੀਰੋ, ਇਹ ਵੀ ਸਮਾਜਵਾਦੀ ਡਿਪਟੀ ਸੀ, ਸਵਰਾਜ ਵਾਸਤੇ ਹਥਿਆਰ ਤੇ ਸਾਜ਼ੋਸਮਾਨ ਦੀ ਖ਼ਰੀਦਦਾਰੀ ਕਰਨ ਦੇ ਮੁਖੀ ਸਨ।

ਆਪਣੇ ਸੱਜੇ ਹੱਥ ਨਾਲ ਫਰਿਸ਼ਤਿਆਂ ਵਰਗੀ ਦਾਹੜੀ ਪਲੋਸਦੇ ਹੋਏ ਅਤੇ ਆਪਣੀ ਬੁਨੈਣ ਦੀ ਬਾਂਹ 'ਚ ਖੱਬਾ ਅੰਗੂਠਾ ਅੜੁੰਗਦੇ ਹੋਏ, ਉਹ ਆਪਣਾ ਰੋਣ-ਪਿੱਟਣ ਪਾ ਕੇ ਬਹਿ ਗਿਆ: "ਕਿਸੇ ਨੇ ਸੋਚਿਆ ਹੋਵੇਗਾ ਕਿ ਮੈਂ ਇੱਥੇ ਹਥਿਆਰ ਖ਼ਰੀਦ ਰਿਹਾ ਹੋਵਾਂਗਾ ਤਾਂ ਕਿ ਆਦਮੀ ਇਕ ਦੂਜੇ ਨੂੰ ਮਾਰ ਸਕਣ!"

ਮੈਂ ਕਾਫ਼ੀ ਸਮਾਂ ਉਸਨੂੰ ਟਿਕਟਿਕੀ ਲਾ ਕੇ ਦੇਖਦੀ ਰਹੀ, ਮੈਨੂੰ ਇਹ ਨਾ ਸੁੱਝੇ ਕਿ ਮੈਂ ਹੱਸਾਂ ਕਿ ਰੋਵਾਂ। ਮੈਂ ਸੋਚਿਆ, "ਕਿਹੜੇ ਮੂਰਖ ਨੇ ਦਇਆ ਦੀ ਭੈਣ ਨੂੰ ਇਹ ਕੰਮ ਦੇ ਦਿੱਤਾ?"

ਪੈਰਿਸ ਵਿਚ ਸਪੇਨੀ ਸਫ਼ਾਰਤਖ਼ਾਨੇ ਦਾ ਸਵਿੱਚ ਬੋਰਡ ਚਾਲਕ ਨਿਰੰਕੁਸ਼ਵਾਦੀ ਸਫ਼ੀਰ ਕਿਓਨਨਡੀ ਲਿਓਨ ਲਈ ਕੰਮ ਕਰਦਾ ਰਿਹਾ ਸੀ। ਇਸ ਕਰਕੇ, ਸਫ਼ਾਰਤਖ਼ਾਨੇ ਨੂੰ ਆਉਣ ਤੇ ਜਾਣ ਵਾਲੇ ਹਰੇਕ ਸੁਨੇਹੇ ਦੀ ਜਾਣਕਾਰੀ ਗਣਰਾਜ ਹਕੂਮਤ ਜਾਂ ਖੁਦ ਸਫ਼ੀਰ ਕੋਲ ਪਹੁੰਚਣ ਤੋਂ ਪਹਿਲਾਂ ਹੀ ਦੁਸ਼ਮਣ ਕੋਲ ਪਹੁੰਚ ਜਾਂਦੀ ਸੀ। ਸੰਕੇਤਕ ਭਾਸ਼ਾ 'ਚ ਸੁਨੇਹੇ ਭੇਜਣ ਦਾ ਮੁਖੀ ਵਿਅਕਤੀ, ਅਰਥਾਤ, ਜਿਸ ਦੇ ਹੱਥ 'ਚ ਸਰਕਾਰ ਦੇ ਸਾਰੇ ਹੁਕਮ, ਸਫ਼ਾਰਤਖ਼ਾਨੇ ਦੇ ਕੁਲ ਭੇਤ ਸਨ, ਵੀ ਨਿਰੰਕੁਸ਼ਵਾਦੀ ਸੀ।

ਅਤੇ ਸਫ਼ਾਰਤਖ਼ਾਨੇ ਦੇ ਅੰਦਰ ਦੁਸ਼ਮਣ ਦਾ ਕੰਮ ਕਰਦੇ ਹੋਣਾ ਐਨਾ ਭੈੜਾ ਨਹੀਂ ਸੀ, ਇਸ ਤੋਂ ਵੱਧ ਭੈੜਾ ਸੀ ਐਸੇ ਸਫ਼ੀਰ ਦਾ ਹੋਣਾ ਜਿਸ ਨੂੰ ਆਪਣੇ ਫਰਜ਼ਾਂ ਦਾ ਜ਼ਰਾ ਵੀ ਖ਼ਿਆਲ ਨਹੀਂ ਸੀ ਕਿ ਉਹ ਲੋਕਾਂ ਦਾ ਅਤੇ ਇਕ ਐਸੇ ਦੇਸ਼ ਦਾ ਨੁਮਾਇੰਦਾ ਸੀ ਜੋ ਯੂਰਪ ਅੰਦਰ ਫਾਸ਼ੀਵਾਦ ਦੇ ਫੈਲਾਅ ਨੂੰ ਰੋਕਣ ਦੀ ਭਿਆਨਕ ਜੰਗ ਲੜ ਰਹੇ ਸਨ। ਉਦੋਂ ਉਸ ਦੀ ਸ਼ਕਲ ਦੇਖਣ ਵਾਲੀ ਸੀ ਜਦੋਂ ਅਸੀਂ ਸੁਝਾਅ ਦਿੱਤਾ ਕਿ ਸਫ਼ਾਰਤਖ਼ਾਨਾ ਗਣਰਾਜ ਦੇ ਕਾਜ਼ ਲਈ ਪ੍ਰਚਾਰ ਦਾ ਕੰਮ ਕਰੇ। ਅਲਵੇਰੋ ਦਾ ਵਿਚਾਰ ਸੀ ਕਿ ਸਫ਼ੀਰ "ਇਨ੍ਹਾਂ ਮਾਮਲਿਆਂ 'ਚ ਦਖ਼ਲ ਨਹੀਂ ਸੀ ਦੇ ਸਕਦਾ। ਗਣਰਾਜ ਦੇ ਰਾਸ਼ਟਰਪਤੀ ਵਾਂਗ, ਸਫ਼ੀਰ ਇਕ ਹੱਦ ਤੱਕ ਸਾਰੇ ਝਗੜੇ ਝੇੜਿਆਂ ਤੋਂ ਉੱਪਰ ਸਾਲਸ ਤਾਕਤ ਹੁੰਦਾ ਹੈ।"

ਜੰਗ 'ਚ ਅਤੇ ਸਾਡੇ ਵੱਲੋਂ ਲੜੀ ਜਾ ਰਹੀ ਖ਼ਾਸ ਜੰਗ 'ਚ ਜੁੱਟੇ ਦੇਸ਼ ਦੇ ਨੁਮਾਇੰਦੇ ਵਜੋਂ ਆਪਣੀ ਭੂਮਿਕਾ ਬਾਰੇ ਐਸੀ ਸੋਚ ਦੀ ਹਾਲਤ 'ਚ ਦੁਸ਼ਮਣ ਫਰਾਂਸ ਦੀ ਬਹੁਤੀ ਪ੍ਰੈਸ ਅੰਦਰ ਗਣਰਾਜ ਉੱਪਰ ਨਿਰਵਿਰੋਧ ਹਮਲੇ ਕਰਨ ਲਈ ਪੂਰੀ ਤਰ੍ਹਾਂ ਆਜ਼ਾਦ ਸੀ। ਫਰਾਂਸੀਸੀ ਕਮਿਊਨਿਸਟ ਪਾਰਟੀ ਦੇ ਬੁਲਾਰੇ *I Humanite* ਦੇ ਪੰਨਿਆਂ 'ਤੇ ਸਪੇਨੀ ਲੋਕਾਂ ਦੀ ਡੱਟਵੀਂ ਵਜਾਹਤ ਨੂੰ ਛੱਡਕੇ ਬਾਕੀ ਮਾਮਲਿਆਂ 'ਚ ਇਹੀ ਹੋ ਰਿਹਾ ਸੀ।

ਪੈਰਿਸ 'ਚ ਸਾਡੀ ਆਮਦ ਤੋਂ ਦੋ ਦਿਨ ਬਾਦ, ਸਾਡੇ ਫਰਾਂਸੀਸੀ ਸਾਥੀਆਂ ਅਤੇ ਹੋਰ ਲੋਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵਿੰਟਰ ਵੈਲੋਡਰੋਮ 'ਚ ਇਕ ਜਨਤਕ ਇਕੱਠ ਜਥੇਬੰਦ ਕੀਤਾ ਤਾਂ ਕਿ ਸਾਡੇ ਕਮੇਟੀ ਮੈਂਬਰ ਸਪੇਨ ਦੀ ਅਸਲ ਹਾਲਤ ਅਤੇ ਸਾਡੀ ਲੜਾਈ ਦੇ ਖ਼ਾਸੇ ਬਾਰੇ ਫਰਾਂਸੀਸੀ ਲੋਕਾਂ ਨੂੰ ਜਾਣੂੰ ਕਰਾ ਸਕਣ।

ਜਿਵੇਂ ਸਾਹਮਣੇ ਆਇਆ, ਸਾਡੇ ਪ੍ਰਤੀਨਿਧ-ਮੰਡਲ ਦੇ ਮੈਂਬਰ ਸਿਰੇ ਦੇ "ਸੰਵੇਦਨਸ਼ੀਲ" ਵਿਅਕਤੀ ਸਨ। ਫਰਾਂਸੀਸੀ ਸਾਥੀਆਂ ਨਾਲ ਇਕ ਪਹਿਲੀ ਮੀਟਿੰਗ 'ਚ, ਸਾਡੇ ਕਮੇਟੀ ਮੈਂਬਰਾਂ ਨੇ ਕੋਈ ਜਨਤਕ ਸਮਾਗਮ ਜਥੇਬੰਦ ਕਰਨ ਦਾ ਸੁਝਾਅ ਦਿੱਤਾ ਸੀ। ਹਰ ਕਿਸੇ ਨੇ ਸਹਿਮਤੀ ਪ੍ਰਗਟਾਈ। ਪਰ ਇਹ "ਪਰ" ਜੋ ਸਾਡੀਆਂ ਜ਼ਿੰਦਗੀਆਂ 'ਤੇ ਮਾੜੂ ਅਸਰ ਪਾਉਂਦੇ ਹਨ—ਸਾਡੇ ਫਰਾਂਸੀਸੀ ਸਾਥੀਆਂ ਨੂੰ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਕਮੇਟੀ 'ਚ ਕੋਈ "ਅਹਿਮ ਸ਼ਖਸੀਅਤਾਂ" ਸਨ ਅਤੇ ਕਿ ਗਣਰਾਜ ਦੇ ਹੱਕ 'ਚ ਮੁਜ਼ਾਹਰੇ ਵਿਚ ਉਨ੍ਹਾਂ ਨੂੰ ਤਕਰੀਰ ਕਰਨ ਲਈ "ਸੱਦਣਾ" ਬਣਦਾ ਸੀ। ਉਨ੍ਹਾਂ ਨੇ ਚਿਤਵ ਲਿਆ ਕਿ ਸਾਡੀ ਆਪਸੀ ਗੱਲਬਾਤ ਦਾ ਸੱਦਾ ਕਾਫ਼ੀ ਸੀ। ਪਰ ਉਹ ਕੂਟਨੀਤਕ ਸ਼ਿਸ਼ਟਾਚਾਰ ਭੁੱਲ ਗਏ।

ਪਹਿਲੇ ਇਕੱਠ 'ਚ ਹਜ਼ਾਰਾਂ ਲੋਕ ਆਏ। ਅਤੇ ਜਿਨ੍ਹਾਂ ਬੰਦਿਆਂ ਨੂੰ ਸਪੇਨ ਦੇ ਲੋਕ ਮੁਹਾਜ਼ ਨੇ ਗਣਰਾਜ ਦੀ ਰਾਖੀ ਲਈ ਮਦਦ ਜੁਟਾਉਣ ਦੀ ਖ਼ਾਤਰ ਫਰਾਂਸ ਭੇਜਿਆ ਸੀ ਉਨ੍ਹਾਂ ਨੇ ਇਹ ਕਹਿਕੇ ਬੋਲਣ ਤੋਂ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੂੰ ਅਧਿਕਾਰਤ ਤੌਰ 'ਤੇ ਸੱਦਾ ਨਹੀਂ ਦਿੱਤਾ ਗਿਆ।

ਇਹ ਇਕੱਠ ਫਰਾਂਸ ਦੇ ਲੋਕਾਂ ਦੀ ਆਪਣੇ ਸਪੇਨੀ ਭਾਈਬੰਦਾਂ ਨਾਲ ਇਕਮੁੱਠਤਾ ਦਾ ਸ਼ਾਨਦਾਰ ਮੁਜ਼ਾਹਰਾ ਸੀ। ਮੇਰੇ ਨਾਲ ਦੇ ਕੂਟਨੀਤਕ ਸ਼ਿਸ਼ਟਾਚਾਰ ਤੋਂ ਬਹੁਤ ਪਰੇਸ਼ਾਨ ਸਨ। ਪਰ ਮੈਂ ਇਸ ਝੰਜਟ 'ਚ ਨਾ ਪੈ ਕੇ ਤਕਰੀਰ ਕੀਤੀ, ਕਮੇਟੀ ਵੱਲੋਂ ਨਾ ਸਹੀ, ਉਨ੍ਹਾਂ ਦੇ ਨਾਂਅ 'ਤੇ ਜੋ ਸੋਮੋਸਿਆਰਾ ਅਤੇ ਗੁਆਡਰਮਾ 'ਚ ਲੜਦੇ ਹੋਏ ਵਿਦਾ ਹੋ ਗਏ ਸਨ, ਉਨ੍ਹਾਂ ਸਾਰਿਆਂ ਦੇ ਨਾਂਅ 'ਤੇ ਜੋ ਸਪੇਨ 'ਚ ਫਾਸ਼ੀਵਾਦ ਨੂੰ ਸੱਤਾ 'ਚ ਆਉਣੋਂ ਰੋਕਣ ਲਈ ਸੰਜੀਦਗੀ ਨਾਲ ਲੜ ਰਹੇ ਸਨ।

ਅਤੇ ਮਜ਼ਦੂਰਾਂ ਦਾ ਪੈਰਿਸ, ਜਮਹੂਰੀ ਪੈਰਿਸ, ਕਮਿਊਨ ਅਤੇ ਲੋਕ ਮੁਹਾਜ਼ ਦਾ ਪੈਰਿਸ—ਪੈਰਿਸ, ਜਿੱਥੋਂ, ਸਾਡੇ ਸੰਗੀ-ਸਾਥੀ ਮਾਰਿਸ ਥੋਰੇਜ਼, ਜੋ ਹਮੇਸ਼ਾ ਸਾਡੀ ਮਦਦ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਸੀ, ਦੀ ਪ੍ਰੇਰਣਾ ਨਾਲ ਵਲੰਟੀਅਰਾਂ ਦੀਆਂ ਟੋਲੀਆਂ ਸਪੇਨ ਅੰਦਰ ਫਾਸ਼ੀਵਾਦ ਦੇ ਖ਼ਿਲਾਫ਼ ਲੜਨ ਲਈ ਫਰਾਂਸ ਤੋਂ ਆਈਆਂ, ਜਿਸ ਤੋਂ ਉਨ੍ਹਾਂ ਦੇ ਦੇਸ਼ ਨੂੰ ਵੀ ਖ਼ਤਰਾ ਸੀ—ਉਹ ਪੈਰਿਸ, ਇਕੋ ਖਾਹਸ਼ ਅਤੇ ਇਕੋ ਮੰਗ ਲੈ ਕੇ, ਇਕ ਵਿਅਕਤੀ ਵਾਂਗ ਉੱਠ ਖੜ੍ਹਿਆ: "ਸਪੇਨ ਨੂੰ ਤੋਪਾਂ ਅਤੇ ਹਵਾਈ ਜਹਾਜ਼ ਦੇਵੋ!"

ਇਸ ਇਕੱਠ ਤੋਂ ਬਾਦ, ਇਹ ਹੋਕਾ ਇਕਮੁੱਠਤਾ ਦੀ ਲਹਿਰ ਬਣਕੇ ਸਾਰੇ ਫਰਾਂਸ 'ਚ ਫੈਲ ਗਿਆ: "ਸਪੇਨ ਨੂੰ ਤੋਪਾਂ ਅਤੇ ਹਵਾਈ ਜਹਾਜ਼ ਦੇਵੋ!"

ਅਗਲੇ ਦਿਨ, ਜਦੋਂ ਕਮੇਟੀ ਦੇ ਬਾਕੀ ਮੈਂਬਰਾਂ ਨੇ ਅਖ਼ਬਾਰਾਂ ਵਿਚ ਇਸ ਇਕੱਠ ਦੀ ਕਾਮਯਾਬੀ ਬਾਰੇ ਪੜ੍ਹਿਆ, ਤਾਂ ਉਹ ਹੌਲਨਾਕ ਹੱਦ ਤੱਕ ਦੁਖੀ ਹੋਏ। ਉਹ ਇਹ ਮਹਿਸੂਸ ਹੀ ਨਹੀਂ ਸੀ ਕਰ ਸਕੇ ਕਿ ਫਰਾਂਸ ਦੇ ਲੋਕਾਂ ਦੇ ਸਪੇਨ ਲਈ ਜਜ਼ਬਾਤ ਕਿੰਨੇ ਕਮਾਲ ਦੇ ਅਤੇ ਨਿੱਘੇ ਸਨ। ਉਨ੍ਹਾਂ ਨੇ ਇਕੱਠ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ ਦਿਲ ਦੀਆਂ ਗਹਿਰਾਈਆਂ 'ਚੋਂ ਉਨ੍ਹਾਂ ਦੀ ਸੋਚ ਸੀ ਕਿ ਇਹ ਪਹਿਲਾ ਮੁਜ਼ਾਹਰਾ ਸਫ਼ਲ ਨਹੀਂ ਹੋਵੇਗਾ।

ਬਾਦ 'ਚ ਉਨ੍ਹਾਂ ਨੂੰ ਕਿਸੇ ਹੋਰ ਜਨਤਕ ਇਕੱਠ 'ਚ ਹਿੱਸਾ ਲੈਣ ਦਾ ਮੌਕਾ ਨਹੀਂ ਮਿਲਿਆ। ਕਿਉਂਕਿ ਫਰਾਂਸ ਦੇ ਪਿਛਾਖੜੀ ਫਰਾਂਸੀਸੀ ਲੋਕਾਂ ਦੇ ਪਹਿਲੇ ਜਨਤਕ ਇਕਮੁੱਠਤਾ ਮੁਜ਼ਾਹਰੇ ਦੀ ਕਾਮਯਾਬੀ ਅਤੇ ਤੋਪਾਂ ਅਤੇ ਹਵਾਈ-ਜਹਾਜ਼ਾਂ ਦੀ ਜ਼ੋਰਦਾਰ ਮੰਗ ਤੋਂ ਐਨੇ ਭੈਭੀਤ ਹੋ ਗਏ ਸਨ ਕਿ ਅਸੀਂ ਹੋਰ ਇਕੱਠ ਜਥੇਬੰਦ ਨਹੀਂ ਕਰ ਸਕੇ।

ਜਿਮੇਨੇਜ਼ ਡੀ ਅਸੂਆ ਦੀਆਂ ਅਨੇਕਾਂ ਕੋਸ਼ਿਸ਼ਾਂ ਤੋਂ ਬਾਦ, ਆਖ਼ਿਰ ਫਰਾਂਸ ਦੀ ਸਰਕਾਰ ਦਾ ਪ੍ਰਧਾਨ ਮੰਤਰੀ, ਸੋਸ਼ਲ-ਡੈਮੋਕਰੇਟ ਲਿਓਨ ਬਲੱਮ, ਸਾਡੀ ਕਮੇਟੀ ਨੂੰ ਮਿਲਿਆ। ਮੈਂ ਕਦੇ ਐਨਾ ਅਜੀਬ ਮਹਿਸੂਸ ਨਹੀਂ ਕੀਤਾ ਜਿੰਨਾ ਬਲੱਮ ਨੂੰ ਮਿਲਕੇ, ਜੋ ਫਰਾਂਸ ਦੀ ਸਮਾਜਵਾਦੀ ਪਾਰਟੀ ਦੀ ਸਭ ਤੋਂ ਅਹਿਮ ਹਸਤੀ ਸੀ। ਇਹ ਸੋਚ ਕੇ ਮੈਨੂੰ ਇਖ਼ਲਾਕੀ ਤੇ ਸਰੀਰਕ ਗਿਲਾਨੀ ਹੋਈ ਤੇ ਕਾਂਬਾ ਛਿੜ ਗਿਆ ਕਿ ਇਹੀ ਉਹ ਬੰਦਾ ਸੀ ਜੋ ਫਰਾਂਸ ਦੀ ਉਸ ਮਜ਼ਦੂਰ ਜਮਾਤ ਦੀ ਨੁਮਾਇੰਦਗੀ ਕਰਦਾ ਸੀ ਜਿਸਨੇ ਪੈਰਿਸ ਕਮਿਊਨ ਦੇ ਅਮਿੱਟ ਪੰਨੇ ਲਿਖੇ ਸਨ।

ਮਰੀਅਲ ਜਹੀ ਆਵਾਜ਼ ਨਾਲ, ਜਿਵੇਂ ਉਹ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਉਸ ਨੇ ਸਾਡੀ ਫੇਰੀ ਦਾ ਮੰਤਵ ਪੁੱਛਿਆ। ਮਾਰਸੀਲਿਨੋ ਡੋਮਿੰਗੋ ਨੇ ਗਣਰਾਜ ਦੀ ਹਾਲਤ ਦੀ ਸਹੀ-ਸਹੀ ਆਮ ਜਾਣਕਾਰੀ ਦਿੱਤੀ। ਜਿਮੇਨੇਜ਼ ਡੀ ਅਸੂਆ ਨੇ ਉਸ ਨੂੰ ਸਪੇਨ ਦੇ ਸੰਘਰਸ਼ ਦੀ ਅਹਿਮੀਅਤ ਬਾਰੇ ਦੱਸਿਆ।

ਬਲੱਮ ਨੇ ਝਿਜਕਦਿਆਂ ਗੱਲ ਤੋਰੀ: ਉਹ ਸਪੇਨ ਦੀ ਮਦਦ ਕਰਨੀ ਚਾਹੁੰਦਾ ਸੀ........ਪਰ ਉਹ ਕਰ ਨਹੀਂ ਸਕਦਾ ਸੀ........ਇਸ ਦਾ ਅਰਥ ਹੋਵੇਗਾ ਜੰਗ........ਉਹ ਸ਼ਾਂਤੀਵਾਦੀ ਸੀ........ਕੁਝ ਨਹੀਂ ਕੀਤਾ ਜਾ ਸਕਦਾ..........ਉਹ ਮੁਸੀਬਤਾਂ 'ਚ ਫਸਿਆ ਹੋਇਆ ਸੀ.......ਇਸ ਤੋਂ ਬਿਨਾਂ, ਸਪੇਨ ਦੀ ਜੰਗ ਖ਼ਾਨਾਜੰਗੀ ਸੀ.......ਫਰਾਂਸ ਦਖ਼ਲ ਨਹੀਂ ਦੇ ਸਕਦਾ ਸੀ।......ਫਰਾਂਸ ਮੁਸ਼ਕਲਾਂ 'ਚ ਫਸ ਜਾਵੇਗਾ।

ਮੈਂ ਤਿੱਖਾ ਜਵਾਬ ਦਿੱਤਾ: "ਸਾਡੀ ਜੰਗ, ਜਨਾਬ ਬਲੱਮ, ਸਾਧਾਰਣ ਖ਼ਾਨਾਜੰਗੀ ਨਹੀਂ ਹੈ, ਬਲਕਿ ਯੂਰਪ ਦੇ ਅਮਨ ਅਤੇ ਮੁਕਤੀ ਦੀ ਰਾਖੀ ਦੀ ਜੰਗ ਹੈ। ਜੇ ਤੁਸੀਂ ਸਪੇਨ ਨੂੰ ਮਦਦ ਕਰਨ ਤੋਂ ਇਨਕਾਰ ਕਰ ਦਿੰਦੇ ਹੋ, ਜੇ ਤੁਸੀਂ ਸਪੇਨ ਦੇ ਲੋਕਾਂ ਦੀ ਹਾਰ ਹੋ ਜਾਣ ਦਿੰਦੇ ਹੋ, ਤਾਂ ਫਰਾਂਸ ਨੂੰ ਸਿਰੇ ਦੇ ਭੈੜੇ ਹਾਲਾਤ 'ਚ ਜੰਗ ਦਾ ਸਾਹਮਣਾ ਕਰਨਾ ਪਵੇਗਾ।"

ਬਲੱਮ ਨੇ ਹਉਕਾ ਲਿਆ। ਉਸਨੇ ਆਪਣੀਆਂ ਅੱਖਾਂ ਆਪਣੀਆਂ ਲੰਬੀਆਂ ਪਤਲੀਆਂ ਉਂਗਲੀਆਂ ਨਾਲ ਢਕ ਲਈਆਂ। ਸ਼ਾਨਦਾਰ ਸਿਲਕੀ ਰੁਮਾਲ ਨਾਲ ਉਸਨੇ ਆਪਣੇ ਝੂਠੇ ਹੰਝੂ ਪੂੰਝ ਦਿੱਤੇ। ਅਸੀਂ ਵਿਦਾਇਗੀ ਲੈਣ ਲਈ ਉੱਠ ਖੜ੍ਹੇ। ਨਾ ਤਾਂ ਫਰਾਂਸ ਦੇ ਸਮਾਜਵਾਦੀਆਂ ਤੋਂ ਕੋਈ ਆਸ ਰੱਖੀ ਜਾ ਸਕਦੀ ਸੀ ਨਾ ਸਰਕਾਰ ਤੋਂ। ਮਾਰਸੀਲਿਨੋ ਡੋਮਿੰਗੋ-ਨੇ ਮੇਰੇ ਵੱਲ ਖ਼ਾਮੋਸ਼ੀ ਨਾਲ ਦੇਖਿਆ। ਮੈਂ ਉਸਦਾ ਭਾਵ ਸਮਝ ਗਈ।

ਸਾਡੀ ਟਾਕਰਾ ਲਹਿਰ ਦਾ ਪ੍ਰਚਾਰ ਕਰਨ ਦੇ ਬਿਹਤਰੀਨ ਕੰਮ ਨੂੰ ਨੇਪਰੇ ਚਾੜ੍ਹਨ ਦੀ ਕੋਸ਼ਿਸ਼ 'ਚ ਅਸੀਂ ਬਰੁਸਲਜ਼ ਦਾ ਦੌਰਾ ਕਰਨ ਦਾ ਫ਼ੈਸਲਾ ਕੀਤਾ, ਜਿੱਥੇ ਘੱਟੋ-ਘੱਟ ਸਾਨੂੰ ਆਸ ਸੀ ਕਿ ਸਾਡੀ ਲੜਾਈ ਦੀ ਹਮਾਇਤ ਕਰਨ ਵਾਲੀ ਸਮਾਜਵਾਦੀ ਪਾਰਟੀ ਤੋਂ ਸਾਨੂੰ ਮਦਦ ਮਿਲ ਜਾਵੇਗੀ। ਅਸੀਂ ਬਹੁਤ ਜ਼ਿਆਦਾ ਭੋਲੇ-ਭਾਲੇ ਸਾਂ, ਸਾਨੂੰ ਨਹੀਂ ਸੀ ਪਤਾ ਬੈਲਜੀਅਮ ਦੀ ਸਮਾਜਵਾਦੀ ਪਾਰਟੀ ਦੇ ਆਗੂ ਕਿੰਨੇ ਢੌਂਗੀ ਸਨ।

ਅਸੀਂ ਸਪੇਨ ਦੀ ਸਰਕਾਰ ਵੱਲੋਂ ਅਧਿਕਾਰਤ ਪ੍ਰਤੀਨਿੱਧੀ-ਮੰਡਲ ਵਜੋਂ ਗਏ ਸਾਂ। ਪਰ, ਉਫ਼! ਇਹ ਭੂਤਨੇ ਸਮਾਜਵਾਦੀ, ਬੈਲਜੀਅਮ ਦੇ ਨਿਰੰਕੁਸ਼ਵਾਦ ਅਤੇ ਬੁਰਜੂਆਜ਼ੀ ਦੇ ਇਹ ਚਾਕਰ! ਗਣਰਾਜੀ ਸਰਕਾਰ ਸਪੇਨੀ ਲੋਕਾਂ ਦੀ ਨੁਮਾਇੰਦਗੀ ਕਰਦੀ ਸੀ, ਇਹ ਸਾਧਾਰਣ ਲੋਕਾਂ ਦੀ ਸਰਕਾਰ ਸੀ, ਇਸ ਕੋਲ ਪ੍ਰਸਿੱਧ ਕਾਰਪੋਰੇਸ਼ਨਾਂ ਦੇ ਵਕੀਲ ਨਹੀਂ ਸਨ, ਭੌਂਇ ਰਾਠਸ਼ਾਹੀ ਦੇ ਨੁਮਾਇੰਦੇ ਨਹੀਂ ਸਨ। ਰਾਠਸ਼ਾਹੀ ਫਰਾਂਕੋ ਵਾਲੇ ਪਾਸੇ ਸੀ, ਇਵੇਂ ਵੱਡੀ ਬੁਰਜੂਆਜ਼ੀ, ਚਰਚ, ਹਿਟਲਰ ਅਤੇ ਮੁਸੋਲਿਨੀ, ਤੇਲ ਕੰਪਨੀਆਂ ਵਾਲੇ ਧਨਾਢ, ਬਰਤਾਨਵੀ ਅਤੇ ਅਮਰੀਕਣ

ਸਨ। ਸਾਡੀ ਨਿਮਾਣਿਆਂ ਦੀ ਕੀ ਔਕਾਤ ਸੀ, ਜਿਨ੍ਹਾਂ ਨੇ ਫ਼ਾਸ਼ੀਵਾਦ ਵੱਲੋਂ ਲੋਕਾਂ ਦੀਆਂ ਗੋਡਣੀਆਂ ਲਵਾਉਣ ਅਤੇ ਯੂਰਪ ਨੂੰ ਹਿਟਲਰ ਦੇ ਸੁਪਨਿਆਂ ਦੀ ਸੱਤਾ ਬਣਾਉਣ ਦੇ ਯਤਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਕੇ ਵੱਡੀਆਂ ਤਾਕਤਾਂ ਦਾ ਗੁੱਸਾ ਸਹੇੜਨ ਦੀ ਜ਼ੁਅਰਤ ਕੀਤੀ ਸੀ।

ਬੈਲਜੀਅਮ ਦੇ ਸਮਾਜਵਾਦੀਆਂ ਨੇ ਸਾਡਾ ਨਿਮਰਤਾਪੂਰਵਕ ਤੇ ਠੰਢਾ ਸਵਾਗਤ ਕੀਤਾ ਜਿਸਤੋਂ ਇਹ ਸਾਫ਼ ਹੋ ਗਿਆ ਕਿ ਉਨ੍ਹਾਂ ਦੇ ਦੇਸ਼ 'ਚ ਸਾਡੇ ਲਈ ਕੁਝ ਨਹੀਂ ਸੀ ਰੱਖਿਆ।

ਫਿਰ ਵੀ, ਉਨ੍ਹਾਂ ਨੇ ਬੈਲਜੀਅਮ ਦੀ ਮਜ਼ਦੂਰ ਜਮਾਤ ਦੀਆਂ ਭਾਵਨਾਵਾਂ ਦੀ ਸ਼ਰੇਆਮ ਖਿੱਲੀ ਉਡਾਉਣ ਦੀ ਹਿੰਮਤ ਨਹੀਂ ਕੀਤੀ, ਜੋ ਸੱਚੇ ਦਿਲੋਂ ਸਪੇਨੀ ਲੋਕਾਂ ਦੇ ਨਾਲ ਸੀ।ਆਲਮੀ ਅਮਨ ਲਈ ਸੰਮੇਲਨ ਦੀ ਸਮਾਪਤੀ 'ਤੇ ਇਕ ਵੱਡਾ ਇਕੱਠ ਬਰੁਸਲਜ਼ ਸਟੇਡੀਅਮ 'ਚ ਜਥੇਬੰਦ ਕੀਤਾ ਗਿਆ। ਸਾਨੂੰ ਸ਼ਾਮਲ ਹੋਣ ਦਾ ਸੱਦਾ ਆਇਆ, ਅਤੇ ਸਾਡੇ ਇਕ ਕਮੇਟੀ ਮੈਂਬਰ ਨੂੰ ਬੋਲਣ ਲਈ ਕਿਹਾ ਗਿਆ।ਬੈਲਜੀਅਮ ਦੀ ਸਮਾਜਵਾਦੀ ਪਾਰਟੀ ਦਾ ਇਕ ਤਕੜਾ ਪ੍ਰਤੀਨਿਧੀ-ਮੰਡਲ, ਧਰਮ ਪ੍ਰਚਾਰਕ ਵੈਨਡੇਰਵੇਲਡੇ ਦੀ ਅਗਵਾਈ ਹੇਠ, ਇਸ 'ਚ ਸ਼ਾਮਲ ਹੋਇਆ।

ਕਹਾਵਤ ਹੈ ਇਕ ਚੁੱਪ ਸੌ ਸੁੱਖ। ਇਕੱਠ ਤੋਂ ਕੁਝ ਪਲ ਪਹਿਲਾਂ ਬੈਲਜੀਅਮ 'ਚ ਇਹੀ ਜਤਲਾਇਆ ਗਿਆ।ਜਦੋਂ ਸਟੇਡੀਅਮ ਸਰੋਤਿਆਂ ਨਾਲ ਖਚਾਖਚ ਭਰ ਗਿਆ, ਸਤਿਕਾਰਯੋਗ ਸਮਾਜਵਾਦੀ ਧਰਮ ਪ੍ਰਚਾਰਕ ਨੇ, ਆਪਣਾ ਸੁਣਨ ਯੰਤਰ ਸਾਡਾ ਜਵਾਬ ਸੁਣਨ ਲਈ ਥਾਂ ਸਿਰ ਕਰਦਿਆਂ, ਸਾਨੂੰ ਸੁਣਾਉਣੀ ਕੀਤੀ ਕਿ ਉਸ ਰਾਤ ਸਾਡਾ ਤਕਰੀਰ ਕਰਨਾ ਫ਼ਾਇਦੇਮੰਦ ਨਹੀਂ ਹੋਵੇਗਾ, "ਕਿਉਂਕਿ ਸਾਡੀ ਖ਼ਾਮੋਸ਼ੀ ਸਾਡੇ ਸ਼ਬਦਾਂ ਨਾਲੋਂ ਕਿਤੇ ਵਧੇਰੇ ਅਸਰਕਾਰੀ ਹੋਵੇਗੀ।"

ਮਾਰਸੀਲਿਨੋ, ਜਿਸਨੇ ਬੋਲਣਾ ਸੀ, ਨੂੰ ਸੁੱਝੇ ਕੁਝ ਨਾ ਕਿ ਐਸੇ ਗਜ਼ਬਨਾਕ ਕਥਨ ਦਾ ਕੀ ਜਵਾਬ ਦੇਵੇ। ਸਾਡੀ ਜੱਦੋਜਹਿਦ ਨੂੰ ਬੁੱਢੇ ਟੱਟੂ ਨੇ ਚੰਗਾ ਦੁਲੱਤਾ ਠੋਕਿਆ ਸੀ। ਇਹ ਸ਼ਾਇਦ ਆਖ਼ਰੀ ਨੇਕ ਕੋਸ਼ਿਸ਼ ਸੀ ਜੋ ਵੈਨਡੇਰਵੇਲਡੇ ਬੈਲਜੀਅਮ ਪਿਛਾਖੜ ਦੇ ਪੱਖ 'ਚ ਕਰ ਰਿਹਾ ਹੋਵੇਗਾ।

ਇਕੱਠ ਤੋਂ ਬਾਦ, ਧਰਮ ਪ੍ਰਚਾਰਕ ਨੇ ਸਾਨੂੰ ਆਪਣੇ ਮਿੱਤਰਾਂ ਨਾਲ ਆਪਣੇ ਠਾਠਦਾਰ ਘਰ 'ਚ ਚਾਹ ਪੀਣ ਦਾ ਸੱਦਾ ਦਿੱਤਾ, ਜਿੱਥੇ ਇਕ ਤਕੜੀ ਸਮਾਜਿਕ ਗ਼ਲਤੀ ਹੋ ਗਈ।ਅਸੀਂ ਉਸ ਨਾਲੋਂ ਚਾਲੀ ਸਾਲ ਛੋਟੀ ਉਸਦੀ ਪਤਨੀ ਨੂੰ ਉਸਦੀ ਧੀ ਸਮਝਕੇ ਨਮਸਕਾਰ ਕੀਤਾ।ਅਤੇ ਉਸਦੀ ਸੱਸ ਨੂੰ ਉਸਦੀ ਪਤਨੀ ਸਮਝਕੇ ਨਮਸਤੇ ਕਹਿ ਬੈਠੇ। ਜਦੋਂ ਮੈਨੂੰ ਇਹ ਘਚੋਲਾ ਚੇਤੇ ਆਉਂਦਾ ਹੈ ਤਾਂ ਹਾਲੇ ਵੀ ਹਾਸਾ ਆ ਜਾਂਦਾ ਹੈ।

"ਨਹੀਂ, ਨਹੀਂ ਇਹ ਮੇਰੀ ਪਤਨੀ ਹੈ! ਉਹ ਮੇਰੀ ਸੱਸ ਹੈ।" ਉਸ ਨੇ ਸਪਸ਼ਟ ਕੀਤਾ।

ਕਿਉਂਕਿ ਫਰਾਂਸੀਸੀ ਭਾਸ਼ਾ ਬਾਰੇ ਸਾਡਾ ਗਿਆਨ ਮੁੱਢਲੇ ਤੋਂ ਵੀ ਘੱਟ ਸੀ, ਭਾਵੇਂ ਕਿ ਸਾਡੇ ਪ੍ਰਤੀਨਿਧੀ-ਮੰਡਲ 'ਚ ਇਕ ਯੂਨੀਵਰਸਿਟੀ ਦਾ ਪ੍ਰੋਫੈਸਰ, ਇਕ ਅਧਿਆਪਕ ਅਤੇ ਇਕ ਵਕੀਲ ਸਨ, ਵੈਨਡੇਰਵੇਲਡੇ ਦੀ ਪਤਨੀ ਨੇ ਦੁਭਾਸ਼ੀਏ ਦਾ ਕੰਮ ਕੀਤਾ ਉਸਨੇ ਕਈ ਸਾਲ ਅਰਜਨਟਾਈਨਾ 'ਚ ਗੁਜ਼ਾਰੇ ਸਨ, ਜਿੱਥੇ ਉਸਨੇ ਸਪੇਨੀ ਭਾਸ਼ਾ ਸਿੱਖ ਲਈ ਸੀ।ਉਹ ਬਹੁਤ ਹੀ ਨਿੱਘੇ ਸੁਭਾਅ ਦੀ ਅਤੇ ਸਾਡੇ ਪ੍ਰਤੀ ਬਹੁਤ ਹੀ ਸਨੇਹੀ ਸੀ, ਸ਼ਾਇਦ ਉਹ ਆਪਣੇ ਪਤੀ ਦੇ ਵਤੀਰੇ ਦੀ ਕਸਰ ਪੂਰੀ ਕਰ ਰਹੀ ਸੀ।

ਬੈਲਜੀਅਮ ਤੋਂ ਕੂਚ ਕਰਨ ਤੋਂ ਪਹਿਲਾਂ, ਫਰਾਂਸ ਦੀ ਕਮਿਊਨਿਸਟ ਪਾਰਟੀ ਨੇ ਮੈਨੂੰ ਦੱਸਿਆ ਕਿ ਵਿਸੈਂਟੇ ਯੂਰਾਈਬ ਨੇ ਮੈਨੂੰ ਇਤਲਾਹ ਦੇਣ ਲਈ ਮੈਡਰਿਡ ਤੋਂ ਫ਼ੋਨ ਕੀਤਾ ਸੀ ਕਿ ਲਾਰਗੋ ਕੈਬਾਲਿਰੋ ਦੀ ਅਗਵਾਈ 'ਚ ਨਵੀਂ ਸਰਕਾਰ ਬਣਾਈ ਗਈ ਸੀ। ਨਵੀਂ ਵਜ਼ਾਰਤ 'ਚ

ਕਮਿਊਨਿਸਟ ਪਾਰਟੀ ਦੇ ਦੋ ਮੰਤਰੀ ਸਨ। ਮੈਨੂੰ ਮਹਿਸੂਸ ਹੋ ਗਿਆ ਕਿ ਜੇ ਸਾਡੇ ਸਾਥੀਆਂ ਨੂੰ ਸਰਕਾਰ 'ਚ ਸ਼ਾਮਲ ਹੋਣ ਲਈ ਸਹਿਮਤ ਹੋਣਾ ਪਿਆ ਸੀ ਤਾਂ ਹਾਲਤ ਕਿੰਨੀ ਮਾੜੀ ਹੋਵੇਗੀ। ਇਸ ਬੇਚੈਨੀ 'ਚ, ਮੈਂ ਪ੍ਰਤੀਨਿਧੀ-ਮੰਡਲ ਨੂੰ ਦੌਰਾ ਸਮਾਪਤ ਕਰ ਦੇਣ ਲਈ ਪ੍ਰੇਰਤ ਕੀਤਾ। ਉਨ੍ਹਾਂ ਨੇ ਸਪੇਨ ਨੂੰ ਛੱਡਕੇ ਹੋਰ ਸਾਰੇ ਥਾਈਂ—ਇੰਗਲੈਂਡ, ਨਿਊਜ਼ੀਲੈਂਡ, ਅਮਰੀਕਾ—ਜਾਣ ਲਈ ਜ਼ੋਰ ਪਾਇਆ।

ਆਖ਼ਿਰ, ਇਕ ਸਵੇਰ ਮੈਂ ਉਨ੍ਹਾਂ ਨੂੰ ਅਲਵਿਦਾ ਆਖਕੇ ਇਕੱਲੀ ਮੈਡਰਿਡ ਮੁੜ ਆਈ। ਕੁਝ ਦਿਨਾਂ ਮਗਰੋਂ ਸਲਮੈਰੋਨ ਵਾਪਸ ਆ ਗਿਆ। ਲਾਰਾ ਪੈਰਿਸ 'ਚ ਰਹਿ ਪਿਆ। ਮਾਰਸੀਲਿਨੋ ਡੋਮਿੰਗੋ ਅਤੇ ਰਿਕੈਸੇਨਜ਼ ਸਿਚੇਸ ਅਮਰੀਕਾ ਚਲੇ ਗਏ। ਡੋਮਿੰਗੋ ਸਪੇਨ ਦਾ ਸੁਪਨਾ ਸੰਜੋਈ ਜਲਾਵਤਨੀ 'ਚ ਹੀ ਜਹਾਨੋਂ ਕੂਚ ਕਰ ਗਿਆ।

[30]

## ਕਮਿਊਨਿਸਟ ਸਰਕਾਰ 'ਚ ਸ਼ਾਮਲ ਕਿਉਂ ਹੋਏ

ਫਾਸ਼ੀਵਾਦੀ ਫ਼ੌਜੀ ਬਗ਼ਾਵਤ ਤੋਂ ਪਹਿਲਾਂ ਅਤੇ ਪਿੱਛੋਂ ਸਪੇਨ ਦੀਆਂ ਘਟਨਾਵਾਂ ਬਾਰੇ ਬਹੁਤ ਸਾਰੇ ਝੂਠ ਘੜੇ ਗਏ ਹਨ; ਵਾਰ ਵਾਰ ਦੁਹਰਾਏ ਜਾਣ ਨਾਲ ਝੂਠ ਵੀ ਅਕਸਰ ਸੱਚ ਮੰਨ ਲਏ ਜਾਂਦੇ ਹਨ।

ਕੀ ਸਤੰਬਰ 1936 ਦੇ ਸ਼ੁਰੂ 'ਚ ਕਮਿਊਨਿਸਟ ਪਾਰਟੀ ਲਾਰਗੋ ਕੈਬਾਲਿਰੋ ਸਰਕਾਰ 'ਚ ਸ਼ਾਮਲ ਹੋਣਾ ਚਾਹੁੰਦੀ ਸੀ?

ਬਿਲਕੁਲ ਨਹੀਂ। ਫਰਵਰੀ 1936 ਦੀਆਂ ਚੋਣਾਂ 'ਚ ਲੋਕ-ਮੁਹਾਜ਼ ਦੀ ਜਿੱਤ ਦੇ ਸਮੇਂ ਪਾਰਟੀ ਸਰਕਾਰ ਬਣਾਉਣ ਦੇ ਪੱਖ 'ਚ ਸੀ ਜਿਸ ਵਿਚ ਲੋਕ ਮੁਹਾਜ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ; ਬਗ਼ਾਵਤ ਉੱਠਣ ਤੋਂ ਬਾਦ, ਕਮਿਊਨਿਸਟਾਂ ਦੀਆਂ ਕੁਲ ਕੋਸ਼ਿਸ਼ਾਂ ਗਣਰਾਜੀ ਸਰਕਾਰ ਦੀ ਹਮਾਇਤ ਕਰਨ ਅਤੇ ਇਸ ਦੇ ਦੁਸ਼ਮਣਾਂ ਦੀਆਂ ਸਿਆਸੀ ਚਾਲਾਂ ਨੂੰ ਠੱਲ ਪਾਉਣ ਵੱਲ ਸੇਧਤ ਸਨ।

ਕਮਿਊਨਿਸਟ ਪਾਰਟੀ ਵੱਲੋਂ ਲਈ ਪੁਜ਼ੀਸ਼ਨ ਸਮਾਜਵਾਦੀ ਪਾਰਟੀ ਦੀ ਪੁਜ਼ੀਸ਼ਨ ਨਾਲੋਂ ਮੂਲ ਤੌਰ 'ਤੇ ਵੱਖਰੀ ਸੀ। ਲੋਕ ਮੁਹਾਜ਼ ਦੀ ਜਿੱਤ ਤੋਂ ਬਾਦ, ਲਾਰਗੋ ਕੈਬਾਲਿਰੋ ਦੀ ਅਗਵਾਈ ਹੇਠ, ਜਿਸ ਨੇ 1933 'ਚ ਗਣਰਾਜਵਾਦੀਆਂ ਵੱਲੋਂ ਸਮਾਜਵਾਦੀਆਂ ਨੂੰ ਦਬੱਲ ਦੇਣ ਲਈ ਕਦੇ ਮਾਫ਼ ਨਹੀਂ ਕੀਤਾ, ਸਮਾਜਵਾਦੀਆਂ ਨੇ ਲੋਕ ਮੁਹਾਜ਼ ਦੀ ਸਰਕਾਰ ਬਣਾਏ ਜਾਣ ਦਾ ਵਿਰੋਧ ਕੀਤਾ। ਲਾਰਗੋ ਨੂੰ ਆਸ ਸੀ ਕਿ ਗਣਰਾਜੀ ਸਰਕਾਰ ਸਫ਼ਲ ਨਹੀਂ ਹੋਵੇਗੀ—ਜੇ ਮਜ਼ਦੂਰ ਜਮਾਤ ਦੀਆਂ ਵੱਖ-ਵੱਖ ਪਾਰਟੀਆਂ ਦੀ ਹਮਾਇਤ ਦੀ ਘਾਟ ਹੁੰਦੀ ਤਾਂ ਇਸਦੀ ਸੱਚੀਉਂ ਕਾਫ਼ੀ ਸੰਭਾਵਨਾ ਸੀ—ਅਤੇ ਰਾਸ਼ਟਰਪਤੀ ਸਮਾਜਵਾਦੀਆਂ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦੇਵੇਗਾ।

ਗਣਰਾਜਵਾਦੀਆਂ ਦੀ ਹਾਰ 'ਚੋਂ ਸਮਾਜਵਾਦੀ ਪਾਰਟੀ ਨੂੰ ਬੁਨਿਆਦੀ ਤੌਰ 'ਤੇ ਇਕ ਸਮਾਜਵਾਦੀ ਸਰਕਾਰ ਜਾਂ ਸਮਾਜਵਾਦੀਆਂ ਦੀ ਬਹੁ-ਗਿਣਤੀ ਤਹਿਤ, ਸਮਾਜਵਾਦੀਆਂ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਦਾ ਸੁਪਨਾ ਸਾਕਾਰ ਹੋਣ ਦੀ ਆਸ ਬੱਝਦੀ ਸੀ। ਜੰਗ ਦੇ ਸ਼ੁਰੂ 'ਚ, ਸਤੰਬਰ 1936 'ਚ ਇਹੋ ਵਾਪਰ ਗਿਆ। ਸਮਾਜਵਾਦੀਆਂ ਨੇ ਰਾਸ਼ਟਰਪਤੀ ਨੂੰ ਧਮਕਾਕੇ ਖ਼ੁਦ ਹੀ ਇਹ ਮੁੱਦਾ ਧੱਕੇ ਨਾਲ ਥੋਪ ਦਿੱਤਾ: "ਜਾਂ ਤਾਂ ਤੁਸੀਂ ਸਮਾਜਵਾਦੀ ਪਾਰਟੀ ਨੂੰ ਨਵੀਂ ਸਰਕਾਰ ਬਣਾਉਣ ਲਈ ਆਖੋ ਨਹੀਂ ਤਾਂ ਸਮਾਜਵਾਦੀ ਇਸ ਲੋਕ ਮੁਹਾਜ਼ 'ਚੋਂ ਬਾਹਰ ਨਿੱਕਲ ਜਾਣਗੇ।"

ਸਮਾਜਵਾਦੀਆਂ ਦੇ ਫ਼ੈਸਲੇ ਦੇ ਬਾਵਜੂਦ, ਕਮਿਊਨਿਸਟ ਪਾਰਟੀ ਸਰਕਾਰ ਦੀ ਅਥਾਰਟੀ ਨੂੰ ਹਮਾਇਤ ਦੇਣ ਦੀ ਆਪਣੀ ਪੁਜੀਸ਼ਨ 'ਤੇ ਦ੍ਰਿੜ ਰਹੀ; ਇਸ ਨੇ ਕਾਰਵਾਈ ਦੇ ਸਾਰੇ ਅਖ਼ਤਿਆਰ ਇਸ ਦੇ ਹੱਥ ਦੇ ਦਿੱਤੇ। ਤਾਂ ਕਿ ਕੰਮ ਦਾ ਦੁਹਰਾਅ ਨਾ ਹੋਵੇ ਅਤੇ ਵਸੀਲੇ ਅਜਾਈਂ ਨਾ ਜਾਣ। ਉਸ ਹਾਲਤ 'ਚ ਅਜਿਹਾ ਲਾਜ਼ਮੀ ਹੋਣਾ ਸੀ ਜਦੋਂ ਹਰੇਕ ਜਥੇਬੰਦੀ ਅਤੇ ਪਾਰਟੀ ਆਪਣੇ ਆਪ 'ਚ ਹੀ ਛੋਟੀ ਸਰਕਾਰ ਵਾਂਗ ਕੰਮ ਕਰ ਰਹੀ ਸੀ।

ਸਮਾਜਵਾਦੀ ਆਗੂਆਂ ਵੱਲੋਂ ਪੈਦਾ ਕੀਤੀ ਦੋਚਿਤੀ ਨੂੰ ਦੂਰ ਕਰਨ ਲਈ, ਅਤੇ ਇੱਥੋਂ ਤੱਕ ਕਿ ਗਣਰਾਜਵਾਦੀ ਖ਼ੇਮੇ ਦੇ ਅੰਦਰੋਂ ਪਾਟੋਧਾੜ ਦਾ ਕੋਈ ਸੰਕੇਤ ਨਾ ਜਾਵੇ ਇਸ ਤੋਂ ਬਚਣ ਲਈ, ਕਮਿਊਨਿਸਟਾਂ ਨੇ ਬੇਦਿਲੀ ਨਾਲ ਸਰਕਾਰ 'ਚ ਸ਼ਾਮਲ ਹੋਣਾ ਮੰਨ ਲਿਆ। ਨਾਲ ਹੀ, ਉਹ ਹਮਾਇਤ ਦੇ ਨਾਕਾਬਿਲ ਪੁਜ਼ੀਸ਼ਨਾਂ ਅਤੇ ਬੇਤੁਕੀਆਂ ਧਾਰਨਾਵਾਂ ਦੇ ਖ਼ਿਲਾਫ਼ ਲੜਾਈ ਦਿੰਦੇ ਰਹੇ ਜੋ ਗਣਰਾਜ ਨੂੰ ਵੱਡਾ ਨੁਕਸਾਨ ਪਹੁੰਚਾ ਰਹੀਆਂ ਸਨ ਅਤੇ ਟਾਕਰਾ ਲਹਿਰ ਨੂੰ ਚੱਲਦਾ ਰੱਖਣ 'ਚ ਬੇਹੱਦ ਮੁਸ਼ਕਲਾਂ ਖੜ੍ਹੀਆਂ ਕਰ ਰਹੀਆਂ ਸਨ।

ਮਿਸਾਲ ਵਜੋਂ, ਇਹ ਤੱਥ ਕਿ ਬਾਗ਼ੀਆਂ ਦੀ ਮੈਡਰਿਡ 'ਤੇ ਚੜ੍ਹਾਈ ਨੂੰ ਮਿਲੀਸ਼ੀਆ ਵੱਲੋਂ ਰੋਕ ਦੇਣ ਤੋਂ ਕਈ ਲੋਕਾਂ, ਖ਼ੁਦ ਲਾਰਗੋ ਕੈਬਾਲਿਰੋ ਸਮੇਤ, ਨੇ ਇਹ ਸਿੱਟਾ ਕੱਢ ਲਿਆ ਕਿ ਗਣਰਾਜ ਦੀ ਫ਼ੌਜ ਦੀ ਕੋਈ ਲੋੜ ਨਹੀਂ ਰਹੀ। ਉਨ੍ਹਾਂ ਨੇ ਇਸ ਤੱਥ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਕਿ ਇਹ ਸਿਰਫ਼ ਮਿਲੀਸ਼ੀਆ ਵਾਲਿਆਂ ਦੀ ਬਹਾਦਰੀ ਕਰਕੇ ਹੀ ਨਹੀਂ ਸੀ ਸਗੋਂ ਉਸ ਮੌਕੇ ਦੁਸ਼ਮਣ ਦੀਆਂ ਕਮਜ਼ੋਰੀਆਂ ਕਰਕੇ ਵੀ ਹੋਇਆ ਸੀ। ਉਹ ਬਾਕਾਇਦਾ ਫ਼ੌਜ ਦੀ ਜਥੇਬੰਦੀ ਬਣਾਈ ਰੱਖਣ (ਹਾਲਾਂਕਿ ਅਧਿਕਾਰਤ ਤੌਰ 'ਤੇ ਇਸ ਦੀ ਸਥਾਪਨਾ ਕਰਨ ਦਾ ਅਧਿਕਾਰ ਦਿੰਦਾ ਐਲਾਨ ਮੌਜੂਦ ਸੀ) ਦਾ ਵਿਰੋਧ ਐਸੀਆਂ ਦਲੀਲਾਂ ਦੇ ਕੇ ਕਰਨ ਲੱਗੇ ਜੋ ਸਿਰੇ ਦੀਆਂ ਸਿੱਧਰੀਆਂ ਸਨ, ਜਿਵੇਂ ਇਹ ਕਿ ਸਪੇਨ ਤਾਂ ਛਾਪਾਮਾਰਾਂ ਦੀ ਕੌਮ ਸੀ; ਕਿ ਛਾਪਾਮਾਰ ਅਤੇ ਮਿਲੀਸ਼ੀਆ ਵਾਲੇ ਹੀ ਬਾਗ਼ੀ ਫ਼ੌਜ ਨੂੰ ਮਾਤ ਦੇ ਸਕਦੇ ਸਨ ਕਿ ਇਸ ਲਈ ਬਾਕਾਇਦਾ ਫ਼ੌਜ ਦੀ ਲੋੜ ਨਹੀਂ, ਓਦੋਂ ਵੀ ਇਹੀ ਸੋਚ ਸੀ ਜਦੋਂ ਬਾਗ਼ੀ ਫ਼ੌਜ ਕੋਲ ਇਤਾਲਵੀ ਫ਼ੌਜੀ ਟੁਕੜੀਆਂ ਅਤੇ ਜਰਮਨ ਤਕਨੀਕੀ ਮਾਹਰਾਂ ਅਤੇ ਸਾਜ਼ੋ-ਸਮਾਨ ਦੀਆਂ ਕੁਮਕਾਂ ਪਹੁੰਚ ਚੁੱਕੀਆਂ ਸਨ।

ਹਮਲੇ ਦੀ ਹਾਲਤ 'ਚ, ਛਾਪਾਮਾਰ, ਕੌਮੀ ਫ਼ੌਜ ਦੀ ਸਹਾਇਤਾ ਨਾਲ ਅਹਿਮ ਭੂਮਿਕਾ ਨਿਭਾ ਸਕਦੇ ਹਨ, ਬੇਸ਼ੱਕ ਇਹ ਫ਼ੈਸਲਾਕੁੰਨ ਨਹੀਂ ਹੋਣੀ ਸੀ। ਸਪੇਨ ਦੇ 1936 ਦੇ ਹਾਲਾਤ ਅੰਦਰ, ਇਸ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਅਣਸਰਦੀ ਲੋੜ ਆਪਣੀਆਂ ਲੜਾਕੂ ਤਾਕਤਾਂ ਨੂੰ ਜਥੇਬੰਦ ਕਰਨ ਦੀ ਅਤੇ ਬਾਕਾਇਦਾ ਫ਼ੌਜ ਉਸਾਰਨ ਦੀ ਸੀ।

ਮੁਹਾਜ਼ ਉੱਪਰ ਇ ਦਿਨ ਦਾ ਅਨੁਭਵ ਹੀ ਹਰ ਕਿਸੇ ਨੂੰ ਬਾਕਾਇਦਾ ਫ਼ੌਜ ਦੀ ਲੋੜ ਬਾਰੇ ਕਾਇਲ ਕਰਨ ਲਈ ਕਾਫ਼ੀ ਸੀ। ਹਰੇਕ ਮਿਲੀਸ਼ੀਆ ਵਾਲੇ, ਹਰੇਕ ਗਣਰਾਜੀ ਸਿਪਾਹੀ ਨੂੰ

ਜਦੋਂ ਇਹ ਲੱਗਦਾ ਕਿ ਇਹ ਮੋਰਚਾ ਟਾਕਰੇ ਵਾਸਤੇ ਸਭ ਤੋਂ ਲਾਹੇਵੰਦਾ ਸੀ ਤਾਂ ਉਹ ਡਟਿਆ ਰਹਿੰਦਾ, ਅਤੇ ਜਦੋਂ ਇਹ ਲੱਗਦਾ ਕਿ ਇਹ ਜਗ੍ਹਾ ਬਿਹਤਰੀਨ ਨਹੀਂ, ਜਾਂ ਜਦੋਂ ਗੋਲੀ-ਸਿੱਕਾ ਮੁੱਕ ਜਾਂਦਾ, ਜਾਂ ਜਦੋਂ ਉਹ ਦੁਸ਼ਮਣ ਦੀਆਂ ਗੋਲੀਆਂ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਜਾਂਦਾ, ਤਾਂ ਇਸ ਨੂੰ ਛੱਡ ਦਿੰਦਾ।

ਫ਼ੌਜ ਉਸਾਰਨ ਦਾ ਵਿਰੋਧ ਕਰਨ ਵਾਲੇ ਇਹ ਦੇਖਣ ਤੋਂ ਇਨਕਾਰੀ ਸਨ ਕਿ ਤਜ਼ਰਬੇਕਾਰ ਕਮਾਂਡਰਾਂ ਅਤੇ ਤਕਨੀਕੀ ਸਮਾਨ ਦੀ ਘਾਟ ਕਾਰਣ ਕੱਚਘਰੜ ਮਿਲੀਸ਼ੀਆ ਟੁਕੜੀਆਂ ਲੜਨ ਦੇ ਕਾਬਲ ਨਹੀਂ ਸੀ ਰਹਿੰਦੀਆਂ। ਉਨ੍ਹਾਂ ਦਾ ਸਿਦਕ ਤੇ ਬਹਾਦਰੀ ਹੀ ਉਨ੍ਹਾਂ ਨੂੰ ਦੁਸ਼ਮਣ ਦੇ ਮਾਰੂ ਹਮਲਿਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਣ ਲਈ ਕਾਫ਼ੀ ਨਹੀਂ ਸੀ। ਥੋੜ੍ਹਾ ਥੋੜ੍ਹਾ ਕਰਕੇ ਉਹ ਕਬਜ਼ੇ ਵਾਲਾ ਇਲਾਕਾ ਅਤੇ ਆਪਣੀਆਂ ਥਾਵਾਂ ਛੱਡਦੇ ਜਾ ਰਹੇ ਸਨ। ਲੜਾਈ ਦੇ ਪਹਿਲੇ ਹਫ਼ਤਿਆਂ 'ਚ ਗਣਰਾਜਵਾਦੀਆਂ ਦੀ ਕਾਮਯਾਬੀ ਨੇ ਫ਼ੌਜ ਦੀ ਜ਼ਰੂਰਤ ਫੈਸਲਾਕੁੰਨ ਤੌਰ 'ਤੇ ਦਰਸਾ ਦਿੱਤੀ ਸੀ, ਕਿਉਂਕਿ "ਚਮਤਕਾਰ" ਸਦਾ ਨਹੀਂ ਸੀ ਵਾਪਰ ਸਕਦੇ, ਖ਼ਾਸ ਤੌਰ 'ਤੇ ਐਸੇ ਦੁਸ਼ਮਣ ਨਾਲ ਲੜਾਈ 'ਚ ਜਿਸ ਨੂੰ ਨਵੀਆਂ ਨਵੀਆਂ ਫ਼ੌਜੀ ਟੁਕੜੀਆਂ ਅਤੇ ਸਪਲਾਈ ਮਿਲਦੀ ਰਹੇਗੀ।

ਕਮਿਊਨਿਸਟ ਪਾਰਟੀ ਦੀ ਸ਼ਮੂਲੀਅਤ ਨਾਲ, ਸਤੰਬਰ 1936 'ਚ ਨਵੀਂ ਸਰਕਾਰ ਬਣਾਏ ਜਾਣ ਦਾ ਲੋਕਾਂ ਨੇ, ਵਿਸ਼ੇਸ਼ ਤੌਰ 'ਤੇ ਲੜਾਕੂਆਂ ਨੇ ਉਤਸ਼ਾਹ ਨਾਲ ਸਵਾਗਤ ਕੀਤਾ। ਕਮਿਊਨਿਸਟ ਪਾਰਟੀ ਦੇ ਸ਼ਾਮਲ ਹੋਣ ਨੂੰ ਉਨ੍ਹਾਂ ਨੇ ਇਸ ਜ਼ਾਮਨੀ ਵਜੋਂ ਦੇਖਿਆ ਕਿ ਉਨ੍ਹਾਂ ਦੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ।

ਲਾਰਗੋ ਕੈਬਾਲਿਰੋ ਸਰਕਾਰ ਨੇ ਜਨਤਾ 'ਚ ਵੱਡੀਆਂ ਇਛਾਵਾਂ ਜਗਾ ਦਿੱਤੀਆਂ ਸਨ। ਕੀ ਇਹ ਭੁਲੇਖੇ ਭਰੀਆਂ ਸਨ ?

ਹਾਲਤ ਆਏ ਦਿਨ ਹੋਰ ਤਣਾਅਪੂਰਨ ਬਣਦੀ ਗਈ। ਬਦਾਜੋਜ਼ ਦੁਸ਼ਮਣ ਦੇ ਕਬਜ਼ੇ 'ਚ ਚਲਾ ਗਿਆ ਸੀ, ਅਤੇ ਬਾਗ਼ੀ ਕਰਨਲ ਯੋਗ ਦੀ ਕਮਾਨ ਹੇਠ ਤਲਾਵੇਰਾ ਵੱਲ ਵਧ ਰਹੇ ਸਨ। ਉਨ੍ਹਾਂ ਨੂੰ ਮਿਲੀਸ਼ੀਆ ਦੇ ਬਹੁਤ ਹੀ ਥੋੜ੍ਹੇ ਟਾਕਰੇ ਦਾ ਸਾਹਮਣਾ ਕਰਨਾ ਪਿਆ, ਦੁਸ਼ਮਣ ਦੀ ਤਕਨੀਕੀ ਤੇ ਫ਼ੌਜੀ ਉੱਤਮਤਾ ਦੇ ਸਾਹਮਣੇ ਲੋੜੀਂਦੇ ਹਥਿਆਰਾਂ ਦੀ ਘਾਟ ਨੇ ਉਨ੍ਹਾਂ ਦੇ ਹੌਸਲੇ ਪਸਤ ਕਰ ਦਿੱਤੇ ਸਨ।

ਗਿਰਾਲ ਸਰਕਾਰ ਅਧੀਨ, ਮਿਲੀਸ਼ੀਆ ਨੇ ਬਾਗ਼ੀਆਂ, ਜਦੋਂ ਉਹ ਅਲਟੋ ਡੀ ਲਿਓਨ, ਸੋਮੋਸਿਆਰਾ ਅਤੇ ਨਵਾਸਿਰਾਡਾ ਵਿਚੋਂ ਦੀ ਅੱਗੇ ਵਧ ਰਹੇ ਸਨ, ਦੇ ਉੱਤਰ ਦਿਸ਼ਾ ਵੱਲੋਂ ਰਾਜਧਾਨੀ ਵੱਲ ਕੂਚ ਨੂੰ ਰੋਕ ਦਿੱਤਾ ਸੀ। ਹੁਣ ਲਾਰਗੋ ਕੈਬਾਲਿਰੋ ਸਰਕਾਰ ਨੂੰ ਦੱਖਣ ਵੱਲੋਂ ਦੁਸ਼ਮਣ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ ਸੀ। ਇਸ ਵਾਰ ਤਾਜ਼ਾ ਦਮ ਅਤੇ ਤਜ਼ਰਬੇਕਾਰ ਫ਼ੌਜੀ ਟੁਕੜੀਆਂ ਨਾਲ ਲੈਸ ਦੁਸ਼ਮਣ ਦੀ ਤਿਆਰੀ ਪਹਿਲਾਂ ਨਾਲੋਂ ਬਿਹਤਰ ਸੀ, ਪੁਰਤਗਾਲ ਦੀ ਮਦਦ ਨਾਲ ਜਿੱਤੀਆਂ ਬਦਾਜੋਜ਼ ਅਤੇ ਮੇਰਿਡਾ ਦੀਆਂ ਜਿੱਤਾਂ ਕਰਕੇ ਉਸ ਦੇ ਹੌਸਲੇ ਬੁਲੰਦ ਸਨ।

ਤਲਾਵੇਰਾ ਦੇ ਟਾਕਰੇ ਨੂੰ ਕੁਚਲਕੇ ਦੁਸ਼ਮਣ ਓਰੋਪੇਸਾ ਦੀਆਂ ਸੜਕਾਂ ਉੱਤੋਂ ਦੀ ਅੱਗੇ ਵਧਦਾ ਗਿਆ। ਉਨ੍ਹਾਂ ਨੇ ਇਕ ਗਿਰਜਾਘਰ ਨੂੰ ਘੇਰ ਲਿਆ, ਜਿੱਥੇ ਐਂਡਰੀਸ ਮਾਰਟਿਨ ਦੀ ਅਗਵਾਈ 'ਚ, ਯੂਨਾਈਟਿਡ ਸਮਾਜਵਾਦੀ ਨੌਜਵਾਨ ਮਿਲੀਸ਼ੀਆ ਵਾਲੇ ਆਖ਼ਰੀ ਬੰਦੇ ਦੇ

ਜ਼ਿੰਦਾ ਰਹਿਣ ਤੱਕ ਡਟੇ ਰਹੇ, ਜਿਨ੍ਹਾਂ ਨੇ ਗਿਰਜਾਘਰ ਅਤੇ ਇਸ ਦੇ ਗੁੰਬਦ ਨੂੰ ਆਪਣੀ ਬਹਾਦਰੀ ਅਤੇ ਗਣਰਾਜ ਪ੍ਰਤੀ ਵਫ਼ਾਦਾਰੀ ਦਾ ਮੁਜੱਸਮਾ ਬਣਾ ਦਿੱਤਾ।

ਤਲਾਵੇਰਾ ਅਤੇ ਓਰੋਪੇਸਾ ਸ਼ਹਿਰਾਂ ਦੇ ਖੁਸ ਜਾਣ ਦੇ ਕਾਰਣ ਹਾਲਤ ਪਹਿਲਾਂ ਹੀ ਖਰਾਬ ਸੀ, ਟੋਲੇਡੋ ਦੀ ਹਾਲਤ ਮਾੜੀ ਹੋਣ ਨਾਲ ਇਹ ਹੋਰ ਵਿਗੜ ਗਈ। ਜਦੋਂ ਬਾਗ਼ੀਆਂ ਨੇ ਦੇਖਿਆ ਕਿ ਉਹ ਲੋਕਾਂ ਦੇ ਹਮਲੇ ਦਾ ਮੁਕਾਬਲਾ ਨਹੀਂ ਕਰ ਸਕਦੇ, ਉਨ੍ਹਾਂ ਨੇ ਸੈਂਕੜੇ ਵਿਅਕਤੀਆਂ ਨੂੰ ਬੰਧਕ ਬਣਾਕੇ, ਅਲਕਾਜ਼ਰ 'ਚ ਪਨਾਹ ਲੈ ਲਈ, ਇਨ੍ਹਾਂ 'ਚ ਬਹੁਤੇ ਔਰਤਾਂ ਤੇ ਬੱਚੇ ਸਨ।

ਗਣਰਾਜੀ ਸਰਕਾਰ ਨੇ ਬੰਧਕਾਂ ਦੀ ਮਹਿਫੂਜ਼ ਰਿਹਾਈ ਕਰਾਉਣ ਲਈ ਇਸ ਸੁਰੱਖਿਅਤ ਥਾਂ 'ਚ ਛੁਪੇ ਬਾਗ਼ੀਆਂ ਨਾਲ ਗੱਲਬਾਤ ਚਲਾਉਣ ਦਾ ਇਕਰਾਰ ਕੀਤਾ। ਕਰਨਲ ਮੌਸਕਾਰਡੋ, ਜਿਸ ਕੋਲ ਅਲਕਾਜ਼ਰ ਦੀ ਕਮਾਨ ਸੀ, ਨੇ ਕਿਸੇ ਨੂੰ ਵੀ ਕਿਲ੍ਹੇ 'ਚੋਂ ਬਾਹਰ ਨਹੀਂ ਜਾਣ ਦਿੱਤਾ। ਉਹ ਗੱਲਬਾਤ ਸ਼ੁਰੂ ਕਰਨ ਤੋਂ ਦੇਰ ਕਰਦਾ ਰਿਹਾ ਤਾਂ ਜੋ ਉਸ ਦੀ ਮਿੱਤਰ ਤਾਕਤ ਨੂੰ ਪਹੁੰਚਣ ਦਾ ਅਤੇ ਉਸ ਨੂੰ ਛੁਡਾਉਣ ਦਾ ਮੌਕਾ ਮਿਲ ਜਾਵੇ। ਅਲਕਾਜ਼ਰ ਦਾ ਕਬਜ਼ਾ ਖ਼ਤਮ ਕਰਾਉਣ ਦੀ ਕੋਸ਼ਿਸ਼ 'ਚ ਗਣਰਾਜੀ ਸਰਕਾਰ ਵੱਲੋਂ ਕਰਨਲ ਮੌਸਕਾਰਡੋ ਦੇ ਪੁੱਤਰ ਨੂੰ ਇਸਤੇਮਾਲ ਕੀਤਾ ਗਿਆ; ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਕੈਦੀ ਬਣਾਇਆ ਗਿਆ ਸੀ। ਹੋਰ ਯਤਨਾਂ ਦੇ ਵਾਂਗ ਇਹ ਵੀ ਸਫ਼ਲ ਨਾ ਹੋਇਆ।

ਮੌਸਕਾਰਡੋ ਦੇ ਪੁੱਤਰ ਨਾਲ ਕੀ ਵਾਪਰਿਆ ? ਉਸ ਨੂੰ ਕਿਸ ਨੇ ਗ੍ਰਿਫ਼ਤਾਰ ਕੀਤਾ ? ਉਸ ਨੂੰ ਲਾਪਤਾ ਕਰਨ ਲਈ ਕੌਣ ਜ਼ਿੰਮੇਵਾਰ ਸੀ ? ਇਨ੍ਹਾਂ ਸਵਾਲਾਂ ਦੇ ਜਵਾਬ ਓਦੋਂ ਸਪਸ਼ਟ ਨਹੀਂ ਸਨ ਅਤੇ ਹਾਲੇ ਤੱਕ ਵੀ ਰਹੱਸ ਬਣੇ ਹੋਏ ਹਨ। ਹੋਰ ਮੌਕਿਆਂ ਵਾਂਗ, ਹੋਰਨਾਂ ਦੀਆਂ ਕਰਤੂਤਾਂ ਦਾ ਦੋਸ਼ ਕਮਿਊਨਿਸਟਾਂ ਸਿਰ ਮੜ੍ਹਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਹਾਲਾਂਕਿ ਕਮਿਊਨਿਸਟ ਇਨਕਲਾਬੀ ਹਨ, ਨਾ ਕਿ ਮੁਜਰਮ।

ਐੱਫ.ਏ.ਆਈ. ਮਿਲੀਸ਼ੀਆ ਅਲਕਾਜ਼ਰ ਵਿਚ ਬਾਗ਼ੀਆਂ ਦੇ ਵਿਰੋਧ ਨੂੰ ਖ਼ਤਮ ਕਰਨ ਦੀ ਬਜਾਏ ਟੋਲੈਡੋ ਵਿਚ "ਡੇਰਾ" ਲਾਕੇ ਬੈਠੀ ਸੀ। ਟੋਲੈਡੋ ਦੀਆਂ ਨਿਰਾਲੀਆਂ ਯਾਦਗਾਰਾਂ ਅਤੇ ਇਮਾਰਤਾਂ ਉੱਪਰ ਝੂਲਦੇ ਕਾਲੇ-ਲਾਲ ਝੰਡਿਆਂ ਹੇਠ ਅਰਾਜਕਤਾਵਾਦੀਆਂ ਨੇ ਅਖੌਤੀ ਇੱਛਾ ਦੀ ਆਜ਼ਾਦੀ ਦਾ ਕਮਿਊਨਿਜ਼ਮ ਅਮਲ 'ਚ ਲਿਆਕੇ ਸ਼ਹਿਰ ਨੂੰ ਸੋਡਮ ਅਤੇ ਗੋਮੋਰਹਾ ਵਿਚਕਾਰ ਆਡੇ ਰੁਖ ਵੰਡ ਦਿੱਤਾ ਸੀ। ਇਹ ਕਮਿਊਨਿਜ਼ਮ ਪੇਸ਼ ਕਰਕੇ ਅਰਾਜਕਤਾਵਾਦੀਆਂ ਨੇ ਸਪੇਨ ਦੇ ਮਜ਼ਦੂਰਾਂ ਨੂੰ ਭਵਿੱਖੀ "ਆਦਰਸ਼ਕ" ਸਮਾਜ ਦਾ 'ਅਗਾਊਂ ਅਨੁਭਵ' ਕਰਾ ਦਿੱਤਾ ਸੀ।

ਸਤੰਬਰ ਦੇ ਅੱਧ 'ਚ, ਟੋਲੈਡੋ ਦੀ ਹਾਲਤ ਨਾਜ਼ਕ ਹੋ ਗਈ ਸੀ। ਰਾਜਧਾਨੀ ਦੇ ਐਨ ਨੇੜੇ, ਟੋਲੈਡੋ ਦਾ ਹੱਥੋਂ ਨਿੱਕਲਣਾ ਉਸ ਮੌਕੇ ਗਣਰਾਜ ਨੂੰ ਪਈਆਂ ਸਭ ਤੋਂ ਬੱਜਰ ਸੱਟਾਂ ਵਿਚੋਂ ਇਕ ਸੀ।

ਕਮਿਊਨਿਸਟ ਪਾਰਟੀ ਦੀ ਤਰਫ਼ੋਂ, ਜੋਸ ਡਿਆਜ਼ ਅਤੇ ਐਨਰਿਕ ਲਿਸਟਰ ਨੇ ਲਾਰਗੋ ਕੈਬਾਲਿਰੋ ਨੂੰ ਇਸ ਇਤਿਹਾਸਕ ਸ਼ਹਿਰ ਦੀ ਰਾਖੀ ਪੰਜਵੀਂ ਰੈਜੀਮੈਂਟ ਦੇ ਹਵਾਲੇ ਕਰਨ ਦਾ ਹੁਕਮ ਦੇਣ ਲਈ ਕਿਹਾ ਤਾਂ ਜੋ ਉੱਥੇ ਅਰਾਜਕਤਾਵਾਦੀਆਂ ਵੱਲੋਂ ਬਣਾਈ ਹਾਲਤ ਨੂੰ ਖ਼ਤਮ ਕੀਤਾ ਜਾ ਸਕੇ ਅਤੇ ਮੈਡਰਿਡ ਨੂੰ ਉਸ ਖ਼ਤਰੇ ਤੋਂ ਬਚਾਇਆ ਜਾ ਸਕੇ ਜੋ ਟੋਲੈਡੋ ਦੇ ਹੱਥੋਂ ਜਾਣ ਕਰਕੇ ਪੈਦਾ ਹੋਣਾ ਸੀ।

ਲਾਰਗੋ ਨੇ ਸਪਸ਼ਟ ਨਾਂਹ ਕਰ ਦਿੱਤੀ। ਸਿਰਫ਼ ਓੜਕ ਨੂੰ, ਜਦੋਂ ਦੁਸ਼ਮਣ ਟੋਲੈਡੋ ਦੀਆਂ ਬਰੂਹਾਂ 'ਤੇ ਸੀ ਅਤੇ ਇਹ ਸ਼ਹਿਰ ਗਣਰਾਜ ਦੇ ਹੱਥੋਂ ਨਿਕਲ ਗਿਆ ਸੀ, ਓਦੋਂ ਹੀ ਪੰਜਵੀਂ ਰੈਜੀਮੈਂਟ ਦੀਆਂ ਕੁਝ ਤਾਕਤਾਂ ਨੂੰ ਭੇਜਿਆ ਗਿਆ। ਉਨ੍ਹਾਂ ਦਾ ਪਹਿਲਾ ਸਰੋਕਾਰ ਜ਼ਖ਼ਮੀਆਂ ਨੂੰ ਸੰਭਾਲਣ ਦਾ ਸੀ। ਆਵਾਜਾਈ ਦਾ ਕੋਈ ਸਾਧਨ ਹਾਸਲ ਨਹੀਂ ਸੀ। ਐੱਫ.ਏ.ਆਈ. ਦੇ 'ਸੂਰਮੇ' ਦੁਸ਼ਮਣ ਤੋਂ ਬਚਕੇ ਨਿੱਕਲਣ ਸਮੇਂ ਸਾਰੀਆਂ ਕਾਰਾਂ ਅਤੇ ਟਰੱਕ ਨਾਲ ਹੀ ਲੈ ਗਏ ਸਨ।

ਜਿਹੜਾ ਵੀ ਆਵਾਜਾਈ ਦਾ ਸਾਧਨ ਮਿਲਿਆ, ਉਸ ਰਾਹੀਂ ਸੈਂਕੜੇ ਜ਼ਖ਼ਮੀਆਂ ਨੂੰ ਟੋਲੈਡੋ ਤੋਂ ਲੇਵਾਂਤੇ ਅਤੇ ਹੋਰ ਸੂਬਿਆਂ 'ਚ ਲਿਜਾਇਆ ਗਿਆ। ਇਨ੍ਹਾਂ ਨੂੰ ਪਹਿਲਾਂ ਹੋਰ ਥਾਵਾਂ ਤੋਂ ਇੱਥੇ ਲਿਆਂਦਾ ਗਿਆ ਸੀ। ਇਨ੍ਹਾਂ ਹਾਲਤਾਂ 'ਚ, ਬਹੁਤ ਜ਼ਿਆਦਾ ਗੰਭੀਰ ਜ਼ਖ਼ਮੀਆਂ ਨੂੰ ਲਿਜਾਇਆ ਨਹੀਂ ਸੀ ਜਾ ਸਕਦਾ। ਆਵਾਜਾਈ ਦੇ ਲੋੜੀਂਦੇ ਸਾਧਨਾਂ ਦਾ ਵਾਅਦਾ ਜ਼ਰੂਰ ਕੀਤਾ ਗਿਆ ਪਰ ਪਹੁੰਚੇ ਕਦੇ ਨਹੀਂ।

ਜਦੋਂ ਮੋਰੱਕੋ ਦੀ ਫ਼ੌਜ ਥੋੜ੍ਹਾ ਬਾਦ 'ਚ ਟੋਲੈਡੋ ਅੰਦਰ ਦਾਖ਼ਲ ਹੋਈ, ਤਾਂ ਇਸ ਨੇ ਸਾਰੇ ਜ਼ਖ਼ਮੀਆਂ ਅਤੇ ਮੈਡੀਕਲ ਅਮਲੇ ਨੂੰ ਛੁਰੇ ਮਾਰਕੇ ਕਤਲ ਕਰ ਦਿੱਤਾ। ਟੋਲੈਡੋ ਨੂੰ ਉਸ ਵਕਤ ਹੌਲਨਾਕ ਅਤੇ ਖ਼ੂਨ-ਖਰਾਬੇ ਦੇ ਦਿਨ ਦੇਖਣੇ ਪਏ, ਜਦੋਂ ਮਨੁੱਖੀ ਵਹਿਸ਼ਤ ਸਭ ਹੱਦਾਂ ਬੰਨੇ ਟੱਪ ਗਈ ਸੀ। ਅਲਕਾਜ਼ਰ ਵਿਚਲੇ ਬਾਗ਼ੀ ਹਫ਼ਤਿਆਂ ਬੱਧੀ ਘੇਰਾਬੰਦੀ ਦੇ ਸੰਤਾਪ ਅਤੇ ਖ਼ੌਫ਼ ਤੋਂ ਆਜ਼ਾਦ ਹੋਏ ਸਨ। ਉਨ੍ਹਾਂ ਨੇ ਆਪਣੀ ਹਾਰ ਦਾ ਗੁੱਸਾ ਜੰਗ ਦੇ ਪਹਿਲੇ ਦਿਨਾਂ 'ਚ ਨਿਹੱਥੀ ਵਸੋਂ ਦਾ ਖ਼ੂਨ ਵਹਾਕੇ ਕੱਢਿਆ।

ਜਮਹੂਰੀ ਇਨਕਲਾਬ ਦੇ ਬੁਨਿਆਦੀ ਮਸਲਿਆਂ ਬਾਰੇ ਪੁਰਾਣੇ ਮੱਤਭੇਦ ਜੰਗ ਦੇ ਸੇਕ 'ਚ ਢੈਲ਼ੇ ਪੈ ਗਏ। ਜਦੋਂ ਨਵੀਂ ਸਰਕਾਰ ਨੇ ਕੰਮ ਕਰਨਾ ਸ਼ੁਰੂ ਕੀਤਾ ਸੀ ਤਾਂ ਜਗੀਰੂ ਅਤੇ ਜਮਹੂਰੀ ਸਪੇਨ ਵਿਚਕਾਰ ਸਦੀਆਂ ਪੁਰਾਣਾ ਟਕਰਾਅ ਹੱਲ ਹੋਣ ਦਾ ਅਮਲ ਚੱਲ ਰਿਹਾ ਸੀ।

ਜੇ ਲਾਰਗੋ ਕੈਬਾਲਿਰੋ ਦੀ ਅਗਵਾਈ ਵਾਲੀ ਲੋਕ ਮੁਹਾਜ਼ ਸਰਕਾਰ, ਜਿਸ 'ਚ ਕਮਿਊਨਿਸਟ ਸ਼ਾਮਲ ਸਨ, ਦੀਆਂ ਪ੍ਰਾਪਤੀਆਂ 1931 'ਚ ਪੂਰੀ ਤਰ੍ਹਾਂ ਸਾਕਾਰ ਹੋ ਜਾਂਦੀਆਂ ਤਾਂ ਫਾਸ਼ੀਵਾਦੀ ਬਗ਼ਾਵਤ ਕਦੇ ਵੀ ਨਹੀਂ ਸੀ ਹੋਣੀ।

ਬਾਸਕ ਦੇਸ਼ ਨੂੰ ਖ਼ੁਦਮੁਖਤਿਆਰੀ ਦੇ ਦਿੱਤੀ ਗਈ ਸੀ। ਪਹਿਲੀ ਵਾਰ, ਯੁਜਕਾਡੀ 'ਚ ਬਾਸਕਾਂ ਦੀ ਆਪਣੀ ਸਰਕਾਰ ਬਣੀ ਸੀ। ਅਤੇ ਨਾਲ ਹੀ ਰਵਾਇਤੀ ਅਤੇ ਸਮਝੌਤਾਰਹਿਤ ਸਪੇਨ 'ਚ ਪਹਿਲੀ ਵਾਰ, ਬਾਸਕ ਕੌਮਪ੍ਰਸਤਾਂ ਵਰਗੀਆਂ ਕੈਥੋਲਿਕ ਤਾਕਤਾਂ ਨੇ ਐਸੀ ਸਰਕਾਰ ਬਣਾਉਣ ਲਈ ਖੱਬੇਪੱਖੀ ਤੱਤਾਂ ਨਾਲ ਸਾਂਝ ਪਾਈ ਸੀ ਜਿਹੜੀ ਕੌਮਪ੍ਰਸਤਾਂ ਦੀ ਅਗਵਾਈ 'ਚ ਗਣਰਾਜਵਾਦੀਆਂ ਅਤੇ ਕਮਿਊਨਿਸਟਾਂ ਦੀ ਸ਼ਮੂਲੀਅਤ ਨਾਲ ਬਣੀ ਸੀ।

ਭਾਵੇਂ ਬਾਸਕ ਲੋਕਾਂ ਦੀਆਂ ਸਾਰੀਆਂ ਕੌਮੀ ਸਿਆਸੀ ਰੀਝਾਂ ਪੂਰੀਆਂ ਨਹੀਂ ਸੀ ਹੋਈਆਂ, ਫਿਰ ਵੀ ਯੁਜਕਾਡੀ ਨੂੰ ਖ਼ੁਦਮੁਖਤਿਆਰੀ ਦੇਣਾ ਹੀ ਇਸ ਦਿਸ਼ਾ 'ਚ ਵੱਡਾ ਕਦਮ ਸੀ। ਇਸ ਨਾਲ ਗਣਰਾਜ ਲਈ ਬਾਸਕ ਲੋਕਾਂ ਦੀ ਹਮਾਇਤ, ਅਤੇ ਨਾਲ ਹੀ ਗਣਰਾਜ ਦੀਆਂ ਜੰਗੀ ਲੋੜਾਂ ਲਈ ਇਸ ਦੇ ਲੋਹੇ ਅਤੇ ਸਟੀਲ ਦਾ ਯੋਗਦਾਨ ਯਕੀਨੀ ਬਣ ਗਿਆ ਸੀ।

ਸਪੇਨ ਦੇ ਸਭ ਤੋਂ ਅਹਿਮ ਮਸਲਿਆਂ ਵਿਚੋਂ ਇਕ ਸੀ ਜ਼ਮੀਨ ਦਾ ਮਸਲਾ, ਜਿਸ ਨੂੰ 1931 ਅਤੇ 1933 'ਚ ਬਣੀਆਂ ਪਹਿਲੀਆਂ ਗਣਰਾਜੀ ਸਰਕਾਰਾਂ ਹੱਲ ਕਰਨ 'ਚ ਅਸਫ਼ਲ ਰਹੀਆਂ ਸਨ। ਅਜਿਹੇ ਜ਼ਰੱਈ ਸੁਧਾਰ ਜ਼ਰੂਰੀ ਸਨ, ਜਿਨ੍ਹਾਂ ਨਾਲ ਵੱਡੀਆਂ ਜਗੀਰੂ ਮਿਲਖਾਂ

ਖ਼ਤਮ ਹੋ ਜਾਣੀਆਂ ਸਨ ਅਤੇ ਜ਼ਮੀਨ ਕਾਸ਼ਤਕਾਰਾਂ ਨੂੰ ਦੇ ਦਿੱਤੀ ਜਾਣੀ ਸੀ। ਇਨ੍ਹਾਂ ਨੇ ਦੇਸ਼ ਦੀ ਅੰਨ ਦੀ ਸਪਲਾਈ ਯਕੀਨੀ ਬਣਾ ਦੇਣੀ ਸੀ ਅਤੇ ਘਰੇਲੂ ਮੰਡੀ ਲਈ ਪੱਕਾ ਠੋਸ ਅਧਾਰ ਉੱਸਰ ਜਾਣਾ ਸੀ।

ਲਾਰਗੋ ਕੈਬਾਲਿਰੋ ਸਰਕਾਰ ਦੇ ਕੰਮ ਕਾਜ ਸੰਭਾਲਦੇ ਸਾਰ, ਮੰਤਰੀ-ਮੰਡਲ ਦੀ ਮੀਟਿੰਗ 'ਚ ਵਿਸੈਂਟੇ ਯੂਰਾਈਬ ਨੇ ਕਿਸਾਨੀ ਅਤੇ ਦੇਸ਼ ਦੀਆਂ ਲੋੜਾਂ ਨੂੰ ਅਧਾਰ ਬਣਾਕੇ ਇਕ ਤਜਵੀਜ਼ ਪੇਸ਼ ਕੀਤੀ। ਮੰਤਰੀ ਮੰਡਲ ਦੇ ਅੰਦਰੋਂ ਕਮਿਊਨਿਸਟ ਮੰਤਰੀ ਦੀ ਤਜਵੀਜ਼ ਦੇ ਜ਼ਬਰਦਸਤ ਵਿਰੋਧ ਕਰਕੇ ਅਸੀਂ ਅਸਲ ਯੋਜਨਾ 'ਚ ਸੋਧ ਕਰਨ ਲਈ ਮਜਬੂਰ ਹੋ ਗਏ। ਪਰ ਇਸ ਰੂਪ 'ਚ ਵੀ ਇਹ ਸਪੇਨ ਦੇ ਜ਼ਰੱਈ ਮਸਲੇ ਦੇ ਹੱਲ ਪੱਖੋਂ ਇਕ ਵੱਡੀ ਜਮਹੂਰੀ ਅਤੇ ਇਨਕਲਾਬੀ ਪੇਸ਼ਕਦਮੀ ਬਣਦੀ ਸੀ।

ਫਾਸ਼ੀਵਾਦੀ ਸਾਜ਼ਿਸ਼ 'ਚ ਸ਼ਾਮਲ ਵੱਡੇ ਭੋਂਇ ਸਰਦਾਰਾਂ ਦੀ ਜ਼ਮੀਨ ਦੀ ਵਰਤੋਂ ਦੇ ਸਥਾਈ ਹੱਕ ਜ਼ਰੱਈ ਸੁਧਾਰਾਂ ਨਾਲ ਕਿਸਾਨਾਂ ਨੂੰ ਮਿਲ ਗਏ। ਨਾਲ ਹੀ, ਸਿੱਖਿਆ ਮੰਤਰੀ ਨੇ ਜੋ ਤਜਵੀਜ਼ ਪੇਸ਼ ਕੀਤੀ, ਉਸ ਨਾਲ ਮਜ਼ਦੂਰਾਂ ਲਈ ਸਿੱਖਿਆ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਖੋਲ੍ਹੀਆਂ ਜਾਣੀਆਂ ਸਨ। ਇਸ ਪ੍ਰੋਗਰਾਮ ਤਹਿਤ, ਸਰਕਾਰ ਨੇ ਮਜ਼ਦੂਰਾਂ ਨੂੰ ਆਪਣੀ ਪੜ੍ਹਾਈ ਦਾ ਮਾਲੀ ਇੰਤਜ਼ਾਮ ਕਰਨ 'ਚ ਸਹਾਇਤਾ ਕੀਤੀ।

ਇਨ੍ਹਾਂ ਕਦਮਾਂ ਨੂੰ ਰਾਸ਼ਟਰਪਤੀ ਅਜ਼ਾਨਾ ਵੱਲੋਂ ਬਿਨਾਂ ਕਿਸੇ ਇਤਰਾਜ਼ ਦੇ ਮਨਜ਼ੂਰੀ ਦੇ ਦਿੱਤੀ ਗਈ। ਇਸ ਤੋਂ ਇਹ ਸਾਬਤ ਹੋ ਗਿਆ ਕਿ ਦੇਸ਼ ਦੇ ਸਿਆਸੀ ਅਤੇ ਆਰਥਕ ਢਾਂਚੇ ਅੰਦਰ ਤਿੱਖੇ ਸੁਧਾਰਾਂ ਦਾ ਜ਼ੋਰਦਾਰ ਵਿਰੋਧ ਕਰਨ ਵਾਲੇ ਵਿਅਕਤੀਆਂ ਦੇ ਖ਼ਿਆਲ ਵੀ ਵਿਕਸਤ ਹੋ ਜਾਂਦੇ ਤੇ ਬਦਲ ਜਾਂਦੇ ਹਨ ਜਦੋਂ ਜਨਤਾ ਦੀਆਂ ਮੰਗਾਂ ਦੀ ਆਵਾਜ਼ ਐਨੀ ਉੱਚੀ ਹੋਵੇ ਕਿ ਸੁਣਾਈ ਦਿੰਦੀ ਹੋਵੇ।

ਗਣਰਾਜ ਅਤੇ ਜਮਹੂਰੀਅਤ ਦੀ ਰਾਖੀ ਕਰਨ ਦੀ ਆਪਣੀ ਪੁਜ਼ੀਸ਼ਨ ਅਨੁਸਾਰ, ਕਮਿਊਨਿਸਟ ਪਾਰਟੀ ਨੇ ਟਰਾਟਸਕੀਵਾਦੀ ਅਤੇ ਐੱਫ. ਏ. ਆਈ. ਸੋਚ ਵਾਲੇ ਧੜਿਆਂ ਵੱਲੋਂ ਜੰਗ ਦੇ ਖ਼ਾਸੇ ਨੂੰ ਤੋੜ-ਮਰੋੜਕੇ ਪੇਸ਼ ਕਰਨ ਦਾ ਦ੍ਰਿੜਤਾ ਨਾਲ ਵਿਰੋਧ ਕੀਤਾ। ਪਾਰਟੀ ਨੇ ਕਿਸਾਨਾਂ ਦੀ ਹਮਾਇਤ ਨਾਲ, ਉਨ੍ਹਾਂ ਦੇ ਨਕਲੀ ਇਨਕਲਾਬੀ ਪ੍ਰਾਜੈਕਟਾਂ ਵਿਰੁੱਧ ਲੜਾਈ ਦਿੱਤੀ ਜਿਨ੍ਹਾਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਜਾਇਦਾਦਾਂ ਕਬਜ਼ੇ 'ਚ ਲੈ ਕੇ ਉਨ੍ਹਾਂ ਨੂੰ ਅਰਾਜਕਤਾਵਾਦੀ ਸਹਿਕਾਰੀ ਸਭਾਵਾਂ 'ਚ ਧੱਕੇ ਨਾਲ ਸ਼ਾਮਲ ਕਰ ਦਿੱਤਾ ਸੀ। ਕਮਿਊਨਿਸਟ ਪਾਰਟੀ ਦੀ ਤਜਵੀਜ਼ ਦੇ ਅਧਾਰ 'ਤੇ ਅਤੇ ਰਾਸ਼ਟਰਪਤੀ ਵੱਲੋਂ ਪ੍ਰਵਾਨਗੀ ਦਿੱਤੇ ਜ਼ਰੱਈ ਸੁਧਾਰ ਨੇ ਸਪੇਨ ਦੇ ਪੇਂਡੂ ਖੇਤਰ ' ਚ ਸਮੁੱਚੇ ਰੂਪ 'ਚ ਇਨਕਲਾਬੀ ਮਾਅਰਕੇਬਾਜ਼ੀ ਦੇ ਬੇਅਸੂਲੇ ਮੁਕਤੀ ਤਜ਼ਰਬਿਆਂ ਦੀਆਂ ਅਨੇਕਾਂ ਬੁਰਾਈਆਂ ਦਾ ਖ਼ਾਤਮਾ ਕਰ ਦਿੱਤਾ।

ਸਿੱਖਿਆ ਬਾਰੇ ਜੂਨੀਅਰ ਸਕੱਤਰ ਸਾਥੀ ਵੈਨ ਸੈਸਲਾਓ ਰੋਸਿਸ ਵਲੋਂ ਅਨਪੜ੍ਹਤਾ ਵਿਰੁੱਧ ਲੜਾਈ ਵਿੱਢੀ ਗਈ। ਮਿਲੀਸ਼ੀਆ ਦੇ ਵਾਲੰਟੀਅਰਾਂ ਨੇ ਆਪਣੀਆਂ ਬਟਾਲੀਅਨਾਂ ਅੰਦਰ ਅਨਪੜ੍ਹ ਕਿਸਾਨਾਂ ਨੂੰ ਪੜ੍ਹਨਾ-ਲਿਖਣਾ ਸਿਖਾਇਆ। ਛੋਟੇ ਕਾਰੋਬਾਰੀਆਂ ਦੀ ਰਾਖੀ ਕਰਨ ਅਤੇ ਅਰਾਜਕਤਾਵਾਦੀ "ਆਗੂਆਂ" ਵੱਲੋਂ ਥੋਪੀ ਕਰ-ਪ੍ਰਣਾਲੀ ਦਾ ਖ਼ਾਤਮਾ ਕਰਨ ਲਈ ਕਦਮ ਚੁੱਕੇ ਗਏ।

ਪਹਿਲੀ ਵਾਰ, ਅਤੇ ਆਮ ਪੱਧਰ 'ਤੇ, ਬੱਚਿਆਂ ਅਤੇ ਬੱਚੇ ਪਾਲਣ ਵਾਲੀਆਂ ਮਾਵਾਂ ਨੂੰ ਸਿਹਤ ਵਿਭਾਗ ਦੇ ਜੂਨੀਅਰ ਸਕੱਤਰ, ਸਾਥੀ ਜੂਆਨ ਪਲੈਨੇਲੀਸ ਵੱਲੋਂ ਤਿਆਰ ਕੀਤੇ ਪ੍ਰੋਗਰਾਮ

ਤਹਿਤ ਡਾਕਟਰੀ ਦੇਖਭਾਲ ਅਤੇ ਸੇਵਾਵਾਂ ਨਸੀਬ ਹੋਈਆਂ।

ਸਪੇਨੀ ਗਣਰਾਜ, ਜੋ ਜੰਗ ਦੀ ਸ਼ੁਰੂਆਤ ਸਮੇਂ ਬੁਰਜੂਆ ਜਮਹੂਰੀ ਗਣਰਾਜ ਸੀ, ਜੰਗ ਦੇ ਦੌਰਾਨ ਨਵੀਂ ਕਿਸਮ ਦੇ ਲੋਕ ਜਮਹੂਰੀ ਗਣਰਾਜ 'ਚ ਵਟ ਗਿਆ। ਨਿੱਜੀ ਜਾਇਦਾਦ ਬਰਕਰਾਰ ਰੱਖਦਿਆਂ, ਰਾਜ ਨੇ ਸਮੁੱਚੇ ਸਪੇਨ 'ਚ, ਬਾਸਕ ਦੇਸ਼ ਨੂੰ ਛੱਡਕੇ, ਵੱਡੀਆਂ ਸਨਅਤੀ ਕੰਪਨੀਆਂ, ਬੈਂਕਾਂ ਅਤੇ ਆਵਾਜਾਈ ਦਾ ਸੰਚਾਲਨ ਕਰਨ ਦੀ ਸੇਧ ਅਪਣਾਈ। ਇਸਨੇ ਫਰਾਂਕੋ ਦੇ ਹਮਾਇਤੀ ਵੱਡੇ ਭੋਂਇ ਸਰਦਾਰਾਂ ਦੀ ਜ਼ਮੀਨ ਜ਼ਬਤ ਕਰ ਲਈ ਅਤੇ ਰਾਜ ਦੀ ਸਹਾਇਤਾ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਵੈ-ਇੱਛਕ ਸਹਿਕਾਰੀ ਸਭਾਵਾਂ ਅਤੇ ਅਦਾਰੇ ਬਣਾ ਦਿੱਤੇ।

## [31]
## ਵਿਚਾਰਾਂ ਦੀ ਖੁੱਲ੍ਹ

ਆਪਣੀ ਸਿਆਸੀ ਪੁਜ਼ੀਸ਼ਨ ਅਤੇ ਜੰਗ ਬਾਰੇ ਆਪਣੇ ਸਟੈਂਡ ਅਨੁਸਾਰ, ਕਮਿਊਨਿਸਟ ਪਾਰਟੀ ਨੇ, ਜਿੱਥੋਂ ਤੱਕ ਸੰਭਵ ਸੀ, ਧਰਮ ਦੀ ਆਜ਼ਾਦੀ ਨੂੰ ਬੁਲੰਦ ਕੀਤਾ ਅਤੇ ਇਸ ਵਾਹਿਯਾਤ ਵਿਚਾਰ ਨੂੰ ਰੱਦ ਕੀਤਾ ਕਿ ਹਰੇਕ ਕੈਥੋਲਿਕ ਆਪਣੇ ਆਪ 'ਚ ਹੀ ਫਾਸ਼ੀਵਾਦੀ ਹੈ। ਇਸ ਤਰ੍ਹਾਂ, ਕਮਿਊਨਿਸਟ ਪਾਰਟੀ ਨੇ ਲੋਕਾਂ ਦੀ ਜ਼ਿੰਦਗੀ ਨੂੰ ਸਹਿਜ ਬਣਾਉਣ ਲਈ ਜੋ ਕਰ ਸਕਦੀ ਸੀ ਕੀਤਾ। ਭਾਵੇਂ ਕਿ ਇਸਨੂੰ ਪਾਖੰਡੀ ਟਰਾਟਸਕੀਵਾਦੀਆਂ ਅਤੇ ਐੱਫ. ਏ. ਆਈ. ਵਾਦੀਆਂ ਦੀ ਕਰੋਪੀ ਸਹੇੜਨੀ ਪਈ।

ਜੋ ਕੁਝ ਬਾਕੀ ਦੇ ਕਰਨ 'ਚ ਅਸਫਲ ਰਹੇ ਸਨ, ਪਾਰਟੀ ਨੇ ਉਹ ਕਰ ਦਿਖਾਇਆ। ਇਸਨੇ ਸਾਧਵੀਆਂ ਦੀ ਹਿਫ਼ਾਜ਼ਤ ਲਈ ਕੰਮ ਕੀਤਾ ਜੋ, ਇਕ ਜਾਂ ਦੂਜੇ ਕਾਰਣ, ਸਾਡੇ ਖੇਤਰ ਅੰਦਰ ਮੁਸ਼ਕਲਾਂ ਸਹਿ ਰਹੀਆਂ ਸਨ। ਮੈਡਰਿਡ ਦੀ ਔਰਤਾਂ ਦੀ ਜੇਲ੍ਹ ਵਿਚ ਸੌ ਤੋਂ ਵੱਧ ਸਾਧਵੀਆਂ ਸਨ, ਉਨ੍ਹਾਂ ਨੂੰ ਆਸਰਾ ਨਹੀਂ ਸੀ ਦਿੱਤਾ ਹੋਇਆ ਸਗੋਂ "ਕਬਜ਼ੇ 'ਚ" ਵੱਧ ਰੱਖਿਆ ਗਿਆ ਸੀ ਅਤੇ ਉਹ ਮੁਥਾਜਗੀ 'ਚ ਦਿਨ ਕੱਟ ਰਹੀਆਂ ਸਨ। ਉਨ੍ਹਾਂ ਨੂੰ ਆਸ਼ਰਮਾਂ ਤੋਂ ਜੇਲ੍ਹ ਲਿਆਂਦਾ ਗਿਆ ਸੀ। ਕੁਝ ਮਾਮਲਿਆਂ 'ਚ ਇਹ ਉਨ੍ਹਾਂ ਨੂੰ ਬੇਤਹਾਸ਼ਾ ਕਾਰਵਾਈਆਂ ਤੋਂ ਬਚਾਉਣ ਲਈ ਸੁਰੱਖਿਆ ਕਦਮ ਵਜੋਂ ਕੀਤਾ ਗਿਆ। ਆਸ਼ਰਮਾਂ ਨੂੰ ਰਾਜ ਜਾਂ ਲੋਕ ਮੁਹਾਜ਼ ਦੀਆਂ ਜਥੇਬੰਦੀਆਂ ਦੀ ਸੁਰੱਖਿਆ ਦੇਣ ਲਈ ਵੀ ਅਜਿਹਾ ਕੀਤਾ ਗਿਆ ਸੀ। ਆਮ ਤੌਰ 'ਤੇ, ਮੈਡਰਿਡ 'ਚ ਸਾਧਵੀਆਂ ਦੇ ਪਰਿਵਾਰ ਜਾਂ ਸਕੇ-ਸੰਬੰਧੀ ਨਹੀਂ ਸਨ, ਜਿਨ੍ਹਾਂ ਦੇ ਸਨ, ਉਹ ਉਨ੍ਹਾਂ ਨੂੰ ਆ ਕੇ ਛੁਡਾ ਲਿਜਾਣ ਦੀ ਹਾਲਤ 'ਚ ਨਹੀਂ ਸਨ। ਕਮਿਊਨਿਸਟਾਂ ਨੇ ਇਸ ਹਾਲਤ ਦਾ ਖ਼ਾਤਮਾ ਕਰਨ ਦੀ ਪਹਿਲਕਦਮੀ ਕੀਤੀ, ਇਨ੍ਹਾਂ ਔਰਤਾਂ ਨੂੰ ਆਮ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਗਿਆ ਜਿਸ 'ਚ ਉਹ ਆਪਣੇ ਧਾਰਮਿਕ ਕੰਮ ਕਰ ਸਕਦੀਆਂ ਸਨ।

ਪਾਰਟੀ ਆਗੂਆਂ ਨੇ ਇਹ ਕਾਰਜ ਮੈਨੂੰ ਸੌਂਪਣ ਦਾ ਫ਼ੈਸਲਾ ਕੀਤਾ। ਨਿਆਂ ਮੰਤਰਾਲੇ ਤੋਂ ਉਨ੍ਹਾਂ ਦੀ ਰਿਹਾਈ ਦੇ ਅਖ਼ਤਿਆਰ ਲੈ ਕੇ, ਮੈਂ ਜੇਲ੍ਹ ਗਈ। ਮੁਖ ਪ੍ਰਬੰਧਕ ਨੇ ਸਾਧਵੀਆਂ ਨਾਲ ਗੱਲ ਕਰਨ ਦੀ ਇਜਾਜ਼ਤ ਦੇ ਦਿੱਤੀ। ਉਹ ਇਕ ਵੱਡੇ ਕਮਰੇ 'ਚ ਇਕੱਠੀਆਂ ਬੈਠੀਆਂ ਸਨ।

ਜਦੋਂ ਮੈਂ ਦਰਵਾਜ਼ਾ ਲੰਘਕੇ ਉਨ੍ਹਾਂ ਸਾਹਮਣੇ ਗਈ ਤਾਂ ਉਨ੍ਹਾਂ ਨੇ ਮੈਨੂੰ ਨਵੀਂ ਕੈਦਣ ਸਮਝ ਲਿਆ। ਉਹ ਮੇਰੀ ਗ੍ਰਿਫ਼ਤਾਰੀ ਦਾ ਅਫ਼ਸੋਸ ਪ੍ਰਗਟਾਉਣ ਲੱਗ ਪਈਆਂ ਅਤੇ ਮੈਨੂੰ ਦਿਲਾਸਾ ਦੇਣ ਲੱਗੀਆਂ। ਮੈਂ ਸਹਿਜ ਨਾਲ ਉਨ੍ਹਾਂ ਨੂੰ ਦੱਸਿਆ ਕਿ ਮੈਂ ਕੋਈ ਕੈਦਣ ਨਹੀਂ। ਮੈਂ ਉਨ੍ਹਾਂ ਨੂੰ ਵੱਡੇ ਹਾਲ 'ਚ ਚੱਲਣ ਲਈ ਕਿਹਾ ਜਿੱਥੇ ਮੈਂ ਵੱਧ ਖੁੱਲ੍ਹਕੇ ਗੱਲਬਾਤ ਕਰ ਸਕਾਂ ਅਤੇ ਉਨ੍ਹਾਂ ਦੇ ਹਿੱਤ ਦੀ ਕੋਈ ਤਜਵੀਜ਼ ਦੱਸ ਸਕਾਂ। ਉਨ੍ਹਾਂ ਨੇ, ਬਹੁਤਾ ਖੁਸ਼ ਹੋ ਕੇ ਤਾਂ ਨਹੀਂ, ਪਰ ਮੇਰਾ ਕਹਿਣਾ ਮੰਨ ਲਿਆ, ਕਿਉਂਕਿ ਉਨ੍ਹਾਂ ਨੂੰ ਮੇਰੀ ਗੁਜ਼ਾਰਿਸ਼ ਅਜੀਬ ਲੱਗਦੀ ਹੋਵੇਗੀ। ਮੈਂ ਆਪਣਾ ਤੁਆਰਫ਼ ਕਰਾਇਆ। ਮੈਂ ਕਦੇ ਕਲਪਨਾ ਨਹੀਂ ਸੀ ਕੀਤੀ ਕਿ ਇਨ੍ਹਾਂ ਸਾਧਵੀਆਂ ਉੱਪਰ ਮੇਰੇ ਨਾਂਅ ਦਾ ਐਨਾ ਪ੍ਰਭਾਵ ਪਵੇਗਾ। ਇਨ੍ਹਾਂ ਬੇਚਾਰੀਆਂ ਨੂੰ ਇਹ ਜਚਾਉਣ ਲਈ ਕਿ ਉਨ੍ਹਾਂ ਦਾ ਆਖ਼ਰੀ ਸਮਾਂ ਆ ਗਿਆ ਹੈ, ਕਮਿਊਨਿਸਟਾਂ, ਖ਼ਾਸ ਕਰਕੇ ਮੇਰੇ ਬਾਰੇ ਕਿੰਨਾ ਭਾਰੀ ਝੂਠ ਬੋਲਿਆ ਗਿਆ ਸੀ।

ਉਨ੍ਹਾਂ ਨੂੰ ਸ਼ਾਂਤ ਕਰਦਿਆਂ, ਮੈਂ ਆਪਣੀਆਂ ਯੋਜਨਾਵਾਂ ਦੱਸੀਆਂ ਕਿ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਕਰਵਾਕੇ ਖਾਲੀ ਪਏ ਵੱਡੇ ਆਗਸਟਿਨ ਆਸ਼ਰਮ 'ਚ ਲਿਜਾਇਆ ਜਾਵੇਗਾ। ਉੱਥੇ ਹਰੇਕ ਮੱਤ ਆਪਣੀ ਆਜ਼ਾਦਾਨਾ ਹੈਸੀਅਤ ਬਰਕਰਾਰ ਰੱਖ ਸਕੇਗਾ, ਅਤੇ ਆਪੋ-ਆਪਣੀ ਰਹਿਤ-ਮਰਯਾਦਾ ਅਨੁਸਾਰ ਜੀਅ ਸਕੇਗਾ। ਜੇ ਸਾਧਵੀਆਂ ਚਾਹੁਣ, ਤਾਂ ਕਢਾਈ ਦਾ ਕੰਮ ਕਰ ਲੈਣ ਜਾਂ ਬਾਗ਼ੀਆਂ ਦੇ ਕਬਜ਼ੇ ਵਾਲੇ ਖੇਤਰਾਂ 'ਚੋਂ ਛੁਡਾਕੇ ਲਿਆਂਦੇ ਬੱਚਿਆਂ ਅਤੇ ਪਰਿਵਾਰਾਂ ਲਈ ਲੋੜੀਂਦੀਆਂ ਚੀਜ਼ਾਂ ਬਣਾ ਲਿਆ ਕਰਨ। ਸਰਕਾਰ ਦੀ ਮਦਦ ਨਾਲ ਅਸੀਂ ਉਨ੍ਹਾਂ ਨੂੰ ਖਾਣੇ ਤੇ ਸੁਰੱਖਿਆ ਦੀ ਜ਼ਾਮਨੀ ਦਿੱਤੀ। ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਤੋਂ ਬਚਾਉਣ ਲਈ ਆਸ਼ਰਮ 'ਚ ਚੌਕੀਦਾਰ ਰੱਖਿਆ ਜਾਵੇਗਾ।

ਉਹ ਲੰਮਾ ਸਮਾਂ ਜੱਕੋਤੱਕੀ 'ਚ ਪਈਆਂ ਰਹੀਆਂ, ਆਖ਼ਿਰ ਉਨ੍ਹਾਂ 'ਚੋਂ ਤਿੰਨ ਜਣੀਆਂ ਨੇ ਕਿਹਾ: "ਅਸੀਂ ਤੁਹਾਡੇ ਨਾਲ ਜਾਵਾਂਗੀਆਂ।"

ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਕੁਝ ਵੀ ਅਸੁਖਾਵਾਂ ਨਹੀਂ ਵਾਪਰੇਗਾ, ਅਤੇ ਅਸੀਂ ਜੇਲ੍ਹ ਤੋਂ ਚੱਲ ਪਈਆਂ। ਉਹ ਜੱਗ ਤੋਂ ਅਟੰਕ ਸਾਧਵੀਆਂ ਸਨ। ਆਸ਼ਰਮ 'ਚ ਦਾਖ਼ਲ ਹੋਣ ਦੇ ਸਮੇਂ ਤੋਂ ਲੈ ਕੇ, ਉਨ੍ਹਾਂ ਨੇ ਕਦੇ ਬਾਹਰਲੀ ਦੁਨੀਆਂ ਨਹੀਂ ਸੀ ਤੱਕੀ। ਹਰੇਕ ਚੀਜ਼ ਉਨ੍ਹਾਂ ਨੂੰ ਹੈਰਾਨ ਕਰਦੀ ਸੀ। ਜਦੋਂ ਅਸੀਂ ਮੈਡਰਿਡ ਵਿਚ ਦੀ ਲੰਘ ਰਹੇ ਸੀ, ਮੈਂ ਆਸੇ-ਪਾਸੇ ਦੀ ਹਰੇਕ ਚੀਜ਼ ਬਾਰੇ ਦੱਸਦੀ ਗਈ ਅਤੇ ਮੈਂ ਜੰਗ ਦੇ ਕਾਰਣਾਂ ਤੇ ਇਸ ਦਾ ਮੁੱਢ ਕਿਵੇਂ ਬੱਝਿਆ, ਇਸਦੀ ਵਿਆਖਿਆ ਕੀਤੀ ਜੋ ਸਾਡੇ ਦੇਸ਼ ਨੂੰ ਤਬਾਹ ਕਰ ਰਹੀ ਸੀ।

ਅਸੀਂ ਆਗਸਟਿਨ ਆਸ਼ਰਮ ਪੁੱਜ ਗਈਆਂ ਅਤੇ ਇਸ ਦੇ ਤਹਿਖ਼ਾਨੇ ਤੋਂ ਲੈ ਕੇ ਮਮਟੀ ਤੱਕ ਦਾ ਜਾਇਜ਼ਾ ਲਿਆ, ਲੰਗਰਖ਼ਾਨੇ, ਸੌਣ ਕਮਰਿਆਂ, ਲਾਇਬਰੇਰੀਆਂ ਅਤੇ ਅਧਿਐਨ ਸਥਾਨਾਂ ਦੀ ਜਾਂਚ ਕੀਤੀ। ਗਿਰਜਾਘਰ ਉਸੇ ਹਾਲਤ ਵਿਚ ਸੀ ਜਿਵੇਂ ਇਸ ਦੇ ਪਹਿਲੇ ਬਾਸ਼ਿੰਦੇ ਛੱਡਕੇ ਗਏ ਸਨ। ਕੋਈ ਭੰਨ-ਤੋੜ ਨਹੀਂ ਸੀ ਹੋਈ, ਕੋਈ ਨਿੱਕ-ਸੁੱਕ ਨਹੀਂ ਸੀ, ਸਪਸ਼ਟ ਸੀ ਕਿ ਐਫ਼. ਏ. ਆਈ ਵਾਲੇ ਇੱਧਰੋਂ ਨਹੀਂ ਸੀ ਲੰਘੇ।

ਬਾਦ 'ਚ ਮੈਂ ਉਨ੍ਹਾਂ ਨੂੰ ਅਲਬਾ ਦਾ ਸ਼ਾਹੀ ਮਹਿਲ ਦਿਖਾਉਣ ਲੈ ਗਈ, ਜਿਸਨੂੰ ਪੰਜਵੀਂ ਰੈਜੀਮੈਂਟ ਨੇ ਕਬਜ਼ੇ 'ਚ ਲੈ ਲਿਆ ਸੀ। ਇਮਾਰਤ ਦੀ ਦੇਖਭਾਲ ਲਈ ਮਹਿਲ ਦੇ ਨੌਕਰ-ਚਾਕਰ ਇੱਥੇ ਰਹਿ ਪਏ ਸਨ, ਇਸ ਕਰਕੇ ਹਰ ਚੀਜ਼ ਸਾਫ਼-ਸੁਥਰੀ ਅਤੇ ਸਹੀ-ਸਲਾਮਤ ਸੀ। ਸਟਾਫ਼

ਓਦੋਂ ਤੱਕ ਉੱਥੇ ਟਿਕਿਆ ਰਿਹਾ ਹੋਵੇਗਾ ਜਦੋਂ ਤੱਕ ਫਾਸ਼ੀਵਾਦੀ ਹਵਾਈ ਜਹਾਜ਼ਾਂ ਨੇ ਇਹ ਆਲੀਸ਼ਾਨ ਇਮਾਰਤ ਨਸ਼ਟ ਨਹੀਂ ਕਰ ਦਿੱਤੀ।

ਜਦੋਂ ਮੈਂ ਸਾਧਵੀਆਂ ਨੂੰ ਇਹ ਜਚਾਇਆ ਕਿ ਫੁੱਲ ਤੋੜਨਾ ਪਾਪ ਨਹੀਂ ਹੈ ਅਤੇ ਕਿ ਅਸੀਂ ਮਹਿਲ ਦੇ ਨੌਕਰ ਦੀ ਇਜਾਜ਼ਤ ਲਈ ਹੋਈ ਸੀ, ਤਾਂ ਉਨ੍ਹਾਂ ਨੇ ਕੁਝ ਫੁੱਲ ਤੋੜ ਲਏ। ਅਸੀਂ ਜੇਲ੍ਹ ਵਾਪਸ ਆ ਗਈਆਂ ਤਾਂ ਕਿ ਉਹ ਆਪਣੇ ਮੱਤ ਦੀਆਂ ਹੋਰ ਸਾਧਵੀਆਂ ਨੂੰ ਆਪਣੀ ਫੇਰੀ ਦਾ ਜਾਣਕਾਰੀ ਦੇਣ, ਜੋ ਉਤਸੁਕਤਾ ਨਾਲ ਉਡੀਕ ਰਹੀਆਂ ਸਨ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਮੈਂ ਉਨ੍ਹਾਂ ਨੂੰ ਅਗਵਾ ਨਾ ਕਰ ਲਿਆ ਹੋਵੇ ਜਾਂ ਦੁਰਵਿਵਹਾਰ ਨਾ ਕੀਤਾ ਹੋਵੇ।

ਮੈਂ ਪਾਰਟੀ ਸਦਰ ਮੁਕਾਮ ਵਾਪਸ ਚਲੀ ਗਈ ਅਤੇ ਹੋਏ-ਵਾਪਰੇ ਦੀ ਇਤਲਾਹ ਆਪਣੇ ਸਾਥੀਆਂ ਨੂੰ ਦਿੱਤੀ। ਹਰ ਕੋਈ ਮੇਰੇ ਮਿਸ਼ਨ ਦੀ ਪ੍ਰਾਪਤੀ ਤੋਂ ਸੰਤੁਸ਼ਟ ਸੀ। ਅਸੀਂ ਬਾਸਕ ਪ੍ਰਤੀਨਿਧੀ ਮੰਡਲ ਨੂੰ ਦੇਸੀ ਲਿਨਨ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਦੀ ਸਪਲਾਈ ਕਰਨ ਦੀ ਸਮੱਸਿਆ ਬਾਰੇ ਵਿਚਾਰ-ਚਰਚਾ ਕਰਨ ਲਈ ਬੁਲਾਇਆ ਜਿਨ੍ਹਾਂ ਦੀ ਲੋੜ ਵੱਖੋ-ਵੱਖਰੇ ਮੱਤਾਂ ਅਤੇ ਵੱਖੋ-ਵੱਖਰੇ ਜਿਉਣ-ਢੰਗ ਵਾਲੀਆਂ ਸਾਧਵੀਆਂ ਨੂੰ ਪੈਣੀ ਸੀ। ਅਗਲੇ ਦਿਨ ਪਾਰਟੀ ਸਦਰ ਮੁਕਾਮ 'ਚ, ਜੋ ਪਾਪੂਲਰ ਐਕਸ਼ਨ ਦੇ ਸਾਬਕਾ ਦਫ਼ਤਰ 'ਚ ਬਣਾਇਆ ਗਿਆ ਸੀ, ਅਸੀਂ ਸਾਧਵੀਆਂ ਦੀ ਮਦਦ ਦੇ ਅਮਲੀ ਢੰਗ-ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ, ਜਿਨ੍ਹਾਂ 'ਚੋਂ ਬਹੁਤੀਆਂ ਬੁੱਢੀਆਂ ਹੋ ਚੁੱਕੀਆਂ ਸਨ ਅਤੇ ਕੰਮ ਕਰਨ ਤੋਂ ਅਸਮਰਥ ਸਨ।

ਮੈਡਰਿਡ ਦੀ ਹਾਲਤ ਵਿਗੜ ਜਾਣ ਕਰਕੇ, ਮੈਨੂੰ ਆਪਣੀ ਤਾਕਤ ਜੰਗ ਦੇ ਹੋਰ ਪਹਿਲੂਆਂ ਵੱਲ ਲਾਉਣੀ ਪਈ। ਸਾਧਵੀਆਂ ਦੀ ਦੇਖਭਾਲ ਕਰਨ ਦਾ ਕੰਮ ਮੈਂ ਬਾਸਕ ਕੌਮਪ੍ਰਸਤਾਂ 'ਤੇ ਛੱਡ ਦਿੱਤਾ। ਜਿਵੇਂ ਕਹਾਵਤ ਹੈ, "ਨੀਲੀ ਛੱਤਰੀ ਵਾਲਾ ਹੀ ਜਾਣਦਾ ਹੈ," ਕਿ ਅਸੀਂ ਉਨ੍ਹਾਂ ਦੀ ਮਦਦ ਲਈ ਕੀ ਕੁਝ ਕੀਤਾ।

ਪਾਰਟੀ ਨੂੰ "ਪਾਦਰੀਆਂ ਦੇ ਕਾਤਲਾਂ" ਵਜੋਂ ਬਦਨਾਮ ਕੀਤਾ ਹੋਇਆ ਸੀ, ਪਿਛਾਖੜੀਆਂ ਵੱਲੋਂ ਕੀਤੀ ਦੂਸ਼ਣਬਾਜ਼ੀ ਵਿਚੋਂ ਇਕ ਦੂਸ਼ਣ ਇਹ ਸੀ—ਇਸਦੇ ਬਾਵਜੂਦ ਇਹ ਪਹਿਲੀ ਵਾਰ ਨਹੀਂ ਸੀ ਕਿ ਕਮਿਊਨਿਸਟਾਂ ਨੇ ਸਾਧਵੀਆਂ ਦੀ ਮਦਦ ਕੀਤੀ ਸੀ।

ਸਤੰਬਰ ਦੇ ਇਕ ਦਿਨ, ਪੰਜਵੀਂ ਰੈਜੀਮੈਂਟ ਦੀ ਇਕ ਟੋਲੀ ਜਦੋਂ ਆਪਣਾ ਸਦਰ ਮੁਕਾਮ ਬਣਾਉਣ ਲਈ ਸਲਮਾਸਾ ਇਲਾਕੇ 'ਚ ਕਿਸੇ ਇਮਾਰਤ ਦੀ ਭਾਲ ਕਰ ਰਹੀ ਸੀ ਤਾਂ ਇਸਨੇ ਦੇਖਿਆ ਇਕ ਧਾਰਮਿਕ ਮੱਤ ਵਾਲੇ ਇਕ ਘਰ 'ਚ ਛੁਪੇ ਬੈਠੇ ਸਨ। ਉਹ ਸਹਿਮੇ ਹੋਏ ਵਕਤ ਟਪਾ ਰਹੇ ਸਨ, ਜ਼ਿੰਦਾ ਬਚ ਜਾਣ ਦੀ ਆਸ ਅਤੇ ਜੇ ਫੜੇ ਗਏ ਤਾਂ ਭਿਆਨਕ ਮੌਤ ਮਾਰੇ ਜਾਣ ਦੇ ਭੈਅ ਵਿਚਕਾਰ ਲਟਕਦੇ—ਫਾਸ਼ੀਵਾਦੀਆਂ ਦਾ ਪ੍ਰਚਾਰ ਸੀ ਕਿ ਉਨ੍ਹਾਂ ਦਾ ਅੰਤ ਇਹੀ ਹੋਵੇਗਾ।

ਜਦੋਂ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਔਰਤਾਂ ਨੇ ਪੰਜਵੀਂ ਰੈਜੀਮੈਂਟ ਵਾਲਿਆਂ ਨੂੰ ਦੇਖਿਆ ਤਾਂ ਉਹ ਬੌਂਦਲ ਗਈਆਂ। ਸੈਨਿਕਾਂ ਨੇ ਉਨ੍ਹਾਂ ਨੂੰ ਬਥੇਰਾ ਸਮਝਾਇਆ ਕਿ ਉਹ ਉਨ੍ਹਾਂ ਨੂੰ ਨਹੀਂ ਲੱਭ ਰਹੇ, ਕਿ ਉਨ੍ਹਾਂ ਦਾ ਮੇਲ ਤਾਂ ਅਚਾਨਕ ਹੋ ਗਿਆ ਸੀ ਅਤੇ ਕਿ ਉਨ੍ਹਾਂ ਦੀਆਂ ਜਾਨਾਂ ਨੂੰ ਕੋਈ ਖ਼ਤਰਾ ਨਹੀਂ। ਉਨ੍ਹਾਂ ਨੇ ਦਰਵਾਜ਼ੇ ਉੱਪਰ ਨੋਟਿਸ ਲਾ ਦਿੱਤਾ ਕਿ ਇਹ ਘਰ ਪੰਜਵੀਂ ਰੈਜੀਮੈਂਟ ਦੀ ਸੁਰੱਖਿਆ ਦੇ ਅਧੀਨ ਹੈ।

ਉਨ੍ਹਾਂ ਨੇ ਮੈਨੂੰ ਇਸ ਅਚਾਨਕ ਮੇਲ ਬਾਰੇ ਦੱਸਿਆ ਅਤੇ ਮੈਨੂੰ ਸਾਧਵੀਆਂ ਨੂੰ ਮਿਲਣ ਲਈ ਕਿਹਾ ਤਾਂ ਕਿ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਦੇ ਡਰ ਦੂਰ ਕੀਤੇ ਜਾ ਸਕਣ। ਅਗਲੇ ਦਿਨ, ਮੈਂ ਤੇ ਇਕ ਹੋਰ ਸਾਥੀ ਨੇ ਇਕ ਦਸਤਾਵੇਜ਼ ਲੈ ਕੇ ਮਕਾਨ ਦਾ ਦਰਵਾਜ਼ਾ

ਖੜਕਾਇਆ ਜਿਸ 'ਚ ਇਹ ਜਾਮਨੀ ਦਿੱਤੀ ਗਈ ਸੀ ਕਿ ਐੱਫ. ਏ. ਆਈ. ਜਾਂ ਬਦਨਾਮ "ਪ੍ਰਭਾਤ ਬ੍ਰਿਗੇਡ" ਇੱਥੋਂ ਦੇ ਬਾਸ਼ਿੰਦਿਆਂ ਨੂੰ ਬੇਇੱਜ਼ਤ ਨਹੀਂ ਕਰਨਗੇ, ਇਸਦੀ ਪੁਸ਼ਟੀ ਕੁਝ ਸਤਿਕਾਰਯੋਗ ਸਮਾਜਵਾਦੀ ਸੱਜਣ ਕਰ ਸਕਦੇ ਹਨ।

ਪੰਜਾਹ ਕੁ ਸਾਲਾਂ ਦੀ ਇਕ ਸੁਸ਼ੀਲ ਪਹਿਰਾਵੇ ਵਾਲੀ ਔਰਤ ਨੇ ਦਰਵਾਜ਼ਾ ਖੋਲ੍ਹਿਆ। ਜਦੋਂ ਅਸੀਂ ਪੁੱਛਿਆ ਕਿ ਧਾਰਮਿਕ ਮੱਤ ਵਾਲੇ ਲੋਕ ਇੱਥੇ ਹੀ ਰਹਿੰਦੇ ਹਨ, ਸਾਫ਼ ਦਿਖਾਈ ਦਿੰਦਾ ਸੀ ਕਿ ਬੇਚਾਰੀ ਔਰਤ ਬੁਰੀ ਤਰ੍ਹਾਂ ਕੰਬ ਗਈ ਸੀ। ਉਸਦੀ ਘਬਰਾਹਟ ਖ਼ਤਮ ਕਰਨ ਲਈ, ਅਸੀਂ ਉਸਨੂੰ ਦੱਸਿਆ ਕਿ ਅਸੀਂ ਪੰਜਵੀਂ ਰੈਜੀਮੈਂਟ ਵੱਲੋਂ ਆਏ ਸੀ। ਉਹ ਸਾਨੂੰ ਇਕ ਪੂਰੀ ਤਰ੍ਹਾਂ ਖਾਲੀ ਕਮਰੇ 'ਚ ਲੈ ਗਈ। ਨਾ ਕੋਈ ਕੁਰਸੀ, ਨਾ ਤਸਵੀਰਾਂ, ਨਾ ਧਾਰਮਿਕ ਮੱਤ ਦੇ ਸ਼ਰਧਾਲੂਆਂ ਦੀ ਮੌਜੂਦਗੀ ਨੂੰ ਦਰਸਾਉਂਦਾ ਕੋਈ ਚਿੰਨ। ਮੈਂ ਉਸਨੂੰ ਬਾਕੀ ਸਾਧਵੀਆਂ ਨੂੰ ਸੱਦਣ ਲਈ ਕਿਹਾ। ਉਹ ਝਟਪਟ ਆ ਗਈਆਂ, ਅਣਕਿਆਸੀ ਆਮਦ ਤੋਂ ਸਾਰੀਆਂ ਹੀ ਭੈਭੀਤ ਸਨ। ਵੱਖ-ਵੱਖ ਉਮਰ ਦੀਆਂ ਵੀਹ-ਪੰਝੀ ਔਰਤਾਂ, ਸਾਰੀਆਂ ਫਟੇਹਾਲ ਕੱਪੜਿਆਂ 'ਚ।

"ਬਿਨਾ ਆਗਿਆ ਆ ਵੜਨ ਲਈ ਖ਼ਿਮਾ ਕਰਿਉ," ਮੈਂ ਕਿਹਾ। "ਅਸੀਂ ਤੁਹਾਡੀ ਮਦਦ ਕਰਨ ਆਏ ਹਾਂ। ਮੇਰਾ ਖਿਆਲ ਹੈ ਪਹਿਲਾਂ ਅਸੀਂ ਆਪਣੀ ਜਾਣ-ਪਛਾਣ ਕਰਾ ਦੇਈਏ। ਹਾਲਾਂਕਿ ਇਹ ਬੇਫ਼ਾਇਦਾ ਹੋਵੇਗੀ, ਮੈਨੂੰ ਯਕੀਨ ਹੈ ਤੁਸੀਂ ਸਾਰੀਆਂ ਨੇ ਮੇਰੇ ਬਾਰੇ ਸੁਣਿਆਂ ਹੋਣੈਂ ਅਤੇ ਮੈਨੂੰ ਯਕੀਨ ਹੈ ਕਿ ਜਿਹੜੀਆਂ ਕਹਾਣੀਆਂ ਤੁਸੀਂ ਮੇਰੇ ਬਾਰੇ ਸੁਣੀਆਂ ਹੋਈਆਂ ਕਿ ਮੈਂ ਕਿੰਨੀ ਰਾਖਸ਼ ਹਾਂ, ਤੁਸੀਂ ਸੋਚਦੀਆਂ ਹੋਵੋਗੀਆਂ, ਮੈਂ ਰਾਖਸ਼ ਆਪ ਆ ਗਈ ਹਾਂ। ਪਰ ਕ੍ਰਿਪਾ ਕਰਕੇ ਹੌਸਲਾ ਰੱਖੋ, ਤੁਹਾਨੂੰ ਕੁਝ ਨਹੀਂ ਹੋਵੇਗਾ। ਮੈਂ ਲਾ ਪੈਸੀਓਨਾਰੀਆ ਹਾਂ।"

ਸਾਧਵੀਆਂ ਨੇ ਮੇਰੇ ਵੱਲ ਸਹਿਮੀਆਂ ਨਜ਼ਰਾਂ ਨਾਲ ਦੇਖਿਆ, ਉਹ ਕੰਬ ਗਈਆਂ ਜਿਵੇਂ ਕਮਰੇ ਵਿਚੋਂ ਦੀ ਬਿਜਲੀ ਦਾ ਕਰੰਟ ਲੰਘਿਆ ਹੋਵੇ। ਲਾ ਪੈਸੀਓਨਾਰੀਆ—ਹਰ ਤਰ੍ਹਾਂ ਦੇ ਖ਼ੌਫ਼, ਹਰ ਤਰ੍ਹਾਂ ਦੀ ਨਫ਼ਰਤ ਦੀ ਮੂਰਤ!

"ਜਿਹੜੀਆਂ ਕਹਾਣੀਆਂ ਤੁਸੀਂ ਸੁਣੀਆਂ ਹੋਈਆਂ, ਭੁੱਲ ਜਾਉ ਅਤੇ ਸਹਿਜ ਹੋ ਕੇ ਗੱਲਬਾਤ ਕਰੋ। ਬੀਤੇ ਕੱਲ੍ਹ ਤੋਂ ਤੁਸੀਂ ਪੰਜਵੀਂ ਰੈਜੀਮੈਂਟ ਦੀ ਹਿਫਾਜ਼ਤ ਹੇਠ ਹੋ, ਭਾਵ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਜ਼ੁਅਰਤ ਨਹੀਂ ਕਰੇਗਾ। ਮੈ ਇਹ ਮਸ਼ਵਰਾ ਦੇਣਾ ਚਾਹਾਂਗੀ ਕਿ ਤੁਸੀਂ ਸਾਰੀਆਂ ਕੰਮ ਕਰੋ, ਕੋਈ ਫ਼ਾਇਦੇਮੰਦ ਕੰਮ ਕਰ ਲਵੋ, ਤੁਸੀਂ ਕਿਸੇ ਤਰੀਕੇ ਨਾਲ ਸਾਡੀ ਮਦਦ ਕਰੋ ਜੋ ਤੁਹਾਡੀਆਂ ਧਾਰਮਿਕ ਭਾਵਨਾਵਾਂ ਦੇ ਖ਼ਿਲਾਫ਼ ਨਾ ਜਾਂਦੀ ਹੋਵੇ।"

ਇਕ ਔਰਤ, ਜ਼ਾਹਰ ਸੀ ਕਿ ਉਹ ਮੁਖੀ ਸਾਧਵੀ ਸੀ, ਬੋਲੀ: "ਅਸੀਂ ਹਸਪਤਾਲ 'ਚ ਕੰਮ ਕਰਕੇ ਬਿਮਾਰਾਂ ਤੇ ਜ਼ਖ਼ਮੀਆਂ ਦੀ ਦੇਖਭਾਲ ਕਰ ਸਕਦੀਆਂ ਹਾਂ।"

"ਮੈਨੂੰ ਅਫਸੋਸ ਹੈ, ਭੈਣ, ਅਸਲ 'ਚ ਤੁਸੀਂ ਤਾਂ ਹਸਪਤਾਲਾਂ 'ਚ ਕੰਮ ਕਰ ਸਕਦੀਆਂ ਹੋ। ਜ਼ਖ਼ਮੀ ਸੈਨਿਕ ਇਸਨੂੰ ਪ੍ਰਵਾਨ ਨਹੀਂ ਕਰਨਗੇ।"

"ਤਾਂ ਫਿਰ ਅਸੀਂ ਬੱਚਿਆਂ ਦੀ ਦੇਖਭਾਲ ਕਰ ਸਕਦੀਆਂ ਹਾਂ।"

"ਇਨ੍ਹਾਂ 'ਚੋਂ ਕੁਝ ਨਹੀਂ ਹੋਣਾ, ਕਿਉਂਕਿ ਮਾਵਾਂ ਤੁਹਾਨੂੰ ਆਪਣੇ ਬੱਚੇ ਨਹੀਂ ਸੌਂਪਣਗੀਆਂ।"

"ਤਾਂ ਫਿਰ ਅਸੀਂ ਕੀ ਕਰ ਸਕਦੀਆਂ ਹਾਂ?"

"ਬਹੁਤ ਸਿੱਧਾ ਜਿਹਾ ਕੰਮ, ਜਿਸ ਨਾਲ ਤੁਸੀਂ ਇਕੱਠੀਆਂ ਰਹਿ ਸਕਦੀਆਂ ਹੋ ਅਤੇ ਮੁਸ਼ਕਲਾਂ 'ਚ ਇਹ ਤੁਹਾਡੇ ਕੰਮ ਆਵੇਗਾ। ਤੁਸੀਂ ਦੂਜੀਆਂ ਥਾਵਾਂ ਤੋਂ ਆਏ ਬੱਚਿਆਂ, ਯਤੀਮਾਂ ਅਤੇ ਬੇਸਹਾਰਾ ਬੱਚਿਆਂ ਲਈ ਕੱਪੜੇ, ਛੋਟੀਆਂ ਛੋਟੀਆਂ ਜੈਕਟਾਂ, ਟੋਪੀਆਂ ਅਤੇ ਕੱਪੜੇ ਦੇ

ਬੂਟ ਬਣਾ ਸਕਦੀਆਂ ਹੋ, ਇੱਥੇ ਇਸੇ ਮਕਾਨ 'ਚ। ਅਸੀਂ ਕੱਪੜੇ ਇੱਥੋਂ ਆ ਕੇ ਲੈ ਜਾਇਆ ਕਰਾਂਗੇ ਅਤੇ ਹਰ ਤਰ੍ਹਾਂ ਦਾ ਲੋੜੀਂਦਾ ਸਮਾਨ ਪ੍ਰਾਪਤ ਕਰਨ 'ਚ ਤੁਹਾਡੀ ਮਦਦ ਕਰਾਂਗੇ ਤਾਂ ਜੋ ਤੁਹਾਨੂੰ ਸ਼ਹਿਰ 'ਚ ਘੁੰਮਣਾ ਨਾ ਪਵੇ।"

ਉਹ ਸਾਰੀਆਂ ਰਜ਼ਾਮੰਦ ਹੋ ਗਈਆਂ ਅਤੇ ਪੁੱਛਣ ਲੱਗੀਆਂ ਕਿ ਕੰਮ ਕਦੋਂ ਸ਼ੁਰੂ ਕਰ ਸਕਣਗੀਆਂ।

"ਕੱਲ੍ਹ ਤੋਂ। ਮੈਂ ਤੁਹਾਨੂੰ ਕੰਮ ਸ਼ੁਰੂ ਕਰਨ ਲਈ ਲੋੜੀਂਦੀ ਹਰ ਚੀਜ਼ ਲਿਆ ਦਿਆਂਗੀ।"

ਜਾਣ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਪੁੱਛਿਆ: "ਤੁਹਾਡੇ ਕੋਲ ਮੂਰਤੀਆਂ ਜਾਂ ਸਲੀਬਾਂ ਨਹੀਂ ਹਨ? ਮੈਨੂੰ ਪਤਾ ਤੁਹਾਡੇ 'ਚ ਏਥੇ ਪਵਿੱਤਰ ਦਿਲਗੀਰ, ਪਵਿੱਤਰ ਕਾਰਮੈਨ ਜਾਂ ਕਰਾਮਾਤੀ ਪਵਿੱਤਰ ਦੀਆਂ ਸ਼ਰਧਾਲੂ ਹੈਗੀਆਂ। ਜੇ ਮੈਂ ਤੁਹਾਨੂੰ ਕੱਲ੍ਹ ਕੁਝ ਮੂਰਤੀਆਂ ਅਤੇ ਇਕ ਸਲੀਬ ਦਾ ਚਿੰਨ ਲਿਆ ਦੇਵਾਂ ਤਾਂ ਕਿਵੇਂ ਰਹੇਗਾ?"

ਉਨ੍ਹਾਂ ਨੇ ਮੇਰੇ ਵੱਲ ਦੇਖਿਆ, ਉਨ੍ਹਾਂ ਨੂੰ ਕੁਝ ਨਾ ਸੁੱਝੇ ਕੀ ਜਵਾਬ ਦੇਣ। ਉਨ੍ਹਾਂ ਨੇ ਸੋਚਿਆ ਮੈਂ ਉਨ੍ਹਾਂ ਦਾ ਮੌਜੂ ਉਡਾ ਰਹੀ ਸੀ ਜਾਂ ਕੋਈ ਸ਼ੈਤਾਨੀ ਕਰ ਰਹੀ ਸੀ।

"ਜਿਵੇਂ ਤੁਹਾਨੂੰ ਚੰਗਾ ਲੱਗੇ," ਆਖ਼ਿਰ ਮੁੱਖ ਸਾਧਵੀ ਨੇ ਜਵਾਬ ਦਿੱਤਾ।

ਅਸੀਂ ਚੱਲ ਪਏ, ਇਹ ਮੰਨਕੇ ਕਿ ਔਰਤਾਂ ਨੂੰ ਸਾਡੇ ਕਹੇ ਇਕ ਵੀ ਲਫ਼ਜ਼ 'ਤੇ ਯਕੀਨ ਨਹੀਂ ਆਇਆ ਸੀ ਅਤੇ ਉਹ ਹਾਲੇ ਵੀ ਡਰੀਆਂ ਹੋਈਆਂ ਸਨ ਜਿਵੇਂ ਇਸ ਉਡੀਕ ਵਿਚ ਹੋਣ ਕਿ ਕੱਲ੍ਹ ਉਨ੍ਹਾਂ ਨਾਲ ਕੀ ਵਾਪਰੇਗਾ।

ਅਸੀਂ ਅਗਲੇ ਦਿਨ ਸਵੇਰੇ ਦੁਕਾਨਾਂ ਤੋਂ ਊਨੀ, ਗਫ਼ ਸੂਤੀ ਕੱਪੜਾ ਅਤੇ ਚਿੱਟਾ ਸੂਤੀ ਧਾਗਾ ਖ਼ਰੀਦ ਲਿਆ। ਇਕ ਨੇੜੇ ਦੀ ਸੜਕ ਉੱਪਰ ਬੱਚਿਆਂ ਦੇ ਯਤੀਮਖ਼ਾਨੇ ਵਿਚੋਂ, ਜਿਸ ਉੱਤੇ ਬੰਬਾਰੀ ਕੀਤੀ ਗਈ ਸੀ, ਸਾਨੂੰ ਇਕ ਖ਼ੂਬਸੂਰਤ ਸਲੀਬ ਦਾ ਚਿੰਨ੍ਹ ਅਤੇ ਕਈ ਧਾਰਮਿਕ ਮੂਰਤੀਆਂ ਲੱਭ ਗਈਆਂ। ਅਸੀਂ ਇਹ ਚੁੱਕਕੇ ਆਪਣੇ ਨਵੇਂ ਵਾਕਫ਼ਕਾਰਾਂ ਲਈ ਚੰਗੀ ਤਰ੍ਹਾਂ ਲਪੇਟਕੇ ਸੰਭਾਲ ਲਈਆਂ।

ਹੈਰਾਨੀ ਨਾਲ ਉਨ੍ਹਾਂ ਦੇ ਮੂੰਹ ਅੱਡੇ ਗਏ। ਜਦੋਂ ਉਨ੍ਹਾਂ ਨੇ ਸਲੀਬ ਦਾ ਚਿੰਨ ਕੱਢਕੇ ਮੁਖ ਸਾਧਵੀ ਨੂੰ ਦਿੱਤਾ, ਉਸਨੇ ਹੰਝੂਆਂ ਭਰੀਆਂ ਅੱਖਾਂ ਨਾਲ ਇਸ ਨੂੰ ਤੱਕਿਆ, ਮੂਰਤੀ ਦੇ ਪੈਰ ਚੁੰਮੇ ਅਤੇ ਇਸਨੂੰ ਹੋਰ ਸਾਧਵੀਆਂ ਵੱਲ ਵਧਾ ਦਿੱਤਾ। "ਰੱਬ ਤੁਹਾਡਾ ਭਲਾ ਕਰੇ!" ਤੁਰਨ ਸਮੇਂ ਉਸਨੇ ਸਾਨੂੰ ਅਸੀਸ ਦਿੱਤੀ।

ਅਸੀਂ ਉਨ੍ਹਾਂ ਨੂੰ ਕਿਹਾ ਕਿ ਜਦੋਂ ਕੰਮ ਪੂਰਾ ਹੋ ਜਾਵੇ ਤਾਂ ਸਾਨੂੰ ਖ਼ਬਰ ਕਰ ਦੇਣ, ਅਸੀਂ ਉਨ੍ਹਾਂ ਨਾਲ ਫ਼ੋਨ 'ਤੇ ਸੰਪਰਕ ਰੱਖਣ ਦਾ ਵਾਅਦਾ ਕੀਤਾ। ਅਸੀਂ ਉਨ੍ਹਾਂ ਨੂੰ ਆਪਣੇ ਇਕ ਪਾਰਟੀ ਦਫ਼ਤਰ ਦਾ ਸਿਰਨਾਵਾਂ ਅਤੇ ਟੈਲੀਫ਼ੋਨ ਨੰਬਰ ਦੇ ਦਿੱਤਾ, ਤਾਂ ਕਿ ਕਿਸੇ ਸੰਕਟਕਾਲੀ ਹਾਲਤ ਜਾਂ ਮੁਸ਼ਕਲ ਸਮੇਂ ਉਹ ਸਾਡੇ ਨਾਲ ਸੰਪਰਕ ਕਰ ਸਕਣ। ਕਈ ਵਾਰ ਉਹ ਸਾਡੇ ਕੋਲ ਮਦਦ ਲਈ ਆਈਆਂ ਅਤੇ ਸਾਡੇ ਸਾਥੀ ਸਦਾ ਉਨ੍ਹਾਂ ਪ੍ਰਤੀ ਮਾਣ-ਸਤਿਕਾਰ ਤੇ ਨਿੱਘ ਨਾਲ ਪੇਸ਼ ਆਏ।

ਜਦੋਂ ਮੈਂ ਸੈਂਕੜੇ ਸਾਧਵੀਆਂ ਦੀ ਜ਼ਿੰਦਗੀ ਸੌਖੀ ਕਰਨ ਦੇ ਕੰਮ 'ਚ ਰੁੱਝੀ ਹੋਈ ਸੀ, ਤਾਂ ਪੈਰਿਸ ਤੋਂ ਫਾਸ਼ੀਵਾਦੀ ਅਖ਼ਬਾਰ *GRINGOIRE* ਨੇ 19 ਸਤੰਬਰ 1936 ਨੂੰ ਹੋਰ ਸਨਸਨੀਖੇਜ਼ "ਖ਼ਬਰਾਂ" ਦੇ ਨਾਲ-ਨਾਲ ਮੇਰੀ ਆਤਮਕਥਾ ਵੀ ਛਾਪੀ ਜਿਸਦੀ ਸੁਰ ਸਾਊ, ਮਾਸੂਮ ਬੱਚੇ ਵਰਗੀ ਲੱਗਦੀ ਸੀ।

"ਲਾ ਪੈਸੀਓਨਾਰੀਆ," *GRINGOIRE* ਨੇ ਲਿਖਿਆ, "ਦਾ ਖ਼ੂਨ ਹਾਲਾਂਕਿ ਸਪੇਨੀ ਹੈ। ਫਿਰ ਵੀ ਉਹ ਐਸੀ ਹਸਤੀ ਹੈ ਜਿਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਸਾਬਕਾ ਸਾਧਵੀ ਨੇ ਬਰਖ਼ਾਸਤ ਕੀਤੇ ਪਾਦਰੀ ਨਾਲ ਵਿਆਹ ਕਰਵਾਇਆ ਹੋਇਆ ਹੈ। ਇੰਜ ਹੈ, ਉਸਦੀ ਸਾਰੀਆਂ ਧਾਰਮਿਕ ਸੰਪਰਦਾਵਾਂ ਪ੍ਰਤੀ ਨਫ਼ਰਤ। ਉਸ ਬਾਰੇ ਪ੍ਰਸਿੱਧ ਹੈ ਕਿ ਉਸ ਨੇ ਦਿਨ ਦਿਹਾੜੇ ਇਕ ਅਭਾਗੇ ਪਾਦਰੀ ਨੂੰ ਢਾਹਕੇ ਆਪਣੇ ਦੰਦਾਂ ਨਾਲ ਉਸਦੀ ਗਰਦਣ ਦੀਆਂ ਨਾੜਾਂ ਪਾੜ ਸੁੱਟੀਆਂ ਸਨ।"

ਸਾਡੀ ਜੰਗ ਅਤੇ ਕਮਿਊਨਿਸਟ ਸਰਗਰਮੀਆਂ ਦਾ ਇਤਹਾਸ ਇਸ ਤਰੀਕੇ ਨਾਲ ਲਿਖਿਆ ਗਿਆ ਅਤੇ ਕੁਝ ਭ੍ਰਿਸ਼ਟ ਇਤਿਹਾਸਕਾਰਾਂ ਵੱਲੋਂ ਬੇਬੁਨਿਆਦ ਚਿੱਕੜ ਉਛਾਲਕੇ ਹਾਲੇ ਵੀ ਲਿਖਿਆ ਜਾ ਰਿਹਾ ਹੈ।

ਸੁਭਾਵਿਕ ਤੌਰ 'ਤੇ, ਮੈਂ ਇਨ੍ਹਾਂ ਨੀਚ ਹਮਲਿਆਂ ਨੂੰ ਨਜ਼ਰ ਅੰਦਾਜ਼ ਕੀਤਾ। ਹਰੇਕ ਵਾਰ ਜਦੋਂ ਮੈਨੂੰ ਸਿਲਕੀ ਜਾਂ ਮੋਟੇ ਕੱਪੜੇ ਦੀ ਪੁਸ਼ਾਕ ਵਾਲੇ ਕਿਸੇ ਉਜੱਡ ਹੱਥੋਂ ਕਰੂਰ ਅਪਮਾਨ ਸਹਿਣਾ ਪਿਆ—ਅਤੇ ਇਹ ਕਦੇ-ਕਦਾਈਂ ਦਾ ਮਾਮਲਾ ਨਹੀਂ ਸੀ—ਮੈਨੂੰ ਮਹਾਨ ਰੂਸੀ ਨਾਵਲਕਾਰ ਤੁਰਗਨੇਵ ਦੇ ਸ਼ਬਦ ਯਾਦ ਆ ਜਾਂਦੇ:

"ਸੂਰ ਦੇ ਠੁੱਡਿਆਂ ਹੱਥੋਂ ਅਪਮਾਨ," ਉਸਨੇ ਸੂਰਾਂ ਦੇ ਵੱਗ ਵੱਲੋਂ ਡਾਨ ਕੁਇਗਜ਼ੋ ਨੂੰ ਮਾਰੇ ਠੁੱਡਿਆਂ ਦਾ ਜ਼ਿਕਰ ਕਰਦਿਆਂ ਲਿਖਿਆ ਸੀ, "ਸਾਰੇ ਕੁਇਗਜ਼ੋਆਂ ਦੀਆਂ ਜ਼ਿੰਦਗੀਆਂ 'ਚ ਵਾਪਰਦਾ ਹੈ, ਉਨ੍ਹਾਂ ਦਾ ਅੰਤ ਹੋਣ ਤੋਂ ਐਨ ਪਹਿਲਾਂ। ਇਹ ਅੰਤਮ ਸ਼ਰਧਾਂਜਲੀ ਹੈ ਜੋ ਉਨ੍ਹਾਂ ਨੂੰ ਜ਼ਾਲਮ ਜਾਂ ਸੂਝ ਦੀ ਸੰਵੇਦਨਹੀਣ ਅਣਹੋਂਦ ਕੋਲੋਂ ਲਾਜ਼ਮੀ ਲੈਣੀ ਪੈਂਦੀ ਹੈ। ਇਹ ਪਾਖੰਡੀਆਂ ਦਾ ਵਾਰ ਹੁੰਦਾ ਹੈ। ਇਸ ਤੋਂ ਬਾਦ, ਕੁਇਗਜ਼ੋ ਸ਼ਾਂਤੀ ਨਾਲ ਮਰ ਸਕਦੇ ਹਨ।"

ਜੰਗ ਦੇ ਉਨ੍ਹਾਂ ਪਹਿਲੇ ਦਿਨਾਂ ਦੌਰਾਨ, ਜਿਹੜੇ ਇਕ ਆਸ਼ਰਮ ਨੇ ਆਪਣੀਆਂ ਸਮਾਜਿਕ ਸੇਵਾਵਾਂ ਨਾਲ ਸਾਡੇ 'ਚ ਜਿਗਿਆਸਾ ਜਗਾਈ, ਉਹ ਸੀ ਘਰੇਲੂ ਸੇਵਾ ਆਸ਼ਰਮ, ਜੋ "ਰਾਜਧਾਨੀ ਅੰਦਰ ਕੰਮ ਦੀ ਤਲਾਸ਼ 'ਚ ਆਉਂਦੀਆਂ ਕੁੜੀਆਂ ਦੀ ਹਿਫਾਜ਼ਤ ਲਈ ਬਣਾਇਆ ਗਿਆ ਸੀ।"

ਜਦੋਂ ਮੈਨੂੰ ਪਤਾ ਲੱਗਿਆ ਕਿ ਇਸ ਆਸ਼ਰਮ ਦੀਆਂ ਸਾਧਵੀਆਂ ਬਗ਼ਾਵਤ ਸ਼ੁਰੂ ਹੋਣ 'ਤੇ ਭੱਜ ਗਈਆਂ ਸਨ, ਅਤੇ ਕਿ ਮਿਲੀਸ਼ੀਆ ਨੇ ਇਮਾਰਤਾਂ 'ਤੇ ਕਬਜ਼ਾ ਕਰ ਲਿਆ ਸੀ, ਅਸੀਂ ਉੱਥੇ ਇਹ ਦੇਖਣ ਗਏ ਕਿ ਕੀ ਇਨ੍ਹਾਂ ਇਮਾਰਤਾਂ ਨੂੰ ਜੰਗ ਨਾਲ ਬੇਘਰ ਹੋਏ ਪਰਿਵਾਰਾਂ ਦੀ ਆਰਜ਼ੀ ਰਿਹਾਇਸ਼ ਲਈ ਵਰਤਿਆ ਜਾ ਸਕਦਾ ਸੀ। ਜਦੋਂ ਅਸੀਂ ਉੱਥੇ ਪਹੁੰਚੇ, ਅਸੀਂ ਦੇਖਿਆ ਕਿ ਕੁੜੀਆਂ ਦੀ ਇਕ ਛੋਟੀ ਜਿਹੀ ਟੋਲੀ ਪਿੱਛੇ ਰਹਿ ਗਈ ਸੀ।

ਪਹਿਲਾਂ ਤਾਂ ਕੁੜੀਆਂ ਚੁੱਪ-ਗੜੁੱਪ ਤੇ ਸੰਕੋਚਵੀਂ ਗੱਲ ਕਰਦੀਆਂ ਸਨ। ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਸਾਡਾ ਵਤੀਰਾ ਅਪਣੱਤ ਵਾਲਾ ਹੈ ਤਾਂ ਉਹ ਖੁੱਲ੍ਹ ਗਈਆਂ ਅਤੇ ਆਪਣੀਆਂ ਸੁਪਨੇ ਅਤੇ ਆਸ ਤੋਂ ਸੱਖਣੀਆਂ ਉਦਾਸ ਜ਼ਿੰਦਗੀਆਂ ਦੀ ਕਹਾਣੀ ਛੋਹ ਲਈ। ਉਹ ਆਸ਼ਰਮ ਨਾਲ ਸਦਾ ਲਈ ਨੂੜੀਆਂ ਹੋਈਆਂ ਸਨ ਜਿਸਨੇ ਉਨ੍ਹਾਂ ਨੂੰ ਕੰਮ ਦਿੱਤਾ ਸੀ ਅਤੇ "ਸੁਰਗ" ਦਾ ਰਾਹ ਦਿਖਾਇਆ ਸੀ। ਉਨ੍ਹਾਂ ਨੇ ਕੁਝ ਸਾਧਵੀਆਂ ਦੇ ਜ਼ੁਲਮਾਂ, ਹੋਰਨਾਂ ਦੀ ਦਿਆਲਤਾ ਅਤੇ ਕੁਝ ਕੁੜੀਆਂ ਦੇ ਕਿਸੇ ਤਰ੍ਹਾਂ ਦੇ ਕੰਮ 'ਤੇ ਲੱਗੀਆਂ ਹੋਣ ਦਾ ਜ਼ਿਕਰ ਕੀਤਾ—ਇਹ ਕੰਮ ਕੀ ਸੀ, ਉਹ ਨਹੀਂ ਸੀ ਜਾਣਦੀਆਂ।

ਉਨ੍ਹਾਂ ਨੇ ਸਾਨੂੰ ਇਕ ਕੁੜੀ ਬਾਰੇ ਦੱਸਿਆ, ਜਿਸਨੂੰ ਉਹ ਭਿਆਨਕ ਵਿਅਕਤੀ ਵਜੋਂ ਪੇਸ਼ ਕਰਦੀਆਂ ਸਨ। ਜਿਸ ਨਾਲ ਸਾਧਵੀਆਂ ਅਤੇ ਆਸ਼ਰਮ 'ਚ ਆਉਣ ਵਾਲੇ ਵਿਅਕਤੀ ਉਚੇਚ ਨਾਲ ਪੇਸ਼ ਆਉਂਦੇ ਸਨ। ਕੋਈ ਨਹੀਂ ਸੀ ਜਾਣਦਾ, ਉਹ ਕੰਮ ਕਿੱਥੇ ਕਰਦੀ ਸੀ। ਜਾਪਦਾ ਇਹ ਸੀ ਕਿ ਇਹ ਕੋਈ ਦਫ਼ਤਰ ਸੀ ਜਿੱਥੇ, ਉਨ੍ਹਾਂ ਨੂੰ ਇਹੀ ਦੱਸਿਆ ਗਿਆ ਸੀ, ਹੋਰ ਕੁੜੀਆਂ ਜੇ ਸਾਊ, ਵਫ਼ਾਦਾਰ ਅਤੇ ਅਧਿਐਨ ਤੇ ਕੰਮ ਦੀਆਂ ਚਾਹਵਾਨ ਹੋਣ ਦਾ ਸਬੂਤ ਦੇਣ ਤਾਂ ਉਹ ਵੀ ਨੌਕਰੀਆਂ ਲੈ ਸਕਦੀਆਂ ਸਨ ਅਤੇ ਸੁਰੱਖਿਅਤ ਭਵਿੱਖ ਦਾ ਆਨੰਦ ਮਾਣ ਸਕਦੀਆਂ ਸਨ।

ਜਦੋਂ ਅਸੀਂ ਗੱਲਬਾਤ ਕਰ ਰਹੇ ਸੀ, ਜਿਸ ਕੁੜੀ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਸੀ, ਉਹ ਦਰਵਾਜ਼ੇ ਅੱਗੇ ਆ ਗਈ। ਜਦੋਂ ਉਸਨੇ ਸਾਨੂੰ ਦੇਖਿਆ ਅਤੇ ਉਸਨੂੰ ਪਤਾ ਚੱਲ ਗਿਆ ਕਿ ਅਸੀਂ ਉਸਨੂੰ ਪਛਾਣ ਲਿਆ ਹੈ ਤਾਂ ਉਹ ਇਕਦਮ ਮੁੜ ਗਈ।

"ਅਸੰਭਵ! ਅਸੀਂ ਇਸ ਕੁੜੀ ਨੂੰ ਜਾਣਦੇ ਹਾਂ। ਇਹ ਤਾਂ ਵਿਦਿਆਰਥਣ ਹੈ?" ਅਸੀਂ ਦੱਸਿਆ।

"ਬਿਲਕੁਲ, ਸਾਡੇ ਵਾਂਗ ਵਿਦਿਆਰਥਣ ਹੈ। ਘਰੇਲੂ ਸੇਵਾ ਦੀ ਵਿਦਿਆਰਥਣ। ਇਹ ਹੈ ਉਸਦਾ ਬਿਸਤਰਾ ਅਤੇ ਉਸਦੀ ਅਲਮਾਰੀ।" ਕੁੜੀਆਂ ਨੇ ਕਮਰੇ ਦੇ ਖੂੰਜੇ ਵਲ ਇਸ਼ਾਰਾ ਕਰਦਿਆਂ ਕਿਹਾ।

ਕੁੜੀ ਦਾ ਰੰਗ ਪੀਲਾ ਪੈ ਗਿਆ ਸੀ ਤੇ ਉਹ ਘਬਰਾ ਗਈ ਸੀ।

"ਕੁੜੀਆਂ ਸੱਚ ਕਹਿ ਰਹੀਆਂ ਨੇ? ਤੂੰ ਇੱਥੇ ਰਹਿੰਦੀ ਏਂ?"

"ਮੈਂ ਤੁਹਾਨੂੰ ਸੱਚ ਦੱਸ ਦਿਆਂਗੀ। ਕੀ ਇਕ ਵਿਦਿਆਰਥਣ ਹੋਣਾ ਅਤੇ ਆਸ਼ਰਮ 'ਚ ਰਹਿਣਾ ਐਨਾ ਅਸੰਭਵ ਹੈ?"

"ਬੇਸ਼ੱਕ, ਇਹ ਸੰਭਵ ਹੈ। ਸਾਡੀ ਦਿਲਚਸਪੀ ਇਸ 'ਚ ਹੈ ਕਿ ਤੂੰ ਵਾਪਸ ਕੀ ਦੇ ਰਹੀ ਏਂ? ਲੱਗਦੈ ਤੂੰ ਵਿਦਿਆਰਥਣ ਦੀ ਆੜ 'ਚ ਕੁਝ ਛੁਪਾ ਰਹੀ ਏਂ?"

ਅਸੀਂ ਉਸ "ਵਿਦਿਆਰਥਣ" ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਪਰ ਅਸੀਂ ਉਸਨੂੰ ਘਰੇਲੂ ਸੇਵਾ 'ਚ ਨੌਕਰੀ ਕਰਦੀ ਕੁੜੀ ਵਜੋਂ ਨਹੀਂ, ਸਗੋਂ ਕਮਿਊਨਿਸਟ ਵਜੋਂ ਜਾਣਦੇ ਸੀ। ਅਸੀਂ ਪਤਾ ਲਾ ਲਿਆ ਕਿ ਉਸਨੇ ਇਕ ਪ੍ਰੋਫੈਸਰ ਦੀ ਮਦਦ ਨਾਲ, ਝੂਠੇ ਦਸਤਾਵੇਜ਼ਾਂ ਸਹਾਰੇ ਯੂਨੀਵਰਸਿਟੀ 'ਚ ਦਾਖ਼ਲਾ ਲਿਆ ਸੀ। ਉਸ ਨੂੰ ਜਿਹੜਾ ਦੁਖਾਂਤ-ਹਾਸਰਸ ਨਾਟਕ ਖੇਡਣ ਲਈ ਮਜਬੂਰ ਹੋਣਾ ਪਿਆ ਸੀ, ਯੂਨੀਵਰਸਿਟੀ 'ਚ ਉਹ ਦਾਖ਼ਲਾ ਉਸ ਦੀ ਪਹਿਲੀ ਝਾਕੀ ਸੀ। ਸਾਊ ਪਿਛੋਕੜ ਵਾਲੀ ਕੁੜੀ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਛੇਤੀ ਹੀ ਉਹ ਸਪੇਨ ਦੀ ਨਾਇਕਾ ਬਣ ਜਾਵੇਗੀ ਅਤੇ ਜੋਨ ਆਫ ਆਰਕ ਵਾਂਗ ਨਾਮਣਾ ਖੱਟੇਗੀ। ਕਮਿਊਨਿਸਟ ਜਥੇਬੰਦੀ 'ਚ ਘੁਸਪੈਠ ਕਰਨ ਲਈ ਉਹ ਫਲਾਂਗੇ ਦੇ ਬਾਨੀ ਆਗੂ ਫਰਨਾਂਡੋ ਪਰਾਈਮੋ ਡੀ ਰਿਵੇਰਾ ਦੇ ਭਰਾ, ਜਿਸਨੂੰ ਕੋਈ ਜਾਣਦਾ ਨਹੀਂ ਸੀ, ਨੂੰ ਮੈਡਰਿਡ ਸੂਬਾ ਕਮੇਟੀ ਦੇ ਦਫ਼ਤਰ ਲੈ ਕੇ ਗਈ ਸੀ, ਜਿੱਥੇ ਉਸਨੇ "ਯੂਨੀਵਰਸਿਟੀ" ਛੱਡਣ ਤੋਂ ਬਾਦ ਕੰਮ ਕੀਤਾ। ਕਮਿਊਨਿਸਟ "ਵਿਦਿਆਰਥਣ" ਦੇ ਸਾਥ ਨਾਲ, ਨੌਜਵਾਨ ਪਰਾਈਮੋ ਡੀ ਰਿਵੇਰਾ ਦੀ ਬਤੌਰ "ਸਾਥੀ" ਸਾਰੇ ਪਾਰਟੀ ਦਫ਼ਤਰਾਂ ਤੱਕ ਬੇਰੋਕ-ਟੋਕ ਪਹੁੰਚ ਹੋ ਗਈ ਸੀ।

ਜਦੋਂ ਪਾਰਟੀ ਜਥੇਬੰਦੀ ਦੇ ਅੰਦਰ ਉਨ੍ਹਾਂ ਦੀ "ਵਿਦਿਆਰਥਣ" ਘੁਸ ਗਈ ਤਾਂ ਫਾਸ਼ੀਵਾਦੀ ਨਾ ਸਿਰਫ਼ ਪਾਰਟੀ ਦੀਆਂ ਅੰਦਰੂਨੀ ਸਰਗਰਮੀਆਂ ਬਾਰੇ ਜਾਨਣਾ ਚਾਹੁੰਦੇ ਸਨ, ਸਗੋਂ ਉਹ ਕਮਿਊਨਿਸਟ ਆਗੂਆਂ ਨੂੰ ਜਾਨੋਂ ਮਾਰਨ ਦੀ ਤਿਆਰੀ 'ਚ ਵੀ ਜੁੱਟ ਗਏ। ਉਸਦੇ ਇਕਬਾਲੀਆ

ਬਿਆਨ ਅਨੁਸਾਰ ਫਾਸ਼ੀਵਾਦੀਆਂ ਨੇ ਕਈ ਮੌਕਿਆਂ 'ਤੇ ਮੇਰਾ "ਸਫਾਇਆ ਕਰਨ" ਬਾਰੇ ਵਿਚਾਰ ਕੀਤੀ ਸੀ। ਪਰ ਇਕ ਔਰਤ ਦਾ ਕਤਲ ਕਰਨਾ, ਭਾਵੇਂ ਕਿ ਉਹ ਇਕ ਕਮਿਊਨਿਸਟ ਕਿਉਂ ਨਾ ਹੋਵੇ, ਉਨ੍ਹਾਂ ਭੱਦਰਪੁਰਸ਼ਾਂ ਲਈ ਵੀ ਬਹੁਤ ਜ਼ਿਆਦਾ ਜੋਖ਼ਮ ਭਰਿਆ ਕੰਮ ਸੀ ਜਿਨ੍ਹਾਂ ਨੂੰ ਸਿਰਫ "ਪਿਸਤੌਲ ਦੀ ਭਾਸ਼ਾ" ਹੀ ਆਉਂਦੀ ਸੀ।

ਪਰ, ਜੇ ਕਤਲ ਇਕ ਔਰਤ ਵੱਲੋਂ ਕੀਤਾ ਜਾਵੇ, ਤਾਂ ਹਰ ਚੀਜ਼, ਇੱਥੋਂ ਤੱਕ ਕਿ ਸਿਰੇ ਦਾ ਸੰਗੀਨ ਜੁਰਮ ਵੀ, ਜਾਇਜ਼ ਜਾਪਣਾ ਸੀ।

ਅਸਲ ਵਿਚ, ਇਸ ਦਾ ਪਤਾ ਲੱਗੇ ਤੋਂ ਬਿਨਾ ਹੀ, ਮੈਂ ਮੇਰੀ ਜਾਨ ਲੈਣ ਦੀ ਪਹਿਲੀ ਕੋਸ਼ਿਸ਼ ਅਸਫ਼ਲ ਬਣਾ ਦਿੱਤੀ ਸੀ। ਇਹ ਲੈਫਟੀਨੈਂਟ ਕਾਸਟਿਲੋ ਦੇ ਸਸਕਾਰ ਮੌਕੇ ਵਾਪਰਿਆ ਸੀ, ਜਿਸ ਦਾ ਕਤਲ ਫਲਾਂਗੇਵਾਦੀਆਂ ਨੇ ਕੀਤਾ ਸੀ।

ਸਾਥੀਆਂ ਦੀ ਇਕ ਟੋਲੀ ਅਤੇ ਮੈਂ ਜਨਾਜ਼ੇ ਦੇ ਆਉਣ ਦੀ ਉਡੀਕ ਕਰ ਰਹੇ ਸਾਂ ਜਦੋਂ "ਵਿਦਿਆਰਥਣ" ਕੁੜੀ ਪਰਸ ਪਾਈ ਸਾਡੇ ਕੋਲ ਆਈ, ਜੋ ਹਮੇਸ਼ਾ ਉਸਦੇ ਕੋਲ ਰਹਿੰਦਾ ਸੀ। ਕੁਝ ਗੱਲਾਂ ਕਰਨ ਤੋਂ ਬਾਦ, ਉਸ ਨੇ ਸੁਝਾਅ ਦਿੱਤਾ ਕਿ ਮੈਂ ਕਾਰ 'ਚ ਚਲੀ ਜਾਵਾਂ ਕਿਉਂਕਿ ਸਾਨੂੰ ਭਾਰੀ ਗਰਮੀ 'ਚ ਲੰਮੀ ਵਾਟ ਤੁਰਨਾ ਪਵੇਗਾ। ਮੈਂ ਉਸ ਦੀ ਸਲਾਹ ਨਾ ਮੰਨੀ। "ਮੇਰੇ ਪੈਰ ਚੰਗੇ-ਭਲੇ ਹਨ," ਮੈਂ ਉਸ ਨੂੰ ਦੱਸਿਆ, "ਤੇ ਗਰਮੀ ਤੋਂ ਮੈਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ।"

ਜਦੋਂ ਅਸੀਂ ਚੱਲ ਪਏ, ਉਹ ਭੀੜ 'ਚ ਗੁੰਮ ਹੋ ਗਈ। ਇਸ ਤੋਂ ਇਕ ਦਮ ਬਾਦ, ਮੈਂ ਦੇਖਿਆ ਮੇਰੇ ਪਿੱਛੇ ਦੋ ਔਰਤਾਂ ਸਨ। ਉਹ ਦੋਵੇਂ, ਦ੍ਰਿੜ ਹਾਵ-ਭਾਵ ਅਤੇ ਮਜ਼ਬੂਤ ਤੋਰ ਤੁਰਦੀਆਂ ਤਕੜੇ ਜੁੱਸਿਆਂ ਵਾਲੀਆਂ ਔਰਤਾਂ ਸਨ। ਪਹਿਲਾਂ ਤਾਂ, ਮੈਂ ਉਨ੍ਹਾਂ ਵੱਲ ਕੋਈ ਧਿਆਨ ਨਾ ਦਿੱਤਾ। ਫਿਰ ਮੈਂ ਦੇਖਿਆ ਕਿ ਜਦੋਂ ਮੈਂ ਤੇਜ਼ ਤੁਰਦੀ ਸੀ, ਉਹ ਤੇਜ਼ ਤੁਰਨ ਲੱਗਦੀਆਂ, ਜਦੋਂ ਮੈਂ ਖੱਬੇ ਮੁੜਦੀ, ਉਹ ਵੀ ਮੇਰੇ ਮਗਰ ਮੁੜ ਪੈਂਦੀਆਂ; ਅਤੇ ਜਦੋਂ ਮੈਂ ਸੱਜੇ ਪਾਸੇ ਚਲੀ ਗਈ, ਉਹ ਵੀ ਉੱਥੇ ਆ ਗਈਆਂ ਸਨ! ਜੇ ਉਹ ਔਰਤਾਂ ਸ਼ਰੀਫ ਨਾ ਹੁੰਦੀਆਂ, ਮੈਂ ਉਨ੍ਹਾਂ ਦਾ ਨਾਲ ਨਾਲ ਚੱਲਣਾ ਕਦੇ ਬਰਦਾਸ਼ਤ ਨਹੀਂ ਸੀ ਕਰਨਾ। ਫਿਰ ਵੀ, ਹਰ ਪਲ ਮੇਰੀ ਸ਼ੱਕ ਵਧਦੀ ਜਾ ਰਹੀ ਸੀ।

ਅਸੀਂ ਸ਼ਮਸ਼ਾਨਘਾਟ ਤੋਂ ਚੱਲ ਪਏ, ਅਤੇ ਉਹ ਵੀ ਮੇਰੇ ਪਿੱਛੇ ਪਿੱਛੇ ਚੱਲਦੀਆਂ ਰਹੀਆਂ। ਇਸ ਸਮੇਂ "ਵਿਦਿਆਰਥਣ" ਆ ਕੇ, ਮੈਨੂੰ ਆਪਣੀ ਸਲਾਹ ਮੁੜ ਦੇਣ ਲੱਗੀ।

"ਆਪਾਂ ਟੈਕਸੀ ਲੈ ਲਈਏ, ਡੋਲੋਰਸ, ਤੁਸੀਂ ਥੱਕ ਗਏ ਹੋ।"

"ਮੈਂ ਤੁਰਨ ਦੀ ਆਦੀ ਹਾਂ," ਮੈਂ ਆਖਿਆ। "ਮੈਨੂੰ ਕਾਰ ਦੀ ਜ਼ਰੂਰਤ ਨਹੀਂ ਹੈ। ਮੈਂ ਸਾਥੀਆਂ ਦੇ ਨਾਲ ਹੀ ਜਾਵਾਂਗੀ।"

"ਤੁਸੀਂ ਸਹੀ ਕਰ ਰਹੇ ਹੋ," ਮੇਰੇ ਪਿੱਛਿਉਂ ਆਵਾਜ਼ ਆਈ। "ਤੁਸੀਂ ਸਾਡੇ ਵਿਚੋਂ ਇਕ ਹੋ ਅਤੇ ਤੁਸੀਂ ਸਾਡੇ ਨਾਲ ਹੀ ਚੱਲੋ।"

ਮੈਂ ਪਿੱਛੇ ਮੁੜੀ ਤੇ ਮੇਰੇ ਦਿਲ ਦੀ ਧੜਕਣ ਹੌਲੀ ਹੋ ਗਈ। ਮੇਰੇ ਦੋਵੇਂ ਪ੍ਰਛਾਵਿਆਂ ਨੇ ਮੇਰਾ ਸਵਾਗਤ ਮੁਸਕਰਾਕੇ ਕੀਤਾ।

"ਸਾਡੇ ਪਿੱਛੇ-ਪਿੱਛੇ ਚੱਲਦੇ ਰਹਿਣ ਕਰਕੇ ਤੁਸੀਂ ਸਾਡੇ ਤੋਂ ਪਰੇਸ਼ਾਨ ਸੀ, ਹੈ ਨਾ?"

"ਹਾਂ। ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਇਕ ਸਕਿੰਟ ਵੀ ਮੇਰਾ ਖਹਿੜਾ ਨਹੀਂ ਛੱਡਿਆ।"

"ਬਹੁਤ ਸਿੱਧੀ ਜਹੀ ਗੱਲ ਹੈ," ਉਨ੍ਹਾਂ ਵਿਚੋਂ ਇਕ ਕਹਿਣ ਲੱਗੀ। "ਇੱਥੇ ਬਹੁਤ ਕੁਝ ਇਵੇਂ ਹੀ ਅਜੀਬ ਹੋ ਰਿਹਾ ਹੈ ਅਤੇ ਅਸੀਂ ਪਿੱਛੋਂ ਤੁਹਾਡੀ ਹਿਫ਼ਾਜ਼ਤ ਕਰਨਾ ਚਾਹੁੰਦੀਆਂ ਸੀ। ਜੇ ਕੋਈ ਤੁਹਾਡੇ ਨੇੜੇ ਆ ਕੇ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ, ਉਹ ਪਛਤਾਵੇ

ਲਈ ਜ਼ਿੰਦਾ ਨਾ ਰਹਿੰਦਾ। ਜ਼ਰਾ ਦੇਖੋ।" ਉਸ ਨੇ ਪ੍ਰਸਿੱਧ ਘਾਤਕ ਛੁਰਾ ਜੇਬ 'ਚੋਂ ਬਾਹਰ ਕੱਢਕੇ ਦਿਖਾਇਆ।

"ਇਹ ਨਾ ਸਮਝਿਓ ਮੈਂ ਮਜ਼ਾਕ ਕਰ ਰਹੀ ਹਾਂ। ਮੈਂ ਆਪਣੇ ਚਾਚੇ ਦਾ ਸਿਰ ਚਿੱਪ ਦੇਣ ਕਰਕੇ ਤਿੰਨ ਸਾਲ ਅਲਕਾਲਾ ਜੇਲ੍ਹ 'ਚ ਕੈਦ ਕੱਟੀ ਸੀ ਜੋ ਸੋਚਦਾ ਸੀ ਕਿ ਮੇਰੀ ਗਰੀਬੀ ਦੀ ਮਜਬੂਰੀ ਦਾ ਲਾਹਾ ਲੈ ਕੇ ਉਹ ਮੌਜ ਨਾਲ ਹੀ ਮੈਨੂੰ ਭੋਗ ਲਿਆ ਕਰੇਗਾ।" ਉਸ ਨੇ ਮੈਨੂੰ ਆਪਣੀ ਦਰਦ ਕਹਾਣੀ ਸੁਣਾਈ, ਜੋ ਸਾਡੇ ਦੇਸ਼ ਦੀਆਂ ਅਨੇਕਾਂ ਔਰਤਾਂ ਦੀ ਕਹਾਣੀ ਵਰਗੀ ਸੀ।

ਮੈਂ ਹਿਫ਼ਾਜ਼ਤ ਕਰਨ ਲਈ ਇਨ੍ਹਾਂ ਔਰਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਮੈਨੂੰ ਆਪਣਾ ਸਿਰਨਾਵਾਂ ਦੇ ਦਿੱਤਾ ਤੇ ਮੈਂ ਉਨ੍ਹਾਂ ਦੇ ਘਰ ਆਉਣ ਦਾ ਵਾਅਦਾ ਕੀਤਾ। ਅਗਲੇ ਦਿਨ ਸਵੇਰੇ, ਮੈਂ ਹੋਰ ਸਾਥੀਆਂ ਨੂੰ ਲੈ ਕੇ ਉਨ੍ਹਾਂ ਦੇ ਘਰ ਗਈ। ਉਹ ਮੱਛੀ ਦੀ ਰੇਹੜੀ ਲਾਉਂਦੀਆਂ ਸਨ, ਉਨ੍ਹਾਂ ਦੀ ਜ਼ਿੰਦਗੀ ਔਖੀ ਤੇ ਦੁਸ਼ਵਾਰੀਆਂ ਭਰੀ ਸੀ। ਉਨ੍ਹਾਂ ਨੂੰ ਮੁਸ਼ਕਲ ਨਾਲ ਹੀ ਢਿੱਡ ਭਰਨ ਜੋਗੀ ਕਮਾਈ ਹੁੰਦੀ ਸੀ। ਉਨ੍ਹਾਂ ਕੋਲ ਇਕ ਘਰ ਸੀ, ਜੇ ਤੁਸੀਂ ਟੀਨਾਂ ਦੀ ਛੱਤ ਅਤੇ ਬਕਸਿਆਂ ਦੀਆਂ ਫੱਟੀਆਂ ਜੋੜਕੇ ਬਣਾਕੇ ਇਸ ਘੁਰਨੇ ਨੂੰ ਘਰ ਕਹਿ ਸਕੋ, ਦੂਜੇ ਇਲਾਕਿਆਂ 'ਚ ਮੱਛੀ ਲਿਜਾਣ ਦੇ ਕੰਮ ਆਉਂਦਾ ਖੋਤਾ ਸੀ, ਇਕ ਬੱਕਰੀ ਅਤੇ ਕੁਝ ਖ਼ਰਗੋਸ਼ ਸਨ। ਇਹ ਸੀ ਉਨ੍ਹਾਂ ਦਾ ਸਭ ਕੁਝ, ਜੋ ਉਨ੍ਹਾਂ ਨੇ ਤੁਰੰਤ ਸਾਡੀ ਸੇਵਾ 'ਚ ਪੇਸ਼ ਕਰ ਦਿੱਤਾ।

"ਪਾਰਟੀ ਨੂੰ ਲੋੜ ਹੈ ਤਾਂ ਅਸੀਂ ਸਭ ਕੁਝ ਦੇ ਦਿਆਂਗੀਆਂ। ਅਸੀਂ ਇਨ੍ਹਾਂ ਚੀਜ਼ਾਂ ਤੋਂ ਬਗ਼ੈਰ ਸਾਰ ਲਵਾਂਗੀਆਂ।"

"ਤੁਹਾਡਾ ਬਹੁਤ-ਬਹੁਤ ਧੰਨਵਾਦ, ਪਰ ਪਾਰਟੀ ਗ਼ੈਰ-ਜ਼ਰੂਰੀ ਕੁਰਬਾਨੀਆਂ ਦੀ ਮੰਗ ਨਹੀਂ ਕਰਦੀ।"

"ਚੰਗਾ! ਪਰ ਅਸੀਂ ਸਿਰਫ਼ ਐਨਾ ਹੀ ਨਹੀਂ ਕਰਾਂਗੀਆਂ, ਜੇ ਲੋੜ ਪਈ ਤਾਂ ਪਾਰਟੀ ਲਈ ਆਪਣੀਆਂ ਜਾਨਾਂ ਵਾਰ ਦਿਆਂਗੀਆਂ।"

ਪਾਰਟੀ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਇਹ ਦੋਵੇਂ ਸਾਧਾਰਨ ਔਰਤਾਂ ਲੋਹੜੇ ਦੀਆਂ ਸੰਜੀਦਾ ਸਨ।

ਜਦੋਂ ਅਸੀਂ ਜਾਣ ਲੱਗੇ, ਉਨ੍ਹਾਂ ਨੇ ਸਾਨੂੰ ਆਪਣੀ ਇਕ ਸਹੇਲੀ ਨੂੰ ਮਿਲਕੇ ਜਾਣ ਦੀ ਗੁਜ਼ਾਰਿਸ਼ ਕੀਤੀ ਜੋ ਉਨ੍ਹਾਂ ਦੀ ਬਸਤੀ 'ਚ ਹੀ ਰਹਿੰਦੀ ਸੀ। ਰਸਤੇ 'ਚ ਉਨ੍ਹਾਂ ਨੇ ਇਸ ਦੀ ਵਜ੍ਹਾ ਦੱਸੀ। ਉਹ ਉਸੇ ਜ਼ਿਲ੍ਹੇ 'ਚ ਰਹਿੰਦੇ ਕੁਝ ਕਮਿਊਨਿਸਟ ਵਿਰੋਧੀਆਂ ਨੂੰ ਇਹ ਦਿਖਾਉਣਾ ਚਾਹੁੰਦੀਆਂ ਸਨ ਕਿ ਕਮਿਊਨਿਸਟ ਡਿਪਟੀ ਕਿਵੇਂ ਮਜ਼ਦੂਰਾਂ ਦੇ ਘਰਾਂ 'ਚ ਚਲੇ ਜਾਂਦੇ ਹਨ, ਜਦੋਂਕਿ ਉਨ੍ਹਾਂ ਦੇ ਆਪਣੇ ਡਿਪਟੀ ਨੂੰ, ਵੋਟਾਂ ਲੈਣ ਤੋਂ ਬਾਦ, ਉਨ੍ਹਾਂ ਦਾ ਕਦੇ ਚੇਤਾ ਹੀ ਨਹੀਂ ਰਹਿੰਦਾ। ਸਾਨੂੰ ਉਨ੍ਹਾਂ ਦੇ ਭੋਲੇਪਣ 'ਤੇ ਹਾਸਾ ਆ ਗਿਆ ਅਤੇ ਉਨ੍ਹਾਂ ਦੀ ਸਹੇਲੀ ਦੇ ਘਰ ਜਾਣ ਤੋਂ ਬਾਦ, ਅਸੀਂ ਉਨ੍ਹਾਂ ਤੋਂ ਇਜਾਜ਼ਤ ਮੰਗੀ।

"ਛੇਤੀ ਗੇੜਾ ਮਾਰਿਉ।" ਉਹ ਕਹਿਣ ਲੱਗੀਆਂ। "ਅਸੀਂ ਸਾਰੀਆਂ ਪਾਰਟੀ ਮੀਟਿੰਗਾਂ 'ਚ ਜਾਇਆ ਕਰਾਂਗੀਆਂ ਅਤੇ ਹਮੇਸ਼ਾ ਤੁਹਾਡੇ ਅੰਗ-ਸੰਗ ਰਿਹਾ ਕਰਾਂਗੀਆਂ।"

ਅਤੇ ਐਹੋ ਜਹੀਆਂ ਸਨ ਉਹ। ਪਾਰਟੀ ਦੀਆਂ ਸਭਨਾਂ ਸਰਗਰਮੀਆਂ ਮੌਕੇ, ਉਹ ਪਹਿਲੀ ਕਤਾਰ 'ਚ ਅਡੋਲ, ਹਰ ਸਮੇਂ ਚੁਕੰਨੀਆਂ ਅਤੇ ਹਰ ਪਲ ਮੇਰੇ ਅੰਗ-ਸੰਗ ਰਹਿਕੇ ਧਿਆਨ ਰੱਖਦੀਆਂ।

[ 32 ]

# ਮੈਡਰਿਡ ਦੀ ਰਾਖੀ

ਤਲਾਵੇਰਾ ਅਤੇ ਟੋਲੈਡੋ ਦੀ ਹਾਰ ਹੋ ਜਾਣ ਤੋਂ ਪਿੱਛੋਂ, ਰਾਜਧਾਨੀ ਵੱਲ ਦੁਸ਼ਮਣ ਦੀ ਚੜ੍ਹਾਈ ਦਾ ਟਾਕਰਾ ਕਰਨ ਦੀ ਇਕੋ ਇਕ ਸੰਭਵ ਥਾਂ ਮੈਡਰਿਡ ਨੇੜਲੇ ਕਸਬੇ ਸਨ। ਇਨ੍ਹਾਂ ਥਾਵਾਂ ਦੀ ਰਾਖੀ ਦਾ ਕੰਮ ਸੰਭਾਲਣਾ ਮਿਲੀਸ਼ੀਆ ਦੇ ਵੱਸ ਦੀ ਗੱਲ ਨਹੀਂ ਸੀ। ਗਿਣਤੀ ਪੱਖੋਂ ਵੱਧ, ਮੋਰੱਕੋ ਦੀ ਘੋੜ-ਸਵਾਰ ਫ਼ੌਜ ਨੇ ਕਹਿਰ ਵਰਤਾ ਦਿੱਤਾ ਅਤੇ ਕਸਬੇ ਤੇ ਖੇਤ ਤਬਾਹ ਕਰ ਦਿੱਤੇ।

ਸਾਡੇ ਪਾਰਟੀ ਆਗੂਆਂ ਨੇ ਮੈਡਰਿਡ ਦੀ ਰਾਖੀ ਦਾ ਗੰਭੀਰ ਮਾਮਲਾ ਵਿਚਾਰਨ ਲਈ ਮੀਟਿੰਗ ਕੀਤੀ। ਭਾਵੇਂ ਕੁਝ ਵੀ ਹੋ ਜਾਵੇ, ਕਿਸੇ ਵੀ ਕੀਮਤ 'ਤੇ ਮੈਡਰਿਡ ਨੂੰ ਬਚਾਉਣਾ ਜ਼ਰੂਰੀ ਸੀ। ਮੈਡਰਿਡ ਬਾਗ਼ੀਆਂ ਦੇ ਹੱਥ 'ਚ ਨਹੀਂ ਜਾਣਾ ਚਾਹੀਦਾ। ਸਾਨੂੰ ਸਾਰਿਆਂ ਨੂੰ ਇਹ ਸਾਫ਼ ਸੀ ਕਿ ਗਣਰਾਜ ਦੀ ਕਾਮਯਾਬੀ ਦੀ ਕੁੰਜੀ ਮੈਡਰਿਡ ਦੀ ਰਾਖੀ ਸੀ। ਅਤੇ ਅਸੀਂ ਲੋਕਾਂ ਅਤੇ ਸਰਕਾਰ ਨੂੰ ਇਹ ਸਮਝਾਉਣ ਲਈ ਸਾਰੇ ਵਸੀਲੇ ਝੋਕ ਦਿੱਤੇ।

ਲੋਕ ਸਮਝ ਗਏ ਅਤੇ ਉਨ੍ਹਾਂ ਨੇ ਸਾਡੇ ਯਤਨਾਂ ਦੀ ਹਮਾਇਤ ਕੀਤੀ। ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਮੈਡਰਿਡ ਵਰਗੇ ਖੁੱਲ੍ਹੇ ਸ਼ਹਿਰ ਦੀ ਰਾਖੀ ਕਰਨਾ ਸੰਭਵ ਨਹੀਂ ਸੀ, ਉਨ੍ਹਾਂ ਵੱਲੋਂ ਕੀਤੀ ਜਾ ਰਹੀ ਦੇਰ ਅਤੇ ਖਿੜ੍ਹਕਣਬਾਜ਼ੀਆਂ ਦੇ ਮੱਦੇਨਜ਼ਰ ਅਸੀਂ ਲੋਕਾਂ ਨੂੰ ਮੋਰਚਾਬੰਦੀਆਂ ਉਸਾਰਨ ਦਾ ਸੱਦਾ ਦਿੱਤਾ। ਅਸੀਂ ਗੈਂਤੀਆਂ ਅਤੇ ਬੇਲਚੇ ਚੁੱਕਕੇ ਮਿਸਾਲ ਕਾਇਮ ਕੀਤੀ ਅਤੇ ਮੈਡਰਿਡ ਦੇ ਆਲੇ-ਦੁਆਲੇ ਮੋਰਚਾਬੰਦੀਆਂ ਦਾ ਘੇਰਾ ਵਲ਼ ਦਿੱਤਾ। ਹਰ ਰੋਜ਼, ਹਜ਼ਾਰਾਂ ਮਰਦ ਤੇ ਔਰਤਾਂ, ਨੌਜਵਾਨ ਅਤੇ ਬਜ਼ੁਰਗ, ਇੱਥੋਂ ਤੱਕ ਕਿ ਬੱਚੇ ਵੀ, ਖੰਦਕਾਂ ਅਤੇ ਟੈਂਕ-ਰੋਕੂ ਖੱਡੇ ਪੁੱਟਣ ਅਤੇ ਸਾਡੇ ਪਿਆਰੇ ਮੈਡਰਿਡ ਦੁਆਲੇ ਸੁਰੱਖਿਆ ਵਾੜ ਉਸਾਰਨ 'ਚ ਸਾਡੇ ਨਾਲ ਜੁੱਟ ਜਾਂਦੇ। ਪੰਜਵੀਂ ਰੈਜੀਮੈਂਟ ਨੇ ਰਾਜਧਾਨੀ ਦੀ ਸੁਰੱਖਿਆ ਜਥੇਬੰਦ ਕਰਨ 'ਚ ਪਾਰਟੀ ਦੀ ਸੱਜੀ ਬਾਂਹ ਬਣਕੇ ਕੰਮ ਕੀਤਾ।

ਪਰ ਯੂਰਪ ਦੀ ਇਕ ਸਭ ਤੋਂ ਬਿਹਤਰ ਲੈਸ ਫ਼ੌਜ ਦਾ ਮੁਕਾਬਲਾ ਫ਼ੌਜ ਅਤੇ ਢੁੱਕਵੇਂ ਹਥਿਆਰਾਂ ਤੋਂ ਬਗ਼ੈਰ ਕਰਨਾ ਐਨਾ ਸੁਖਾਲਾ ਕੰਮ ਨਹੀਂ ਸੀ। ਸਿਰਫ਼ ਲੋਕਾਂ ਦੀ ਇੱਛਾ-ਸ਼ਕਤੀ, ਆਖ਼ਰੀ ਇੱਟ ਤੱਕ ਰਾਜਧਾਨੀ ਦੀ ਰਾਖੀ ਕਰਨ ਲਈ ਜਨਤਾ ਦਾ ਫ਼ੈਸਲਾ ਅਤੇ ਦ੍ਰਿੜ ਇਰਾਦਾ ਹੀ ਸ਼ਹਿਰ ਨੂੰ ਬਚਾ ਸਕਦਾ ਸੀ।

ਕਮਿਊਨਿਸਟ ਪਾਰਟੀ ਅਤੇ ਪੰਜਵੀਂ ਰੈਜੀਮੈਂਟ ਨੇ ਆਪਣੇ ਦ੍ਰਿੜ ਇਰਾਦੇ ਦਾ ਸੰਚਾਰ ਕਰਕੇ ਲੋਕਾਂ ਦੀ ਲੜਨ ਦੀ ਇੱਛਾ-ਸ਼ਕਤੀ ਅਤੇ ਕੁਰਬਾਨੀ ਦਾ ਜਜ਼ਬਾ ਜਗਾਉਣ ਲਈ ਪੂਰਾ ਤਾਣ ਲਾ ਦਿੱਤਾ। ਯੂਨਾਈਟਿਡ ਸਮਾਜਵਾਦੀ ਨੌਜਵਾਨ ਇਨ੍ਹਾਂ ਕੋਸ਼ਿਸ਼ਾਂ 'ਚ ਸ਼ਾਮਲ ਹੋਏ ਅਤੇ ਇਨ੍ਹਾਂ ਦੀਆਂ ਸਫ਼ਾਂ ਵਿਚੋਂ ਅਣਗਿਣਤ ਸੂਰਮੇ ਅੱਗੇ ਆਏ।

ਮੈਡਰਿਡ ਦੇ ਆਲੇ-ਦੁਆਲੇ ਦੁਸ਼ਮਣ ਦਾ ਘੇਰਾ ਤੰਗ ਹੁੰਦਾ ਜਾ ਰਿਹਾ ਸੀ। ਯੂਨੀਵਰਸਿਟੀ ਸ਼ਹਿਰੀ ਖੇਤਰ 'ਚ ਲੜਾਈ ਹੋਈ; ਕਲਿਨੀਕਲ ਹਸਪਤਾਲ ਦਾ ਇਕ ਹਿੱਸਾ ਮਿਲੀਸ਼ੀਆ ਦੇ

ਕਬਜ਼ੇ 'ਚ ਸੀ ਅਤੇ ਦੂਜਾ ਹਿੱਸਾ ਬਾਗ਼ੀਆਂ ਕੋਲ। ਲੜਾਈ ਦੌਰਾਨ ਕਾਸਾ ਡੀ ਵੇਲਜ਼ਕੁਏਜ਼ ਨੂੰ ਅੱਗ ਲਾ ਦਿੱਤੀ ਗਈ ਸੀ, ਇ J ਦੁਸ਼ਮਣ ਦੇ ਕਬਜ਼ੇ 'ਚ ਚਲਾ ਗਿਆ। ਮਿਲੀਸ਼ੀਆ ਨੇ ਇਸ ਨੂੰ ਸਾੜਕੇ, ਮੈਡਰਿਡ ਅੰਦਰ ਬਾਗ਼ੀਆਂ ਦਾ ਇਕ ਲਾਹੇਵੰਦਾ ਟਿਕਾਣਾ ਤਬਾਹ ਕਰ ਦਿੱਤਾ ਸੀ।

ਪਹਿਲਾਂ ਤਾਂ ਜੰਗ-ਮੰਤਰਾਲੇ ਤੇ ਇਸ ਦੇ ਸਲਾਹਕਾਰਾਂ ਨੇ ਖਾਈਆਂ ਤੇ ਮੋਰਚੇ ਉਸਾਰਨ ਤੋਂ ਹੀ ਨਾਂਹ ਕਰ ਦਿੱਤੀ ਸੀ। ਉਹ ਖਾਈਆਂ ਦੀ ਲੜਾਈ ਨੂੰ ਗ਼ੈਰ-ਫ਼ੌਜੀ ਸਮਝਦੇ ਸਨ, ਹੁਣ ਉਹ ਦੁਸ਼ਮਣ ਦੇ ਤੋਪਖ਼ਾਨੇ ਅਤੇ ਮਸ਼ੀਨਗੰਨਾਂ ਦੀ ਗੋਲਾਬਾਰੀ ਹੇਠ ਫਟਾਫਟ ਖਾਈਆਂ ਦੀ ਉਸਾਰੀ ਕਰਾਉਣ ਲੱਗ ਪਏ।

ਖਾਈਆਂ ਪੁੱਟਣ ਦੀ ਲੋੜ ਅਤੇ ਮੱਧਯੁੱਗ ਵਾਂਗ ਲੋਹ-ਟੋਪ ਪਹਿਨਕੇ—ਆਹਮਣੇ-ਸਾਹਮਣੇ —ਲੜਾਈ ਜਾਰੀ ਰੱਖਣ ਪ੍ਰਤੀ ਸਰਕਾਰ ਦੀ ਬੇਸਮਝੀ 'ਤੇ ਟਿੱਪਣੀ ਕਰਦਿਆਂ ਫਾਸ਼ੀਵਾਦ ਵਿਰੋਧੀ ਯੋਧੇ, ਜਰਮਨ ਫ਼ੌਜ ਦੇ ਸਾਬਕਾ ਅਫ਼ਸਰ, ਲੇਖਕ ਲੁਡਵਿਗ ਰੈਂਨ ਨੇ 26 ਅਕਤੂਬਰ 1936 ਨੂੰ *ਮੁੰਡੋ ਓਬਰੇਰੋ* ਦੇ ਕਾਲਮਾਂ 'ਚ ਮਿਲੀਸ਼ੀਆ ਵਾਲਿਆਂ ਨੂੰ ਸੰਬੋਧਨ ਹੋ ਕੇ ਲਿਖਿਆ: "ਖਾਈ ਵਿਚਲੇ ਸੈਨਿਕ ਨੂੰ ਦੁਸ਼ਮਣ ਦੇ ਹਵਾਈ-ਜਹਾਜ਼ਾਂ ਜਾਂ ਰਸਾਲੇ ਤੋਂ ਡਰਨ ਦੀ ਲੋੜ ਨਹੀਂ ਹੁੰਦੀ। ਜੇ ਤੁਸੀਂ ਖਾਈ 'ਚ ਹੋ ਤਾਂ ਟੈਂਕ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ। ਲੜਾਈ ਮਘੀ ਹੋਣ 'ਤੇ ਜ਼ਮੀਨ ਉੱਤੇ ਲੇਟ ਜਾਣਾ ਬੁਜ਼ਦਿਲੀ ਨਹੀਂ ਹੈ। ਇਕ ਚੰਗੇ ਸੈਨਿਕ ਲਈ ਆਪਣੀ ਜਾਨ ਬਚਾਉਣੀ ਜ਼ਰੂਰੀ ਹੈ, ਕਿਉਂਕਿ ਸਿਰਫ਼ ਜ਼ਿੰਦਾ ਆਦਮੀ ਹੀ ਲੜਾਈ ਜਾਰੀ ਰੱਖ ਸਕਦੇ ਹਨ।"

ਹਜ਼ਾਰਾਂ ਔਰਤਾਂ ਅਤੇ ਬੱਚਿਆਂ ਨੂੰ ਮੈਡਰਿਡ ਤੋਂ ਲੇਵਾਂਤੇ ਭੇਜ ਦਿੱਤਾ ਗਿਆ। ਸੱਤਾ ਅਧਿਕਾਰੀਆਂ ਅਤੇ ਲੜਾਕੂਆਂ ਲਈ ਇਹ ਲਗਾਤਾਰ ਚਿੰਤਾ ਬਣੇ ਹੋਏ ਸਨ ਕਿਉਂਕਿ ਹਾਲਤ ਵਿਗੜਨ 'ਤੇ ਪਹਿਲਾ ਕਹਿਰ ਇਨ੍ਹਾਂ 'ਤੇ ਢਹਿਣਾ ਸੀ।

ਪੂਰਾ ਅਕਤੂਬਰ ਮਹੀਨਾ, ਪੰਜਵੀਂ ਰੈਜੀਮੈਂਟ ਸ਼ਹਿਰ ਦੀ ਸੁਰੱਖਿਆ ਦੇ ਜ਼ੋਰਦਾਰ ਇੰਤਜ਼ਾਮਾਂ 'ਚ ਜੁਟੀ ਰਹੀ ਸੀ। 9 ਅਕਤੂਬਰ ਨੂੰ, ਪੰਜਵੀਂ ਰੈਜੀਮੈਂਟ ਦੇ ਕਾਮੀਸਾਰਾਂ ਨੂੰ ਟਾਕਰੇ ਵਾਸਤੇ ਸਿਆਸੀ ਤੌਰ 'ਤੇ ਤਿਆਰ ਕਰਨ ਲਈ ਕੀਤੀ ਤਕਰੀਰ 'ਚ ਲਿਸਟਰ ਨੇ ਰਾਜਧਾਨੀ ਦੀ ਰਾਖੀ ਲਈ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ:

"ਸਾਨੂੰ ਮੈਡਰਿਡ ਦੀ ਰਾਖੀ ਲਾਜ਼ਮੀ ਹੀ ਜਥੇਬੰਦ ਕਰਨੀ ਚਾਹੀਦੀ ਹੈ, ਮੈਡਰਿਡ ਨੂੰ ਫਾਸ਼ੀਵਾਦ ਦੀ ਕਬਰ ਅਤੇ ਪੂਰੇ ਸਪੇਨ 'ਚ ਬਾਗ਼ੀਆਂ ਵਿਰੁੱਧ ਸਾਡੀਆਂ ਤਾਕਤਾਂ ਦੇ ਵੱਡੇ ਆਮ ਹਮਲੇ ਦੀ ਸ਼ੁਰੂਆਤ ਬਣਾ ਦੇਣਾ ਚਾਹੀਦਾ ਹੈ।" ਉਸ ਨੇ "ਸਖ਼ਤ ਤੋਂ ਸਖ਼ਤ ਜ਼ਾਬਤੇ" ਦਾ ਸੱਦਾ ਦਿੱਤਾ। "ਜ਼ਾਬਤੇ ਦੀ ਘਾਟ ਦਾ ਸਿੱਟਾ ਪਿੱਛੇ ਹਟਣ 'ਚ, ਸਫ਼ਾਂ ਦੇ ਖਿੰਡ ਜਾਣ 'ਚ ਨਿੱਕਲਦਾ ਹੈ। ਇਸ 'ਚੋਂ ਬੁਜ਼ਦਿਲੀ ਜਨਮ ਲੈਂਦੀ ਹੈ; ਇਹ ਹਾਰ ਦਾ ਕਾਰਣ ਬਣਦਾ ਹੈ। ਜਿਹੜਾ ਵੀ ਕੋਈ ਜ਼ਾਬਤਾ ਤੋੜਦਾ ਹੈ ਉਹ ਦੁਸ਼ਮਣ ਦੀ ਸੇਵਾ 'ਚ ਲੱਗਿਆ ਭੰਨਤੋੜਵਾਦੀ ਹੈ। ਉਹ ਐਸਾ ਗ਼ੱਦਾਰ ਹੈ ਜੋ ਦੁਸ਼ਮਣ ਦੇ ਏਜੰਟਾਂ ਦਾ ਕੰਮ ਸੁਖਾਲਾ ਬਣਾਉਂਦਾ ਹੈ। ਮੈਡਰਿਡ ਦੇ ਸਾਰੇ ਲੋਕਾਂ ਨੂੰ ਸ਼ਹਿਰ ਦੀ ਮੋਰਚਾਬੰਦੀ 'ਚ ਹਿੱਸਾ ਲੈਣਾ ਚਾਹੀਦਾ ਹੈ। ਪੰਜਵੀਂ ਰੈਜੀਮੈਂਟ ਸਭ ਤੋਂ ਵੱਧ ਖ਼ਤਰੇ ਵਾਲੀਆਂ ਥਾਵਾਂ 'ਤੇ ਡਟੀ ਰਹੇਗੀ। ਫਾਸ਼ੀਵਾਦ ਨੂੰ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ।"

ਹਰ ਰੋਜ਼ ਪੰਜਵੀਂ ਰੈਜੀਮੈਂਟ ਦਾ ਅਖ਼ਬਾਰ, *ਪਾਪੂਲਰ ਮਿਲੀਸ਼ੀਆ*, ਲੋਕਾਂ ਨੂੰ ਵੱਧ ਅਹਿਮ ਅਪੀਲਾਂ ਕਰਦਾ: "ਹਰ ਘਰ ਨੂੰ ਕਿਲ੍ਹਾ ਬਣਾ ਦਿਉ! ਹਰੇਕ ਗਲੀ ਨੂੰ ਖਾਈ ਬਣਾ ਦਿਉ! ਹਰੇਕ ਮੁਹੱਲੇ ਨੂੰ ਲੋਹੇ ਦੀ ਦੀਵਾਰ ਅਤੇ ਲੜਾਕੂ ਬਣਾ ਦਿਉ!"

2 ਨਵੰਬਰ 1936 ਨੂੰ, ਹਾਲਤ ਦੀ ਨਜ਼ਾਕਤ ਨੂੰ ਦੇਖਦਿਆਂ, ਕਮਿਊਨਿਸਟ ਪਾਰਟੀ ਨੇ ਲੜਾਕੂਆਂ ਅਤੇ ਆਮ ਲੋਕਾਂ ਨੂੰ ਮੈਡਰਿਡ ਦੀ ਰਾਖੀ ਲਈ ਸਿਰਤੋੜ ਕੋਸ਼ਿਸ਼ਾਂ ਜੁਟਾਉਣ ਦਾ ਸੱਦਾ ਦਿੱਤਾ, ਜੋ ਇਸ ਸਮੇਂ "ਦੁਸ਼ਮਣ ਦਾ ਮਨੋਇੱਛਤ ਸ਼ਿਕਾਰ" ਅਤੇ "ਗਣਰਾਜੀ ਸਪੇਨ ਦਾ ਕੇਂਦਰ ਸੀ। ਇਸ ਨੇ ਵਿਸ਼ੇਸ਼ ਤੌਰ 'ਤੇ ਕਮਿਊਨਿਸਟਾਂ ਨੂੰ ਸੱਦਾ ਦਿੱਤਾ: "ਮੈਡਰਿਡ ਦੀ ਰਾਖੀ ਲਈ ਮੂਹਰੀਆਂ ਕਤਾਰਾਂ 'ਚ ਆ ਜਾਓ! ਹੋਰਨਾਂ ਨਾਲੋਂ ਅਸੀਂ ਕਾਮਰੇਡ, ਹਰੇਕ ਘਾਲਣਾ ਤੇ ਕੁਰਬਾਨੀ ਲਈ, ਮੁਕਤੀ ਦੇ ਕਾਜ਼, ਲੋਕਾਂ ਦੇ ਕਾਜ਼ ਦੀ ਰਾਖੀ ਲਈ ਖ਼ੂਨ ਦਾ ਆਖ਼ਰੀ ਕਤਰਾ ਵਹਾਉਣ ਲਈ, ਅੱਗੇ ਆਉਣ ਦੇ ਫਰਜ਼ ਦੇ ਪਾਬੰਦ ਹਾਂ।" ਇਸ ਨੇ ਮੈਡਰਿਡ ਖ਼ਾਤਰ ਦੇਸ਼-ਵਿਆਪੀ ਮਦਦ ਦੀ ਅਪੀਲ ਕੀਤੀ: "ਆਓ, ਮੈਡਰਿਡ ਦੀ ਰਾਖੀ ਕਰੀਏ ਅਤੇ ਅਸੀਂ ਸਪੇਨ ਨੂੰ ਬਚਾ ਲਵਾਂਗੇ..... ਮੈਡਰਿਡ ਅਜਿੱਤ ਰਹੇਗਾ, ਕਿਉਂਕਿ ਇਸ ਨੂੰ ਅਜਿੱਤ ਬਣਾਉਣ ਵਾਲੇ ਇਸ ਦੇ ਮਰਦ ਤੇ ਔਰਤਾਂ ਹਨ!"

ਦੁਸ਼ਮਣ ਮੈਡਰਿਡ ਦੁਆਲੇ ਫੰਦਾ ਕੱਸੀ ਜਾ ਰਿਹਾ ਸੀ। ਫਿਰ ਵੀ ਮਿਲੀਸ਼ੀਆ ਵਾਲਿਆਂ ਨੇ ਕੋਈ ਡਾਵਾਂਡੋਲਤਾ ਨਾ ਦਿਖਾਈ। ਤਿੰਨ ਮਹੀਨਿਆਂ ਦੇ ਟਾਕਰੇ 'ਚੋਂ ਲੰਘਕੇ ਸਪੇਨ ਦੇ ਲੋਕ ਸਿਆਸੀ ਤੌਰ 'ਤੇ ਪ੍ਰਪੱਕ ਹੋ ਗਏ ਸਨ। ਨਵੀਆਂ ਕਦਰਾਂ-ਕੀਮਤਾਂ ਉੱਭਰ ਆਈਆਂ ਸਨ ਅਤੇ ਇਨਕਲਾਬੀ ਉਭਾਰ ਨਾਲ 1931 'ਚ ਜਿਹੜੀਆਂ ਮਹਾਨ ਹਸਤੀਆਂ ਸਿਆਸੀ ਦ੍ਰਿਸ਼ 'ਤੇ ਉੱਭਰਕੇ ਸਾਹਮਣੇ ਆਈਆਂ ਸਨ ਉਨ੍ਹਾਂ ਦੀ ਅਸਲ ਮਹੱਤਤਾ ਹੁਣ ਪਛਾਣੀ ਜਾ ਸਕਦੀ ਸੀ।

ਰਾਜਧਾਨੀ ਉੱਪਰ ਹਮਲਾ ਹੋਣ ਵਾਲਾ ਸੀ, ਇਸ ਕਰਕੇ ਸਰਕਾਰ ਇਸ ਨੂੰ ਸੁਰੱਖਿਆ ਕੌਂਸਲ ਦੇ ਹਵਾਲੇ ਕਰਕੇ, ਜਿਸ ਦਾ ਪ੍ਰਧਾਨ ਮਿਆਜਾ ਸੀ, ਵੇਲੈਂਸੀਆ 'ਚ ਚਲੇ ਗਈ। ਨਵੀਂ ਸੁਰੱਖਿਆ ਕੌਂਸਲ 'ਚ ਲੋਕ ਮੁਹਾਜ਼ ਦੀਆਂ ਸਾਰੀਆਂ ਪਾਰਟੀਆਂ ਅਤੇ ਜਥੇਬੰਦੀਆਂ ਦੇ ਨੁਮਾਇੰਦੇ ਸਨ। ਕਮਿਊਨਿਸਟ ਪਾਰਟੀ ਸੁਰੱਖਿਆ ਕੌਂਸਲ ਦੀ ਰੀੜ੍ਹ ਦੀ ਹੱਡੀ ਸੀ, ਅਤੇ ਅਨਤੋਨੀਓ ਮਿਜੇ, ਡਿਆਗੁਏਜ਼ ਅਤੇ ਯੇਗ ਇਸ ਦੀ ਨੁਮਾਇੰਦਗੀ ਕਰਦੇ ਸਨ; ਸਮਾਜਵਾਦੀ ਨੌਜਵਾਨ ਜਥੇਬੰਦੀ ਦੇ ਨੁਮਾਇੰਦਿਆਂ, ਸਾਂਤਿਆਗੋ ਕੈਰਿਲੋ ਅਤੇ ਜੋਸ ਕੈਜ਼ੋਰਲਾ ਦਾ ਪੰਜਵੀਂ ਰੈਜੀਮੈਂਟ ਨਾਲ ਪੂਰਾ ਤਾਲਮੇਲ ਸੀ।

ਸੁਰੱਖਿਆ ਕੌਂਸਲ ਦਾ ਜ਼ਿੰਮਾ ਵਿਅਕਤੀਆਂ ਅਤੇ ਕੌਮ ਦੇ ਕਲਾਤਮਕ ਖ਼ਜ਼ਾਨਿਆਂ ਨੂੰ ਬਚਾਕੇ ਬਾਹਰ ਕੱਢਣਾ ਸੀ। ਇਸ ਦੀਆਂ ਕਾਰਵਾਈਆਂ ਦੀ ਬਦੌਲਤ, ਪਰਾਡੋ ਅਜਾਇਬਘਰ ਦੀਆਂ ਅਨੇਕਾਂ ਅਣਮੋਲ ਵਸਤਾਂ ਵਿਸਫੋਟਕ ਬੰਬਾਂ ਦੀ ਹੋਰ ਮਾਰ ਤੋਂ ਬਚ ਗਈਆਂ। ਬੰਬਾਰੀ ਕਾਰਣ ਕਲਾ-ਕ੍ਰਿਤਾਂ ਦਾ ਪਹਿਲਾਂ ਹੀ ਗੰਭੀਰ ਨੁਕਸਾਨ ਹੋ ਚੁੱਕਾ ਸੀ।

ਜਿਨ੍ਹਾਂ ਹਜ਼ਾਰਾਂ ਔਰਤਾਂ ਅਤੇ ਬੱਚਿਆਂ ਨੂੰ ਪਾਰਟੀ ਅਤੇ ਪੰਜਵੀਂ ਰੈਜੀਮੈਂਟ ਨੇ ਮੈਡਰਿਡ 'ਚੋਂ ਸੁਰੱਖਿਅਤ ਬਾਹਰ ਕੱਢਿਆ ਸੀ, ਇਸ ਤੋਂ ਇਲਾਵਾ ਸਪੇਨ ਦੇ ਸਿਰਕੱਢ ਬੁੱਧੀਜੀਵੀਆਂ ਨੂੰ ਮੈਡਰਿਡ 'ਚੋਂ ਬਾਹਰ ਨਿੱਕਲਣ ਅਤੇ ਲੇਵਾਂਤੇ ਜਾਂ ਹੋਰ ਦੇਸ਼ਾਂ 'ਚ ਚਲੇ ਜਾਣ 'ਚ ਵੀ ਮਦਦ ਕੀਤੀ ਗਈ ਸੀ। ਇਨ੍ਹਾਂ 'ਚੋਂ ਕੁਝ ਨੇ ਜੋ ਵਤੀਰਾ ਅਪਣਾਇਆ ਉਸ ਵਿਚੋਂ, ਫਾਸ਼ੀਵਾਦ ਦੀ ਜਿੱਤ ਨੂੰ ਰੋਕਣ ਲਈ ਲੋਕਾਂ ਵੱਲੋਂ ਦਿੱਤੀਆਂ ਅਥਾਹ ਕੁਰਬਾਨੀਆਂ ਬਾਰੇ ਬਹੁਤ ਘੱਟ ਸੂਝ ਝਲਕਦੀ ਸੀ ਜਦੋਂ ਕਿ ਬਾਕੀ ਦੇ, ਜਿਵੇਂ ਸੰਸਾਰ ਪ੍ਰਸਿੱਧ ਵਿਗਿਆਨੀ, ਮਹਾਨ ਭੌਤਿਕ ਵਿਗਿਆਨੀ, ਅਰਟੂਰੋ ਡੂਪੀਰੀਅਰ, ਵਰ੍ਹਿਆਂ ਬੱਧੀ ਜਲਾਵਤਨੀ ਸਮੇਂ ਅਤੇ ਸਪੇਨ ਵਾਪਸ ਆ ਕੇ ਸੱਚੇ ਜਮਹੂਰੀਅਤਪਸੰਦ ਬਣੇ ਰਹੇ। (ਫਰਾਂਕੋ ਤਾਨਾਸ਼ਾਹੀ ਨੇ ਉਸ ਨੂੰ ਉਸ ਦੇ ਘਰ 'ਚ ਬੰਦ ਰੱਖਿਆ ਅਤੇ ਪ੍ਰਮਾਣੂ ਭੌਤਿਕ ਵਿਗਿਆਨ ਦੀ ਖੋਜ ਜਾਰੀ ਰੱਖਣ ਲਈ ਲੋੜੀਂਦਾ ਸਹਿਯੋਗ

ਦੇਣ ਤੋਂ ਨਾਂਹ ਕਰ ਦਿੱਤੀ। ਸਿਰਫ਼ ਉਸ ਦੀ ਮੌਤ ਤੋਂ ਬਾਦ ਹੀ ਫਰਾਂਕੋ ਦੇ ਪੱਤਰਕਾਰਾਂ ਨੂੰ ਚੇਤਾ ਆਇਆ ਕਿ ਅਰਟੂਰੋ ਡੂਪੀਰੀਅਰ ਮਹਾਨ ਵਿਗਿਆਨੀ ਸੀ।)

ਜਿਨ੍ਹਾਂ ਲੋਕਾਂ ਨੂੰ ਮੈਡਰਿਡ ਵਿਚੋਂ ਨਿੱਕਲਣ 'ਚ ਪੰਜਵੀਂ ਰੈਜੀਮੈਂਟ ਨੇ ਮਦਦ ਕੀਤੀ, ਉਨ੍ਹਾਂ 'ਚੋਂ ਸਨ ਡਾ. ਮਾਰਾਨਨ, ਅਨਤੋਨੀਓ ਮਾਚਾਡੋ, ਪਿਊ ਡੈੱਲ ਰਿਓ ਹੌਰਟੇਗਾ, ਡਾ. ਸਾਂਚੇਜ਼ ਕੋਵਿਸਾ, ਐਨਰਿਕ ਮੋਲਜ਼, ਅਨਤੋਨੀਓ ਮੈਡਿਨਾਵੀਸ਼ੀਆ, ਡਾ. ਸੈਕਰਿਸਟਨ, ਜੋਸ ਮੈਰਿਨੋ ਵਿਲਾ ਅਤੇ ਅਨੇਕਾਂ ਹੋਰ। ਮੈਡਰਿਡ ਨੂੰ ਅਲਵਿਦਾ ਕਹਿੰਦੇ ਹੋਏ, ਸਪੇਨ ਦੀ ਵਿਗਿਆਨਕ ਅਤੇ ਬੌਧਿਕ ਜ਼ਿੰਦਗੀ ਦੇ ਮਾਣ, ਕੌਮਾਂਤਰੀ ਪ੍ਰਸਿੱਧੀ ਵਾਲੀਆਂ ਇਨ੍ਹਾਂ ਹਸਤੀਆਂ ਨੇ ਹੇਠ ਦਿੱਤਾ ਐਲਾਨ ਕੀਤਾ:

"ਅਸੀਂ ਪ੍ਰੋਫੈਸਰਾਂ ਅਤੇ ਸਕਾਲਰਾਂ, ਕਵੀਆਂ ਅਤੇ ਵਿਗਿਆਨੀਆਂ, ਜਿਨ੍ਹਾਂ ਕੋਲ ਸਪੇਨ ਦੀਆਂ ਅਤੇ ਬਦੇਸ਼ਾਂ ਦੀਆਂ ਯੂਨੀਵਰਸਿਟੀਆਂ ਦੇ ਖ਼ਿਤਾਬ ਹਨ, ਨੇ ਇਸ ਸਰ-ਜ਼ਮੀਨ, ਆਪਣੇ ਵਤਨ ਪ੍ਰਤੀ ਐਨਾ ਡੂੰਘਾ ਹੇਰਵਾ ਕਦੇ ਮਹਿਸੂਸ ਨਹੀਂ ਕੀਤਾ, ਜਿੰਨਾ ਹੁਣ ਕਰ ਰਹੇ ਹਾਂ। ਸਾਨੂੰ ਕਦੇ ਵੀ ਸਪੇਨੀ ਹੋਣ ਦਾ ਐਨਾ ਅਹਿਸਾਸ ਨਹੀਂ ਹੋਇਆ ਜਿੰਨਾ ਇਸ ਘੜੀ ਹੋਇਆ ਹੈ ਜਦੋਂ ਸਪੇਨ ਦੀ ਰਾਖੀ ਲਈ ਜੁਟੇ ਲੋਕਾਂ ਨੇ ਸਾਡੇ ਮੈਡਰਿਡ ਤੋਂ ਚਲੇ ਜਾਣ 'ਤੇ ਜ਼ੋਰ ਦਿੱਤਾ ਹੈ ਤਾਂ ਜੋ ਬੰਬਾਰੀ ਨਾਲ ਸਾਡੇ ਕੰਮ 'ਚ ਕੋਈ ਰੁਕਾਵਟ ਨਾ ਪਵੇ ਜਿਸ ਦਾ ਸ਼ਿਕਾਰ ਸਪੇਨ ਦੀ ਆਮ ਵਸੋਂ ਹੋ ਰਹੀ ਹੈ। ਸਾਨੂੰ ਕਦੇ ਵੀ ਸਪੇਨੀ ਹੋਣਾ ਐਨਾ ਮਹਿਸੂਸ ਨਹੀਂ ਹੋਇਆ ਜਿੰਨਾ ਇਹ ਦੇਖਕੇ ਹੋਇਆ ਕਿ ਕਿਵੇਂ ਸਪੇਨ ਦੀ ਭਲਾਈ ਲਈ ਆਪਣੀਆਂ ਜਾਨਾਂ ਦਾਅ 'ਤੇ ਲਾਉਣ ਵਾਲੀ ਮਿਲੀਸ਼ੀਆ ਨੇ ਸਾਡੇ ਕਲਾਤਮਕ ਅਤੇ ਵਿਗਿਆਨਕ ਖ਼ਜ਼ਾਨਿਆਂ ਨੂੰ ਬਚਾਉਣ ਖ਼ਾਤਰ ਸਾਡੀਆਂ ਲਾਇਬਰੇਰੀਆਂ ਦੀਆਂ ਕਿਤਾਬਾਂ ਅਤੇ ਸਾਡੀਆਂ ਪ੍ਰਯੋਗਸ਼ਾਲਾਵਾਂ ਦੇ ਸਮਾਨ ਨੂੰ ਉਨ੍ਹਾਂ ਬੰਬਾਂ ਤੋਂ ਬਚਾਉਣ ਲਈ ਸਮਾਂ ਦਿੱਤਾ ਹੈ ਜੋ ਬਦੇਸ਼ੀ ਹਵਾਈ ਜਹਾਜ਼ਾਂ ਵੱਲੋਂ ਸਾਡੇ ਸੱਭਿਆਚਾਰ ਦੀਆਂ ਇਮਾਰਤਾਂ ਉੱਪਰ ਸੁੱਟੇ ਜਾ ਰਹੇ ਹਨ।

"ਅਸੀਂ ਕਹਿਣਾ ਚਾਹੁੰਦੇ ਹਾਂ ਕਿ ਇਹ ਕਾਰਨਾਮੇ ਇਨਸਾਨਾਂ ਵਜੋਂ, ਵਿਗਿਆਨੀਆਂ ਵਜੋਂ, ਸਪੇਨੀਆਂ ਵਜੋਂ ਕੁਲ ਦੁਨੀਆਂ ਅਤੇ ਕੁਲ ਸੱਭਿਅਤਾ ਸਾਹਮਣੇ ਸਾਡੀ ਸ਼ੋਭਾ ਵਧਾਉਂਦੇ ਹਨ।"

ਤਣਾਅ ਅਤੇ ਵੇਦਨਾ ਦੇ ਇਨ੍ਹਾਂ ਪਲਾਂ ਨੂੰ ਅਮਰੀਕੀ ਕਵੀ ਨਾਰਮਨ ਰੋਸਟਨ ਨੇ ਇਨ੍ਹਾਂ ਭਾਵ ਭਿੰਨੀਆਂ ਸਤਰਾਂ 'ਚ ਬਿਆਨ ਕੀਤਾ ਸੀ:

ਸਪੇਨ, ਦੇਹੀ।
ਅਤੇ ਇਸ ਦੇ ਕੇਂਦਰ 'ਚ,
ਖ਼ਾਮੋਸ਼ੀ ਨਾਲ ਧੜਕ ਰਿਹਾ
ਇਸ ਦਾ ਮਹਾਨ ਦਿਲ, ਮੈਡਰਿਡ।
ਬੱਚਿਆਂ ਲਈ
ਰੋਂਦੀਆਂ ਤ੍ਰੀਮਤਾਂ ਤੁਰ ਗਈਆਂ।
ਘਰ ਨਹੀਂ ਰਹੇ,
ਪਰ ਦਿਲ ਧੜਕ ਰਿਹਾ ਹੈ।
ਮੈਡਰਿਡ! ਰਾਤ ਨੂੰ ਮੱਚਦੀ,
ਦਿਨੇ ਲਹੂ-ਲੁਹਾਣ,

ਪਰ ਇਸਦੇ ਪੈਰਾਂ 'ਤੇ!
ਲੋਕਾਂ ਦਾ ਦਿਲ ਲਹੂ-ਲੁਹਾਣ ਤਾਂ ਹੋ ਸਕਦੈ,
ਪਰ ਮਰਨਾ ਕਦੇ ਨਹੀਂ!
ਇਹ ਕਦੇ ਨਹੀਂ ਮਰਨਾ!

ਮੈਡਰਿਡ ਨੂੰ ਦੁਸ਼ਮਣ ਦੀ ਘੇਰਾਬੰਦੀ ਦਾ ਖ਼ੌਫ਼ ਮਹਿਸੂਸ ਹੋਣਾ ਸ਼ੁਰੂ ਹੋ ਗਿਆ। ਪਹਿਲੀਆਂ ਖਾਈਆਂ ਸ਼ਹਿਰ ਦੀ ਫਿਰਨੀ 'ਤੇ ਪੁੱਟੀਆਂ ਗਈਆਂ ਸਨ। ਦੁਸ਼ਮਣ ਮੈਡਰਿਡ ਦੀਆਂ ਬਰੂਹਾਂ 'ਤੇ ਆਣ ਖੜ੍ਹਿਆ ਸੀ, ਅਤੇ ਫਾਸ਼ੀਵਾਦੀ ਪ੍ਰਚਾਰ ਰਾਜਧਾਨੀ ਦੀ ਅਟੱਲ ਹਾਰ ਦਾ ਐਲਾਨ ਕਰੀ ਜਾ ਰਿਹਾ ਸੀ।

ਕੈਰਾਬੈਂਚੈੱਲ ਦਾ ਇਲਾਕਾ ਲੜਾਈ ਦਾ ਮੂਹਰਲਾ ਮੋਰਚਾ ਬਣ ਗਿਆ। ਹੌਵਿਟਜ਼ਰ ਤੋਪਾਂ ਅਤੇ ਬੰਬਾਂ ਦੀਆਂ ਚਾਂਗਰਾਂ ਦਰਮਿਆਨ ਇਲਾਕੇ ਦੀ ਰਾਖੀ ਦਾ ਕੰਮ ਸਾਂਭੀ ਬੈਠੇ ਆਖ਼ਰੀ ਲੋਕ ਉੱਥੋਂ ਚਲੇ ਗਏ। ਲੋਕਾਂ ਦੇ ਨਿੱਕ-ਸੁੱਕ ਨਾਲ ਲੱਦੀਆਂ ਆਖ਼ਰੀ ਟਰਾਲੀ ਕਾਰਾਂ, ਜੋ ਕੈਰਾਬੈਂਚੈੱਲ ਦਾ ਕੇਂਦਰੀ ਮੈਡਰਿਡ ਨਾਲ ਸੰਪਰਕ ਜੋੜਨ ਦਾ ਕੰਮ ਕਰਦੀਆਂ ਸਨ, ਜਾ ਰਹੀਆਂ ਸਨ। ਗੋਦੀ 'ਚ ਬੱਚੇ ਚੁੱਕੀ ਅਤੇ ਆਪਣੇ ਵੱਡੇ ਬੱਚਿਆਂ ਨੂੰ ਮੌਤ ਤੋਂ ਛੇਤੀ ਛੇਤੀ ਬਚ ਨਿੱਕਲਣ ਲਈ ਪ੍ਰੇਰਦੀਆਂ ਔਰਤਾਂ ਦਾ ਵੇਦਨਾਮਈ ਦ੍ਰਿਸ਼ ਭੁਲਾਇਆ ਨਹੀਂ ਜਾ ਸਕਦਾ।

ਪੰਜ ਨਵੰਬਰ ਨੂੰ, ਦੁਸ਼ਮਣ ਦੇ ਪਹਿਲੇ ਟੈਂਕ ਕੈਰਾਬੈਂਚੈੱਲ ਪਹੁੰਚ ਗਏ। ਮੋਰੱਕੋ ਦੀ ਫ਼ੌਜ ਪਹਿਲਾਂ ਹੀ ਬਾਹਰਲੇ ਘਰਾਂ 'ਤੇ ਕਬਜ਼ਾ ਕਰੀ ਬੈਠੀ ਸੀ। ਮਿਲੀਸ਼ੀਆ ਵਾਲਿਆਂ ਨੇ ਟੈਂਕਾਂ ਨੂੰ ਰੋਕਣ ਲਈ ਤੇਜ਼ੀ ਨਾਲ ਸੜਕਾਂ 'ਚ ਟੋਏ ਪੁੱਟਕੇ ਜੋਖ਼ਮ ਭਰਿਆ ਕੰਮ ਕੀਤਾ ਸੀ। ਮਿਲੀਸ਼ੀਆ ਵਾਲੇ ਗੋਲੀਆਂ, ਡਾਈਨਾਮਾਈਟ ਜਾਂ ਛੁਰਿਆਂ ਦੀ ਮਦਦ ਨਾਲ ਹਰੇਕ ਘਰ ਨੂੰ ਬਚਾਉਣ ਦੀ ਖ਼ਾਤਰ ਅੰਤਮ ਸਾਹਾਂ ਤੱਕ ਲੜਦੇ ਰਹੇ। ਮਿਲੀਸ਼ੀਆ ਦੀਆਂ ਨਵੀਂਆਂ ਬਟਾਲੀਅਨਾਂ ਉਨ੍ਹਾਂ ਸੂਰਮਿਆਂ ਦੀ ਥਾਂ ਲੈਣ ਲਈ ਪਹੁੰਚ ਜਾਂਦੀਆਂ, ਜੋ ਚੌਕਸੀ ਬਣਾਈ ਰੱਖਣ ਦੀ ਲੰਮੀ ਡਿਊਟੀ ਦੇ ਕੇ ਚੂਰ ਹੋ ਚੁੱਕੇ ਹੁੰਦੇ, ਸੌਣਾ ਜਾਂ ਖਾਣਾ-ਪੀਣਾ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸੀ।

ਮੁਸ਼ਕਲਾਂ ਦੁਖਦਾਈ ਹੱਦ ਤੱਕ ਬੇਮੇਚੀਆਂ ਸਨ। ਦੁਸ਼ਮਣ ਨੂੰ ਅੱਗੇ ਵਧਣੋਂ ਰੋਕਣ 'ਚ ਜਾਨ ਵਾਰ ਦੇਣ ਦੀ ਜਾਂਬਾਜ਼ ਦ੍ਰਿੜਤਾ ਹੀ ਕੋਈ ਕਰਾਮਾਤ ਕਰ ਸਕਦੀ ਸੀ। ਮੈਡਰਿਡ ਦੀ ਤਬਾਹੀ ਨੂੰ ਰੋਕਣ ਲਈ ਮਿਲੀਸ਼ੀਆ ਵਾਲਿਆਂ ਨੇ ਇਕਜਾਨ ਹੋ ਕੇ ਦੇਸ਼ਭਗਤ ਇਰਾਦਾ ਧਾਰਿਆ ਹੋਇਆ ਸੀ। ਉਹ ਕੈਰਾਬੈਂਚੈੱਲ 'ਚ ਦੁਸ਼ਮਣ ਦੇ ਫ਼ੌਜੀ ਦਸਤਿਆਂ ਦੇ ਜਮਾਂ ਹੋਣ ਨਾਲ ਮੈਡਰਿਡ ਦੇ ਕੇਂਦਰ ਵੱਲ ਪਏ ਪਾੜ ਮੂਹਰੇ ਡਟੇ ਹੋਏ ਸਨ।

ਮੈਡਰਿਡ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਮੂਹਰਲੀਆਂ ਕਤਾਰਾਂ 'ਚ ਆ ਕੇ, ਲੜਾਕੂਆਂ ਨੂੰ ਪ੍ਰੇਰਣਾ ਦੇ ਰਹੇ ਸਨ, ਅਤੇ ਮੋਢੇ ਨਾਲ ਮੋਢਾ ਜੋੜਕੇ ਲੜ ਰਹੇ ਸਨ। ਸਾਰੇ ਕਮਿਊਨਿਸਟ ਮੂਹਰਲੀਆਂ ਕਤਾਰਾਂ 'ਚ, ਮੈਡਰਿਡ ਦੀ ਰਾਖੀ ਲਈ ਤਿਆਰ ਬੈਠੇ ਸਨ। ਫਾਸ਼ੀਵਾਦ ਵਿਰੋਧੀ ਸਾਰੀਆਂ ਜਥੇਬੰਦੀਆਂ ਦੇ ਸੂਰਮਿਆਂ ਨੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜਿਆ ਹੋਇਆ ਸੀ।

ਕੈਰਾਬੈਂਚੈੱਲ 'ਚ ਬਾਗ਼ੀਆਂ ਦੀ ਚੜ੍ਹਾਈ ਰੋਕ ਦਿੱਤੇ ਜਾਣ ਨਾਲ, ਫਰਾਂਕੋ ਨੇ ਆਪਣੀਆਂ ਫ਼ੌਜਾਂ ਨੂੰ ਦੋ ਲੰਮੀਆਂ ਸ਼ਾਖਾਵਾਂ 'ਚ ਵੰਡ ਦਿੱਤਾ, ਇਕ ਯੂਸੇਰਾ ਜ਼ਿਲ੍ਹੇ ਵਾਲੇ ਪਾਸਿਓਂ ਪਹੁੰਚਣ ਲਈ ਅਤੇ ਦੂਜੀ ਐਸਟਰੀਮਾਡੂਰਾ ਨੂੰ ਜਾਂਦੀ ਮੁੱਖ ਸੜਕ ਵੱਲੋਂ।

ਮੋਰੱਕੋ ਦੀ ਫ਼ੌਜ ਦੇ ਇਤਹਾਸ ਦਾ ਅੰਤ ਕੈਰਾਬੈਂਚੈੱਲ ਅਤੇ ਯੂਸੇਰਾ 'ਚ ਹੋ ਗਿਆ। ਫਰਾਂਕੋ ਨੇ ਇਸ ਨੂੰ ਮਨੋਵਿਗਿਆਨਕ ਹਥਿਆਰ ਵਜੋਂ ਇਸਤੇਮਾਲ ਕੀਤਾ ਸੀ। ਕਿਉਂ ਜੋ ਇਹ ਸ਼ਹਿਰਾਂ ਦਾ ਨਾਮੋਨਿਸ਼ਾਨ ਮਿਟਾਕੇ ਅਤੇ ਨਿਹੱਥੀ ਆਮ ਵਸੋਂ ਉੱਪਰ ਹਰ ਤਰ੍ਹਾਂ ਦੇ ਜ਼ੁਲਮ ਢਾਹਕੇ ਬੇਸ਼ੁਮਾਰ ਬਦਨਾਮੀ ਖੱਟ ਚੁੱਕੀ ਸੀ।

ਪੰਜ ਨਵੰਬਰ ਨੂੰ ਗੇਟੈਫੇ ਦੀ ਹਾਰ ਹੋ ਗਈ, ਯੂਸੇਰਾ ਦੁਸ਼ਮਣ ਦਾ ਮੁੱਖ ਨਿਸ਼ਾਨਾ ਬਣ ਗਿਆ। ਪਰ ਇੱਥੇ ਵੀ, ਕੈਰਾਬੈਂਚੈੱਲ ਵਾਂਗ, ਮਿਲੀਸ਼ੀਆ ਵਾਲੇ ਦੁਸ਼ਮਣ ਨੂੰ ਰੋਕਣ ਲਈ ਦ੍ਰਿੜ ਸਨ। ਯੂਨਾਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਦੇ ਯੋਧਿਆਂ ਨੇ ਯੂਸੇਰਾ ਦੇ ਸਾਰੇ ਲੋਕਾਂ ਨੂੰ ਜਥੇਬੰਦ ਕਰ ਲਿਆ ਸੀ। ਉਨ੍ਹਾਂ ਨੇ ਪਰੈਡੋ ਲੌਂਗਾ, ਜ਼ੋਫੀਓ, ਸੈਰੋ ਬਲਾਂਕੋ ਅਤੇ ਸੈਰੋ ਨੈਗਰੋ ਦੇ ਨਾਲ-ਨਾਲ ਟੋਏ ਪੁੱਟੇ ਹੋਏ ਸਨ, ਕੰਡਿਆਲੀ ਤਾਰ ਦੀ ਵਾੜ ਕੀਤੀ ਹੋਈ ਸੀ ਅਤੇ ਰੇਤੇ ਦੀਆਂ ਬੋਰੀਆਂ ਚਿਣਕੇ ਮੋਰਚੇ ਬਣਾਏ ਹੋਏ ਸਨ। ਜਦੋਂਕਿ, ਅਸਲ ਟਾਕਰਾ, ਅਡੋਲ ਟਾਕਰਾ, ਪੱਥਰਾਂ ਤੇ ਸੀਮਿੰਟ 'ਚ ਨਹੀਂ, ਮੈਡਰਿਡ ਦੇ ਲੋਕਾਂ ਦੇ ਦਿਲਾਂ ਅਤੇ ਇੱਛਾ-ਸ਼ਕਤੀ 'ਚ ਮੌਜੂਦ ਸੀ।

ਕੈਰਾਬੈਂਚੈੱਲ 'ਚ ਹਾਸਲ ਹੋਏ ਅਨੁਭਵ ਨੂੰ ਲੈ ਕੇ ਡਾਈਨਾਮਾਈਟ ਚਲਾਉਣ ਵਾਲੇ ਯੂਸੇਰਾ ਦੀ ਰਾਖੀ ਲਈ ਭੱਜ ਤੁਰੇ। ਜੇ ਦੁਸ਼ਮਣ ਲੜਾਈ ਦੀਆਂ ਪਹਿਲੀਆਂ ਕਤਾਰਾਂ ਤੋੜਕੇ ਲੰਘਣ 'ਚ ਸਫ਼ਲ ਹੋ ਗਿਆ, ਤਾਂ ਇਸ ਨੂੰ ਉਡਾਉਣ ਲਈ ਮਲਕਾ ਪੁਲ 'ਤੇ ਬਾਰੂਦ ਵਿਛਾਇਆ ਹੋਇਆ ਸੀ। ਕੈਰਾਬੈਂਚੈੱਲ ਦੇ ਵਾਂਗ, ਇੱਥੇ ਵੀ ਪੰਜਵੀਂ ਰੈਜੀਮੈਂਟ ਦੇ ਸੂਰਮੇ ਮੌਜੂਦ ਸਨ। ਮੋਰੱਕੋ ਘੋੜ-ਸਵਾਰ ਫ਼ੌਜ ਨੇ ਕਈ ਵਾਰ ਯੂਸੇਰਾ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ, ਹਰੇਕ ਵਾਰ ਇਸ ਨੂੰ ਪਛਾੜ ਦਿੱਤਾ ਗਿਆ। ਮਿਲੀਸ਼ੀਆ ਵਾਲਿਆਂ ਦੇ ਕਮਜ਼ੋਰ ਸੁਰੱਖਿਆ ਇੰਤਜ਼ਾਮਾਂ ਨੂੰ ਨਿਸ਼ਾਨਾ ਬਣਾਕੇ ਲੰਮਾ ਸਮਾਂ ਤੋਪਾਂ ਦੇ ਗੋਲੇ ਵਰ੍ਹਾਉਣ ਤੋਂ ਬਾਦ, ਬਾਗ਼ੀਆਂ ਦੇ ਟੈਂਕਾਂ ਨੇ ਹੱਲਾ ਬੋਲ ਦਿੱਤਾ।

ਛੇ ਇਤਾਲਵੀ ਟੈਂਕ ਸੈਰੋ ਬਲਾਂਕੋ ਵੱਲ ਵਧਣ ਲੱਗੇ, ਜਿਸ ਦੀ ਰਾਖੀ ਜਹਾਜ਼ੀਆਂ ਦੀ ਕੰਪਨੀ ਕਰ ਰਹੀ ਸੀ। ਕੁਝ ਦਿਨ ਪਹਿਲਾਂ ਰਾਜਧਾਨੀ 'ਚ, ਜਹਾਜ਼ੀਆਂ ਨੇ "ਕਰੌਂਸਤਦ ਦੇ ਜਹਾਜ਼ੀ" ਨਾਂਅ ਦੀ ਸੋਵੀਅਤ ਫਿਲਮ ਦੇਖੀ ਸੀ, ਅਤੇ ਸਿੱਖ ਲਿਆ ਸੀ ਕਿ ਟੈਂਕਾਂ 'ਤੇ ਹਮਲਾ ਕਿਵੇਂ ਕਰਨਾ ਹੈ। ਉਹ ਆਪਣੀਆਂ ਥਾਵਾਂ 'ਤੇ ਡੱਟਕੇ, ਰਾਈਫਲਾਂ ਨਾਲ ਗੋਲੀਆਂ ਵਰ੍ਹਾਉਣ ਲੱਗੇ।

ਇਕ ਜਹਾਜ਼ੀ, ਅਨਤੋਨੀਓ ਕੌਲ, ਦੁਸ਼ਮਣ ਦਾ ਮੁਕਾਬਲਾ ਕਰਨ ਲਈ ਮੋਰਚੇ ਵਿਚੋਂ ਬਾਹਰ ਨਿੱਕਲ ਆਇਆ। ਗ੍ਰੇਨੇਡ ਚਲਾਕੇ ਉਸਨੇ ਪਹਿਲਾ ਟੈਂਕ ਨਕਾਰਾ ਕਰ ਦਿੱਤਾ। ਟੈਂਕ ਚਾਲਕ ਥੋੜ੍ਹਾ ਝਿਜਕ ਗਏ, ਇਸ ਨਾਲ ਕੌਲ ਨੂੰ ਦੂਜਾ ਗ੍ਰੇਨੇਡ ਸੁੱਟਣ ਦਾ ਮੌਕਾ ਮਿਲ ਗਿਆ ਅਤੇ ਟੈਂਕ ਦੀ ਚੜ੍ਹਾਈ ਆਰਜੀ ਤੌਰ 'ਤੇ ਰੁਕ ਗਈ। ਇਹ ਉਸ ਸੂਰਮੇ ਦਾ ਆਖ਼ਰੀ ਕਾਰਨਾਮਾ ਸੀ। ਮਸ਼ੀਨਗੰਨ ਦੀਆਂ ਗੋਲੀਆਂ ਦੀ ਬੁਛਾੜ ਨੇ ਉਸ ਨੂੰ ਥਾਏਂ ਢੇਰੀ ਕਰ ਦਿੱਤਾ। ਜਿਉਂ ਹੀ ਟੈਂਕ ਪਿੱਛੇ ਹਟੇ, ਕੌਲ ਦੀ ਬਹਾਦਰੀ ਤੋਂ ਪ੍ਰਭਾਵਤ ਹੋਏ ਸਾਰੇ ਸੂਰਮੇ ਮੋਰਚੇ ਛੱਡਕੇ ਉਸ ਦੀ ਮਦਦ ਲਈ ਆ ਗਏ। ਇਸ ਤਰ੍ਹਾਂ ਫਾਸ਼ੀਵਾਦੀਆਂ ਨੂੰ ਦੂਰ ਯੂਸੇਰਾ ਤੱਕ ਪਿੱਛੇ ਧੱਕ ਦਿੱਤਾ ਗਿਆ, ਜਿੱਥੇ ਉਹ ਰਾਜਧਾਨੀ ਉੱਪਰ ਪਹਿਲੇ ਦਿਨਾਂ ਦੀ ਚੜ੍ਹਾਈ ਸਮੇਂ ਕਬਜ਼ਾ ਕੀਤੀਆਂ ਥਾਵਾਂ ਤੋਂ ਅੱਗੇ ਨਾ ਵਧ ਸਕੇ ਅਤੇ ਲੜਾਈ ਦੇ ਅੰਤ ਤੱਕ ਉੱਥੇ ਹੀ ਟਿਕੇ ਰਹੇ।

ਅਨਤੋਨੀਓ ਕੌਲ ਦਾ ਨਾਂਅ ਪ੍ਰਤੀਕ ਬਣ ਉੱਭਰਿਆ। ਸਾਰੇ ਮੁਹਾਜ਼ਾਂ ਉੱਪਰ ਇਸ ਸੂਰਮੇ ਦੀ ਬਹਾਦਰੀ ਨੂੰ ਸਾਕਾਰ ਕਰਨ ਦੀ ਦ੍ਰਿੜਤਾ ਨਾਲ ਟੈਂਕ-ਤੋੜੂ ਬ੍ਰਿਗੇਡ ਜਥੇਬੰਦ ਕੀਤੇ ਗਏ,

ਜਿਸ ਦੀ ਕੁਰਬਾਨੀ ਨੇ ਮਾਣ-ਸਨਮਾਨ ਦਾ ਰਾਹ ਦਰਸਾ ਦਿੱਤਾ ਸੀ।

ਮਹਾਨ ਬੁੱਤਘਾੜਾ, ਵਿਕਟੋਰੀਓ ਮੈਕੋ, ਕੌਲ ਦੇ ਕਾਰਨਾਮੇ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਇਆ। ਉਸ ਨੇ ਕੌਲ ਦੀ ਬਹਾਦਰੀ ਨੂੰ ਯਾਦਗਾਰ ਦੇ ਰੂਪ 'ਚ ਸਾਕਾਰ ਕਰਨ ਲਈ ਆਪਣੇ ਹੁਨਰ ਦੀ ਪੇਸ਼ਕਸ਼ ਕਰਦਿਆਂ ਮੈਡਰਿਡ ਦੇ ਅਖ਼ਬਾਰ, *ਲਾ ਵੌਜ਼*, ਨੂੰ ਇਹ ਚਿੱਠੀ ਲਿਖੀ:

"ਲੰਘੀ ਰਾਤ ਮੈਂ ਇਸ ਅਖ਼ਬਾਰ 'ਚ ਪੜ੍ਹਿਆ ਕਿ ਇਸ ਅਜਿੱਤ ਸ਼ਹਿਰ ਦਾ ਲੋਕ ਪ੍ਰਸ਼ਾਸਨ ਸੂਰਮੇ ਜਹਾਜ਼ੀ ਅਨਤੋਨੀਓ ਕੌਲ ਦੇ ਸਨਮਾਨ 'ਚ ਯਾਦਗਾਰ ਉਸਾਰਨ ਲਈ ਫੰਡ ਇਕੱਠਾ ਕਰਨ ਦੀ ਮੁਹਿਮ ਚਲਾਏਗਾ, ਜੋ ਆਪਣੀ ਬਹਾਦਰੀ ਤੇ ਦਲੇਰੀ ਦੇ ਸ਼ਾਨਦਾਰ ਕਾਰਨਾਮੇ ਨਾਲ ਪਹਿਲਾਂ ਹੀ ਅਮਰ ਹੋ ਗਿਆ ਹੈ।

"ਜਿਵੇਂ *ਲਾ ਵੌਜ਼* ਨੇ ਲਿਖਿਆ ਹੈ, ਅਜਿਹਾ ਕਾਰਨਾਮਾ ਸਦੀਵੀ ਯਾਦ ਦਾ ਹੱਕਦਾਰ ਹੈ, ਜੋ ਸਾਡੇ ਲੋਕ ਗੀਤਾਂ ਅਤੇ ਗਾਥਾਵਾਂ 'ਚ ਗਾਇਆ ਜਾਇਆ ਕਰੇਗਾ, ਤਾਂ ਕਿ ਇਹ ਯੁਗਾਂ ਤੱਕ ਤਾਜ਼ਾ ਰਹੇ। ਯਕੀਨੀ ਤੌਰ 'ਤੇ, ਬੁੱਤਘਾੜੇ ਨੂੰ ਆਪਣਾ ਕੰਮ ਆਸਾਨ ਜਾਪੇਗਾ, ਕਿਉਂਕਿ ਅਸੀਂ ਕਹਿ ਸਕਦੇ ਹਾਂ ਕਿ ਜਹਾਜ਼ੀ ਅਨਤੋਨੀਓ ਕੌਲ ਤਾਂ ਖ਼ੁਦ ਹੀ ਇਸ ਅਮਿੱਟ ਨਸਲ ਦੀ ਜ਼ਰਖੇਜ ਕੁੱਖ 'ਚ ਹੁਣ ਤੱਕ ਢਲੀ ਸਭ ਤੋਂ ਖ਼ਰੀ ਇਬੇਰੀਅਨ ਕਾਂਸੀ ਦਾ ਬਣਿਆ ਹੋਇਆ ਸੀ, ਜਿਸ ਨੂੰ ਆਪਣਾ ਇਤਿਹਾਸਕ ਕਾਰਜ ਨੇਪਰੇ ਚਾੜ੍ਹਨ ਤੋਂ ਕੋਈ ਵੀ ਅਤੇ ਕੁਝ ਵੀ ਨਹੀਂ ਰੋਕ ਸਕਦਾ।

"ਅਨਤੋਨੀਓ ਕੌਲ ਕਾਂਸੀ ਦਾ ਬਣਿਆ ਹੋਇਆ ਸੀ, ਜਿੱਤ ਦੇ ਸੂਰਜ ਦੀ ਸੁਨਹਿਰੀ ਚਮਕ ਨਾਲ ਓਤਪੋਤ ਅਤੇ ਅਸੀਂ ਪਹਾੜੀ ਸਲੇਟੀ ਪੱਥਰ ਦੇ ਚਬੂਤਰੇ ਉੱਪਰ ਉਸ ਦੀ ਯਾਦਗਾਰ ਪੂਰੇ ਉਤਸ਼ਾਹ ਨਾਲ ਬਣਾਵਾਂਗੇ।

"ਇਸ ਲਈ, ਫੰਡ ਇਕੱਠਾ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਬੁੱਤਘਾੜੇ ਲਈ ਇਸ ਤੋਂ ਵੱਧ ਕੀਮਤੀ, ਖ਼ੂਬਸੂਰਤ ਅਤੇ ਸਨਮਾਨਜਨਕ ਮੁਆਵਜ਼ਾ ਹੋਰ ਕੋਈ ਨਹੀਂ ਹੋ ਸਕਦਾ, ਜਿਸ ਨੂੰ ਆਜ਼ਾਦ ਹਸਤੀ ਵਾਲੇ ਲੋਕਾਂ ਦੀ ਹੈਸੀਅਤ ਦਾ ਹਾਰਦਿਕ ਅਹਿਸਾਸ ਹੈ, ਜੋ ਇਸ ਨੂੰ ਸਮਝਦਾ ਹੈ ਅਤੇ ਪਿਆਰਦਾ ਹੈ, ਕਿ ਉਸ ਨੂੰ ਗਣਰਾਜ ਦੀ ਸੇਵਾ ਦਾ ਅਤੇ ਇਸ ਦੇ ਨਾਇਕ ਦੀ ਯਾਦਗਾਰ ਦਾ ਕਲਾਤਮਕ ਮਿਸ਼ਨ ਸੌਂਪਿਆ ਜਾਵੇ।"

## [ 33 ]
## ਅਭੁੱਲ ਪਲ

ਮੈਡਰਿਡ ਦੇ ਮੂੰਹ 'ਤੇ ਦੈਂਤ ਦਾ ਫੂੰਕਾਰਾ ਮਹਿਸੂਸ ਹੋ ਰਿਹਾ ਹੈ, ਦੈਂਤ ਜੋ ਨੇੜੇ ਆਉਂਦਾ ਜਾਂਦਾ ਹੈ, ਜੋ 7 ਨਵੰਬਰ 1936, ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਦੇ ਦਿਨ ਲੋਕ ਟਾਕਰੇ ਉੱਪਰ ਜਾਨਲੇਵਾ ਸੱਟ ਮਾਰਨ ਦੀ ਤਿਆਰੀ 'ਚ ਹੈ।

ਵਹਿਸ਼ੀ ਧੁਸ ਨਾਲ ਹਮਲਾ ਕਰਕੇ, ਜਿਸ ਨਾਲ ਸ਼ਹਿਰ ਦੇ ਕੇਂਦਰ ਤੱਕ ਪਹੁੰਚਣ ਦਾ ਰਾਹ ਖੁੱਲ੍ਹ ਜਾਵੇਗਾ ਤੇ ਗਣਰਾਜੀ ਸਪੇਨ ਨੂੰ ਗੋਡੇ ਟੇਕਣ ਲਈ ਮਜਬੂਰ ਕੀਤਾ ਜਾਵੇਗਾ, ਬਾਗ਼ੀ ਜਿੱਤਣ ਦੀ ਆਸ 'ਚ ਹਨ ਅਤੇ ਉਹ ਲੋਕ ਚੇਤਨਾ ਵਿਚੋਂ ਇਸ ਅਮਿੱਟ ਤਰੀਕ ਨੂੰ ਮਿਟਾ ਦੇਣਾ ਚਾਹੁੰਦੇ ਹਨ।

ਘਮਸਾਣ ਦੀਆਂ ਲੜਾਈਆਂ 'ਚ, ਮਿਲੀਸ਼ੀਆ ਵਾਲੇ ਬਾਗ਼ੀਆਂ ਦੀਆਂ ਰਾਜਧਾਨੀ ਖੋਹਣ ਦੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਮਾਤ ਪਾ ਦਿੰਦੇ ਹਨ; ਫਿਰ ਵੀ, ਬਾਗ਼ੀ ਪੈਰ ਜਮਾ ਲੈਂਦੇ ਹਨ।

ਟੈਂਕ ਰੋਕਣ ਲਈ ਸੜਕਾਂ 'ਚ ਪੁੱਟੀਆਂ ਖਾਈਆਂ, ਮੋਰਚੇਦਾਰ ਕੰਧਾਂ ਅਤੇ ਕੰਡੇਦਾਰ ਵਾੜ ਦੇ ਬਾਹਰੀ ਘੇਰੇ ਨਾਲ ਬੰਦ ਕੀਤਾ, ਫੱਟੜ ਮੈਡਰਿਡ, ਹਥਿਆਰਾਂ ਦੇ ਵਾਰਾਂ ਨਾਲ ਲਹੂ-ਲੁਹਾਣ ਹੈ।

ਸਾਇਰਨ ਦੀਆਂ ਚੀਕਾਂ ਨਾਲ ਸ਼ਹਿਰ ਦੀ ਖ਼ਾਮੋਸ਼ੀ ਭੰਗ ਹੋ ਜਾਂਦੀ ਹੈ ਅਤੇ ਬਾਸ਼ਿੰਦਿਆਂ ਨੂੰ ਆ ਰਹੇ ਖ਼ਤਰੇ ਤੋਂ ਚੁਕੰਨੇ ਕਰਦੀ ਹੈ।

ਸੈਰੋ ਡੀ ਲਾਸ ਏਂਜਲਸ ਤੋਂ ਤੋਪਾਂ ਦੇ ਗੋਲੇ ਅਤੇ ਬਾਗ਼ੀਆਂ ਦੇ ਹਵਾਈ-ਜਹਾਜ਼ਾਂ 'ਚੋਂ ਸੁੱਟੇ ਬੰਬ ਸ਼ਹਿਰ ਦੀਆਂ ਸਭ ਤੋਂ ਉੱਚੀਆਂ ਇਮਾਰਤਾਂ 'ਚ ਫਟ ਰਹੇ ਹਨ ਅਤੇ ਸਦੀਆਂ ਪੁਰਾਣੀਆਂ ਯਾਦਗਾਰਾਂ, ਕਲਾ ਦੇ ਅਣਮੋਲ ਖ਼ਜ਼ਾਨਿਆਂ ਅਤੇ ਹਜ਼ਾਰਾਂ ਜ਼ਿੰਦਗੀਆਂ ਨੂੰ ਤਬਾਹ ਕਰੀ ਜਾ ਰਹੇ ਹਨ।

ਪਰੈਡੋ ਮਿਊਜ਼ੀਅਮ 'ਤੇ ਬੰਬ ਸੁੱਟੇ ਜਾ ਰਹੇ ਹਨ ਅਤੇ ਅਲਬਾ ਦਾ ਰਾਜ ਮਹਿਲ ਸੜਕੇ ਸੁਆਹ ਹੋ ਗਿਆ ਹੈ, ਕੁਲ ਇਤਿਹਾਸਕ ਅਤੇ ਕਲਾਤਮਕ ਖਜ਼ਾਨਿਆਂ ਸਣੇ ਜਿਨ੍ਹਾਂ ਦੀ ਹਿਫ਼ਾਜ਼ਤ ਲਈ ਸਾਡੇ ਮਿਲੀਸ਼ੀਆ ਵਾਲੇ ਜੀਅ-ਜਾਨ ਨਾਲ ਜੁਟੇ ਹੋਏ ਸਨ। ਸੜਕਾਂ ਮੱਲੀ ਬੈਠੇ ਲੋਕ ਤੋਪਾਂ ਦੀ ਗੋਲਾਬਾਰੀ ਵਿਚੋਂ ਦੀ ਘੱਟ ਖ਼ਤਰੇ ਵਾਲੀਆਂ ਥਾਵਾਂ ਵੱਲ ਚਲੇ ਜਾਂਦੇ ਹਨ। ਸ਼ਹਿਰ ਦੇ ਬਾਸ਼ਿੰਦਿਆਂ ਦੇ ਝੁੰਡ ਹਾਲੇ ਤੱਕ ਸਹੀ-ਸਲਾਮਤ ਬਚੇ ਹੋਏ ਇਲਾਕਿਆਂ ਵੱਲ ਚਾਲੇ ਪਾ ਦਿੰਦੇ ਹਨ।

ਪੰਜਵੀਂ ਰੈਜੀਮੈਂਟ ਦੇ ਲਾਊਡ ਸਪੀਕਰ ਲੋਕਾਂ ਨੂੰ ਚੁਕੰਨੇ ਰਹਿਣ ਦੇ ਤੌਰ-ਤਰੀਕਿਆਂ ਦੀਆਂ ਲਗਾਤਾਰ ਹਦਾਇਤਾਂ ਦੇ ਰਹੇ ਹਨ। ਉਹ ਚਿਤਾਵਨੀ ਦਿੰਦੇ ਹਨ ਕਿ ਮੈਡਰਿਡ ਉੱਪਰ ਨਵਾਂ ਹਮਲਾ ਹੋਣ ਵਾਲਾ ਹੈ ਜਿਸ ਦੀ ਸ਼ਰੇਆਮ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਸ ਦਾ ਲਾਜ਼ਮੀ ਮੂੰਹ ਭੰਨਣਾ ਹੋਵੇਗਾ। ਮੈਡਰਿਡ ਹੁਣ ਕੱਲ੍ਹ ਵਾਲਾ ਖੁੱਲ੍ਹ-ਖੇਡ੍ਹ ਭਰਿਆ ਅਤੇ ਮੁਕਤ ਸ਼ਹਿਰ ਨਹੀਂ ਰਿਹਾ। ਅੱਜ, ਇਹ ਘਿਰਿਆ ਹੋਇਆ ਕਿਲ੍ਹਾ ਹੈ। ਇਸ ਦੇ ਬੱਚਿਆਂ, ਬੀਮਾਰਾਂ, ਅਤੇ ਬਜ਼ੁਰਗਾਂ ਨੂੰ ਨਿੱਘੇ ਮਾਹੌਲ ਵਾਲੇ ਲੇਵਾਂਤੇ 'ਚ ਲਿਜਾਇਆ ਜਾ ਚੁੱਕਾ ਹੈ।

ਰਾਜਧਾਨੀ 'ਚ ਪਿੱਛੇ ਰਹੇ ਮਰਦ ਤੇ ਔਰਤਾਂ ਆਪਣੇ ਪਿਆਰੇ ਸ਼ਹਿਰ ਦੀ, 'ਕੱਲੀ-'ਕੱਲੀ ਸੜਕ, 'ਕੱਲਾ-'ਕੱਲਾ ਘਰ, 'ਕੱਲੀ-'ਕੱਲੀ ਇੱਟ ਬਚਾਕੇ, ਇਸ ਦੀ ਹਿਫਾਜ਼ਤ ਕਰਨ ਲਈ, ਮੈਡਰਿਡ ਦੇ ਸ਼ਾਨਾਮੱਤੇ ਇਤਹਾਸ ਅੰਦਰ ਇਕ ਹੋਰ ਕਾਂਡ ਰਚਣ ਲਈ ਦ੍ਰਿੜ ਹਨ।

ਦੁਸ਼ਮਣ ਦੇ ਹਮਲੇ ਦੀ ਆਮਦ ਬਾਸ਼ਿੰਦਿਆਂ ਨੂੰ ਚੁਕੰਨੇ ਅਤੇ ਤਿਆਰ-ਬਰ-ਤਿਆਰ ਰੱਖਦੀ ਹੈ। ਅੰਦਾਜ਼ੇ ਲਗਾਏ ਜਾ ਰਹੇ ਹਨ, ਸੰਭਾਵਨਾਵਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਘੜੀਆਂ ਬੀਤ ਰਹੀਆਂ ਹਨ ਅਤੇ ਤਣਾਅ ਅਸਹਿ ਬਣਿਆ ਹੋਇਆ ਹੈ। ਮੁੱਠੀਆਂ ਮੀਚਕੇ, ਕੰਨ ਖੁੱਲ੍ਹੇ ਰੱਖਕੇ ਲੋਕ ਉਨ੍ਹਾਂ ਥਾਵਾਂ 'ਤੇ ਨਜ਼ਰਾਂ ਗੱਡੀ ਬੈਠੇ ਹਨ ਜਿੱਥੇ ਦੁਸ਼ਮਣ ਘਾਤ ਲਾਈ ਬੈਠਾ ਹੈ, ਜਿੱਥੇ ਦੁਸ਼ਮਣ ਦੰਦੇ ਤਿੱਖੇ ਕਰ ਰਿਹਾ ਹੈ ਅਤੇ ਜਿੱਥੇ ਦੁਸ਼ਮਣ ਐਸੀ ਕਮਜ਼ੋਰ ਥਾਂ ਦੀ ਭਾਲ 'ਚ ਬੈਠਾ ਹੈ ਜਿੱਥੋਂ ਦੀ ਆਪਣੇ ਲਸ਼ਕਰ ਹਮਲਾ ਕਰਨ ਲਈ ਘੱਲ ਸਕੇ......

ਠਹਿਰੋ! ਧਮਕੀਆਂ, ਖ਼ਤਰਿਆਂ ਅਤੇ ਖ਼ੂਨੀ ਹਮਲਿਆਂ ਨਾਲ ਬੋਝਲ ਖ਼ਾਮੋਸ਼ੀ 'ਚ, ਸਾਨੂੰ ਇਕਸੁਰ, ਤਾਲਬੱਧ ਆਵਾਜ਼, ਮਜ਼ਬੂਤ ਕਦਮਾਂ ਦੀ ਥਪ-ਥਪ ਸੁਣਾਈ ਦੇਣ ਲੱਗਦੀ ਹੈ ਜੋ ਹੋਰ

ਉੱਚੀ ਹੁੰਦੀ, ਨੇੜੇ ਆਉਂਦੀ ਜਾਂਦੀ ਹੈ.....ਹੁਣ ਸੜਕ ਦੀ ਪਟੜੀ ਉੱਤੇ ਫ਼ੌਲਾਦੀ ਬੂਟਾਂ ਦੀ ਠੱਕ-ਠੱਕ ਸਾਨੂੰ ਸਾਫ਼ ਸੁਣਾਈ ਦੇਂਦੀ ਹੈ।

ਪਲ ਭਰ ਬੇਯਕੀਨੀ ਦੀ, ਫ਼ੈਸਲਾ ਨਾ ਲੈ ਸਕਣ ਦੀ ਹਾਲਤ ਬਣ ਜਾਂਦੀ ਹੈ। ਕੌਣ ਆ ਰਿਹਾ ਹੈ ? ਇਹ ਬੰਦੇ ਕੌਣ ਹਨ ਜੋ 7 ਨਵੰਬਰ 1936 ਦੇ ਦਿਨ ਸਾਡੇ ਮੈਡਰਿਡ ਦੀਆਂ ਸੜਕਾਂ ਉੱਤੇ ਮਾਰਚ ਕਰ ਰਹੇ ਹਨ, ਖ਼ਾਮੋਸ਼, ਬਿਨਾ ਝੁਕੇ, ਗੰਭੀਰ, ਮੋਢਿਆਂ 'ਤੇ ਰਾਈਫਲਾਂ ਅਤੇ ਸੰਗੀਨਾਂ ਜੜੀਆਂ ਹੋਈਆਂ, ਉੱਨ੍ਹਾਂ ਦੇ ਪੈਰਾਂ ਹੇਠ ਧਰਤੀ ਪਈ ਕੰਬੇ ?

ਖਿੜਕੀਆਂ ਦੇ ਪਿੱਛੇ, ਉਤਸੁਕ ਨਜ਼ਰਾਂ ਮਾਰਚ ਕਰਨ ਵਾਲਿਆਂ ਦੀ ਪੈੜ-ਚਾਲ ਦਾ ਪਿੱਛਾ ਕਰ ਰਹੀਆਂ ਹਨ ਜਿਨ੍ਹਾਂ ਨੇ ਗੋਲੀ ਚਲਾਉਣ ਲਈ ਤਿਆਰ ਰਾਈਫਲਾਂ ਘੁੱਟਕੇ ਫੜੀਆਂ ਹੋਈਆਂ ਹਨ ਅਤੇ ਸੁੱਟੇ ਜਾਣ ਲਈ ਤਿਆਰ ਬੰਬ ਉਨ੍ਹਾਂ ਨੇ ਹੱਥਾਂ 'ਚ ਫੜੇ ਹੋਏ ਹਨ। ਮਾਯੂਸ ਔਰਤਾਂ ਮਰਦਾਂ ਨੂੰ ਕਹਿ ਰਹੀਆਂ ਹਨ: "ਉਹ ਤਾਂ ਆਣ ਵੜੇ! ਅਸੀਂ ਕੀ ਉਡੀਕ ਰਹੇ ਹਾਂ ?"

ਸਾਨੂੰ ਅਜੀਬ ਬੋਲੀ 'ਚ, ਛਾਂਟੇ ਵਾਂਗ ਹਵਾ ਨੂੰ ਚੀਰਦਾ ਫ਼ੌਜੀ ਹੁਕਮ ਸੁਣਾਈ ਦਿੰਦਾ ਹੈ। ਫਿਰ ਪਿਆਰੇ ਗੀਤ ਦੇ ਪਹਿਲੇ ਬੰਦ, ਮਾਰਚ ਕਰਨ ਵਾਲੇ ਅਜਨਬੀਆਂ ਦੀ ਲੈਅਬੱਧ ਪੈੜਚਾਲ ਦੇ ਨਾਲੋ-ਨਾਲ ਸਾਡੇ ਕੰਨੀਂ ਪੈਂਦੇ ਹਨ। ਮੈਡਰਿਡ ਦੇ ਲੋਕਾਂ ਦੇ ਜਿਸਮਾਂ 'ਚ ਝਰਨਾਹਟਾਂ ਛੇੜਨ ਵਾਲੀਆਂ ਥਿਰਕਦੀਆਂ ਆਵਾਜ਼ਾਂ ਅਤੇ ਬੋਲ ਪੌਣ 'ਚ ਗੂੰਜ ਉੱਠਦੇ ਹਨ।

"ਹੇ ਭਗਵਾਨ! ਅਸੀਂ ਇਹ ਸੁਪਨਾ ਦੇਖ ਰਹੇ ਹਾਂ ?" ਹਟਕੋਰੇ ਲੈਂਦੀਆਂ ਔਰਤਾਂ ਕਹਿਣ ਲੱਗੀਆਂ।

ਘੇਰੇ 'ਚ ਫਸੇ ਮੈਡਰਿਡ ਦੀਆਂ ਸੜਕਾਂ 'ਤੇ ਮਾਰਚ ਕਰਦੇ ਆਦਮੀ ਫਰਾਂਸੀਸੀ ਅਤੇ ਇਤਾਵਲੀ 'ਚ , ਜਰਮਨ ਅਤੇ ਪੋਲਿਸ਼ 'ਚ, ਹੰਗੇਰੀਅਨ ਅਤੇ ਰੁਮਾਨੀਅਨ 'ਚ ਕੌਮਾਂਤਰੀ ਗੀਤ ਗਾ ਰਹੇ ਹਨ।

ਇਹ ਕੌਮਾਂਤਰੀ ਬ੍ਰਿਗੇਡ ਦੇ ਵਾਲੰਟੀਅਰ ਹਨ ਜਿਨ੍ਹਾਂ ਨੇ ਕਾਮਿਨਟਰਨ ਦੇ ਸੱਦੇ ਨੂੰ ਹੁੰਗਾਰਾ ਭਰਿਆ ਹੈ ਅਤੇ ਸਾਡੇ ਨਾਲ ਮਿਲਕੇ ਲੜਨ, ਖ਼ਬਰੇ ਮਰਨ ਲਈ, ਸਾਡੇ ਮੁਲਕ ਆਏ ਹਨ।

ਮੈਡਰਿਡ ਦੇ ਲੋਕ ਇਨ੍ਹਾਂ ਨੂੰ ਜੀ ਆਇਆ ਕਹਿਣ ਲਈ ਝਟਪਟ ਸੜਕਾਂ 'ਤੇ ਆ ਨਿੱਕਲਦੇ ਹਨ। ਉਨ੍ਹਾਂ ਨੂੰ ਪਤਾ ਚੱਲ ਗਿਆ ਹੈ ਕਿ ਇਹ ਉਨ੍ਹਾਂ ਦੇ ਮਿੱਤਰ ਹਨ। ਠਾਠਾਂ ਮਾਰਦੇ ਬੇਕਾਬੂ ਹੋਏ ਜਜ਼ਬਾਤਾਂ ਦੇ ਵਹਿਣ 'ਚ ਮਰਦ ਤੇ ਔਰਤਾਂ ਖੁਸ਼ੀ ਨਾਲ ਚੀਕ ਉੱਠਦੇ ਹਨ ਅਤੇ ਕੌਮਾਂਤਰੀ ਬ੍ਰਿਗੇਡਾਂ ਦੇ ਯੋਧਿਆਂ ਨੂੰ ਗਲ ਨਾਲ ਲਾ ਰਹੇ ਹਨ।

ਉਨ੍ਹਾਂ ਦੀ ਸਫ਼ਬੰਦੀ ਖਿੰਡ ਜਾਂਦੀ ਹੈ। ਹਰ ਕੋਈ "ਕੌਮਾਂਤਰੀ ਸਾਥੀਆਂ" ਨੂੰ ਆਪਣੀ ਸਭ ਤੋਂ ਵਧੀਆ ਚੀਜ਼ ਦਾ ਤੋਹਫ਼ਾ ਦੇਣਾ ਚਾਹੁੰਦਾ ਹੈ। ਮੈਡਰਿਡ ਦਾ ਹਰੇਕ ਵਿਅਕਤੀ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਜਾਂ ਹਰ ਕਿਸੇ ਨੂੰ ਆਪਣੇ ਘਰ ਲਿਜਾਣ ਦਾ ਚਾਹਵਾਨ ਹੈ। ਦੁਸ਼ਮਣ ਦਾ ਘੇਰਾ ਭੁੱਲ-ਭੁਲਾ ਜਾਂਦਾ ਹੈ, ਖ਼ਤਰੇ ਦਾ ਚਿੱਤ-ਚੇਤਾ ਵੀ ਨਹੀਂ ਹੈ। ਚਾਣਚੱਕ ਸੜਕਾਂ 'ਤੇ ਫੈਲੀ ਖੁਸ਼ੀ ਤੇ ਉਤਸ਼ਾਹ ਦੀਆਂ ਚਾਂਗਰਾਂ ਅਤੇ ਸ਼ੋਰ-ਸ਼ਰਾਬਾ ਇਕ ਹੋਰ ਆਵਾਜ਼ 'ਚ ਡੁੱਬ ਜਾਂਦਾ ਹੈ, ਸਾਨੂੰ ਦੂਰੋਂ ਇੰਜਣਾਂ ਦੀ ਗੂੰਜ ਸੁਣਾਈ ਦੇਣ ਲੱਗਦੀ ਹੈ।

ਪਲ ਭਰ ਲਈ ਭੈਅ ਦਾ ਮਾਹੌਲ ਬਣ ਗਿਆ ਹੈ। "ਹਵਾਈ-ਜਹਾਜ਼! ਹਵਾਈ-ਜਹਾਜ਼! ਹਵਾਈ-ਜਹਾਜ਼!" ਹਰ ਕੋਈ ਚੀਕ ਉੱਠਦਾ ਹੈ।

ਕੁਝ ਕਾਲੇ ਧੱਬੇ ਫੈਲਦੇ ਜਾਂਦੇ ਹਨ, ਸ਼ਕਲ ਅਖ਼ਤਿਆਰ ਕਰਦੇ ਹਨ ਅਤੇ ਨੀਵੇਂ ਉਡਦੇ ਹੋਏ ਨੇੜੇ ਆਉਂਦੇ ਜਾਂਦੇ ਹਨ। ਇਹ ਮੈਸਰਜ਼ ਜਾਂ ਸਵੋਏ ਹਵਾਈ-ਜਹਾਜ਼ ਨਹੀਂ ਹਨ। ਅਜਨਬੀ

ਹਵਾਈ-ਜਹਾਜ਼ ਸਾਡੇ ਅੰਬਰਾਂ 'ਚ ਉੱਡਦੇ, ਸਾਡੇ ਵੱਲ ਆ ਰਹੇ ਹਨ। ਪਰ ਇਹ ਗੋਲੀਆਂ ਨਹੀਂ ਚਲਾ ਰਹੇ। ਇਹ ਬੰਬ ਨਹੀਂ ਸੁੱਟ ਰਹੇ। ਇਹ ਕਿਨ੍ਹਾਂ ਦੇ ਹੋਣਗੇ?

ਹੈਰਾਨ-ਪਰੇਸ਼ਾਨ ਬਾਸ਼ਿੰਦਿਆਂ ਨੂੰ ਸਲਾਮੀ ਦਿੰਦਾ ਆਈ-15ਵੇਂ ਅਤੇ ਆਈ-16ਵੇਂ ਦਾ ਸਕਾਡਰਨ ਮੈਡਰਿਡ ਦੇ ਅੰਬਰਾਂ 'ਚ ਤੇਜ਼ੀ ਨਾਲ ਉਡਾਣ ਭਰ ਰਿਹਾ ਹੈ, ਬਾਦ 'ਚ ਲੋਕ ਇਨ੍ਹਾਂ ਨੂੰ "ਮੱਖੀਆਂ" ਅਤੇ "ਫੀਨ੍ਹੇ" ਜਿਹੇ ਨਿੱਕੇ, ਮੋਹਭਿੱਜੇ ਨਾਵਾਂ ਨਾਲ ਯਾਦ ਕਰਿਆ ਕਰਨਗੇ। ਜਿਉਂ ਹੀ ਹਵਾਈ-ਜਹਾਜ਼, ਯੋਧਿਆਂ ਨੂੰ ਸਲਾਮੀ ਦੇਣ ਲਈ, ਨੀਵੇਂ ਹੋ ਕੇ ਉੱਡਣ ਲੱਗਦੇ ਹਨ, ਅਸੀਂ ਉਨ੍ਹਾਂ ਦੇ ਪਰਾਂ ਉੱਤੇ ਗਣਰਾਜ ਦਾ ਝੰਡਾ ਦੇਖ ਸਕਦੇ ਹਾਂ।

ਇਹ ਐਸਾ ਪਲ ਹੈ ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਅਥਾਹ ਖ਼ੁਸ਼ੀ, ਸ਼ੁਕਰਾਨੇ ਤੇ ਰਾਹਤ ਦੀ ਕਿਲਕਾਰੀ ਹਜ਼ਾਰਾਂ ਗਲਿਆਂ 'ਚੋਂ ਅੰਬਰਾਂ ਵੱਲ ਵੱਧਕੇ, ਸਾਡੇ ਵਤਨ ਦੇ ਆਸਮਾਨ 'ਚ ਉੱਡ ਰਹੇ ਪਹਿਲੇ ਸੋਵੀਅਤ ਜਹਾਜ਼ਾਂ ਨੂੰ ਜਾ ਮਿਲਦੀ ਹੈ।

"ਇਹ ਤਾਂ ਸੋਵੀਅਤ ਹਵਾਈ-ਜਹਾਜ਼ ਹਨ! ਇਹ ਤਾਂ ਸਾਡੇ...ਸਾਡੇ...ਸਾਡੇ ਹਨ!"

ਪਲ ਭਰ 'ਚ, ਦੂਰ-ਦੁਰੇਡਾ ਸਮਾਜਵਾਦੀ ਦੇਸ਼ ਸਾਡੇ ਯੋਧਿਆਂ, ਸਾਡੀਆਂ ਔਰਤਾਂ ਤੇ ਮਰਦਾਂ ਦੇ ਐਨਾ ਨਜ਼ਦੀਕ ਹੋ ਜਾਂਦਾ ਹੈ, ਕਿ ਕੋਈ ਐਸੀਆਂ ਸਰਹੱਦਾਂ, ਸਮੁੰਦਰ, ਪਰਬਤ, ਦਹਿਸ਼ਤ ਜਾਂ ਜੇਲ੍ਹਾਂ ਨਹੀਂ ਹੋਣੇ ਜੋ ਸਪੇਨ ਦੇ ਲੋਕਾਂ ਨੂੰ ਅੱਜ ਜਾਂ ਭਵਿੱਖ 'ਚ ਸੋਵੀਅਤ ਲੋਕਾਂ ਤੋਂ ਅਲਹਿਦਾ ਕਰ ਸਕਣ। ਉਹ ਲੜਾਈ 'ਚ, ਬਹਾਦਰੀ 'ਚ, ਕੁਰਬਾਨੀ 'ਚ ਹਮੇਸ਼ਾ ਲਈ ਇਕਮੁੱਠ ਹਨ।

ਸੋਵੀਅਤ ਯੂਨੀਅਨ ਦੇ ਇਨਸਾਨਾਂ, ਜੰਗ 'ਚ ਸ਼ਮੂਲੀਅਤ ਰਾਹੀਂ ਇਨ੍ਹਾਂ 'ਚੋਂ ਕਈਆਂ ਦੇ ਸਭ ਤੋਂ ਬਿਹਤਰੀਨ ਲਹੂ ਅਤੇ ਬੀਰਤਾ ਦਾ ਯੋਗਦਾਨ ਪਾਇਆ, ਨਾਲ ਇਕਰੂਪ ਹੋਣ ਦਾ ਜਜ਼ਬਾ ਸਾਡੀਆਂ ਤਾਕਤਾਂ ਦੀ ਲੜਾਕੂ ਭਾਵਨਾ ਅਤੇ ਏਕਤਾ ਨੂੰ ਹੁਲਾਰਾ ਦੇ ਰਿਹਾ ਹੈ।

ਮੈਡਰਿਡ 'ਚ ਮੁੜ ਸੱਤਿਆ ਆ ਗਈ ਹੈ। ਇਹ ਅਜਿੱਤ ਮਹਿਸੂਸ ਕਰਨ ਲੱਗਦੀ ਹੈ। ਸਾਰੇ ਫ਼ੌਜੀ ਦਸਤੇ ਅਤੇ ਜੰਗੀ ਸਾਜ਼ੋ-ਸਮਾਨ ਵਰਤਕੇ ਬਾਗ਼ੀਆਂ ਵੱਲੋਂ ਕੀਤਾ ਹਮਲਾ ਮੁੜ ਪਛਾੜ ਦਿੱਤਾ ਗਿਆ ਹੈ। ਅਤੇ ਇਨ੍ਹਾਂ ਨੂੰ ਸੈਂਕੜੇ ਵਾਰ ਪਛਾੜਿਆ ਜਾਵੇਗਾ।

ਨਵੰਬਰ ਦੇ ਪਹਿਲੇ ਦਿਨੀਂ ਦੁਸ਼ਮਣ ਇਹ ਜਿੱਤ ਹਾਸਲ ਨਹੀਂ ਕਰ ਸਕਿਆ, ਇਹ ਓਦੋਂ 1939 ਤੱਕ ਵੀ ਹਾਸਲ ਨਹੀਂ ਕਰ ਸਕੇਗਾ, ਜਦੋਂ ਅਜਿੱਤ ਰਾਜਧਾਨੀ ਦੇ ਦਰਵਾਜ਼ੇ ਦੇਸ਼-ਧਰੋਹੀ ਖ਼ੁਦ ਹੀ ਖੋਲ੍ਹ ਦੇਣਗੇ।

ਤਾਜ਼ਾ ਮਨੋ-ਬਲ, ਹਮਲੇ ਦਾ ਮਨੋ-ਬਲ ਬਣਿਆ ਹੋਇਆ ਹੈ। ਪਰਮ ਕੁਰਬਾਨੀ ਦੇਣ ਲਈ ਤਤਪਰ ਲੋਕਾਂ ਦਾ ਮਨੋ-ਬਲ, ਲੋਕ ਜੋ ਮਹਿਸੂਸ ਕਰ ਰਹੇ ਹਨ ਕਿ ਉਹ ਲੜਾਈ 'ਚ ਇਕੱਲੇ ਨਹੀਂ ਹਨ। ਐਸਾ ਮਨੋ-ਬਲ ਜੋ ਇਕ ਫ਼ੌਜ ਨੂੰ ਸਿਰੇ ਦੀ ਬਹਾਦਰੀ ਵੱਲ ਲਿਜਾਂਦਾ ਹੈ।

ਪੰਜਵੀਂ ਰੈਜੀਮੈਂਟ ਅਤੇ ਸੁਰੱਖਿਆ ਕੌਂਸਲ ਨੇ ਆਪਣਾ ਮਿਸ਼ਨ ਪੂਰਾ ਕਰ ਲਿਆ ਹੈ। ਇਨ੍ਹਾਂ ਦੇ ਸੂਰਬੀਰਾਂ ਦੇ ਨਾਂਅ ਸਪੇਨ ਦੇ ਆਸਮਾਨ 'ਚ ਚਮਕ ਰਹੇ ਹਨ ਅਤੇ ਲੋਕਾਂ ਦੇ ਦਿਲਾਂ 'ਚ ਜ਼ਿੰਦਾ ਹਨ। ਉਨ੍ਹਾਂ ਦੇ ਨਾਵਾਂ ਦਾ ਜ਼ਿਕਰ ਕਰਨ 'ਚ ਕੋਈ ਹਰਜ ਨਹੀਂ ਹੋਵੇਗਾ: ਅਨਤੋਨੀਓ ਮਿਜੇ, ਸਾਂਤਿਆਗੋ ਕੈਰਿਲੋ, ਐਨਰਿਕ ਲਿਸਟਰ, ਜੁਆਨ ਮੌਡੈਸਟੋ, ਇਸੀਡੋਰੋ ਡਿਆਗੁਏਜ਼, ਕਮਾਂਡਰ ਕਾਰਲੋਸ, ਡੇਨੀਅਲ ਔਰਟਿਗਾ, ਮਾਰਕੁਏਜ਼, ਫਰਾਂਸਿਸਕੋ ਐਤੋਨ, ਡੋਮਿੰਗੋ ਗਿਰੋਨ, ਯੇਗ, ਜੋਸ ਕੈਜ਼ੋਰਲਾ, ਐਡਮੁੰਡੋ ਡੁਮਿੰਗੇਜ਼ ਹੇਰੀਤੀਆ, ਐਰੀਲਾਨੋ ਬਾਰਸੇਲੋ, ਐਸਕੈਨੀਓ

ਅਤੇ ਮੇਸਨ; ਯੂਨੀਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਅਤੇ ਕੈਟਾਲੋਨੀਆ ਦੀ ਯੂਨਾਈਟਿਡ ਸਮਾਜਵਾਦੀ ਪਾਰਟੀ ਦੇ, ਅਤੇ ਬਾਦ 'ਚ ਦੁਰੁਤੀ* ਦੇ ਯੋਧੇ।

ਅਤੇ ਸਭ ਤੋਂ ਉੱਪਰ, ਸਾਧਾਰਨ ਆਦਮੀ, ਗੁੰਮਨਾਮ ਸੂਰਬੀਰ ਜਨਤਾ, ਯੋਧੇ ਜਿਨ੍ਹਾਂ ਨੇ ਕਦੇ ਪਿੱਠ ਨਹੀਂ ਦਿਖਾਈ, ਜਿਨ੍ਹਾਂ ਨੇ ਉਨ੍ਹਾਂ ਥਾਵਾਂ ਉੱਤੇ ਦੁਸ਼ਮਣ ਦੇ ਤੋਪਖ਼ਾਨੇ ਦੀ ਗੋਲਾਬਾਰੀ ਨਾਲ ਕੰਧਾਂ ਤੇ ਮੋਰਚਿਆਂ 'ਚ ਪਏ ਪਾੜ ਨੂੰ ਆਪਣੀਆਂ ਜਾਨਾਂ ਨਾਲ ਪੂਰਿਆ, ਜਿੱਥੇ ਉਨ੍ਹਾਂ ਨੇ ਸ਼ਹਿਰ ਦੀ ਰਾਖੀ ਲਈ ਮੋਰਚੇ ਮੱਲੇ ਹੋਏ ਸਨ।

ਅਤੇ ਸਿਆਰਾ ਦੇ ਉਹ ਯੋਧੇ, ਜਿਨ੍ਹਾਂ ਨੇ ਦੁਸ਼ਮਣ ਦੇ ਦਸਤੇ ਜਮ੍ਹਾਂ ਨਾ ਹੋਣ ਦਿੱਤੇ ਅਤੇ ਉਨ੍ਹਾਂ ਦਾ ਅੱਗੇ ਵਧਣਾ ਰੋਕੀ ਰੱਖਿਆ, ਜਿਹੜੇ ਓਦੋਂ ਵੀ ਲੜਦੇ ਰਹੇ ਜਦੋਂ ਉਨ੍ਹਾਂ ਦੇ ਪਿੱਛੇ ਮੈਡਰਿਡ 'ਚ ਸਾੜ੍ਹਸਤੀ ਮਚੀ ਹੋਈ ਸੀ—ਪਰ ਮੈਡਰਿਡ ਜਿਸ ਨੇ ਦੁਸ਼ਮਣ ਦਾ ਰਾਹ ਮੱਲਕੇ, ਇਸ ਨੂੰ ਆਪਣੀਆਂ ਬਰੂਹਾਂ 'ਤੇ ਰੋਕ ਰੱਖਿਆ ਸੀ। ਲੋਕਾਂ ਦੀ ਇੱਛਾ-ਸ਼ਕਤੀ ਦੁਸ਼ਮਣ ਦੇ ਕਹਿਰ ਨਾਲੋਂ ਵੱਧ ਤਕੜੀ ਸੀ।

ਮੈਡਰਿਡ ਦੀ ਰਾਖੀ ਕਰਨ 'ਚ ਕੌਮਾਂਤਰੀ ਬ੍ਰਿਗੇਡ ਦੇ ਯੋਧਿਆਂ ਦਾ ਅਹਿਮ ਸਥਾਨ ਹੈ। ਬਿਦੇਸ਼ੀ ਵਾਲੰਟੀਅਰਾਂ ਦੀਆਂ ਅਨੇਕਾਂ ਟੋਲੀਆਂ ਅਕਤੂਬਰ ਦੇ ਅੱਧ 'ਚ ਅਲਬਾਸੈਟੇ ਪੁੱਜ ਗਈਆਂ ਸਨ। ਉਨ੍ਹਾਂ ਨੂੰ ਫੁਰਤੀ ਨਾਲ ਤਿੰਨ ਬਟਾਲੀਅਨਾਂ 'ਚ ਜਥੇਬੰਦ ਕਰ ਲਿਆ ਗਿਆ ਸੀ: ਜਰਮਨ, ਫਰਾਂਸੀਸੀ ਅਤੇ ਇਤਾਲਵੀ; ਥੋੜ੍ਹਾ ਸਮਾਂ ਬਾਦ ਹੀ, ਪੋਲਿਸ਼ ਵਾਲੰਟੀਅਰਾਂ ਨੇ ਡੌਂਬਰੋਵਸਕੀ ਬਟਾਲੀਅਨ** ਬਣਾ ਲਈ ਸੀ। ਪਹਿਲੀ ਨਵੰਬਰ ਨੂੰ, ਅਧਿਕਾਰਤ ਤੌਰ 'ਤੇ ਉਨ੍ਹਾਂ ਦਾ ਨਾਂਅ ਗਿਆਰਵਾਂ ਕੌਮਾਂਤਰੀ ਬ੍ਰਿਗੇਡ ਰੱਖ ਦਿੱਤਾ ਗਿਆ।

ਬ੍ਰਿਗੇਡ ਦੀ ਪਹਿਲੀ ਬਟਾਲੀਅਨ ਨੂੰ ਰਾਖਵੀਂ ਤਾਕਤ ਵਜੋਂ 6 ਨਵੰਬਰ ਨੂੰ ਮੈਡਰਿਡ ਦੇ ਨੇੜੇ ਘੱਲ ਦਿੱਤਾ ਗਿਆ ਸੀ। ਜਰਮਨੀ 'ਚ ਫਾਂਸੀ ਦਿੱਤੇ ਮਜ਼ਦੂਰ ਆਗੂ ਐਡਗਰ ਐਂਡਰੀ ਦੇ ਨਾਂਅ 'ਤੇ ਬਣਾਈ ਜਰਮਨ ਬਟਾਲੀਅਨ 8 ਨਵੰਬਰ ਨੂੰ ਅਟੋਚਾ ਸਟੇਸ਼ਨ ਪਹੁੰਚ ਗਈ ਸੀ ਅਤੇ ਫਰਾਂਸੀਸੀ, ਇਤਾਲਵੀ ਅਤੇ ਪੋਲਿਸ਼ ਵਾਲੰਟੀਅਰਾਂ ਦੀਆਂ ਬਟਾਲੀਅਨਾਂ ਨਾਲ ਮਿਲ ਗਈ ਸੀ।

ਇਨ੍ਹਾਂ ਸੂਰਮਿਆਂ ਨੇ ਮੈਡਰਿਡ ਵਿਚ ਓਦੋਂ ਮਾਰਚ ਕੀਤਾ ਜਦੋਂ ਸ਼ਹਿਰ ਦੀਆਂ ਰਗਾਂ ਦੁਆਲੇ ਘੇਰਾਬੰਦੀ ਦੇ ਖੰਜਰ ਦੀ ਚੋਭ ਮਹਿਸੂਸ ਹੋ ਰਹੀ ਸੀ। ਲੋਕਾਂ ਦਾ ਜੋਸ਼ ਅਤੇ ਲੜਾਕੂ ਰੌਂਅ ਐਨਾ ਵਧ ਗਿਆ ਕਿ ਮੈਡਰਿਡ ਦੇ ਮਰਦਾਂ ਤੇ ਔਰਤਾਂ ਵੱਲੋਂ ਇਨ੍ਹਾਂ ਬ੍ਰਿਗੇਡਾਂ ਨਾਲ ਮਿਲਕੇ, ਸਾਂਝੇ ਕਾਜ਼ ਲਈ ਇਕਮੁੱਠ ਹੋ ਕੇ, ਕੀਤੀ ਰਾਖੀ ਦੀ ਬਦੌਲਤ ਇਹ ਅਜਿੱਤ ਬਣ ਗਿਆ।

ਐਡਗਰ ਐਂਡਰੀ ਬਟਾਲੀਅਨ, ਪੱਛਮੀ ਪਾਰਕ ਦਾ ਰਾਹ ਰੋਕਣ ਦੀ ਹਦਾਇਤ ਲੈ ਕੇ ਯੂਨੀਵਰਸਿਟੀ ਸ਼ਹਿਰੀ ਖੇਤਰ ਆਣ ਪੁੱਜੀ, ਜਿੱਥੋਂ ਦੁਸ਼ਮਣ ਲਾਂਘਾ ਬਣਾਉਣ ਦਾ ਯਤਨ ਕਰ ਰਿਹਾ ਸੀ। 9 ਨਵੰਬਰ ਨੂੰ, ਇਸ ਬਟਾਲੀਅਨ ਨੇ ਸਪੇਨੀ ਧਰਤੀ ਉੱਤੇ ਖ਼ੂਨ ਦੀ ਪਹੁਲ ਲਈ। ਐਡਗਰ ਐਂਡਰੀ ਬਟਾਲੀਅਨ ਅੱਗੇ ਵਧਦੀ ਗਈ, ਜਦੋਂਕਿ ਡੌਂਬਰੋਵਸਕੀ ਬਟਾਲੀਅਨ ਨੇ

---

* ਬੁਏਨਾ ਵੈਨਚੁਰਾ ਦੁਰੁਤੀ (1896-1936), ਅਰਾਜਕਤਾਵਾਦੀ ਆਗੂ, ਐਰਾਗਨ ਮੁਹਾਜ਼ ਦਾ ਸੂਰਮਾ। ਜੋ ਮੈਡਰਿਡ ਦੀ ਰਾਖੀ ਕਰਦਿਆਂ ਆਪਣੇ ਕੈਟਾਲੋਨੀਆ ਦਸਤੇ ਦੀ ਅਗਵਾਈ ਕਰਦਿਆਂ ਕਾਰਵਾਈ 'ਚ ਮਾਰਿਆ ਗਿਆ।

** ਦੇਸ਼ਭਗਤ ਪੋਲਿਸ਼ ਜਰਨੈਲ ਅਤੇ ਜ਼ਾਰਸ਼ਾਹੀ ਵਿਰੋਧੀ ਬਗ਼ਾਵਤਾਂ ਦਾ ਆਗੂ ਜਾਨ ਹੈਨਰਿਕ ਡੌਂਬਰੋਵਸਕੀ, ਜਾਂ ਡੈਬ਼ਰੇਵਸਕੀ (1775-1818)।

ਕਾਸਾ ਡੀ ਕੈਂਪੋ ਉੱਪਰ ਫਾਸ਼ੀਵਾਦ ਦੇ ਹਮਲੇ ਨੂੰ ਠੱਲਿਆ ਹੋਇਆ ਸੀ। ਕਰਨਲ ਡੂਮੌਂਟ ਦੀ ਅਗਵਾਈ ਹੇਠ ਫਰਾਂਸੀਸੀ ਬਟਾਲੀਅਨ ਪਾਲਾਬੰਦੀ ਬਰਕਰਾਰ ਰੱਖਦੀ ਹੋਈ ਦੁਸ਼ਮਣ ਦਾ ਟਾਕਰਾ ਕਰਦੀ ਰਹੀ।

ਇੱਥੇ ਹੀ ਥੇਲਮੈਨ ਦੇ ਗੀਤ ਦਾ ਜਨਮ ਹੋਇਆ। ਇਸ ਨੂੰ ਜਰਮਨ ਯੋਧੇ ਲੜਾਈ ਤੇ ਮੌਤ ਮੌਕੇ ਗਾਉਂਦੇ ਸਨ; ਅੱਜ ਤੱਕ ਜਰਮਨੀ ਦੇ ਲੋਕ, ਸਪੇਨ ਦੀ ਜੰਗ 'ਚ ਆਪਣੇ ਪੁੱਤਰਾਂ ਦੀ ਸ਼ਮੂਲੀਅਤ ਦੇ ਮਾਣ 'ਚ, ਇਸ ਨੂੰ ਗਾਉਂਦੇ ਹਨ।

ਸਪੇਨ ਦੇ ਅੰਬਰਾਂ ਤੋਂ ਤਾਰਿਆਂ ਦੀ ਜਗਮਗਾਉਂਦੀ ਲੋਅ
ਮੈਦਾਨ 'ਚ ਸਾਡੇ ਮੋਰਚਿਆਂ ਉੱਪਰ।
ਫਿਰ ਸਵੇਰੇ-ਸਾਝਰੇ ਸਾਨੂੰ ਜੀ ਆਇਆਂ ਕਹਿਣ ਆਉਂਦੀ ਹੈ,
ਇਕ ਵਾਰ ਫ਼ਿਰ ਲੜਨ ਦਾ ਸੱਦਾ ਦਿੰਦੀ।
ਦੂਰ ਹੈ ਸਾਡਾ ਵਤਨ।
ਫਿਰ ਵੀ ਅਸੀਂ ਤਿਆਰ-ਬਰ-ਤਿਆਰ ਖੜ੍ਹੇ।
ਅਸੀਂ ਲੜ ਰਹੇ ਅਤੇ ਅਸੀਂ ਜਿੱਤ ਰਹੇ
ਐ ਆਜ਼ਾਦੀ: ਤੇਰੇ ਲਈ।

ਯੂਨੀਵਰਸਿਟੀ ਸ਼ਹਿਰੀ ਖੇਤਰ 'ਚ, ਕਾਸਾ ਡੀ ਕੈਂਪੋ 'ਚ, ਪੱਛਮੀ ਪਾਰਕ 'ਚ, ਫਰਾਂਸੀਸੀਆਂ ਦੇ ਪੁਲ ਉੱਤੇ, ਹੁਮੇਰਾ ਅਤੇ ਅਰਾਵਾਕਾ 'ਚ, ਗਿਆਰਵੇਂ ਕੌਮਾਂਤਰੀ ਬ੍ਰਿਗੇਡ ਦੀਆਂ ਬਟਾਲੀਅਨਾਂ ਨੇ, ਲੜਾਈ ਅਤੇ ਮੌਤ 'ਚ ਸਪੇਨੀ ਗਣਰਾਜ ਦੇ ਯੋਧਿਆਂ ਨਾਲ ਇਕਜੁੱਟ ਹੋ ਕੇ ਮੈਡਰਿਡ ਦੀ ਰਾਖੀ ਲਈ ਅਣਥੱਕ ਲੜਾਈ ਲੜੀ।

ਕੌਮਾਂਤਰੀ ਬ੍ਰਿਗੇਡ ਦੇ ਯੋਧਿਆਂ ਦੀ ਬੀਰ-ਗਾਥਾ ਗਾਉਂਦਿਆਂ ਅਲਬਰਟੀ ਨੇ ਲਿਖਿਆ:

ਤੁਸੀਂ ਦੂਰ-ਦੁਰਾਡਿਓਂ ਆਏ.......ਪਰ ਫ਼ਾਸਲੇ ਨਾਲ ਕੀ ਫ਼ਰਕ ਪੈਂਦਾ ਹੈ
ਤੁਹਾਡੇ ਲਹੂ ਨੂੰ, ਜੋ ਸਰਹੱਦਾਂ ਤੋਂ ਉੱਪਰ ਉੱਠਕੇ ਗਾਉਂਦੈ:
ਮੌਤ ਨੇ ਕਿਸੇ ਦਿਨ ਵੀ ਬੁਲਾ ਲੈਣਾ ਤੁਹਾਨੂੰ;
ਕੌਣ ਜਾਣੇ ਕਿੱਥੇ, ਕਿਹੜੇ ਸ਼ਹਿਰ, ਖੇਤ ਜਾਂ ਸੜਕ 'ਤੇ ?
ਦੇਸ਼ ਇਹ ਹੋਵੇ ਜਾਂ ਹੋਰ, ਵੱਡਾ ਹੋਵੇ ਜਾਂ ਛੋਟਾ,
ਚਾਹੇ ਨਕਸ਼ੇ ਉੱਪਰ ਹੋਵੇ ਰੰਗਦਾਰ ਚਿੱਤਰਕਾਰੀ,
ਲੋਕਾਂ ਦੀ ਜੜ੍ਹ ਇੱਕੋ, ਸੁਪਨਾ ਇੱਕੋ
ਗੁੰਮਨਾਮ, ਆਮ ਬੋਲਚਾਲ ਵਾਲੇ, ਤੁਸੀਂ ਆਏ ਹੋ
ਤੁਸੀਂ ਤਾਂ ਉਨ੍ਹਾਂ ਕੰਧਾਂ ਦਾ ਰੰਗ ਵੀ ਨਹੀਂ ਜਾਣਦੇ
ਜਿਨ੍ਹਾਂ ਘਰਾਂ ਦੀ ਰਾਖੀ ਦੀ ਸਹੁੰ ਖਾਧੀ ਤੁਸਾਂ।
ਤੁਹਾਨੂੰ ਕੱਜਣ ਵਾਲੀ ਮਿੱਟੀ, ਜੋ ਸੀ ਤੁਹਾਨੂੰ ਪਿਆਰੀ।
ਲੜਨ ਲਈ ਤਿਆਰ, ਮੌਤ ਵਰਸਾਉਂਦੀਆਂ ਗੋਲੀਆਂ ਕਬੂਲ ਕਰਦੇ।
ਠਹਿਰੋ—ਰੁੱਖਾਂ, ਮੈਦਾਨਾਂ ਦੀ ਇੱਛਾ ਹੈ,
ਚਮਕਦੀ ਰੌਸ਼ਨੀ ਦੇ ਜ਼ਰਿਓ
ਇਕ ਗੀਤ ਵਿਚੋਂ ਸਮੁੰਦਰ ਗਰਜ਼ਦਾ ਪਿਆ: ਵੀਰੋ!
ਮੈਡਰਿਡ ਹੋਰ ਮਹਾਨ ਬਣ ਰਿਹੈ ਅਤੇ ਰੌਸ਼ਨ ਹੈ ਤੁਹਾਡੇ ਨਾਵਾਂ ਨਾਲ।

ਸਾਡੇ ਦੇਸ਼ ਨੂੰ ਪਰਲੋ ਵਾਂਗ ਤਬਾਹ ਕਰ ਰਹੀ, ਸਪੇਨ ਦੀਆਂ ਜੜ੍ਹਾਂ ਵੱਢ ਰਹੀ ਫਾਸ਼ੀਵਾਦੀ ਬਗ਼ਾਵਤ, ਅਤੇ ਲੋਕਾਂ ਦੇ ਸੂਰਬੀਰ ਟਾਕਰੇ ਨੇ ਦੁਨੀਆਂ ਦਾ ਧਿਆਨ ਮੱਲਿਆ ਹੋਇਆ ਸੀ। ਸਾਡੇ ਸੰਘਰਸ਼ ਬਾਰੇ ਕੋਈ ਵਿਚਾਰ ਨਿਰਪੱਖ ਨਹੀਂ ਰਹਿ ਸਕਦਾ ਸੀ—ਜਾਂ ਤਾਂ ਤੁਸੀ ਸਾਡੇ ਵੱਲ ਸੀ ਜਾਂ ਸਾਡੇ ਖ਼ਿਲਾਫ਼। ਅਮਨ ਜਾਂ ਜੰਗ, ਜਮਹੂਰੀਅਤ ਜਾਂ ਫਾਸ਼ੀਵਾਦ ਦੇ ਮਾਮਲਿਆਂ 'ਚ ਬੇਵਾਸਤਗੀ ਹਮੇਸ਼ਾ ਹਮਲਾਵਰਾਂ ਦੇ ਪੱਖ 'ਚ ਭੁਗਤਦੀ ਹੈ।

ਦੁਨੀਆਂ ਭਰ 'ਚ ਲੋਕਾਂ ਵੱਲੋਂ ਪ੍ਰਗਟਾਏ ਜਾ ਰਹੇ ਜਜ਼ਬਾਤਾਂ 'ਤੇ ਫੁੱਲ ਚੜ੍ਹਾਉਂਦਿਆਂ, ਕਾਮਿਨਟਰਨ ਨੇ ਸਾਰੇ ਜਮਹੂਰੀਅਤਪਸੰਦਾਂ ਅਤੇ ਫਾਸ਼ੀਵਾਦ ਦੇ ਵਿਰੋਧੀਆਂ ਨੂੰ ਸਪੇਨੀ ਲੋਕਾਂ ਦੀ ਮਦਦ ਕਰਨ ਦਾ ਸੱਦਾ ਦਿੱਤਾ। ਇਸਨੇ ਉਨ੍ਹਾਂ ਨੂੰ ਸਪੇਨੀ ਧਰਤੀ ਉੱਪਰ ਆਪੋ-ਆਪਣੇ ਦੇਸ਼ਾਂ ਦੀ ਮੁਕਤੀ ਲਈ ਜੂਝਣ ਵਾਸਤੇ ਵਾਲੰਟੀਅਰਾਂ ਦੇ ਬ੍ਰਿਗੇਡ ਬਣਾਉਣ 'ਤੇ ਜ਼ੋਰ ਦਿੱਤਾ।

ਪਹਿਲਾ ਹੁੰਗਾਰਾ ਭਰਨ ਵਾਲੇ ਸਨ ਫਰਾਂਸੀਸੀ, ਜਰਮਨ, ਇਤਾਲਵੀ ਅਤੇ ਪੋਲ। ਪਹਿਲੇ ਕੌਮਾਂਤਰੀ ਬ੍ਰਿਗੇਡ ਦੀ ਅਗਵਾਈ ਕਰਦਿਆਂ ਹੰਗਰੀਅਨ ਕਮਿਊਨਿਸਟ ਜਰਨੈਲ ਐਮਿਲ ਕਲੇਬਰ ਮੈਡਰਿਡ ਦੀ ਰਾਖੀ ਲਈ ਸਾਡੀ ਮਦਦ 'ਤੇ ਆਇਆ।

ਨਾਜ਼ੀ ਦੈਂਤ ਦੇ ਗ਼ੁਲਾਮ ਬਣਾਏ ਜਰਮਨੀ ਤੋਂ, ਫਾਸ਼ੀਵਾਦ ਵਿਰੋਧੀ ਯੋਧੇ ਅਤੇ ਕਮਿਊਨਿਸਟ ਜਿਵੇਂ ਫਰਾਂਜ਼ ਟਾਹਲੈਮ, ਹਾਨਸ ਬੈਮਲਰ, ਹੈਨਰਿਕ ਰੌਅ, ਗੁਸਤਾਵ ਸਜਿੰਡਾ, ਹੈਨਜ਼ ਹੌਫਮੈਨ, ਲੁਈਸ ਸਕਸਟਰ, ਲੁਡਵਿਗ ਰੈਨ ਵਰਗੇ ਸਿਰਕੱਢ ਯੋਧੇ, ਨਿੱਤਰੇ। ਇਨਕਲਾਬੀ ਆਦਰਸ਼ਾਂ ਦੇ ਇਨ੍ਹਾਂ ਸਰਗਰਮ ਰਖਵਾਲਿਆਂ ਨੂੰ ਬਿਲਕੁਲ ਨਸ਼ਟ ਕਰ ਦੇਣ 'ਚ ਹਿਟਲਰ ਵੀ ਕਾਮਯਾਬ ਨਹੀਂ ਸੀ ਹੋਇਆ।

ਹਿਟਲਰ ਨੂੰ ਚੁਣੌਤੀ ਦੇਣ ਵਾਲੇ, ਬਲਗਾਰੀਅਨ ਲੋਕਾਂ ਦੇ ਮਹਾਨ ਸਪੂਤ ਅਤੇ ਇਨਕਲਾਬੀ ਆਗੂ ਦਿਮਿਤਰੋਵ ਦੇ ਬਲਗਾਰੀਆ ਤੋਂ ਆਪਣੀ ਸੂਰਮਗਤੀ ਅਤੇ ਇਨਕਲਾਬੀ ਤਜ਼ਰਬਾ ਲੈ ਕੇ ਸੈਂਕੜੇ ਮਜ਼ਦੂਰ, ਕਿਸਾਨ ਅਤੇ ਬੁੱਧੀਜੀਵੀ ਸਪੇਨ ਆਏ। ਇਨ੍ਹਾਂ 'ਚ ਰੂਬਿਨ, ਅਬਰਾਮੋਵ, ਦੇਮੀਆਨੇਵ, ਦਿਚੇਵ, ਲੁਕਾਨੋਵ, ਪੇਤਰੋਵ ਅਤੇ ਹੋਰ ਦਰਜਣਾਂ ਜੋਸ਼ੀਲੇ ਤੇ ਬਹਾਦਰ ਯੋਧੇ ਸ਼ਾਮਲ ਸਨ।

ਇਟਲੀ ਤੋਂ ਲੁਇਗੀ ਲੌਂਗੋ, ਡੀ ਉਨੋਂਫਰੀਓ, ਨੀਨੋ ਨਾਨਾਤੀ, ਡੀ ਵਿਟੋਰੀਓ, ਪੀਤਰੋ ਨੈਨੀ, ਅਨਤੋਨੀਓ ਰੇਏਸੀਓ, ਵਿਟੋਰੀਓ ਵਿਡਾਲੀ—ਸਾਡੇ "ਕਮਾਂਡਰ ਕਾਰਲੋਸ"— ਪੈਕੀਆਰਡੀ, ਬਾਰੋਂਟੀ, ਰੋਸੇਲੀ ਆਦਿ ਤਜ਼ਰਬੇਕਾਰ ਫਾਸ਼ੀਵਾਦ ਵਿਰੋਧੀ ਯੋਧੇ ਨਿੱਤਰੇ।

ਫਰਾਂਸ, ਜੋ ਸਪੇਨੀਆਂ ਦੇ ਐਨ ਨਜ਼ਦੀਕ ਸੀ, ਤੋਂ ਹਜ਼ਾਰਾਂ ਯੋਧੇ ਆਏ—ਫਰਾਂਸੀਸੀ ਗਰੁੱਪ ਦੀ ਗਿਣਤੀ ਸਭ ਤੋਂ ਵੱਧ ਸੀ—ਇਨ੍ਹਾਂ ਸੂਰਮਿਆਂ ਨੇ ਪਹਿਲੀ ਸੰਸਾਰ ਜੰਗ 'ਚ ਜਰਮਨਾਂ ਵਿਰੁੱਧ ਲੜਦਿਆਂ ਗੋਲਾਬਾਰੀ ਦਾ ਪਹੁਲ ਛਕਿਆ ਸੀ। ਇਨ੍ਹਾਂ 'ਚ ਕਮਾਂਡਰ ਫੋਰਟ, ਡੂਮੋਂਟ, ਐਂਡਰੀ ਮਾਰਟੀ, ਡਾ. ਰੌਕੁਏਸ, ਮਹਾਨ ਸਰਜਨ ਦੌਮੰਸਕੀ ਡੂਬੋਸ, ਨਾਲ ਹੀ ਕਰਨਲ ਫੇਬੀਅਨ, ਰੌਲ ਟੈਗੁਈ ਅਤੇ ਪੀਅਰ ਰਿਬੀਰੇ ਸ਼ਾਮਲ ਸਨ, ਜੋ ਬਾਦ 'ਚ ਫਰਾਂਸੀਸੀ ਟਾਕਰੇ ਦੇ ਨਾਇਕ ਬਣਕੇ ਉੱਭਰਨਗੇ।

ਨਵੰਬਰ 1936 ਦੇ ਪਹਿਲੇ ਦਿਨੀਂ ਮੈਡਰਿਡ ਦੀਆਂ ਸੜਕਾਂ ਉੱਤੇ ਮਾਰਚ ਕਰਨ ਵਾਲੇ ਫਰਾਂਸੀਸੀ ਅਤੇ ਜਰਮਨ ਵਾਲੰਟੀਅਰਾਂ ਦੀ ਅਗਵਾਈ ਦੋ ਯੋਧੇ ਕਰ ਰਹੇ ਸਨ ਜੋ ਪ੍ਰਤੀਕ ਬਣੇ ਹੋਏ ਸਨ: ਹਾਨਸ ਕਾਰਲੇ, ਪਹਿਲੀ ਸੰਸਾਰ ਜੰਗ ਦੌਰਾਨ ਜਰਮਨ ਫ਼ੌਜ ਦਾ ਅਫ਼ਸਰ ਰਿਹਾ ਸੀ,

ਅਤੇ ਡੂਮੌਂਟ, ਫਰਾਂਸ ਦੀ ਫ਼ੌਜ ਦਾ ਸਾਬਕਾ ਅਫ਼ਸਰ ਸੀ। ਅਠਾਰਾਂ ਸਾਲ ਪਹਿਲਾਂ ਇਹੀ ਯੋਧੇ ਵਿਰੋਧੀ ਮੋਰਚਿਆਂ ਤੋਂ ਇਕ ਦੂਜੇ ਨਾਲ ਲੜੇ ਸਨ। ਅੱਜ ਇਹ ਸਪੇਨ ਵਿਚ ਆਜ਼ਾਦੀ ਅਤੇ ਜਮਹੂਰੀਅਤ ਦੀ ਰਾਖੀ ਲਈ ਮਿਲਕੇ ਜੂਝਦਿਆਂ, ਫਾਸ਼ੀਵਾਦ ਵਿਰੁਧ ਸਾਂਝੇ ਕਾਜ਼ 'ਚ ਇਕਮੁੱਠ ਸਨ।

ਵੱਡੇ ਭੌਂਇ-ਸਰਦਾਰਾਂ ਵਾਲੇ ਪੋਲੈਂਡ ਤੋਂ ਅਤੇ ਫਰਾਂਸ ਵਿਚ ਰਹਿੰਦੇ ਪੋਲਿਸ਼ ਪਰਵਾਸੀਆਂ 'ਚੋਂ ਹਜ਼ਾਰਾਂ ਯੋਧੇ ਆਏ ਜਿਨ੍ਹਾਂ ਨੂੰ ਲੈ ਕੇ ਡੌਂਬਰੋਵਸਕੀ ਬਟਾਲੀਅਨ ਬਣਾਈ ਗਈ, ਬਾਦ 'ਚ ਇਨ੍ਹਾਂ ਨੂੰ ਬਹਾਦਰੀ ਦਾ ਤਮਗਾ ਹਾਸਲ ਹੋਇਆ। ਸਪੇਨ 'ਚ ਜਿਹੜੇ ਪੋਲਿਸ਼ ਸੂਰਮੇ ਲੜੇ ਉਨ੍ਹਾਂ 'ਚੋਂ ਪਹਿਲਾਂ ਹੀ ਪ੍ਰਸਿੱਧੀ ਹਾਸਲ ਕਰ ਚੁੱਕੇ ਸੂਰਮੇ ਕਾਰੋਲ ਸਵਿਰੇਜ਼ਵਸਕੀ (ਵਾਲਟਰ), ਜਸਜ਼ੁੰਸਕੀ, ਸਾਲੋਮੋਨ, ਕੋਚਾਨੇਕ, ਅਨਤੋਨੀ, ਸਜ਼ਾਇਰ, ਯੂਜੇਨੀਅਜ਼, ਕੌਮਾਸ ਵਾਕਲਾ, ਕੋਰੇਜਿੰਸਕੀ, ਗਰਜ਼ੈਗੋਰਜ਼ ਸਨ।

ਮੈਗੀਅਰਜ਼ ਦੇ ਦੇਸ਼, ਹੰਗਰੀ, ਜਿਸ ਦੇਸ਼ ਅੰਦਰ ਹੰਗੇਰੀਆਈ ਪਿਛਾਖੜ ਨੇ ਪਹਿਲੇ ਸੋਵੀਅਤ ਗਣਰਾਜ ਨੂੰ ਹਿੰਸਾ ਨਾਲ ਕੁਚਲਕੇ ਸਾਰੀ ਦੌਲਤ ਹਥਿਆ ਲਈ ਸੀ, ਵਿਚੋਂ ਫਾਸ਼ੀਵਾਦ ਵਿਰੋਧੀ ਯੋਧਿਆਂ ਦੇ ਕਾਫ਼ਲੇ ਆਏ ਜਿਨ੍ਹਾਂ ਨੇ ਮਿਹਨਤਕਸ਼ ਜਨਤਾ ਲਈ ਫਾਸ਼ੀਵਾਦ ਦਾ ਕੀ ਅਰਥ ਹੈ ਇਹ ਹੱਡੀਂ ਹੰਢਾਇਆ ਹੋਇਆ ਸੀ। ਇਨ੍ਹਾਂ 'ਚ ਸ਼ਾਮਲ ਸਨ ਫੈਰਨੇਜ਼ ਮਿਊਨਿਖ, ਹੰਗਰੀ ਸਰਕਾਰ ਦਾ ਮੌਜੂਦਾ ਰਾਸ਼ਟਰਪਤੀ, ਕਵੀ ਮੈਟੇ ਜ਼ਾਲਕਾ (ਲੁਕਾਜ਼), ਸਜ਼ੈਂਟੋ ਰੇਜਸੋ, ਗੇਜ਼ੋ ਇਮਰੇ ਅਤੇ ਸੇਬੀ ਲੈਜੋਸ।

ਵਿਦੇਸ਼ੀ ਬਾਦਸ਼ਾਹਤ ਦੇ ਗ਼ੁਲਾਮ ਬਣਾਏ ਰੁਮਾਨੀਆਂ, ਜਿਸ ਨੂੰ ਬੋਏਆਰਾਂ ਅਤੇ ਸਰਮਾਏਦਾਰਾਂ ਦੇ ਚਾਕਰ ਆਇਰਨ ਗਾਰਡਾਂ ਨੇ ਦਹਿਸ਼ਤ ਦੇ ਰਾਜ ਰਾਹੀਂ ਕਾਇਮ ਰੱਖਿਆ ਹੋਇਆ ਸੀ, ਤੋਂ ਸੈਂਕੜੇ ਯੋਧੇ ਆਏ। ਇਨ੍ਹਾਂ ਵਿਚੋਂ ਸੂਰਮਗਤੀ ਲਈ ਪ੍ਰਸਿੱਧੀ ਹਾਸਲ ਕਰਨ ਵਾਲਿਆਂ 'ਚ ਸਨ ਕਮਾਂਡਰ ਬੋਰਿਲਾ, ਜੋ ਬਾਅਦ 'ਚ ਰੁਮਾਨੀਆਂ ਦੀ ਮਜ਼ਦੂਰ ਪਾਰਟੀ ਦੀ ਕੌਮੀ ਲੀਡਰਸ਼ਿਪ ਦਾ ਮੈਂਬਰ ਬਣਿਆ, ਅਤੇ ਸਾਥੀ ਵਾਲਟਰ, ਬੁਰਸਾ, ਗਾਲੀਆ, ਸਟੋਇਕਾ, ਫਲੋਰੈਸਕੂ, ਇਸੇ ਤਰ੍ਹਾਂ ਰੁਮਾਨੀਆਂ ਦੀ ਮਜ਼ਦੂਰ ਜਮਾਤ ਦੇ ਆਪਾ-ਵਾਰ ਆਗੂਆਂ, ਗਿਓਰਗਿਓ ਡੈਜ ਅਤੇ ਚਿਵੂ ਸਟੋਇਕਾ, ਦੀ ਮਿਸਾਲ ਤੋਂ ਪ੍ਰੇਰਤ ਹੋ ਕੇ ਬਹੁਤ ਸਾਰੇ ਮਹਾਨ ਯੋਧੇ ਅੱਗੇ ਆਏ। ਇਨ੍ਹਾਂ ਇਨਕਲਾਬੀਆਂ ਦੀਆਂ ਸਰਗਰਮੀਆਂ ਕਰਕੇ ਇਨ੍ਹਾਂ ਨੂੰ ਮਨਹੂਸ ਦੋਫਤਾਨਾ ਜੇਲ੍ਹ 'ਚ ਕੈਦ ਕੀਤਾ ਗਿਆ ਸੀ।

ਚੈਕੋਸਲੋਵਾਕੀਆ ਤੋਂ ਲਾਸਤੋਵਿਸਕਾ, ਸਵੋਬੋਧਾ, ਬੁਬੇਨਿਸਿਕ ਅਲੈਂਗਜ਼ੈਂਡਰ, ਜੋ ਮੋਰੇਲਾ 'ਚ ਮਾਰੇ ਗਏ, ਸਿਰਨੀ ਜਾਨ, ਜਿਸ ਨੂੰ 1944 'ਚ ਨਾਜ਼ੀਆਂ ਨੇ ਗੋਲੀਆਂ ਮਾਰਕੇ ਮਾਰ ਦਿੱਤਾ; ਸਲੋਵਾਕੀਆ ਦੀ ਕੈਥੋਲਿਕ ਯੂਥ ਜਥੇਬੰਦੀ ਦਾ ਪ੍ਰਧਾਨ ਮਾਜੇਕ ਜੋਜ਼ਕੋ, ਜੋ ਨਵੰਬਰ 1936 'ਚ ਮੈਡਰਿਡ 'ਚ ਮਾਰਿਆ ਗਿਆ, ਆਏ।

ਉੱਤਰ ਅਤੇ ਦੱਖਣ ਤੋਂ, ਅਮਰੀਕਣ, ਬਰਤਾਨਵੀ, ਬੈਲਜੀਅਨ, ਨਾਰਵੀਜੀਅਨ, ਫਿਨ, ਡੇਨ, ਸਵੀਡ, ਆਸਟਰੀਅਨ, ਸਵਿਸ, ਅਲਬੇਨੀਅਨ, ਯੂਗੋਸਲਾਵ—54 ਦੇਸ਼ਾਂ ਤੋਂ ਵਾਲੰਟੀਅਰਾਂ—ਨੇ ਜੋਸ਼ੀਲੇ ਕਾਰਨਾਮਿਆਂ 'ਚ ਬੇਝਿਜਕ ਖ਼ੂਨ ਵਹਾਕੇ ਸਪੇਨ 'ਚ ਜੰਗ ਲੜੀ।

ਅੱਜ ਇਨਕਲਾਬੀ ਸਪੇਨ ਨਾਲ ਸੰਸਾਰ ਵਿਆਪੀ ਇਕਮੁੱਠਤਾ ਦੀ ਲਹਿਰ ਮੌਜੂਦ ਹੈ। ਇਹ ਕਮਿਊਨਿਸਟਾਂ ਦੀ ਸਾਜ਼ਿਸ਼ ਨਹੀਂ ਸੀ, ਜਿਵੇਂ ਫਰਾਂਕੋ ਨੇ ਪ੍ਰਚਾਰਿਆ, ਇਸ ਪ੍ਰਚਾਰ ਦੇ ਉਲਟ ਸਪੇਨ ਦੀ ਮੁਕਤੀ ਦਾ ਕਾਜ਼ ਸਭਨਾਂ ਦੇਸ਼ਾਂ 'ਚ ਜਿਊਂਦਾ ਹੈ ਕਿਉਂਕਿ ਤਕਰੀਬਨ ਇਨ੍ਹਾਂ

ਸਾਰਿਆਂ ਦੇ ਜਮਹੂਰੀਅਤਪਸੰਦਾਂ ਦਾ ਸਪੇਨ ਦੇ ਲੋਕਾਂ ਨਾਲ ਖ਼ੂਨ ਦਾ ਰਿਸ਼ਤਾ ਬਣ ਚੁੱਕਿਆ ਹੈ ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ ਚਾਹੇ ਹਿਟਲਰਸ਼ਾਹੀ ਦੇ ਤੁਖ਼ਮ ਕਿੰਨਾ ਵੀ ਕਰੋਧ ਤੇ ਲਫੌੜ ਵਰਤਾ ਲੈਣ।

ਕੌਮਾਂਤਰੀ ਬ੍ਰਿਗੇਡ ਗਿਣਤੀ ਪੱਖੋਂ ਛੋਟੇ, ਪਰ ਇਤਿਹਾਸਕ ਮਹੱਤਤਾ ਪੱਖੋਂ ਅਥਾਹ ਸਨ। ਇਨ੍ਹਾਂ ਵੱਲੋਂ ਲਿਆਂਦਾ ਆਪਣੇ ਲੋਕਾਂ ਦਾ ਮੁਕਤੀ ਲਈ ਰਵਾਇਤੀ ਪਿਆਰ ਮਹਾਨ ਕੌਮਾਂਤਰੀਵਾਦ ਦੀਆਂ ਸਪੇਨੀ ਲੋਕਾਂ ਦੀਆਂ ਅਜਿਹੀਆਂ ਰਵਾਇਤਾਂ ਨਾਲ ਇਕਮਿਕ ਹੋ ਗਿਆ।

ਲੰਗਸਟਨ ਹਿਊਗਜ਼ ਨੇ ਇਹ ਸਤਰਾਂ ਕੌਮਾਂਤਰੀ ਬ੍ਰਿਗੇਡ ਦੇ ਅਮਰੀਕੀ ਸੂਰਮਿਆਂ ਦੇ ਨਾਂਅ ਲਿਖੀਆਂ ਸਨ :

ਮੈਂ ਆਣ ਪੁੱਜਾ
ਲੰਘਕੇ ਸਮੁੰਦਰ
ਤੇ ਅੱਧਾ ਮਹਾਂਦੀਪ।
ਸਰਹੱਦਾਂ
ਅਤੇ ਪਹਾੜ, ਅੰਬਰਾਂ ਵਰਗੇ ਉੱਚੇ,
ਸਰਕਾਰਾਂ ਜਿਨ੍ਹਾਂ ਨੇ ਆਖਿਆ: **ਨਹੀਂ !**
**ਤੁਸੀਂ ਜਾ ਨਹੀਂ ਸਕਦੇ !**

ਮੈਂ ਆਣ ਪੁੱਜਾ
ਭਲਕ ਦੀਆਂ ਨੂਰਾਨੀ ਸਰਹੱਦਾਂ ਦੇ ਅੰਦਰ
ਮੈਂ ਆਪਣੀ ਤਾਕਤ ਤੇ ਸਿਆਣਪ
ਮੇਰੀ ਵਰ੍ਹਿਆਂ ਦੀ
ਜੋ ਜ਼ਿਆਦਾ ਨਹੀਂ,
ਕਿਉਂਕਿ ਮੈਂ ਨੌਜਵਾਨ ਹਾਂ।
(ਮੈਨੂੰ ਕਹਿਣਾ ਚਾਹੀਦਾ ਸੀ, ਨੌਜਵਾਨ ਸਾਂ,
ਕਿਉਂਕਿ ਮੈਂ ਮਰ ਚੁੱਕਿਆ ਹਾਂ)

ਮੈਂ ਕੁਰਬਾਨ ਕਰ ਦਿੱਤਾ ਹੈ ਜੋ ਮੇਰੀ ਕਰਨ ਦੀ ਖਾਹਸ਼ ਸੀ
ਅਤੇ ਜਿਸਦਾ ਮੈਂ ਦੇਣਦਾਰ ਸੀ
ਤਾਂ ਕਿ ਹੋਰ ਜੀ ਸਕਣ।
ਅਤੇ ਜਦੋਂ ਗੋਲੀਆਂ ਨੇ
ਮੇਰੀ ਧੜਕਣ ਰੋਕ ਦਿੱਤੀ
ਅਤੇ ਲਹੂ
ਮੇਰੇ ਗਲੇ 'ਚ ਛਲਕ ਆਇਆ,
ਮੈਨੂੰ ਪਤਾ ਨਾ ਲੱਗੇ ਇਹ ਲਹੂ ਸੀ,
ਜਾਂ ਸੂਹੀ ਲਾਟ ?
ਜਾਂ ਸਿਰਫ਼ ਮੇਰੀ ਮੌਤ

ਜ਼ਿੰਦਗੀ ਬਣ ਗਈ?
ਸਭ ਕੁਝ ਇਕੋ ਜਿਹਾ ਹੈ:
ਸਾਡਾ ਸੁਪਨਾ!
ਮੇਰੀ ਮੌਤ!
ਤੁਹਾਡੀ ਹਯਾਤੀ!
ਸਾਡਾ ਲਹੂ!
ਲਾਟ!
ਸਭ ਕੁਝ ਇਕੋ ਜਿਹਾ ਹੈ।

[34]
## ਸੋਵੀਅਤ ਸਹਾਇਤਾ

ਗਣਰਾਜ ਦੇ ਟੈਂਕ ਚਾਲਕਾਂ ਅਤੇ ਹਵਾਈ ਅਮਲੇ ਵੱਲੋਂ ਨਿਭਾਈ ਅਸਾਧਾਰਨ ਭੂਮਿਕਾ ਦਾ ਜ਼ਿਕਰ ਕੀਤੇ ਬਗੈਰ ਮੈਡਰਿਡ ਦੀ ਰਾਖੀ ਦੀ ਗੱਲ ਕਰਨਾ ਅਸੰਭਵ ਹੈ, ਜਿਨ੍ਹਾਂ ਨੇ ਨਿਰੀ ਜਾਂਬਾਜ਼ੀ, ਉੱਦਮ ਅਤੇ ਹੌਸਲੇ ਨਾਲ ਫ਼ੌਜੀ ਸਾਜ਼ੋ-ਸਮਾਨ ਦੀ ਕਸਰ ਪੂਰੀ ਕਰ ਦਿੱਤੀ।

ਨਵੰਬਰ 1936 'ਚ, ਜਦੋਂ ਫਰਾਂਕੋ ਨੂੰ ਲੱਗਿਆ ਕਿ ਉਹ ਸ਼ਹਿਰ ਉੱਪਰ ਸਫ਼ਲਤਾਪੂਰਵਕ ਹਮਲਾ ਕਰ ਸਕੇਗਾ, ਉਸਨੇ ਭਾਰੀ ਬੰਬਾਰੀ ਕਰਕੇ ਰਾਹ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਿਸ ਦਾ ਸਿੱਟਾ ਬੇਸ਼ੁਮਾਰ ਤਬਾਹੀ ਅਤੇ ਹਜ਼ਾਰਾਂ ਨਾਗਰਿਕਾਂ ਦੇ ਮਾਰੇ ਜਾਣ 'ਚ ਨਿੱਕਲਿਆ।ਗਣਰਾਜ ਦੀ ਹਵਾਈ ਫ਼ੌਜ ਕੋਲ ਵੀਹ ਕੁ ਹਵਾਈ-ਜਹਾਜ਼ ਸਨ, ਇਹ ਸਿਰਲੱਥ ਅਤੇ ਅਲੌਕਿਕ ਘਾਲਣਾ ਦਾ ਮੁੱਲ ਤਾਰਕੇ ਫਾਸ਼ੀਵਾਦੀ ਹਵਾਈ ਹਮਲਿਆਂ ਤੋਂ ਮੈਡਰਿਡ ਦੀ ਰਾਖੀ ਕਰਨ ਅਤੇ ਦੁਸ਼ਮਣ ਦੇ ਪਾਈਲਟਾਂ ਦੀਆਂ ਸਫ਼ਾਂ 'ਚ ਦਹਿਸ਼ਤ ਪਾਉਣ 'ਚ ਸਫ਼ਲ ਹੋਏ।

ਹਵਾਈ ਫ਼ੌਜ ਨੇ ਡੋਮਿੰਗੋ ਬੋਨਿਲਾ, ਫਰਨੈਂਡੋ, ਪਰੈਡੀਸ, ਜ਼ਾਰੌਂਜ਼ਾ, ਅਨਤੋਨੀਓ, ਏਰੀਅਸ, ਮੌਰਕੁਇਲਾ, ਓਰੋਜ਼ਕੋ, ਲੋਰੈਂਟੀ, ਗਿਜ਼ਬਰਟ, ਪਿਊਗਾ ਅਤੇ ਹੋਰ ਯੋਧਿਆਂ ਦਾ ਆਪਣਾ ਹੀ ਸਿਰਲੱਥ ਦਲ ਖੜ੍ਹਾ ਕਰ ਲਿਆ। ਜਿਨ੍ਹਾਂ 'ਚੋਂ ਕਈ ਲੜਾਈ 'ਚ ਮਾਰੇ ਗਏ। ਕਈ ਹੋਰਨਾਂ ਨੂੰ ਬੀਰਤਾ ਲਈ ਤਮਗਿਆਂ ਦਾ ਸਨਮਾਨ ਮਿਲਿਆ।

ਗਣਰਾਜ ਦੇ ਹਵਾਬਾਜ਼ਾਂ ਦੇ ਭਰੋਸੇ ਦੀ ਟੇਕ ਸੋਵੀਅਤ ਪਾਈਲਟਾਂ ਦੀ ਅਣਮੋਲ ਸਹਾਇਤਾ, ਅਤੇ ਨਾਲ ਹੀ ਜਨਰਲ ਹਿਡਾਲਗੋ ਡੀ ਸਿਸਨੈਰੋਸ, ਜੋ ਗਣਰਾਜ ਦੀ ਖ਼ਾਤਰ ਨਵੇਂ ਪਾਈਲਟਾਂ ਨੂੰ ਸਿਖਲਾਈ ਦੇਣ ਲਈ ਹਮੇਸ਼ਾ ਫ਼ਿਕਰਮੰਦ ਰਹਿੰਦਾ ਸੀ, ਹਰਨਾਂਡੇਜ਼, ਫਰਾਂਚ, ਇਗਨੈਸੀਓ, ਐਗੁਨਾਗਾ ਅਤੇ ਹੋਰ ਮਾਹਰਾਂ ਤੇ ਬੇਗਰਜ਼ ਹਵਾਬਾਜ਼ਾਂ ਉੱਪਰ ਸੀ।

ਹਵਾਈ-ਜਹਾਜ਼ਾਂ ਅਤੇ ਟੈਂਕਾਂ ਤੋਂ ਬਗੈਰ ਮੈਡਰਿਡ ਦੀ ਰਾਖੀ ਸੰਭਵ ਨਹੀਂ ਸੀ ਹੋਣੀ।ਲੋਕ ਫ਼ੌਜ ਕੋਲ ਜਿਹੜੇ ਥੋੜ੍ਹੇ ਜਿਹੇ ਹਵਾਈ-ਜਹਾਜ਼ ਸਨ ਉਹ ਦੁਸ਼ਮਣ 'ਚ ਘਚੋਲਾ ਖੜ੍ਹਾ ਕਰਨ ਲਈ ਹਰ ਸਮੇਂ ਉਡਾਣਾਂ ਭਰਦੇ ਰਹਿੰਦੇ ਸਨ। ਦੁਸ਼ਮਣ ਨੇ ਕਦੇ ਕਲਪਨਾ ਵੀ ਨਹੀਂ ਕੀਤੀ

ਹੋਵੇਗੀ ਕਿ ਮੈਡਰਿਡ ਦੇ ਅੰਬਰਾਂ ਦੀ ਰਾਖੀ ਕਰਨ ਦਾ ਚਮਤਕਾਰ ਹਵਾਈ-ਜਹਾਜ਼ਾਂ ਅਤੇ ਪਾਈਲਟਾਂ ਦੀ ਇਕ ਹੀ ਟੋਲੀ ਦਾ ਕਾਰਨਾਮਾ ਸੀ।

ਇਹੀ ਟੈਂਕਾਂ ਦੀ ਹਾਲਤ ਸੀ। ਟੈਂਕ ਚਾਲਕ, ਦੁਸ਼ਮਣ ਦੇ ਤੋਪਖ਼ਾਨੇ ਦੀ ਤਬਾਹੀ ਕਰਦਿਆਂ ਅਤੇ ਇਸ ਦੀਆਂ ਸਫ਼ਾਂ ਨੂੰ ਭੈਭੀਤ ਕਰਦਿਆਂ, ਦੁਸ਼ਮਣ ਨੂੰ ਸ਼ਸ਼ੋਪੰਜ 'ਚ ਪਾਈ ਰੱਖਦੇ। ਤੋਪਖ਼ਾਨੇ ਦੀ ਮਦਦ ਤੋਂ ਬਗ਼ੈਰ ਹੀ ਸਾਰਾ ਸਾਰਾ ਦਿਨ ਲੜਦੇ ਰਹਿੰਦੇ ਕਿਉਂਕਿ ਸਾਡੇ ਕਮਾਂਡਰਾਂ ਨੂੰ ਹਾਲੇ ਟੈਂਕਾਂ ਦੀ ਸਹੀ ਵਰਤੋਂ ਕਰਨ ਦਾ ਵੱਲ ਨਹੀਂ ਸੀ।

ਦਿਨ ਸਮੇਂ, ਟੈਂਕ ਸ਼ਹਿਰ ਦੇ ਪਹੁੰਚ ਮਾਰਗਾਂ ਦੀ ਹਿਫਾਜ਼ਤ ਕਰਦੇ। ਰਾਤ ਪੈਣ 'ਤੇ ਹੀ ਉਹ ਵਾਪਸ ਮੁੜਦੇ। ਟੈਂਕਾਂ ਦੀ ਮੁਰੰਮਤ ਦਾ ਕੰਮ ਰਾਤ ਨੂੰ ਕੀਤਾ ਜਾਂਦਾ। ਅਤੇ ਮਨੁੱਖਾਂ ਤੇ ਮਸ਼ੀਨਰੀ ਦੇ ਦਮ ਬਾਰੇ ਸਭਨਾਂ ਤਕਨੀਕੀ ਅਤੇ ਮਨੁੱਖੀ ਕਾਇਦੇ-ਕਾਨੂੰਨਾਂ ਦੇ ਉਲਟ ਅਗਲੀ ਸਵੇਰ ਉਹ ਫਿਰ ਲੜਾਈ ਲਈ ਚੱਲ ਪੈਂਦੇ।

ਇਨ੍ਹਾਂ ਵਿਚੋਂ ਕਈ ਸੋਵੀਅਤ ਟੈਂਕ ਚਾਲਕ ਅਤੇ ਪਾਈਲਟ ਸਨ ਜੋ ਘੰਟਿਆਂਬੱਧੀ ਲਗਾਤਾਰ ਥਕਾਵਟ, ਆਪਣੇ ਜ਼ਖ਼ਮਾਂ ਅਤੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਗੈਰ ਸਪੇਨੀ ਯੋਧਿਆਂ ਦੇ ਨਾਲ ਮਿਲਕੇ ਲੜਦੇ ਰਹੇ। ਉਹ ਵਾਲੰਟੀਅਰਾਂ ਵਜੋਂ ਸਾਡੀ ਧਿਰ ਬਣਕੇ ਲੜਨ-ਮਰਨ ਆਏ ਹੋਏ ਸਨ—ਦਰਿਆਦਿਲ ਅਤੇ ਸਿਰਲੱਥ ਯੋਧੇ, ਸੋਵੀਅਤ ਯੂਨੀਅਨ ਦੇ ਸ਼ਾਨਾਮੱਤੇ ਸਕੂਲ 'ਚ ਸਿਖਲਾਈ ਯਾਫ਼ਤਾ ਅਤੇ ਪਾਣ ਚੜ੍ਹੇ ਹੋਏ।

ਜਰਮਨ ਜਰਨੈਲ ਸਪੈਰਲੀ ਨੇ ਬਾਅਦ 'ਚ ਮੈਡਰਿਡ ਦੀਆਂ ਫ਼ੌਜੀ ਮੁਹਿੰਮਾਂ ਬਾਰੇ ਟਿੱਪਣੀਆਂ ਕਰਦਿਆਂ *ਡਾਈ ਵੇਹਰਮੈਚਟ* ਦੀ ਸਪੇਨੀ ਛਾਪ 'ਚ ਲਿਖਿਆ: "ਸਾਡੇ ਬੰਬ ਸੁੱਟਣ ਵਾਲਿਆਂ ਨੂੰ ਮੈਡਰਿਡ ਦਾ ਰਾਹ ਖੋਲ੍ਹਣ ਅਤੇ ਸ਼ਹਿਰ ਦਾ ਮਨੋਬਲ ਡੇਗਣ ਦਾ ਮਿਸ਼ਨ ਦਿੱਤਾ ਗਿਆ ਸੀ ਤਾਂ ਕਿ ਫਰਾਂਕੋ ਦੇ ਫ਼ੌਜੀ ਦਸਤੇ ਅੰਦਰ ਜਾ ਸਕਣ। ਅਸੀਂ ਫ਼ੌਜੀ ਦਸਤਿਆਂ ਲਈ ਜਿਹੜਾ ਰਾਹ ਲੱਭਿਆ ਸੀ, ਉਨ੍ਹਾਂ ਨੂੰ ਉਸ ਰਾਹ 'ਤੇ ਅੰਦਰ ਜਾਣਾ ਅਸੰਭਵ ਜਾਪਦਾ ਸੀ।"

ਨਾਜ਼ੀ ਜਰਨੈਲ ਦਾ ਖੋਖਲਾ ਦਿਮਾਗ ਜਿਹੜੀ ਗੱਲ ਸਮਝ ਨਹੀਂ ਸਕਿਆ ਉਹ ਇਹ ਸੀ ਕਿ ਜਰਮਨ ਤੋਪਖ਼ਾਨਾ ਅਤੇ ਹਵਾਈ-ਜਹਾਜ਼ ਆਪਣੇ ਉਦੇਸ਼ ਪੂਰੇ ਕਿਉਂ ਨਹੀਂ ਕਰ ਸਕੇ। ਬਿਲਕੁਲ ਇਵੇਂ ਹੀ ਉਨ੍ਹਾਂ ਕਈ ਸਾਲ ਬਾਦ ਸੋਵੀਅਤ ਯੂਨੀਅਨ 'ਚ ਇਸ ਨੂੰ ਸਮਝਣ 'ਚ ਅਸਫ਼ਲ ਰਹਿਣਾ ਸੀ।

ਮੈਡਰਿਡ ਦੀ ਰਾਖੀ ਕਰਨ ਦੇ ਦਿਓ-ਕੱਦ ਕਾਰਜ, ਜਿਸ ਬਾਰੇ ਹਿਟਲਰ ਦੇ ਜਰਨੈਲ ਸਮਝਦੇ ਰਹੇ ਕਿ ਇਸ ਦੀ ਰਾਖੀ ਕੀਤੀ ਹੀ ਨਹੀਂ ਜਾ ਸਕਦੀ, ਵਿਚ ਸੋਵੀਅਤ ਵਾਲੰਟੀਅਰਾਂ, ਟੈਂਕ ਚਾਲਕਾਂ ਅਤੇ ਹਵਾਬਾਜ਼ਾਂ ਨੇ ਆਪਣੇ ਸਪੇਨੀ ਸਾਥੀਆਂ ਨੂੰ ਬਹਾਦਰੀ ਨਾਲ ਸਹਿਯੋਗ ਦਿੱਤਾ। ਹੌਂਸਲੇ, ਸਵੈ-ਤਿਆਗ ਅਤੇ ਸ਼ਰਧਾ ਪੱਖੋਂ ਵਿਲੱਖਣ ਸਨ ਅਨਾਤੋਲੀ ਸਿਰੋਵ, "ਰਾਤ ਨੂੰ ਉਡਾਣਾਂ ਭਰਨ 'ਚ ਸਰਬ-ਸ੍ਰੇਸ਼ਟ," ਅਤੇ ਉਸ ਦੇ ਸਾਥੀ ਨਿਕਿਫਰ ਬਲਾਨੋਵ, ਪਿਓਤਰ ਦੈਸਨਿਤਸਕੀ, ਸਾਰੇ ਸੋਵੀਅਤ ਯੂਨੀਅਨ ਦੇ ਸੂਰਬੀਰ; ਅਲੈਂਗਜ਼ੈਂਡਰ ਮਿਨੈਵ, ਜੋ ਮੈਡਰਿਡ ਦੀ ਰਾਖੀ ਕਰਦਿਆਂ ਮਾਰਿਆ ਗਿਆ; ਸੋਵੀਅਤ ਯੂਨੀਅਨ ਦੇ ਨਾਇਕ ਫਿਓਦਰ ਓਪਰੋਸਕੈਂਕੋ; ਮਿਖਾਇਲ ਪੋਲਿਵਾਲੋਵ; ਪਾਵੇਲ ਰਿਚਾਗੋਵ; ਗ੍ਰਿਗੋਰੀ ਤਜੋਰ; ਪਿਓਤਰ ਉਗਰੋਵਾਤੋਵ; ਅਨਾਸਤਸ ਯਰਕੋਵੋਈ; ਵਿਕਟਰ ਯੌਲਸ਼ੁਨੋਵ ਅਤੇ ਬੋਰਿਸ ਸਮਿਰਨੋਵ, ਦੋਵੇਂ ਸੋਵੀਅਤ ਯੂਨੀਅਨ ਦੇ ਸੂਰਬੀਰ, ਇਸੇ ਤਰ੍ਹਾਂ ਅਨੇਕਾਂ ਹੋਰ।

ਸਭ ਤੋਂ ਉੱਘੇ ਟੈਂਕ ਚਾਲਕਾਂ ਵਿਚੋਂ ਸੀ ਮੇਜਰ ਪਾਲ ਐਡਮਨ ਦੇ ਮਤਹਿਤ ਟੋਲੀ, ਅਤੇ ਟੈਂਕ ਚਾਲਕ ਸਮੀਅਨ ਕ੍ਰਿਵੋਸ਼ੇਨ, ਵਿਕਟਰ ਨੋਵੀਕੋਵ, ਪਾਵੇਲ ਸੈਪਲਿਨ ਅਤੇ ਮਿਖਾਇਲ ਯੂਦਿਨ, ਸੋਵੀਅਤ ਯੂਨੀਅਨ ਦੇ ਸੂਰਬੀਰ ਨਾ ਸਿਰਫ਼ ਆਪਣੇ ਖ਼ਤਰਨਾਕ ਮਿਸ਼ਨ ਨੇਪਰੇ ਚਾੜ੍ਹਨ ਪੱਖੋਂ ਸਗੋਂ ਗਣਰਾਜੀ ਫ਼ੌਜ ਲਈ ਟੈਂਕ ਚਾਲਕਾਂ ਅਤੇ ਹਵਾਬਾਜ਼ਾਂ ਨੂੰ ਸਿਖਲਾਈ ਦੇਣ 'ਚ ਦਿਖਾਏ ਸਾਥੀਆਂ ਵਾਲੇ ਅਤੇ ਖੁੱਲ੍ਹਦਿਲੇ ਸਹਿਯੋਗ ਪੱਖੋਂ ਵੀ ਉੱਘੇ ਸਨ। ਨਿਰਾਸ਼ਾਜਨਕ ਘੜੀਆਂ 'ਚ, ਜਦੋਂ ਸਾਨੂੰ ਲੋੜੀਂਦੀ ਮਦਦ ਦੇਣ ਤੋਂ ਹੋਰ ਦੇਸ਼ਾਂ ਨੇ ਨਾਂਹ ਕਰ ਦਿੱਤੀ ਸੀ, ਸੋਵੀਅਤ ਸੈਨਿਕ ਯੋਧਿਆਂ ਦੀ ਇਕ ਟੋਲੀ ਵਾਲੰਟੀਅਰਾਂ ਵਜੋਂ ਸਪੇਨ ਪਹੁੰਚ ਗਈ। ਉਨ੍ਹਾਂ ਦੇ ਨਾਂਅ ਹੁਣ ਕੌਮੀ ਮੁਕਤੀ ਅਤੇ ਆਜ਼ਾਦੀ ਲਈ, ਜਮਹੂਰੀਅਤ ਅਤੇ ਗਣਰਾਜ ਲਈ ਸਪੇਨੀ ਲੋਕਾਂ ਦੀ ਬੀਰਤਾਪੂਰਣ ਲੜਾਈ ਦੇ ਇਤਿਹਾਸ ਦਾ ਹਮੇਸ਼ਾ ਲਈ ਹਿੱਸਾ ਬਣ ਗਏ ਹਨ।

ਉਹ ਮਹਾਨ ਯੋਧੇ ਅਤੇ ਉਨ੍ਹਾਂ ਦੇ ਨਾਂਅ, ਜਿਵੇਂ ਰੋਡੀਅਨ ਮੈਲਿਟੋਵਸਕੀ, ਕਿਰਿਲ ਮੇਰੇਤਸਕੋਵ, ਅਲੈਗਜ਼ੈਂਡਰ ਰੋਡਿਮਤਸੇਵ, ਨਿਕੋਲਾਈ ਵੋਰੋਨੋਵ, ਗ੍ਰਿਗੋਰੀ ਸਟਰਨ, ਯਾਕੋਵ, ਸਮਸਕੇਵਿਚ, ਦਮਿਤਰੀ ਪਾਵਲੋਵ, ਨਿਕੋਲਾਈ ਕੁਸਨੇਤਸੋਵ, ਗੋਰੇਵ, ਜਿਨ੍ਹਾਂ ਨੇ ਆਪਣੇ ਵਤਨ, ਆਪਣੇ ਪਰਿਵਾਰ ਅਤੇ ਆਪਣੇ ਘਰ ਸਾਨੂੰ ਆਪਣਾ ਅਣਮੋਲ ਤਜ਼ਰਬਾ ਅਤੇ ਗਿਆਨ, ਆਪਣਾ ਖ਼ੂਨ ਅਤੇ ਆਪਣੀਆਂ ਜਾਨਾਂ ਦੇਣ ਲਈ ਛੱਡ ਦਿੱਤੇ। ਉਹ ਸਦਾ ਸਾਡੇ ਚੇਤਿਆਂ 'ਚ ਵਸੇ ਰਹਿਣਗੇ ਅਤੇ ਅਸੀਂ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਾਂਗੇ।

ਉਨ੍ਹਾਂ ਖ਼ਤਰਨਾਕ ਘੜੀਆਂ 'ਚ ਸੋਵੀਅਤ ਯੂਨੀਅਨ ਵੱਲੋਂ ਦਿਲ ਖੋਲ੍ਹਕੇ ਅਤੇ ਬਿਨਾ ਸ਼ਰਤ ਦਿੱਤੀ ਮਦਦ ਨੂੰ ਸਪੇਨ ਦੇ ਲੋਕ ਕਦੇ ਨਹੀਂ ਭੁੱਲਣਗੇ।

ਸਾਡੀ ਹਾਲਤ ਗੰਭੀਰ ਸੀ। ਦੁਸ਼ਮਣ ਨੇ ਪਹਿਲਾਂ ਹੀ ਜਿੱਤ ਦੀਆਂ ਘੰਟੀਆਂ ਵਜਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਪੇਨੀ ਸਰਕਾਰ ਕੁਝ ਹਜ਼ਾਰ ਰਾਈਫਲਾਂ ਮੈਕਸੀਕੋ ਤੋਂ ਅਤਿ ਮੁਸ਼ਕਲ ਨਾਲ ਖ਼ਰੀਦਣ 'ਚ ਕਾਮਯਾਬ ਹੋਈ ਸੀ। ਮੈਕਸੀਕਨ ਸਰਕਾਰ, ਖ਼ਾਸ ਤੌਰ 'ਤੇ ਸਪੇਨ ਦੇ ਮਹਾਨ ਦੋਸਤ ਜਰਨੈਲ ਲਜ਼ਾਰੋ ਕਾਰਡੇਨਾਸ, ਦੇ ਰਵੱਈਏ ਦੀ ਸਾਡੇ ਯੋਧੇ ਬਹੁਤ ਤਾਰੀਫ਼ ਕਰਦੇ ਸਨ। ਹਾਲਾਂਕਿ ਇਸ ਖ਼ਰੀਦ ਨਾਲ ਸਾਡੀਆਂ ਸਿਰਫ਼ ਥੋੜ੍ਹਾ ਹਿੱਸਾ ਜ਼ਰੂਰਤਾਂ ਹੀ ਪੂਰੀਆਂ ਹੋਈਆਂ ਸਨ, ਫਿਰ ਵੀ ਇਹ ਬਰਤਾਨਵੀ, ਫਰਾਂਸੀਸੀ ਅਤੇ ਹੋਰ ਅਖੌਤੀ ਜਮਹੂਰੀ ਸਰਕਾਰਾਂ ਨਾਲੋਂ ਬਹੁਤ ਹੀ ਵੱਖਰਾ ਸਟੈਂਡ ਸੀ।

ਜੰਗ ਦੇ ਸ਼ੁਰੂ 'ਚ, ਸੋਵੀਅਤ ਸਰਕਾਰ ਲੰਡਨ 'ਚ ਬਣਾਈ ਗਈ ਦੂਜੇ ਦੇਸ਼ਾਂ 'ਚ ਦਖ਼ਲ ਨਾ ਦੇਣ ਦੀ ਨੀਤੀ ਵਾਲੀ ਕਮੇਟੀ 'ਚ ਇਸ ਵਿਸ਼ਵਾਸ ਨਾਲ ਸ਼ਾਮਲ ਹੋਈ ਸੀ ਕਿ ਇਸ ਦੇ ਸ਼ਾਮਲ ਹੋਣ ਨਾਲ ਜੰਗ ਦਾ ਨਿਬੇੜਾ ਤੇਜ਼ੀ ਨਾਲ ਗਣਰਾਜ ਦੇ ਪੱਖ 'ਚ ਹੋ ਜਾਵੇਗਾ।

ਜਦੋਂ ਸੋਵੀਅਤ ਯੂਨੀਅਨ ਨੇ ਦੇਖਿਆ ਕਿ ਦਖ਼ਲ ਨਾ ਦੇਣ ਦੀ ਨੀਤੀ ਵਾਲੀ ਇਹ ਕਮੇਟੀ, ਜਿਸ ਨੂੰ ਬਰਤਾਨੀਆ ਨੇ ਮੱਕਾਰੀ ਨਾਲ ਬਣਾਇਆ ਸੀ ਅਤੇ ਫਰਾਂਸ ਦੇ ਸਮਾਜਵਾਦੀ ਪ੍ਰਧਾਨ ਮੰਤਰੀ ਲਿਓਨ ਬਲੱਮ ਨੇ ਸ਼ੁਰੂ ਕੀਤਾ ਸੀ, ਅਮਲ ਵਿਚ ਗਣਰਾਜ ਦੀ ਮਦਦ ਨਹੀਂ ਕਰ ਰਹੀ; ਇਸਦੇ ਉਲਟ, ਇਹ ਫਾਸ਼ੀਵਾਦੀਆਂ ਅਤੇ "ਜਮਹੂਰੀ" ਤਾਕਤਾਂ ਦੀਆਂ ਬਾਗ਼ੀਆਂ ਦੇ ਪੱਖ 'ਚ ਸਰਗਰਮੀਆਂ ਲਈ ਓਹਲਾ ਬਣੀ ਹੋਈ ਸੀ, ਤਾਂ 7 ਅਕਤੂਬਰ 1937 ਨੂੰ ਸੋਵੀਅਤ ਯੂਨੀਅਨ ਨੇ ਐਲਾਨ ਕਰ ਦਿੱਤਾ ਕਿ ਉਹ ਇਸ ਕਮੇਟੀ 'ਚ ਨਹੀਂ ਰਹੇਗਾ। ਨਾਲ ਹੀ ਇਸਨੇ, ਫਾਸ਼ੀਵਾਦੀ ਹਮਲੇ ਵਿਰੁੱਧ ਗਣਰਾਜੀ ਸਰਕਾਰ ਅਤੇ ਸਪੇਨੀ ਲੋਕਾਂ ਦੇ ਬੀਰਤਾਪੂਰਣ ਟਾਕਰੇ ਦੀ ਮਦਦ ਕਰਨ ਦਾ ਇਰਾਦਾ ਸਪਸ਼ਟ ਕਰ ਦਿੱਤਾ।

ਆਪਣੀ ਕਹਿਣੀ 'ਤੇ ਪੂਰਾ ਉੱਤਰਦਿਆਂ, ਬਤੌਰ ਕਸਮ ਅਤੇ ਲੋਕ ਟਾਕਰੇ ਨੂੰ ਹੌਸਲਾ ਦੇਣ ਲਈ ਸਟਾਲਿਨ ਨੇ ਸੋਵੀਅਤ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ 16 ਅਕਤੂਬਰ ਨੂੰ ਜੋਸ ਡਿਆਜ਼ ਨੂੰ ਇਤਿਹਾਸਕ ਤਾਰ ਭੇਜੀ :

"ਸੋਵੀਅਤ ਯੂਨੀਅਨ ਦੇ ਕਾਮੇ, ਹਰ ਸੰਭਵ ਤਰੀਕੇ ਨਾਲ ਸਪੇਨ ਦੇ ਇਨਕਲਾਬੀ ਲੋਕਾਂ ਦੀ ਸਹਾਇਤਾ ਕਰਦਿਆਂ, ਆਪਣਾ ਫਰਜ਼ ਨਿਭਾਉਣ ਤੋਂ ਕਿਤੇ ਵੱਡਾ, ਕੰਮ ਕਰ ਰਹੇ ਹਨ। ਉਹ ਜਾਣਦੇ ਹਨ ਕਿ ਫਾਸ਼ੀਵਾਦੀ ਪਿਛਾਖੜੀਆਂ ਦੇ ਦਾਬੇ ਤੋਂ ਸਪੇਨ ਨੂੰ ਮੁਕਤ ਕਰਾਉਣਾ ਸਪੇਨ ਵਾਸੀਆਂ ਦਾ ਨਿੱਜੀ ਸਰੋਕਾਰ ਨਹੀਂ ਹੈ, ਸਗੋਂ ਕੁਲ ਅਗਾਂਹਵਧੂ ਅਤੇ ਤਰੱਕੀਯਾਫ਼ਤਾ ਮਨੁੱਖਤਾ ਦਾ ਸਾਂਝਾ ਕਾਜ਼ ਹੈ।"

ਆਪਣੀ ਮੁਕਤੀ ਦੀ ਜੱਦੋਜਹਿਦ 'ਚ ਜੁਟੇ ਸਪੇਨ ਨੂੰ ਬਹੁਤ ਛੇਤੀ ਹੀ ਸੋਵੀਅਤ ਲੋਕਾਂ ਅਤੇ ਸਰਕਾਰ ਦੀ ਨਿੱਘੀ, ਭਰਾਤਰੀ ਇਕਮੁੱਠਤਾ ਮਹਿਸੂਸ ਹੋਣ ਲੱਗੀ।

ਮਾਸਕੋ ਦੀ ਕੱਪੜਾ ਮਿੱਲ, "ਤਿੰਨ ਪਰਬਤ" ਦੀਆਂ ਔਰਤ ਮਜ਼ਦੂਰਾਂ ਨੇ ਸਪੇਨ ਦੀਆਂ ਔਰਤਾਂ ਅਤੇ ਬੱਚਿਆਂ ਲਈ ਕੱਪੜੇ, ਖਾਣਾ ਅਤੇ ਦਵਾਈਆਂ ਭੇਜੀਆਂ। ਅਨੇਕਾਂ ਸੋਵੀਅਤ ਲੋਕ ਉਨ੍ਹਾਂ ਦੇ ਪਾਏ ਪੂਰਨੇ 'ਤੇ ਚੱਲੇ। ਅਕਤੂਬਰ 1936 'ਚ, ਸੋਵੀਅਤ ਸਮੁੰਦਰੀ ਜਹਾਜ਼ਾਂ ਦਾ ਸਪੇਨ ਅਤੇ ਸੋਵੀਅਤ ਯੂਨੀਅਨ ਵਿਚਕਾਰ ਆਉਣ ਜਾਣ ਸ਼ੁਰੂ ਹੋ ਗਿਆ। ਦੋ ਮਹੀਨੇ ਬਾਦ, ਸਪੇਨੀ ਸਰਕਾਰ ਨੂੰ ਸੋਵੀਅਤ ਯੂਨੀਅਨ ਦੇ ਮਜ਼ਦੂਰਾਂ ਵੱਲੋਂ ਭੇਜੀਆਂ ਸਹਾਇਤਾ ਦੀਆਂ ਪਹਿਲੀਆਂ ਖੇਪਾਂ ਮਿਲ ਗਈਆਂ, ਜਿਨ੍ਹਾਂ ਦੀ ਕੀਮਤ ਛੇ ਕਰੋੜ ਰੂਬਲ ਦੇ ਕਰੀਬ ਸੀ।

ਬਾਰਸੀਲੋਨਾ 'ਚ ਪੁੱਜਣ ਵਾਲਾ ਪਹਿਲਾ ਸੋਵੀਅਤ ਸਮੁੰਦਰੀ ਜਹਾਜ਼ *ਸਿਰਿਆਨਿਨ* ਸੀ, ਫਿਰ *ਨੇਵਾ* ਅਤੇ *ਟਰਕਸਿਬ* ਜਹਾਜ਼ ਸੋਵੀਅਤ ਯੂਨੀਅਨ ਦੀ ਸਹਾਇਤਾ ਸਾਡੇ ਸਮੁੰਦਰੀ ਕੰਢੇ 'ਤੇ ਪਹੁੰਚਾਉਂਦੇ ਰਹੇ। ਇਨ੍ਹਾਂ ਸਮੁੰਦਰੀ ਜਹਾਜ਼ਾਂ 'ਤੇ ਨਿਯੁਕਤ ਕੀਤੇ ਜਹਾਜ਼ੀ ਸੱਚੇ ਸਮੁੰਦਰੀ ਰਖਵਾਲੇ ਸਨ, ਇਨ੍ਹਾਂ ਨੇ ਸਿਰਫ਼ ਕਪਾਹ, ਮੱਖਣ, ਖੰਡ ਅਤੇ ਆਟਾ ਹੀ ਨਹੀਂ ਸਗੋਂ ਹਵਾਈ ਜਹਾਜ਼, ਟੈਂਕ, ਤੋਪਾਂ, ਮਸ਼ੀਨਗੰਨਾਂ ਅਤੇ ਅਜਿਹੇ ਯੋਧੇ ਵੀ ਪੁੱਜਦੇ ਕੀਤੇ ਜੋ ਜਾਣਦੇ ਸਨ ਕਿ ਇਨ੍ਹਾਂ ਨੂੰ ਕਿਵੇਂ ਚਲਾਉਣਾ ਹੈ ਅਤੇ ਜੋ ਸਾਡੇ ਯੋਧਿਆਂ ਨੂੰ ਸਿਖਲਾਈ ਦੇਣਗੇ।

ਸੋਵੀਅਤ ਟੈਂਕਾਂ ਅਤੇ ਹਵਾਈ-ਜਹਾਜ਼ਾਂ ਤੋਂ ਬਗ਼ੈਰ ਮੈਡਰਿਡ ਦੀ ਰਾਖੀ ਕਦੇ ਨਹੀਂ ਸੀ ਕੀਤੀ ਜਾਣੀ। ਇਹ ਤੱਥ ਅਨੋਖਾ ਅਤੇ ਸਾਫ਼-ਸਪਸ਼ਟ ਸੀ ਕਿ ਮੈਡਰਿਡ ਦੇ ਲੋਕਾਂ ਨੇ ਸੋਵੀਅਤ ਆਗੂਆਂ ਦੀਆਂ ਤਸਵੀਰਾਂ ਘਿਰੀ ਹੋਈ ਰਾਜਧਾਨੀ ਦੇ ਮਕਾਨਾਂ ਦੇ ਛੱਜਿਆਂ ਅਤੇ ਸੜਕਾਂ 'ਤੇ ਸਜਾਈਆਂ ਹੋਈਆਂ ਸਨ, ਜਿਸ ਤੋਂ ਬਾਗ਼ੀਆਂ ਨੂੰ ਬਹੁਤ ਜ਼ਿਆਦਾ ਔਖ ਸੀ। ਲੋਕ ਇਨ੍ਹਾਂ ਯੋਧਿਆਂ ਨੂੰ ਆਪਣੇ ਆਗੂ ਸਮਝਦੇ ਸਨ, ਕਿਉਂਕਿ ਜੇ ਸੋਵੀਅਤ ਯੂਨੀਅਨ ਤੇ ਇਨ੍ਹਾਂ ਦੀ ਸਹਾਇਤਾ ਨਾ ਹੁੰਦੀ ਤਾਂ ਫਾਸ਼ੀਵਾਦੀਆਂ ਦੇ ਮਨਸੂਬੇ ਝੱਟ ਸਿਰੇ ਚੜ੍ਹ ਜਾਣੇ ਸਨ।

ਮਾਰੀਆ ਫੌਰਟਸ, ਤਾਤੀਆਨਾ ਇਵਾਨੋਵਾ, ਇਲੇਨਾ ਲੇਬੇਦਿਵਾ, ਐਡਲਿਨ ਅਤੇ ਪੌਲਿਨ ਅਬਰਾਮਸਨ ਭੈਣਾਂ, ਨੋਰਾ ਚੈਗੋਦਾਏਵਾ, ਸਾਏਤਾਸਿਵਾ ਅਤੇ ਅਨੇਕਾਂ ਹੋਰ ਸਮਰਪਿਤ ਦੁਭਾਸ਼ੀਆਂ, ਜੋ ਫ਼ੌਜੀ ਸਲਾਹਕਾਰ ਅਤੇ ਮਾਹਰਾਂ ਦੇ ਨਾਲ ਮੁਹਾਜ਼ਾਂ ਉੱਤੇ ਰਹੇ, ਤੋਂ ਲੈ ਕੇ ਸਪੇਨ ਅੰਦਰ ਵਪਾਰਕ ਸਫ਼ਾਰਤੀ ਸਟਾਫ਼, ਮਰਚੈਨਕੋ, ਤੇ ਉਸ ਦੀ ਪਤਨੀ ਤਿਓਦੋਰਾ ਫੀਦਰ ਤੱਕ—ਸਾਰਿਆਂ ਨੇ ਸਾਡੇ ਲੋਕਾਂ ਅਤੇ ਸਰਕਾਰ ਦੀ ਮਦਦ ਕਰਨ ਲਈ ਅਣਥੱਕ ਕੰਮ ਕੀਤਾ।

ਜਿੱਥੇ ਵੀ ਸਿਆਸੀ ਤੇ ਕੂਟਨੀਤਕ ਮਾਧਿਅਮਾਂ ਜ਼ਰੀਏ ਗਣਰਾਜੀ ਸਪੇਨ ਦੇ ਕਾਜ਼ ਦੀ ਰਾਖੀ ਕੀਤੀ ਜਾ ਸਕਦੀ ਸੀ, ਚਾਹੇ ਦਖ਼ਲ ਨਾ ਦੇਣ ਦੀ ਨੀਤੀ ਵਾਲੀ ਕਮੇਟੀ ਸੀ , ਅਤੇ ਚਾਹੇ

ਰਾਸ਼ਟਰਾਂ ਦੀ ਲੀਗ, ਹਰੇਕ ਖੇਤਰ 'ਚ ਸੋਵੀਅਤ ਨੁਮਾਇੰਦਿਆਂ ਨੇ ਯੂਰਪ ਅੰਦਰ ਫਾਸ਼ੀਵਾਦ ਦੇ ਫੈਲਾਅ ਨੂੰ ਰੋਕਣ ਅਤੇ ਜੰਗ ਭੜਕਾਉਣ ਵਾਲਿਆਂ ਨੂੰ ਨੱਥ ਪਾਉਣ ਲਈ ਸਹਾਇਤਾ ਲੈਣ ਦੇ ਸਪੇਨੀ ਲੋਕਾਂ ਅਤੇ ਸਰਕਾਰ ਦੇ ਹੱਕ ਦੀ ਦ੍ਰਿੜਤਾ ਨਾਲ ਅਤੇ ਡੱਟਕੇ ਹਮਾਇਤ ਕੀਤੀ।

ਸਮੁੰਦਰੀ ਫ਼ੌਜ ਅਤੇ ਹਥਿਆਰਬੰਦ ਤਾਕਤਾਂ ਦੇ ਮੰਤਰੀ ਇੰਡੈਲੀਸੀਓ ਪਰੀਟੋ ਨੇ 3 ਜਨਵਰੀ 1937 ਨੂੰ ਹਵਾਬਾਜ਼ੀ ਬਾਰੇ ਸੋਵੀਅਤ ਸਲਾਹਕਾਰ ਵੱਲੋਂ ਦਿੱਤੀ ਦੁਪਹਿਰ ਦੇ ਖਾਣ ਦੀ ਦਾਅਵਤ ਮੌਕੇ ਸਾਡੇ ਲੋਕਾਂ ਅਤੇ ਆਗੂਆਂ ਦੀ ਤਰਫ਼ੋਂ ਇਨ੍ਹਾਂ ਹਾਰਦਿਕ ਭਾਵਨਾਵਾਂ ਰਾਹੀਂ ਸ਼ੁਕਰਾਨਾ ਕੀਤਾ:

"ਸੋਵੀਅਤ ਯੂਨੀਅਨ, ਸਪੇਨ ਦੀ ਸਿੱਧੇ ਤੌਰ 'ਤੇ ਮਦਦ 'ਤੇ ਆਇਆ ਹੈ, ਉਹ ਸਭ ਕੁਝ ਹਾਜ਼ਰ ਕਰਦਿਆਂ, ਜੋ ਇਹ ਸਪੇਨ ਦੀ ਜਾਇਜ਼ ਸਰਕਾਰ ਦੀ ਜਿੱਤ ਦੀ ਖਾਤਰ ਕਰ ਸਕਦਾ ਹੈ, ਜਦੋਂਕਿ ਯੂਰਪ ਦੀਆਂ ਹੋਰ ਜਮਹੂਰੀ ਤਾਕਤਾਂ, ਜਿੱਥੇ ਸਮਾਜਵਾਦੀ ਪਾਰਟੀਆਂ ਦਾ ਅਸਰ-ਰਸੂਖ਼ ਹੈ ਜਾਂ ਸਰਕਾਰਾਂ ਆਮ ਤੌਰ 'ਤੇ ਇਨ੍ਹਾਂ ਦੀਆਂ ਹਨ, ਨੇ ਸਾਡੀ ਜੋ ਮਦਦ ਕੀਤੀ ਹੈ ਉਹ ਕਾਫ਼ੀ ਨਹੀਂ ਹੈ, ਅਤੇ ਹੋਰ ਤਾਂ ਹੋਰ ਇਨ੍ਹਾਂ ਨੇ ਜੰਗੀ ਸਮਾਨ ਖ਼ਰੀਦਣ 'ਚ ਅੜਿੱਕੇ ਖੜ੍ਹੇ ਕੀਤੇ ਹਨ ਜਦੋਂਕਿ ਕਾਨੂੰਨੀ ਤੌਰ 'ਤੇ ਗਣਰਾਜ ਇਹ ਲੈਣ-ਦੇਣ ਕਰਨ ਦਾ ਪੂਰਾ ਹੱਕਦਾਰ ਹੈ।ਅਤੇ ਇਕ ਦਿਨ ਸਪੇਨ ਦੀ ਸਮਾਜਵਾਦੀ ਪਾਰਟੀ ਨੂੰ ਇਹ, ਰਸਮੀ ਸ਼ੁਕਰਗੁਜ਼ਾਰ ਹੋ ਕੇ ਨਹੀਂ, ਸਗੋਂ ਸੰਜੀਦਾ ਨਿਹਚਾ ਦੇ ਇਜ਼ਹਾਰ ਵਜੋਂ, ਖੁੱਲ੍ਹੇਆਮ ਮੰਨਣਾ ਪਵੇਗਾ।"

[ 35 ]

## ਦੋਸਤ

ਜੰਗ ਦੌਰਾਨ ਕਈ ਲੋਕ ਨਿਰੀਖਣ ਕਰਨ ਦੇ ਉਦੇਸ਼ ਨਾਲ ਗਣਰਾਜ ਦੇ ਖੇਤਰ 'ਚ ਆਏ। ਨਹਿਰੂ, ਬਰਾਂਟਿੰਗ ਅਤੇ ਕ੍ਰਿਸ਼ਨਾਮੈਨਨ ਵਰਗੇ ਹਿਤੈਸ਼ੀਆਂ ਵਜੋਂ ਆਏ; ਹੋਰ ਜਿਵੇਂ ਐਟਲੀ, ਓਲੇਨਹਾਵਰ ਅਤੇ ਹੋਰ ਸੋਸ਼ਲ ਡੈਮੋਕਰੇਟ ਦੇਖਣ ਵਾਸਤੇ ਆਏ; ਹਾਲੇ ਹੋਰ ਵੀ ਕਈ ਆਉਣ ਦੇ ਉਤਸੁਕ ਸਨ।

ਪਾਲ ਰੌਬਿਨਸਨ ਸਾਡੇ ਦੇਸ਼ ਆਇਆ ਅਤੇ ਉਸਨੇ ਆਪਣੇ ਹਮ-ਵਤਨੀਆਂ ਦੀ ਛੋਟੀ ਜਿਹੀ ਟੋਲੀ ਨੂੰ ਸ਼ੁਭ ਇਛਾਵਾਂ ਕਹੀਆਂ, ਜਿਨ੍ਹਾਂ 'ਚ ਨੀਗਰੋ ਯੋਧਾ ਓਲੀਵਰ ਲਾਅ ਵੀ ਸੀ ਜੋ ਅਮਰੀਕੀ ਫ਼ੌਜ ਦਾ ਸਾਬਕਾ ਕਾਰਪੋਰਲ ਸੀ ਅਤੇ ਹੁਣ ਸਪੇਨ ਦੀ ਲੋਕ ਫ਼ੌਜ ਦਾ ਕਪਤਾਨ ਸੀ।

ਜਦੋਂ ਇਕ ਅਮਰੀਕੀ ਕਰਨਲ ਨੇ ਲਿੰਕਨ ਬ੍ਰਿਗੇਡ ਦਾ ਦੌਰਾ ਕੀਤਾ ਅਤੇ ਨੀਗਰੋ ਨੂੰ ਕਪਤਾਨ ਬਣੇ ਦੇਖਿਆ, ਤਾਂ ਉਸਨੇ ਲਾਅ ਨੂੰ ਹੰਕਾਰ ਨਾਲ ਪੁੱਛਿਆ, "ਤੇਰੀ ਕਪਤਾਨ ਦੀ ਵਰਦੀ ਪਾਉਣ ਦੀ ਜ਼ੁਅਰਤ ਕਿਵੇਂ ਪੈ ਗਈ?"

ਲਾਅ ਦਾ ਜਵਾਬ ਸੀ, "ਕਿਉਂਕਿ ਮੈਂ ਕਪਤਾਨ ਹਾਂ। ਸੰਯੁਕਤ ਰਾਜ 'ਚ ਮੈਂ ਸਿਰਫ਼ ਇਕ ਕਾਰਪੋਰਲ ਹੀ ਹੋ ਸਕਦਾ ਸੀ ਕਿਉਂਕਿ ਮੈਂ ਨੀਗਰੋ ਸੀ। ਇੱਥੇ ਸਾਡੇ ਰੰਗ ਕਰਕੇ ਨਹੀਂ ਸਗੋਂ ਹੱਕਦਾਰ ਹੋਣ ਦੇ ਅਧਾਰ 'ਤੇ ਫੀਤੀਆਂ ਲੱਗਦੀਆਂ ਹਨ।"

ਇਹ ਸੂਰਮਾ ਕਪਤਾਨ ਸਪੇਨ 'ਚ ਦਫ਼ਨਾਇਆ ਹੋਇਆ ਹੈ। ਉਹ ਬਰੂਨਿਟੀ ਦੀ ਲੜਾਈ 'ਚ ਮਾਰਿਆ ਗਿਆ ਸੀ।

ਪਾਲ ਰਾਬਿਨਸਨ ਨੇ ਯੋਧਿਆਂ ਦੀ ਤਾਰੀਫ਼ 'ਚ ਗਾਇਆ। ਉਸ ਦੀ ਆਵਾਜ਼ ਦੇ ਜਾਦੂ ਨਾਲ, ਸਪੇਨ ਵਿਚ ਮੁਕਤੀ ਅਤੇ ਨਿਆਂ ਲਈ ਲੜ ਰਹੇ ਅਮਰੀਕੀ ਹਮਵਤਨਾਂ ਨੂੰ ਦੂਰ ਆਪਣੀ ਮਿੱਟੀ ਦੀ ਯਾਦ ਆ ਗਈ, ਜਿਸ ਦੀਆਂ ਜਮਹੂਰੀ ਰਵਾਇਤਾਂ ਨੂੰ ਸਰਮਾਏਦਾਰ ਹਰ ਰੋਜ਼ ਕੁਚਲ ਰਹੇ ਸਨ ਜਿਨ੍ਹਾਂ ਨੇ ਸੰਯੁਕਤ ਰਾਜ ਨੂੰ ਸੋਨੇ ਦੀ ਹਿਰਸ ਦਾ ਮੁਜੱਸਮਾ ਬਣਾ ਦਿੱਤਾ ਸੀ।

ਸ੍ਰੀ ਨਹਿਰੂ ਦਾ ਦੌਰਾ ਸਾਡੇ ਸਾਰਿਆਂ ਲਈ ਅਥਾਹ ਮਹੱਤਵਪੂਰਣ ਸੀ। ਉਹ ਭਾਰਤੀ ਲੋਕਾਂ ਦੇ ਨੁਮਾਇੰਦੇ ਵਜੋਂ ਆਇਆ ਸੀ, ਜੋ ਆਪਣੇ ਵਤਨ ਨੂੰ ਬਰਤਾਨਵੀ ਸਾਮਰਾਜ ਦੇ ਜੂਲੇ ਤੋਂ ਮੁਕਤ ਕਰਾਉਣ ਲਈ ਲੜ ਰਹੇ ਸਨ। ਅਸੀਂ ਆਪਣੇ ਆਦਰਸ਼ਾਂ ਅਤੇ ਉਮੰਗਾਂ ਬਾਰੇ ਨਿੱਠਕੇ ਵਿਚਾਰ-ਵਟਾਂਦਰਾ ਕੀਤਾ। ਉਹ ਸਾਡੇ ਖ਼ੈਰ-ਖਵਾਹ ਵਜੋਂ ਆਇਆ ਸੀ, ਅਤੇ ਸਾਡੀ ਜਿੱਤ ਦੀ ਕਾਮਨਾ ਕਰਦਿਆਂ ਵਾਪਸ ਗਿਆ। ਉਹ ਨਾ ਸਿਰਫ਼ ਇਸ ਨੂੰ ਜਾਇਜ਼ ਅਤੇ ਸੰਭਵ ਸਮਝਦਾ ਸੀ ਸਗੋਂ ਦੁਨੀਆਂ ਦੇ ਸਭਨਾਂ ਜਮਹੂਰੀ ਦੇਸ਼ਾਂ ਲਈ ਇਸ ਦੀ ਵੱਡੀ ਮਹੱਤਤਾ ਵੀ ਸਮਝਦਾ ਸੀ।

ਬਰਤਾਨੀਆ ਤੋਂ ਜਿਹੜੇ ਨੁਮਾਇੰਦੇ ਅਕਸਰ ਆਉਂਦੇ ਰਹੇ ਉਨ੍ਹਾਂ 'ਚ ਸੀ ਐਥੋਲ ਦੇ ਡਿਊਕ ਦੀ ਬੇਗ਼ਮ। ਉਹ ਮੈਨੂੰ ਮਿਲਣ ਆਈ, ਅਸੀਂ ਇਹ ਸਮਾਂ ਸੁਹਾਵਣਾ ਗੁਜ਼ਾਰਿਆ। ਮੈਂ ਸੋਚਦੀ ਸੀ ਕਿ ਮੈਂ ਉਸ ਨੂੰ ਦੁਬਾਰਾ ਨਹੀਂ ਮਿਲ ਸਕਾਂਗੀ, ਪਰ ਬਾਦ 'ਚ 1938 'ਚ ਪੈਰਿਸ ਵਿਚ ਸਪੇਨੀ ਸਹਾਇਤਾ ਸੰਮੇਲਨ ਦੌਰਾਨ ਮੇਰੀ ਉਸ ਨਾਲ ਫਿਰ ਮੁਲਾਕਾਤ ਹੋ ਗਈ ਜਿਸ ਨੂੰ ਆਲਮੀ ਅਮਨ ਕਮੇਟੀ ਨੇ ਜਥੇਬੰਦ ਕੀਤਾ ਸੀ। ਇੱਥੇ ਉਹ ਉਨ੍ਹਾਂ ਨੀਤੀਆਂ ਦੀ ਤਾਈਦ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਕਰ ਰਹੀ ਸੀ ਜੋ ਲੋਕ ਹਿੱਤਾਂ ਦੇ ਖ਼ਿਲਾਫ਼ ਸਨ। ਪੈਰਿਸ 'ਚ ਉਹ ਮੇਰੀ ਮਹਿਮਾਨ ਨਹੀਂ, ਇਕ ਵਿਅਕਤੀ ਸੀ ਜੋ ਐਸੀ ਨੀਤੀ ਦੀ ਵਕਾਲਤ ਕਰ ਰਿਹਾ ਸੀ ਜਿਸ ਨੂੰ ਮੈਂ ਆਪਣੇ ਕਾਜ਼ ਲਈ ਨੁਕਸਾਨਦੇਹ ਸਮਝਦੀ ਸੀ। ਬਹੁਤ ਹੀ ਸਤਿਕਾਰ ਪਰ ਦ੍ਰਿੜਤਾ ਨਾਲ ਮੈਂ ਉਸਦੀਆਂ ਤਜਵੀਜ਼ਾਂ ਦਾ ਵਿਰੋਧ ਕੀਤਾ। ਫਿਰ ਵੀ ਮੈਨੂੰ ਪੂਰੀ ਇਮਾਨਦਾਰੀ ਨਾਲ ਇਹ ਕਹਿਣਾ ਚਾਹੀਦਾ ਹੈ ਕਿ ਉਸਦੇ ਕੁਝ ਸਿਆਸੀ ਵਿਚਾਰਾਂ ਨੂੰ ਛੱਡਕੇ, ਐਥੋਲ ਦੇ ਡਿਊਕ ਦੀ ਬੇਗ਼ਮ ਸਪੇਨ ਦੇ ਲੋਕਾਂ ਅਤੇ ਫਾਸ਼ੀਵਾਦ ਵਿਰੁੱਧ ਉਨ੍ਹਾਂ ਦੇ ਸੰਘਰਸ਼ ਪ੍ਰਤੀ ਉਨ੍ਹਾਂ ਬਹੁਤਿਆਂ ਨਾਲੋਂ ਕਿਤੇ ਬਿਹਤਰ ਸੀ ਜੋ ਸਿਆਸੀ ਤੌਰ 'ਤੇ ਜਮਹੂਰੀਅਤਪਸੰਦ ਜਾਂ ਇੱਥੋਂ ਤੱਕ ਕਿ ਸੋਸ਼ਲ ਡੈਮੋਕਰੇਟ ਹੋਣ ਦੀਆਂ ਕਸਮਾਂ ਖਾਂਦੇ ਸਨ।

ਪੈਰਿਸ ਕਾਨਫਰੰਸ 'ਚ ਨਹਿਰੂ ਵੀ ਸ਼ਾਮਲ ਸੀ। ਉਸਨੇ ਅਤੇ ਉਸ ਦੀ ਖ਼ੂਬਸੂਰਤ ਧੀ ਇੰਦਰਾ ਨੇ ਸਭਾ ਦੀ ਪ੍ਰਧਾਨਗੀ ਕਰਨ ਵਾਲਿਆਂ ਦੇ ਵਤੀਰੇ ਵਿਰੁੱਧ ਰੋਸ ਪ੍ਰਗਟਾਉਂਦਿਆਂ ਮੇਰੀ ਪੁਜੀਸ਼ਨ ਦੀ ਹਮਾਇਤ ਕੀਤੀ। ਪ੍ਰਧਾਨਗੀ ਕਰਨ ਵਾਲਿਆਂ ਨੇ ਧਮਕੀ ਦਿੱਤੀ ਸੀ ਕਿ ਜੇ ਮੈਂ ਸਭਾ 'ਚ ਤਕਰੀਰ ਕੀਤੀ ਤਾਂ ਉਹ ਸਮਾਗਮ ਮੁਅੱਤਲ ਕਰ ਦੇਣਗੇ। ਲੈਬੋਰਾਈਟ ਐਲਿਨਾ ਵਿਲਕਿਨਸਨ ਨੇ ਵੀ ਕਮੇਟੀ ਦੇ ਪ੍ਰਧਾਨ ਦੇ ਇਸ ਸਮਝੋਂ ਬਾਹਰੇ ਰਵੱਈਏ ਦੀ ਨਿਖੇਧੀ ਕੀਤੀ।

ਸੰਯੁਕਤ ਰਾਜ ਅਮਰੀਕਾ ਨੇ ਫਰਾਂਕੋ ਨੂੰ ਉਹ ਸਾਰਾ ਤੇਲ ਮੁਹੱਈਆ ਕੀਤਾ ਜੋ ਬਾਗ਼ੀਆਂ ਨੂੰ ਆਪਣੀ ਜੰਗੀ ਮਸ਼ੀਨ ਨੂੰ ਚੱਲਦਾ ਰੱਖਣ ਲਈ ਲੋੜੀਂਦਾ ਸੀ। ਪਰ ਅਮਰੀਕਾ ਦੇ ਅਗਾਂਹਵਧੂ ਲੋਕ ਸਪੇਨੀ ਗਣਰਾਜ ਦੇ ਨਾਲ ਸਨ, ਇਸ ਦੀਆਂ ਜਿੱਤਾਂ 'ਤੇ ਖੁਸ਼ੀਆਂ ਮਨਾਉਂਦੇ ਅਤੇ ਹਾਰਾਂ ਦਾ ਦੁੱਖ ਮਨਾਉਂਦੇ। 1 38 'ਚ ਅਮਰੀਕੀ ਲੇਖਕਾਂ ਦੀ ਸਭਾ ਦੇ ਪ੍ਰਧਾਨ ਡੋਨਾਲਡ ਔਗਡੈਨ ਸਟਿਊਅਰਟ ਨੇ ਸੰਯੁਕਤ ਰਾਜ 'ਚ ਇਕ ਸਰਵੇਖਣ ਕੀਤਾ। ਸਵਾਲ ਇਹ ਸਨ: ਕੀ ਤੁਸੀਂ

ਫਰਾਂਕੋ ਅਤੇ ਫਾਸ਼ੀਵਾਦ ਦੇ ਪੱਖ 'ਚ ਹੋ ਜਾਂ ਵਿਰੋਧ 'ਚ? ਕੀ ਤੁਸੀਂ ਸਪੇਨੀ ਗਣਰਾਜ ਦੀ ਜਾਇਜ਼ ਸਰਕਾਰ ਦੇ ਪੱਖ 'ਚ ਹੋ ਜਾਂ ਵਿਰੋਧ 'ਚ ?ਇਸ ਦੇ 418 ਜਵਾਬ ਸਭਾ ਨੂੰ ਹਾਸਲ ਹੋਏ। ਇਨ੍ਹਾਂ 'ਚੋਂ 410 ਗਣਰਾਜ ਦੇ ਪੱਖ 'ਚ ਸਨ, 7 ਨਿਰਪੱਖ ਸਨ ਅਤੇ ਸਿਰਫ਼ ਇਕ ਜਵਾਬ ਫਾਸ਼ੀਵਾਦ ਦੇ ਪੱਖ 'ਚ ਸੀ।

28 ਨਵੰਬਰ 1936 ਨੂੰ, ਪ੍ਰਸਿੱਧ ਲੇਖਕ ਰੋਮਾ ਰੋਲਾਂ ਨੇ ਸਾਰੇ ਫਰਾਂਸੀਸੀ ਲੋਕਾਂ ਅਤੇ ਸਭਨਾਂ ਥਾਵਾਂ ਦੀਆਂ ਬਾ-ਰਸੂਖ਼ ਹਸਤੀਆਂ ਨੂੰ ਗਣਰਾਜੀ ਸਪੇਨ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੱਤਾ: "ਸਪੇਨ ਦੀ ਮਦਦ ਲਈ ਅੱਗੇ ਆਉ! ਸਾਡੀ ਮਦਦ, ਆਪਣੀ ਮਦਦ ਲਈ ਅੱਗੇ ਆਉ! ਚੁੱਪ ਰਹੇ ਤਾਂ ਕੱਲ੍ਹ ਨੂੰ ਸਾਡੇ ਮੁੰਡੇ ਹੀ ਮਰਨਗੇ!"

ਬਾਦ 'ਚ, ਜੁਲਾਈ 1937 'ਚ, ਫਾਸ਼ੀਵਾਦ ਵਿਰੋਧੀ ਲੇਖਕਾਂ ਦੀ ਕੌਮਾਂਤਰੀ ਕਾਂਗਰਸ ਨੇ ਵੇਲੈਂਸੀਆ 'ਚ ਮੀਟਿੰਗ ਕਰਕੇ ਗਣਰਾਜ ਦੀ ਹਮਾਇਤ ਮੁੜ ਦੁਹਰਾਈ ਅਤੇ ਸਭਿਆਚਾਰ ਦੀ ਰਾਖੀ ਲਈ ਅਹਿਮ ਮਤੇ ਪਾਸ ਕੀਤੇ। ਰੋਮਾ ਰੋਲਾਂ ਨੇ ਕਾਂਗਰਸ ਨੂੰ ਹੇਠ ਲਿਖਿਆ ਸੰਦੇਸ਼ ਭੇਜਿਆ:

"ਵੇਲੈਂਸੀਆ, ਮੈਡਰਿਡ ਅਤੇ ਬਾਰਸੀਲੋਨਾ 'ਚ ਲੇਖਕ ਸਾਥੀਆਂ ਦੀ ਮੀਟਿੰਗ ਨੂੰ ਮੈਂ ਆਪਣੇ ਵੱਲੋਂ ਹਾਰਦਿਕ ਵਧਾਈ ਦਿੰਦਾ ਹਾਂ। ਇਨ੍ਹਾਂ ਪਲਾਂ 'ਚ, ਸਮੁੱਚੀ ਦੁਨੀਆਂ ਦੀ ਸਭਿਅਤਾ ਇਨ੍ਹਾਂ ਰਾਜਧਾਨੀਆਂ 'ਚ ਇਕਮੁੱਠ ਹੈ; ਫਾਸ਼ੀਵਾਦੀ ਦਰਿੰਦਿਆਂ ਦੇ ਹਵਾਈ-ਜਹਾਜ਼ਾਂ ਅਤੇ ਬੰਬਾਂ ਦੀ ਦਹਿਲਾਈ ਦੁਨੀਆਂ, ਜਿਵੇਂ ਪੁਰਾਣੇ ਸਮਿਆਂ ਦੇ ਵਹਿਸ਼ੀ ਹਮਲਿਆਂ 'ਚ ਹੋਇਆ ਕਰਦਾ ਸੀ....

"ਅਸੀਂ ਸਪੇਨ ਵਿਚ ਆਪਣੇ ਭਰਾਵਾਂ ਅਤੇ ਸਾਥੀ ਯੋਧਿਆਂ ਨਾਲ ਪੂਰੇ ਉਤਸ਼ਾਹ ਨਾਲ ਇਕਮੁੱਠਤਾ ਪ੍ਰਗਟਾਉਂਦੇ ਹਾਂ।

"ਸਾਨੂੰ ਸੂਰਮਿਆਂ ਦੀ ਇਸ ਕੌਮ 'ਤੇ, ਇਨ੍ਹਾਂ ਸੂਰਬੀਰਾਂ 'ਤੇ, ਦੋ ਤਾਕਤਾਂ—ਆਮ ਜਨਤਾ ਅਤੇ ਇਨ੍ਹਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਤਾਕਤ—ਦੇ ਸੁਮੇਲ ਉੱਤੇ ਫ਼ਖ਼ਰ ਹੈ! ਸ਼ਾਲਾਂ ਇਹ ਸੁਮੇਲ ਯੂਰਪ ਅਤੇ ਅਮਰੀਕਾ ਦੀਆਂ ਮਹਾਨ ਜਮਹੂਰੀਅਤਾਂ ਲਈ ਮਿਸਾਲ ਬਣੇ! ਲੜਾਈ 'ਚ ਮਜ਼ਬੂਤ ਹੋਇਆ ਇਹ ਸੁਮੇਲ ਦੁਨੀਆਂ ਦੀ ਤਰੱਕੀ ਤੇ ਮੁਕਤੀ ਦੀ ਰਾਖੀ ਕਰੇ!"

ਇਸ ਇਤਿਹਾਸਕ ਕਾਂਗਰਸ ਵਿਚ, ਜਿਸਨੇ ਸਾਰੇ ਬੁੱਧੀਜੀਵੀਆਂ ਨੂੰ ਨਵਾਂ ਭਵਿੱਖ-ਨਕਸ਼ਾ ਦਿੱਤਾ, ਸ਼ਾਮਲ ਸਨ: ਪਾਬਲੋ ਨੈਰੂਦਾ, ਸੈਸਰ ਵੈਲੇਜੋ, ਹਿਊਡੋਬਰੋ, ਜੋਸ ਮਨਸਿਸੀਡਰ, ਔਕਟੈਵੀਓ ਪਾਜ਼, ਪਾਬਲੋ ਰੋਜਾਸ, ਰੌਅਲ ਗੋਜੇਲਜ਼ ਟੂਨਨ, ਅੰਪਾਰੋ ਮੌਨ, ਜੁਆਨ ਮੇਰੀਨੇਲੋ ਅਤੇ ਨਿਕੋਲਸ ਗੁਈਲੇਨ ਲਾਤੀਨੀ ਅਮਰੀਕਾ ਤੋਂ; ਡਿਓਦਰੋ ਬਾਕ ਯੂਗੋਸਲਾਵੀਆ ਤੋਂ; ਲੁਡਵਿਗ ਰੈੱਨ ਅਤੇ ਐਨਾ ਸੇਗਰਜ਼, ਵਿਲੀ ਬਰੈਡਲ, ਐਰਿਚ ਵੇਨਰਟ ਜਰਮਨੀ ਤੋਂ; ਕ੍ਰਿਸਟੋ ਬਿਲੀਵ, ਲੁਡਮਿਲਾ ਲਿਤਵਾਨੋਵਾ, ਬੁਲਗਾਰੀਆ ਤੋਂ; ਜ਼ੇ-ਹੂ ਚੀਨ ਤੋਂ; ਜੂਲੀਅਨ ਬੈਂਦਾ, ਐਡਰੀ ਮਲਰੌਕਸ, ਟ੍ਰਿਸਟਨ ਜ਼ਾਰਾ ਅਤੇ ਲਿਓਨ ਮੌਸੀਨੈਕ, ਜੀਨ ਰਿਚਰਡ ਬਲੌਸ਼, ਫਰਾਂਸ ਤੋਂ; ਅਲੈਕਸੇਈ ਟਾਲਸਟਾਏ, ਐਲੀਜੈਂਡਰੋ ਫੇਦੇਵ, ਵੀ. ਸਟਾਵਸਕੀ, ਵਿਸ਼ਨੇਵਸਕੀ, ਇਲੀਆ ਏਹਰਨਬਰਗ, ਸਾਵਿਚ, ਕੈਲਿਨ, ਮਿਖਾਇਲ ਕੋਲਤਸੋਵ ਸੋਵੀਅਤ ਯੂਨੀਅਨ ਤੋਂ ; ਗੋਰਡੀ ਪੋਲੈਂਡ ਤੋਂ; ਇਗਾਨ ਐਰਵਿਨ ਕਿਸਸ਼ ਚੈਕੋਸਲੋਵਾਕੀਆ ਤੋਂ; ਡੋਨਿਨੀ ਇਟਲੀ ਤੋਂ; ਸਪੈਂਡਰ ਇੰਗਲੈਂਡ ਤੋਂ; ਜੌਹਨ ਡਾਸ ਪੈਸੋਸ ਅਤੇ ਅਰਨੈਸਟ ਹੈਮਿੰਗਵੇ ਸੰਯੁਕਤ ਰਾਜ ਤੋਂ; ਐਂਡਰਸਨ ਨੈਕਸੋ ਡੈਨਮਾਰਕ ਤੋਂ; ਤੇ ਅਨੇਕਾਂ ਹੋਰ। ਸਪੇਨ ਦੀ ਨੁਮਾਇੰਦਗੀ ਕਰਨ ਵਾਲੇ ਬੁੱਧੀਜੀਵੀ ਸਨ : ਰਾਫੈਲ ਅਲਬਰਟੀ,

ਜੋਸ ਬਰਗਾਮਿਨ, ਅਲਵੈਰੇਜ਼ ਡੇਲ ਵਾਯੋ, ਵੇਨ ਸੈਸਲਾਓ ਰੋਸਜ਼, ਸੈਮਰ ਆਰਕੋਨਾਡਾ, ਮਾਰਗੈਰਿਟਾ ਨੈਲਕੇਨ, ਕੌਂਸਟਾਸੀਆ ਡੀ ਲਾ ਮੋਰਾ, ਅਨਤੋਨੀਓ ਮਸ਼ਾਡੋ, ਕੋਰਪਸ ਬਰਗਾ, ਪਲਾ ਵਾਈ ਬੈਲਟਰਾਨ, ਅਤੇ ਵੱਖ-ਵੱਖ ਮੁਹਾਜ਼ਾਂ ਦੇ ਯੋਧਿਆਂ ਦੀ ਨੁਮਾਇੰਦਗੀ ਕਰਦੀ ਵੱਡੀ ਟੋਲੀ।

ਕਾਂਗਰਸ ਨੂੰ ਭੇਜੇ ਗਏ ਸੈਂਕੜੇ ਸੰਦੇਸ਼ਾਂ ਵਿਚ ਇਕ ਸੰਦੇਸ਼ ਵਿਗਿਆਨੀ ਅਲਬਰਟ ਆਈਨਸਟਾਈਨ ਦਾ ਸੀ। ਫਾਸ਼ੀਵਾਦੀ ਹਮਲੇ ਵਿਰੁੱਧ ਲੋਕ ਟਾਕਰੇ ਤੋਂ ਪ੍ਰਭਾਵਤ ਹੋ ਕੇ ਉਸ ਨੇ ਵੱਡੀਆਂ ਤਾਕਤਾਂ, ਜੋ ਗਣਰਾਜੀ ਸਪੇਨ ਨੂੰ ਦਮ ਘੁੱਟਕੇ ਮਾਰਨ ਦਾ ਯਤਨ ਕਰ ਰਹੀਆਂ ਸਨ, ਦੇ ਵਿਰੋਧ 'ਚ ਇਹ ਐਲਾਨ ਕੀਤਾ: "ਸਾਡੇ ਯੁੱਗ ਦੇ ਹਾਲਾਤ 'ਚ, ਮਨੁੱਖੀ ਮੁਕਤੀ ਅਤੇ ਸ਼ਾਨ ਲਈ ਸਪੇਨੀ ਲੋਕਾਂ ਦਾ ਬੀਰਤਾਪੂਰਣ ਸੰਘਰਸ਼ ਹੀ ਇਕੋ ਇਕ ਐਸੀ ਚੀਜ਼ ਹੈ ਜੋ ਸਾਡੇ 'ਚ ਬਿਹਤਰ ਸਮਿਆਂ ਦੀ ਆਸ ਨੂੰ ਜਿਊਂਦਾ ਰੱਖ ਸਕਦੀ ਹੈ।"

ਫਾਸ਼ੀਵਾਦੀ ਸਾਮਰਾਜੀ ਗੱਠਜੋੜ ਵਿਰੁੱਧ ਸਪੇਨੀ ਲੋਕਾਂ ਦੀ ਲੜਾਈ ਦੇ ਬਹਾਦਰੀ ਭਰੇ ਜਾਹੋ-ਜਲਾਲ ਦੇ ਝੰਜੋੜੇ, ਕਈ ਬੁੱਧੀਜੀਵੀ ਸਪੇਨ 'ਚ ਹੀ ਰਹਿ ਪਏ ਅਤੇ ਸਾਡੇ ਨਾਲ ਮਿਲਕੇ ਲੜੇ। ਉਨ੍ਹਾਂ ਨੂੰ ਸਾਡੇ ਯੋਧਿਆਂ ਦੇ ਜੋਸ਼ ਅਤੇ ਦ੍ਰਿੜ ਇਰਾਦਿਆਂ ਦੀ ਛੱਲ ਨੇ ਮੋਹ ਲਿਆ ਸੀ ਜੋ ਮੁਕਤੀ ਲਈ ਜੂਝਦਿਆਂ ਜਾਨਾਂ ਤਾਂ ਵਾਰ ਦੇਣਗੇ ਪਰ ਫਾਸ਼ੀਵਾਦ ਦੇ ਜੂਲੇ ਹੇਠ ਜ਼ਿੱਲਤ ਭਰੀ ਜ਼ਿੰਦਗੀ ਨਹੀਂ ਜਿਊਣਗੇ।

1936 ਦੇ ਅਖ਼ੀਰ 'ਚ, ਉੱਘਾ ਬਰਤਾਨਵੀ ਲੇਖਕ ਰਾਲਫ਼ ਫਾਕਸ ਕੋਰਡੋਬਾ ਮੁਹਾਜ਼ ਉੱਤੇ ਸੂਰਮਿਆਂ ਦੀ ਮੌਤ ਮਰਿਆ। ਉਹ 14ਵੇਂ ਕੌਮਾਂਤਰੀ ਬ੍ਰਿਗੇਡ ਦਾ ਕਾਮੀਸਾਰ ਸੀ ਅਤੇ ਉਸਨੇ ਆਪਣੀ ਜਮਹੂਰੀ ਨਿਹਚਾ ਅਤੇ ਸਪੇਨੀ ਲੋਕਾਂ ਦੇ ਕਾਜ਼ ਲਈ ਆਪਣਾ ਲਹੂ ਡੋਲ੍ਹਿਆ। ਇਸੇ ਤਰ੍ਹਾਂ 29 ਸਾਲ ਦੀ ਉਮਰ 'ਚ ਜਾਰਾਮਾ ਦੀ ਲੜਾਈ 'ਚ ਪ੍ਰਤਿਭਾਸ਼ਾਲੀ ਬਰਤਾਨਵੀ ਮਾਰਕਸਵਾਦੀ ਕ੍ਰਿਸਟੋਫਰ ਕੌਡਵੈੱਲ ਨੇ ਆਪਣੀ ਜਾਨ ਵਾਰ ਦਿੱਤੀ ਸੀ। ਇਕ ਸਾਲ ਬਾਦ, ਐਬਰੋ ਦੀ ਲੜਾਈ 'ਚ, ਅਮਰੀਕੀ ਲੇਖਕ ਰਿੰਗ ਲਾਰਡਨਰ ਦੇ ਬੇਟੇ ਜੇਮਜ਼ ਲਾਰਡਨਰ ਨੇ ਜਾਨ ਕੁਰਬਾਨ ਕਰ ਦਿੱਤੀ।

ਮੈਕਸੀਕਨ ਚਿੱਤਰਕਾਰ ਡੇਵਿਡ ਅਲਫਾਰੋ ਸਿਕੂਈਰੋਸ ਵੀ ਲੋਕ ਫ਼ੌਜ ਦੀਆਂ ਸਫ਼ਾਂ 'ਚ ਲੜਿਆ। ਮੈਡਰਿਡ ਮੁਹਾਜ਼ ਉੱਤੇ ਕਿਊਬਾ ਦਾ ਲੇਖਕ ਪਾਬਲੋ ਡੀ ਲਾ ਟੋਰੀਐਂਟੇ, ਜੋ ਸਾਥੀ ਜੋਕੁਇਨ ਐਰਡੋਕੁਈ ਦੀ ਅਗਵਾਈ 'ਚ ਬਹੁਤ ਸਾਰੇ ਕਿਊਬਾ ਵਾਸੀਆਂ ਦੇ ਨਾਲ ਗਣਰਾਜ ਦੇ ਕਾਜ਼ ਦੀ ਮਦਦ ਲਈ ਸਪੇਨ ਆਇਆ ਸੀ, ਅਤੇ ਇਸੇ ਤਰ੍ਹਾਂ ਨੌਜਵਾਨ ਵਿਦਿਆਰਥੀ ਅਲਬਰਟੋ ਸੈਂਚੇਜ਼ ਅਤੇ ਸਾਥੀ ਕੈਨਡਨ ਮਾਰੇ ਗਏ। ਇਹ ਸਾਰੇ ਨਾਂਅ ਅਤੇ ਜ਼ਿੰਦਗੀਆਂ ਹਰ ਸਮੇਂ ਬਹਾਦਰ ਜਵਾਨੀ ਲਈ ਮਿਸਾਲ ਬਣੇ ਰਹਿਣਗੇ।

ਵੱਖ-ਵੱਖ ਦੇਸ਼ਾਂ ਦੇ ਅਨੇਕਾਂ ਸਮਾਜਵਾਦੀਆਂ ਅਤੇ ਮਜ਼ਦੂਰ ਆਗੂਆਂ ਨੇ ਵੀ ਗਣਰਾਜ ਦੇ ਕਾਜ ਨਾਲ ਵਿਅਕਤੀਗਤ ਤੌਰ 'ਤੇ ਹਮਦਰਦੀ ਦਿਖਾਈ। ਪਰ ਉਨ੍ਹਾਂ ਨੂੰ ਫਾਸ਼ੀਵਾਦ ਵਿਰੁੱਧ ਸਪੇਨੀ ਲੋਕਾਂ ਦੀ ਲੜਾਈ ਦੀ ਮਦਦ ਕਰਨ ਲਈ ਜੋ ਕਰਨਾ ਚਾਹੀਦਾ ਸੀ ਉਹ ਅਮਲੀ ਤੌਰ 'ਤੇ ਕਰਨ 'ਚ ਅਸਫ਼ਲ ਰਹੇ। ਇਸ ਨਾਲ ਅਨੇਕਾਂ ਦੇਸ਼ਾਂ ਦੇ ਉਨ੍ਹਾਂ ਵੱਖ-ਵੱਖ ਸਿਆਸੀ ਵਿਚਾਰਾਂ ਵਾਲੇ ਬੰਦਿਆਂ ਦੇ ਯੋਗਦਾਨ ਦੀ ਸਿਆਸੀ ਅਤੇ ਇਤਿਹਾਸਕ ਮਹੱਤਤਾ ਕਿਵੇਂ ਵੀ ਘੱਟਦੀ ਨਹੀਂ ਹੈ ਜੋ ਸੰਜੀਦਗੀ ਨਾਲ ਸਾਡੇ ਵੱਲ ਸਨ, ਇਨ੍ਹਾਂ 'ਚ ਸਨ ਸਵੀਡਨ ਦਾ ਸੈਨੇਟਰ ਬਰਾਂਟਿੰਗ, ਬੈਲਜੀਅਮ ਦੇ ਕੈਮਿਲੋ ਹਾਈਸਮੈਨਸ਼ ਅਤੇ ਇਮਾਬਲ ਬਲੂਇਮ।

ਭਾਵੇਂ ਉਨ੍ਹਾਂ ਦੇ ਵਿਚਾਰ ਸਾਡੇ ਨਾਲੋਂ ਵੱਖਰੇ ਸਨ, ਪਰ ਅਸੀਂ ਉਨ੍ਹਾਂ ਸੋਸ਼ਲ ਡੈਮੋਕਰੇਟ ਆਗੂਆਂ ਦੀ ਕੌਮਾਂਤਰੀ ਬ੍ਰਿਗੇਡਾਂ 'ਚ ਸ਼ਮੂਲੀਅਤ ਨੂੰ ਸ਼ੁਕਰਾਨੇ ਦੀ ਭਾਵਨਾ ਨਾਲ ਚੇਤੇ ਕੀਤੇ ਬਗ਼ੈਰ ਨਹੀਂ ਰਹਿ ਸਕਦੇ ਜਿਵੇਂ ਆਸਟਰੀਆ ਤੋਂ ਜੂਲੀਅਸ ਡਿਊਸ਼; ਪੀਤਰੋ ਨੈਨੀ ਕਾਮੀਸਾਰ; ਅਤੇ ਫਾਸ਼ੀਵਾਦ ਦੇ ਹੋਰ ਵਿਰੋਧੀ ਜਿਵੇਂ ਗੈਰੀਬਾਲਡੀ ਬ੍ਰਿਗੇਡ ਦਾ ਇਤਾਲਵੀ ਪੈਕੀਆਰਡੀ, ਅਤੇ ਫਰਾਂਸ ਦਾ ਸਭਿਆਚਾਰ ਬਾਰੇ ਮੌਜੂਦਾ ਮੰਤਰੀ, ਐਂਡਰੀ ਮਲਰੌਕਸ, ਜੋ ਸਾਡੀ ਜੰਗ ਦੇ ਸ਼ੁਰੂ ਦੇ ਦਿਨਾਂ 'ਚ ਹਵਾਬਾਜ਼ ਸੀ।

ਇਸਦਾ ਅਧਾਰ ਵਿਸ਼ਾਲ ਕੌਮਾਂਤਰੀ ਹੋਣ ਦੇ ਬਾਵਜੂਦ, ਸਪੇਨ ਨਾਲ ਇਕਮੁੱਠਤਾ ਪ੍ਰਤੱਖ ਤੌਰ 'ਤੇ ਓਨੀ ਵਿਆਪਕ ਨਹੀਂ ਸੀ ਜਿੰਨੀ ਹੋਣੀ ਚਾਹੀਦੀ ਸੀ। ਜਦੋਂ ਫਾਸ਼ੀਵਾਦ ਵਿਰੋਧੀ ਮਹਾਨ ਘੁਲਾਟੀਏ ਅਤੇ ਕਾਮਿਨਟਰਨ ਦੇ ਸਕੱਤਰ ਦਿਮਿਤਰੋਵ ਨੇ ਕੌਮਾਂਤਰੀ ਸਮਾਜਵਾਦੀ ਲਹਿਰ ਨੂੰ ਲਿਖਤੀ ਅਪੀਲ ਕੀਤੀ, ਉਸਨੇ ਠੀਕ ਹੀ ਤਾਂ ਆਖਿਆ ਸੀ :

"ਕੌਮਾਂਤਰੀ ਪ੍ਰੋਲੇਤਾਰੀਆ ਪੂਰੀ ਤਰ੍ਹਾਂ ਸਪੇਨੀ ਲੋਕਾਂ ਦੇ ਨਾਲ ਅਤੇ ਫਾਸ਼ੀਵਾਦੀ ਬਾਗ਼ੀਆਂ ਅਤੇ ਧਾੜਵੀਆਂ ਦੇ ਖ਼ਿਲਾਫ਼ ਹੈ। ਇਸ ਨੇ ਯੋਧਿਆਂ ਨਾਲ ਇਕਮੁੱਠਤਾ ਦਿਖਾਈ ਹੈ ਅਤੇ ਲਗਾਤਾਰ ਦਿਖਾ ਰਿਹਾ ਹੈ। ਇਹ ਪਦਾਰਥਕ ਮਦਦ ਦੇਣ ਅਤੇ ਖਾਣਾ ਅਤੇ ਐਂਬੂਲੈਂਸਾਂ ਭੇਜਣ ਤੱਕ ਸੀਮਤ ਨਹੀਂ ਰਿਹਾ; ਇਸਨੇ ਆਪਣੇ ਸ੍ਰੇਸ਼ਟ ਪੁੱਤਰਾਂ ਨੂੰ ਮੈਡਰਿਡ, ਗੁਆਡਲਾਜਾਰਾ ਦੇ ਮੁਹਾਜ਼ਾਂ ਉੱਤੇ, ਗਣਰਾਜੀ ਫ਼ੌਜ ਦੀਆਂ ਸਫ਼ਾਂ 'ਚ ਭੇਜਿਆ ਹੈ।

"ਪਰ ਇਹ ਸਾਰਾ ਕੁਝ ਕਾਫ਼ੀ ਨਹੀਂ ਹੈ। ਕੌਮਾਂਤਰੀ ਮਜ਼ਦੂਰ ਲਹਿਰ, ਇਸ ਦੀਆਂ ਮਜ਼ਦੂਰ ਅਤੇ ਸਿਆਸੀ ਜਥੇਬੰਦੀਆਂ ਨੂੰ ਉਦੋਂ ਤੱਕ ਇਹ ਹਰਗਿਜ਼ ਨਹੀਂ ਸੋਚਣਾ ਚਾਹੀਦਾ ਕਿ ਉਨ੍ਹਾਂ ਨੇ ਆਪਣਾ ਫ਼ਰਜ਼ ਨਿਭਾ ਦਿੱਤਾ ਹੈ ਜਦੋਂ ਤੱਕ ਗਣਰਾਜੀ ਸਪੇਨ ਦੇ ਕੌਮਾਂਤਰੀ ਹੱਕਾਂ ਨੂੰ ਮਾਨਤਾ ਅਤੇ ਜ਼ਾਮਨੀ ਨਹੀਂ ਮਿਲਦੀ ਅਤੇ ਸਪੇਨ 'ਚ ਫਾਸ਼ੀਵਾਦੀ ਦਖ਼ਲ ਬੰਦ ਨਹੀਂ ਹੋ ਜਾਂਦਾ।"

ਗਣਰਾਜੀ ਸਪੇਨ ਦੀ ਰਾਖੀ ਲਈ ਇਕੋ ਕੌਮਾਂਤਰੀ ਮੁਹਾਜ਼ ਉਸਾਰਨ ਲਈ, ਕਾਮਿਨਟਰਨ ਨੇ ਹੇਠ ਲਿਖੇ ਬੁਨਿਆਦੀ ਨੁਕਤੇ ਤਜਵੀਜ਼ ਕੀਤੇ:

"ਸਪੇਨ 'ਚੋਂ ਇਤਾਲਵੀ ਅਤੇ ਜਰਮਨ ਫ਼ੌਜੀ ਦਸਤੇ ਤੁਰੰਤ ਵਾਪਸ ਬੁਲਾਏ ਜਾਣ!

"ਗਣਰਾਜੀ ਸਪੇਨ ਦੀ ਨਾਕਾਬੰਦੀ ਖ਼ਤਮ ਕੀਤੀ ਜਾਵੇ!

"ਜਾਇਜ਼ ਗਣਰਾਜੀ ਸਰਕਾਰ ਦੇ ਸਾਰੇ ਕੌਮਾਂਤਰੀ ਹੱਕਾਂ ਨੂੰ ਮਾਨਤਾ ਮਿਲੇ!

"ਸਪੇਨੀ ਲੋਕਾਂ ਉੱਤੇ ਹਮਲਾ ਕਰਨ ਵਾਲੇ ਫਾਸ਼ੀਵਾਦੀ ਹਮਲਾਵਰਾਂ ਦੇ ਖ਼ਿਲਾਫ਼ ਰਾਸ਼ਟਰਾਂ ਦੀ ਲੀਗ ਦੇ ਕਾਨੂੰਨ ਲਾਗੂ ਕੀਤੇ ਜਾਣ।"

ਕਾਮਿਨਟਰਨ ਦੀਆਂ ਕੋਸ਼ਿਸ਼ਾਂ ਨੂੰ ਫ਼ਲ ਪਿਆ। ਹਾਲਾਂਕਿ ਸਪੇਨੀ ਗਣਰਾਜ ਤੇ ਇਸਦੇ ਲੋਕਾਂ ਨੂੰ ਉਹ ਸਭ ਕੁਝ ਤਾਂ ਹਾਸਲ ਨਹੀਂ ਹੋਇਆ ਜਿਸਦੇ ਉਹ ਹੱਕਦਾਰ ਸਨ ਅਤੇ ਜੋ ਉਨ੍ਹਾਂ ਨੂੰ ਲੋੜੀਂਦਾ ਸੀ, ਫਿਰ ਵੀ 21 ਜੂਨ 1937 ਨੂੰ ਦੋਵਾਂ ਕੌਮਾਂਤਰੀਆਂ ਦੇ ਨੁਮਾਇੰਦਿਆਂ ਵੱਲੋਂ ਐਨੀਮਾਸ 'ਚ ਇਕ ਮਤਾ ਪਾਸ ਕੀਤਾ ਗਿਆ। ਐਡਲਰ ਅਤੇ ਡੀ ਬਰੂਕਰਜ਼ ਨੇ ਸਮਾਜਵਾਦੀ ਕੌਮਾਂਤਰੀ ਵਲੋਂ ਸਹੀ ਪਾਈ ਜਦੋਂਕਿ ਜੋਸ ਡਿਆਜ਼, ਮਾਰਿਸ ਥੋਰਾਜ, ਕੈਚਿਨ, ਲੁਇਗੀ ਲੌਂਗੋ, ਫਰੈਂਜ਼ ਡਾਹਲਮ ਅਤੇ ਪੈਡਰੋ ਚੇਕਾ ਨੇ ਕਮਿਊਨਿਸਟ ਕੌਮਾਂਤਰੀ ਦੇ ਨੁਮਾਇੰਦਿਆਂ ਵਜੋਂ ਦਸਤਖ਼ਤ ਕੀਤੇ। ਮਤੇ 'ਚ ਕਿਹਾ ਗਿਆ:

"1. ਸਪੇਨ ਦੇ ਸਵਾਲ ਬਾਰੇ, ਦੋਵੇਂ ਕੌਮਾਂਤਰੀਆਂ ਦੇ ਉਦੇਸ਼ ਲਾਜ਼ਮੀ ਤੌਰ 'ਤੇ ਇਕੋ ਹਨ।

“2. ਦੋਵੇਂ ਕੌਮਾਂਤਰੀਆਂ ਸਹਿਮਤ ਹਨ ਕਿ ਜਿੱਥੇ ਵੀ ਸੰਭਵ ਹੋਵੇ ਦੋਵਾਂ ਧਿਰਾਂ ਨੂੰ ਸਪੇਨੀ ਲੋਕਾਂ ਦੇ ਪੱਖ 'ਚ ਸਾਂਝੀਆਂ ਕਾਰਵਾਈਆਂ ਕਰਨ ਦੀਆਂ ਕੋਸ਼ਿਸ਼ਾਂ ਵਧਾਉਣੀਆਂ ਚਾਹੀਦੀਆਂ ਹਨ।

“3. ਸਪੇਨ ਦੀ ਸਹਾਇਤਾ ਲਈ ਠੋਸ ਢੰਗ-ਤਰੀਕੇ ਵੱਧ ਵਿਸਥਾਰ 'ਚ ਘੋਖਣ ਲਈ ਥੋੜ੍ਹੇ ਸਮੇਂ ਦੇ ਅੰਦਰ ਹੀ ਹੋਰ ਮੀਟਿੰਗਾਂ ਕਰਨ ਲਈ ਪ੍ਰਤੀਨਿੱਧੀ ਮੰਡਲ ਸਹਿਮਤ ਹਨ।” (ਇਹ ਮਤੇ ਦਾ ਮੁੱਖ ਨੁਕਤਾ ਸੀ।)

ਮੰਦੇਭਾਗੀਂ, ਇਨ੍ਹਾਂ ਮਤਿਆਂ 'ਤੇ ਕਦੇ ਵੀ ਅਮਲ ਨਹੀਂ ਕੀਤਾ ਗਿਆ, ਕਿਉਂਕਿ ਮਜ਼ਦੂਰ ਆਗੂਆਂ ਨੇ ਡੀ ਬਰੁੱਕਰਜ਼ ਅਤੇ ਐਡਲਰ ਦੀ ਅਥਾਰਟੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਸਮਾਜਵਾਦੀ ਕੌਮਾਂਤਰੀ ਦਖ਼ਲ ਨਾ ਦੇਣ ਦੀ ਨੀਤੀ ਦੀ ਹਮਾਇਤ ਕਰਦੀ ਸੀ।

[36]

## ਔਖੀਆਂ ਘੜੀਆਂ

1936 ਦਾ ਸਾਲ ਖ਼ਤਮ ਹੋ ਰਿਹਾ ਸੀ। ਜਨਵਰੀ 1937 ਪੇਸ਼ੀਨਗੋਈਆਂ ਅਤੇ ਦੁਖਦਾਈ ਸਵਾਲੀਆ ਚਿੰਨ੍ਹ ਲੈ ਕੇ ਆ ਹਾਜ਼ਰ ਹੋਇਆ। ਪਹਿਲੀਆਂ ਜਿੱਤਾਂ ਤੋਂ ਬਾਦ, ਗਣਰਾਜ ਦੇ ਕਾਜ਼ ਨੂੰ ਗੰਭੀਰ ਪਛਾੜਾਂ ਪੈ ਚੁੱਕੀਆਂ ਸਨ। ਟੋਲੈਡੋ, ਤਲਾਵੇਰਾ ਅਤੇ ਕਈ ਹੋਰ ਸ਼ਹਿਰ ਖੁਸ ਗਏ ਸਨ। ਓਵੀਡੋ ਉੱਤੇ ਹਾਲੇ ਤੱਕ ਦੁਸ਼ਮਣ ਦੇ ਫ਼ੌਜੀ ਦਸਤੇ ਭਾਰੂ ਸਨ। ਇਨ੍ਹਾਂ ਨੇ ਅਹਿਮ ਥਾਵਾਂ 'ਤੇ ਕਬਜ਼ੇ ਕੀਤੇ ਹੋਏ ਸਨ ਅਤੇ ਇਨ੍ਹਾਂ ਕਰਕੇ ਮਿਲੀਸ਼ੀਆ ਦੀਆਂ ਮਹੱਤਵਪੂਰਨ ਇਕਾਈਆਂ ਇੱਥੇ ਬੱਝੀਆਂ ਹੋਈਆਂ ਸਨ ਜੋ ਹੋਰ ਕਿਤੇ ਜਾ ਕੇ ਲੜ ਸਕਦੀਆਂ ਸਨ।

ਉੱਤਰੀ ਮੁਹਾਜ਼ ਦੀ ਹਾਲਤ ਇਕ ਥਾਂ ਟਿਕੀ ਹੋਈ ਸੀ। ਦੁਸ਼ਮਣ ਦੀ ਮੁੱਖ ਚਿੰਤਾ ਕੇਂਦਰੀ ਅਤੇ ਦੱਖਣੀ ਸਪੇਨ ਸੀ, ਕਿਉਂਕਿ ਉੱਤਰੀ ਸਪੇਨ ਨੇ ਬਾਗ਼ੀਆਂ ਦੀ ਮਦਦ ਨਹੀਂ ਸੀ ਕੀਤੀ।

ਨਵੇਂ ਸਾਲ ਦੇ ਆਗਾਜ਼ 'ਤੇ, ਮੈਂ ਮੈਡਰਿਡ ਰੇਡੀਓ ਤੋਂ ਤਕਰੀਰ ਕਰਦਿਆਂ, ਤਾਜ਼ਾ ਹਾਲਤ ਦੀ ਰੌਸ਼ਨੀ 'ਚ ਪਾਰਟੀ ਦੀਆਂ ਨੀਤੀਆਂ ਅਤੇ ਉਹ ਕਦਮ ਬਿਆਨ ਕੀਤੇ ਜਿਨ੍ਹਾਂ ਨੂੰ ਕਮਿਊਨਿਸਟ ਜਿੱਤ ਲਈ ਜ਼ਰੂਰੀ ਸਮਝਦੇ ਸਨ। ਇਨ੍ਹਾਂ ਕਦਮਾਂ ਦਾ ਨਿਚੋੜ ਮੈਂ ਇਸ ਤਰ੍ਹਾਂ ਪੇਸ਼ ਕੀਤਾ:

“1. ਸਾਡੀ ਆਮ ਜਨਤਾ ਦੇ ਖ਼ਿਆਲਾਂ ਦਾ ਪ੍ਰਗਟਾਵਾ ਕਰਦੀਆਂ ਸਭਨਾਂ ਤਾਕਤਾਂ ਦੇ ਨੁਮਾਇੰਦਿਆਂ ਨੂੰ ਲੈ ਕੇ ਬਣੀ ਸਰਕਾਰ, ਜਿਵੇਂ ਮੌਜੂਦਾ ਸਰਕਾਰ ਹੈ, ਨੂੰ ਪੂਰੇ ਅਧਿਕਾਰ ਲਾਜ਼ਮੀ ਹੋਣੇ ਚਾਹੀਦੇ ਹਨ। ਹਰ ਕਿਸੇ, ਵਿਅਕਤੀਆਂ ਅਤੇ ਜਥੇਬੰਦੀਆਂ, ਨੂੰ ਇਸ ਦਾ ਸਤਿਕਾਰ ਤੇ ਇਸ ਦੇ ਹੁਕਮਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ ਅਤੇ ਇਸਦੇ ਅਤੇ ਇਸ ਦੇ ਅਧਿਕਾਰੀਆਂ ਦੇ ਫ਼ੈਸਲੇ ਲਾਗੂ ਕਰਨੇ ਚਾਹੀਦੇ ਹਨ।

“2. ਜਨਤਾ ਵਿਚੋਂ ਲਾਜ਼ਮੀ ਭਰਤੀ ਤੁਰੰਤ ਸ਼ੁਰੂ ਕਰਨੀ ਚਾਹੀਦੀ ਹੈ, ਕਿਉਂਕਿ ਫ਼ੌਜੀ ਮੁਹਿੰਮ ਨੂੰ ਯਕੀਨਨ ਤੌਰ 'ਤੇ ਅਸਰਦਾਰ ਬਣਾਉਣ ਲਈ ਵਧੀਆ ਜਥੇਬੰਦ ਅਤੇ ਜ਼ਾਬਤੇ ਵਾਲੀ ਮਹਾਨ ਲੋਕ ਫ਼ੌਜ ਉਸਾਰਨ ਦਾ ਇਹੀ ਫੌਰੀ ਤਰੀਕਾ ਹੈ। ਇਸ ਫ਼ੌਜ ਦੇ ਕਮਾਂਡਰ, ਆਮ

ਸ਼ਹਿਰੀ ਤੇ ਫ਼ੌਜੀ ਦੋਵੇਂ ਹੋਣੇ ਚਾਹੀਦੇ ਹਨ ਜੋ ਗਣਰਾਜ ਤੇ ਇਸਦੇਂ ਲੋਕਾਂ ਪ੍ਰਤੀ ਵਫ਼ਾਦਾਰ ਹੋਣ। ਫ਼ੌਜ ਤੇ ਇਸਦੇ ਕਮਾਂਡਰਾਂ ਦਾ ਸਤਿਕਾਰ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਬਿਨਾ ਕਿੰਤੂ-ਪ੍ਰੰਤੂ ਦੇ ਹੋਣੀ ਚਾਹੀਦੀ ਹੈ। ਸਾਨੂੰ ਵੱਖ-ਵੱਖ ਮੁਹਾਜ਼ਾਂ 'ਤੇ ਕੰਮ ਕਰਦੀਆਂ ਫ਼ੌਜਾਂ ਲਈ ਜਨਰਲ ਸਟਾਫ਼ ਅਤੇ ਇਕੋ-ਇਕ ਕਮਾਨ ਲਾਜ਼ਮੀ ਬਣਾਉਣੀ ਚਾਹੀਦੀ ਹੈ। ਇਹ ਜਨਰਲ ਸਟਾਫ਼ ਅਤੇ ਇਕੋ-ਇਕ ਕਮਾਨ ਸਭ ਤੋਂ ਵਧੀਆ ਅਤੇ ਯੋਗ ਸੈਨਿਕਾਂ ਨੂੰ, ਤੇ ਨਾਲ ਹੀ ਉਨ੍ਹਾਂ ਪਾਰਟੀਆਂ ਅਤੇ ਟਰੇਡ ਯੂਨੀਅਨ ਜਥੇਬੰਦੀਆਂ ਦੇ ਬਿਹਤਰੀਨ ਨੁਮਾਇੰਦਿਆਂ ਨੂੰ ਲੈ ਕੇ ਬਣਾਈ ਜਾਣੀ ਚਾਹੀਦੀ ਹੈ ਜਿਨ੍ਹਾਂ 'ਚ ਲੋਕਾਂ ਨੂੰ ਭਰੋਸਾ ਹੋਵੇ। ਇਨ੍ਹਾਂ ਦੇ ਹੁਕਮਾਂ ਦੀ ਪਾਲਣਾ ਬਿਨਾ ਕਿੰਤੂ-ਪ੍ਰੰਤੂ ਲਾਜ਼ਮੀ ਹੋਣੀ ਚਾਹੀਦੀ ਹੈ।

"3. ਇਸ ਜੰਗ ਦੇ ਖ਼ਾਸੇ ਬਾਰੇ ਸਿੱਖਿਆ ਮੁਹਿੰਮ ਚਲਾਕੇ ਫ਼ੌਜ ਦੇ ਪਿਛਲੇ ਹਿੱਸੇ 'ਚ ਸਖ਼ਤ ਤੋਂ ਸਖ਼ਤ ਜ਼ਾਬਤਾ ਬਣਾਇਆ ਜਾਵੇ, ਇਸ ਸਿੱਧੜ ਅਤੇ ਖ਼ਤਰਨਾਕ ਵਿਚਾਰ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ ਕਿ ਜੰਗ ਦਾ ਸਰੋਕਾਰ ਦੇਸ਼ ਦੇ ਹਰੇਕ ਖੇਤਰ ਦੇ ਲੋਕਾਂ ਨਾਲ ਨਹੀਂ ਸਿਰਫ਼ ਉਨ੍ਹਾਂ ਖੇਤਰਾਂ ਨਾਲ ਹੈ ਜਿੱਥੇ ਇਹ ਲੜੀ ਜਾ ਰਹੀ ਹੈ। ਸਪੇਨ ਦੇ ਵਫ਼ਾਦਾਰ ਸਾਰੇ ਵਸਨੀਕਾਂ ਨੂੰ ਕੁਰਬਾਨੀਆਂ ਅਤੇ ਥੁੜ੍ਹਾਂ ਦਾ ਭਾਰ ਵੰਡਾਉਣਾ ਚਾਹੀਦਾ ਹੈ।

"4. ਸਾਡੀਆਂ ਬੁਨਿਆਦੀ ਸਨਅਤਾਂ, ਖ਼ਾਸ ਤੌਰ 'ਤੇ ਜੰਗੀ ਸਨਅਤਾਂ, ਨੂੰ ਮੁੜ ਜਥੇਬੰਦ ਅਤੇ ਕੌਮੀਕ੍ਰਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਯੋਧਿਆਂ ਅਤੇ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਲੋਕ ਕਾਜ਼ ਪ੍ਰਤੀ ਵਫ਼ਾਦਾਰ ਸਾਰੀਆਂ ਟਰੇਡ ਯੂਨੀਅਨਾਂ, ਸਿਆਸੀ ਪਾਰਟੀਆਂ ਅਤੇ ਵਿਅਕਤੀਆਂ ਨੂੰ ਕੁਲ ਵਸੋਂ ਨੂੰ ਇਕੋ-ਇਕ ਸਰੋਕਾਰ ਅਤੇ ਟੀਚੇ ਦੀ ਮਹੱਤਤਾ ਜਚਾਉਣ ਦੀ ਵਾਹ ਲਾਉਣੀ ਚਾਹੀਦੀ ਹੈ, ਭਾਵ ਛੇਤੀ ਜਿੱਤਣ ਲਈ ਬਿਹਤਰ ਕਵਾਲਿਟੀ ਦਾ ਵਧੇਰੇ ਮਿਕਦਾਰ 'ਚ ਸਮਾਨ ਪੈਦਾ ਕਰਨ ਦੀ ਮਹੱਤਤਾ।

"5. ਸਨਅਤ ਅਤੇ ਆਮ ਆਰਥਕਤਾ ਨੂੰ ਨਿਯਮਤ ਕਰਨ ਲਈ ਤਾਲਮੇਲ ਬੋਰਡ ਬਣਾਇਆ ਜਾਣਾ ਚਾਹੀਦਾ ਹੈ। ਲੋਕ ਮੁਹਾਜ਼ ਦੇ ਕੁਲ ਤਕਨੀਕੀ ਮਾਹਰਾਂ ਅਤੇ ਵਿਸ਼ੇਸ਼ਗਾਂ ਦੇ ਨੁਮਾਇੰਦਿਆਂ ਨੂੰ ਬੋਰਡ ਦੇ ਮੈਂਬਰ ਲਿਆ ਜਾਵੇ ਤਾਂ ਜੋ ਇਹ ਅਹਿਮ ਰਾਜਕੀ ਏਜੰਸੀ ਪੈਦਾਵਾਰ ਨੂੰ ਅਗਵਾਈ-ਸੇਧ ਅਤੇ ਦਿਸ਼ਾ-ਨਿਰਦੇਸ਼ ਦੇ ਸਕੇ। ਸਾਰਿਆਂ ਨੂੰ ਇਸਦੇ ਫ਼ੈਸਲੇ ਲਾਜ਼ਮੀ ਮੰਨਣੇ ਚਾਹੀਦੇ ਹਨ।

"6. ਪੈਦਾਵਾਰ ਦਾ ਕੰਟਰੋਲ ਮਜ਼ਦੂਰਾਂ ਕੋਲ ਹੋਵੇ। ਪਰ ਇਹ ਕੰਟਰੋਲ ਜਿਨ੍ਹਾਂ ਜਥੇਬੰਦੀਆਂ ਨੂੰ ਸੌਂਪਿਆ ਜਾਵੇ ਉਹ ਤਾਲਮੇਲ ਬੋਰਡ ਵੱਲੋਂ ਉਲੀਕੀਆਂ ਗਈਆਂ ਯੋਜਨਾਵਾਂ ਦੇ ਅਨੁਸਾਰ ਕੰਮ ਕਰਨ।

"7. ਸਾਡੇ ਖੇਤੀਬਾੜੀ ਖੇਤਰਾਂ ਨੂੰ ਸਾਡੇ ਜੰਗੀ ਅਤੇ ਘਰੇਲੂ ਮੁਹਾਜ਼ਾਂ ਲਈ ਸਾਰੀਆਂ ਜ਼ਰੂਰੀ ਵਸਤਾਂ ਦੀ ਪੈਦਾਵਾਰ ਕਰਨੀ ਚਾਹੀਦੀ ਹੈ। ਕਿਸਾਨ ਸਭਾਵਾਂ ਅਤੇ ਲੋਕ ਮੁਹਾਜ਼ ਦੀਆਂ ਜਥਬੰਦੀਆਂ ਅਤੇ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਤਿਆਰ ਕੀਤੀ ਯੋਜਨਾ ਦੇ ਅਧਾਰ 'ਤੇ ਵਸਤਾਂ ਵਸੂਲ ਕਰਨੀਆਂ ਚਾਹੀਦੀਆਂ ਹਨ। ਚਾਹੇ ਪੈਦਾਵਾਰ ਵਿਅਕਤੀਗਤ ਤੌਰ 'ਤੇ ਹੋਵੇ ਜਾਂ ਸਮੂਹਿਕ, ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕਿਸਾਨ ਆਪਣੀ ਉਪਜ ਦੇ ਮਾਲਕ ਹਨ। ਖੇਤੀ ਪੈਦਾਵਾਰ ਕਰਨ ਵਾਲਿਆਂ ਦੀਆਂ ਉਪਜਾਂ ਲਈ ਕੌਮੀ ਅਤੇ ਕੌਮਾਂਤਰੀ ਮੰਡੀਆਂ ਅਤੇ ਲਾਹੇਵੰਦ ਭਾਅ ਯਕੀਨੀ ਬਣਾਏ ਜਾਣੇ ਚਾਹੀਦੇ ਹਨ।

"8. ਖੇਤੀ ਪੈਦਾਵਾਰ ਦਾ ਸਨਅਤੀ ਪੈਦਾਵਾਰ ਨਾਲ ਤਾਲਮੇਲ ਬੈਠਾਇਆ ਜਾਣਾ ਚਾਹੀਦਾ ਹੈ ਅਤੇ ਦੋਵਾਂ ਦਾ ਉਦੇਸ਼ ਇਕੋ ਹੀ ਹੋਣਾ ਚਾਹੀਦਾ ਹੈ: ਜੰਗ ਜਿੱਤਣਾ।

'ਸਾਨੂੰ ਜੰਗ ਛੇਤੀ ਖ਼ਤਮ ਕਰਨੀ ਚਾਹੀਦੀ ਹੈ। ਅਸੀਂ ਲੋਕਾਂ ਨੂੰ ਦਿਖਾ ਦੇਈਏ ਕਿ ਫਾਸ਼ੀਵਾਦੀ ਅੱਤਿਆਚਾਰ ਦਾ ਸ਼ਿਕਾਰ ਕੌਣ ਹੋ ਰਹੇ ਹਨ, ਕਿ ਫਾਸ਼ੀਵਾਦ ਅਜਿੱਤ ਨਹੀਂ ਹੈ, ਕਿ ਅਸੀਂ ਫਾਸ਼ੀਵਾਦ ਵਿਰੁੱਧ ਲੜ ਸਕਦੇ ਹਾਂ, ਅਸੀਂ ਫਾਸ਼ੀਵਾਦ 'ਤੇ ਜਿੱਤ ਹਾਸਲ ਕਰ ਸਕਦੇ ਹਾਂ।"

ਲਾਰਗੋ ਕੈਬਾਲਿਰੋ ਨੂੰ ਸਰਕਾਰ ਬਣਾਈ ਨੂੰ ਅਤੇ ਰੱਖਿਆ ਮੰਤਰੀ ਦਾ ਅਹੁਦਾ ਸੰਭਾਲੇ ਨੂੰ ਚਾਰ ਮਹੀਨੇ ਹੋ ਗਏ ਸਨ। ਕਾਰਲੋਸ ਅਸੈਨਸੀਓ ਕੈਬਾਨਿਲਾਸ, ਜਿਸ ਨੂੰ ਉਸਨੇ ਤਰੱਕੀ ਦੇ ਕੇ ਜਰਨੈਲ ਬਣਾਇਆ ਸੀ, ਉਸ ਦਾ ਅਧੀਨ ਸਕੱਤਰ, ਫ਼ੌਜੀ ਮਾਮਲਿਆਂ ਦਾ ਸਲਾਹਕਾਰ ਅਤੇ ਭਰੋਸੇਯੋਗ ਸਲਾਹਕਾਰ ਸੀ।

ਸਿਆਸਤ ਦੇ ਤਜ਼ਰਬੇਕਾਰ ਅਤੇ ਨਿੱਗਰ ਵਿਚਾਰਧਾਰਕ ਬੁਨਿਆਦ ਵਾਲੇ ਇਕ ਬੰਦੇ ਲਈ ਵੀ, ਇਕ ਐਸੇ ਦੇਸ਼ ਅੰਦਰ ਸਾਂਝੇ ਲੋਕ ਮੁਹਾਜ਼ ਵਰਗੀ ਸਰਕਾਰ ਦਾ ਨਿਰਦੇਸ਼ਨ ਕਰਨਾ, ਜਿਸ ਨੂੰ ਅਜਿਹੀਆਂ ਵਿਸ਼ੇਸ਼ ਖ਼ਾਸੀਅਤਾਂ ਵਾਲੀ ਜੰਗ ਨੇ ਵੰਡ ਰੱਖਿਆ ਸੀ, ਵਿਸ਼ੇਸ਼ ਤੌਰ 'ਤੇ ਮੁਸ਼ਕਲ ਕੰਮ ਸੀ। ਇਨ੍ਹਾਂ ਮੁਸ਼ਕਲਾਂ ਨੂੰ ਉਨ੍ਹਾਂ ਸਾਰੀਆਂ ਤਾਕਤਾਂ ਦੀ ਹਿੱਸੇਦਾਰੀ ਅਤੇ ਸਹਿਯੋਗ ਨਾਲ ਹੀ ਹੱਲ ਕਰਨ ਦੇ ਸਮਰੱਥ ਹੋਇਆ ਜਾ ਸਕਦਾ ਸੀ ਜਿਨ੍ਹਾਂ ਤਾਕਤਾਂ ਦੀ ਸਰਕਾਰ ਨੁਮਾਇੰਦਗੀ ਕਰਦੀ ਸੀ।

ਲਾਰਗੋ ਕੈਬਾਲਿਰੋ ਇਨ੍ਹਾਂ ਮੁਸ਼ਕਲਾਂ 'ਤੇ ਕਾਬੂ ਪਾਉਣ 'ਚ ਅਸਫ਼ਲ ਰਿਹਾ ਜੋ ਚੰਦਰੇ ਇਰਾਦਿਆਂ ਵਾਲੇ ਐਸੇ ਵਿਅਕਤੀਆਂ ਦੀਆਂ ਗ਼ਲਤ ਸਲਾਹਾਂ ਲੈਂਦਾ ਸੀ ਜਿਨ੍ਹਾਂ ਦੀ ਸਮਾਜਵਾਦੀ ਨਿਹਚਾ ਭਰੋਸੇਯੋਗ ਨਹੀਂ ਸੀ। ਜਿਸ ਘੜੀ, ਸਪੇਨ ਦੀ ਹੋਣੀ ਦਾ ਫ਼ੈਸਲਾ ਹੋ ਰਿਹਾ ਸੀ, ਓਦੋਂ ਸਿਰਫ਼ ਉਸਦਾ ਫ਼ੌਜੀ ਸਲਾਹਕਾਰ, ਅਸੈਨਸੀਓ ਹੀ ਉਸ ਦੇ ਕੋਲ ਸੀ, ਜਿਸ ਨੂੰ ਗਣਰਾਜ ਦੀਆਂ ਲੜਾਕੂ ਤਾਕਤਾਂ ਫੁੱਟੀ ਅੱਖ ਨਹੀਂ ਸੀ ਭਾਉਂਦੀਆਂ। ਲਾਰਗੋ ਜਿਨ੍ਹਾਂ ਸਿਆਸੀ ਸਲਾਹਕਾਰਾਂ 'ਚ ਘਿਰਿਆ ਹੋਇਆ ਸੀ ਉਹ ਗ਼ੈਰ-ਜ਼ਿੰਮੇਵਾਰ ਖ਼ੁਸ਼ਾਮਦੀ ਟੱਟੂ ਸਨ ਜਿਵੇਂ ਬਾਰੇਬਰ, ਐਗੂਇਰੇ, ਲੋਪਿਸ ਅਤੇ ਐਰਕੁਇਸਟਨ। ਇਨ੍ਹਾਂ ਕਿਰਦਾਰਾਂ ਨੇ ਉਸ ਨੂੰ ਸੰਵੇਦਨਾਹੀਣ, ਅੰਤਰਮੁਖੀ ਨੀਤੀ ਦੀ ਨਾਜ਼ਕ ਹਾਲਤ 'ਚ ਸੁੱਟ ਦਿੱਤਾ ਜਿਸ ਕਰਕੇ ਉਸ ਦਾ ਆਪਣੀ ਹੀ ਪਾਰਟੀ ਅਤੇ ਲੋਕ ਮੁਹਾਜ਼ ਦੀਆਂ ਬਾਕੀ ਸਾਰੀਆਂ ਪਾਰਟੀਆਂ ਨਾਲ ਟਕਰਾਅ ਖੜ੍ਹਾ ਹੋ ਗਿਆ— ਇਹ ਐਸੀ ਨੀਤੀ ਸੀ ਜੋ ਲੋਕਾਂ ਨੂੰ ਤਬਾਹੀ ਦੇ ਮੂੰਹ ਸੁੱਟ ਰਹੀ ਸੀ।

ਮੈਂ ਇਹ ਸਾਰੇ ਹਾਲਾਤ ਚੇਤਾ ਕਰਾਉਣਾ ਜ਼ਰੂਰੀ ਸਮਝਦੀ ਹਾਂ ਕਿਉਂਕਿ ਸਮੇਂ ਦੇ ਨਾਲ ਬਹੁਤ ਚੀਜ਼ਾਂ ਭੁੱਲ ਭੁਲਾ ਜਾਂਦੀਆਂ ਹਨ। ਅਤੇ ਸਾਡੀਆਂ ਅੰਦਰੂਨੀ ਮੁਸ਼ਕਲਾਂ ਨੂੰ ਜਾਣੇ ਬਗ਼ੈਰ ਨਵੀਆਂ ਪੀੜ੍ਹੀਆਂ ਉਨ੍ਹਾਂ ਫੈਕਟਰਾਂ ਨੂੰ ਸਮਝ ਨਹੀਂ ਸਕਣਗੀਆਂ ਜਿਨ੍ਹਾਂ ਕਰਕੇ ਲੋਕ ਟਾਕਰਾ ਕਮਜ਼ੋਰ ਹੋਇਆ ਸੀ ਅਤੇ ਗਣਰਾਜ ਦੀ ਹਾਰ ਹੋਈ ਸੀ।

ਜੇ ਕਿਤੇ ਉਸ ਸਮੇਂ ਦੇ ਤੌਰ-ਤਰੀਕਿਆਂ ਦੀ ਆਲੋਚਨਾ ਗ਼ਲਤ ਜਾਂ ਵਧਵੀਂ ਜਜ਼ਬਾਤੀ ਜਾਪਦੀ ਹੈ, ਤਾਂ ਉਲਟਾ, ਮੈਨੂੰ ਇਹ ਦੋਸ਼ ਕਦੇ ਵੀ ਨਹੀਂ ਦਿੱਤਾ ਜਾ ਸਕਦਾ ਕਿ ਮੈਂ ਜਾਣ-ਬੁੱਝਕੇ ਗ਼ਲਤ ਜਾਂ ਦੋਖੀ ਪੇਸ਼ਕਾਰੀ ਕਰ ਰਹੀ ਹਾਂ, ਕਿਉਂਕਿ ਮੇਰੇ ਸਾਰੇ ਨਿਰਣਿਆਂ ਦਾ ਚੌਖਟਾ ਹਮੇਸ਼ਾ ਇਹੋ ਰਿਹਾ ਹੈ : ਕੀ ਇਹ ਲੋਕਾਂ ਹਿੱਤਾਂ, ਸਪੇਨ ਦੇ ਹਿੱਤ 'ਚ ਹੈ ਜਾਂ ਨਹੀਂ।

ਅੱਜ ਵੀ ਮੈਂ ਵਿਅਕਤੀਆਂ ਅਤੇ ਪਾਰਟੀਆਂ ਦੇ ਸਿਆਸੀ ਅਤੇ ਫ਼ੌਜੀ ਕੰਮਕਾਰ ਦਾ ਜਾਇਜ਼ਾ ਲੈਣ, ਅਤੇ ਆਪਣੇ ਵਿਚਾਰ ਬਣਾਉਣ ਸਮੇਂ ਇਹੀ ਚੌਖਟਾ ਇਸਤੇਮਾਲ ਕਰਦੀ ਹਾਂ। ਮੇਰੇ ਵਿਚਾਰ ਵਾਦਵਿਵਾਦ ਵਾਲੇ ਹੋ ਸਕਦੇ ਹਨ, ਪਰ ਇਹ ਸੱਚੇ ਤਜ਼ਰਬੇ ਅਤੇ ਤੱਥਾਂ 'ਤੇ ਅਧਾਰਤ ਹਨ ਜੋ ਫਾਸ਼ੀਵਾਦ ਵਿਰੁੱਧ ਕੌਮੀ ਇਨਕਲਾਬੀ ਜੰਗ ਦੌਰਾਨ ਚਰਚਾ 'ਚ ਸਨ—ਜਿਨ੍ਹਾਂ ਤੱਥਾਂ ਨੂੰ ਕਈ ਲੋਕਾਂ ਨੇ ਤੋੜਨ-ਮਰੋੜਨ ਦੀ ਜਾਂ ਭੁਲਾਉਣ ਦੀ ਕੋਸ਼ਿਸ਼ ਕੀਤੀ ਹੈ।

ਜਨਵਰੀ 1937 ਦੇ ਅਖ਼ੀਰ 'ਚ, ਮਲੱਗਾ ਦਾ ਕਾਮੀਸਾਰ ਸਾਥੀ ਬੌਲੀਵਰ ਵੇਲੈਂਸੀਆ ਆਇਆ। ਉਹ ਲਾਰਗੋ ਕੈਬਾਲਿਰੋ ਨੂੰ ਮਲੱਗਾ ਮੁਹਾਜ਼ 'ਤੇ ਹਥਿਆਰਾਂ ਤੇ ਗੋਲੀ-ਸਿੱਕੇ ਦੀ ਥੁੜ ਨਾਲ ਪੈਦਾ ਹੋਈ ਨਾਜ਼ੁਕ ਹਾਲਤ ਬਾਰੇ ਦੱਸਣ ਆਇਆ ਸੀ। ਨਾਲ ਹੀ, ਉਸਨੇ ਅਰਾਜਕਤਾਵਾਦੀਆਂ ਦੇ ਵਤੀਰੇ ਵਿਰੁੱਧ ਰੋਸ ਪ੍ਰਗਟਾਇਆ ਜੋ ਲੋਕ ਫ਼ੌਜ 'ਚ ਸ਼ਾਮਲ ਹੋਣ ਤੋਂ ਇਨਕਾਰੀ ਸਨ ਅਤੇ ਆਪੋ ਆਪਣੀਆਂ ਆਜ਼ਾਦ ਮਿਲੀਸ਼ੀਆ ਇਕਾਈਆਂ ਨੂੰ ਕਾਇਮ ਰੱਖਣ 'ਤੇ ਬਜ਼ਿਦ ਸਨ।

ਯੁੱਧ ਮੰਤਰੀ ਨੂੰ ਮਿਲਣ ਤੋਂ ਬਾਦ, ਕਮਿਊਨਿਸਟ ਡਿਪਟੀ ਅਤੇ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ, ਬੌਲੀਵਰ, ਪਾਰਟੀ ਸਦਰ ਮੁਕਾਮ ਗਿਆ ਤਾਂ ਜੋ ਸਾਡੇ ਕੌਮੀ ਆਗੂਆਂ ਦੀ ਮਦਦ ਲੈ ਕੇ ਲਾਰਗੋ ਨੂੰ ਮਨਾ ਸਕੇ, ਜਿਸਨੇ ਮਲੱਗਾ ਨੂੰ ਹਥਿਆਰ ਦੇਣ ਤੋਂ ਕੋਰਾ ਜਵਾਬ ਦੇ ਦਿੱਤਾ ਸੀ। ਬੌਲੀਵਰ ਦੇ ਮਿੰਨਤ-ਤਰਲਿਆਂ ਦਾ ਲਾਰਗੋ ਨੇ ਇਹ ਜਵਾਬ ਦਿੱਤਾ ਸੀ: "ਮਲੱਗਾ ਲਈ ਇਕ ਵੀ ਬੰਦੂਕ, ਇਕ ਵੀ ਪੈਸਾ ਹੋਰ ਨਹੀਂ ਮਿਲੇਗਾ!" ਮਲੱਗਾ ਦੀ ਹਾਲਤ ਦੀ ਨਜ਼ਾਕਤ ਅਤੇ ਦੁਸ਼ਮਣ ਦੇ ਭਾਰੀ ਦਬਾਅ ਬਾਰੇ ਸਾਡੀ ਕਿਸੇ ਵੀ ਦਲੀਲ-ਅਪੀਲ ਅਤੇ ਵਿਆਖਿਆ ਦਾ ਕੋਈ ਫ਼ਾਇਦਾ ਨਹੀਂ ਹੋਇਆ।

ਨਾ ਅਸੀਂ ਉਸ ਨੂੰ ਅੜੀਅਲ ਸਟੈਂਡ ਤੋਂ ਪਿੱਛੇ ਹਟਾ ਸਕੇ; ਨਾ ਹੀ ਅਸੈਨਸੀਓ ਦੇ ਵਿਰੋਧ ਨੂੰ ਖ਼ਤਮ ਕਰ ਸਕੇ। ਲਾਰਗੋ ਨੇ ਸਾਨੂੰ ਉਹ ਪ੍ਰਸਿੱਧ ਕਾਪੀ ਦਿਖਾਈ ਜਿਸ 'ਚ ਉਸਨੇ ਵੱਖ-ਵੱਖ ਮੁਹਾਜ਼ਾਂ ਨੂੰ ਭੇਜੇ ਹਥਿਆਰਾਂ ਦੀ ਸੂਚੀ ਬਣਾਈ ਹੋਈ ਸੀ। ਅਸੈਨਸੀਓ ਨੇ ਜ਼ੋਰ ਦਿੰਦਿਆਂ ਕਿਹਾ ਕਿ ਮਲੱਗਾ 'ਚ ਰਾਖੀ ਵਾਸਤੇ ਪਹਿਲਾਂ ਹੀ ਲੋੜ ਤੋਂ ਵਾਧੂ ਹਥਿਆਰ ਹਨ, ਅਤੇ ਲਾਰਗੋ ਕੈਬਾਲਿਰੋ ਨੇ ਇਸ 'ਤੇ ਵਿਸ਼ਵਾਸ ਕਰ ਲਿਆ ਕਿਉਂਕਿ ਉਸਨੂੰ ਅਸੈਨਸੀਓ 'ਤੇ ਪੂਰਾ ਯਕੀਨ ਸੀ।

ਅਸੈਨਸੀਓ ਜਾਣ-ਬੁੱਝਕੇ ਝੂਠ ਬੋਲ ਰਿਹਾ ਸੀ। ਬੌਲੀਵਰ ਮਾਯੂਸ ਹੋ ਕੇ ਅਤੇ ਦ੍ਰਿੜ ਇਰਾਦਾ ਧਾਰਕੇ ਮੁੜ ਗਿਆ ਕਿ ਮਲੱਗਾ ਨੂੰ ਬਚਾਉਣ ਲਈ ਸ਼ਹਿਰ ਦੇ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨੀ ਹੀ ਹੈ। ਪਰ ਇਹ ਸੰਭਵ ਨਹੀਂ ਸੀ, ਬਾਗ਼ੀਆਂ ਨੂੰ ਬੇਸ਼ੁਮਾਰ ਇਤਾਲਵੀ ਫ਼ੌਜੀ ਦਸਤਿਆਂ ਦੀ ਕੁਮਕ ਪਹੁੰਚ ਗਈ ਸੀ ਜੋ ਜ਼ਮੀਨੀ ਤੇ ਸਮੁੰਦਰੀ ਰਸਤਿਉਂ ਸਹਿਜੇ-ਸਹਿਜੇ ਅੱਗੇ ਵਧਦੇ ਜਾਂਦੇ ਸਨ।

ਜਦੋਂ ਮਲੱਗਾ 'ਚ ਅਸੀਂ ਪਿੱਛੇ ਹਟ ਰਹੇ ਸਾਂ ਜੋ ਸਾਡੀ ਲੜਾਈ ਦੀ ਸਿਰੇ ਦੀ ਦੁਖਦਾਈ ਹਾਲਤ ਸੀ, ਜਦੋਂ ਬਾਹਵਾਂ 'ਚ ਬੱਚੇ ਚੁੱਕੀ ਔਰਤਾਂ ਇਤਾਲਵੀ ਫ਼ੌਜ ਤੋਂ ਬਚਾਅ ਕਰਦੀਆਂ ਉਸ ਰਸਤਿਓਂ ਜਾ ਰਹੀਆਂ ਸਨ ਜੋ ਹਾਲੇ ਤੱਕ ਖੁੱਲ੍ਹਾ ਸੀ, ਅਤੇ ਜਦੋਂ ਇਤਾਲਵੀ ਹਵਾਈ-ਜਹਾਜ਼ ਬੰਬਾਰੀ ਕਰ ਰਹੇ ਸਨ, ਸਾਡੇ ਲੋਕ ਹੈਰਾਨ ਸਨ ਕਿ ਜਰਨੈਲ ਅਸੈਨਸੀਓ ਓਦੋਂ ਵੀ ਇਹ ਐਲਾਨ ਕਰੀ ਜਾ ਰਿਹਾ ਸੀ ਕਿ ਮਲੱਗਾ ਦੀ ਹਾਰ ਦੀ "ਉਸ ਦੀ ਨਿੱਜੀ ਯੁੱਧਨੀਤੀ" ਦੀ ਆਮ ਵਿਉਂਤ 'ਚ ਕੋਈ ਮਹੱਤਤਾ ਨਹੀਂ ਹੈ।

ਗੁਆਡਰਮਾ ਦੇ "ਨਾਇਕ", ਇਕ ਹੋਰ ਜਰਨੈਲ, ਕਾਬਰੇਰਾ, ਨੇ ਐਲਾਨ ਕੀਤਾ ਕਿ "ਮਲੱਗਾ ਦਾ ਨੁਕਸਾਨ ਲਾਹੇਵੰਦਾ ਹੈ, ਕਿਉਂਕਿ ਹੁਣ ਸਾਨੂੰ ਥੋੜ੍ਹੇ ਮੁਹਾਜ਼ਾਂ ਦੀ ਚਿੰਤਾ ਰਹੇਗੀ।" ਇਸ ਐਲਾਨ ਦੇ ਕਾਰਣ ਉਸ ਨੂੰ ਕੋਰਟ-ਮਾਰਸ਼ਲ ਕੀਤਾ ਜਾਣਾ ਚਾਹੀਦਾ ਸੀ।

ਕੌਮੀ ਸੰਤਾਪ ਦੀਆਂ ਉਨ੍ਹਾਂ ਘੜੀਆਂ 'ਚ, ਜਦੋਂ ਸਪੇਨ ਦੇ ਇਕ ਅਹਿਮ ਸ਼ਹਿਰ ਅਤੇ ਹਜ਼ਾਰਾਂ ਮਰਦਾਂ ਤੇ ਔਰਤਾਂ ਦੀ ਹੋਣੀ ਅੱਧ-ਵਿਚਾਲੇ ਲਟਕੀ ਹੋਈ ਸੀ, ਸਰਕਾਰ ਨੇ ਅਰਾਜਕਤਾਵਾਦੀ ਮੰਤਰੀਆਂ ਦੀ ਮੰਗ 'ਤੇ ਅਤੇ ਕਮਿਊਨਿਸਟ ਮੰਤਰੀਆਂ ਦੇ ਰੋਸ ਪ੍ਰਗਟਾਉਣ ਦੇ ਬਾਵਜੂਦ, ਜਾਣ-ਬੁੱਝਕੇ ਚਾਰ ਘੰਟੇ ਇਹ ਬਹਿਸ ਕਰਨ 'ਚ ਗੁਜ਼ਾਰ ਦਿੱਤੇ ਕਿ ਕੱਚ ਤਿਆਰ ਕਰਨ ਵਾਲੀ ਇਕ ਟਰੇਡ ਯੂਨੀਅਨ ਸਹਿਕਾਰੀ ਸਭਾ ਦੀ ਪੈਦਾਵਾਰ 'ਚ ਤੇਜ਼ੀ ਲਿਆਉਣ ਲਈ ਸਰਕਾਰ ਕੱਚ ਦੀਆਂ ਖਾਲੀ ਬੋਤਲਾਂ ਨੂੰ ਤਬਾਹ ਕਰੇ ਜਾਂ ਨਾ। ਇਸ ਸਹਿਕਾਰੀ ਸਭਾ ਦਾ ਨਿਰਦੇਸ਼ਕ ਅਰਾਜਕਤਾਵਾਦੀ ਪੈਰੋ ਸੀ। ਉਸੇ ਦਿਨ ਕਮਿਊਨਿਸਟ ਮੰਤਰੀ ਪਾਰਟੀ ਦੇ ਸਦਰ ਮੁਕਾਮ ਪਹੁੰਚ ਗਏ ਅਤੇ ਆਪਣੇ ਆਗੂਆਂ ਨੂੰ ਅਸਤੀਫ਼ੇ ਮਨਜ਼ੂਰ ਕਰਨ ਲਈ ਆਖ ਦਿੱਤਾ, ਕਿਉਂਕਿ ਉਨ੍ਹਾਂ ਨਾਲ ਹੁਣ ਬਹੁਤ ਹੋ ਚੁੱਕੀ ਸੀ।

ਅਰਾਜਕਤਾਵਾਦੀਆਂ ਦੀ ਮਿਲੀਸ਼ੀਆ ਬਾਕਾਇਦਾ ਫ਼ੌਜ 'ਚ ਸ਼ਾਮਲ ਹੋਣ ਤੋਂ ਇਨਕਾਰੀ ਬਣੀ ਰਹੀ, ਅਤੇ ਸਰਕਾਰ ਨੇ ਹਾਲਤ ਨੂੰ ਸੁਧਾਰਨ ਲਈ ਕਦੇ ਕੋਈ ਉਪਰਾਲਾ ਨਹੀਂ ਕੀਤਾ। ਹੋਰ ਤਾਂ ਹੋਰ, ਅਰਾਜਕਤਾਵਾਦੀ ਪ੍ਰੈੱਸ ਸਾਡੀ ਆਮ ਲਾਮਬੰਦੀ, ਫ਼ੌਜੀ ਜ਼ਾਬਤੇ ਅਤੇ ਜਨਤਕ ਭਰਤੀ ਕਰਨ ਦੀ ਮੰਗ ਨੂੰ ਉਲਟ ਇਨਕਲਾਬੀ ਦੱਸਦੀ ਰਹੀ।

11 ਫਰਵਰੀ 1937 ਨੂੰ, ਕਮਿਊਨਿਸਟ ਪਾਰਟੀ ਨੇ ਇਕ ਦਸਤਾਵੇਜ਼ ਜਾਰੀ ਕੀਤਾ, ਜਿਸ ਵਿਚ ਕਿਹਾ ਗਿਆ:

"ਸਾਨੂੰ ਮਿਲੀਸ਼ੀਆ ਨੂੰ ਲਾਜ਼ਮੀ ਹੀ ਬਾਕਾਇਦਾ ਫ਼ੌਜ 'ਚ ਬਦਲ ਦੇਣਾ ਚਾਹੀਦਾ ਹੈ ਕਿਉਂਕਿ ਜੇ ਅਸੀਂ ਜ਼ਰੂਰੀ ਕਦਮ ਚੁੱਕਣ 'ਚ ਅਸਫ਼ਲ ਹੋ ਜਾਂਦੇ ਹਾਂ ਤਾਂ ਜੋ ਕੁਝ ਮਲੱਗਾ 'ਚ ਹੋਇਆ ਸੀ ਹੋਰ ਮੁਹਾਜ਼ਾਂ 'ਤੇ ਵੀ ਵਾਪਰ ਸਕਦਾ ਹੈ। ਸਾਨੂੰ ਹੁਣ ਥਿੜ੍ਹਕਣ ਨਹੀਂ ਦਿਖਾਉਣੀ ਚਾਹੀਦੀ। ਅਸੀਂ ਹੁਣ ਦੁਸ਼ਮਣ ਦੀਆਂ ਕਾਰਵਾਈਆਂ ਦੀ ਗੈਂਗਰੀਨ ਨੂੰ ਆਪਣੇ ਤੰਦਰੁਸਤ ਅੰਗਾਂ ਨੂੰ ਨਿਗਲ ਜਾਣ ਦੀ ਇਜਾਜ਼ਤ ਨਹੀਂ ਦੇ ਸਕਦੇ। ਇਕ ਪਾਰਟੀ ਜਾਂ ਜਥੇਬੰਦੀ ਦੀਆਂ ਪਸੰਦਾਂ ਜਾਂ ਨਾਪਸੰਦਾਂ ਦੇ ਮੁਤਾਬਿਕ, ਜਾਂ ਇਕ ਜਾਂ ਦੂਜੀ ਸਭਾ ਦੇ ਮੈਂਬਰਾਂ ਨੂੰ ਸੰਤੁਸ਼ਟ ਕਰਨ ਦੀ ਖ਼ਾਤਰ ਜੰਗ ਨਹੀਂ ਲੜੀ ਜਾ ਸਕਦੀ।ਆਓ, ਗ਼ੱਦਾਰਾਂ ਤੇ ਜਸੂਸਾਂ ਪ੍ਰਤੀ ਨਰਮੀ ਨਾ ਦਿਖਾਈਏ। ਸਾਡੇ ਅਹਿਮ ਅਹੁਦੇ ਸਾਡੇ ਸ਼ਹਿਰੀਆਂ, ਸਾਡੇ ਲੋਕਾਂ ਦੇ ਕਾਜ਼ ਪ੍ਰਤੀ ਵਫ਼ਾਦਾਰ ਵਿਅਕਤੀਆਂ ਕੋਲ ਹੋਣੇ ਚਾਹੀਦੇ ਹਨ ਜੋ ਫ਼ੌਜੀ ਕਮਾਂਡਰਾਂ ਨਾਲ ਮਿਲਕੇ ਜੰਗ ਦੀ ਸਿਆਸੀ ਤੇ ਫ਼ੌਜੀ ਵਾਗਡੋਰ ਸੰਭਾਲਣ ਦੇ ਸਮਰੱਥ ਹੋਣ।

"ਸਾਨੂੰ ਆਪਣੇ ਸਾਰੇ ਉੱਚ ਅਤੇ ਅਹਿਮ ਅਹੁਦਿਆਂ 'ਤੇ ਡੂੰਘੀ ਨਜ਼ਰਸਾਨੀ ਕਰਨੀ ਚਾਹੀਦੀ ਹੈ ਤਾਂ ਕਿ ਸ਼ੱਕੀ ਅਤੇ ਗ਼ੈਰ-ਭਰੋਸੇਯੋਗ ਅਨਸਰਾਂ ਦੀ ਜਾਂ ਉਨ੍ਹਾਂ ਦੀ ਛਾਂਟੀ ਕੀਤੀ ਜਾ ਸਕੇ ਜੋ ਸੁਸਤੀ ਜਾਂ ਨਾ-ਲਾਇਕੀ ਕਰਕੇ ਦੁਸ਼ਮਣ ਦੇ ਹੱਥਾਂ 'ਚ ਖੇਡ੍ਹਦੇ ਹਨ।"

ਗੁੱਸੇ ਨੂੰ ਦੱਬ-ਘੁੱਟਕੇ ਅਸੀਂ ਲਾਰਗੋ ਕੈਬਾਲਿਰੋ ਦੀ ਸਰਕਾਰ ਦਾ ਪੱਖ ਪੂਰਿਆ ਅਤੇ ਮੁਹਾਜ਼ ਤੋਂ ਉੱਠਦੇ ਰੋਸ ਨੂੰ ਸ਼ਾਂਤ ਕਰਕੇ ਰਹੇ, ਕਿਉਂਕਿ ਅਸੀਂ ਜਾਣਦੇ ਸਾਂ ਕਿ ਲੋਕ ਮੁਹਾਜ਼ 'ਚ ਪੈਣ ਵਾਲੀ ਕੋਈ ਵੀ ਤਰੇੜ ਐਸੀ ਵਿਰਲ ਬਣ ਸਕਦੀ ਸੀ ਜਿਸ ਵਿਚੋਂ ਦੀ ਦੁਸ਼ਮਣ ਨੇ ਅੰਦਰ ਘੁਸ ਜਾਣਾ ਸੀ। ਅਸੀਂ ਲਾਰਗੋ ਕੈਬਾਲਿਰੋ ਨੂੰ ਫ਼ੌਜ ਦੀਆਂ ਸਫ਼ਾਂ ਨੂੰ ਛਾਂਟਣ, ਜਿਸ ਵਿਚ ਸਾਡੇ

ਦੁਸ਼ਮਣਾਂ ਦੀ ਭਰਮਾਰ ਸੀ, ਆਪਣੀਆਂ ਨੀਤੀਆਂ ਨੂੰ ਬਦਲਣ, ਅਤੇ ਮੁਕੰਮਲ ਵਚਨਬਧਤਾ ਨਾਲ ਲੜਾਈ ਲੜਨ ਦੀ ਲੋੜ ਬਾਰੇ ਕਾਇਲ ਕਰਨ ਦੀ ਪੂਰੀ ਵਾਹ ਲਾਈ।

ਇਹ ਧਾਰਨਾ ਬਣਾਕੇ ਕਿ ਕਮਿਊਨਿਸਟ ਉਸ ਦੀ ਅਥਾਰਟੀ ਨੂੰ ਖ਼ੋਰਾ ਲਾ ਰਹੇ ਸਨ, ਕਿਉਂਕਿ ਅਸੀਂ ਉਸ ਦੀਆਂ ਘਾਤਕ ਨੀਤੀਆਂ ਦੇ ਭੌਂਦੂ ਸੰਦ ਬਣਨੋਂ ਨਾਂਹ ਕਰ ਦਿੱਤੀ ਸੀ, ਕੈਬਾਲਿਰੋ ਨੇ ਬੁਰਾ ਮਨਾਇਆ। ਕਮਿਊਨਿਸਟਾਂ ਨੂੰ ਇਹ ਪੱਕਾ ਨਿਸ਼ਚਾ ਸੀ ਕਿ ਉਸ ਦੀਆਂ ਨੀਤੀਆਂ, ਅਤੇ ਜਿਨ੍ਹਾਂ ਵਿਅਕਤੀਆਂ ਨੂੰ ਉਸ ਨੇ ਯੁੱਧ ਮੰਤਰਾਲੇ 'ਚ ਅਹੁਦਿਆਂ 'ਤੇ ਬਿਠਾਇਆ ਹੋਇਆ ਸੀ, ਦੇ ਕਾਰਣ ਗਣਰਾਜ ਦੀ ਹਾਰ ਹੋ ਕੇ ਰਹੇਗੀ। ਇਸ ਨਾਲ, ਇੰਡੈਲਸੀਓ ਪਰੀਟੋ ਸਮੇਤ, ਸਮਾਜਵਾਦੀ ਵੀ ਸਹਿਮਤ ਸਨ ਜੋ ਮੰਤਰੀ ਮੰਡਲ ਦੀਆਂ ਮੀਟਿੰਗਾਂ 'ਚ ਕਿਸੇ ਕਿਸੇ ਮੌਕੇ ਕਮਿਊਨਿਸਟਾਂ ਦੀਆਂ ਤਜਵੀਜ਼ਾਂ ਦੀ ਹਮਾਇਤ ਕਰ ਦਿੰਦੇ ਸਨ।

ਮਲੱਗਾ ਦੀ ਹਾਰ, ਜੋ ਗਣਰਾਜ ਲਈ ਹਿਰਦੇਵੇਦਕ ਹਾਰ ਸੀ, ਨੇ ਸਾਰੀ ਦਰਦਨਾਕ ਸਚਾਈ ਰਾਹੀਂ ਉਹ ਭਿਆਨਕ ਨੁਕਸਾਨ ਸਾਹਮਣੇ ਲਿਆਂਦਾ ਜੋ ਬਾਕਾਇਦਾ ਫ਼ੌਜ ਦੀ ਘਾਟ ਕਰਕੇ ਹੋ ਰਿਹਾ ਸੀ। ਇਸ ਤੋਂ ਇਲਾਵਾ, ਵੰਨ-ਸੁਵੰਨੇ ਉਦੇਸ਼ਾਂ ਅਤੇ ਹਿੱਤਾਂ ਵਾਲੇ, ਬਹੁਤ ਸਾਰੇ ਸਵੈ-ਨਿਰਭਰ ਖੇਤਰਾਂ ਦੀ ਮੌਜੂਦਗੀ ਵੀ, ਗਣਰਾਜੀ ਖ਼ੇਮੇ ਨੂੰ ਆਤਮਘਾਤੀ ਹਾਲਤ 'ਚ ਸੁੱਟ ਰਹੀ ਸੀ।

ਯੁੱਧ-ਮੰਤਰੀ ਜਾਣਦਾ ਸੀ ਕਿ ਮਲੱਗਾ 'ਤੇ ਹਮਲਾ ਹੋਣ ਵਾਲਾ ਸੀ। ਨੇੜੇ ਦੀਆਂ, ਅਤੇ ਇੱਥੋਂ ਤੱਕ ਕਿ ਦੂਰ-ਦੁਰਾਡੇ ਦੀਆਂ ਤਾਕਤਾਂ ਨੂੰ ਵੀ ਉੱਤਰ ਵੱਲ ਕੂਚ ਕਰਨ ਦਾ ਹੁਕਮ ਦੇਣ ਦੀ ਥਾਂ, ਉਸ ਨੇ ਮੁਹਾਜ਼ਾਂ ਨੂੰ ਮਨਮਰਜ਼ੀ ਕਰਨ ਦਿੱਤੀ। ਅਤੇ ਉਹ, ਤਾਲਮੇਲਵੀਂ ਅਤੇ ਯੋਜਨਾਬਧ ਕਾਰਵਾਈ ਦੀ ਜ਼ਰੂਰਤ ਵੱਲ ਤਵੱਜੋਂ ਨਾ ਦੇ ਕੇ, ਇਹ ਸੋਚਦੇ ਸਨ ਕਿ ਜੇ ਸਾਡੇ ਆਪਣੇ ਖੇਤਰ 'ਤੇ ਹਮਲਾ ਹੋਇਆ ਤਾਂ ਹੀ ਰਾਖੀ ਕਰਨੀ ਹੈ ਕਿਉਂਕਿ ਸਰਕਾਰ ਕੋਲ ਤਾਂ ਖ਼ੁਦ ਹੀ ਕਾਰਵਾਈ ਦੀ ਆਮ ਯੋਜਨਾ ਨਹੀਂ ਸੀ। ਭਾਵੇਂ ਔਖੀ ਘੜੀ 'ਚ ਅਸਟੂਰੀਅਨਾਂ ਦੀਆਂ ਕੁਝ ਟੋਲੀਆਂ ਬਾਸਕ ਦੇਸ਼ 'ਚ ਜਾ ਕੇ ਅਤੇ ਸਾਡੇ ਨਾ ਭੁੱਲਣਯੋਗ ਸਾਥੀ ਲਾਰਾਨਾਗਾ ਦੀ ਅਗਵਾਈ ਹੇਠ ਕੁਝ ਬਾਸਕ ਵਾਸੀ ਅਸਟੂਰੀਅਸ 'ਚ ਜਾ ਕੇ ਲੜੇ, ਪਰ ਪ੍ਰਤੱਖ ਸਚਾਈ ਇਹ ਸੀ—ਭਾਵੇਂ ਅਸੀਂ ਇਸ ਨੂੰ ਪ੍ਰਵਾਨ ਕਰਨ ਨੂੰ ਨਫ਼ਰਤ ਕਰਦੇ ਹਾਂ—ਕਿ ਮਿਲੀਸ਼ੀਆ ਦੀ ਹਰੇਕ ਇਕਾਈ ਨੇ ਆਪੋ-ਆਪਣੇ ਖੇਤਰ 'ਚ ਲੜਨ ਨੂੰ ਤਰਜੀਹ ਦਿੱਤੀ।

ਇਸ ਕਰਕੇ, ਸਾਡੇ ਕੋਲ ਉੱਤਰੀ ਫ਼ੌਜ ਹੋਣ ਦੀ ਗੱਲ ਕਰਨੀ ਸਹੀ ਬਿਆਨ ਨਹੀਂ ਸੀ। ਇਸ ਦੀ ਥਾਂ ਸਾਡੇ ਕੋਲ ਸਨ ਅਸਟੂਰੀਅਸ ਦੀ ਮਿਲੀਸ਼ੀਆ, ਸਾਂਤਾਂਦੇਰ ਦੀ ਮਿਲੀਸ਼ੀਆ ਅਤੇ ਬਾਸਕ ਦੇਸ਼ ਦੀ ਮਿਲੀਸ਼ੀਆ, ਸਮੁੱਚੇ ਤੌਰ 'ਤੇ ਹਰੇਕ ਆਪਣੇ ਹੀ ਕਮਾਂਡਰਾਂ ਦੇ ਅਧੀਨ ਕੰਮ ਕਰਦੀ ਸੀ। ਲਾਰਗੋ ਕੈਬਾਲਿਰੋ ਨੇ ਜਰਨੈਲ ਲੈਨੋ ਡੀ ਲਾ ਐਨਕੋਮੇਂਡਾ ਨੂੰ ਉੱਤਰੀ ਫ਼ੌਜ ਦਾ ਚੀਫ ਆਫ ਸਟਾਫ਼ ਬਣਾਕੇ ਅਸਟੂਰੀਅਸ ਭੇਜਿਆ ਸੀ, ਪਰ ਲੈਨੋ ਨੇ ਝੱਟ ਤਾੜ ਲਿਆ ਕਿ ਉਸ ਦੀਆਂ ਸੇਵਾਵਾਂ ਦੀ ਇੱਥੇ ਅਸਲੋਂ ਹੀ ਵੁੱਕਤ ਨਹੀਂ ਸੀ। ਸੌੜੇ ਹਿੱਤ ਵਾਲੇ ਆਪਣੇ "ਘਰੇਲੂ" ਮਾਮਲਿਆਂ 'ਚ ਦਖ਼ਲ ਦੇਣ ਜਾਂ ਟੰਗ ਅੜਾਉਣ ਨੂੰ ਬਰਦਾਸ਼ਤ ਕਰਨ ਤੋਂ ਇਨਕਾਰੀ ਸਨ, ਹਾਲਾਂਕਿ ਇਸ ਤਰ੍ਹਾਂ ਦੀ ਹਊਮੈਂਵਾਦੀ, ਖੇਤਰੀ ਮਨੋਬਿਰਤੀ ਉਨ੍ਹਾਂ ਸਾਰਿਆਂ ਲਈ ਪਰਲੋ ਬਣ ਸਕਦੀ ਸੀ ਅਤੇ ਗਣਰਾਜ ਦੀ ਹਾਰ ਦਾ ਰਾਹ ਪੱਧਰਾ ਕਰ ਸਕਦੀ ਸੀ।

ਜਦੋਂ ਬਾਸਕ ਸਰਕਾਰ ਨੂੰ ਪਤਾ ਲੱਗਿਆ ਕਿ ਜਰਨੈਲ ਲੈਨੋ ਡੀ ਲਾ ਐਨਕੋਮੇਂਡਾ ਉੱਤਰੀ ਫ਼ੌਜ—ਭਾਵ ਬਾਸਕ ਦੇਸ਼, ਅਸਟੂਰੀਅਨ ਅਤੇ ਸਾਂਤਾਂਦੇਰ ਤਾਕਤਾਂ—ਦੀ ਜ਼ਿੰਮੇਵਾਰੀ ਸਾਂਭਣ

ਲਈ ਆਇਆ ਸੀ, ਤਾਂ ਇਸਦੇ ਪ੍ਰਧਾਨ ਮੰਤਰੀ ਜੋਸ ਅਨਤੋਨੀਓ ਡੀ ਐਗੂਇਰੇ ਨੇ ਜਰਨੈਲ ਨੂੰ ਇਹ ਸੰਦੇਸ਼ ਭੇਜਿਆ:

"ਇਸ ਮਹੀਨੇ ਦੀ 13 ਤਰੀਕ ਨੂੰ ਹੋਈ ਮੀਟਿੰਗ 'ਚ, ਬਾਸਕ ਸਰਕਾਰ ਦੇ ਮੰਤਰੀਆਂ ਦੀ ਕੌਂਸਲ ਵੱਲੋਂ ਦੋ ਮਾਮਲਿਆਂ 'ਤੇ ਵਿਚਾਰ ਕੀਤੀ ਗਈ :

1. ਉੱਤਰੀ ਫ਼ੌਜ ਦੇ ਜਨਰਲ ਸਟਾਫ਼ ਅਤੇ ਬਾਸਕ ਸਰਕਾਰ ਦਰਮਿਆਨ ਰਿਸ਼ਤੇ;

2. ਉੱਤਰੀ ਫ਼ੌਜ ਦੇ ਜਨਰਲ ਸਟਾਫ਼ ਵੱਲੋਂ ਭੇਜੀ ਗਈ ਚਿੱਠੀ ਦਾ ਜਵਾਬ, ਜਿਸ ਵਿਚ ਉਨ੍ਹਾਂ ਨੇ ਬਹੁਤ ਸਾਰੇ ਸਵਾਲ ਉਠਾਏ ਸਨ।

ਫ਼ੌਜੀ ਕਾਰਵਾਈ ਦੇ ਮਾਮਲੇ ਸੰਬੰਧੀ, ਬਾਸਕ ਸਰਕਾਰ ਉਸੇ ਨੀਤੀ ਨੂੰ ਜਾਰੀ ਰੱਖਣ 'ਤੇ ਸਹਿਮਤ ਹੈ ਜਿਸ 'ਤੇ ਹੁਣ ਤੱਕ ਚੱਲਦੀ ਆਈ ਹੈ।

ਸਾਰੇ ਮੰਤਰੀਆਂ ਦੀ ਆਮ ਸਹਿਮਤੀ ਨਾਲ ਲਏ ਇਸ ਫ਼ੈਸਲੇ ਤੋਂ ਬਾਦ, ਉੱਤਰੀ ਫ਼ੌਜ ਦੇ ਕਮਾਂਡਰ ਦੀ ਚਿੱਠੀ ਦਾ ਜਵਾਬ ਦੇਣ ਦਾ ਫ਼ੈਸਲਾ ਲਿਆ ਗਿਆ ਜੋ ਇਸ ਤਰ੍ਹਾਂ ਹੈ :

"ਜੰਗ ਨਾਲ ਸੰਬੰਧਤ ਸਾਰੇ ਮਾਮਲੇ, ਯੁਜ਼ਕੈਡੀ ਦੇ ਖੇਤਰ ਅੰਦਰਲੇ ਮਨੁੱਖੀ ਅਤੇ ਪਦਾਰਥਕ ਵਸੀਲਿਆਂ ਦੀ ਵਰਤੋਂ, ਫ਼ੌਜੀ ਕਾਰਵਾਈਆਂ ਦੀ ਕਮਾਨ ਨੂੰ ਛੱਡਕੇ, ਯੁਜ਼ਕੈਡੀ ਸਰਕਾਰ ਅਤੇ ਇਸ ਦੇ ਯੁੱਧ ਮੰਤਰੀ ਦੇ ਵਿਸ਼ੇਸ਼ ਅਧਿਕਾਰ-ਖੇਤਰ ਦੇ ਮਾਮਲੇ ਹਨ।

ਇਹ ਫ਼ੌਜੀ ਕਾਰਵਾਈਆਂ ਦੇ ਜ਼ਰੂਰੀ ਤਾਲਮੇਲ ਜਾਂ ਸਾਂਤਾਂਦੇਰ ਅਤੇ ਅਸਟੂਰੀਅਨ ਤਾਕਤਾਂ ਦੀਆਂ ਸਾਂਝੀਆਂ ਕਾਰਵਾਈਆਂ ਨੂੰ ਕਮਜ਼ੋਰ ਨਹੀਂ ਕਰਦੀ, ਜੋ ਯੁਜ਼ਕੈਡੀ ਦੀਆਂ ਤਾਕਤਾਂ ਨੂੰ ਮਿਲਾਕੇ ਉੱਤਰੀ ਫ਼ੌਜ ਬਣਦੀ ਹੈ। ਤੁਹਾਡੀ ਗੁਜਾਰਿਸ਼ ਦੇ ਅਨੁਸਾਰ, ਯੁਜ਼ਕੈਡੀ ਦੀ ਸਰਕਾਰ, ਜਿੱਥੋਂ ਤੱਕ ਇਸ ਦੀ ਸਮਰੱਥਾ ਹੈ, ਉੱਤਰੀ ਫ਼ੌਜ ਦੀਆਂ ਹੋਰ ਇਕਾਈਆਂ, ਸਾਂਤਾਂਦੇਰ ਅਤੇ ਅਸਟੂਰੀਅਸ ਦੀਆਂ, ਨੂੰ ਪਦਾਰਥਕ ਤੇ ਹੋਰ ਸਹਾਇਤਾ ਭੇਜਦੀ ਰਹੇਗੀ, ਜਿਵੇਂ ਇਹ ਬੀਤੇ 'ਚ ਕਰਿਆ ਕਰਦੀ ਸੀ।

ਬਿਲਬਾਓ, 13 ਜਨਵਰੀ 1937

ਜੋਸ ਏ.ਡੀ. ਐਗੂਇਰੇ

ਜਰਨੈਲ ਲੈਨੋ ਡੀ ਲਾ ਐਨਕੌਮੇਂਡਾ ਨੇ ਇਹ ਜ਼ੋਰ ਦਿੰਦਿਆਂ ਜਵਾਬ ਭੇਜਿਆ ਕਿ ਪ੍ਰਧਾਨ ਮੰਤਰੀ ਲਾਰਗੋ ਕੈਬਾਲਿਰੋ ਦੇ ਸਪਸ਼ਟ ਹੁਕਮ ਅਨੁਸਾਰ ਉਸ ਨੇ ਉੱਤਰੀ ਫ਼ੌਜ ਦੀ ਮੁਕੰਮਲ ਕਮਾਨ ਸੰਭਾਲਣੀ ਹੈ, ਸਥਾਨਕ ਪ੍ਰਧਾਨ ਮੰਤਰੀ ਨੇ ਇਸ ਦਾ ਮੋੜਵਾਂ ਜਵਾਬ ਇਹ ਦਿੱਤਾ:

ਬਾਸਕ ਦੇਸ਼ ਦੇ ਮੰਤਰੀਆਂ, ਜੋ ਵੇਲੈਂਸੀਆ 'ਚ ਹਨ, ਨੇ ਗਣਰਾਜੀ ਸਰਕਾਰ ਨਾਲ, ਹੋਰਨਾਂ ਤੋਂ ਇਲਾਵਾ, ਉੱਤਰੀ ਫ਼ੌਜ ਅਤੇ ਇਸ ਵੱਲੋਂ ਆਪਹੁਦਰੇ ਤੌਰ 'ਤੇ ਥਾਪੇ ਜਨਰਲ ਸਟਾਫ਼ ਦੇ ਬਾਸਕ ਸਰਕਾਰ ਨਾਲ ਰਿਸ਼ਤੇ ਦੇ ਸਵਾਲ ਬਾਰੇ ਵਿਚਾਰ-ਵਟਾਂਦਰਾ ਕੀਤਾ।

ਅਸੀਂ ਲਾਰਗੋ ਕੈਬਾਲਿਰੋ ਦੇ ਇਸ ਸਾਫ਼-ਸਪਸ਼ਟ ਐਲਾਨ ਕਿ ਅਸਲ 'ਚ ਉੱਤਰੀ ਫ਼ੌਜ ਅਤੇ ਇਸ ਦੇ ਜਨਰਲ ਸਟਾਫ਼ ਦੀ ਕੋਈ ਹੋਂਦ ਨਹੀਂ ਹੈ, ਤੋਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਜਿੱਥੋਂ ਤੱਕ ਬਾਸਕ ਸਰਕਾਰ ਅਤੇ ਵਿਸ਼ੇਸ਼ ਤੌਰ 'ਤੇ ਇਸ ਉੱਤੇ ਨਿਰਭਰ ਫ਼ੌਜੀ ਇਕਾਈਆਂ ਦਾ ਸੰਬੰਧ ਹੈ, ਆਪਹੁਦਰੇ ਤੌਰ 'ਤੇ ਬਣਾਏ ਅਦਾਰੇ ਕੋਲ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

ਇਸ ਲਈ, ਬਾਸਕ ਸਰਕਾਰ ਦੀ ਯੋਜਨਾ ਹੈ ਕਿ ਯੁੱਧ ਮੰਤਰੀ ਅਤੇ ਗਣਰਾਜ ਦੇ ਪ੍ਰਧਾਨ ਮੰਤਰੀ ਨਾਲ ਸਮਝੌਤੇ ਦੇ ਅਨੁਸਾਰ, ਪ੍ਰਧਾਨ ਮੰਤਰੀ ਨੂੰ ਅਸਟੂਰੀਅਸ, ਸਾਂਤਾਂਦੇਰ ਅਤੇ ਵਿਜ਼ਕਾਇਆ ਦੀਆਂ ਫ਼ੌਜੀ ਤਾਕਤਾਂ ਦੇ ਤਾਲਮੇਲ ਦੀ ਤਜਵੀਜ਼ ਭੇਜੀ ਜਾਵੇ। ਵਿਚਾਰ-ਚਰਚਾ ਕਰਨ ਅਤੇ ਬਾਸਕ ਸਰਕਾਰ ਦੇ ਮੰਤਰੀਆਂ ਦੀ ਕੌਂਸਲ ਵੱਲੋਂ ਸਰਵ-ਸੰਮਤੀ ਨਾਲ ਮਨਜ਼ੂਰ ਕਰ ਲਏ ਜਾਣ ਤੋਂ ਬਾਦ ਇਹ ਤਜਵੀਜ਼ ਸਪੇਨੀ ਗਣਰਾਜ ਦੇ ਪ੍ਰਧਾਨ ਮੰਤਰੀ ਨੂੰ ਭੇਜ ਦਿੱਤੀ ਜਾਵੇਗੀ।

ਅਸੀਂ ਇਹ ਸੂਚਨਾ ਤੁਹਾਨੂੰ ਭੇਜ ਰਹੇ ਹਾਂ ਅਤੇ ਤੁਹਾਨੂੰ ਸੂਚਿਤ ਕਰਦੇ ਹਾਂ ਕਿ ਜਦੋਂ ਤੱਕ ਬਾਸਕ ਖੇਤਰ 'ਚ ਸਥਿਤ ਸਾਡੀਆਂ ਤਾਕਤਾਂ, ਸੰਸਥਾਵਾਂ ਅਤੇ ਸਮੱਗਰੀ ਨੂੰ ਮਨਜ਼ੂਰੀ ਨਹੀਂ ਮਿਲ ਜਾਂਦੀ, ਇਹ ਬਾਸਕ ਸਰਕਾਰ ਦੇ ਯੁੱਧ ਮੰਤਰੀ ਦੇ ਵਿਸ਼ੇਸ਼ ਅਧਿਕਾਰ-ਖੇਤਰ 'ਚ ਰਹਿਣਗੀਆਂ। ਇਸ ਕਰਕੇ, ਕਿਸੇ ਵੀ ਹੋਰ ਤਾਕਤ ਜਾਂ ਅਦਾਰੇ ਨੂੰ ਓਦੋਂ ਤੱਕ ਹੁਕਮ ਜਾਰੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਦੋਂ ਤੱਕ ਨਵੀਂ ਜਥੇਬੰਦੀ ਅਮਲ 'ਚ ਨਹੀਂ ਆ ਜਾਂਦੀ।

ਤੁਹਾਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਬਿਆਨ ਬੀਤੇ ਕੁਝ ਦਿਨਾਂ ਤੋਂ ਯੋਜਨਾਬਧ ਫ਼ੌਜੀ ਕਾਰਵਾਈਆਂ ਦੇ ਸੰਬੰਧ 'ਚ ਤੁਹਾਡੇ ਵੱਲੋਂ ਭੇਜੀਆਂ ਚਿੱਠੀਆਂ; ਬਾਸਕ ਖੇਤਰ ਵਿਚਲੇ ਵੱਖ-ਵੱਖ ਅਦਾਰਿਆਂ ਨੂੰ ਤੁਹਾਡੇ ਵਲੋਂ ਦਿੱਤੇ ਗਏ ਸਾਰੇ ਹੁਕਮਾਂ ਅਤੇ ਯੁਜ਼ਕੈਡੀ ਅੰਦਰ ਕੰਮ ਕਰਦੀਆਂ ਫ਼ੌਜੀ ਤਾਕਤਾਂ ਦੀ ਹਾਈ ਕਮਾਨ ਨੂੰ ਭੇਜੇ ਸਾਰੇ ਸਵਾਲਾਂ ਦੇ ਜਵਾਬ 'ਚ ਹੈ।

ਬਿਲਬਾਓ, 28 ਜਨਵਰੀ 1937

ਜੋਸ ਏ.ਡੀ. ਐਗੂਇਰੇ

ਜਰਨੈਲ ਲੈਨੋ ਡੀ ਲਾ ਐਨਕੋਮੇਂਡਾ ਨੇ ਉਸੇ ਦਿਨ ਲਾਰਗੋ ਕੈਬਾਲਿਰੋ ਨੂੰ ਹੇਠ ਲਿਖੀ ਤਾਰ ਭੇਜੀ:

ਉੱਤਰੀ ਫ਼ੌਜ ਦੇ ਮੁਖੀ, ਲੈਨੋ ਡੀ. ਲਾ ਐਨਕੋਮੇਂਡਾ ਵੱਲੋਂ ਗਣਰਾਜ ਦੀ ਸਰਕਾਰ ਦੇ ਯੁੱਧ ਮੰਤਰੀ ਦੇ ਨਾਂਅ ਤਾਰ ਨੰਬਰ 80 :

ਬਾਸਕ ਸਰਕਾਰ ਮੈਨੂੰ ਸੂਚਨਾ ਦੇ ਰਹੀ ਹੈ ਕਿ ਯੁੱਧ ਮੰਤਰੀ, ਲਾਰਗੋ ਕੈਬਾਲਿਰੋ ਨੇ ਸਾਫ਼ ਤੇ ਸਪਸ਼ਟ ਤੌਰ 'ਤੇ ਐਲਾਨ ਕੀਤਾ ਹੈ ਕਿ ਉੱਤਰੀ ਫ਼ੌਜ ਅਤੇ ਇਸ ਦੇ ਜਨਰਲ ਸਟਾਫ਼ ਦੀ ਕੋਈ ਹੋਂਦ ਨਹੀਂ ਹੈ; ਇਸ ਲਈ, ਯੁਜ਼ਕੈਡੀ ਸਰਕਾਰ ਸਾਂਤਾਂਦੇਰ ਅਤੇ ਅਸਟੂਰੀਅਸ ਅੰਦਰ ਫ਼ੌਜੀ ਕਾਰਵਾਈਆਂ ਦਾ ਤਾਲਮੇਲ ਕਰਨ ਦੀ ਯੋਜਨਾ ਦੀ ਤਜਵੀਜ਼ ਭੇਜਣ ਬਾਰੇ ਵਿਚਾਰ ਕਰ ਰਹੀ ਹੈ, ਜੋ ਇਹ ਵੇਲੈਂਸੀਆ ਨੂੰ ਵਿਚਾਰਨ ਲਈ ਭੇਜੇਗੀ। ਇਸ ਦੌਰਾਨ, ਬਾਸਕ ਖੇਤਰ ਦੀਆਂ ਤਮਾਮ ਹਥਿਆਰਬੰਦ ਤਾਕਤਾਂ ਯੁਜ਼ਕੈਡੀ ਸਰਕਾਰ ਦੇ ਵਿਸ਼ੇਸ਼ ਅਧਿਕਾਰ-ਖੇਤਰ ਅਧੀਨ ਰਹਿਣਗੀਆਂ, ਸਿੱਟੇ ਵਜੋਂ ਮੈਨੂੰ ਕੋਈ ਹੁਕਮ ਦੇਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ।

ਮੈਂ ਅਸਟੂਰੀਅਸ 'ਚ ਜਿਨ੍ਹਾਂ ਫ਼ੌਜੀ ਕਾਰਵਾਈਆਂ ਦੀ ਯੋਜਨਾ ਬਣਾ ਰਿਹਾ ਹਾਂ ਉਨ੍ਹਾਂ ਦੀ ਮਦਦ ਲਈ ਮੇਰੇ ਵੱਲੋਂ ਕੀਤੀ ਗੁਜ਼ਾਰਿਸ਼ ਦੇ ਜ਼ਵਾਬ 'ਚ ਮੈਨੂੰ ਬਾਸਕ ਸਰਕਾਰ ਨੇ ਇਹ ਜਵਾਬ ਭੇਜਿਆ ਸੀ।

ਮੈਂ ਬਾਸਕ ਸਰਕਾਰ ਨੂੰ ਸੂਚਿਤ ਕਰ ਦਿੱਤਾ ਹੈ ਕਿ ਗਣਰਾਜ ਦੀ ਸਰਕਾਰ ਦੇ ਹੁਕਮ ਆਉਣ ਤੱਕ ਮੈਂ ਆਪਣੇ ਜਨਰਲ ਸਟਾਫ਼ ਦਾ ਸਦਰ ਮੁਕਾਮ ਸਾਂਤਾਂਦੇਰ ਲੈ ਗਿਆ ਹਾਂ।

ਹਜ਼ੂਰ ਮੈਂ ਤੁਹਾਨੂੰ ਮੈਨੂੰ ਇਹ ਸੂਚਨਾ ਦੇਣ ਦੀ ਬੇਨਤੀ ਕਰਦਾ ਹਾਂ ਕਿ ਜਿਸ ਫ਼ੌਜ ਦੀ ਕਮਾਨ ਕਰਨ ਦਾ ਮੈਨੂੰ ਮਾਣ ਦਿੱਤਾ ਗਿਆ ਹੈ ਕੀ ਉਸ ਦੀ ਹੋਂਦ ਹੈ ਜਾਂ ਨਹੀਂ—ਇਹ ਕਮਾਨ ਮੈਨੂੰ ਸਰਕਾਰੀ ਗਜ਼ਟ ਨੰਬਰ 239 'ਚ ਪ੍ਰਕਾਸ਼ਤ ਕੀਤੇ ਹੁਕਮ ਅਨੁਸਾਰ ਸੌਂਪੀ ਗਈ ਸੀ, ਇਸ 'ਚ ਸਾਰੀਆਂ ਕਾਨੂੰਨੀ ਤਾਕਤਾਂ ਵਜੂਦ ਸਮੋਈਆਂ ਹਨ।

ਮਲੱਗਾ ਦੀ ਹਾਰ ਉਹ ਬੂੰਦ ਸੀ ਜਿਸਨੇ ਕਮਿਊਨਿਸਟਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਉੱਤੋਂ ਸਿਤਮ ਇਹ ਕਿ ਮਲੱਗਾ ਦੀ ਹਾਰ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਾਰੇ ਵਿਅਕਤੀਆਂ ਨੇ ਇਲਜ਼ਾਮ ਬੌਲੀਵਰ ਦੇ ਸਿਰ ਮੜ੍ਹ ਦਿੱਤਾ। ਬੁਜ਼ਦਿਲ ਤੇ ਮਨਘੜਤ ਦੂਸ਼ਣ ਇਹ ਲਾਇਆ ਗਿਆ ਕਿ ਉਸਨੇ ਹਮਲੇ ਤੋਂ ਤੁਰੰਤ ਪਹਿਲਾਂ, ਜਦੋਂ ਉਹ ਪ੍ਰਧਾਨ ਮੰਤਰੀ ਨੂੰ ਵੇਲੈਂਸੀਆ ਦੀ

ਹਾਲਤ ਦੱਸਣ ਅਤੇ ਸ਼ਹਿਰ ਦੀ ਰਾਖੀ ਲਈ ਮਦਦ ਦੀ ਬੇਨਤੀ ਕਰਨ ਆਇਆ ਸੀ, ਉਸਨੇ ਓਦੋਂ ਹੀ ਆਪਣਾ ਅਹੁਦਾ ਛੱਡ ਦਿੱਤਾ ਸੀ।

ਖ਼ਾਸ ਸਮਾਜਿਕ ਜਮਾਤਾਂ ਦਾ ਕਮਿਊਨਿਸਟ ਵਿਰੋਧ ਸਮਝ ਆਉਂਦਾ ਹੈ, ਨਾ ਇਹ ਸਾਨੂੰ ਪਰੇਸ਼ਾਨ ਕਰਦਾ ਹੈ ਨਾ ਹੈਰਾਨ ਕਰਦਾ ਹੈ। ਅਸੀਂ ਇਸ ਨੂੰ ਸੁਭਾਵਿਕ ਵਰਤਾਰਾ ਸਮਝਦੇ ਹਾਂ, ਜਮਾਤੀ ਘੋਲ ਦਾ ਇਕ ਸਿਆਸੀ ਇਜ਼ਹਾਰ। ਪਰ ਆਪਣੇ ਆਪ ਨੂੰ ਇਨਕਲਾਬੀ ਕਹਾਉਣ ਵਾਲਿਆਂ ਅਤੇ ਜਮਹੂਰੀਅਤ ਦੇ ਪੁਜਾਰੀ ਹੋਣ ਦਾ ਵਿਖਾਵਾ ਕਰਨ ਵਾਲਿਆਂ ਦਾ ਕਮਿਊਨਿਸਟ ਵਿਰੋਧ ਐਸੀ ਨੀਤੀ ਹੈ ਜੋ ਇਸ 'ਤੇ ਅਮਲ ਕਰਨ ਵਾਲਿਆਂ ਨੂੰ ਭ੍ਰਿਸ਼ਟ ਕਰਦੀ ਹੈ, ਜੇ ਉਹ ਪਹਿਲਾਂ ਹੀ ਭ੍ਰਿਸ਼ਟ ਨਹੀਂ ਸਨ ਤਾਂ ਉਹ ਕਮਿਊਨਿਸਟ ਵਿਰੋਧੀ ਬਣ ਗਏ।

ਮੰਤਰੀ ਮੰਡਲ ਦੀ ਮੀਟਿੰਗ 'ਚ, ਕਮਿਊਨਿਸਟ ਮੰਤਰੀਆਂ ਨੇ ਮਲੱਗਾ ਦੇ ਨੁਕਸਾਨ ਦੀ ਜ਼ਿੰਮੇਵਾਰੀ ਦਾ ਸਵਾਲ ਜ਼ੋਰ ਸ਼ੋਰ ਨਾਲ ਉਠਾਇਆ। ਸ਼ੱਕ ਦੀ ਉਂਗਲ ਆਪਣੇ ਆਪ ਯੁੱਧ ਮੰਤਰਾਲੇ ਦੇ ਅਧੀਨ ਸਕੱਤਰ ਵੱਲ ਉੱਠ ਗਈ। ਕਮਿਊਨਿਸਟਾਂ ਨੇ ਉਸ ਦੇ ਅਸਤੀਫ਼ੇ ਦੀ ਅਤੇ ਮਲੱਗਾ 'ਚ ਗਣਰਾਜ ਦੀ ਹਾਰ ਦੀ ਪੜਤਾਲ ਕਰਨ ਦੀ ਮੰਗ ਕੀਤੀ।

ਖ਼ਫਾ ਹੋਏ ਲਾਰਗੋ ਕੈਬਾਲਿਰੋ ਨੇ ਸਬੂਤ ਦੀ ਮੰਗ ਰੱਖ ਦਿੱਤੀ, ਕਿਉਂਕਿ ਇਲਜ਼ਾਮ ਉਸ ਦੀ ਸੱਜੀ ਬਾਂਹ ਉੱਤੇ ਲੱਗ ਰਿਹਾ ਸੀ।

"ਸਬੂਤ ?" ਇਕ ਕਮਿਊਨਿਸਟ ਮੰਤਰੀ ਨੇ ਜਵਾਬ ਦਿੱਤਾ। "ਮਲੱਗਾ 'ਚ ਜੋ ਹੋਇਆ ਉਸ ਤੋਂ ਬਿਹਤਰ ਸਬੂਤ ਕੀ ਹੈ ?"

"ਇਹ ਕਾਫ਼ੀ ਨਹੀਂ ਹੈ," ਲਾਰਗੋ ਦਾ ਜਵਾਬ ਸੀ। "ਮੈਂ ਹੋਰ ਸਬੂਤ ਚਾਹੁੰਨਾਂ।"

ਲਾਰਗੋ ਦੇ ਐਸੇ ਵਤੀਰੇ ਦੇ ਬਾਵਜੂਦ, ਮੰਤਰੀ ਪੜਤਾਲ ਸ਼ੁਰੂ ਕਰਾਉਣ ਅਤੇ ਹਾਰ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਨੰਗੇ ਕਰਨ ਲਈ ਸਰਵ-ਸੰਮਤੀ ਨਾਲ ਸਹਿਮਤ ਹੋ ਗਏ। ਦੋ ਮੰਤਰੀਆਂ, ਅਰਾਜਕਤਾਵਾਦੀ ਗਾਰਸੀਆ ਓਲੀਵਰ, ਅਤੇ ਕਮਿਊਨਿਸਟ ਵਿਸੈਂਟੇ ਯੂਰਾਈਬ, ਨੂੰ ਲੈ ਕੇ ਇਕ ਕਮੇਟੀ ਬਣਾਏ ਜਾਣ 'ਤੇ ਸਹਿਮਤੀ ਹੋ ਗਈ, ਜੋ ਮਲੱਗਾ ਮੁਹਾਜ਼ 'ਤੇ ਜਾ ਕੇ ਮੌਕੇ ਦੀ ਹਾਲਤ ਦੀ ਘੋਖ-ਪੜਤਾਲ ਕਰੇਗੀ। ਇਹ ਵੀ ਸਹਿਮਤੀ ਬਣ ਗਈ ਕਿ ਦੋ ਹੋਰ ਮੰਤਰੀ, ਇਕ ਸਮਾਜਵਾਦੀ ਅਤੇ ਇਕ ਕਮਿਊਨਿਸਟ, ਕੇਂਦਰੀ ਜਨਰਲ ਸਟਾਫ਼ ਦੀਆਂ ਮੀਟਿੰਗਾਂ 'ਚ ਸ਼ਾਮਲ ਹੋਇਆ ਕਰਨਗੇ।

ਕਮਿਊਨਿਸਟ ਪਾਰਟੀ ਨੂੰ ਇਹ ਤੱਥ ਪ੍ਰਵਾਨ ਨਹੀਂ ਸੀ ਕਿ ਰਾਸ਼ਟਰਪਤੀ ਤੋਂ ਬਾਦ ਸਭ ਤੋਂ ਵੱਧ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਐਸਾ ਵਿਅਕਤੀ ਕਾਬਜ਼ ਰਹੇ, ਜੋ ਭਾਵੇਂ ਖ਼ੁਦ ਦੁਸ਼ਮਣ ਦਾ ਦੱਲਾ ਨਹੀਂ ਸੀ, ਪਰ ਦੁਸ਼ਮਣ ਦੇ ਦੱਲਿਆਂ ਨੂੰ ਸ਼ਹਿ ਤੇ ਸਹਾਇਤਾ ਦੇ ਰਿਹਾ ਸੀ। ਨਾ ਹੀ ਪਾਰਟੀ ਨੂੰ ਇਹ ਤੱਥ ਹਜ਼ਮ ਹੁੰਦਾ ਸੀ ਕਿ ਜਰਨੈਲ ਅਸੈਨਸੀਓ ਜੰਗ ਦਾ ਨਿਰਦੇਸ਼ਨ ਕਰਦਾ ਰਹੇ। ਉਸ ਦੀਆਂ ਨੀਤੀਆਂ ਦਾ ਸਿੱਟਾ ਦੁਖਦਾਈ ਹਾਰਾਂ 'ਚ ਅਤੇ ਉਸ ਸਮੇਂ ਅਹਿਮ ਸ਼ਹਿਰ ਖੁਸ ਜਾਣ 'ਚ ਨਿੱਕਲ ਰਿਹਾ ਸੀ ਜਦੋਂ ਗਣਰਾਜ ਦੀ ਮਿਲੀਸ਼ੀਆ ਦੇ ਕੋਲ ਰਾਖੀ ਦੇ ਸਾਧਨਾਂ ਦੀ ਜੰਗ ਦੇ ਸ਼ੁਰੂ 'ਚ ਹੀ ਐਨੀ ਬੁਰੀ ਤਰ੍ਹਾਂ ਘਾਟ ਸੀ।

ਸਰਕਾਰ ਨੂੰ ਆਪਣੀਆਂ ਨੀਤੀਆਂ ਬਦਲਣੀਆਂ ਪੈਣੀਆਂ ਸਨ। ਮਲੱਗਾ 'ਚ ਜਿੱਤ ਤੋਂ ਬਾਦ, ਦੁਸ਼ਮਣ ਨੇ ਯੁਜ਼ਕੈਡੀ ਉੱਤੇ ਦਬਾਅ ਬਹੁਤ ਜ਼ਿਆਦਾ ਵਧਾ ਦਿੱਤਾ ਸੀ ਅਤੇ ਇਕ ਵਾਰ ਫਿਰ ਇਸ ਦੀਆਂ ਨਜ਼ਰਾਂ ਮੈਡਰਿਡ 'ਤੇ ਟਿਕੀਆਂ ਹੋਈਆਂ ਸਨ।

ਮਲੱਗਾ ਦੀ ਹਾਰ ਨੇ ਲੋਕਾਂ ਦੀਆਂ ਭਾਵਨਾਵਾਂ 'ਤੇ ਐਨਾ ਜ਼ਬਰਦਸਤ ਅਸਰ ਪਾਇਆ ਕਿ ਯੂ.ਜੀ.ਟੀ. ਨੇ ਇਹ ਮੰਗ ਕਰਦੇ ਹੋਏ ਜਨਤਕ ਇਕੱਠ ਕੀਤਾ ਕਿ ਸਰਕਾਰ ਜੰਗ ਲੜਨ ਦੇ ਅਤੇ ਗਣਰਾਜ ਦੀ ਰਾਖੀ ਦੀ ਅਗਵਾਈ ਦੇ ਤੌਰ-ਤਰੀਕਿਆਂ ਨੂੰ ਮੁੜ-ਵਿਉਂਤੇ। ਕਿਉਂਕਿ ਇਕੱਠ ਉਸ ਟਰੇਡ ਯੂਨੀਅਨ ਜਥੇਬੰਦੀ ਨੇ ਕੀਤਾ ਸੀ ਜਿਸ ਦੀ ਵਾਗਡੋਰ ਲਾਰਗੋ ਕੈਬਾਲਿਰੋ ਦੇ ਹੱਥ 'ਚ ਸੀ, ਉਸ ਨੇ ਸੋਚਿਆ ਕਿ ਇਹ ਇਕੱਠ ਉਸ ਦੀਆਂ ਨੀਤੀਆਂ ਦੀ ਬਿਨਾ ਸ਼ਰਤ ਹਮਾਇਤ ਦਾ ਮੁਜ਼ਾਹਰਾ ਸੀ। ਆਪਣੀ ਕਾਲਪਨਿਕ ਕਾਮਯਾਬੀ ਦੇ ਗਰੂਰ 'ਚ ਉਸਨੇ ਕੋਈ ਵੀ ਕਦਮ, ਜੋ ਮਲੱਗਾ 'ਚ ਹੋਏ-ਵਾਪਰੇ 'ਤੇ ਰੌਸ਼ਨੀ ਪਾਉਂਦਾ ਹੋਵੇ, ਚੁੱਕਣ ਤੋਂ ਜਾਂ ਫ਼ੌਜੀ ਢਾਂਚੇ 'ਚ ਛਾਂਟੀ ਕਰਨ ਤੋਂ ਨਾਂਹ ਕਰ ਦਿੱਤੀ।

ਕਮਿਊਨਿਸਟ ਪਾਰਟੀ ਨੇ ਵੇਲੈਂਸੀਆ 'ਚ ਇਕੱਠ ਕੀਤਾ, ਜਿੱਥੇ ਅਸੀਂ ਮਲੱਗਾ 'ਚ ਹਾਰ ਦੇ ਦੋਸ਼ੀਆਂ ਦੀ ਸ਼ਰੇਆਮ ਭੰਡੀ ਕੀਤੀ। ਮੈਂ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਤਕਰੀਰ ਕਰਦਿਆਂ ਮੁਹਾਜ਼ਾਂ ਦੀ ਅਸਲ ਹਾਲਤ ਦਾ ਖ਼ੁਲਾਸਾ ਕੀਤਾ ਅਤੇ ਕੁਝ ਦਿਨ ਪਹਿਲਾਂ ਹੋਏ ਜਨਤਕ ਪ੍ਰਦਰਸ਼ਨ ਦੀ ਮਹੱਤਤਾ ਬਿਆਨ ਕੀਤੀ। ਮੈਂ ਬਾਕਾਇਦਾ ਫ਼ੌਜ ਬਣਾਏ ਜਾਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਵਿਚ ਗ਼ੱਦਾਰ ਅਤੇ ਦੁਸ਼ਮਣ ਦੇ ਦੱਲੇ ਨਾ ਹੋਣ।

"ਅਸੀਂ ਇਕ ਐਸੀ ਫ਼ੌਜ ਚਾਹੁੰਦੇ ਹਾਂ," ਮੈਂ ਕਿਹਾ, "ਜਿਸ ਦੇ ਐਸੇ ਜਰਨੈਲ ਨਾ ਹੋਣ ਜੋ ਓਦੋਂ ਕੰਜਰੀਆਂ ਦੇ ਕੋਠਿਆਂ 'ਤੇ ਰੰਗਰਲੀਆਂ ਮਨਾਉਂਦੇ ਰਹਿਣ ਜਦੋਂ ਸਾਡੇ ਲੋਕ ਅਤੇ ਫ਼ੌਜੀ ਬਹਾਦਰੀ ਨਾਲ ਲੜ ਰਹੇ ਹੁੰਦੇ ਹਨ, ਜਦੋਂ ਸਾਡੀਆਂ ਔਰਤਾਂ ਅਤੇ ਬੱਚਿਆਂ ਉੱਪਰ ਮਲੱਗਾ ਦੀਆਂ ਸੜਕਾਂ 'ਤੇ ਫਾਸ਼ੀਵਾਦੀਆਂ ਦੇ ਹਵਾਈ-ਜਹਾਜ਼ਾਂ ਵਿਚੋਂ ਮਸ਼ੀਨ ਗੰਨਾਂ ਦੀਆਂ ਗੋਲੀਆਂ ਵਰ੍ਹਦੀਆਂ ਹੋਣ।......ਅਸੀਂ, ਸਪੇਨ ਦੀਆਂ ਔਰਤਾਂ, ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਾਂ, ਪਰ ਅਸੀਂ ਉਨ੍ਹਾਂ ਜਰਨੈਲਾਂ ਨੂੰ ਲੜਾਈ 'ਚ ਸਾਡੇ ਪੁੱਤਰਾਂ ਨੂੰ ਹੁਕਮ ਦੇਣ ਦੀ ਇਜਾਜ਼ਤ ਨਹੀਂ ਦਿਆਂਗੀਆਂ ਜੋ ਸਾਡੇ ਕਾਜ਼, ਸਪੇਨ ਦੀ ਮੁਕਤੀ ਅਤੇ ਆਜ਼ਾਦੀ ਦੇ ਕਾਜ਼, ਪ੍ਰਤੀ ਬੇਵਾਸਤਾ ਹਨ।"

ਉਸੇ ਰਾਤ ਜਰਨੈਲ ਅਸੈਨਸੀਓ ਨੇ ਅਸਤੀਫ਼ਾ ਦੇ ਦਿੱਤਾ। ਜਿਵੇਂ ਸੁਪਨੇ ਤੋਂ ਬਾਦ ਪਹੁ-ਫੁਟਾਲੇ ਦੀ ਆਮਦ ਨੂੰ ਜੀ ਆਇਆਂ ਆਖਿਆ ਜਾਂਦਾ ਹੈ, ਇਵੇਂ ਉਸ ਦੇ ਦਫ਼ਾ ਹੋਣ 'ਤੇ ਪੂਰੇ ਦੇਸ਼ ਨੇ ਖ਼ੁਸ਼ੀਆਂ ਮਨਾਈਆਂ।

ਮਲੱਗਾ ਦੀ ਹਾਰ ਨਾਲ ਘਰੇਲੂ ਅਤੇ ਜੰਗ ਦੇ ਮੈਦਾਨ ਦੋਵਾਂ ਥਾਵਾਂ ਉੱਤੇ ਸਿਆਸੀ ਹਾਲਤ ਵਿਗੜ ਗਈ ਸੀ। ਆਮ ਸ਼ਹਿਰੀਆਂ ਅਤੇ ਲੜਾਕੂਆਂ ਦੋਵਾਂ ਨੇ ਨੀਤੀ ਬਦਲਣ ਦੀ ਮੰਗ ਕੀਤੀ।

ਮੰਤਰੀ ਮੰਡਲ ਦੀਆਂ ਮੀਟਿੰਗਾਂ ਲਾਰਗੋ ਦੇ ਵਤੀਰੇ ਕਾਰਣ ਹਰ ਰੋਜ਼ ਵਧੇਰੇ ਨਾਖੁਸ਼ਗਵਾਰ ਬਣਦੀਆਂ ਗਈਆਂ। ਉਸਨੂੰ ਇਹ ਫੁਰਨਾ ਫੁਰਿਆ ਕਿ ਕਮਿਊਨਿਸਟਾਂ ਅਤੇ ਗਣਰਾਜਵਾਦੀਆਂ ਨੂੰ ਸਰਕਾਰ ਤੋਂ ਬਾਹਰ ਧੱਕਕੇ ਅਰਾਜਕਤਾਵਾਦੀਆਂ ਨਾਲ ਭਿਆਲੀ ਪਾ ਕੇ ਅਖੌਤੀ ਟਰੇਡ ਯੂਨੀਅਨ ਸਰਕਾਰ ਬਣਾ ਲਈ ਜਾਵੇ, ਉਸ ਦੀ ਸੋਚ ਸੀ ਕਿ ਇਹ ਸੁਖਾਲਿਆਂ ਹੀ ਅਮਲ 'ਚ ਆ ਜਾਵੇਗਾ। ਅਰਾਜਕਤਾਵਾਦੀਆਂ ਨੇ ਉਸ ਦੀ ਯੋਜਨਾ ਨੂੰ ਹਮਾਇਤ ਤੇ ਹੱਲਾਸ਼ੇਰੀ ਦਿੱਤੀ। ਉਹ ਪਹਿਲਾਂ ਹੀ ਸਪੇਨ ਦੀ ਹੋਣੀ ਆਪਣੇ ਹੱਥ ਲੈਣ ਅਤੇ ਬਾਗ਼ੀਆਂ ਦੀ ਬਜਾਏ ਕਮਿਊਨਿਸਟਾਂ ਨੂੰ ਖਤਮ ਕਰਨ ਦੇ ਸੁਪਨੇ ਲੈਂਦੇ ਸਨ, ਜੋ ਟਾਕਰਾ ਲਹਿਰ ਦੀ ਗੁੱਲੀ ਸਨ।

*ਮੁੰਡੋ ਓਬਰੇਰੋ* ਵਲੋਂ ਯੂ.ਜੀ.ਟੀ.-ਸੀ.ਐੱਨ.ਟੀ. ਸਰਕਾਰ ਦੀਆਂ ਯੋਜਨਾਵਾਂ, ਜੋ ਉਦੋਂ ਜਨੂੰਨੀ ਦਿਮਾਗਾਂ 'ਚ ਘੜੀਆਂ ਜਾ ਰਹੀਆਂ ਸਨ, ਬਾਰੇ ਕੀਤੇ ਇਕ ਸਰਵੇਖਣ ਦੇ ਜਵਾਬ 'ਚ ਮੈਂ ਇਸ ਮੁੱਦੇ ਬਾਰੇ, ਪਾਰਟੀ ਦੀ ਰਾਏ ਇਸ ਤਰ੍ਹਾਂ ਲਿਖੀ ਸੀ:

"ਜਦੋਂ ਸਾਡੇ ਲਈ ਆਪਣੇ ਸਾਰੇ ਯਤਨ ਜੰਗ ਉੱਪਰ ਕੇਂਦਰਤ ਕਰਨੇ ਜ਼ਰੂਰੀ ਹਨ, ਜੋ ਸਪੇਨ ਲਈ ਬਹੁਤ ਜ਼ਿਆਦਾ ਅਹਿਮ ਹੈ, ਤਾਂ ਟਰੇਡ ਯੂਨੀਅਨ ਸਰਕਾਰਾਂ ਦੇ ਤਜ਼ਰਬੇ ਕਰਨੇ ਮੈਨੂੰ ਬੱਜਰ ਗ਼ਲਤੀ ਜਾਪਦੇ ਹਨ। ਜੇ ਇਹ ਯੋਜਨਾ ਨੇਪਰੇ ਚੜ੍ਹ ਗਈ, ਇਹ ਫਾਸ਼ੀਵਾਦ ਵਿਰੁੱਧ ਏਕਤਾ ਨੂੰ ਤੋੜ ਦੇਵੇਗੀ ਅਤੇ ਫਾਸ਼ੀਵਾਦ ਤੇਜ਼ੀ ਨਾਲ ਜਿੱਤ ਜਾਵੇਗਾ।

"ਸਰਕਾਰ ਵਿਚ ਟਰੇਡ ਯੂਨੀਅਨਾਂ ਦੀ ਨੁਮਾਇੰਦਗੀ ਪਹਿਲਾਂ ਹੀ ਹੈ ਅਤੇ ਇਨ੍ਹਾਂ ਨੂੰ ਕੰਮ ਕਰਨ ਦੀ ਪੂਰੀ ਖੁੱਲ੍ਹ ਹੈ। ਸਾਨੂੰ ਸ਼ੱਕ ਹੈ ਕਿ ਇਹ ਯੋਜਨਾ ਗਣਰਾਜਵਾਦੀ ਪਾਰਟੀਆਂ ਨੂੰ ਸਰਕਾਰ ਤੋਂ ਬਾਹਰ ਧੱਕਣ ਦੀ ਚਾਲ ਤੋਂ ਬਿਨਾਂ ਕੁਝ ਨਹੀਂ ਹੈ, ਅਤੇ ਕਮਿਊਨਿਸਟ ਪਾਰਟੀ ਇਸਦਾ ਦ੍ਰਿੜਤਾ ਨਾਲ ਵਿਰੋਧ ਕਰਦੀ ਹੈ।

"ਫਰਵਰੀ 'ਚ ਹੋਈ ਲੋਕ ਮੁਹਾਜ਼ ਦੀ ਜਿੱਤ ਅਤੇ ਲੋਕ ਮੁਹਾਜ਼ ਦੀ ਸਰਕਾਰ, ਜਿਸ 'ਚ ਦੇਸ਼ ਦੀਆਂ ਫਾਸ਼ੀਵਾਦ ਵਿਰੋਧੀ ਸਾਰੀਆਂ ਤਾਕਤਾਂ ਦੀ ਅਨੁਪਾਤ ਦੇ ਹਿਸਾਬ ਨਾਲ ਮੁਨਾਸਬ ਨੁਮਾਇੰਦਗੀ ਹੈ, ਦੇ ਜ਼ਰੀਏ ਅਸੀਂ ਜੰਗ ਜਿੱਤਾਂਗੇ।

"ਇਕ ਗੱਲ ਮੈਂ ਸਪਸ਼ਟ ਕਰ ਦੇਣਾ ਚਾਹੁੰਦੀ ਹਾਂ: ਕਮਿਊਨਿਸਟ ਉਸ ਹਰੇਕ ਚੀਜ਼ ਦਾ ਅਤੇ ਹਰੇਕ ਵਿਅਕਤੀ ਦਾ ਵਿਰੋਧ ਕਰਨਗੇ ਜੋ ਸਪੇਨੀ ਲੋਕਾਂ ਦੀ ਏਕਤਾ ਨੂੰ ਤੋੜਨ ਦਾ ਕੰਮ ਕਰਦੀ ਹੈ ਜਿਵੇਂ ਲੋਕ ਮੁਹਾਜ਼ ਦੀ ਸਰਕਾਰ ਵਿਚ ਸਾਹਮਣੇ ਆਇਆ ਸੀ। ਕਮਿਊਨਿਸਟ ਪਾਰਟੀ ਉਸ ਨੀਤੀ ਦੀ ਹੀ ਐਸੀ ਨੀਤੀ ਵਜੋਂ ਵਜਾਹਤ ਕਰੇਗੀ ਜੋ ਲੋਕਾਂ ਨੂੰ ਜਿੱਤ ਵੱਲ ਲਿਜਾ ਸਕਦੀ ਹੈ।"

ਮਲੱਗਾ 'ਤੇ ਕਬਜ਼ਾ ਹੋ ਜਾਣ ਨਾਲ ਦੁਸ਼ਮਣ ਨੂੰ ਕਾਰਵਾਈ ਕਰਨ ਦੀ ਹੋਰ ਖੁੱਲ੍ਹ ਹੋ ਗਈ। ਹੁਣ ਬਾਗ਼ੀ ਦੱਖਣ ਵਾਲੇ ਪਾਸਿਉਂ ਹਮਲਾ ਕਰਕੇ ਮੈਡਰਿਡ ਅਤੇ ਵੇਲੈਂਸੀਆ ਵਿਚਕਾਰ ਸੰਪਰਕ ਤੋੜ ਦੇਣ ਲਈ ਤਬਾਹੀ ਮਚਾਊ ਹਮਲਾ ਕਰਨ ਦੀਆਂ ਗੋਂਦਾਂ ਗੁੰਦ ਰਹੇ ਸਨ। ਫਰਵਰੀ ਦੇ ਸ਼ੁਰੂ 'ਚ ਹੀ ਸਾਨੂੰ ਪਤਾ ਚੱਲ ਗਿਆ ਸੀ ਕਿ ਦੁਸ਼ਮਣ ਆਪਣੇ ਫ਼ੌਜੀ ਦਸਤਿਆਂ ਨੂੰ ਜਾਰੱਮਾ ਖੇਤਰ 'ਚੋਂ ਜਾਂ ਤਾਂ ਵੇਲੈਂਸੀਆ ਨੂੰ ਜਾਂਦੇ ਰਾਹ ਬੰਦ ਕਰਨ ਲਈ ਜਾਂ ਫਿਰ ਆਪਣੀ ਸੱਜੀ ਬਾਹੀ ਨੂੰ ਕੁਮਕ ਭੇਜਣ ਲਈ ਜਮ੍ਹਾਂ ਕਰ ਰਿਹਾ ਸੀ।

6 ਫਰਵਰੀ 1937 ਨੂੰ ਦੁਸ਼ਮਣ ਨੇ ਵੇਸੀਆਮੈਡਰਿਡ ਦੀ ਦਿਸ਼ਾ 'ਚ ਨਵਾਂ ਹਮਲਾ ਵਿੱਢ ਦਿੱਤਾ। ਇਸਨੇ ਲੇਵਾਂਤੇ ਨੂੰ ਜਾਂਦੀ ਸੜਕ ਨੂੰ ਗੋਲਾਬਾਰੀ ਦੀ ਮਾਰ ਹੇਠ ਲਿਆਉਣ ਦੀ ਮਨਸ਼ਾ ਨਾਲ ਲਗਾਤਾਰ ਹਮਲਾ ਕੀਤਾ। 12 ਫਰਵਰੀ ਨੂੰ, ਦੁਸ਼ਮਣ ਦੇ ਫ਼ੌਜੀ ਦਸਤੇ ਜਾਰੱਮਾ ਦਰਿਆ ਪਾਰ ਕਰ ਗਏ, ਇੰਜ ਪੂਰਬੀ ਕੰਢੇ ਉੱਪਰ ਅਗਲੇ ਹਮਲੇ ਦੀ ਹਮਾਇਤ ਦਾ ਨਵਾਂ ਅੱਡਾ ਬਣਾ ਲਿਆ ਗਿਆ।

ਇਕ ਵਾਰ ਫਿਰ ਇਹ ਤੱਥ ਦੁਸ਼ਮਣ ਦੇ ਪੱਖ 'ਚ ਜਾਂਦਾ ਸੀ ਕਿ ਸਾਡੇ ਕੋਲ ਜਾਰੱਮਾ 'ਚ ਰਾਖਵੀਆਂ ਤਾਕਤਾਂ ਨਹੀਂ ਸਨ ਅਤੇ ਉਸ ਨੇ ਮੌਜ ਨਾਲ ਹੀ ਸਾਡੀਆਂ ਥਾਵਾਂ 'ਤੇ ਕਬਜ਼ਾ ਕਰ ਲਿਆ।

ਬਾਗ਼ੀਆਂ ਨੇ ਰਾਜਧਾਨੀ ਉੱਪਰ ਗੁਆਡਲਾਜਾਰਾ ਦੀ ਦਿਸ਼ਾ 'ਚ ਨਵੇਂ ਹਮਲੇ ਦੀ ਤਿਆਰੀ ਕੀਤੀ ਅਤੇ ਇਸ ਖੇਤਰ ਵੱਲ ਕਈ ਇਤਾਲਵੀ ਡਿਵੀਜ਼ਨਾਂ ਭੇਜ ਦਿੱਤੀਆਂ। ਇਸ ਹਮਲੇ,

ਜਿਸ ਉੱਪਰ ਦੁਸ਼ਮਣ ਨੇ ਵੱਡੀਆਂ ਆਸਾਂ ਲਾਈਆਂ ਹੋਈਆਂ ਸਨ, ਨੂੰ ਰੋਕਣ ਲਈ ਫ਼ੌਜੀ ਦਸਤਿਆਂ ਦੇ ਦੋ ਬ੍ਰਿਗੇਡ, ਇਕ ਕੌਮਾਂਤਰੀ ਬ੍ਰਿਗੇਡ ਅਤੇ ਰਾਖਵੀਆਂ ਤਾਕਤਾਂ ਵਜੋਂ ਕੰਮ ਕਰਨ ਲਈ ਦੋ ਵਾਧੂ ਬ੍ਰਿਗੇਡ ਲਿਸਟਰ ਦੀ ਕਮਾਨ ਹੇਠ ਕਮਜ਼ੋਰ ਥਾਵਾਂ 'ਤੇ ਲਗਾਏ ਗਏ।

ਗੁਆਡਲਾਜਾਰਾ ਵਿਚ ਇਤਾਲਵੀ ਡਿਵੀਜ਼ਨਾਂ ਵਿਰੁੱਧ ਲੜਾਈ ਦਾ ਬੋਝ ਉਨ੍ਹਾਂ ਯੋਧਿਆਂ ਨੇ ਝੱਲਿਆ, ਜਿਨ੍ਹਾਂ ਨੇ ਨਵੰਬਰ ਦੇ ਅਭੁੱਲ ਮਹੀਨੇ ਦੌਰਾਨ ਮੈਡਰਿਡ ਦੇ ਫ਼ੌਜੀ ਸਕੂਲ 'ਚ ਸਿਖਲਾਈ ਲਈ ਸੀ। ਇਕ ਵਾਰ ਫਿਰ ਗਣਰਾਜਵਾਦੀ ਅਤੇ ਕੌਮਾਂਤਰੀ ਬ੍ਰਿਗੇਡਾਂ ਨੇ ਸੂਰਬੀਰਾਂ ਵਾਲੀ ਦਲੇਰੀ ਅਤੇ ਜਿੱਤਣ ਦੀ ਦ੍ਰਿੜ ਇੱਛਾ ਦਿਖਾ ਦਿੱਤੀ।

ਮਲੱਗਾ 'ਚ ਖ਼ੂਨੀ ਜਿੱਤ ਦੀਆਂ ਨਸ਼ਿਆਈਆਂ, ਮੁਸੋਲਿਨੀ ਦੀਆਂ ਧਾੜਾਂ ਨੇ, ਫਰਾਂਕੋ ਨੂੰ ਉਚੇਚੇ ਤੌਰ 'ਤੇ ਇਹ ਲੜਾਈ ਲੜਨ ਦਾ "ਸਨਮਾਨ" ਬਖਸ਼ਣ ਦੀ ਮੰਗ ਕੀਤੀ ਸੀ, ਕਿਉਂਕਿ ਉਨ੍ਹਾਂ ਦੀ ਚਾਹਤ ਮੈਡਰਿਡ 'ਤੇ ਕਬਜ਼ਾ ਕਰਕੇ ਇਤਹਾਸ 'ਚ ਇਸ ਨੂੰ ਇਤਾਲਵੀ ਜਿੱਤ ਵਜੋਂ ਦਰਜ ਕਰਾਉਣ ਦੀ ਸੀ। ਪਰ ਇਹ ਕਾਲੀਆਂ ਕੁੜਤੀਆਂ ਵਾਲੇ ਗੁਆਡਲਾਜਾਰਾ ਵਿਚ ਦੀ ਕਦੇ ਨਾ ਲੰਘ ਸਕੇ। ਇਸ ਦੀ ਥਾਂ, ਮੈਦਾਨੇ-ਜੰਗ 'ਚ ਹਜ਼ਾਰਾਂ ਮਾਰੇ ਗਏ ਅਤੇ ਸੈਂਕੜੇ ਕੈਦੀ ਬਣਕੇ ਰਹਿ ਗਏ। ਸਾਡੀ ਮਿਲੀਸ਼ੀਆ ਦੇ ਦਬਾਅ ਹੇਠ, ਉਹ ਪਿੱਠ ਦਿਖਾਕੇ ਭੱਜਣ ਤੋਂ ਵੀ ਗਏ-ਗੁਜ਼ਰੇ ਨਿੱਕਲੇ। ਉਹ ਸੱਚੀਉਂ ਭੈਭੀਤ ਹੋ ਕੇ, ਟੈਂਕ, ਤੋਪਾਂ ਅਤੇ ਸਾਰਾ ਜੰਗੀ ਸਾਜ਼ੋ-ਸਮਾਨ ਛੱਡਕੇ ਦੌੜ ਗਏ। ਦੁਸ਼ਮਣ ਦਾ ਹਮਲਾ ਬੇਅਸਰ ਬਣਾ ਦਿੱਤੇ ਜਾਣ ਨਾਲ, ਮੈਡਰਿਡ ਇਕ ਵਾਰ ਫਿਰ ਲੋਕ ਟਾਕਰੇ ਦਾ ਅਜਿੱਤ ਗੜ੍ਹ ਜਾਪ ਰਿਹਾ ਸੀ।

ਗੁਆਡਲਾਜਾਰਾ 'ਚ ਸਾਡੀ ਜਿੱਤ ਤੋਂ ਉਤਸ਼ਾਹਤ ਹੋ ਕੇ ਲਾਰਗੋ ਨੂੰ ਮਿਲੀਸ਼ੀਆ ਨੂੰ ਬਾਕਾਇਦਾ ਫ਼ੌਜ 'ਚ ਬਦਲ ਦੇਣ ਲਈ ਸਗੋਂ ਜ਼ੋਰਦਾਰ ਉਪਰਾਲੇ ਕਰਨੇ ਚਾਹੀਦੇ ਸਨ। ਉਲਟਾ ਉਸ ਨੂੰ ਇਹ ਜਚ ਗਿਆ ਕਿ ਮਿਲੀਸ਼ੀਆ ਕੋਈ ਵੀ ਮੁਸ਼ਕਲ ਜ਼ਿੰਮੇਵਾਰੀ ਨਿਭਾਉਣ ਲਈ ਕਾਫ਼ੀ ਸੀ। ਕਮਿਊਨਿਸਟ ਪਾਰਟੀ ਨੇ ਜ਼ੋਰ ਦਿੱਤਾ ਕਿ ਮਿਲੀਸ਼ੀਆ ਨੂੰ ਫ਼ੌਜ 'ਚ ਬਦਲ ਦੇਣਾ ਚਾਹੀਦਾ ਹੈ। ਪਰ ਲਾਰਗੋ ਨੇ ਸਾਡੀ ਗੱਲ ਸੁਨਣੋਂ ਇਨਕਾਰ ਕਰ ਦਿੱਤਾ। ਉਸ ਨੇ ਇਹ ਤੱਥ ਨਜ਼ਰਅੰਦਾਜ਼ ਕੀਤਾ ਕਿ ਜਿਨ੍ਹਾਂ ਵੱਖ-ਵੱਖ ਵਿਚਾਰਾਂ ਅਤੇ ਵੱਡੀਆਂ-ਛੋਟੀਆਂ ਤਾਕਤਾਂ ਦੀ ਨੁਮਾਇੰਦਗੀ ਕਰਦੇ ਵਿਅਕਤੀਆਂ ਨਾਲ ਮਿਲਕੇ ਉਸਨੇ ਦੇਸ਼ ਨੂੰ ਅਗਵਾਈ ਦੇਣ ਦੀ ਸਾਂਝੀ ਜ਼ਿੰਮੇਵਾਰੀ ਉਠਾਈ ਸੀ, ਉਹ ਉਸਦੀ ਆਪਣੀ ਸਮਾਜਵਾਦੀ ਪਾਰਟੀ ਤੋਂ ਬਾਹਰਲੀਆਂ ਤਾਕਤਾਂ ਸਨ, ਅਤੇ ਇਨ੍ਹਾਂ ਤੋਂ ਬਗ਼ੈਰ ਉਹ ਜੰਗ ਨਹੀਂ ਸੀ ਲੜ ਸਕਦਾ।

ਲਾਰਗੋ ਕੈਬਾਲਿਰੋ, ਆਮ ਤੌਰ 'ਤੇ ਹੀ ਕੱਬਾ ਤੇ ਗੁੱਸੇਖ਼ੋਰ ਬੰਦਾ ਸੀ, ਹੁਣ ਅਸੈਨਸੀਓ ਦੇ ਅਸਤੀਫ਼ੇ ਕਰਕੇ ਉਸ ਦੀ ਸਮੱਸਿਆ ਹੋਰ ਵਧ ਗਈ। ਜੱਦੋਜਹਿਦ ਦੀ ਮਾਰ ਝੱਲਣ ਵਾਲੇ ਕਮਿਊਨਿਸਟਾਂ ਪ੍ਰਤੀ ਉਸ ਦੀ ਕਿੜ ਐਨੀ ਵਧ ਗਈ ਸੀ ਕਿ ਜੰਗ 'ਚ ਫਸੇ ਦੇਸ਼ ਨੂੰ ਅਗਵਾਈ ਦੇਣ ਵਾਲੇ ਬੰਦੇ ਦਾ ਐਸਾ ਵਤੀਰਾ ਪੂਰੀ ਤਰ੍ਹਾਂ ਬੇਤੁਕਾ ਅਤੇ ਅਣਉਚਿਤ ਸੀ।

ਇਸ ਨਾਲ ਪਹਿਲਾਂ ਹੀ ਅੰਦਰੋ-ਅੰਦਰੀ ਸੰਕਟ 'ਚ ਘਿਰੀ ਸਰਕਾਰ ਦੀ ਹਾਲਤ ਹੋਰ ਵਿਗੜ ਗਈ। ਮੰਤਰੀ ਮੰਡਲ ਦੀਆਂ ਬੈਠਕਾਂ 'ਚ ਜੰਗ ਦੇ ਮੁਹਾਜ਼ਾਂ ਦੀ ਹਾਲਤ ਬਾਰੇ ਵਿਚਾਰ-ਚਰਚਾ ਕਰਨਾ ਅਤੇ ਜੰਗ ਨਾਲ ਸੰਬੰਧਤ ਸਮੱਸਿਆਵਾਂ ਬਾਰੇ ਸਹਿਮਤੀ 'ਤੇ ਪਹੁੰਚਣਾ ਹੋਰ ਮੁਸ਼ਕਲ ਹੁੰਦਾ ਗਿਆ।

ਜਦੋਂ ਕਮਿਊਨਿਸਟ ਪਾਰਟੀ ਨੇ ਸਰਕਾਰ 'ਚ ਸ਼ਾਮਲ ਹੋਣ ਦਾ ਫ਼ੈਸਲਾ ਲਿਆ ਸੀ, ਇਸ ਨੇ ਅਜਿਹਾ ਗ਼ਲਤ ਨੀਤੀਆਂ ਦੀ ਆਲੋਚਨਾ ਕਰਨ ਅਤੇ ਮਜ਼ਦੂਰਾਂ ਨੂੰ ਜੰਗ ਦੀਆਂ

ਸਮੱਸਿਆਵਾਂ ਅਤੇ ਟਕਰਾਅ ਦੌਰਾਨ ਹੋ ਰਹੀਆਂ ਸਮਾਜਿਕ ਤਬਦੀਲੀਆਂ ਦੇ ਬਾਰੇ ਜਾਣੂੰ ਕਰਾਉਣ ਦੇ ਹੱਕ ਨੂੰ ਤਿਲਾਂਜਲੀ ਦਿੱਤੇ ਬਗ਼ੈਰ ਕੀਤਾ ਸੀ। ਲਾਰਗੋ ਕੈਬਾਲਿਰੋ ਨੂੰ ਇਹ ਮਨਜ਼ੂਰ ਨਹੀਂ ਸੀ, ਸ਼ਾਇਦ ਉਹ ਇਹ ਮੰਨਕੇ ਚੱਲਦਾ ਸੀ ਕਿ ਆਪਣੇ ਦੋ ਮੰਤਰੀਆਂ ਨੂੰ ਸਰਕਾਰ 'ਚ ਰੱਖਣ ਦੀ ਖ਼ਾਤਰ, ਕਮਿਊਨਿਸਟ ਆਪਣੇ ਅਸੂਲਾਂ ਨਾਲ ਸਮਝੌਤਾ ਕਰ ਲੈਣਗੇ ਅਤੇ ਉਸਦੀ ਬਦਮਿਜ਼ਾਜੀ ਅਤੇ ਧੱਕੇਸ਼ਾਹੀਆਂ ਨੂੰ ਚੁੱਪਚਾਪ ਸਹਿਣ ਕਰਦੇ ਰਹਿਣਗੇ।

## [37]
## ਕੈਟਾਲੋਨੀਆ 'ਚ ਉਲਟ ਇਨਕਲਾਬ

ਜਦੋਂ ਜੰਗ ਭਖੀ ਹੋਈ ਸੀ, ਜਦੋਂ ਉੱਤਰੀ ਖੇਤਰ ਦੁਸ਼ਮਣ ਦੇ ਹਮਲੇ 'ਚ ਘਿਰਿਆ ਹੋਇਆ ਸੀ, ਜਦੋਂ ਮਲੱਗਾ ਗਣਰਾਜੀ ਟਾਕਰਾ ਲਹਿਰ ਦੀ ਵੱਖੀ 'ਤੇ ਲਹੂ-ਲੁਹਾਣ ਫੱਟ ਬਣਿਆ ਹੋਇਆ ਸੀ, ਉਸ ਸਮੇਂ ਐੱਫ. ਏ. ਆਈ. ਅਤੇ ਪੀ.ਓ.ਯੂ.ਐੱਮ. (ਟਰਾਟਸਕੀਵਾਦੀ ਪਾਰਟੀ) ਨੇ 3 ਮਈ ਨੂੰ ਕੈਟਾਲੋਨੀਆ ਦੀ ਫ਼ੌਜੀ ਕਮਾਂਡ ਨੂੰ ਅੰਤਮ ਫ਼ੈਸਲਾ ਸੁਣਾਕੇ ਬਾਰਸੀਲੋਨਾ 'ਚ ਬਗ਼ਾਵਤ ਕਰ ਦਿੱਤੀ। ਅਸਲ ਵਿਚ ਇਹ ਉਨ੍ਹਾਂ ਦੀ ਸੱਤ੍ਹਾ ਹਥਿਆਉਣ ਦੀ ਚਾਲ ਸੀ।

ਕੈਟਾਲੋਨੀਆ ਦੇ ਪ੍ਰਧਾਨ ਮੰਤਰੀ ਨੂੰ ਟਰਾਟਸਕੀਵਾਦੀ ਅਤੇ ਐੱਫ.ਏ.ਆਈ.ਵਾਦੀ ਸੰਗੀਨਾਂ ਦੀ ਨੋਕ 'ਤੇ ਸੁਣਾਏ ਗਏ ਅੰਤਮ ਫ਼ੈਸਲੇ 'ਚ ਉਨ੍ਹਾਂ ਵੱਲੋਂ ਇਹ ਮੰਗ ਕੀਤੀ ਗਈ ਸੀ : "ਯੁੱਧ, ਸਨਅਤਾਂ, ਆਵਾਜਾਈ, ਵਪਾਰ, ਵਿੱਤ, ਖੇਤੀਬਾੜੀ ਮੰਤਰਾਲੇ ਦਿੱਤੇ ਜਾਣ, ਦੂਜੀਆਂ ਪਾਰਟੀਆਂ ਨੂੰ ਦਿੱਤੇ ਗਏ ਮੰਤਰਾਲਿਆਂ 'ਚ ਅਰਾਜਕਤਾਵਾਦੀਆਂ ਅਤੇ ਟਰਾਸਟਸਕੀਵਾਦੀਆਂ ਨੂੰ ਲਿਆ ਜਾਵੇ, ਇਸ ਤੋਂ ਇਲਾਵਾ, ਪੁਲਿਸ ਮੁਖੀ, ਬਾਰਸੀਲੋਨਾ ਦੇ ਪੁਲਿਸ ਕਮਿਸ਼ਨਰ ਦੇ ਅਹੁਦੇ ਅਤੇ ਪੁਲਿਸ ਦੇ ਬਾਕੀ ਸਾਰੇ ਅਹਿਮ ਅਹੁਦੇ, ਅਤੇ ਸਾਰੇ ਮੰਤਰਾਲਿਆਂ 'ਚ ਸਾਰੇ ਅਧੀਨ ਅਹੁਦਿਆਂ 'ਚੋਂ ਅੱਧੇ ਅਹੁਦੇ ਦਿੱਤੇ ਜਾਣ।"

ਜੇ ਕੈਟਾਲੋਨੀਆ 'ਚ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਜਾਂਦੀਆਂ, ਤਾਂ ਅਰਾਜਕਤਾਵਾਦੀਆਂ ਨੇ ਗਣਰਾਜੀ ਖ਼ੇਮੇ ਅੰਦਰ ਨਵੀਂ ਖਾਨਾਜੰਗੀ ਛੇੜਨ ਦੀ ਧਮਕੀ ਰਾਹੀਂ ਇਹੀ ਮੰਗਾਂ ਪੂਰੇ ਸਪੇਨ 'ਚ ਮੰਨਵਾਉਣੀਆਂ ਸਨ।

ਫਰਾਂਕੋ ਦੇ ਆਮ ਸਟਾਫ਼ ਦਾ ਇਸ ਸੰਭਾਵਨਾ ਨਾਲ ਕੋਈ ਵਿਰੋਧ ਨਹੀਂ ਸੀ, ਜਿਵੇਂ ਉਹ ਰਿਪੋਰਟ ਦਰਸਾਉਂਦੀ ਸੀ ਜੋ ਜਰਮਨ ਸਫ਼ੀਰ ਫਾਉਪਲ ਨੇ, ਜਿਸ ਦੇ ਫਰਾਂਕੋ ਨਾਲ ਡੂੰਘੇ ਸੰਬੰਧ ਸਨ, ਹਿਟਲਰ ਨੂੰ ਕੈਟਾਲੋਨੀਆ 'ਚ ਉਲਟ ਇਨਕਲਾਬ ਬਾਰੇ ਭੇਜੀ ਸੀ। 11 ਮਈ 1937 ਨੂੰ, ਫਾਉਪਲ ਨੇ, ਹੋਰ ਗੱਲਾਂ ਦੇ ਨਾਲ-ਨਾਲ, ਇਹ ਵੀ ਲਿਖਿਆ :

"ਬਾਰਸੀਲੋਨਾ 'ਚ ਗੜਬੜ ਬਾਰੇ, ਫਰਾਂਕੋ ਨੇ ਮੈਨੂੰ ਦੱਸਿਆ ਹੈ ਕਿ ਸੜਕਾਂ 'ਤੇ ਲੜਾਈ ਉਸ ਦੇ ਏਜੰਟਾਂ ਨੇ ਭੜਕਾਈ ਸੀ। ਨਿਕੋਲਸ ਫਰਾਂਕੋ ਨੇ ਇਸ ਰਿਪੋਰਟ ਦੀ ਪੁਸ਼ਟੀ ਕੀਤੀ ਹੈ, ਮੈਨੂੰ ਦੱਸਿਆ ਗਿਆ ਕਿ ਬਾਰਸੀਲੋਨਾ 'ਚ ਉਨ੍ਹਾਂ ਦੇ ਕੁਲ 13 ਏਜੰਟ ਸਨ। ਕੁਝ ਸਮਾਂ ਪਹਿਲਾਂ ਉਨ੍ਹਾਂ 'ਚੋਂ ਇਕ ਨੇ ਰਿਪੋਰਟ ਦਿੱਤੀ ਸੀ ਕਿ ਬਾਰਸੀਲੋਨਾ ਅੰਦਰ ਅਰਾਜਕਤਾਵਾਦੀਆਂ ਅਤੇ ਕਮਿਊਨਿਸਟਾਂ ਵਿਚਕਾਰ ਤਣਾਅ ਐਨਾ ਜ਼ਿਆਦਾ ਹੈ ਕਿ ਆਖ਼ਿਰ ਸੜਕਾਂ 'ਤੇ ਲੜਾਈ ਹੋ ਕੇ

ਰਹਿਣੀ ਹੈ। ਜਨਰਲਿਸਿਮੋ ਨੇ ਮੈਨੂੰ ਦੱਸਿਆ ਕਿ ਪਹਿਲਾਂ ਉਸ ਨੂੰ ਇਸ ਏਜੰਟ ਦੀਆਂ ਰਿਪੋਰਟਾਂ 'ਤੇ ਸ਼ੱਕ ਸੀ, ਪਰ ਬਾਦ 'ਚ ਹੋਰ ਏਜੰਟਾਂ ਨੇ ਵੀ ਇਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਕੀਤੀ। ਸ਼ੁਰੂ 'ਚ ਉਸਦਾ ਓਦੋਂ ਇਸ ਸੰਭਾਵਨਾ ਦਾ ਲਾਹਾ ਲੈਣ ਦਾ ਇਰਾਦਾ ਨਹੀਂ ਸੀ ਜਦੋਂ ਤੱਕ ਕੈਟਾਲੋਨੀਆ 'ਚ ਫ਼ੌਜੀ ਕਾਰਵਾਈਆਂ ਸ਼ੁਰੂ ਨਾ ਹੋ ਜਾਣ। ਕਿਉਂਕਿ ਲਾਲ ਧਿਰ ਨੇ ਯੁਜ਼ਕੈਡੀ ਸਰਕਾਰ ਦੀ ਮਦਦ ਕਰਨ ਕਰਕੇ ਟੇਰੂਅਲ 'ਤੇ ਹੁਣੇ ਜਹੇ ਹਮਲਾ ਕੀਤਾ ਸੀ, ਉਸ ਨੇ ਸੋਚਿਆ ਕਿ ਬਾਰਸੀਲੋਨਾ ਅੰਦਰ ਗੜਬੜ ਸ਼ੁਰੂ ਕਰਾਉਣ ਲਈ ਇਹ ਮੌਕਾ ਢੁੱਕਵਾਂ ਸੀ। ਅਸਲ ਵਿਚ, ਹੁਕਮ ਮਿਲਣ ਤੋਂ ਕੁਝ ਦਿਨ ਬਾਦ ਹੀ, ਇਹ ਏਜੰਟ ਆਪਣੇ ਤਿੰਨ-ਚਾਰ ਆਦਮੀਆਂ ਰਾਹੀਂ ਸੜਕਾਂ ਤੇ ਗੋਲੀ ਚਲਾ ਦੇਣ ਦਾ ਮਾਹੌਲ ਭੜਕਾਉਣ 'ਚ ਕਾਮਯਾਬ ਹੋ ਗਿਆ ਸੀ ਬਾਦ 'ਚ ਇਸ ਦੇ ਮਨਚਾਹੇ ਨਤੀਜੇ ਹਾਸਲ ਹੋਏ।"

ਕੀ ਫਾਉਪਲ ਦੀ ਹਿਟਲਰ ਨੂੰ ਭੇਜੀ ਰਿਪੋਰਟ ਅਤੇ ਐੱਫ.ਏ.ਆਈ. ਆਗੂ ਵੱਲੋਂ ਆਪਣੀ ਕਿਤਾਬ Por que Perdimos la Guerra ('ਅਸੀਂ ਜੰਗ ਕਿਉਂ ਹਾਰੇ', ਬਿਓਨੋਸ ਏਅਰਜ਼, 1940) 'ਚ ਕੀਤੇ ਸਨਕੀ ਐਲਾਨਾਂ 'ਚ ਡੂੰਘਾ ਸੰਬੰਧ ਨਹੀਂ, ਜਿਸ ਵਿਚ ਉਹ ਫਲਾਂਗੇ ਦੇ ਬਾਨੀ, ਜੋਸ ਅਨਤੋਨੀਓ ਡੀ ਰਿਵੇਰਾ ਨਾਲ ਆਪਣੇ ਸੰਬੰਧ ਇਕਬਾਲ ਕਰਦਾ ਹੈ?

ਬਾਰਸੀਲੋਨਾ 'ਚ ਉਲਟ ਇਨਕਲਾਬ ਭੜਕਾਉਣ ਵਾਲਿਆਂ ਨੇ ਆਪਣੀ ਤਾਕਤ ਦਾ ਵਧਾਕੇ ਅਤੇ ਗਣਰਾਜ ਦੀ ਜਿੱਤ ਲਈ ਲੜ ਰਹੀਆਂ ਲੋਕ ਮੁਹਾਜ਼ ਦੀਆਂ ਪਾਰਟੀਆਂ ਤੇ ਜਥੇਬੰਦੀਆਂ ਦੀ ਤਾਕਤ ਦਾ ਘਟਾਕੇ ਅੰਦਾਜ਼ਾ ਲਾਇਆ। ਫਾਸ਼ੀਵਾਦੀ ਬਗ਼ਾਵਤ ਦੇ ਪਹਿਲੇ ਹਫ਼ਤਿਆਂ 'ਚ ਕੈਟਾਲੋਨੀਆ ਅੰਦਰ ਅਰਾਜਕਤਾਵਾਦੀ ਭਾਰੂ ਸਨ, ਪਰ ਇਹ ਹਾਲਤ ਬਹੁਤਾ ਚਿਰ ਨਾ ਰਹੀ। ਇਹ ਹੁਣ ਸਥਾਪਤ ਸਚਾਈ ਹੈ ਕਿ ਕੈਟਾਲੋਨੀਆ ਦੀ ਕਮਿਊਨਿਸਟ ਪਾਰਟੀ, ਓਦੋਂ ਜਹੇ ਬਣੀ ਯੂਨਾਈਟਿਡ ਸਮਾਜਵਾਦੀ ਪਾਰਟੀ ਅਤੇ ਯੂ.ਜੀ.ਟੀ. ਨੇ ਸੰਘਰਸ਼ ਦੌਰਾਨ ਬਾਗ਼ੀਆਂ ਨੂੰ ਠੱਲ ਪਾਉਣ 'ਚ ਵੱਡੀ ਭੂਮਿਕਾ ਨਿਭਾਈ।

ਅਰਾਜਕਤਾਵਾਦੀ-ਟਰਾਟਸਕੀਵਾਦੀਆਂ ਨੂੰ ਇਨ੍ਹਾਂ ਜਥੇਬੰਦੀਆਂ ਦੀ ਤਾਕਤ ਦਾ ਅਹਿਸਾਸ ਓਦੋਂ ਹੋਇਆ, ਜਦੋਂ ਉਨ੍ਹਾਂ ਦੇ ਉਲਟ ਇਨਕਲਾਬੀ ਰਾਜ-ਪਲਟੇ ਦੀ ਹਾਰ ਹੋ ਗਈ, ਜਿਸ ਨੂੰ ਫਾਸ਼ੀਵਾਦੀ ਰੇਡੀਓ ਨੇ ਹੱਲਾਸ਼ੇਰੀ ਦਿੱਤੀ ਸੀ। ਉਲਟ ਇਨਕਲਾਬ ਦੇ ਆਗੂ ਇਕੱਲੇ ਰਹਿ ਗਏ। ਕੈਟਾਲੋਨੀਆ ਦੇ ਮਜ਼ਦੂਰਾਂ, ਇੱਥੋਂ ਤੱਕ ਕਿ ਫੈੱਡਰਲਵਾਦੀਆਂ ਨੇ ਵੀ, ਇਸ ਲਹਿਰ ਦੀ ਹਮਾਇਤ ਕਰਨੋਂ ਨਾਂਹ ਕਰ ਦਿੱਤੀ। ਜਦੋਂ ਕੁਝ ਫੈਕਟਰੀਆਂ 'ਚ ਪੈਦਾਵਾਰ ਠੱਪ ਕੀਤੀ ਗਈ, ਇਹ ਇਸ ਕਰਕੇ ਨਹੀਂ ਸੀ ਕਿ ਮਜ਼ਦੂਰ ਬਾਗ਼ੀਆਂ 'ਚ ਸ਼ਾਮਲ ਹੋਣਾ ਚਾਹੁੰਦੇ ਸਨ ਸਗੋਂ ਇਸ ਕਰਕੇ ਸੀ ਕਿ ਉਨ੍ਹਾਂ ਦੀਆਂ ਜਾਨਾਂ ਖ਼ਤਰੇ 'ਚ ਸਨ।

ਜੰਗ ਨੇ ਅਰਾਜਕਤਾਵਾਦੀ ਦਾਅਪੇਚਾਂ ਅਤੇ ਢੰਗ-ਤਰੀਕਿਆਂ ਅਤੇ ਇਨ੍ਹਾਂ ਦੀ ਹਿੰਸਾ ਦੀ ਐਨੀ ਬੇਪ੍ਰਤੀਤੀ ਕਰ ਦਿੱਤੀ ਜਿਸ ਦੀ ਕਦੇ ਪੂਰਤੀ ਨਹੀਂ ਹੋਣੀ। ਮਈ ਰਾਜ-ਪਲਟੇ ਦੀ ਨਾਕਾਮਯਾਬੀ ਨੇ ਅਰਾਜਕਤਾਵਾਦੀ ਆਗੂਆਂ ਨੂੰ ਦਿਖਾ ਦਿੱਤਾ ਕਿ ਉਨ੍ਹਾਂ ਦੀ ਟੱਕਰ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀ ਪੁਖਤਾ ਕੌਮੀ ਇਨਕਲਾਬੀ ਲਹਿਰ ਨਾਲ ਸੀ ਜੋ ਸਿਆਸੀ ਮਾਅਰਕੇਬਾਜ਼ੀ ਕਰਨ ਵਾਲਿਆਂ ਅਤੇ ਝੂਠੇ ਇਨਕਲਾਬੀ ਭੀੜ-ਭੜਕਾਊਆਂ ਦਾ ਸਦਾ ਵਿਰੋਧ ਕਰੇਗੀ ਜਿਨ੍ਹਾਂ ਦੀਆਂ ਕਾਰਵਾਈਆਂ ਫਾਸ਼ੀਵਾਦ ਤੇ ਪਿਛਾਖੜ ਦੀ ਸੇਵਾ 'ਚ ਭੁਗਤਦੀਆਂ ਹਨ।

ਜਿਵੇਂ ਲਾਰਗੋ ਕੈਬਾਲਿਰੋ ਨੇ ਸਪੇਨ ਦੀ ਇਨਕਲਾਬੀ ਪ੍ਰਕਿਰਿਆ ਦੇ ਸਿਖ਼ਰ ਵਜੋਂ, ਸਮਾਜਵਾਦੀ ਸਰਕਾਰ ਨੂੰ ਅਗਵਾਈ ਦੇਣ ਦਾ ਖ਼ਿਆਲ ਕਦੇ ਨਹੀਂ ਤਿਆਗਿਆ, ਉਵੇਂ ਹੀ ਅਰਾਜਕਤਾਵਾਦੀਆਂ ਨੇ "ਮੁਕਤੀਵਾਦੀ ਕਮਿਊਨਿਜ਼ਮ" ਕਾਇਮ ਕਰਨ ਦੀ ਯੋਜਨਾ ਕਦੇ ਨਹੀਂ ਛੱਡੀ ਅਤੇ ਅਜਿਹੀ ਕੋਸ਼ਿਸ਼ ਕਰਨ ਲਈ ਉਨ੍ਹਾਂ ਨੇ ਜੰਗ ਦੀ ਹਾਲਤ ਦਾ ਲਾਹਾ ਲਿਆ।

ਮਈ 'ਚ ਕੀਤੀ ਬਗ਼ਾਵਤ ਦਾ ਅਰਾਜਕਤਾਵਾਦੀਆਂ ਨੇ ਬਹਾਨਾ ਇਹ ਲਾਇਆ ਕਿ ਇਨਕਲਾਬ ਫ਼ੇਲ੍ਹ ਹੋ ਗਿਆ ਸੀ। ਉਨ੍ਹਾਂ ਨੇ ਇਲਜ਼ਾਮ ਲਾਇਆ, ਇਨਕਲਾਬ ਨੂੰ ਬਚਾਉਣ ਲਈ ਸਮੁੱਚੇ ਦੇਸ਼ ਦਾ ਸਮਾਜੀਕਰਨ ਅਤੇ ਸਮੂਹੀਕਰਨ ਕਰਨਾ ਜ਼ਰੂਰੀ ਹੋ ਗਿਆ ਸੀ, ਉਨ੍ਹਾਂ ਦਾ ਨਿਸ਼ਾਨਾ ਇਸ ਦੀ ਸ਼ੁਰੂਆਤ ਕੈਟਾਲੋਨੀਆ ਤੋਂ ਕਰਨ ਦਾ ਸੀ।ਅਰਾਜਕਤਾਵਾਦੀ ਜਲਦਬਾਜ਼ੀ 'ਚ ਸਨ।ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਸਨ, ਅਤੇ ਇਸ ਤੋਂ ਪਹਿਲਾਂ ਕਿ ਉਨ੍ਹਾਂ ਦੀ ਹਮਾਇਤ ਖ਼ਤਮ ਹੋ ਜਾਂਦੀ, ਉਹ ਜ਼ੋਰ ਅਜ਼ਮਾ ਲੈਣਾ ਚਾਹੁੰਦੇ ਸਨ। ਪਰ ਉਨ੍ਹਾਂ ਦੀ ਜ਼ੋਰ-ਅਜ਼ਮਾਈ ਕਾਮਯਾਬ ਨਾ ਹੋਈ।

ਕਿਸਾਨਾਂ 'ਚ ਉਨ੍ਹਾਂ ਦਾ ਚੋਖਾ ਪ੍ਰਭਾਵ ਸੀ, ਪਰ ਉਹ ਵੀ ਇਨ੍ਹਾਂ ਦੇ ਹਿੰਸਕ ਢੰਗ-ਤਰੀਕਿਆਂ ਅਤੇ ਬਦਨਾਮ ਐੱਫ.ਏ.ਆਈ. "ਕਮੇਟੀਆਂ" ਵੱਲੋਂ ਲਾਏ ਟੈਕਸਾਂ ਕਰਕੇ ਇਨ੍ਹਾਂ ਨਾਲੋਂ ਟੁੱਟਣੇ ਸ਼ੁਰੂ ਹੋ ਗਏ। ਇਨ੍ਹਾਂ ਨੇ ਕਿਸਾਨਾਂ ਨੂੰ ਸਹਿਕਾਰੀ-ਸਭਾਵਾਂ 'ਚ ਧੱਕੇ ਨਾਲ ਸ਼ਾਮਲ ਕੀਤਾ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਆਮ ਸਮਾਜ ਦੇ ਫ਼ਾਇਦੇ ਲਈ ਨਹੀਂ ਸਗੋਂ ਕਮੇਟੀਆਂ ਦੇ ਫ਼ਾਇਦੇ ਲਈ ਖੋਹ ਲਈਆਂ—ਜਿਸ ਨਾਲ ਕਿਸਾਨ ਉਸ ਤੋਂ ਵੀ ਵੱਧ ਡਰ ਗਏ ਜਿੰਨਾ ਉਹ ਬਾਗ਼ੀਆਂ ਤੋਂ ਡਰਦੇ ਸਨ।

ਹਾਲਾਂਕਿ ਇਹ ਸੱਚ ਹੈ ਕਿ ਕੈਟਾਲੋਨੀਆ ਦੇ ਫੈਕਟਰੀ ਮਜ਼ਦੂਰਾਂ 'ਚ ਅਰਾਜਕਤਾਵਾਦੀਆਂ ਦਾ ਮਜ਼ਬੂਤ ਅਧਾਰ ਸੀ, ਜਦੋਂਕਿ ਹੁਣ ਇਸ ਖੇਤਰ 'ਚ ਇਨ੍ਹਾਂ ਦਾ ਅਸਰ-ਰਸੂਖ਼ ਐਨਾ ਮਜ਼ਬੂਤ ਨਹੀਂ ਸੀ ਜਿੰਨਾ ਜੰਗ ਤੋਂ ਪਹਿਲਾਂ ਹੁੰਦਾ ਸੀ। ਫਿਰ ਵੀ, ਮੈਂਬਰਸ਼ਿਪ 'ਚ ਕਮੀ ਦੇ ਬਾਵਜੂਦ ਕੈਟਾਲੋਨੀਆ ਦੇ ਅਰਾਜਕਾਤਵਾਦੀਆਂ ਦਾ ਰੇਲਵੇ, ਆਵਾਜਾਈ ਅਤੇ ਉਸਾਰੀ ਯੂਨੀਅਨ 'ਚ, ਅਤੇ ਇਸੇ ਤਰ੍ਹਾਂ ਹੀ ਪੰਜਾਹ ਫੀਸਦੀ ਕੱਪੜਾ, ਖਾਣਾਂ ਅਤੇ ਰਸਾਇਣਕ ਪੈਦਾਵਾਰ ਦੀਆਂ ਯੂਨੀਅਨਾਂ 'ਚ ਕੰਟਰੋਲ ਸੀ।

ਪਰ ਜੰਗ ਦੇ ਮੁਹਾਜ਼ ਉੱਪਰ ਹਾਲਤ ਹੋਰ ਸੀ। ਸਿਰਫ਼ ਐਰਾਗਾਨ ਮੁਹਾਜ਼ ਉੱਪਰ ਕੁਝ ਲੜਾਕੂ ਤਾਕਤਾਂ ਨੇ ਇਨ੍ਹਾਂ ਦਾ ਲਾਲ-ਕਾਲਾ ਝੰਡਾ ਲਾਇਆ ਹੋਇਆ ਸੀ—ਇਹ ਲੜਾਕੂ ਤਾਕਤਾਂ ਜੋ ਕਦੇ ਲੜਾਈ 'ਚ ਕੁੱਦੀਆਂ ਹੀ ਨਹੀਂ। ਐਰਾਗਾਨ ਮੁਹਾਜ਼ ਕਈ ਮਹੀਨੇ ਜਾਮ ਹੋਇਆ ਰਿਹਾ ਸੀ। ਕਿਉਂਕਿ ਇਹ ਮੁਹਾਜ਼ ਬੇਹਰਕਤ ਸੀ, ਇਸ ਕਰਕੇ ਬਾਗ਼ੀ ਅਕਸਰ ਹੀ ਆਪਣੇ ਫ਼ੌਜੀ ਦਸਤੇ ਵਾਪਸ ਬੁਲਾ ਕੇ ਹੋਰ ਥਾਵਾਂ 'ਤੇ ਵਰਤਦੇ ਰਹੇ। ਬਾਗੀਆਂ ਨੂੰ ਇਹ ਪੱਕਾ ਯਕੀਨ ਸੀ ਕਿ ਉਨ੍ਹਾਂ ਦੇ ਦਸਤੇ ਨਾ ਹੋਣ 'ਤੇ ਵੀ ਅਰਾਜਕਤਾਵਾਦੀ-ਟਰਾਟਸਕੀਵਾਦੀ ਮੁਹਾਜ਼ ਭੋਰਾ ਹਿਲਜੁੱਲ ਨਹੀਂ ਕਰੇਗਾ।

ਮਿਸਾਲ ਵਜੋਂ : ਗੁਆਡਲਾਜਾਰਾ ਦੇ ਰਸਤਿਓਂ ਮੈਡਰਿਡ ਉੱਪਰ ਇਤਾਲਵੀ ਫ਼ੌਜਾਂ ਦੇ ਹਮਲੇ ਨੂੰ ਕੁਮਕ ਪੁੱਜਦੀ ਕਰਨ ਲਈ ਬਾਗ਼ੀਆਂ ਨੇ ਐਰਾਗਾਨ ਤੋਂ ਦੋ ਬ੍ਰਿਗੇਡ ਵਾਪਸ ਲਿਆਂਦੇ। ਅਰਾਜਕਤਾਵਾਦੀ ਕਮਾਂਡਰਾਂ ਨੇ ਫ਼ੌਜੀ ਕਾਰਵਾਈਆਂ ਕਰਨ ਲਈ ਇਸ ਹਾਲਤ ਦਾ ਬਿਲਕੁਲ ਲਾਹਾ ਨਹੀਂ ਲਿਆ ਜਿਸ ਨਾਲ ਫਾਸ਼ੀਵਾਦੀਆਂ ਨੂੰ ਐਰਾਗਾਨ 'ਚ ਰੋਕਿਆ ਜਾ ਸਕਦਾ ਸੀ।

ਜਦੋਂ ਅਰਾਜਕਤਾਵਾਦੀਆਂ ਨੂੰ ਐਰਾਗਾਨ ਮੁਹਾਜ਼ ਦੇ ਹਰਕਤ 'ਚ ਨਾ ਆਉਣ ਕਰਕੇ ਫਿੱਟ ਲਾਹਣਤ ਪਈ, ਇਨ੍ਹਾਂ ਦਾ ਜਵਾਬ ਸੀ ਕਿ ਸਾਡੇ ਕੋਲ ਹਥਿਆਰ ਨਹੀਂ ਸਨ, ਜੋ ਕਿ ਸੱਚ ਨਹੀਂ ਸੀ; ਅਸਲ ਵਿਚ, ਇਨ੍ਹਾਂ ਕੋਲ ਬਾਕੀ ਮੁਹਾਜ਼ਾਂ ਨਾਲੋਂ ਵੱਧ ਹਥਿਆਰ ਸਨ। ਜੰਗ ਸ਼ੁਰੂ ਹੋਣ ਸਮੇਂ, ਇਨ੍ਹਾਂ ਨੇ ਬਾਰਸੀਲੋਨਾ ਫ਼ੌਜੀ ਅੱਡੇ ਦੇ ਬਹੁਤੇ ਹਥਿਆਰਾਂ 'ਤੇ ਕਬਜ਼ਾ ਜਮਾ ਲਿਆ ਸੀ। ਇਸ ਤੋਂ ਇਲਾਵਾ, ਬਾਦ 'ਚ ਜਦੋਂ ਤੱਕ ਨੈਗਰਿਨ ਸਰਕਾਰ ਨੇ ਬਾਰਸੀਲੋਨਾ ਦੀਆਂ ਫੈਕਟਰੀਆਂ ਰਾਜ ਦੇ ਕਬਜ਼ੇ 'ਚ ਨਹੀਂ ਲਈਆਂ, ਓਦੋਂ ਤੱਕ ਇਹ ਅਰਾਜਕਤਾਵਾਦੀਆਂ ਲਈ ਕੰਮ ਕਰਦੀਆਂ ਰਹੀਆਂ ਅਤੇ ਕਦੇ ਵੀ ਕਿਸੇ ਨੇ ਇਸ 'ਤੇ ਇਤਰਾਜ਼ ਨਹੀਂ ਸੀ ਕੀਤਾ। ਇਨ੍ਹਾਂ ਦੇ ਕੋਲ ਕੌਮਾਂਤਰੀ ਦਲਾਲਾਂ ਦਾ ਪੂਰਾ-ਸੂਰਾ ਤਾਣਾ-ਬਾਣਾ ਵੀ ਸੀ ਜੋ ਇਨ੍ਹਾਂ ਨੂੰ ਫਰਾਂਸ ਅਤੇ ਹੋਰ ਦੇਸ਼ਾਂ ਤੋਂ ਉਸ ਬਿਦੇਸ਼ੀ ਮੁਦਰਾ ਨਾਲ ਹਥਿਆਰ ਖ਼ਰੀਦਕੇ ਦਿੰਦਾ ਸੀ ਜਿਹੜੀ ਮੁਦਰਾ ਅਰਾਜਕਤਾਵਾਦੀਏ ਸਪੇਨ ਦੇ ਅੰਦਰੋਂ, ਆਪਣੇ ਹੀ ਤਰੀਕੇ ਨਾਲ ਹਾਸਲ ਕਰਦੇ ਸਨ। ਇਨ੍ਹਾਂ ਕੋਲ ਜੋ ਹੈ ਨਹੀਂ ਸੀ ਅਤੇ ਜਿਸ ਦੀ ਇਹ ਲਗਾਤਾਰ ਮੰਗ ਕਰਦੇ ਰਹਿੰਦੇ ਸਨ ਉਹ ਸਨ ਹਵਾਈ-ਜਹਾਜ਼ ਅਤੇ ਟੈਂਕ। ਅਤੇ ਇਨ੍ਹਾਂ ਕੋਲ ਇਹ ਨਹੀਂ ਸਨ ਕਿਉਂਕਿ ਗਣਰਾਜੀ ਕੋਲ ਖ਼ੁਦ ਜਹਾਜ਼ ਤੇ ਟੈਂਕ ਨਹੀਂ ਸਨ, ਉਨ੍ਹਾਂ ਨੂੰ ਛੱਡਕੇ ਜਿਹੜੇ ਇਸ ਨੂੰ ਸੋਵੀਅਤ ਯੂਨੀਅਨ ਤੋਂ ਸਹਾਇਤਾ ਵਜੋਂ ਮਿਲੇ ਸਨ—ਇਹ ਸਹਾਇਤਾ ਉਨ੍ਹਾਂ ਰੁਕਾਵਟਾਂ ਦੇ ਬਾਵਜੂਦ ਮਿਲੀ ਸੀ ਜੋ ਫਰਾਂਸ ਦੀ ਸਰਕਾਰ ਨੇ ਸੋਵੀਅਤ ਸਹਾਇਤਾ ਫਰਾਂਸ ਵਿਚੋਂ ਦੀ ਲੰਘਣ ਸਮੇਂ ਖੜ੍ਹੀਆਂ ਕੀਤੀਆਂ।

ਐਰਾਗਾਨ ਮੁਹਾਜ਼ ਦੇ ਹਰਕਤ 'ਚ ਨਾ ਆਉਣ ਦੀ ਵਜ੍ਹਾ ਅਬਾਡ ਡੀ ਸੈਂਟਿਲਨ ਅਤੇ ਇਸ ਦੀ ਜੁੰਡਲੀ ਦੀ ਅਗਵਾਈ ਵਾਲੇ ਐੱਫ.ਏ.ਆਈ.-ਟਰਾਟਸਕੀਵਾਦੀ ਧੜੇ ਦੀਆਂ ਨੀਤੀਆਂ 'ਚ ਸੀ ਜਿਨ੍ਹਾਂ ਨੇ ਇਕੋ ਗੱਲ ਫੜੀ ਹੋਈ ਸੀ, "ਲੜਾਈ 'ਚ ਆਪਣੀ ਤਾਕਤ ਨਾ ਗੁਆਓ।" ਇਸ ਦੀ ਵਜ੍ਹਾ ਉਹ ਨਹੀਂ ਸੀ ਜਿਸ ਦਾ ਉਹ ਦਾਅਵਾ ਕਰਦੇ ਸਨ "ਕਿ ਪਹਿਲਾਂ ਇਨਕਲਾਬ ਆਉਂਦਾ ਹੈ, ਜੰਗ ਬਾਦ 'ਚ,"; ਅਸਲ ਵਿਚ ਲੋਕ ਮੁਹਾਜ਼ ਉੱਪਰ ਦਬਾਅ ਪਾਉਣ ਦੇ ਸਾਧਨ ਵਜੋਂ ਅਤੇ ਸੱਤਾ ਹਥਿਆਕੇ ਦੇਸ਼ 'ਤੇ ਰਾਜ ਕਰਨ ਦੇ ਆਪਣੇ ਮਨਸੂਬੇ ਪੂਰੇ ਕਰਨ ਲਈ ਰਾਖਵੀਂ ਤਾਕਤ ਵਜੋਂ ਅਜਿਹਾ ਕਰਨਾ ਉਨ੍ਹਾਂ ਦੀ ਲੋੜ ਸੀ।

ਖ਼ਾਨਾਜੰਗੀ 'ਚ ਅਰਾਜਕਤਾਵਾਦੀਆਂ ਦੀ ਸ਼ਮੂਲੀਅਤ ਘੱਟ ਤੋਂ ਘੱਟ ਸੀ। ਇਕੋ ਇਕ ਅਲਹਿਦਾ ਮਿਸਾਲ ਦੁਰਾਤੀ ਦੀ ਸੀ, ਜਿੱਥੇ ਇਨ੍ਹਾਂ ਨੇ ਬਾਗ਼ੀਆਂ ਨੂੰ ਮੈਡਰਿਡ ਦੀਆਂ ਬਰੂਹਾਂ ਉੱਪਰੋਂ ਖਦੇੜਿਆ ਸੀ। ਅਰਾਜਕਤਾਵਾਦੀਆਂ ਨੇ ਈਰਖਾ ਨਾਲ ਆਪਣੇ ਫ਼ੌਜੀ ਦਸਤੇ ਬਚਾਕੇ ਸੰਭਾਲੇ ਹੋਏ ਸਨ, ਪਰ ਇਨ੍ਹਾਂ ਦਾ ਵੱਕਾਰ ਘਟਦਾ ਜਾ ਰਿਹਾ ਸੀ, ਜਦੋਂਕਿ ਜਿਹੜੇ ਪਹਿਲੀਆਂ ਕਤਾਰਾਂ 'ਚ ਲੜ ਰਹੇ ਸਨ ਅਤੇ ਜਿਨ੍ਹਾਂ ਨੇ ਸਭ ਤੋਂ ਖ਼ਤਰਨਾਕ ਥਾਵਾਂ ਦੀ ਜ਼ਿੰਮੇਵਾਰੀ ਬੇਝਿਜਕ ਹੋ ਕੇ ਸੰਭਾਲੀ ਹੋਈ ਸੀ, ਦੁਖਦਾਈ ਨੁਕਸਾਨ ਹੋਣ ਦੇ ਬਾਵਜੂਦ, ਉਨ੍ਹਾਂ ਦਾ ਅਸਰ-ਰਸੂਖ਼ ਸਗੋਂ ਮਜ਼ਬੂਤ ਹੋ ਰਿਹਾ ਸੀ।

ਅਰਾਜਕਤਾਵਾਦੀ ਆਗੂਆਂ ਦੀਆਂ ਰੂੜ੍ਹੀਵਾਦੀ ਨੀਤੀਆਂ, ਇਨ੍ਹਾਂ ਦੀਆਂ ਸਫ਼ਾਂ ਵਿਚਲੇ ਮਜ਼ਦੂਰਾਂ ਦੀਆਂ ਖਾਹਸ਼ਾਂ ਨਾਲ ਤਿੱਖੇ ਰੂਪ 'ਚ ਟਕਰਾਉਂਦੀਆਂ ਸਨ, ਜੋ ਚਾਹੁੰਦੇ ਸਨ ਜੰਗ ਦੀ ਜਿੱਤ ਹੋਵੇ ਅਤੇ ਫਾਸ਼ੀਵਾਦ ਦਾ ਸਫ਼ਾਇਆ ਹੋ ਜਾਵੇ। ਅਤੇ ਕਮਿਊਨਿਸਟਾਂ ਦੀ ਅਗਵਾਈ ਵਾਲੀਆਂ ਫ਼ੌਜੀ ਇਕਾਈਆਂ 'ਚ ਸੱਚਮੁੱਚ ਐਸੇ ਅਰਾਜਕਤਾਵਾਦੀ ਲੜਾਕੂ ਵਿਅਕਤੀ ਸਨ, ਜੋ ਕਮਿਊਨਿਸਟਾਂ ਦੇ ਮੋਢੇ ਨਾਲ ਮੋਢਾ ਜੋੜਕੇ, ਸ਼ਾਨ ਨਾਲ ਲੜਦੇ ਰਹੇ। ਅਕਸਰ ਹੀ ਇਸਦਾ ਸਿੱਟਾ ਸੁਭਾਵਿਕ ਅਤੇ ਤਰਕਸੰਗਤ ਨਿਕਲਦਾ ਰਿਹਾ, ਜਿਸ ਤੋਂ ਐੱਫ.ਏ.ਆਈ. ਅਤੇ

ਪੀ.ਓ.ਯੂ.ਐੱਮ. ਵਾਲੇ ਐਨਾ ਡਰਦੇ ਸਨ। ਕਮਿਊਨਿਸਟਾਂ ਨਾਲ ਰਹਿਕੇ ਤੇ ਮਿਲਕੇ ਲੜਾਈ ਲੜਦੇ ਹੋਏ ਅਰਾਜਕਤਾਵਾਦੀ ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋ ਜਾਂਦੇ ਸਨ।

ਬਾਕਾਇਦਾ ਫ਼ੌਜ ਬਣਾਉਣ ਦੀਆਂ ਸੂਝਵਾਨ ਯੋਧਿਆਂ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਨ ਲਈ ਅਰਾਜਕਤਾਵਾਦੀਆਂ ਨੇ ਮੈਡਰਿਡ ਦੀ ਅਰਾਜਕਤਾਵਾਦੀ ਮਿਲੀਸ਼ੀਆ ਵਿਚ ਹੇਠ ਲਿਖਿਆ ਪਰਚਾ ਵੰਡਿਆ: "ਸਾਨੂੰ ਫ਼ੌਜੀਕਰਨ ਕਬੂਲ ਨਹੀਂ ਹੈ ਕਿਉਂਕਿ ਇਹ ਸਾਫ਼ ਹੈ ਕਿ ਇਸ ਨਾਲ ਖ਼ਤਰਾ ਪੈਦਾ ਹੋ ਜਾਵੇਗਾ। ਅਸੀਂ ਫ਼ੌਜੀ ਜਥੇਬੰਦੀਆਂ ਨੂੰ ਮਾਨਤਾ ਨਹੀਂ ਦਿੰਦੇ ਕਿਉਂਕਿ ਇਹ ਅਰਾਜਕਤਾਵਾਦ ਦਾ ਨਿਖੇਧ ਹੈ। ਜੰਗ ਜਿੱਤ ਲੈਣ ਦਾ ਅਰਥ ਇਨਕਲਾਬ ਜੇਤੂ ਹੋ ਜਾਣਾ ਨਹੀਂ ਹੈ। ਮੌਜੂਦਾ ਜੰਗ 'ਚ ਤਕਨਾਲੋਜੀ ਅਤੇ ਯੁੱਧਨੀਤੀ ਅਹਿਮ ਹਨ, ਪਰ ਜ਼ਾਬਤਾ ਅਹਿਮ ਨਹੀਂ ਹੈ ਕਿਉਂਕਿ ਇਹ ਸ਼ਖਸੀਅਤ ਦੇ ਨਿਖੇਧ ਨੂੰ ਪਹਿਲਾਂ ਹੀ ਮੰਨਕੇ ਚੱਲਦਾ ਹੈ।"

ਅਰਾਜਕਤਾਵਾਦੀਆਂ-ਟਰਾਟਸਕੀਵਾਦੀਆਂ ਦੇ ਮਈ ਰਾਜ-ਪਲਟੇ, ਜਿਸ ਦਾ ਅਟੱਲ ਸਿੱਟਾ ਲਾਰਗੋ ਕੈਬਾਲਿਰੋ ਸਰਕਾਰ ਦੇ ਸੰਕਟ 'ਚ ਨਿਕਲਣਾ ਸੀ, ਦੀ ਤਿਆਰੀ ਮਹੀਨਿਆਂ ਤੋਂ ਹੋ ਰਹੀ ਸੀ। ਸ਼ੁਰੂਆਤ ਦਾ ਮੌਕਾ ਕੈਟਾਲੋਨੀਆ 'ਚ ਨਹੀਂ, ਸਗੋਂ ਫਰਾਂਕੋ ਦੇ ਜਨਰਲ ਸਟਾਫ਼ ਦੇ ਦਫ਼ਤਰ 'ਚ ਚੁਣਿਆਂ ਗਿਆ ਸੀ, ਜਿਵੇਂ ਜਰਮਨ ਸਫ਼ੀਰ ਫਾਉਪਲ ਦੇ ਦਸਤਾਵੇਜ਼ ਦੇ ਹਵਾਲੇ ਨਾਲ ਪਹਿਲਾਂ ਹੀ ਦਿਖਾਇਆ ਜਾ ਚੁੱਕਾ ਹੈ, ਉਸ ਤੋਂ ਪੀ.ਓ.ਯੂ.ਐੱਮ. ਅਤੇ ਐੱਫ.ਏ.ਆਈ. ਦੇ ਦੁਸ਼ਮਣ ਨਾਲ ਸੰਬੰਧਾਂ ਦੀ ਪੁਸ਼ਟੀ ਹੁੰਦੀ ਹੈ।

ਅਤੇ ਜੇ ਇਹ ਆਪਣੀ ਮੁਜਰਮਾਨਾ ਬਗ਼ਾਵਤ ਨਾਲ ਬਾਰਸੀਲੋਨਾ ਦੀਆਂ ਸੜਕਾਂ ਨੂੰ ਲਹੂ-ਲੁਹਾਣ ਕਰ ਗਏ, ਤਾਂ ਇਸ ਕਰਕੇ ਕਿ, ਇਸ ਬੇਹਯਾ, ਹਿੰਸਕ ਭੜਕਾਹਟ ਨੂੰ ਵੱਖੋ-ਵੱਖਰੇ ਕਾਰਣਾਂ ਕਰਕੇ, ਨਾ ਤਾਂ ਕੈਟਾਲਾਨ ਸਰਕਾਰ ਖ਼ਤਮ ਕਰਨਾ ਚਾਹੁੰਦੀ ਸੀ ਤੇ ਨਾ ਹੀ ਮੈਡਰਿਡ ਸਰਕਾਰ।

29 ਅਪ੍ਰੈਲ 1937 ਨੂੰ, ਮਲੱਗਾ ਦੀ ਹਾਰ ਤੋਂ ਬਾਦ, ਅਤੇ ਜਦੋਂ ਬਾਸਕ ਦੇਸ਼ ਅਤੇ ਸਿੱਟੇ ਵਜੋਂ ਸਮੁੱਚੇ ਉੱਤਰੀ ਖੇਤਰ 'ਚ ਹਾਲਤ ਸਿਰੇ ਦੀ ਨਾਜ਼ੁਕ ਸੀ, ਅਰਾਜਕਤਾਵਾਦੀ-ਟਰਾਟਸਕੀਵਾਦੀ ਕਮਾਨ ਦੇ ਹੁਕਮ 'ਤੇ ਲੜਾਕੂ ਤਾਕਤਾਂ ਅਤੇ ਹਥਿਆਰ ਐਰਾਗਾਨ 'ਚੋਂ ਵਾਪਸ ਬੁਲਾਕੇ ਬਾਰਸੀਲੋਨਾ ਭੇਜ ਦਿੱਤੇ ਗਏ।

ਇਕ ਅਤੇ ਦੋ ਮਈ ਨੂੰ, ਅਰਾਜਕਤਾਵਾਦੀਆਂ-ਟਰਾਟਸਕੀਵਾਦੀਆਂ ਨੇ ਬਾਰਸੀਲੋਨਾ 'ਚ ਰੇਲ, ਟੈਲੀਫ਼ੋਨ, ਅਤੇ ਤਾਰ ਸੇਵਾਵਾਂ ਕੱਟਣ ਦੀ ਕੋਸ਼ਿਸ਼ ਕੀਤੀ। ਇਸ ਸਮੇਂ ਕੈਟਾਲਾਨ ਸਰਕਾਰ ਨੇ ਆਪਣੇ ਫ਼ੌਜੀ ਦਸਤਿਆਂ ਨੂੰ ਫ਼ੋਨ-ਵਿਵਸਥਾ (Telefonica) ਉੱਤੇ ਕਬਜ਼ਾ ਕਰਨ ਅਤੇ ਬਿਨਾ ਲੋੜੀਂਦੇ ਹੁਕਮਾਂ ਤੋਂ ਸੜਕਾਂ 'ਤੇ ਹਥਿਆਰ ਲਈ ਘੁੰਮਦੇ ਸਭਨਾਂ ਵਿਅਕਤੀਆਂ ਤੋਂ ਹਥਿਆਰ ਲੈ ਲੈਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ।

ਬਾਗ਼ੀਆਂ ਨੇ ਇਸ ਦਾ ਜਵਾਬ ਵਧੇਰੇ ਹਿੰਸਾ ਫੈਲਾਕੇ ਦਿੱਤਾ। ਜਦੋਂ ਬਾਰਸੀਲੋਨਾ ਦੀਆਂ ਸੜਕਾਂ 'ਤੇ ਲੜਾਈ ਹੋ ਰਹੀ ਸੀ, ਇਸ ਸਮੇਂ ਅਰਾਜਕਤਾਵਾਦੀ ਬਾਗ਼ੀਆਂ ਨੇ ਮੰਗ ਕੀਤੀ ਕਿ ਕੈਟਾਲਾਨ ਸਰਕਾਰ ਸੱਤ੍ਹਾ ਛੱਡ ਦੇਵੇ ਅਤੇ ਆਪਣੀਆਂ ਹਥਿਆਰਬੰਦ ਤਾਕਤਾਂ ਤੁਰੰਤ ਭੰਗ ਕਰ ਦੇਵੇ।

ਤਿੰਨ ਮਈ ਨੂੰ, ਅਰਾਜਕਤਾਵਾਦੀਆਂ ਨੇ ਐਲਪਾਈਨ ਬਟਾਲੀਅਨ ਦੀਆਂ ਬੈਰਕਾਂ ਉੱਤੇ ਕਬਜ਼ਾ ਕਰਕੇ ਇਸ ਤੋਂ ਹਥਿਆਰ ਲੈ ਲਏ। ਟਰਾਟਸਕੀਵਾਦੀਆਂ ਨੇ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਸਮੁੱਚੇ ਸੰਚਾਰ-ਪ੍ਰਬੰਧ 'ਤੇ ਕਬਜ਼ਾ ਕਰ ਲਿਆ। ਇਸ ਸਮੇਂ, ਸਰਕਾਰ ਇਸ

ਨਾਜ਼ੁਕ ਦੌਰ ਨੂੰ ਖ਼ਤਮ ਕਰਨ ਲਈ ਕੋਈ ਕਦਮ ਚੁੱਕਣ 'ਚ ਅਸਫ਼ਲ ਰਹੀ। ਨਵੇਂ ਬਾਗ਼ੀਆਂ ਨੇ ਕੈਟਾਲੋਨੀਆ ਦੀ ਯੂਨਾਈਟਿਡ ਸਮਾਜਵਾਦੀ ਪਾਰਟੀ ਦੇ ਦਫ਼ਤਰਾਂ 'ਤੇ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅੱਗੋਂ ਬੰਦੂਕਾਂ ਅਤੇ ਮਸ਼ੀਨਗੰਨਾਂ ਵੱਲੋਂ ਦਿੱਤੇ ਧੜੱਲੇਦਾਰ ਜਵਾਬ ਨੇ ਇਹ ਹਮਲੇ ਪਛਾੜ ਦਿੱਤੇ।

ਗਣਰਾਜੀ ਸਰਕਾਰ ਦੇ ਇਸ ਐਲਾਨ ਨਾਲ ਬਾਗ਼ੀਆਂ ਦਾ ਉਤਸ਼ਾਹ ਕਾਫ਼ੀ ਠੰਡਾ ਪੈ ਗਿਆ ਕਿ ਬਗ਼ਾਵਤ ਨੂੰ ਕੁਚਲਣ ਲਈ ਇਹ ਹਵਾਈ-ਜਹਾਜ਼ਾਂ ਅਤੇ ਟੈਂਕਾਂ ਦੇ ਦਸਤੇ ਭੇਜ ਰਹੀ ਹੈ। ਉਂਜ ਉਹ ਪਹਿਲਾਂ ਹੀ ਇੰਜ ਮਹਿਸੂਸ ਕਰ ਰਹੇ ਸਨ ਜਿਵੇਂ ਕੈਟਾਲੋਨੀਆ ਦੇ ਰਾਸ਼ਟਰਪਤੀ ਭਵਨ 'ਚ ਬੈਠਕੇ, ਮੈਡਰਿਡ ਸਰਕਾਰ ਨੂੰ ਹੁਕਮ ਦੇ ਰਹੇ ਹੋਣ ਅਤੇ ਫਰਾਂਕੋ ਨਾਲ ਸਮਝੌਤੇ ਕਰ ਰਹੇ ਹੋਣ।

ਬਗ਼ਾਵਤ ਦੇ ਪੂਰੇ ਸਮੇਂ ਦੌਰਾਨ ਫਰਾਂਕੋਵਾਦੀ ਰੇਡੀਓ ਬਾਗ਼ੀਆਂ ਨੂੰ ਲਗਾਤਾਰ ਉਕਸਾ ਰਿਹਾ ਸੀ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਦਿਸ਼ਾ-ਨਿਰਦੇਸ਼ ਦੇ ਰਿਹਾ ਸੀ। ਇਨ੍ਹਾਂ ਦੇ ਮਨਸੂਬੇ ਮਿੱਟੀ 'ਚ ਮਿਲ ਗਏ, ਪਰ ਗਣਰਾਜ ਦਾ ਕਾਫ਼ੀ ਦੁਖਦਾਈ ਨੁਕਸਾਨ ਕਰ ਦਿੱ ਗਿਆ। ਰਾਜ-ਪਲਟੇ ਦੌਰਾਨ, ਯੂਨਾਈਟਿਡ ਸਮਾਜਵਾਦੀ ਪਾਰਟੀ ਦੇ ਸਾਡੇ ਕਈ ਸਾਥੀ ਮਾਰੇ ਗਏ, ਇਨ੍ਹਾਂ 'ਚ ਕੈਟਾਲਾਨ ਦੀ ਯੂ.ਜੀ.ਟੀ. ਦਾ ਜਨਰਲ ਸਕੱਤਰ ਅਨਤੋਨੀਓ ਸੇਸੇ ਵੀ ਸੀ; ਉਹ ਜਦੋਂ ਪ੍ਰਧਾਨ ਮੰਤਰੀ ਭਵਨ ਵੱਲ ਜਾ ਰਿਹਾ ਸੀ ਤਾਂ ਬੁਜ਼ਦਿਲੀ ਨਾਲ ਉਸ ਦੀ ਪਿੱਠ 'ਚ ਗੋਲੀਆਂ ਮਾਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ।

ਕੈਟਾਲੋਨੀਆ ਦਾ ਉਲਟ-ਇਨਕਲਾਬ ਆਪਣੀ ਮੌਤ ਮਰ ਰਿਹਾ ਸੀ। ਇਨ੍ਹਾਂ ਨੂੰ ਆਮ ਹਮਾਇਤ ਮਿਲਣ ਦੀ ਆਸ ਕਾਮਯਾਬ ਨਾ ਹੋਣ ਕਰਕੇ, ਇਸ ਦੇ ਆਗੂ ਇਕੱਲੇ ਰਹਿ ਗਏ। 6 ਮਈ ਨੂੰ, ਜਦੋਂ ਕੈਟਾਲਾਨ ਸਰਕਾਰ ਅਤੇ ਵੇਲੈਂਸੀਆ ਤੋਂ ਆਏ ਕੁਝ ਅਰਾਜਕਤਾਵਾਦੀ ਮੰਤਰੀਆਂ, ਵਿਚਕਾਰ ਗੱਲਬਾਤ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ ਤਾਂ ਐਸਕਾਸੋ ਦੀ ਡਿਵੀਜ਼ਨ ਦੀਆਂ ਦੋ ਬਟਾਲੀਅਨਾਂ ਅਤੇ ਪੀ.ਓ.ਯੂ.ਐੱਮ. ਦੀ ਇਕ ਬਟਾਲੀਅਨ ਨੂੰ ਐਰਾਗਾਨ ਮੁਹਾਜ਼ ਛੱਡਣ ਦਾ ਹੁਕਮ ਦੇ ਦਿੱਤਾ ਗਿਆ ਅਤੇ 45 ਬੱਸਾਂ 'ਚ ਬਾਰਸੀਲੋਨਾ ਭੇਜ ਦਿੱਤਾ ਗਿਆ।

ਜਦੋਂ ਐਰਾਗਾਨ ਦੇ ਹਵਾਬਾਜ਼ੀ ਮੁਖੀ ਸਾਥੀ ਰਿਯੇਸ ਨੂੰ ਇਤਲਾਹ ਮਿਲੀ ਕਿ ਇਹ ਫ਼ੌਜੀ ਦਸਤੇ ਮੁਹਾਜ਼ ਛੱਡ ਗਏ ਹਨ, ਉਹ ਹਵਾਈ-ਜਹਾਜ਼ਾਂ ਦਾ ਦਸਤਾ ਲੈ ਕੇ ਉਨ੍ਹਾਂ ਦੀ ਭਾਲ ਵਿਚ ਚੱਲ ਪਿਆ। ਜਦੋਂ ਉਸਨੇ ਐਸਕਾਸੋ ਦੇ ਦਸਤੇ ਨੂੰ ਦੇਖਿਆ, ਉਸਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਜਾਂ ਤਾਂ ਵਾਪਸ ਮੁੜ ਆਉ ਨਹੀਂ ਤਾਂ ਭਰੋੜੇ ਮੰਨਕੇ ਬੰਬ ਸੁੱਟੇ ਜਾਣਗੇ। ਬਟਾਲੀਅਨਾਂ ਆਪਣੀਆਂ ਬੈਰਕਾਂ ਨੂੰ ਮੁੜ ਆਈਆਂ। ਸਿਰਫ਼ ਪੀ.ਓ.ਯੂ.ਐੱਮ. ਮਿਲੀਸ਼ੀਆ ਦੀ ਇਕ ਟੋਲੀ ਹੀ ਬਾਰਸੀਲੋਨਾ ਪਹੁੰਚੀ—ਆਖ਼ਰੀ ਸਾਹ ਲੈ ਰਹੀ ਆਪਣੀ ਨਮੋਸ਼ੀ ਭਰੀ ਬਗ਼ਾਵਤ ਨੂੰ ਅੱਖੀਂ ਦੇਖਣ ਲਈ।

ਸਾਰੇ ਮੁਹਾਜ਼ਾਂ ਦੇ ਲੜਾਕੂ ਯੋਧਿਆਂ ਨੇ ਉਲਟ-ਇਨਕਲਾਬੀ ਲਹਿਰ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ। ਪਰ ਯੁੱਧ ਮੰਤਰੀ ਨੇ ਇਨ੍ਹਾਂ ਵਿਰੁੱਧ ਕੋਈ ਕਦਮ ਚੁੱਕਣ ਤੋਂ ਨਾਂਹ ਕਰ ਦਿੱਤੀ ਤਾਂ ਕਿ ਐੱਫ.ਏ.ਆਈ. ਅਤੇ ਪੀ.ਓ.ਯੂ.ਐੱਮ. ਨਿੱਖੜ ਨਾ ਜਾਵੇ, ਕਿਉਂਕਿ ਉਹ ਇਨ੍ਹਾਂ ਨੂੰ ਕਮਿਊਨਿਸਟ ਪਾਰਟੀ ਵਿਰੁੱਧ ਲਾਹੇਵੰਦ ਸੰਦ ਸਮਝਦਾ ਸੀ।

ਸਪੇਨ 'ਚ ਹਰ ਕੋਈ ਰੋਹ 'ਚ ਸੀ। ਕਮਿਊਨਿਸਟਾਂ ਲਈ, ਸਰਕਾਰ 'ਚ ਸ਼ਾਮਲ ਰਹਿਣਾ ਆਏ ਦਿਨ ਹੋਰ ਵੀ ਮੁਸ਼ਕਲ ਬਣਦਾ ਜਾ ਰਿਹਾ ਸੀ।

[38]

# ਲਾਰਗੋ ਤੋਂ ਨੈਗਰਿਨ ਤੱਕ

ਬਾਸਕ ਦੇਸ਼ ਅਤੇ ਅਸਟੂਰੀਅਸ ਤੋਂ ਆ ਰਹੀਆਂ ਖ਼ਬਰਾਂ ਖ਼ਤਰਨਾਕ ਸਨ। ਜਦੋਂ ਤੱਕ ਸਰਕਾਰ ਆਪਣੀਆਂ ਨੀਤੀਆਂ, ਆਪਣੀ ਸਥਾਨਕਵਾਦੀ ਫ਼ੌਜੀ ਤੇ ਸਿਆਸੀ ਪਹੁੰਚ 'ਚ ਤਿੱਖੀ ਤਬਦੀਲੀ ਨਹੀਂ ਕਰਦੀ ਸੀ, ਇਸ ਦੀ ਤੇਜ਼ੀ ਨਾਲ ਹਾਰ ਹੋਣੀ ਅਟੱਲ ਸੀ।

9 ਮਈ 1937 ਨੂੰ, ਲਾਰਗੋ ਕੈਬਾਲਿਰੋ ਵਲੋਂ ਦੁਸ਼ਮਣ ਦੇ ਹੱਥਾਂ 'ਚ ਖੇਡਣ ਵਾਲਿਆਂ ਨੂੰ ਸਜ਼ਾ ਦੇਣ ਤੋਂ ਨਾਂਹ ਕਰ ਦੇਣ ਤੋਂ ਬਾਦ, ਜੋਸ ਡਿਆਜ਼ ਨੇ ਵੇਲੈਂਸੀਆ 'ਚ ਕੀਤੀ ਇਕੱਤਰਤਾ 'ਚ ਦੇਸ਼ ਦੇ ਸਿਆਸੀ ਮਸਲੇ ਜਨਤਾ 'ਚ ਰੱਖ ਦਿੱਤੇ, ਜਿਨ੍ਹਾਂ ਨੂੰ ਹੁਣ ਤੱਕ ਇਕ ਜਾਂ ਦੂਜੇ ਤਰੀਕੇ ਨਾਲ ਉਨ੍ਹਾਂ ਤੋਂ ਛੁਪਾਕੇ ਰੱਖਿਆ ਜਾ ਰਿਹਾ ਸੀ।

ਦਸ ਮਹੀਨੇ ਤੋਂ ਚੱਲ ਰਹੀ ਜੰਗ ਅਤੇ ਲਾਰਗੋ ਕੈਬਾਲਿਰੋ ਸਰਕਾਰ ਦੀ ਅੱਠ ਮਹੀਨਿਆਂ ਦੀ ਕਾਰਗੁਜ਼ਾਰੀ ਨੇ ਸਾਨੂੰ ਜਚਾ ਦਿੱਤਾ ਸੀ ਕਿ ਉਸੇ ਰਾਹ 'ਤੇ ਤੁਰਦੇ ਰਹਿਣਾ ਸੰਭਵ ਨਹੀਂ ਸੀ। ਸਾਡਾ ਇਰਾਦਾ ਲਾਰਗੋ, ਜੋ ਸਮਾਜਵਾਦੀ ਪਾਰਟੀ ਦੀ ਨੁਮਾਇੰਦਗੀ ਕਰਦਾ ਸੀ, ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨ ਦਾ ਨਹੀਂ ਸੀ; ਅਸੀਂ ਜੰਗ ਨਾਲ ਸੰਬੰਧਤ ਸਮੱਸਿਆਵਾਂ ਨੂੰ ਸਰਕਾਰ ਦੇ ਚੌਖਟੇ ਦੇ ਅੰਦਰ ਸਮੂਹਕ ਤੌਰ 'ਤੇ ਵਿਚਾਰਨਾ ਚਾਹੁੰਦੇ ਸੀ। ਇਹ ਸਪਸ਼ਟ ਸੀ ਕਿ ਜੇ ਸਰਕਾਰ ਦੀ ਨੀਤੀ ਦੇ ਸਿੱਟੇ ਵਜੋਂ ਗਣਰਾਜ ਦੀ ਹਾਰ ਹੋ ਗਈ, ਤਾਂ ਦੋਸ਼ ਸਾਰਿਆਂ 'ਤੇ ਬਰਾਬਰ ਲੱਗੇਗਾ, ਚਾਹੇ ਉਹ ਜੰਗੀ ਯੋਜਨਾਵਾਂ ਉਲੀਕਣ ਅਤੇ ਸਰਕਾਰ ਚਲਾਉਣ 'ਚ ਸ਼ਾਮਲ ਰਹੇ ਹੋਣ ਜਾਂ ਨਾ।

ਇਸ ਸਮੇਂ ਕਮਿਊਨਿਸਟ ਪਾਰਟੀ ਨੇ ਜੰਗ ਲੜਨ ਸੰਬੰਧੀ ਆਪਣੇ ਮੱਤਭੇਦ ਜਨਤਾ 'ਚ ਰੱਖ ਦਿੱਤੇ ਕਿਉਂਕਿ ਯੁਜ਼ਕੈਡੀ 'ਚ ਹਾਲਤ ਸਿਰੇ ਦੀ ਮਾੜੀ ਸੀ। ਇਸ ਕਾਰਵਾਈ ਰਾਹੀਂ ਸਾਨੂੰ ਆਸ ਸੀ ਕਿ ਸਰਕਾਰ ਦਾ ਸਟੀਰਿੰਗ ਸਹੀ ਦਿਸ਼ਾ 'ਚ ਮੋੜ ਲਵਾਂਗੇ ਅਤੇ ਇਹ ਸਰਕਾਰ ਆਪਣੇ ਤਮਾਮ ਸਾਧਨ ਬਾਸਕ ਦੀਆਂ, ਅਤੇ ਅਸਟੂਰੀਅਸ ਅਤੇ ਸਾਂਤਾਂਦੇਰ ਦੀਆਂ ਲੜਾਕੂ ਤਾਕਤਾਂ ਦੀ ਮਦਦ ਲਈ ਭੇਜ ਦੇਵੇਗੀ, ਜਿੱਥੇ ਪਹਿਲਾਂ ਹੀ ਦੁਸ਼ਮਣ ਦੇ ਸਿੱਧੇ ਹਮਲੇ ਦਾ ਖ਼ਤਰਾ ਬਣਿਆ ਹੋਇਆ ਸੀ। ਜਿਸ ਰਾਹ ਅਸੀਂ ਸਤੰਬਰ 1936 'ਚ ਤੁਰੇ ਸੀ, ਉਸੇ ਰਾਹ 'ਤੇ ਚੱਲਦੇ ਰਹਿਣ ਨਾਲ ਸਾਡੇ ਲੋਕਾਂ ਦੀ ਸੂਰਬੀਰਤਾ ਅਤੇ ਲੜਾਕੂ ਤਾਕਤ ਜ਼ਾਇਆ ਹੋ ਰਹੀ ਸੀ, ਸਾਡੀਆਂ ਅੰਸ਼ਕ ਜਿੱਤਾਂ ਦੇ ਬਾਵਜੂਦ, ਇਹ ਅਟੱਲ ਹਾਰ ਦਾ ਰਾਹ ਸੀ।

ਜੋਸ ਡਿਆਜ਼ ਦੀ ਤਕਰੀਰ ਨੂੰ ਲੋਕਾਂ ਨੇ ਅਸਾਧਾਰਣ ਹੁੰਗਾਰਾ ਦਿੱਤਾ, ਹਾਲਾਂਕਿ ਉਸਨੇ ਬਹੁਤ ਹੀ ਸਾਵਧਾਨੀ ਨਾਲ ਫ਼ੌਜ ਤੇ ਸਿਆਸੀ ਲੀਡਰਸ਼ਿਪ ਦੇ ਅਹਿਮ ਮਸਲਿਆਂ ਦੀ ਚਰਚਾ ਕੀਤੀ ਸੀ। ਜੇ ਲੋਕਾਂ ਨੂੰ ਸੱਤ੍ਹਾ ਦੇ ਦਰਵਾਜ਼ਿਆਂ ਦੇ ਪਿੱਛੇ ਵਾਪਰਦੇ ਵਰਤਾਰੇ ਤੋਂ ਜਾਣੂੰ ਨਹੀਂ ਕਰਾਇਆ ਜਾ ਰਿਹਾ ਸੀ ਤਾਂ ਗ਼ਲਤ, ਨਾਂਹਪੱਖੀ ਨੀਤੀ ਦੇ ਨਤੀਜੇ ਲੋਕਾਂ ਨੂੰ ਹੀ ਆਪਣੇ ਪਿੰਡੇ 'ਤੇ ਝੱਲਣੇ ਪਏ ਸਨ।

ਡਿਆਜ਼ ਦੀ ਤਕਰੀਰ ਤੋਂ ਅਗਲੇ ਦਿਨ ਮੰਤਰੀ-ਮੰਡਲ ਦੀ ਮੀਟਿੰਗ ਹੋਈ। ਜਿਵੇਂ ਕੁਝ ਹੋਇਆ ਹੀ ਨਹੀਂ ਸੀ, ਆਮ ਵਾਂਗ ਲਾਰਗੋ ਕੈਬਾਲਿਰੋ ਵੱਲੋਂ ਮੀਟਿੰਗ 'ਚ ਏਜੰਡੇ ਪੇਸ਼ ਕੀਤੇ ਗਏ। ਇਨ੍ਹਾਂ ਵਿਚ ਜੰਗ ਨਾਲ ਸੰਬੰਧਤ ਸਵਾਲਾਂ ਦੀ ਸਪਸ਼ਟ ਅਣਹੋਂਦ ਸੀ। ਇਕ ਕਮਿਊਨਿਸਟ

ਮੰਤਰੀ ਨੇ ਉੱਠਕੇ ਕਹਿ ਦਿੱਤਾ ਕਿ ਪਾਰਟੀ ਦੇ ਨੁਮਾਇੰਦਿਆਂ ਨੂੰ ਇਹ ਏਜੰਡਾ ਮਨਜ਼ੂਰ ਨਹੀਂ ਹੈ। ਸਾਡੇ ਮੰਤਰੀਆਂ ਨੇ ਮੰਗ ਕੀਤੀ ਕਿ ਫ਼ੌਜੀ ਤੇ ਸਿਆਸੀ ਹਾਲਤ ਬਾਰੇ ਵਿਚਾਰ-ਚਰਚਾ ਕੀਤੀ ਜਾਵੇ ਅਤੇ ਪ੍ਰਧਾਨ ਮੰਤਰੀ ਦੱਸੇ ਕਿ ਉੱਤਰ ਦੀ ਸਹਾਇਤਾ ਲਈ ਉਸ ਦੀ ਯੋਜਨਾ ਕੀ ਸੀ।

ਲਾਰਗੋ ਕੈਬਾਲਿਰੋ ਨੇ ਇਹ ਐਲਾਨ ਕਰਕੇ ਜਵਾਬ ਦੇਣ ਤੋਂ ਨਾਂਹ ਕਰ ਦਿੱਤੀ ਕਿ ਏਜੰਡਾ ਉਸਨੇ ਉਲੀਕਣਾ ਹੈ ਨਾ ਕਿ ਕਮਿਊਨਿਸਟਾਂ ਨੇ। ਕਮਿਊਨਿਸਟ ਮੰਤਰੀ ਨੇ ਜਵਾਬ ਦਿੱਤਾ: "ਜੇ ਤੁਹਾਡੀ ਮਰਜ਼ੀ ਹੈ, ਤੁਸੀਂ ਏਜੰਡਾ ਬਣਾ ਸਕਦੇ ਹੋ ਅਤੇ ਨਿੱਜੀ ਤੌਰ 'ਤੇ ਰਾਜ ਕਰ ਸਕਦੇ ਹੋ, ਪਰ ਕਮਿਊਨਿਸਟ ਪਾਰਟੀ ਨੂੰ ਨਾਲ ਰੱਖਕੇ ਅਜਿਹਾ ਨਹੀਂ ਕਰ ਸਕਦੇ। ਅਸੀਂ ਇਸੇ ਵਕਤ ਸਰਕਾਰ ਤੋਂ ਬਾਹਰ ਨਿੱਕਲਦੇ ਹਾਂ।"

"ਤਾਂ ਅਸੀਂ ਤੁਹਾਡੇ ਤੋਂ ਬਗ਼ੈਰ ਹੀ ਕੰਮ ਚਲਾ ਲਵਾਂਗੇ," ਲਾਰਗੋ ਨੇ ਰੁੱਖਾ ਜਵਾਬ ਦਿੱਤਾ।

ਗਣਰਾਜ ਦਾ ਇਕ ਸਭ ਤੋਂ ਸਤਿਕਾਰਤ ਮੰਤਰੀ ਇਨਡੈਲਸੀਓ ਉੱਠ ਖੜ੍ਹਿਆ ਅਤੇ ਲਾਰਗੋ ਕੈਬਾਲਿਰੋ ਨੂੰ ਦ੍ਰਿੜਤਾ ਨਾਲ ਦੱਸ ਦਿੱਤਾ ਕਿ ਕਮਿਊਨਿਸਟ ਪਾਰਟੀ ਦੀ ਸ਼ਮੂਲੀਅਤ ਤੋਂ ਬਗ਼ੈਰ ਕੋਈ ਸਰਕਾਰ ਨਹੀਂ ਚੱਲਣੀ। ਲਾਰਗੋ ਨੇ ਫਿਰ ਬਹੁਤ ਸਾਰੀਆਂ ਮੀਟਿੰਗਾਂ ਸਲਾਹ-ਮਸ਼ਵਰੇ ਲਈ ਕੀਤੀਆਂ ਜਿਨ੍ਹਾਂ ਵਿਚ ਉਸਦੇ ਇਕੋ ਇਕ ਹਮਾਇਤੀ ਅਰਾਜਕਤਾਵਾਦੀ ਸਨ ਜਿਨ੍ਹਾਂ ਨੂੰ ਉਸਨੇ ਕੈਟਾਲੋਨੀਆ 'ਚ ਮਈ ਦੇ ਰਾਜ-ਪਲਟੇ ਪਿੱਛੋਂ ਨਮੋਸ਼ੀ ਤੋਂ ਬਚਾਇਆ ਸੀ। ਅਰਾਜਕਤਾਵਾਦੀ ਟਰੇਡ ਯੂਨੀਅਨਾਂ (Syndicalist) ਦੀ ਸਰਕਾਰ ਬਣਾਉਣ ਲਈ ਸਹਿਮਤ ਸਨ, ਬਸ਼ਰਤੇ ਕਿ ਉਨ੍ਹਾਂ ਨੂੰ ਵਜ਼ਾਰਤੀ ਅਹੁਦੇ ਅਤੇ ਸਮਾਂ ਦੇ ਦਿੱਤਾ ਜਾਵੇ—ਦੂਜੇ ਸ਼ਬਦਾਂ 'ਚ, ਜੇ ਗਣਰਾਜਵਾਦੀ ਤਾਕਤਾਂ ਦੀ ਸਵੈ-ਰੱਖਿਆ ਦੀ ਸਿਆਸੀ ਸੂਝ ਅਤੇ ਅੰਤਰ-ਪ੍ਰੇਰਣਾ ਐਨੀ ਖ਼ਤਮ ਹੋ ਜਾਵੇ ਕਿ ਉਹ ਅਜਿਹੀ ਸਿਰੇ ਦੀ ਤਜਵੀਜ਼ ਨੂੰ ਮੰਨ ਲੈਣ।

ਲਾਰਗੋ ਕੈਬਾਲਿਰੋ ਨੇ ਖ਼ੁਦ ਨੂੰ ਐਸੀ ਹਾਲਤ 'ਚ ਫਸਿਆ ਦੇਖਿਆ ਜਿੱਥੇ ਸਰਕਾਰ ਨੂੰ ਭੰਗ ਕਰਨ ਤੋਂ ਬਿਨਾ ਕੋਈ ਰਾਹ ਨਹੀਂ ਸੀ। ਉਸਨੇ ਆਪਣਾ ਅਸਤੀਫ਼ਾ ਰਾਸ਼ਟਰਪਤੀ ਨੂੰ ਸੌਂਪ ਦਿੱਤਾ, ਜਿਸ ਨੇ ਇਕ ਹੋਰ ਸਮਾਜਵਾਦੀ, ਡਾ. ਜੂਆਨ ਨੈਗਰਿਨ ਲੋਪੇਜ਼ ਨੂੰ ਨਵੀਂ ਵਜ਼ਾਰਤ ਬਣਾਉਣ ਲਈ ਆਖ ਦਿੱਤਾ।

ਜੰਗ ਦੇ ਨੌਵੇਂ ਮਹੀਨੇ ਦੌਰਾਨ, ਅਰਾਜਕਤਾਵਾਦ ਦਾ ਪ੍ਰਭਾਵ ਸਾਡੇ ਦੇਸ਼ ਦੇ ਸਨਅਤੀ ਅਤੇ ਖੇਤੀਬਾੜੀ ਖੇਤਰਾਂ—ਕੈਟਾਲੋਨੀਆ, ਵੇਲੈਂਸੀਆ, ਐਰਾਗਾਨ ਅਤੇ ਐਂਡਾਲੂਸੀਆ—ਵਿਚ ਤੇਜ਼ੀ ਨਾਲ ਘਟ ਗਿਆ ਸੀ, ਇਨ੍ਹਾਂ ਇਲਾਕਿਆਂ 'ਚ ਪਹਿਲਾਂ ਇਸ ਦਾ ਹੱਥ ਉੱਪਰ ਹੁੰਦਾ ਸੀ। ਇਹ ਅਚਾਨਕ ਨਹੀਂ ਹੋਇਆ ਸੀ, ਸਗੋਂ ਅੰਦਰੋ-ਅੰਦਰੀ ਚੱਲੇ ਅਮਲ ਦਾ ਸਿੱਟਾ ਸੀ ਜਿਸ ਨੂੰ ਜੰਗ ਨੇ ਸਾਹਮਣੇ ਲੈ ਆਂਦਾ ਸੀ।

1933 'ਚ ਸਮਾਜਵਾਦੀਆਂ ਵੱਲੋਂ ਗਣਰਾਜੀ ਸਰਕਾਰ ਤੋਂ ਬਾਹਰ ਹੋ ਜਾਣ ਦੇ ਸਮੇਂ ਤੋਂ ਲੈ ਕੇ, ਮਜ਼ਦੂਰ ਲਹਿਰਾਂ ਅਤੇ ਸਿਆਸੀ ਖ਼ੇਮੇ ਅੰਦਰ ਆਮ ਤੌਰ 'ਤੇ ਕਮਿਊਨਿਸਟਾਂ ਦੇ ਹੱਕ 'ਚ ਸਪਸ਼ਟ ਤਬਦੀਲੀਆਂ ਹੋਈਆਂ ਸਨ। 1933 ਤੋਂ ਲੈ ਕੇ 1936 ਤੱਕ, ਕਮਿਊਨਿਸਟ ਪਾਰਟੀ ਨੇ ਲੋਕ ਮੁਹਾਜ਼ ਉਸਾਰਨ ਦੇ ਸੰਘਰਸ਼ ਦੀ ਅਗਵਾਈ ਕਰਦਿਆਂ ਅਕਤੂਬਰ 1934 ਦੀ ਬਗ਼ਾਵਤ 'ਚ ਹਿੱਸਾ ਲੈ ਕੇ ਅਤੇ ਸਭਨਾਂ ਜਮਹੂਰੀ-ਬੁਰਜੂਆ ਅਤੇ ਮਜ਼ਦੂਰ ਜਮਾਤ ਦੇ ਹਿੱਸਿਆਂ ਨੂੰ ਲੈ ਕੇ ਫਾਸ਼ੀਵਾਦ ਵਿਰੋਧੀ ਬਲਾਕ ਬਣਾਉਣ ਦੇ ਉਪਰਾਲੇ ਕਰਕੇ, ਆਪਣੀਆਂ ਸਫ਼ਾਂ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ 'ਚ ਵੱਡੀਆਂ ਪੁਲਾਂਘਾਂ ਪੁੱਟੀਆਂ ਸਨ।

ਇਸ ਤਰ੍ਹਾਂ, ਜੋ "ਵਰਤਾਰਾ" ਵਾਪਰਿਆ ਉਸ ਨਾਲ ਸਮਾਜਵਾਦੀ ਅਤੇ ਅਰਾਜਕਤਾਵਾਦੀ ਆਗੂ ਲੜਖੜਾ ਗਏ, ਪਰ ਉਹ ਕੌਮੀ ਦ੍ਰਿਸ਼ ਉੱਪਰ ਕਮਿਊਨਿਸਟ ਪਾਰਟੀ ਦੇ ਪ੍ਰਭਾਵ ਨੂੰ ਮੰਨਣ ਤੋਂ ਪੂਰੀ ਢੀਠਤਾ ਨਾਲ ਮੁੱਕਰਦੇ ਰਹੇ। ਜਨਵਰੀ 1936 'ਚ ਕਮਿਊਨਿਸਟ ਪਾਰਟੀ ਦੇ 30,000 ਮੈਂਬਰ ਸਨ ਇਸੇ ਸਾਲ ਜੁਲਾਈ 'ਚ ਇਸ ਦੀ ਮੈਂਬਰਸ਼ਿਪ 100,000 ਨੂੰ ਪਹੁੰਚ ਗਈ—ਸਮਾਜਵਾਦੀ ਪਾਰਟੀ ਨੂੰ ਐਨੀ ਗਿਣਤੀ ਮੈਂਬਰਸ਼ਿਪ 40 ਸਾਲ ਕੰਮ ਕਰਨ ਤੋਂ ਬਾਦ ਹਾਸਲ ਹੋਈ ਸੀ।

ਭਾਵੇਂ ਜਨਵਰੀ ਤੋਂ ਜੂਨ 1936 ਦਰਮਿਆਨ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਚੌਗੁਣੀ ਦੇ ਕਰੀਬ ਹੋ ਗਈ ਸੀ, ਫਿਰ ਵੀ ਇਸ 'ਚ ਦੋ ਘਾਟਾਂ ਸਨ: ਟਰੇਡ ਯੂਨੀਅਨਾਂ 'ਚ ਇਸ ਦਾ ਅਸਰ-ਰਸੂਖ਼ ਕਮਜ਼ੋਰ ਸੀ, ਅਤੇ ਇਸ ਕੋਲ ਮਾਰਕਸਵਾਦੀ ਬੁੱਧੀਜੀਵੀ ਨਹੀਂ ਸਨ। ਮਗਰਲੀ ਸਮੱਸਿਆ ਸਮਾਜਵਾਦੀ ਪਾਰਟੀ ਵਿਚ ਸਭ ਤੋਂ ਗੰਭੀਰ ਸੀ, ਇਸ ਕੋਲ ਕਈ ਜੱਜ ਅਤੇ ਪ੍ਰੋਫੈਸਰ ਹੋਣ ਦੇ ਬਾਵਜੂਦ।

ਜੇ ਨੁਕਸ ਦਾ ਇਲਾਜ਼ ਹੁੰਦਾ ਹੋਵੇ, ਨੁਕਸ ਮੰਨ ਲਿਆ ਜਾਵੇ ਤਾਂ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ। ਸਮਾਜਵਾਦੀਆਂ ਦੇ ਉਲਟ, ਕਮਿਊਨਿਸਟਾਂ ਨੇ ਮਜ਼ਦੂਰ ਜਮਾਤ ਦੇ ਮਾਰਕਸਵਾਦੀ ਬੁੱਧੀਜੀਵੀਆਂ ਦੀ ਗੁਲੀ ਉਸਾਰਨ ਲਈ ਕੋਸ਼ਿਸ਼ਾਂ ਕੀਤੀਆਂ। ਇਸ ਨੇ ਆਪਣੇ ਸਭ ਤੋਂ ਵਧੀਆ ਅਤੇ ਸਭ ਤੋਂ ਦਲੇਰ ਕਾਰਕੁੰਨਾਂ ਨੂੰ ਠੋਸ ਸਿਧਾਂਤਕ ਮਾਰਕਸਵਾਦੀ ਅਧਾਰ ਮੁਹੱਈਆ ਕਰਾਇਆ ਜੋ ਪਾਰਟੀ ਦੀ ਵਿਚਾਰਧਾਰਕ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਬਣਾਉਣ ਲਈ ਜ਼ਰੂਰੀ ਸੀ। ਸਾਥੀ ਕੌਡੋਵਿਲਾ ਅਤੇ ਬਾਦ 'ਚ ਸਾਥੀ ਤੋਗਲਿਆਤੀ ਦੀ ਅਣਮੋਲ ਸਹਾਇਤਾ ਨਾਲ, ਕਮਿਊਨਿਸਟਾਂ ਨੇ ਕੌਮੀ ਅਤੇ ਸਥਾਨਕ ਪੱਧਰਾਂ ਉੱਤੇ ਆਗੂਆਂ ਦਾ ਇਕ ਗਰੁੱਪ ਤਿਆਰ ਕਰ ਲਿਆ, ਜੋ ਸਾਡੀਆਂ ਸਫ਼ਾਂ ਵਿਚਲੇ ਅਧਿਆਪਕਾਂ, ਪੱਤਰਕਾਰਾਂ, ਪ੍ਰੋਫੈਸਰਾਂ ਅਤੇ ਵਿਗਿਆਨੀਆਂ ਦੇ ਸਹਿਯੋਗ ਨਾਲ ਸਪੇਨ ਦੀ ਕਮਿਊਨਿਸਟ ਪਾਰਟੀ ਦੇ ਉਸਰੱਈਏ, ਫਾਸ਼ੀਵਾਦੀ ਹਮਲੇ ਵਿਰੁੱਧ ਲੋਕ ਟਾਕਰੇ ਦੀ ਗੁਲੀ ਬਣੇ।

ਮਜ਼ਬੂਤ, ਪ੍ਰਭਾਵਸ਼ਾਲੀ ਕਮਿਊਨਿਸਟ ਪਾਰਟੀ ਦੀ ਹੋਂਦ, ਜੋ ਸਪੇਨੀ ਸਿਆਸੀ ਜੀਵਨ ਦੇ ਖੌਲਦੇ ਪਾਣੀਆਂ 'ਤੇ ਤੁਰਨ ਦੇ ਸਮਰੱਥ ਸੀ, ਸਮਾਜਵਾਦੀ ਪਾਰਟੀ ਤੋਂ ਸਹਿਣ ਨਾ ਹੋਈ। ਜਦੋਂ ਠੋਸ ਤੱਥਾਂ ਦੀ ਬਦੌਲਤ ਸਾਡੀ ਤਾਕਤ ਦੀ ਹਕੀਕਤ ਸਮਾਜਵਾਦੀ ਪਾਰਟੀ ਨੂੰ ਸਮਝ ਆ ਗਈ, ਤਾਂ ਖ਼ਫ਼ਾ ਹੋ ਕੇ ਇਨ੍ਹਾਂ ਨੇ ਇਹ ਝੂਠ ਬੋਲਣਾ ਸ਼ੁਰੂ ਕਰ ਦਿੱਤਾ ਕਿ "ਕਮਿਊਨਿਸਟ ਪਾਰਟੀ ਦਾ ਵਿਕਾਸ ਤਾਂ ਸੋਵੀਅਤ ਹਵਾਈ-ਜਹਾਜ਼ਾਂ ਦੀ ਛਤਰ-ਛਾਇਆ ਹੇਠ ਹੋਇਆ ਹੈ।" ਖ਼ਫ਼ਾ ਹੋਏ ਸਾਡੇ ਸਮਾਜਵਾਦੀ ਦੋਸਤਾਂ ਨੇ ਅਜਿਹੀਆਂ ਝੂਠੀਆਂ ਦਲੀਲਾਂ ਦਾ ਸਹਾਰਾ ਲਿਆ। ਪਰ ਤੱਥ ਇਹ ਸੀ ਕਿ, 14 ਅਪ੍ਰੈਲ 1931 ਤੋਂ ਲੈ ਕੇ ਜੁਲਾਈ 1936 ਤੱਕ ਸਪੇਨ ਵਿਚ ਇਕ ਵੀ ਸੋਵੀਅਤ ਹਵਾਈ-ਜਹਾਜ਼, ਇਕ ਵੀ ਟੈਂਕ, ਇੱਥੋਂ ਤੱਕ ਕਿ ਵਪਾਰਕ ਦੂਤ ਵੀ ਨਹੀਂ ਸੀ। ਗਣਰਾਜੀ-ਸਮਾਜਵਾਦੀ ਸਰਕਾਰ, ਜਿਸਨੇ ਸੋਵੀਅਤ ਰਾਜ ਨੂੰ ਜਾਇਜ਼ ਮਾਨਤਾ ਦਿੱਤੀ ਸੀ, ਨੇ ਤਾਂ ਇਸ ਨਾਲ ਹਾਲੇ ਆਮ ਕੂਟਨੀਤਕ ਸੰਬੰਧ ਵੀ ਨਹੀਂ ਸੀ ਬਣਾਏ।

ਜਨਵਰੀ ਤੋਂ ਜੁਲਾਈ 1936 ਤੱਕ, ਜਦੋਂ ਸਪੇਨ ਦੇ ਸੋਵੀਅਤਾਂ ਨਾਲ ਕਿਸੇ ਤਰ੍ਹਾਂ ਦੇ ਕੋਈ ਸੰਬੰਧ ਨਹੀਂ ਸਨ, ਕਮਿਊਨਿਸਟ ਪਾਰਟੀ ਦਾ ਵਿਕਾਸ ਹੋਰ ਖੱਬੇਪੱਖੀ ਪਾਰਟੀਆਂ ਨਾਲੋਂ ਕਿਤੇ ਵੱਧ ਸੀ। ਇਹ ਅਹਿਮ ਕੌਮੀ ਸਿਆਸੀ ਤਾਕਤ ਬਣ ਗਈ ਸੀ ਜਦੋਂਕਿ ਗਣਰਾਜੀ ਕੈਂਪ ਦੀਆਂ

ਬਾਕੀ ਦੀਆਂ ਸਿਆਸੀ ਅਤੇ ਟਰੇਡ ਯੂਨੀਅਨ ਜਥੇਬੰਦੀਆਂ ਨੂੰ "ਆਪਣੇ ਆਪ ਨੂੰ ਹਾਲਤ ਦੇ ਹਾਣ ਦਾ ਬਣਾਉਣ ਜਾਂ ਖ਼ਤਮ ਹੋ ਜਾਣ" ਦੀ ਦੁਬਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

1935 'ਚ, ਜਦੋਂ ਲਾਰਗੋ ਕੈਬਾਲਿਰੋ ਨੂੰ ਆਪਣੀ ਹੀ ਪਾਰਟੀ ਦੀ ਜਨਤਾ—ਖ਼ਾਸ ਤੌਰ 'ਤੇ ਸਮਾਜਵਾਦੀ ਨੌਜਵਾਨ ਜੋ ਸੋਵੀਅਤ ਯੂਨੀਅਨ ਵੱਲ ਬੇਰੋਕ ਖਿੱਚੇ ਗਏ ਸਨ—ਦੇ ਦਬਾਅ ਹੇਠ ਕਮਿਊਨਿਸਟ ਪਾਰਟੀ ਨਾਲ ਰਿਸ਼ਤਾ ਬਣਾਉਣਾ ਪੈ ਗਿਆ ਸੀ, ਤਾਂ ਉਸ ਨੇ ਰਿਸ਼ਤਾ ਬਣਾਇਆ ਜ਼ਰੂਰ ਪਰ ਲੁਕਵੀਂ ਹਿਚਕਚਾਹਟ ਅਤੇ ਕਮਿਊਨਿਸਟਾਂ ਪ੍ਰਤੀ ਸ਼ਰੇਆਮ ਦੁਸ਼ਮਣੀ ਰੱਖਦੇ ਹੋਏ। ਉਸ ਨੇ ਕਮਿਊਨਿਸਟਾਂ ਨੂੰ ਇਨਕਲਾਬੀ ਤਾਕਤ ਵਜੋਂ ਨਹੀਂ ਲਿਆ ਜਿਸ ਉੱਪਰ ਹਮੇਸ਼ਾ ਭਰੋਸਾ ਕੀਤਾ ਜਾ ਸਕਦਾ ਸੀ, ਸਗੋਂ ਮਜ਼ਦੂਰ ਜਮਾਤ ਲਹਿਰ ਅੰਦਰ ਆਪਣੀ ਪਾਰਟੀ ਦੀ ਚੌਧਰ ਲਈ ਖ਼ਤਰਾ ਬਣੀ ਸ਼ਰੀਕ ਵਜੋਂ ਲਿਆ। ਲਾਰਗੋ ਸਮਝਦਾ ਸੀ ਕਿ ਕਮਿਊਨਿਸਟਾਂ ਦੇ ਵਧਵੇਂ ਪਸਾਰੇ ਨੂੰ ਰੋਕਣ ਪੱਖੋਂ ਉਸ ਤੋਂ ਬੱਜਰ ਗ਼ਲਤੀਆਂ ਹੋਈਆਂ ਹਨ। ਸਿੱਟੇ ਵਜੋਂ ਉਸਨੇ ਕਮਿਊਨਿਸਟ ਪਾਰਟੀ ਨਾਲ ਨਜਾਇਜ਼ ਧੱਕੇ ਕੀਤੇ ਅਤੇ ਐਸੀਆਂ ਨੀਤੀਆਂ ਜਬਰੀ ਲਾਗੂ ਕੀਤੀਆਂ ਜਿਸ ਨਾਲ ਟਾਕਰਾ ਅਤੇ ਗਣਰਾਜੀ ਕੈਂਪ ਦੀ ਏਕਤਾ ਕਮਜ਼ੋਰ ਹੋਏ।

ਉਸ ਸਮੇਂ ਸਪੇਨ ਦੀ ਹਾਲਤ ਨੂੰ ਬਾਹਰੋਂ ਤੱਕਣ ਵਾਲੇ ਵੀ ਇਸੇ ਮੁਲੰਕਣ 'ਤੇ ਪਹੁੰਚੇ ਸਨ। ਬਰਤਾਨੀਆ ਦਾ ਕੈਥੋਲਿਕ ਪੱਤਰਕਾਰ, ਹੈਨਰੀ ਬਕਲੇ, ਜਿਸ ਉੱਪਰ ਕਮਿਊਨਿਸਟ ਪੱਖੀ ਹੋਣ ਦਾ ਇਲਜ਼ਾਮ ਵੀ ਨਹੀਂ ਲਾਇਆ ਜਾ ਸਕਦਾ, ਨੌਂ ਸਾਲ ਮੈਡਰਿਡ ਵਿਚ ਪੱਤਰਕਾਰ ਰਿਹਾ ਸੀ। ਆਪਣੀ ਕਿਤਾਬ *ਸਪੇਨੀ ਗਣਰਾਜ ਦਾ ਜੀਵਨ ਅਤੇ ਅੰਤ* (ਲੰਡਨ, 1940), ਵਿਚ ਉਸਨੇ ਲਿਖਿਆ, "ਜੇ ਲਾਰਗੋ ਦੇ ਖ਼ਿਆਲ ਵੱਧ ਲਚਕੀਲੇ ਹੁੰਦੇ, ਉਹ ਲਾਜ਼ਮੀ ਪੁਲਾਂਘਾਂ ਪੁੱਟ ਸਕਦਾ ਸੀ ਅਤੇ ਕਮਿਊਨਿਸਟਾਂ ਨਾਲ ਸਮਝੌਤਾ ਹੋ ਜਾਣਾ ਸੀ। ਲਾਰਗੋ ਦੀ ਅਗਵਾਈ ਹੇਠ ਦੋਵਾਂ ਪਾਰਟੀਆਂ ਦਾ ਗੱਠਜੋੜ ਸੰਜੀਦਾ ਫ਼ੈਸਲੇ ਲੈ ਸਕਦਾ ਸੀ, ਅਤੇ ਨਵੀਂ ਉੱਭਰਦੀ ਤਾਕਤ ਕਮਿਊਨਿਸਟ ਪਾਰਟੀ ਦੇ ਨਵੇਂ ਵਿਚਾਰਾਂ ਅਤੇ ਜਥੇਬੰਦੀ ਦੇ ਉਪਯੋਗੀ ਢੰਗਾਂ ਦਾ ਲਾਹਾ ਲੈ ਸਕਦਾ ਸੀ। ਇਸ ਦੀ ਬਜਾਏ, ਉਸਨੇ ਟਕਰਾਅ ਦਾ ਰਾਹ ਚੁਣਿਆ।"

ਨੈਗਰਿਨ ਸਰਕਾਰ ਬਣਨ ਨਾਲ ਜੰਗ 'ਚ ਨਵਾਂ ਪੜਾਅ ਸ਼ੁਰੂ ਹੋ ਗਿਆ, ਜੋ ਬਾਕੀਆਂ ਨਾਲੋਂ ਵੱਧ ਮੁਸ਼ਕਲਾਂ ਭਰਿਆ ਸੀ। ਇਲਾਕਿਆਂ ਦੇ ਸੰਬੰਧ 'ਚ ਸਾਡੀ ਪਹਿਲੇ ਹਫ਼ਤਿਆਂ ਵਾਲੀ ਵਧੀਆ ਹਾਲਤ ਨਹੀਂ ਰਹੀ ਸੀ। ਦੁਸ਼ਮਣ ਦੀ ਹਾਲਤ ਹੁਣ ਵਾਹਵਾ ਸੁਧਰ ਗਈ ਸੀ।

ਹਾਲੇ ਵੀ ਗਣਰਾਜੀ ਸਰਕਾਰ ਕੋਲ ਅਹਿਮ ਅਧਾਰ, ਵਧੀਆ ਮਨੁੱਖੀ ਸ਼ਕਤੀ ਅਤੇ ਆਰਥਕ ਵਸੀਲੇ ਸਨ, ਪਰ ਖਾਣੇ ਅਤੇ ਜੰਗੀ ਸਮਾਨ ਦੀ ਘਾਟ ਸੀ। ਸਪੇਨ ਦਾ ਵਫ਼ਾਦਾਰ, ਸੁੰਗੜ ਚੁੱਕਿਆ ਖੇਤਰ ਵਸੋਂ ਦਾ ਢਿੱਡ ਨਹੀਂ ਸੀ ਭਰ ਸਕਦਾ, ਖ਼ਾਸ ਤੌਰ 'ਤੇ ਜਦੋਂ ਦਹਿ-ਹਜ਼ਾਰਾਂ ਖੇਤ ਮਜ਼ਦੂਰ ਅਤੇ ਕਿਸਾਨ ਫ਼ੌਜੀ ਕਾਰਵਾਈਆਂ 'ਚ ਲੱਗੇ ਹੋਏ ਸਨ। ਬੁਨਿਆਦੀ ਵਸਤਾਂ ਅਤੇ ਜੰਗੀ ਸਮਾਨ ਬਾਹਰੋਂ ਮੰਗਵਾਉਣ ਦਾ ਸਿਲਸਿਲਾ ਹੋਰ ਵਧੇਰੇ ਮੁਸ਼ਕਲ ਬਣਦਾ ਜਾ ਰਿਹਾ ਸੀ। ਸਾਰੇ ਦੇਸ਼ਾਂ ਦੇ ਜਮਹੂਰੀਅਤਪਸੰਦ ਵਿਅਕਤੀਆਂ ਅਤੇ ਜਥੇਬੰਦੀਆਂ ਦੀ ਇਕਮੁੱਠਤਾ, ਭਾਵੇਂ ਭਰਾਤਰੀ ਭਾਵਨਾ ਵਾਲੀ ਅਤੇ ਪ੍ਰਭਾਵਸ਼ਾਲੀ ਸੀ, ਪਰ ਇਸ ਨਾਲ ਸਾਡੀਆਂ ਹਥਿਆਰਾਂ ਤੇ ਖਾਣੇ ਦੀਆਂ ਲੋੜਾਂ ਪੂਰੀਆਂ ਨਹੀਂ ਸੀ ਹੁੰਦੀਆਂ।

ਬੁਨਿਆਦੀ ਲੋੜ ਦੀਆਂ ਚੀਜ਼ਾਂ ਦੀ ਥੁੜ ਸਾਡੇ ਸ਼ਹਿਰੀਆਂ ਅਤੇ ਲੜਾਕੂ ਤਾਕਤਾਂ ਦੇ ਮਨੋਬਲ 'ਤੇ ਅਸਰ ਪਾਉਂਦੀ ਸੀ, ਇਸ ਦੇ ਮੁਕਾਬਲੇ ਦੋ ਫਾਸ਼ੀਵਾਦੀ ਤਾਕਤਾਂ, ਇਟਲੀ ਤੇ

ਜਰਮਨੀ, ਬਾਗ਼ੀਆਂ ਦੀ ਫ਼ੌਜ ਨੂੰ ਜੰਗੀ ਸਾਜ਼ੋ-ਸਮਾਨ ਬਹੁਤ ਵਧੀਆ ਤਰੀਕੇ ਨਾਲ ਸਪਲਾਈ ਕਰ ਰਹੀਆਂ ਸਨ।

ਲਾਰਗੋ ਕੈਬਾਲਿਰੋ ਦੀ ਸਿਆਸੀ ਵਿਰਾਸਤ ਨੇ ਕੌਮ ਦੀ ਜ਼ਿੰਦਗੀ ਦੁੱਭਰ ਕੀਤੀ ਹੋਈ ਸੀ। ਨਵੀਂ ਸਰਕਾਰ 'ਚ ਕੋਈ ਅਰਾਜਕਤਾਵਾਦੀ ਨਹੀਂ ਸੀ। ਉਨ੍ਹਾਂ ਨੇ ਲਾਰਗੋ ਕੈਬਾਲਿਰੋ ਨਾਲ ਹਮਦਰਦੀ 'ਚੋਂ ਨੈਗਰਿਨ ਮੰਤਰੀ-ਮੰਡਲ 'ਚ ਸ਼ਾਮਲ ਹੋਣੋਂ ਨਾਂਹ ਕਰ ਦਿੱਤੀ ਸੀ ਜਿਨ੍ਹਾਂ ਨੂੰ ਲਾਰਗੋ ਦੇ ਰੂਪ 'ਚ ਇਕ ਸਰਪ੍ਰਸਤ, ਅਤੇ ਕਮਿਊਨਿਸਟਾਂ ਦੇ ਵਿਰੋਧੀ ਹੋਣ ਕਰਕੇ, ਵਧੀਆ ਹਮਾਇਤੀ ਮਿਲ ਗਿਆ ਸੀ।

ਨੈਗਰਿਨ ਸਰਕਾਰ 'ਚ ਤਿੰਨ ਸਮਾਜਵਾਦੀ, ਦੋ ਕਮਿਊਨਿਸਟ, ਦੋ ਖੱਬੇਪੱਖੀ ਗਣਰਾਜਵਾਦੀ ਨੁਮਾਇੰਦੇ, ਇਕ ਨੁਮਾਇੰਦਾ ਕੈਟਾਲੋਨੀਆ ਤੋਂ ਅਤੇ ਇਕ ਬਾਸਕ ਦੇਸ਼ ਤੋਂ ਸਨ। ਨੈਗਰਿਨ ਵਿੱਤ ਮੰਤਰੀ ਬਣਿਆ ਰਿਹਾ, ਇਹ ਅਹੁਦਾ ਉਸ ਕੋਲ 1936 ਤੋਂ ਸੀ। ਇਕ ਹੋਰ ਸਮਾਜਵਾਦੀ, ਇਨਡੈਲਸੀਓ ਪਰੀਟੋ ਨੇ ਰੱਖਿਆ ਮੰਤਰੀ ਦਾ ਅਹੁਦਾ ਸੰਭਾਲਿਆ, ਜਿਸ 'ਚ ਜੰਗ, ਹਵਾਬਾਜ਼ੀ ਅਤੇ ਸਮੁੰਦਰੀ ਫ਼ੌਜ ਦੇ ਮੰਤਰਾਲੇ ਸਨ।

ਸੱਤਾ ਸੰਭਾਲਣ ਵਕਤ, ਨੈਗਰਿਨ ਦੀ ਵਾਕਫ਼ੀਅਤ ਖ਼ਾਸ ਬੁੱਧੀਜੀਵੀ ਘੇਰਿਆਂ ਤੱਕ ਹੀ ਸੀ। ਜੰਗ ਲੜਨ ਦੀ ਦ੍ਰਿੜਤਾ ਕਰਕੇ ਉਹ ਛੇਤੀ ਹੀ ਲੋਕਾਂ ਦੇ ਭਰੋਸੇ ਅਤੇ ਸਤਿਕਾਰ ਦਾ ਪਾਤਰ ਬਣ ਗਿਆ। ਇਸ ਨਾਲ ਸਰਕਾਰ 'ਚ ਸ਼ਾਮਲ ਹੋਣ ਬਾਰੇ ਅਰਾਜਕਤਾਵਾਦੀਆਂ ਦੀ ਨੀਅਤ ਬਦਲ ਗਈ। ਘੁਮੰਡੀ ਅਰਾਜਕਤਾਵਾਦੀਆਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਤੋਂ ਬਗ਼ੈਰ ਬਣੀ ਕੋਈ ਵੀ ਸਰਕਾਰ ਚੱਲ ਨਹੀਂ ਸਕੇਗੀ। ਉਹ ਭੁੱਲ ਗਏ ਕਿ 18 ਜੁਲਾਈ ਤੋਂ ਲੈ ਕੇ ਬਹੁਤ ਲਹੂ ਡੁੱਲ੍ਹ ਚੁੱਕਿਆ ਸੀ, ਅਤੇ ਕਿ "ਨਵੇਂ ਪਰਿੰਦੇ ਪਿਛਲੇ ਸਾਲ ਦੇ ਆਲ੍ਹਣਿਆਂ 'ਚ ਬਸੇਰਾ ਨਹੀਂ ਕਰਦੇ ਹੁੰਦੇ।" ਉਨ੍ਹਾਂ ਦੀ ਹੰਕਾਰੀ ਪਹੁੰਚ ਸਹੀ ਸਾਬਤ ਹੋਣ ਦੀ ਥਾਂ, ਉਨ੍ਹਾਂ ਤੋਂ ਬਗ਼ੈਰ ਹੀ ਸਰਕਾਰ ਚੱਲਦੀ ਰਹੀ, ਅਤੇ ਉਨ੍ਹਾਂ ਦੀ ਗ਼ੈਰਮੌਜੂਦਗੀ 'ਚ ਸਰਕਾਰ ਦੇ ਪਹੀਏ ਰੁਕਣ ਦੀ ਬਜਾਏ, ਉਲਟਾ ਤੇਜ਼ ਰਫ਼ਤਾਰ ਨਾਲ ਚੱਲਣ ਲੱਗੇ।

ਜਦੋਂ ਅਰਾਜਕਤਾਵਾਦੀਆਂ ਨੂੰ ਜਚ ਗਿਆ ਕਿ ਕਿਸੇ ਵੀ ਤਰ੍ਹਾਂ ਦੇ ਸੰਘਰਸ਼ ਨੂੰ ਚਲਾਉਣ ਲਈ ਜਨਤਾ ਦੀ ਹਮਾਇਤ ਜ਼ਰੂਰੀ ਸੀ ਅਤੇ ਲੋੜੀਂਦੀ ਯੋਗਤਾ ਦੀ ਘਾਟ ਵਾਲੇ ਆਗੂਆਂ ਦੇ ਸਹਾਰੇ ਇਹ ਹਾਸਲ ਨਹੀਂ ਕੀਤੀ ਜਾ ਸਕਦੀ ਤਾਂ ਉਹ ਸਰਕਾਰ 'ਚ ਸ਼ਾਮਲ ਹੋਣ ਲਈ ਸਹਿਮਤ ਹੋ ਗਏ। ਪਰ ਸਰਕਾਰ 'ਚ ਵਾਪਸ ਆਉਣ 'ਤੇ ਉਨ੍ਹਾਂ ਦਾ ਅਕਾਰ ਅਤੇ ਵੱਕਾਰ ਬਹੁਤ ਘੱਟ ਰਹਿ ਗਿਆ ਸੀ। ਲਾਰਗੋ ਕੈਬਾਲਿਰੋ ਸਰਕਾਰ 'ਚ ਉਨ੍ਹਾਂ ਦੇ ਚਾਰ ਨੁਮਾਇੰਦੇ ਸਨ, ਹੁਣ ਉਨ੍ਹਾਂ ਦਾ ਸਿਰਫ਼ ਇਕ ਨੁਮਾਇੰਦਾ ਰਹਿ ਗਿਆ ਸੀ।

ਜਦੋਂ ਬਾਰਸੀਲੋਨਾ 'ਚ ਰਾਜ-ਪਲਟਾ ਕੀਤਾ ਗਿਆ, ਤਾਂ ਐਰਾਗਾਨ 'ਚ ਐਸਕੈਸੋ ਦੇ ਬੰਦਿਆਂ ਦੀ ਹਿੰਸਾ ਅਤੇ ਵੇਲੈਂਸੀਆ 'ਚ ਸਮੂਹੀਕਰਨ ਦੇ ਪ੍ਰੋਗਰਾਮ ਨੂੰ ਕਮਿਊਨਿਸਟ ਮੰਤਰੀ ਵਿਸੈਂਟੇ ਯੂਰਾਈਬ ਵੱਲੋਂ ਕਿਸਾਨਾਂ ਦੀ ਮਦਦ ਨਾਲ ਉਲੀਕੇ ਜ਼ਰੱਈ ਸੁਧਾਰਾਂ ਦੇ ਐਲਾਨ ਰਾਹੀਂ ਰੱਦ ਕਰ ਦਿੱਤੇ ਜਾਣ ਨਾਲ ਐੱਫ.ਏ.ਆਈ. ਦੇ ਭੂਤ ਦਾ ਸਿਰ ਚਿੱਪ ਦਿੱਤਾ ਗਿਆ। ਹੁਣ ਇਹ ਸਿਰਫ਼ ਉੱਥੇ ਹੀ ਲੁਕਿਆ ਬੈਠਾ ਨਜ਼ਰ ਆਉਂਦਾ ਸੀ ਜਿੱਥੇ ਫਰਾਂਕੋ ਵਿਰੋਧੀ ਜਥੇਬੰਦੀਆਂ ਦੀ ਕਮਜ਼ੋਰੀ ਨੇ ਇਸ ਨੂੰ ਮੁੜ ਸਿਰ ਚੁੱਕਣ ਦਾ ਮੌਕਾ ਬਖ਼ਸ਼ਿਆ ਸੀ।

ਨਵੀਂ ਸਰਕਾਰ ਦੁਸ਼ਮਣ ਦਾ ਸਿਰ ਇਸ ਦੇ ਆਪਣੇ ਹੀ ਇਲਾਕੇ 'ਚ ਫੇਹਣ ਲਈ ਦ੍ਰਿੜ ਸੀ। ਇਸ ਨੇ ਪਹਿਲਾ ਕਦਮ ਇਵਿਜ਼ਾ ਬੰਦਰਗਾਹ 'ਤੇ ਬੰਬਾਰੀ ਕਰਨ ਦਾ ਹੁਕਮ ਦੇਣ ਦਾ

ਚੁੱਕਿਆ, ਇਸ ਅਧਾਰ ਨੂੰ ਇਤਾਲਵੀ ਅਤੇ ਜਰਮਨ ਫਾਸ਼ੀਵਾਦੀ ਤਾਕਤਾਂ, ਬਾਗ਼ੀਆਂ ਨੂੰ ਸਪਲਾਈ ਦੇਣ ਲਈ ਇਸ  ਮਾਲ ਕਰਦੀਆਂ ਸਨ। ਇਸ ਕਾਰਵਾਈ 'ਚ ਇਕ ਜਰਮਨ ਜਹਾਜ਼ ਡੁਬੋ ਦਿੱਤਾ ਗਿਆ।

ਇਸ ਨਾਲ ਦੁਨੀਆਂ ਦਾ ਧਿਆਨ ਸਪੇਨ ਦੀ ਖ਼ਾਨਾਜੰਗੀ 'ਚ ਹਿਟਲਰ ਦੀ ਸ਼ਮੂਲੀਅਤ ਵੱਲ ਖਿੱਚਿਆ ਗਿਆ। ਬਦਲਾਲਊ ਕਾਰਵਾਈ ਕਰਦਿਆਂ, ਜਰਮਨ ਜੰਗੀ ਜਹਾਜ਼ਾਂ ਨੇ ਦਿਨ-ਦਿਹਾੜੇ ਅਲਮੇਰੀਆ ਸ਼ਹਿਰ ਉੱਪਰ ਗੋਲਾਬਾਰੀ ਕਰਕੇ ਸ਼ਹਿਰ ਦੀ ਵਸੋਂ ਦਾ ਭਾਰੀ ਨੁਕਸਾਨ ਕੀਤਾ, ਜਿਸ ਵਿਚ ਮਲੱਗਾ ਤੋਂ ਆਏ ਪਨਾਹਗੀਰਾਂ ਦੀ ਵੱਡੀ ਗਿਣਤੀ ਸ਼ਾਮਲ ਸੀ। ਇਤਾਲਵੀ ਬੰਬਾਰੀ ਤੋਂ ਬਚ ਨਿੱਕਲੇ ਲੋਕ ਨਾਜ਼ੀ ਜੰਗੀ ਜਹਾਜ਼ਾਂ ਦੀਆਂ ਹੌਵਿਟਜ਼ਰ ਤੋਪਾਂ ਦੀ ਗੋਲਾਬਾਰੀ ਦਾ ਖਾਜਾ ਬਣ ਗਏ।

ਇਕ ਵਿਦੇਸ਼ੀ ਸਮੁੰਦਰੀ ਫ਼ੌਜ ਨੇ ਸਪੇਨ ਦੇ ਇਕ ਸੁਰੱਖਿਆ ਤੋਂ ਵਾਂਝੇ ਸ਼ਹਿਰ 'ਤੇ ਬੰਬਾਰੀ ਕੀਤੀ ਸੀ ਜਿਸ ਨੇ ਜੰਗ ਦਾ ਕੋਈ ਐਲਾਨ ਵੀ ਨਹੀਂ ਸੀ ਕੀਤਾ, ਇਸ ਦੇਸ਼ ਦਾ ਪੀੜਤ ਦੇਸ਼ ਨਾਲ ਕੋਈ ਰੌਲ਼ਾ ਹੀ ਨਹੀਂ ਸੀ। ਇਸ ਸਮੇਂ ਦੁਨੀਆਂ ਦੀਆਂ ਅਖੌਤੀ ਜਮਹੂਰੀ ਤਾਕਤਾਂ ਖ਼ਾਮੋਸ਼ ਰਹੀਆਂ। ਰੋਸ ਦੀ ਇਕ ਵੀ ਆਵਾਜ਼ ਸੁਣਨ 'ਚ ਨਾ ਆਈ। ਫਰਾਂਸ ਚੁੱਪ ਸੀ। ਬਰਤਾਨੀਆ ਚੁੱਪ ਸੀ।

ਸਮਾਜਵਾਦੀ ਅਗਵਾਈ ਵਾਲੇ ਸਕੈਂਡੇਨੇਵੀਅਨ ਦੇਸ਼ਾਂ ਅਤੇ ਬੈਲਜੀਅਮ ਨੂੰ ਲੱਗਿਆ ਕਿ ਦੂਜੇ ਦੇਸ਼ਾਂ ਦੇ ਮਾਮਲਿਆਂ 'ਚ ਦਖ਼ਲ ਦੇਣ ਦਾ ਇਹ ਸਹੀ ਮੌਕਾ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਫਰਾਂਕੋ ਨੂੰ ਪੈਟਰੋਲ ਸਪਲਾਈ ਕਰਦਾ ਰਿਹਾ ਅਤੇ ਇਸਨੇ ਨਾਜ਼ੀ ਜਰਮਨੀ ਨੂੰ ਸਪੇਨ ਦੇ ਸੁਰੱਖਿਆ ਤੋਂ ਵਿਰਵੇ ਸ਼ਹਿਰਾਂ ਉੱਪਰ ਹਵਾਈ ਤਾਕਤ ਪਰਖਣ ਦੀ ਇਜਾਜ਼ਤ ਦੇਈ ਰੱਖੀ, ਜੋ ਯੂਰਪ ਖ਼ਿਲਾਫ਼ ਜੰਗ ਦੀ ਤਿਆਰੀ ਕਰ ਰਿਹਾ ਸੀ।

## [39]
# ਉੱਤਰ ਦੀ ਹਾਰ

ਰੋ ਨਾ, ਯੁਜ਼ਕੈਡੀ,
ਇਹ ਸੱਚਾ ਗੀਤ ਸੁਣ
ਜਿਸ ਦੀ ਲੈਅ ਸੁਣਾਉਂਦੀ ਪਈ
ਕੁਝ ਸ਼ਾਨਦਾਰ ਜੋ ਮੈਥੋਂ ਪ੍ਰਗਟਾ ਨਹੀਂ ਹੋਣਾ,
ਹਾਲਾਂਕਿ ਫਾਸ਼ੀਵਾਦ ਨੇ
ਤੇਰੀ ਮਿੱਟੀ ਨੂੰ ਲਤਾੜ ਦਿੱਤੈ...
ਸਾਡੇ ਲੋਕਾਂ ਨੇ ਸਹੁੰ ਖਾਧੀ
ਯੁਜ਼ਕੈਡੀ ਆਜ਼ਾਦ ਹੋ ਕੇ ਰਹੇਗਾ,
ਕਿਉਂਕਿ ਯੁਜ਼ਕੈਡੀ 'ਚ ਹਾਲੇ ਵੀ ਲੋਕ ਹਨ
ਜਿਨ੍ਹਾਂ ਨੂੰ ਆਪਣਾ ਵਤਨ ਪਿਆਰਾ

ਜੋ ਮੌਤ ਨੂੰ ਪਹਿਲ ਦਿੰਦੇ ਨੇ
ਅਪਮਾਨਤ ਹੋ ਕੇ ਜਿਊਣ ਨਾਲੋਂ।

*—ਹਰਮਨਪਿਆਰਾ ਬਾਸਕ ਗੀਤ*

ਦੁਸ਼ਮਣ ਉੱਤਰੀ ਸਪੇਨ ਉੱਪਰ ਦਬਾਅ ਵਧਾਉਂਦਾ ਜਾ ਰਿਹਾ ਸੀ। ਬਾਸਕ ਦੇਸ਼ ਦੇ ਲੋਕ ਟਾਕਰੇ ਨੂੰ ਕਿਸੇ ਵੀ ਕੀਮਤ 'ਤੇ ਤਬਾਹ ਕਰਨਾ ਬਾਗ਼ੀਆਂ ਦੀ ਲੋੜ ਸੀ; ਕਿਉਂਕਿ ਅਜਿਹਾ ਹੁੰਦੇ ਸਾਰ, ਅਸਟੂਰੀਅਨ ਅਤੇ ਸਾਂਤਾਂਦੇਰ ਮੁਹਾਜ਼ਾਂ ਦੇ ਪਤਨ ਦੀ ਲੜੀ ਤੁਰੰਤ ਚੱਲ ਪੈਣੀ ਸੀ। ਗੁਇਪਜ਼ਕੋਆ ਵਿਚਲੀ ਉੱਤਰ ਦੀ ਹਥਿਆਰ ਸਨਅਤ, ਵਿਜ਼ਕਾਇਆ ਦੇ ਲੋਹਾ ਤੇ ਸਟੀਲ ਦੇ ਕਾਰਖ਼ਾਨੇ ਅਤੇ ਬਾਰੂਦ ਦੀਆਂ ਫੈਕਟਰੀਆਂ, ਸਾਂਤਾਂਦੇਰ ਦਾ ਖੇਤੀ ਖੇਤਰ ਅਤੇ ਪਸ਼ੂ-ਧਨ ਅਤੇ ਅਸਟੂਰੀਅਸ ਦੀਆਂ ਕੋਲਾ ਖਾਣਾਂ ਬਾਗ਼ੀਆਂ ਲਈ ਅਤਿ ਜ਼ਰੂਰੀ ਸਨ।

ਹਾਲਾਂਕਿ ਉੱਤਰੀ ਮੁਹਾਜ਼ ਦੀ ਹਾਰ ਦਾ ਬਹੁਤਾ ਦੋਸ਼ ਫਰਾਂਸ ਦੀ ਸਰਕਾਰ, ਜਿਸ ਦਾ ਮੁਖੀ ਸਮਾਜਵਾਦੀ ਲਿਓਨ ਬਲੁੱਮ ਸੀ, ਨੂੰ ਦਿੱਤਾ ਜਾ ਸਕਦਾ ਹੈ ਜਿਸ ਨੇ ਇਰੁਨ ਦੀ ਰਾਖੀ ਕਰ ਰਹੇ ਗਣਰਾਜੀ ਯੋਧਿਆਂ ਤੱਕ ਮਦਦ ਦੀ ਕੁਮਕ ਨਹੀਂ ਪਹੁੰਚਣ ਦਿੱਤੀ, ਪਰ ਜੋ ਕੁਝ ਉੱਤਰ 'ਚ ਵਾਪਰਿਆ ਉਸ ਦੇ ਬਾਰੇ ਨਿਰਣਾ ਕਰਨ ਸਮੇਂ ਅਸਲ ਹਾਲਤ ਨੂੰ ਧਿਆਨ 'ਚ ਰੱਖਣਾ ਬਹੁਤ ਜ਼ਰੂਰੀ ਹੈ। ਸਾਨੂੰ ਗਣਰਾਜੀ ਖ਼ੇਮੇ ਦੇ ਅੰਦਰ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ। ਕੀ ਉਹ ਵਿਅਕਤੀ ਇਸ ਦੇ ਭਾਗੀ ਨਹੀਂ ਜੋ ਬਾਸਕ ਦੇਸ਼ 'ਚ ਅਤੇ ਮੈਡਰਿਡ 'ਚ ਜੰਗ ਦੀ ਅਗਵਾਈ ਕਰਦੇ ਸਨ, ਜਿਨ੍ਹਾਂ ਦੇ ਮੱਤਭੇਦਾਂ ਅਤੇ ਝਗੜਿਆਂ ਨੇ ਉੱਤਰ ਦੀਆਂ ਸਿਆਸੀ ਅਤੇ ਫ਼ੌਜੀ ਕਾਰਵਾਈਆਂ ਉੱਤੇ ਬੁਰਾ ਅਸਰ ਪਾਇਆ?

ਨਿਰਸੰਦੇਹ, ਯੁੱਧ ਮੰਤਰਾਲੇ ਵੱਲੋਂ ਬਾਸਕ ਲੋਕਾਂ ਦੀ ਸਹਾਇਤਾ ਕਰਦਿਆਂ ਹੱਥ ਘੁੱਟਕੇ ਚੱਲਣ ਨੇ, ਅਤੇ ਸਭ ਤੋਂ ਨਾਜ਼ੁਕ ਮੌਕੇ 'ਤੇ ਮਦਦ ਦੇਣ ਤੋਂ ਇਨਕਾਰ ਕਰਨ ਦੀ ਨੀਤੀ ਨੇ ਗਣਰਾਜੀ ਖ਼ੇਮੇ ਦੇ ਇਸ ਸ਼ਕਤੀ ਸਰੋਤ ਵੱਲੋਂ ਕੀਤੇ ਜਾ ਰਹੇ ਟਾਕਰੇ ਨੂੰ ਕਮਜ਼ੋਰ ਕਰਨ 'ਚ ਸਹਾਇਤਾ ਕੀਤੀ।

ਬਾਸਕ ਦੇਸ਼ ਦੀ ਅਥਾਹ ਸਨਅਤੀ ਅਹਿਮੀਅਤ ਨੂੰ ਦੇਖਦਿਆਂ, ਅਸੀਂ ਪੁੱਛਦੇ ਹਾਂ : ਕੀ ਉੱਤਰ ਦੀਆਂ ਤਕਨੀਕੀ ਤੇ ਮਨੁੱਖੀ ਸੰਭਾਵਨਾਵਾਂ ਦੀ ਭਰਪੂਰ ਵਰਤੋਂ ਕਰਨ ਦਾ ਹਰ ਸੰਭਵ ਉਪਰਾਲਾ ਕੀਤਾ ਗਿਆ? ਕਿਸਦੀ ਕੁਤਾਹੀ ਕਰਕੇ ਬਾਸਕ ਦੀਆਂ ਸਨਅਤਾਂ ਅਤੇ ਇਨ੍ਹਾਂ ਦੇ ਲੋਹੜੇ ਦੇ ਹੁਨਰੀ ਕਾਮਿਆਂ ਅਤੇ ਤਕਨੀਕੀ ਮਾਹਰਾਂ ਨੂੰ ਜੰਗੀ ਪੱਧਰ ਉੱਤੇ ਕੰਮ 'ਚ ਨਹੀਂ ਪਾਇਆ ਗਿਆ? ਜੇ ਉਨ੍ਹਾਂ ਨੂੰ ਜੰਗ ਲਈ ਪੈਦਾਵਾਰ 'ਚ ਲਾਇਆ ਗਿਆ ਹੁੰਦਾ, ਉਹ ਟਾਕਰਾ ਜਾਰੀ ਰੱਖਣ ਲਈ ਇਕੱਲੇ ਯੁਜ਼ਕੈਡੀ ਨੂੰ ਹੀ ਨਹੀਂ ਪੂਰੇ ਗਣਰਾਜੀ ਸਪੇਨ ਨੂੰ ਬੁਨਿਆਦੀ ਸਮਾਨ ਸਪਲਾਈ ਕਰ ਸਕਦੇ ਸਨ।

ਅਤੇ ਬਾਦ 'ਚ, ਜਦੋਂ ਸਪੇਨ ਦੀ ਲੋਹੇ ਅਤੇ ਸਟੀਲ ਦੀ ਸਨਅਤ ਦੇ ਦਿਲ ਦੀ ਧੜਕਣ ਦੀ ਹਾਰ ਅਟੱਲ ਸੀ, ਇਸ ਦੀਆਂ ਫੈਕਟਰੀਆਂ, ਇਸ ਦੀਆਂ ਧਾਤ ਪਿਘਲਾਉਣ ਵਾਲੀਆਂ ਭੱਠੀਆਂ, ਇਸ ਦੇ ਪਲਾਂਟ ਤਬਾਹ ਕਿਉਂ ਨਹੀਂ ਕੀਤੇ ਗਏ, ਜਿਵੇਂ ਦੇਸ਼ਭਗਤ ਜੇਸਿਸ ਲਾਰੰਗਾ ਅਤੇ ਬਾਸਕ ਦੇ ਸਾਰੇ ਕਮਿਊਨਿਸਟਾਂ ਨੇ ਮੰਗ ਕੀਤੀ ਸੀ?

ਇਨ੍ਹਾਂ ਸਵਾਲਾਂ ਬਾਰੇ ਕਦੇ ਚਰਚਾ ਨਹੀਂ ਕੀਤੀ ਗਈ, ਤਾਂ ਕਿ ਉਹ ਅਨਸਰ ਨਾਰਾਜ਼ ਨਾ ਹੋ ਜਾਣ ਜਿਨ੍ਹਾਂ ਨਾਲ ਗਣਰਾਜ ਦੋਸਤੀ ਬਣਾਈ ਰੱਖਣੀ ਚਾਹੁੰਦਾ ਸੀ।

ਇਕ ਗ਼ਲਤੀ ਬਾਰੇ ਚੁੱਪ ਰਹਿਣ ਦਾ ਅਰਥ ਹੋਰ ਗ਼ਲਤੀਆਂ ਦੇ ਵਧਣ ਦਾ ਰਾਹ ਪੱਧਰਾ ਕਰਨਾ ਹੁੰਦਾ ਹੈ। ਹੋਇਆ ਇਹ ਕਿ ਘੋਰ ਸਿੱਟਿਆਂ ਵਾਲੀਆਂ ਗ਼ਲਤੀਆਂ ਨੂੰ ਨੇਕਦਿਲੀ ਨਾਲ ਵਿਸਾਰਕੇ ਗਣਰਾਜ ਦੀ ਹਾਰ ਦੇ ਆਮ ਕਾਰਣਾਂ ਦਾ ਬਾਹਰਮੁਖੀ ਵਿਸ਼ਲੇਸ਼ਣ ਕਰਨਾ ਅਸੰਭਵ ਬਣਾ ਦਿੱਤਾ ਗਿਆ।

ਉੱਤਰ ਦੇ ਪਤਨ ਦੀ ਜ਼ਿੰਮੇਵਾਰੀ ਕਿੱਥੇ ਮੌਜੂਦ ਸੀ? ਲੁਕਵੀਆਂ ਦੁਸ਼ਮਣੀਆਂ 'ਚ? ਆਤਮਘਾਤੀ ਮੁਕਾਬਲੇਬਾਜ਼ੀਆਂ 'ਚ? ਦੋਵੇਂ ਪਾਸਿਉਂ ਦਿਖਾਵੇਬਾਜ਼ੀ 'ਚ? ਕੀ ਯੂਜ਼ਕੈਡੀ ਨੂੰ ਦਿੱਤੀ ਖ਼ੁਦਮੁਖਤਿਆਰੀ ਬਾਰੇ ਪ੍ਰਧਾਨ ਮੰਤਰੀ ਦੀ ਲੋੜੀਂਦੀ ਸਮਝ ਹੈ ਸੀ? ਦੂਜੇ ਪਾਸੇ, ਜਦੋਂ ਬਾਸਕ ਸਰਕਾਰ ਨੇ ਹਰੇਕ ਖਿੱਤੇ 'ਚ, ਹਰੇਕ ਖੇਤਰ 'ਚ, ਵੱਖਰੀਆਂ ਫ਼ੌਜੀ ਕਮਾਨਾਂ ਰੱਖਣ 'ਤੇ ਜ਼ੋਰ ਦਿੱਤਾ, ਕੀ ਇਹ ਗੰਭੀਰ ਗ਼ਲਤੀ ਨਹੀਂ ਸੀ ਕਰ ਰਹੀ? ਠੀਕ ਹੈ ਕਿ ਇਹ ਕੁਝ ਹੱਦ ਤਕ ਕੇਂਦਰੀ ਆਮ ਸੱਤ੍ਹਾ ਅਤੇ ਗਣਰਾਜੀ ਸਰਕਾਰ ਤੋਂ ਆਜ਼ਾਦ ਸੀ, ਪਰ ਇਸ ਨੇ ਤਾਂ ਮੁਕੰਮਲ ਖ਼ੁਦਮੁਖਤਿਆਰੀ ਦੀ ਮੰਗ ਰੱਖ ਦਿੱਤੀ। ਇਸਨੇ ਗਣਰਾਜੀ ਸਰਕਾਰ ਨੂੰ ਉਹ ਲੋੜੀਂਦਾ ਸਮਾਨ ਸਪਲਾਈ ਕਰਨ ਤੋਂ ਹੀ ਜਵਾਬ ਦੇ ਦਿੱਤਾ ਜਿਸ ਦੀ ਉੱਤਰ ਦੇ ਕਿਸੇ ਵੀ ਖੇਤਰ 'ਚ ਪੈਦਾਵਾਰ ਭਲੀਭਾਂਤ ਕੀਤੀ ਜਾ ਸਕਦੀ ਸੀ ਜੋ ਹਾਲੇ ਸਪੇਨ ਪ੍ਰਤੀ ਵਫ਼ਾਦਾਰ ਸਨ।

ਸ਼ਾਇਦ ਇਨ੍ਹਾਂ ਸਾਰੇ ਸੰਕੇਤਕ ਸਵਾਲਾਂ 'ਚ ਸਚਾਈ ਦਾ ਅੰਸ਼ ਸੀ। ਇੱਥੇ ਬਾਸਕ ਸਰਕਾਰ ਅਤੇ ਉੱਤਰੀ ਫ਼ੌਜ ਦੇ ਮੁਖੀ, ਜਰਨੈਲ ਲੈਨੋ ਡੀ ਲਾ ਐਕਨੌਮੇਂਡਾ, ਦੇ ਮਾਮਲੇ ਨੂੰ ਚੇਤੇ ਕਰਨਾ ਲਾਹੇਵੰਦਾ ਰਹੇਗਾ। ਉਸ ਦਾ ਚਿੱਠੀ-ਪੱਤਰ ਗਣਰਾਜੀ ਖ਼ੇਮੇ ਅੰਦਰ ਵਖਰੇਵਿਆਂ ਦੇ ਅਤੇ ਨਾਲ ਹੀ ਯੁੱਧ ਮੰਤਰੀ ਦੀ ਧੋਖੇਬਾਜ਼ੀ ਦੇ ਬਹੁਤ ਜ਼ਿਆਦਾ ਪਰਦੇ ਫਰੋਲਦਾ ਹੈ ਜਿਸ ਨੇ ਇਕ ਪਾਸੇ ਜਰਨੈਲ ਲੈਨੋ ਡੀ ਲਾ ਐਕਨੌਮੇਂਡਾ ਨੂੰ ਉੱਤਰੀ ਫ਼ੌਜ ਦੀ ਕਮਾਨ ਸੌਂਪ ਦਿੱਤੀ, ਅਤੇ ਦੂਜੇ ਪਾਸੇ (ਬਾਸਕ ਦੇਸ਼ ਦੇ ਪ੍ਰਧਾਨ ਮੰਤਰੀ ਜੋਸ ਅਨਤੋਨੀਓ ਡੀ ਐਗੁਇਰੇ ਦੇ ਸਪਸ਼ਟ ਬਿਆਨ ਅਨੁਸਾਰ) ਐਲਾਨ ਕੀਤਾ ਕਿ "ਆਮ ਸਟਾਫ਼ ਅਤੇ ਉੱਤਰੀ ਫ਼ੌਜ ਦੀ ਹੋਂਦ ਨਹੀਂ ਹੈ।" ਇਨ੍ਹਾਂ ਸੰਕੇਤਾਂ ਦੀ ਗੰਭੀਰਤਾ ਦੇ ਬਾਵਜੂਦ, ਇਹ ਅਸਲ ਹਾਲਤ ਦੇ ਨਿੱਕੇ ਜਹੇ ਹਿੱਸੇ ਨੂੰ ਹੀ ਦਰਸਾਉਂਦੇ ਹਨ।

ਜੇ ਐਗੁਇਰੇ ਦਾ ਬਿਆਨ ਸਹੀ ਸੀ—ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਾਨੂੰ ਇਸ 'ਤੇ ਸ਼ੱਕ ਕਰਨਾ ਮੁਸ਼ਕਲ ਜਾਪਦਾ ਹੈ—ਤਾਂ ਉੱਤਰ ਵਿਚ ਫ਼ੌਜੀ ਕਾਰਵਾਈਆਂ ਦੇ ਤਾਲਮੇਲ ਨੂੰ ਰੋਕਣ ਦਾ ਦੋਸ਼ ਕਿਸਦਾ ਸੀ? ਗਣਰਾਜ ਦੇ ਇਕ ਵਫ਼ਦਾਰ ਜਰਨੈਲ ਨੂੰ ਇਕ ਐਸੀ ਸੰਸਥਾ ਦੀ ਕਮਾਨ ਸੰਭਾਲਣ ਦਾ ਹੁਕਮ ਦੇਣ ਦਾ ਦੋਸ਼ ਕਿਸਦਾ ਸੀ, ਬਾਦ 'ਚ ਜਿਸ ਦੀ ਹੋਂਦ ਤੋਂ ਯੁੱਧ ਮੰਤਰੀ ਆਪ ਹੀ ਮੁੱਕਰ ਗਿਆ?

ਗਣਰਾਜ ਯੂਜ਼ਕੈਡੀ 'ਚ ਜੋ ਕਰਨ 'ਚ ਅਸਫ਼ਲ ਰਿਹਾ, ਜਦੋਂ ਹਾਲੇ ਇਸ ਕੋਲ ਮੌਕਾ ਸੀ, ਉਹ ਬਾਗ਼ੀਆਂ ਨੇ ਕਰ ਦਿਖਾਇਆ ਜਦੋਂ ਉਨ੍ਹਾਂ ਦਾ ਬਾਸਕ ਦੇਸ਼ 'ਤੇ ਕਬਜ਼ਾ ਹੋ ਗਿਆ। ਇਸ ਦੀਆਂ ਸਨਅਤਾਂ ਜੰਗ ਲਈ ਤੇਜ਼ੀ ਨਾਲ ਪੈਦਾਵਾਰ ਕਰਨ ਲੱਗੀਆਂ, ਜਿਹੜੀਆਂ ਸਨਅਤਾਂ ਗਣਰਾਜ ਦੇ ਰਖਵਾਲਿਆਂ ਨੂੰ ਸਮਾਨ ਸਪਲਾਈ ਕਰਨ ਤੋਂ ਇਨਕਾਰੀ ਸਨ ਉਹੀ ਫਰਾਂਕੋ ਦੀ ਫ਼ੌਜ ਨੂੰ ਸਪਲਾਈ ਦੇਣ ਲੱਗੀਆਂ। ਇਹ ਤੱਥ ਹੈ, ਅਤੇ ਵਿਅਕਤੀਆਂ ਤੇ ਪਾਰਟੀਆਂ ਦੇ ਕੰਮਾਂ ਬਾਰੇ ਨਿਰਣਾ ਕਰਨ ਲਈ ਤੱਥਾਂ ਨੇ ਹੀ ਅਧਾਰ ਬਣਨਾ ਹੁੰਦਾ ਹੈ। ਇਤਹਾਸ ਦੇ ਦੁਖਦਾਈ ਪੰਨਿਆਂ ਦੀ ਯਾਦ ਦੁੱਖ ਜ਼ਰੂਰ ਪਹੁੰਚਾਉਂਦੀ ਹੈ, ਫਿਰ ਵੀ ਇਹ ਇਤਹਾਸ 'ਚ ਹੀ ਰਹਿਣਗੇ। ਇਤਹਾਸ ਸਾਡੇ ਲਈ ਇਨ੍ਹਾਂ ਨੂੰ ਚੇਤੇ ਰੱਖਦਾ ਹੈ।

ਜਦੋਂ ਗੁਏਰਨਿਕਾ ਦੇ ਸਿਵੇ ਹਾਲੇ ਠੰਡੇ ਨਹੀਂ ਸੀ ਹੋਏ, ਕਮਿਊਨਿਸਟ ਪਾਰਟੀ ਨੇ ਉੱਤਰ 'ਚ ਵਾਪਰੇ ਦੀ ਆਲੋਚਨਾਤਮਕ ਚੀਰਫਾੜ ਕੀਤੀ ਸੀ। ਇਸ ਨੇ ਕੁਝ ਬਾਸਕ ਕਮਿਊਨਿਸਟਾਂ, ਖ਼ਾਸ ਕਰਕੇ ਅਸਟੀਗਾਰਬੀਆ ਅਤੇ ਯੂਰੌਂਡੋ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਪਹਿਲਾ ਸ਼ਖਸ ਬਾਸਕ ਸਰਕਾਰ 'ਚ ਮੰਤਰੀ ਸੀ ਅਤੇ ਮਗਰਲਾ ਲੋਕ ਨਿਰਮਾਣ ਵਿਭਾਗ ਦਾ ਨਿਰਦੇਸ਼ਕ ਸੀ। ਇਨ੍ਹਾਂ ਨੇ ਮਿਲੀਸ਼ੀਆ ਨੂੰ ਬਾਕਾਇਦਾ ਫ਼ੌਜ 'ਚ ਬਦਲਣ ਜਾਂ ਬਾਸਕ ਦੇਸ਼ ਦੀ ਭਰਪੂਰ ਸਨਅਤੀ ਸਮਰੱਥਾ ਨੂੰ ਵਰਤੋਂ 'ਚ ਲਿਆਉਣ ਲਈ ਕੁਝ ਨਹੀਂ ਕੀਤਾ ਸੀ। ਮੁਸ਼ਕਲਾਂ ਤੋਂ ਬਚਣ ਲਈ ਅਸਟੀਗਾਰਬੀਆ ਅਤੇ ਯੂਰੌਂਡੋ ਨੇ, ਸਾਥੀ ਓਰਮਾਜ਼ਾਬਲ, ਮੌਨਜ਼ਨ ਅਤੇ ਹੋਰਨਾਂ ਦੇ ਵਿਰੋਧ ਦੇ ਬਾਵਜੂਦ, ਨਾ ਮਾਤਰ ਵਿਰੋਧ ਕਰਨ ਦਾ ਰਾਹ ਅਖ਼ਤਿਆਰ ਕਰ ਲਿਆ ਸੀ ਅਤੇ ਖ਼ੁਦ ਨੂੰ ਕੌਮਵਾਦੀ ਨੀਤੀਆਂ ਦੇ ਅਨੁਸਾਰ ਢਾਲ ਲਿਆ ਸੀ।

4 ਸਤੰਬਰ 1936 ਨੂੰ ਇਰੁਨ ਦੀ ਹਾਰ ਨਾਲ ਬਾਸਕ ਦੇਸ਼ ਦੀ ਹਾਲਤ ਹੋਰ ਖਰਾਬ ਹੋ ਗਈ, ਕਿਉਂਕਿ ਇਸ ਕਰਕੇ ਫਰਾਂਸ ਨਾਲ ਸੰਪਰਕ ਟੁੱਟ ਗਿਆ ਅਤੇ ਟਾਕਰਾ ਜਾਰੀ ਰੱਖਣਾ ਹੋਰ ਮੁਸ਼ਕਲ ਹੋ ਗਿਆ। ਨੈਗਰਿਨ ਸਰਕਾਰ ਨੇ ਯੁਜ਼ਕੈਡੀ ਦੀ ਸਹਾਇਤਾ ਕਰਨ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ। ਇਸਨੇ ਆਪਣੇ ਸਭ ਤੋਂ ਵਧੀਆ ਜਹਾਜ਼, ਜੋ ਪਹਿਲਾਂ ਹੀ ਥੋੜ੍ਹੇ ਸਨ, ਉੱਤਰ ਨੂੰ ਭੇਜ ਦਿੱਤੇ। ਇਨ੍ਹਾਂ ਜਹਾਜ਼ਾਂ ਨੂੰ ਉਨ੍ਹਾਂ ਅੱਡਿਆਂ 'ਤੇ ਉਤਾਰਿਆ ਗਿਆ, ਜਿਨ੍ਹਾਂ ਦੀਆਂ ਹਵਾਈ ਪੱਟੀਆਂ ਕਾਹਲੀ ਕਾਹਲੀ ਬਣਾਈਆਂ ਗਈਆਂ ਸਨ ਤੇ ਜਿਨ੍ਹਾਂ ਦਾ ਦੁਸ਼ਮਣ ਨੂੰ ਪਤਾ ਸੀ। ਜਿੱਥੋਂ ਕਾਰਵਾਈ ਕਰਨਾ ਮੁਸ਼ਕਲ ਸੀ। ਫ਼ੌਜੀ ਅੱਡਿਆਂ 'ਤੇ ਬੇਕਿਰਕੀ ਨਾਲ ਬੰਬਾਰੀ ਕੀਤੀ ਜਾ ਰਹੀ ਸੀ; ਯੁਜ਼ਕੈਡੀ ਨੂੰ ਬਚਾਉਣਾ ਅਸੰਭਵ ਬਣਿਆ ਹੋਇਆ ਸੀ।

ਬਾਗ਼ੀਆਂ ਦੇ ਹਵਾਈ-ਜਹਾਜ਼ਾਂ ਵੱਲੋਂ 26 ਅਪ੍ਰੈਲ 1937 ਨੂੰ ਗੁਏਰਨਿਕਾ 'ਚ ਮਚਾਈ ਭਿਆਨਕ ਤਬਾਹੀ ਨੇ ਦਿਖਾ ਦਿੱਤਾ ਕਿ ਬਾਸਕ ਦੇਸ਼ 'ਤੇ ਜਿੱਤ ਹਾਸਲ ਕਰਨ ਅਤੇ ਇਸ ਦੀਆਂ ਸਨਅਤਾਂ, ਖਣਿਜਾਂ, ਬੰਦਰਗਾਹਾਂ ਅਤੇ ਆਰਥਕ ਵਸੀਲਿਆਂ ਉੱਤੇ ਕਬਜ਼ਾ ਕਰਨ ਲਈ ਬਾਗ਼ੀ ਕਿੱਥੋਂ ਤੱਕ ਜਾ ਸਕਦੇ ਸਨ। ਹਮਲੇ ਦਾ ਨਿਰਦੇਸ਼ਨ ਕਰਨ ਵਾਲੇ ਜਰਮਨਾਂ, ਰਿਕੁਵੇ ਗਰੋਹਾਂ ਨਾਲ ਮਾਰਚ ਕਰਨ ਵਾਲੇ ਇਤਾਲਵੀਆਂ ਅਤੇ ਫਲਾਂਗੇਵਾਦੀਆਂ ਨੇ ਕੋਈ ਵੀ ਢੰਗ-ਤਰੀਕਾ ਅਪਨਾਉਣ ਤੋਂ ਝਿਜਕ ਮਹਿਸੂਸ ਨਾ ਕੀਤੀ, ਚਾਹੇ ਇਨ੍ਹਾਂ ਨਾਲ ਬਾਸਕ ਦੇਸ਼ ਦੇ ਸ਼ਹਿਰਾਂ ਤੇ ਕਸਬਿਆਂ ਦਾ ਧਰਤੀ ਤੋਂ ਨਾਮੋਨਿਸ਼ਾਨ ਹੀ ਮਿਟ ਜਾਵੇ।

ਯੁਜ਼ਕੈਡੀ ਦੀ ਹਾਰ, ਸਾਂਤਾਂਦੇਰ ਦੀ ਹਾਰ ਅਤੇ ਸਮੁੱਚੇ ਖੇਤਰ ਦੇ ਗੋਡੇ ਟੇਕ ਦੇਣ ਵੱਲ ਇਕ ਕਦਮ ਸੀ ਜਿੱਥੇ ਕੌਮਪ੍ਰਸਤ ਤਾਕਤਾਂ ਦਾ ਵੱਡਾ ਹਿੱਸਾ ਮੌਜੂਦ ਸੀ। ਯੁਜ਼ਕੈਡੀ ਅਸਟੂਰੀਅਸ ਦੀ ਹਾਰ ਦੀ ਦਰਦਨਾਕ ਸ਼ੁਰੂਆਤ ਸੀ।

ਸਮੁੱਚਾ ਉੱਤਰੀ ਸਪੇਨ ਬਾਗ਼ੀਆਂ ਦੇ ਹੱਥ ਆ ਗਿਆ—ਮਨੁੱਖੀ ਤਾਕਤ, ਲੋਹਾ, ਫ਼ੌਲਾਦ, ਖਣਿਜ, ਕੋਲਾ, ਲੱਕੜ, ਭਾਰੀ ਸਨਅਤ, ਟਿਕਾਣੇ 'ਤੇ ਮਾਰ ਕਰਨ ਵਾਲੇ ਹਥਿਆਰ, ਵਿਸਫੋਟਕ ਪਦਾਰਥ, ਬਿਜਲੀ ਊਰਜਾ ਦੇ ਪਲਾਂਟ, ਮਾਸ, ਦੁੱਧ, ਖੱਲਾਂ, ਫੁੱਲ, ਮੱਛੀ.......

ਗਣਰਾਜ ਦਾ ਖੇਤਰ ਹੱਥੋਂ ਨਿੱਕਲਦਾ ਜਾ ਰਿਹਾ ਸੀ; ਅਤੇ ਬੁਰੀ ਤਰ੍ਹਾਂ ਜ਼ਖ਼ਮੀ ਗਣਰਾਜ ਮੌਤ ਵੱਲ ਵਧ ਰਿਹਾ ਸੀ।

ਧਿਆਨ ਹਟਾਊ ਚਾਲ ਦੇ ਤੌਰ 'ਤੇ, ਕੇਂਦਰੀ ਜਨਰਲ ਸਟਾਫ਼ ਨੇ ਜੁਲਾਈ 1937 'ਚ ਬਰੂੰਟੀ 'ਚ, ਅਤੇ ਬਾ. 'ਚ ਐਰਾਗਾਨ ਮੁਹਾਜ਼ ਉੱਤੇ ਅਤੇ ਬਾਗ਼ੀ ਫ਼ੌਜੀ ਦਸਤਿਆਂ ਵਿਰੁੱਧ

ਹਮਲਾ ਜਥੇਬੰਦ ਕੀਤਾ। ਪਰ ਰੱਖਿਆ ਮੰਤਰਾਲੇ ਦੀਆਂ ਯੋਜਨਾਵਾਂ ਉੱਪਰ ਅਸੈਨਸੀਓ ਅਤੇ ਕੈਬਰੇਰਾ ਦੇ ਖ਼ਿਆਲਾਂ ਅਤੇ ਭਾਵਨਾ ਦਾ ਸਪਸ਼ਟ ਪ੍ਰਛਾਵਾਂ ਸੀ।

ਇਹ ਮੁੱਖ ਤੌਰ 'ਤੇ ਪੰਜਵੀਂ ਰੈਜੀਮੈਂਟ ਦੇ ਯੋਧੇ ਸਨ ਜਿਨ੍ਹਾਂ ਨੇ ਬਰੂੰਟੀ 'ਚ ਗਣਰਾਜਵਾਦੀ ਹਮਲਾ ਨੇਪਰੇ ਚਾੜ੍ਹਿਆ। ਉਹ ਨੈਗਰਿਨ ਵੱਲੋਂ ਜਥੇਬੰਦ ਕੀਤੀ ਲੋਕ ਫ਼ੌਜ ਦਾ ਅੰਗ ਸਨ ਅਤੇ ਇਸ ਦੀਆਂ ਸਫ਼ਾਂ 'ਚ ਜ਼ਾਬਤਾ, ਲੜਾਕੂ ਜਜ਼ਬਾ ਅਤੇ ਜਥੇਬੰਦੀ ਦਾ ਅਹਿਸਾਸ ਉਨ੍ਹਾਂ ਦੀ ਦੇਣ ਸੀ।

ਆਮ ਸਟਾਫ਼ ਦੀਆਂ ਯੋਜਨਾਵਾਂ ਨੂੰ ਅਮਲ 'ਚ ਲਾਗੂ ਕਰਨ ਦਾ ਕੰਮ ਲਿਸਟਰ ਅਤੇ ਮੌਡੇਸਟੋ ਕੋਲ ਸੀ। ਉਨ੍ਹਾਂ ਨੇ ਇਸ ਨੂੰ ਸ਼ਾਨਦਾਰ ਢੰਗ ਨਾਲ ਨੇਪਰੇ ਚਾੜ੍ਹਿਆ। ਜੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਕਰਨਲ ਕਸੈਡੋ ਐਂਡ ਕੰਪਨੀ ਨੇ ਸਾਬੋਤਾਜ਼ ਨਾ ਕੀਤਾ ਹੁੰਦਾ, ਤਾਂ ਉਨ੍ਹਾਂ ਨੇ ਮੈਡਰਿਡ ਦੇ ਸਮੁੱਚੇ ਦੁਸ਼ਮਣ ਮੁਹਾਜ਼ ਨੂੰ ਤਬਾਹ ਕਰ ਦੇਣਾ ਸੀ।

ਲੋਕ ਫ਼ੌਜ ਨੇ ਬਰੂੰਟੀ 'ਚ ਤੇਜ਼ੀ ਨਾਲ ਜਿੱਤ ਹਾਸਲ ਕਰ ਲਈ ਪਰ ਇਸ ਨੂੰ ਇਸ ਲਾਹੇ ਨੂੰ ਵਰਤਣ ਦਾ ਮੌਕਾ ਨਾ ਮਿਲਿਆ। ਫ਼ੌਜ ਨੂੰ ਬਰੂੰਟੀ 'ਚ ਤਕਰੀਬਨ ਮਹੀਨਾ ਭਰ ਬੈਠੇ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਜੋ ਹੁਣ ਖੰਡਰ ਬਣ ਚੁੱਕਿਆ ਸੀ। ਦੁਸ਼ਮਣ ਦੇ ਹਵਾਈ ਦਸਤੇ ਦਿਨ-ਰਾਤ ਸ਼ਹਿਰ ਉੱਪਰ ਬੰਬ ਵਰਸਾਉਂਦੇ ਸਨ। ਗਣਰਾਜ ਦੀਆਂ ਤਾਕਤਾਂ ਇਨ੍ਹਾਂ ਹਮਲਿਆਂ ਨੂੰ ਰੋਕਣ ਦੀ ਹਾਲਤ 'ਚ ਨਹੀਂ ਸਨ, ਕੁਝ ਹਵਾਈ ਫ਼ੌਜ ਦੀ ਘਾਟ ਕਾਰਣ, ਪਰ ਮੁੱਖ ਤੌਰ 'ਤੇ ਆਮ ਸਟਾਫ਼ ਵਲੋਂ ਸਮੁੱਚੀ ਕਾਰਵਾਈ ਨੂੰ ਸਾਬੋਤਾਜ਼ ਕਰ ਦਿੱਤੇ ਜਾਣ ਕਾਰਣ। ਜਦੋਂ ਜ਼ੋਰਦਾਰ ਲੜਾਈ ਹੋ ਰਹੀ ਸੀ ਤਾਂ ਕਰਨਲ ਕੈਸਾਡੋ ਨੇ ਬੇਦਿਲੀ ਦਿਖਾਕੇ ਫ਼ੌਜ ਪਿੱਛੇ ਹਟਾ ਲਈ। ਗ਼ੱਦਾਰ ਵਜੋਂ ਫਾਇਰਿੰਗ ਸੁਕੈਡ ਮੂਹਰੇ ਖੜ੍ਹਾ ਕਰਨ ਦੀ ਬਜਾਏ, ਯੁੱਧ ਮੰਤਰੀ ਨੇ ਇਸ ਅਫ਼ਸਰ ਨੂੰ ਬਚਾਉਣ ਦੇ ਉਪਰਾਲੇ ਕੀਤੇ। ਕੈਸਾਡੋ ਦੀ ਅਸਲ ਸਮੱਸਿਆ ਇਹ ਸੀ ਕਿ ਉਹ ਕਮਜ਼ੋਰ ਦਿਲ ਆਦਮੀ ਸੀ ਜੋ ਇਸ ਡਰ ਨਾਲ ਕੰਬਦਾ ਰਹਿੰਦਾ ਸੀ ਕਿ ਲੋਕ ਫ਼ੌਜ ਕਿਤੇ ਬਾਗ਼ੀਆਂ ਨੂੰ ਹਰਾ ਨਾ ਦੇਵੇ।

ਦੁਸ਼ਮਣ ਦੇ ਹਵਾਈ-ਜਹਾਜ਼ ਸਾਡੇ ਮੋਰਚਿਆਂ 'ਤੇ ਹਮਲਿਆਂ ਦਾ ਤਾਂਤਾ ਲਾਈ ਰੱਖਦੇ ਸਨ, ਸਾਡੇ ਦਸਤਿਆਂ ਦਾ ਸਫ਼ਾਇਆ ਕਰੀ ਜਾਂਦੇ ਸਨ, ਅਤੇ ਸੂਰਮਿਆਂ ਦੇ ਇਸ ਲਸ਼ਕਰ ਦਾ ਭਿਆਨਕ ਨੁਕਸਾਨ ਕਰੀ ਜਾ ਰਹੇ ਸਨ। ਇਹ ਦਰਦਨਾਕ ਦ੍ਰਿਸ਼ ਦੇਖਿਆ ਨਹੀਂ ਸੀ ਜਾਂਦਾ। ਪਾਣੀ ਤੇ ਬਹੁਤ ਜ਼ਰੂਰੀ ਸਮਾਨ ਦੀ ਸਪਲਾਈ ਅਤੇ ਲੜਾਕੂ ਤਾਕਤਾਂ ਨੂੰ ਸਾਹ ਦਿਵਾਉਣ ਲਈ ਰਾਖਵੀਂਆਂ ਤਾਕਤਾਂ ਤੋਂ ਬਗ਼ੈਰ ਹੀ ਚਾਰ ਹਫ਼ਤੇ ਟਾਕਰਾ ਜਾਰੀ ਰਹਿਣ ਤੋਂ ਬਾਦ, ਇਨ੍ਹਾਂ ਨੂੰ ਬਰੂੰਟੀ ਛੱਡਣ ਦਾ ਹੁਕਮ ਦੇ ਦਿੱਤਾ ਗਿਆ।

ਇਕ ਮਹੀਨਾ ਬਾਦ, ਇਕ ਹੋਰ ਧਿਆਨ ਹਟਾਊ ਚਾਲ ਚੱਲਕੇ, ਜਨਰਲ ਸਟਾਫ਼ ਨੇ ਸਾਰਾਗੋਸਾ ਦੀ ਦਿਸ਼ਾ 'ਚ ਐਰਾਗਾਨ 'ਚ ਫ਼ੌਜੀ ਕਾਰਵਾਈਆਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਕਾਰਵਾਈਆਂ ਦੀ ਯੋਜਨਾ ਇਕ ਪੇਸ਼ਾਵਰ ਫ਼ੌਜੀ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ, ਲੋਕਾਂ ਦੇ ਕਾਜ਼ ਲਈ ਤਨੋਂ ਮਨੋਂ ਸਮਰਪਿਤ ਸਾਥੀ ਕੌਰਡਨ ਨੇ ਬਣਾਈ ਸੀ। ਉਹ ਪੂਰਬੀ ਫ਼ੌਜ ਦਾ ਚੀਫ਼ ਆਫ ਸਟਾਫ਼ ਅਤੇ ਬਾਦ 'ਚ ਜੰਗ ਦਾ ਅਧੀਨ ਸਕੱਤਰ ਸੀ, ਇਨ੍ਹਾਂ ਅਹੁਦਿਆਂ 'ਤੇ ਉਸਨੇ ਪੂਰੀ ਯੋਗਤਾ ਅਤੇ ਦਲੇਰੀ ਨਾਲ ਕੰਮ ਕੀਤਾ।

ਥੋੜ੍ਹਾ ਸਮਾਂ ਅਰਾਮ ਤੋਂ ਬਾਦ, ਬਰੂੰਟੀ 'ਚ ਲੜੇ ਫ਼ੌਜੀ ਦਸਤਿਆਂ ਨੂੰ ਐਰਾਗਾਨ ਮੁਹਾਜ਼ ਉੱਤੇ ਜਾਕੇ ਵਿਉਂਤਬਧ ਹਮਲੇ ਕਰਨ ਲਈ ਭੇਜ ਦਿੱਤਾ ਗਿਆ। ਅਜਿਹੇ ਅਹਿਮ ਮਿਸ਼ਨ ਨੂੰ

ਨੇਪਰੇ ਚਾੜ੍ਹਨ ਲਈ ਗਣਰਾਜ ਅਨੁਸ਼ਾਸਨਹੀਣ ਐੱਫ.ਏ.ਆਈ. ਮਿਲੀਸ਼ੀਆ ਉੱਤੇ ਟੇਕ ਨਹੀਂ ਸੀ ਰੱਖ ਸਕਦਾ, ਐਸਕਾਸੋ ਦੀ ਅਰਾਜਕਤਾਵਾਦੀ ਮਿਲੀਸ਼ੀਆ ਉੱਪਰ ਤਾਂ ਹੋਰ ਵੀ ਘੱਟ ਭਰੋਸਾ ਸੀ।

ਕੈਸਪ ਵਿਚ ਲਿਸਟਰ ਦੇ ਫ਼ੌਜੀ ਦਸਤੇ ਪਹੁੰਚਣ ਨਾਲ, ਐਰਾਗਨ ਦੇ ਉਸ ਖੇਤਰ 'ਚ ਐੱਫ.ਏ.ਆਈ. ਦਾ ਕੰਟਰੋਲ ਖ਼ਤਮ ਹੋ ਗਿਆ। ਅਰਾਜਕਤਾਵਾਦੀ ਐਸਕਾਸੋ, ਜੋ ਐਰਾਗਨ ਦੀ ਕੌਂਸਲ ਦਾ ਪ੍ਰਧਾਨ ਸੀ, "ਮੁਕਤੀਵਾਦੀ ਕਮਿਊਨਿਜ਼ਮ" ਦੇ ਤਜ਼ਰਬਿਆਂ ਤੋਂ ਜਮ੍ਹਾਂ ਕੀਤਾ ਲੁੱਟ ਦਾ ਮਾਲ ਲੈ ਕੇ ਪਹਿਲਾਂ ਫਰਾਂਸ ਅਤੇ ਬਾਦ 'ਚ ਅਮਰੀਕਾ ਭੱਜ ਗਿਆ।

ਐਰਾਗਨ 'ਚ ਜੋ ਅਨੁਸ਼ਾਸਨਹੀਣ ਮਿਲੀਸ਼ੀਆ, ਇਮਾਨਦਾਰੀ ਨਾਲ ਲੜਨਾ ਚਾਹੁੰਦੇ ਅਨੇਕਾਂ ਫ਼ੌਜੀਆਂ ਅਤੇ ਕਮਾਂਡਰਾਂ ਦੀਆਂ ਇੱਛਾਵਾਂ ਦੇ ਉਲਟ, ਹੱਥ 'ਤੇ ਹੱਥ ਧਰਕੇ ਬੈਠੀ ਸੀ ਉਸ ਨੂੰ ਲੋਕ ਫ਼ੌਜ 'ਚ ਸ਼ਾਮਲ ਕਰ ਦਿੱਤਾ ਗਿਆ ਸੀ। ਅਗਸਤ 1937 ਦੇ ਅਖ਼ੀਰ 'ਚ ਸ਼ੁਰੂ ਹੋਈਆਂ ਫ਼ੌਜੀ ਕਾਰਵਾਈਆਂ ਦਾ ਪਹਿਲਾਂ ਨਿਸ਼ਾਨਾ, ਸਾਰਾਗੋਸਾ ਨੂੰ ਜਾਂਦੀ ਸੜਕ ਉੱਪਰਲਾ ਮਜ਼ਬੂਤ ਅਧਾਰ ਬੈਲਚਾਈਟ ਸੀ। ਮੈਂ ਉੱਥੇ ਉਸ ਮੌਕੇ ਗਈ ਸੀ ਜਦੋਂ ਲੜਾਈ ਸਿਖ਼ਰਾਂ 'ਤੇ ਸੀ।

ਸਾਡੇ ਫ਼ੌਜੀ ਇਕ ਇਕ ਘਰ, ਇਕ ਇਕ ਗਲੀ 'ਚ ਦੁਸ਼ਮਣ ਦੇ ਜ਼ਬਰਦਸਤ ਟਾਕਰੇ ਨੂੰ ਫ਼ਨਾਹ ਕਰਦੇ ਹੋਏ ਸ਼ਹਿਰ 'ਤੇ ਕਾਬਜ਼ ਹੁੰਦੇ ਜਾ ਰਹੇ ਸਨ। ਗਣਰਾਜੀ ਯੋਧਿਆਂ ਵੱਲੋਂ ਜਿੱਤੀ ਹਰੇਕ ਅਹਿਮ ਜਗ੍ਹਾ ਉੱਤੇ ਝੰਡਾ ਗੱਡਿਆ ਹੋਇਆ ਸੀ। ਸ਼ਹਿਰ ਦੇ ਬਾਹਰਵਾਰ ਛੋਟੀ ਪਹਾੜੀ ਦੀ ਵੱਖੀ 'ਤੇ ਮੌਡੇਸਟੋ ਦੇ ਸਦਰ ਮੁਕਾਮ ਤੋਂ ਸਾਨੂੰ ਝੰਡੇ ਦਿਖਾਈ ਦੇ ਰਹੇ ਸਨ ਜੋ ਲੜਾਈ ਦੀ ਪ੍ਰਾਪਤੀ ਦੇ ਸੂਚਕ ਸਨ।

ਸ਼ਹਿਰ ਦੇ ਮੁੱਖ ਦੁਆਰ 'ਤੇ ਸਥਿਤ ਧਰਮ-ਵਿਦਿਆਲਾ, ਜਿਸਨੂੰ ਬਾਗ਼ੀਆਂ ਨੇ ਕਿਲ੍ਹਾ ਬਣਾਇਆ ਹੋਇਆ ਸੀ, ਤਬਾਹ ਹੋ ਚੁੱਕਿਆ ਸੀ; ਸਿਵਲ ਗਾਰਡਾਂ ਦੀਆਂ ਬੈਰਕਾਂ ਹਮਲੇ ਨੇ ਢਾਹ ਦਿੱਤੀਆਂ ਸਨ। ਸਾਡਾ ਕੰਮ ਹਰ ਉਸ ਇਮਾਰਤ ਨੂੰ ਜਿੱਤਣਾ ਸੀ ਜਿੱਥੇ ਦੁਸ਼ਮਣ ਨੇ ਕਬਜ਼ਾ ਕੀਤਾ ਹੋਇਆ ਸੀ। ਗਿਰਜਾਘਰ ਅਤੇ ਘੰਟਾ ਘਰ ਦੁਸ਼ਮਣ ਦੇ ਟਾਕਰੇ ਦੇ ਆਖ਼ਰੀ ਦੋ ਮੋਰਚੇ ਸਨ। ਜਦੋਂ ਮੈਂ ਬੈਲਚਾਈਟ 'ਚ ਦਾਖ਼ਲ ਹੋਈ ਤਾਂ ਲੜਾਈ ਹਾਲੇ ਵੀ ਜਾਰੀ ਸੀ।

ਧੁਖ਼ਦੇ ਖੰਡਰਾਂ ਦੇ ਢੇਰ ਵਿਚੋਂ ਦੀ ਇਕ ਗਲੀ ਲੰਘਦਿਆਂ, ਮੈਨੂੰ ਜਰਨੈਲ ਵਾਲਟਰ ਮਿਲ ਗਿਆ, ਜੋ ਆਪਣੇ ਯੋਧਿਆਂ ਨੂੰ ਘੰਟਾ ਘਰ ਜਾਣ ਲਈ ਤਿਆਰ ਕਰ ਰਿਹਾ ਸੀ। ਉਸਨੇ ਮੈਨੂੰ ਵਾਪਸ ਮੁੜ ਜਾਣ ਅਤੇ ਓਦੋਂ ਤੱਕ ਸ਼ਹਿਰ ਛੱਡ ਜਾਣ ਦੀ ਹਦਾਇਤ ਕੀਤੀ ਜਦੋਂ ਤੱਕ ਦੁਸ਼ਮਣ ਨੂੰ ਪੂਰੀ ਤਰ੍ਹਾਂ ਦਬੱਲ ਨਹੀਂ ਦਿੱਤਾ ਜਾਂਦਾ। ਖੰਡਰਾਂ 'ਚ ਹਾਲੇ ਵੀ ਕਈ ਘਾਤ ਲਾਕੇ ਹਮਲਾ ਕਰਨ ਵਾਲੇ ਛੁਪੇ ਹੋਏ ਸਨ।

ਮੈਂ ਮੌਡੇਸਟੋ ਦੇ ਸਦਰ ਮੁਕਾਮ ਮੁੜ ਆਈ ਅਤੇ ਥੋੜ੍ਹੇ ਸਮੇਂ 'ਚ ਹੀ ਪਹਿਲੇ ਜੰਗੀ ਕੈਦੀ ਆਉਣੇ ਸ਼ੁਰੂ ਹੋ ਗਏ, ਆਮ ਕੱਪੜੇ ਪਾਈ ਪਾਦਰੀਆਂ ਦੀ ਟੋਲੀ ਦੇ ਨਾਲ ਫ਼ੌਜੀ ਅਤੇ ਆਮ ਸ਼ਹਿਰੀ। ਸਾਰਿਆਂ ਨੂੰ ਇਹੀ ਆਸ ਸੀ ਕਿ ਹੁਣ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਵੇਗਾ ਕਿਉਂਕਿ ਉਹ "ਲਾਲ ਧਿਰ" ਦੇ ਵੱਸ ਪੈ ਗਏ ਸਨ। ਫਾਸ਼ੀਵਾਦੀਆਂ ਨੇ ਗਣਰਾਜੀ ਤਾਕਤਾਂ ਦੇ ਬਾਰੇ ਜਿਹੜੀਆਂ ਕਹਾਣੀਆਂ ਪ੍ਰਚਾਰੀਆਂ ਹੋਈਆਂ ਸਨ ਉਹ ਆਦਮਖ਼ੋਰ ਅਤੇ ਲਹੂਪੀਣੇ ਰਾਖਸ਼ਾਂ ਬਾਰੇ ਲੂੰ-ਕੰਡੇ ਖੜ੍ਹੇ ਕਰਨ ਵਾਲੀਆਂ ਸਿਰੇ ਦੀਆਂ ਕਹਾਣੀਆਂ ਨੂੰ ਵੀ ਮਾਤ ਪਾਉਂਦੀਆਂ ਸਨ।

ਖਾਣਾ ਖਾਣ ਤੇ ਅਰਾਮ ਕਰ ਲੈਣ ਤੋਂ ਬਾਦ ਕੈਦੀਆਂ ਦੀ ਸਾਡੇ ਯੋਧਿਆਂ ਨਾਲ ਗੱਲਬਾਤ ਕਰਾਈ ਗਈ। ਉਹ ਲਾ ਪੈਸੀਓਨਾਰੀਆ ਬਾਰੇ, ਉਸ ਵੱਲੋਂ ਕੀਤੇ ਜੁਰਮਾਂ ਬਾਰੇ, ਕੈਦੀਆਂ, ਖ਼ਾਸ ਕਰਕੇ ਸਾਧਾਂ ਅਤੇ ਸਾਧਵੀਆਂ ਪ੍ਰਤੀ ਉਸ ਦੀ ਬੇਰਹਿਮੀ ਬਾਰੇ, ਸਾਰਾਗੋਸਾ ਰੇਡੀਓ ਤੋਂ ਉਸ ਸੰਬੰਧੀ ਸੁਣੇ ਗੀਤਾਂ ਬਾਰੇ ਸਹਿਮੇ ਹੋਏ ਗੱਲਾਂ ਕਰਦੇ ਰਹੇ। ਉਨ੍ਹਾਂ ਨੂੰ ਚੁੱਪ-ਚਾਪ ਸੁਨਣ ਤੋਂ ਬਾਦ ਮੈਂ ਪੁੱਛਿਆ :

"ਤੁਸੀਂ ਕੀ ਸੋਚਦੇ ਹੋ ਲਾ ਪੈਸੀਓਨਾਰੀਆ ਕਿਹੋ ਜਹੀ ਦਿਖਾਈ ਦਿੰਦੀ ਹੋਵੇਗੀ?"

"ਸਾਨੂੰ ਸਚਮੁੱਚ ਕੁਝ ਨਹੀਂ ਪਤਾ, ਪਰ ਉਹ ਕਹਿੰਦੇ ਹਨ ਕਿ ਔਰਤ ਨਾਲੋਂ ਰਾਖਸ਼ਾਂ ਵਰਗੀ ਵੱਧ ਹੈ?"

"ਕੁਝ ਕੁਝ ਮੇਰੇ ਵਰਗੀ?" ਮੈਂ ਮੁਸਕਰਾਕੇ ਪੁੱਛਿਆ।

"ਤੁਸੀਂ ਇਹ ਕਿਵੇਂ ਕਹਿ ਸਕਦੇ ਹੋ? ਤੁਸੀਂ ਸਪੇਨੀ ਔਰਤ ਹੋ। ਉਹ ਕਹਿੰਦੇ ਹਨ ਲਾ ਪੈਸੀਓਨਾਰੀਆ ਸਪੇਨੀ ਨਹੀਂ ਹੈ, ਕਿ ਉਹ ਮਰਦ ਵਾਂਗ ਦਿਖਾਈ ਦਿੰਦੀ ਹੈ।"

ਇਨ੍ਹਾਂ ਬੇਚਾਰੇ ਲੋਕਾਂ ਨੇ ਬਾਗ਼ੀਆਂ ਦੇ ਮਨਘੜਤ ਪ੍ਰਚਾਰ ਨੂੰ ਦੁਹਰਾਕੇ ਮੇਰੀ ਜੋ ਸਰੀਰਕ ਤੇ ਇਖ਼ਲਾਕੀ ਤਸਵੀਰ ਪੇਸ਼ ਕੀਤੀ, ਉਸ ਤੋਂ ਮੇਰਾ ਉੱਚੀ ਉੱਚੀ ਹਾਸਾ ਨਿਕਲ ਗਿਆ। ਜਦੋਂ ਉਨ੍ਹਾਂ ਨੇ ਕਿਹਾ ਕਿ ਮੈਂ ਮਰਦ ਵਰਗੀ ਹਾਂ, ਉਹ ਕੇਵਲ ਪ੍ਰਤੀਕ ਸ਼ਬਦ ਵਰਤ ਰਹੇ ਸਨ। ਉਨ੍ਹਾਂ ਦੇ ਕਹਿਣ ਦਾ ਅਸਲ ਭਾਵ ਹੋਰ, ਵੱਧ ਅਸ਼ਲੀਲ ਲਫ਼ਜ਼ ਸੀ। ਉਨ੍ਹਾਂ ਨੇ ਜੋ ਕੁਝ ਮੇਰੇ ਬਾਰੇ ਸੁਣਿਆ ਹੋਇਆ ਸੀ ਉਸ ਸਭ ਕੁਝ ਨੂੰ ਦੁਹਰਾਉਣ ਦੀ ਹਿੰਮਤ ਕਿਵੇਂ ਕਰ ਸਕਦੇ ਸਨ; ਆਖ਼ਿਰ ਉਹ ਗਣਰਾਜਵਾਦੀਆਂ ਦੇ ਵੱਸ ਪਏ ਹੋਏ ਜੰਗੀ ਕੈਦੀ ਸਨ!

ਪਾਠਕ ਉਨ੍ਹਾਂ ਲੋਕਾਂ ਦੀ ਹੈਰਾਨੀ ਦੀ ਕਲਪਨਾ ਕਰ ਸਕਦੇ ਹਨ ਜਦੋਂ ਮੈਂ ਉਨ੍ਹਾਂ ਨੂੰ ਆਪਣੇ ਬਾਰੇ ਦੱਸਿਆ।

"ਇਹ ਸੱਚ ਨਹੀਂ ਹੋ ਸਕਦਾ," ਉਹ ਕਹਿਣ ਲੱਗੇ। "ਤੁਸੀਂ ਮਜ਼ਾਕ ਕਰ ਰਹੇ ਹੋ।"

ਜਦੋਂ ਉਨ੍ਹਾਂ ਨੂੰ ਜਚ ਗਿਆ ਕਿ ਹੱਡ-ਮਾਸ ਦੀ ਬਣੀ ਪੈਸੀਓਨਾਰੀਆ ਉਨ੍ਹਾਂ ਦੇ ਸਾਹਮਣੇ ਖੜ੍ਹੀ ਹੈ, ਉਹ ਡਰ ਨਾਲ ਥਰ-ਥਰ ਕੰਬਣ ਲੱਗੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੁਝ ਨਹੀਂ ਹੋਵੇਗਾ, ਪਰ ਉਨ੍ਹਾਂ ਨੇ ਜਿਵੇਂ ਮੇਰੀਆਂ "ਸਿਫ਼ਤਾਂ ਦੇ ਪੁਲ" ਬੰਨ੍ਹੇ ਸਨ ਉਸ ਪਿੱਛੋਂ ਉਨ੍ਹਾਂ ਨੂੰ ਗੱਲ ਜਚਣੀ ਮੁਸ਼ਕਲ ਸੀ।

ਅਰਾਜਕਤਾਵਾਦੀ ਮਿਲੀਸ਼ੀਆ ਦੀ ਫ਼ੌਜੀ ਗ਼ੈਰਸਰਗਰਮੀ ਪ੍ਰਤੀ ਜੇ ਸਹਿਣਸ਼ੀਲਤਾ ਦੀ ਨੀਤੀ ਨਾ ਅਪਣਾਈ ਹੁੰਦੀ ਤਾ ਐਰਾਗਨ ਦਾ ਹਮਲਾ ਕਈ ਮਹੀਨੇ ਪਹਿਲਾਂ ਕੀਤਾ ਜਾ ਸਕਦਾ ਸੀ। ਇਸ ਹਮਲੇ ਨੇ ਫ਼ਾਸ਼ੀਵਾਦੀ ਕਮਾਂਡਰਾਂ ਨੂੰ ਆਪਣੀਆਂ ਤਾਕਤਾਂ ਹੋਰ ਮੁਹਾਜ਼ਾਂ ਤੋਂ ਬੁਲਾਕੇ ਬੈਲਚਾਈਟ 'ਚ ਕੇਂਦਰਤ ਕਰਨ ਲਈ ਮਜਬੂਰ ਕਰ ਦਿੱਤਾ ਤਾਂ ਜੋ ਲੋਕ ਫ਼ੌਜ ਦੇ ਅੱਗੇ ਵਧਣ ਨੂੰ ਰੋਕਿਆ ਜਾ ਸਕੇ।

ਹਾਲਾਂਕਿ, ਇਹ ਬਹੁਤ ਹੀ ਦੇਰ ਨਾਲ ਕੀਤੀ, ਬਹੁਤ ਹੀ ਸੀਮਤ ਕਾਰਵਾਈ, ਉੱਤਰ ਦੀ ਹਾਰ ਨੂੰ ਰੋਕਣ 'ਚ ਅਸਫ਼ਲ ਰਹੀ, ਪਰ ਘੱਟੋ-ਘੱਟ ਇਹ ਇਸ ਦਾ ਸਬੂਤ ਸੀ ਕਿ ਨਵੀਂ ਸਰਕਾਰ ਦੀਆਂ ਜੰਗ ਲੜਨ ਦੀਆਂ ਧਾਰਨਾਵਾਂ ਬਦਲ ਗਈਆਂ ਸਨ, ਕਿ ਲੋਕ ਫ਼ੌਜ ਹਮਲਿਆਂ ਅਤੇ ਰੱਖਿਆਤਮਕ ਕਾਰਵਾਈਆਂ ਕਾਮਯਾਬੀ ਨਾਲ ਕਰਨ ਦੇ ਸਮਰੱਥ ਸੀ।

[40]

# ਟੇਰੂਅਲ ਦੀ ਜਿੱਤ ਅਤੇ ਹਾਰ

ਦਸੰਬਰ 1937 'ਚ, ਉੱਤਰ ਦੀ ਹਾਰ ਤੋਂ ਬਾਦ, ਦੁਸ਼ਮਣ ਨੇ ਗੁਆਡਲਾਜਾਰਾ ਖੇਤਰ ਦੇ ਆਪਣੇ ਫ਼ੌਜੀ ਦਸਤਿਆਂ ਦੇ ਵੱਡੇ ਹਿੱਸੇ ਨੂੰ ਮੈਡਰਿਡ ਉੱਪਰ ਨਵੇਂ ਹਮਲੇ ਦੀ ਤਿਆਰੀ ਦਾ ਹੁਕਮ ਦਿੱਤਾ। ਇਸ ਯੋਜਨਾ ਨੂੰ ਠੁੱਸ ਕਰਨ ਲਈ, ਲੋਕ ਫ਼ੌਜ ਨੇ ਟੇਰੂਅਲ 'ਚ ਹਮਲਾ ਕਰਨ ਦਾ ਫ਼ੈਸਲਾ ਲਿਆ। ਗੁਪਤ ਤਿਆਰੀ ਅਤੇ ਸਾਡੇ ਫ਼ੌਜੀ ਦਸਤਿਆਂ ਦੀ ਸੂਰਮਗਤੀ ਦੀ ਬਦੌਲਤ, ਕਾਰਵਾਈ ਪੂਰੀ ਤਰ੍ਹਾਂ ਕਾਮਯਾਬ ਰਹੀ। ਦੁਸ਼ਮਣ ਨੂੰ ਇਸ ਪਾਸਿਉਂ ਗਣਰਾਜ ਦੇ ਹਮਲੇ ਦੀ ਆਸ ਨਹੀਂ ਸੀ, ਉਸ ਨੂੰ ਮੈਡਰਿਡ ਨੂੰ ਘੇਰਾ ਪਾਉਣ ਦੀ ਯੋਜਨਾ ਛੱਡਣੀ ਪੈ ਗਈ।

ਗਣਰਾਜ ਦੇ ਫ਼ੌਜੀ ਦਸਤਿਆਂ ਵੱਲੋਂ ਟੇਰੂਅਲ ਨੂੰ ਮੁਕਤ ਕਰਾ ਲੈਣ ਤੋਂ ਛੇਤੀ ਬਾਦ, ਮੈਂ ਉੱਥੇ ਜਾ ਕੇ ਸਾਡੇ ਯੋਧਿਆਂ ਅਤੇ "ਪ੍ਰੇਮੀਆਂ ਦੇ ਸ਼ਹਿਰ" ਦੇ ਬਾਸ਼ਿੰਦਿਆਂ ਨਾਲ ਗੱਲਬਾਤ ਕਰ ਰਹੀ ਸੀ। ਲੋਕਾਂ ਨੇ ਸਾਨੂੰ ਫਾਸ਼ੀਵਾਦੀਆਂ ਦੇ ਕਬਜ਼ੇ ਸਮੇਂ ਦੀਆਂ ਭਿਆਨਕ ਦਾਸਤਾਨ ਦੱਸੀਆਂ— ਇਸ ਤਰ੍ਹਾਂ ਲੱਗਦਾ ਸੀ ਕਿ ਉਹ ਹਾਲੇ ਵੀ ਭੈਅ ਹੇਠ ਜੀਅ ਰਹੇ ਸਨ। ਟੇਰੂਅਲ ਦੇ ਇਤਹਾਸ 'ਚ ਹੁਣ ਨਵਾਂ ਕਾਂਡ ਜੁੜ ਗਿਆ ਸੀ, ਇਸਾਬੇਲ ਅਤੇ ਡੀਗੋ ਦੀ ਲੋਕ ਗਾਥਾ ਤੋਂ ਬਹੁਤ ਵੱਖਰਾ, ਜਿਨ੍ਹਾਂ ਦੀਆਂ ਮ੍ਰਿਤਕ ਦੇਹਾਂ ਸਾਨ ਪੈਡਰੋ ਦੇ ਗਿਰਜਾਘਰ 'ਚ ਮਸਾਲੇ ਲਾਕੇ ਸੰਭਾਲੀਆਂ ਹੋਈਆਂ ਸਨ। ਹੁਣ ਭਿਆਨਕ ਸਫ਼ੇ ਫਾਸ਼ੀਵਾਦੀ ਕਬਜ਼ੇ ਦੀ, ਪਲਾਜ਼ਾ ਡੀ ਟੌਰਿਕੋ ਦੇ ਖ਼ੌਫ਼ਨਾਕ ਜ਼ੁਲਮਾਂ ਦੀ ਕਹਾਣੀ ਦੱਸਦੇ ਸਨ, ਜਿੱਥੇ ਅਖੌਤੀ ਸੱਭਿਆ ਸਮਾਜ ਦੀਆਂ ਕੁਲੀਨ ਔਰਤਾਂ ਨੇ ਗਣਰਾਜਵਾਦੀਆਂ ਨੂੰ ਫਾਹੇ ਲਾਉਣ ਦਾ ਜਸ਼ਨ ਮਨਾਇਆ ਸੀ। ਮੈਂ ਅਕਸਰ ਹੈਰਾਨ ਹੁੰਦੀ ਕਿ ਕੀ ਆਪਣੀ ਮੌਜੂਦਗੀ 'ਚ ਹੋਏ ਜੁਰਮ ਦਾ ਚੇਤਾ ਆਉਣ 'ਤੇ ਇਨ੍ਹਾਂ ਦੇ ਸੁਪਨੇ ਭੰਗ ਨਹੀਂ ਹੁੰਦੇ ਹੋਣਗੇ, ਜਾਂ ਇਨ੍ਹਾਂ ਨੇ ਜੋ ਦ੍ਰਿਸ਼ ਤੱਕਿਆ ਸੀ ਕੀ ਆਪਣੇ ਬੱਚਿਆਂ ਨੂੰ ਕਦੇ ਦੱਸਿਆ ਹੋਵੇਗਾ?

ਟੇਰੂਅਲ ਦੀ ਲੜਾਈ ਲੜਨ ਵਾਲੇ ਯੋਧਿਆਂ 'ਚੋਂ ਸਿਰਕੱਢ ਸਨ ਸਾਡੇ ਅਭੁੱਲ ਸਾਥੀ ਲਿਸਟਰ, ਕਾਮੀਸਾਰ ਸਾਂਤਿਆਗੋ ਅਲਵੈਰੇਜ਼, ਬਾਰਸੀਆ, ਸੇਵਿਲ, ਅਲਵਾਰੋ ਕਾਰਵਾਜੋਸਾ ਅਤੇ ਪਾਰਟੀ ਮੁਖੀ ਫੇਲਾਈਪ ਔਰਟਿਊਨੋ, ਜੇ. ਸੈਂਡੋਵਲ, ਸੈਂਚੇਜ਼, ਵਜ਼ਕੁਏਜ਼ ਅਤੇ ਐੱਮ. ਅਜ਼ਕੈਰੇਟ। ਜੰਗ ਦੀ ਅਨਾੜੀ ਸੇਧ ਕਰਕੇ ਸਾਡੇ ਯੋਧਿਆਂ ਦੀ ਬਹਾਦਰੀ ਤਕਰੀਬਨ ਹਮੇਸ਼ਾ ਹੀ ਅਜਾਈਂ ਜਾਂਦੀ ਰਹੀ। ਰੱਖਿਆ ਮੰਤਰਾਲੇ ਤੋਂ ਆਪਹੁਦਰੇ ਫ਼ੈਸਲੇ ਆਉਂਦੇ ਰਹੇ। ਨਵੇਂ ਰੱਖਿਆ ਮੰਤਰੀ ਇੰਡੈਲੀਸੀਓ ਪਰੀਟੋ ਦੀਆਂ ਫ਼ੌਜੀ ਧਾਰਨਾਵਾਂ ਲੋਕ ਫ਼ੌਜ ਦੀ ਯੋਗਤਾ ਬਾਰੇ ਘਟਾਕੇ ਲਾਏ ਅੰਦਾਜ਼ਿਆਂ 'ਤੇ ਅਧਾਰਤ ਸਨ। ਮੰਤਰਾਲੇ ਅਨੁਸਾਰ, ਲੋਕ ਫ਼ੌਜ ਦੀਆਂ ਫ਼ੌਜੀ ਕਾਰਵਾਈਆਂ ਸਿਰਫ਼ ਸੀਮਤ ਉਦੇਸ਼ ਪੂਰੇ ਕਰਨ ਦੇ ਹੀ ਯੋਗ ਸਨ। ਇਸ ਕਰਕੇ ਸਾਡੇ ਫ਼ੌਜੀ ਦਸਤਿਆਂ ਦੇ ਸੰਭਾਵੀ ਜਾਨੀ ਨੁਕਸਾਨ ਅਤੇ ਹੌਸਲੇ ਪਸਤ ਹੋਣ ਦੀ ਸੰਭਾਵਨਾ ਦੇਖਕੇ ਹੋਰ ਮੁਹਾਜ਼ਾਂ ਦੀਆਂ ਕਾਰਵਾਈਆਂ ਦਾ ਤਾਲਮੇਲ ਨਹੀਂ ਬਣਾਇਆ ਗਿਆ, ਸੰਭਵ ਫ਼ੌਜੀ ਮਦਦ ਦੀ ਅਚਾਨਕ ਲੋੜ ਪੂਰੀ ਕਰਨ ਲਈ ਰਾਖਵੇਂ ਦਸਤੇ ਨਹੀਂ ਰੱਖੇ ਗਏ, ਅਤੇ ਸ਼ੁਰੂਆਤੀ ਜਿੱਤ ਦਾ ਪੂਰਾ ਲਾਹਾ ਨਹੀਂ ਲਿਆ ਗਿਆ।

ਜਦੋਂਕਿ ਦੁਸ਼ਮਣ ਸ਼ਹਿਰ ਨੂੰ ਮੁੜ ਜਿੱਤਣ ਲਈ ਆਪਣੇ ਸਭ ਤੋਂ ਅਹਿਮ ਦਸਤੇ ਭੇਜੀ ਜਾ ਰਿਹਾ ਸੀ, ਤਿੰਨ ਵੱਖੋ-ਵੱਖਰੇ ਮੌਕਿਆਂ 'ਤੇ ਗਣਰਾਜ ਦੇ ਜਨਰਲ ਸਟਾਫ਼ ਦੀ ਸੋਚ ਸੀ ਕਿ ਲੜਾਈ ਖ਼ਤਮ ਹੋ ਚੁੱਕੀ ਹੈ। ਤਿੰਨ ਵਾਰ ਗਣਰਾਜ ਦੀਆਂ ਡਿਵੀਜ਼ਨਾਂ ਅਤੇ ਹਵਾਈ ਫ਼ੌਜ ਦੇ ਦਸਤਿਆਂ, ਜਿਨ੍ਹਾਂ ਨੂੰ ਵਿਉਂਤ ਬਣਾਕੇ ਭੇਜਿਆ ਗਿਆ ਸੀ, ਨੂੰ ਵਾਪਸ ਮੁੜਨ ਦਾ ਹੁਕਮ ਦਿੱਤਾ ਗਿਆ, ਅਤੇ ਦੁਸ਼ਮਣ ਦਾ ਦਬਾਅ ਪੈਣ ਕਰਕੇ ਹੋਰ ਤਿੰਨ ਵਾਰ ਉਨ੍ਹਾਂ ਨੂੰ ਉੱਥੇ ਭੇਜਿਆ ਗਿਆ। ਸਾਡੇ ਫ਼ੌਜੀ ਦਸਤਿਆਂ ਉੱਪਰ ਪਾਏ ਇਸ ਗ਼ੈਰ-ਜ਼ਰੂਰੀ ਬੋਝ ਅਤੇ ਦੁਸ਼ਮਣ ਦੇ ਡਿੱਗੇ ਹੌਸਲੇ ਤੇ ਸ਼ੁਰੂ 'ਚ ਸਾਡਾ ਹੱਥ ਉੱਪਰ ਹੋਣ ਦੀ ਹਾਲਤ ਦਾ ਲਾਹਾ ਲੈਣ 'ਚ ਸਾਡੀ ਅਸਫ਼ਲਤਾ ਦੇ ਬਾਵਜੂਦ, ਸਾਡੇ ਦਸਤੇ ਢਾਈ ਮਹੀਨੇ ਲੜਾਈ ਲੜਦੇ ਰਹੇ। ਇਸ ਤੋਂ ਬਾਦ 22 ਫਰਵਰੀ 1938 ਨੂੰ ਸਾਨੂੰ ਟੇਰੂਅਲ ਛੱਡਣਾ ਪਿਆ।

ਜਦੋਂ ਦਾ ਪਰੀਟੋ ਰੱਖਿਆ ਮੰਤਰੀ ਬਣਿਆ ਸੀ, ਆਪਣੇ ਤੋਂ ਪਹਿਲੇ ਮੰਤਰੀ ਵਾਂਗ, ਇਸ ਉੱਤੇ ਵੀ ਕਮਿਊਨਿਸਟ ਪਾਰਟੀ ਦੇ ਅਸਰ-ਰਸੂਖ਼ ਨੂੰ ਖ਼ਤਮ ਕਰਨ ਦੀ ਸੋਚ ਭਾਰੂ ਸੀ। ਫ਼ੌਜੀਆਂ ਅਤੇ ਆਮ ਸ਼ਹਿਰੀਆਂ ਵੱਲੋਂ ਕੀਤੇ ਜਾ ਰਹੇ ਟਾਕਰੇ ਦੀ ਲੜਾਕੂ ਸਮਰੱਥਾ ਅਤੇ ਕਾਰਜ ਕੁਸ਼ਲਤਾ ਨੂੰ ਕਮਜ਼ੋਰ ਕਰਨ ਦੀ ਕੀਮਤ ਦੇ ਕੇ ਵੀ ਉਹ ਕਮਿਊਨਿਸਟ ਪਾਰਟੀ ਨੂੰ ਖ਼ਤਮ ਕਰਨ ਦਾ ਇਰਾਦਾ ਰੱਖਦਾ ਸੀ। ਪਰੀਟੋ ਨੂੰ ਸਾਡੇ ਗ਼ੈਰ-ਪੇਸ਼ਾਵਰ ਕਮਾਂਡਰਾਂ ਦੀ ਫ਼ੌਜੀ ਸਮਰੱਥਾ 'ਤੇ ਯਕੀਨ ਨਹੀਂ ਸੀ। ਸਚਾਈ ਇਹ ਸੀ ਕਿ ਉਹ ਪੇਸ਼ਾਵਰ ਫ਼ੌਜਾਂ ਦੀ ਯੋਗਤਾ ਬਾਰੇ ਵੀ ਸ਼ੱਕੀ ਸੀ, ਪਰ ਉਹ ਘੱਟੋ-ਘੱਟ ਇਨ੍ਹਾਂ ਦੀ ਹਮਾਇਤ ਜ਼ਰੂਰ ਕਰਦਾ ਸੀ ਅਤੇ ਬਚਾਉ ਵੀ ਕਰਦਾ ਸੀ। ਪਰ ਜੇ ਮਿਲੀਸ਼ੀਆ ਕਮਾਂਡਰ ਕਮਿਊਨਿਸਟ ਹੁੰਦੇ ਤਾਂ ਉਨ੍ਹਾਂ ਲਈ ਵਿਸ਼ੇਸ਼ ਮੁਸ਼ਕਲ ਖੜ੍ਹੀਆਂ ਕਰਨ ਦਾ ਕੋਈ ਵੀ ਮੌਕਾ ਉਹ ਹੱਥੋਂ ਨਹੀਂ ਸੀ ਜਾਣ ਦਿੰਦਾ।

ਕਮਿਊਨਿਸਟਾਂ ਦਾ ਪੱਕਾ ਵਿਰੋਧੀ ਹੋਣ ਤੋਂ ਇਲਾਵਾ, ਪਰੀਟੋ ਦੇ ਵਤੀਰੇ ਪਿੱਛੇ ਇਕ ਡਰ ਵੀ ਪਿਆ ਸੀ ਜਿਸ ਨੂੰ ਉਹ ਕਦੇ ਮੰਨਦਾ ਭਾਵੇਂ ਨਹੀਂ ਸੀ ਪਰ ਇਹ ਅਕਸਰ ਹੀ ਜ਼ਾਹਰ ਹੁੰਦਾ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਗਣਰਾਜ ਦੀ ਰਾਖੀ ਲਈ ਲੜਾਈਆਂ 'ਚ ਪਾਣ ਚੜ੍ਹੀ, ਲੋਕ ਯੋਧਿਆਂ ਦੀ ਅਗਵਾਈ ਵਾਲੀ ਫ਼ੌਜ ਅਥਾਹ ਇਨਕਲਾਬੀ ਤਾਕਤ ਬਣਦੀ ਸੀ, ਜੋ ਸਪੇਨ ਦੇ ਭਵਿੱਖੀ ਸਿਆਸੀ ਪ੍ਰਬੰਧ ਨੂੰ ਜਥੇਬੰਦ ਕਰਨ 'ਚ ਫ਼ੈਸਲਾਕੁਨ ਭੂਮਿਕਾ ਨਿਭਾ ਸਕਦੀ ਸੀ।

ਇਸ ਤਾਕਤ ਨੂੰ ਕਮਜ਼ੋਰ ਕਰਨਾ, "ਗ਼ੈਰ-ਸਿਆਸੀ" ਪੇਸ਼ਾਵਰ ਫ਼ੌਜੀਆਂ ਦੀ ਲੀਡਰਸ਼ਿਪ ਹੇਠ ਫ਼ੌਜ ਨੂੰ ਬੇਕਾਇਦਾ ਭੀੜ ਬਣਾ ਦੇਣਾ, ਇਸ ਨੂੰ ਯੁੱਧ ਮੰਤਰਾਲੇ ਦੇ ਅਧੀਨ ਰੱਖਕੇ ਅਤੇ ਬਿਨਾਂ ਜਾਇਜ਼-ਨਜਾਇਜ਼ ਦੇਖੇ ਪੇਸ਼ਾਵਰ ਲੀਡਰਸ਼ਿਪ ਦੀਆਂ ਸਲਾਹਾਂ ਲੈਂਦੇ ਰਹਿਣਾ ਪਰੀਟੋ ਦੀ ਨੀਤੀ ਸੀ।

ਅਮਨ ਦੇ ਸਮੇਂ, ਗ਼ਲਤ ਨੀਤੀਆਂ ਬਾਰੇ ਬਹਿਸ ਹੋ ਸਕਦੀ ਹੈ। ਪਰ ਜੰਗ ਦੇ ਸਮੇਂ ਇਹ ਨੀਤੀਆਂ ਵਿਵਾਦਮਈ ਹੋਣ ਨਾਲੋਂ, ਉਲਟ ਇਨਕਲਾਬੀ ਹੋਣ ਨਾਲੋਂ ਕਿਤੇ ਵੱਧ ਸਨ; ਸਾਫ਼ ਕਹਿਣਾ ਹੋਵੇ ਤਾਂ ਇਹ ਨਿਰਾ ਆਤਮਘਾਤ ਸਨ।

ਰੱਖਿਆ ਮੰਤਰਾਲੇ ਦੀਆਂ ਨੀਤੀਆਂ ਸਾਡੇ ਫ਼ੌਜੀ ਦਸਤਿਆਂ ਦੇ ਹੌਸਲੇ ਪਸਤ ਕਰਦੀਆਂ ਹੋਣ ਕਾਰਣ, ਇਕ ਤੋਂ ਵੱਧ ਮੌਕਿਆਂ 'ਤੇ ਇਮਾਨਦਾਰ ਫ਼ੌਜੀ ਮੁਖੀਆਂ ਵੱਲੋਂ ਇਨ੍ਹਾਂ 'ਤੇ ਇਤਰਾਜ਼ ਕੀਤਾ ਗਿਆ। ਉਹ ਜਾਣਦੇ ਸਨ ਕਿ ਪਰੀਟੋ ਦੀਆਂ ਨੀਤੀਆਂ ਟਾਕਰੇ ਨੂੰ ਖ਼ਤਰੇ ਮੂੰਹ ਸੁੱਟਣ ਵਾਲੀਆਂ ਸਨ, ਟੇਰੂਅਲ ਦੀ ਲੜਾਈ 'ਚ ਇਹ ਸਪਸ਼ਟ ਰੂਪ 'ਚ ਸਾਬਤ ਹੋ ਗਿਆ ਸੀ ਕਿ

ਇਹ ਨੀਤੀਆਂ ਵਿਅਰਥ ਸਨ। ਥੋੜ੍ਹੇ ਸਮੇਂ 'ਚ ਹੀ ਇਨ੍ਹਾਂ ਦੇ ਹੋਰ ਵੀ ਘਾਤਕ ਨਤੀਜੇ ਨਿੱਕਲਣੇ ਸਨ।

9 ਮਾਰਚ 1938 ਨੂੰ ਦੁਸ਼ਮਣ ਨੇ ਪੂਰਬੀ ਮੁਹਾਜ਼ ਉੱਪਰ ਆਮ ਹਮਲਾ ਵਿੱਢ ਦਿੱਤਾ, ਇਹ ਗਣਰਾਜ ਦੀਆਂ ਸਫ਼ਾਂ ਨੂੰ ਤੋੜਨ ਅਤੇ ਇਸ ਖੇਤਰ ਦੇ ਦਸਤਿਆਂ ਨੂੰ ਖਿੰਡਾਉਣ 'ਚ ਕਾਮਯਾਬ ਹੋ ਗਿਆ। ਭਾਵੇਂ ਲੋਕ ਫ਼ੌਜ ਦੀ ਆਪਣੀ ਕੋਈ ਗ਼ਲਤੀ ਨਹੀਂ ਸੀ, ਪਰ ਇਸ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਗਿਆ। ਇਹ ਆਫ਼ਤ ਇਸ ਕਾਰਣ ਆਈ ਕਿਉਂਕਿ ਰੱਖਿਆ ਮੰਤਰੀ ਨੇ ਤਮਾਮ ਫ਼ੌਜੀ ਦਲੀਲਾਂ ਅਤੇ ਆਮ ਸੂਝ ਨੂੰ ਛਿੱਕੇ ਟੰਗਕੇ ਕਾਰਵਾਈ ਕੀਤੀ ਸੀ। ਇਸ ਪਛਾੜ ਤੋਂ ਉਤਸ਼ਾਹਤ ਹੋ ਕੇ ਸਰਕਾਰ 'ਚ ਬੈਠੇ ਭਾਂਜਵਾਦੀਆਂ ਨੇ ਸਿਰੇ ਦੀ ਘਾਤਕ ਮੁਹਿਮ ਚਲਾ ਦਿੱਤੀ। ਕੈਟਾਲੋਨੀਆ ਦੀ ਰਾਜਧਾਨੀ 'ਚ ਆਤਮ-ਸਮਰਪਣ ਕਰਨ ਦੀਆਂ ਅਫਵਾਹਾਂ ਫੈਲਾ ਦਿੱਤੀਆਂ ਗਈਆਂ।

ਕਮਿਊਨਿਸਟ ਪਾਰਟੀ ਨੇ ਬਾਰਸੀਲੋਨਾ ਦੇ ਵਸਨੀਕਾਂ ਅਤੇ ਹਥਿਆਰਬੰਦ ਤਾਕਤਾਂ—ਜੋ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ—ਨੂੰ ਇਹ ਮੰਗ ਕਰਨ ਲਈ ਲਾਮਬੰਦ ਕੀਤਾ ਕਿ ਸਰਕਾਰ ਟਾਕਰਾ ਜਾਰੀ ਰੱਖੇ ਅਤੇ ਗੋਡੇ ਟੇਕਣ ਦੀ ਵਕਾਲਤ ਕਰਨ ਵਾਲਿਆਂ ਦੇ ਖ਼ਿਲਾਫ਼ ਕਦਮ ਚੁੱਕੇ। 16 ਮਾਰਚ 1938 ਨੂੰ ਬਾਰਸੀਲੋਨਾ ਦੀਆਂ ਮੁੱਖ ਸੜਕਾਂ ਵਿਚੋਂ ਦੀ ਲੰਘਕੇ ਪੈਡਰੈਬਲਜ਼ ਮਹਿਲ, ਤੱਕ ਵਿਸ਼ਾਲ ਮੁਜ਼ਾਹਰਾ ਕੀਤਾ ਗਿਆ, ਜਿੱਥੇ ਮੰਤਰੀਆਂ ਦੀ ਕੌਂਸਲ ਦਾ ਸਮਾਗਮ ਚੱਲ ਰਿਹਾ ਸੀ। ਮੁਜ਼ਾਹਰਾਕਾਰੀਆਂ ਨੇ ਇੱਥੇ ਮੰਗ ਕੀਤੀ ਕਿ ਟਾਕਰਾ ਜਾਰੀ ਰੱਖਿਆ ਜਾਵੇ ਅਤੇ ਗਣਰਾਜ ਦੀ ਰਾਖੀ ਨਾ ਕਰਨਾ ਚਾਹੁੰਦੇ ਮੰਤਰੀਆਂ ਨੂੰ ਬਦਲਿਆ ਜਾਵੇ।

ਇਨ੍ਹਾਂ 'ਚੋਂ ਬਹੁਤੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਲੈ ਕੇ ਕਮੇਟੀ ਬਣਾਈ ਗਈ ਜੋ ਫ਼ਾਸ਼ੀਵਾਦ ਵਿਰੁੱਧ ਲੜਾਈ ਜਾਰੀ ਰੱਖਣਾ ਚਾਹੁੰਦੀਆਂ ਸਨ। ਇਸ ਵਿਚ ਯੂ.ਜੀ.ਟੀ. ਦਾ ਨੁਮਾਇੰਦਾ ਪਰੈਟਲ, ਸੀ.ਐੱਨ.ਟੀ. ਦਾ ਮੈਰੀਆਨੋ ਆਰ. ਵਜ਼ਕੁਏਜ਼, ਪੀ.ਐੱਸ.ਓ.ਈ. (ਸਪੇਨ ਦੀ ਸਮਾਜਵਾਦੀ ਮਜ਼ਦੂਰ ਪਾਰਟੀ) ਦਾ ਵਿਦਾਰਤੇ, ਸਮਾਜਵਾਦੀ ਨੌਜਵਾਨ ਜਥੇਬੰਦੀ ਦਾ ਸਾਂਤਿਆਗੋ ਕੈਰਿਲੋ, ਯੂਨਾਈਟਿਡ ਸਮਾਜਵਾਦੀ ਪਾਰਟੀ ਦਾ ਸਿਆਰਾ ਪੈਮੀਜ਼ ਅਤੇ ਐੱਫ.ਏ.ਆਈ. ਦਾ ਨੁਮਾਇੰਦਾ ਗਿਊਰੇਰੋ ਸ਼ਾਮਲ ਸੀ।

ਕਮੇਟੀ 'ਚ ਮੈਂ ਕਮਿਊਨਿਸਟ ਪਾਰਟੀ ਦੀ ਨੁਮਾਇੰਦਗੀ ਕੀਤੀ। ਨੈਗਰਿਨ ਨਾਲ ਸਾਡੀ ਮੁਲਾਕਾਤ ਸਮੇਂ, ਉਸ ਨੇ ਗੋਡੇ ਟੇਕਣ ਦੀਆਂ ਅਫ਼ਵਾਹਾਂ ਨੂੰ ਕੋਈ ਮਹੱਤਤਾ ਨਾ ਦੇਣ ਦੀ ਖਾਹਸ਼ ਜ਼ਾਹਰ ਕੀਤੀ ਅਤੇ ਜਿੱਥੋਂ ਤੱਕ ਸੰਭਵ ਹੋਵੇਗਾ ਜੰਗ ਜਾਰੀ ਰੱਖਣ ਦਾ ਵਾਅਦਾ ਕੀਤਾ।

ਮੁਜ਼ਾਹਰਾਕਾਰੀ ਖਿੰਡ-ਪੁੰਡ ਗਏ, ਕੁਝ ਸ਼ਹਿਰ ਦੇ ਕੇਂਦਰ ਵੱਲ ਚਲੇ ਗਏ ਅਤੇ ਬਾਕੀ ਬਹੁਗਿਣਤੀ ਘਰਾਂ ਨੂੰ ਚਲੀ ਗਈ।

ਇਸ ਸਮੇਂ ਇਕ ਮਾੜੀ ਘਟਨਾ ਵਾਪਰੀ, ਇਹ ਠੋਸ ਸੰਕੇਤ ਸੀ ਕਿ ਸਰਕਾਰੀ ਹਲਕਿਆਂ ਦੇ ਅੰਦਰੋਂ ਕੋਈ ਜਣਾ ਦੁਸ਼ਮਣ ਨੂੰ ਸੂਹ ਦੇ ਰਿਹਾ ਸੀ। ਦੁਸ਼ਮਣ ਨੂੰ ਇਹ ਖ਼ਬਰ ਪਹੁੰਚਾਈ ਗਈ ਸੀ ਕਿ ਸਰਕਾਰ ਵਿਚ ਸੰਕਟ ਪੈਦਾ ਹੋਣ ਦੀ ਸੰਭਾਵਨਾ ਹੈ, ਕਿ ਜੇ ਇਹ ਸਾਕਾਰ ਹੋ ਗਿਆ ਤਾਂ ਇਸ ਦਾ ਸਿੱਟਾ ਸਰਕਾਰ ਦੇ ਗੋਡੇ ਟੇਕਣ 'ਚ ਨਿੱਕਲੇਗਾ।

ਜਦੋਂ ਸਰਕਾਰ ਦੇ ਗੋਡੇ ਟੇਕ ਦੇਣ ਦਾ ਕੋਈ ਸੰਕੇਤ ਨਹੀਂ ਮਿਲਿਆ ਤਾਂ ਮੁਜ਼ਾਹਰੇ 'ਚ ਹਿੱਸਾ ਲੈਣ ਵਾਲੇ ਹਜ਼ਾਰਾਂ ਮਜ਼ਦੂਰਾਂ ਦੇ ਘਰੋ-ਘਰੀ ਪਹੁੰਚਣ ਤੋਂ ਪਹਿਲਾ ਹੀ ਫਰਾਂਕੋ ਨੇ ਆਪਣੇ ਬੰਬਾਰ ਦਸਤੇ ਦੇ ਵੱਡੇ ਹਿੱਸੇ ਨੂੰ ਬਾਰਸੀਲੋਨਾ ਉੱਪਰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਸੈਂਕੜੇ ਸ਼ਹਿਰ

ਵਾਸੀ ਥਾਏਂ ਢੇਰ ਹੋ ਗਏ। ਲੋਕਾਂ ਦੇ ਹੌਸਲੇ ਪਸਤ ਕਰਨ ਅਤੇ ਸਰਕਾਰ ਨੂੰ ਝੁਕਾਉਣ ਲਈ ਫਾਸ਼ੀਵਾਦੀਏ ਕਈ ਦਿਨ ਬਾਰਸੀਲੋਨਾ ਉੱਪਰ ਵਹਿਸ਼ੀ ਢੰਗ ਨਾਲ ਬੰਬਾਰੀ ਕਰਦੇ ਰਹੇ।

ਸੰਕਟ ਆਇਆ ਪਰ ਦੁਸ਼ਮਣ ਅਤੇ ਗਣਰਾਜੀ ਖ਼ੇਮੇ ਅੰਦਰਲੇ ਇਸ ਦੇ ਏਜੰਟਾਂ ਦੀ ਇੱਛਾ ਅਨੁਸਾਰ ਸਿੱਟੇ ਨਾ ਨਿੱਕਲੇ। ਰੱਖਿਆ ਮੰਤਰੀ ਨੇ ਅਸਤੀਫ਼ਾ ਦੇ ਦਿੱਤਾ। ਸਪੇਨ ਦੀਆਂ ਦੋ ਟਰੇਡ ਯੂਨੀਅਨ ਜਥੇਬੰਦੀਆਂ ਦੇ ਨੁਮਾਇੰਦੇ ਸਰਕਾਰ 'ਚ ਸ਼ਾਮਲ ਹੋ ਗਏ: ਯੂ.ਜੀ.ਟੀ. ਵੱਲੋਂ ਰਾਮੋਨ ਗੋਂਜ਼ਲੇਜ਼ ਪੈਨਾ, ਅਤੇ ਸੀ.ਐੱਨ.ਟੀ. ਵੱਲੋਂ ਸੈਗੁੰਡੋ ਬਲਾਂਕੋ।

ਕਮਿਊਨਿਸਟ ਪਾਰਟੀ ਨੇ ਪਰੀਟੋ ਨੂੰ ਰੱਖਿਆ ਮੰਤਰਾਲੇ ਦੇ ਮੁਖੀ ਦੀ ਥਾਂ ਹੋਰ ਮੰਤਰਾਲੇ ਦੇ ਮੁਖੀ ਵਜੋਂ ਸਰਕਾਰ 'ਚ ਰੱਖਣ ਦੀ ਪੂਰੀ ਵਾਹ ਲਾਈ ਪਰ ਉਸਨੇ ਸਾਰੀਆਂ ਤਜਵੀਜ਼ਾਂ ਰੱਦ ਕਰ ਦਿੱਤੀਆਂ। ਨੈਗਰਿਨ ਦੀ ਨਵੀਂ ਵਜ਼ਾਰਤ ਨੂੰ ਛੇਤੀ ਬਣਾਉਣ ਲਈ ਕਮਿਊਨਿਸਟ ਪਾਰਟੀ ਨੇ ਆਪਣਾ ਇਕ ਮੰਤਰੀ ਵਾਪਸ ਬੁਲਾ ਲਿਆ, ਜੋ ਵੱਧ ਤੋਂ ਵੱਧ ਸਿਆਸੀ ਧਿਰਾਂ ਨੂੰ ਸ਼ਾਮਲ ਕਰਨ ਅਤੇ ਜੰਗ ਨੂੰ ਜਾਰੀ ਰੱਖਣ ਲਈ ਜ਼ਰੂਰੀ ਸੀ।

6 ਅਪ੍ਰੈਲ 1938 ਨੂੰ ਸਪੇਨ ਦੀ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਰੋ ਨੇ ਬਿਆਨ ਜਾਰੀ ਕਰਕੇ "ਗਣਰਾਜੀ ਸਰਕਾਰ ਨੂੰ ਜੰਗ ਅਤੇ ਕੌਮੀ ਏਕਤਾ ਦੀ ਸਰਕਾਰ 'ਚ ਬਦਲਣ ਵਾਲੀਆਂ ਨੀਤੀਆਂ" ਨਾਲ ਪੂਰੀ ਸਹਿਮਤੀ ਪ੍ਰਗਟਾਈ ਅਤੇ "ਸਾਡੀ ਜੱਦੋਜਹਿਦ ਦੀ ਇਸ ਸਭ ਤੋਂ ਨਾਜ਼ੁਕ ਘੜੀ 'ਚ ਏਕਤਾ ਦੇ ਇਜ਼ਹਾਰ" ਵਜੋਂ ਸਰਕਾਰ 'ਚ ਟਰੇਡ ਯੂਨੀਅਨ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਨੂੰ ਜੀ ਆਇਆਂ ਆਖਿਆ, "ਜਿਸ ਨਾਲ ਹਰੇਕ ਯੋਗ ਵਿਅਕਤੀ ਨੂੰ ਲਾਮਬੰਦ ਕਰ ਲਿਆ ਜਾਵੇਗਾ, ਵੱਧ ਤੋਂ ਵੱਧ ਸਨਅਤੀ ਪੈਦਾਵਾਰ ਕੀਤੀ ਜਾ ਸਕੇਗੀ, ਸਮੁੱਚੇ ਦੇਸ਼ ਨੂੰ ਜੰਗੀ ਪੱਧਰ 'ਤੇ ਸਰਗਰਮ ਕੀਤਾ ਜਾ ਸਕੇਗਾ ਤਾਂ ਕਿ ਅਸੀਂ ਮੁਹਾਜ਼ ਮੁੜ ਹਾਸਲ ਕਰ ਸਕੀਏ ਅਤੇ ਸਪੇਨ ਦੀ ਮੁਕਤੀ ਅਤੇ ਆਜ਼ਾਦੀ ਤੱਕ ਲੜਦੇ ਰਹਿ ਸਕੀਏ।"

ਪਰੀਟੋ ਦੀ ਥਾਂ ਡਾ. ਨੈਗਰਿਨ ਰੱਖਿਆ ਮੰਤਰੀ ਬਣਿਆ। ਇਸ ਸਮੇਂ ਫਾਸ਼ੀਵਾਦੀਆਂ ਨੇ ਪੂਰਬੀ ਮੁਹਾਜ਼ ਉੱਪਰ ਵੱਡਾ ਹਮਲਾ ਵਿੱਢ ਰੱਖਿਆ ਸੀ ਅਤੇ ਉਹ ਲੇਰਿਡਾ ਪਹੁੰਚ ਗਏ ਸਨ। ਪਰ੍ਹਾਂ ਦੱਖਣ 'ਚ ਬਾਗ਼ੀ ਗਣਰਾਜ ਦੇ ਖੇਤਰ ਨੂੰ ਦੋ ਹਿੱਸਿਆਂ 'ਚ ਵੰਡਣ ਦੇ ਉਦੇਸ਼ ਨਾਲ ਭੂਮੱਧ ਸਾਗਰ ਵੱਲ ਵਧ ਰਹੇ ਸਨ—ਉਹ ਇਸ ਪਾਸੇ ਅੱਗੇ ਵਧਦੇ ਗਏ।

ਔਖੀ ਹਾਲਤ ਦੇ ਬਾਵਜੂਦ, ਨੈਗਰਿਨ ਇਸ ਦਾ ਮੁਕਾਬਲਾ ਕਰਨ ਲਈ ਦ੍ਰਿੜ ਸੀ, ਅਤੇ ਉਸਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਸਮਰੱਥ ਯੋਧੇ ਬਣਕੇ ਦਿਖਾ ਦਿਉ। ਉਸਨੇ ਐਲਾਨ ਕੀਤਾ ਕਿ ਹੁਣ ਟਾਕਰੇ ਦਾ ਅਰਥ ਹੋਵੇਗਾ ਜਿੱਤ ਵੱਲ ਪਹਿਲਾ ਕਦਮ।

ਪਰੀਟੋ ਦੇ ਅਸਤੀਫ਼ਾ ਦੇਣ ਤੋਂ ਹਫ਼ਤਾ ਕੁ ਬਾਦ 15 ਅਪ੍ਰੈਲ ਨੂੰ ਇਤਾਲਵੀ ਫ਼ੌਜੀ ਦਸਤੇ ਵਿਨਾਰੋਜ਼ ਪਹੁੰਚ ਗਏ ਅਤੇ ਕੈਟਾਲੋਨੀਆ ਨੂੰ ਬਾਕੀ ਪ੍ਰਾਇਦੀਪ (ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰੀ ਧਰਤੀ) ਨਾਲੋਂ ਅਲੱਗ ਕਰ ਦਿੱਤਾ ਗਿਆ। ਬਾਗ਼ੀਆਂ ਦੇ ਜਨਰਲ ਸਟਾਫ਼ ਨੇ ਦੂਹਰੇ ਹਮਲੇ ਦੀ ਯੋਜਨਾ ਬਣਾਈ ਹੋਈ ਸੀ ਜਿਸ ਅਨੁਸਾਰ ਉਨ੍ਹਾਂ ਨੇ ਵਿਨਾਰੋਜ਼ ਤੋਂ ਸ਼ੁਰੂ ਕਰਨਾ ਸੀ ਅਤੇ ਉੱਤਰ 'ਚ ਬਾਰਸੀਲੋਨਾ ਵੱਲ ਅਤੇ ਦੱਖਣ 'ਚ ਵੇਲੈਂਸੀਆ ਵੱਲ ਵਧਣਾ ਸੀ। ਜੇ ਉਹ ਵੇਲੈਂਸੀਆ 'ਤੇ ਕਬਜ਼ਾ ਕਰਨ 'ਚ ਕਾਮਯਾਬ ਹੋ ਜਾਂਦੇ ਤਾਂ ਮੈਡਰਿਡ ਨੇ ਅਲੱਗ-ਥਲੱਗ ਹੋ ਜਾਣਾ ਸੀ ਅਤੇ ਦੁਸ਼ਮਣ ਨੇ ਗਣਰਾਜੀ ਟਾਕਰੇ ਦਾ ਸਫ਼ਾਇਆ ਕਰ ਦੇਣਾ ਸੀ।

ਬਾਗ਼ੀਆਂ ਦੇ ਮਨਸੂਬੇ ਪੂਰੀ ਤਰ੍ਹਾਂ ਕਾਮਯਾਬ ਨਾ ਹੋਏ। ਗਣਰਾਜ ਦੀ ਫ਼ੌਜ ਬਹਾਦਰੀ ਨਾਲ ਲੜਕੇ ਦੁਸ਼ਮਣ ਦੇ ਹਮਲੇ ਨੂੰ ਵੇਲੈਂਸੀਆ ਦੇ ਦੱਖਣ 'ਚ ਅਤੇ ਦੂਜੇ ਪਾਸੇ ਟੌਰਟੋਸਾ 'ਚ ਰੋਕਣ 'ਚ

ਕਾਮਯਾਬ ਹੋ ਗਈ। ਇਹ ਦੋ ਹਿੱਸਿਆਂ 'ਚ ਵੰਡਿਆ ਪਿਆ ਸੀ, ਇਕ ਹਿੱਸਾ ਬਾਗ਼ੀਆਂ ਦੇ ਕਬਜ਼ੇ 'ਚ ਸੀ ਅਤੇ ਦੂਜਾ ਗਣਰਾਜਵਾਦੀਆਂ ਦੇ।

ਗਣਰਾਜ ਦੇ ਸਮੁੰਦਰੀ ਜਹਾਜ਼ਾਂ ਦੇ ਬੇੜੇ ਦੀਆਂ ਕਾਰਵਾਈਆਂ ਦਾ ਜ਼ਿਕਰ ਕੀਤੇ ਬਿਨਾਂ ਭੂਮੱਧ ਸਾਗਰ 'ਚ ਫਰਾਂਕੋ ਦੀ ਫ਼ੌਜ ਦੇ ਆਉਣ ਦੀ ਗੱਲ ਕਰਨਾ ਸੰਭਵ ਨਹੀਂ ਹੈ। ਸਮੁੰਦਰੀ ਬੇੜਾ ਕਿੱਥੇ ਗੜਬੜ ਕਰ ਰਿਹਾ ਸੀ ? ਜਦੋਂ ਸਾਡੇ ਫ਼ੌਜੀ ਦੇਸ਼ ਦੀ ਇਕ-ਇਕ ਇੰਚ ਥਾਂ ਦੀ ਰਾਖੀ ਲਈ ਬਾਗ਼ੀਆਂ ਨਾਲ ਟੱਕਰ ਲੈ ਰਹੇ ਸਨ, ਓਦੋਂ ਸਾਡੇ ਬਹੁਤੇ ਸਮੁੰਦਰੀ ਜਹਾਜ਼ ਗਣਰਾਜ ਦੇ ਪਾਣੀਆਂ 'ਚ ਮਹਿਫੂਜ਼ ਬੈਠੇ ਅਰਾਮ ਫਰਮਾਉਂਦੇ ਰਹੇ।

ਬਗ਼ਾਵਤ ਦੇ ਪਹਿਲੇ ਦਿਨਾਂ 'ਚ, ਜੰਗੀ ਸਮੁੰਦਰੀ ਬੇੜੇ ਦੇ ਜਹਾਜ਼ੀਆਂ ਦੀਆਂ ਕੋਸ਼ਿਸ਼ਾਂ ਨਾਲ ਉਨ੍ਹਾਂ ਥੋੜ੍ਹੇ ਜਹੇ ਕਾਰਪੋਰਲਾਂ ਅਤੇ ਅਫ਼ਸਰਾਂ, ਜੋ ਜਮਹੂਰੀ ਖ਼ਿਆਲਾਂ ਲਈ ਪ੍ਰਸਿੱਧ ਸਨ, ਦੀ ਅਗਵਾਈ 'ਚ ਸਮੁੰਦਰੀ ਬੇੜਾ ਗਣਰਾਜ ਪ੍ਰਤੀ ਵਫ਼ਾਦਾਰ ਬਣਿਆ ਰਿਹਾ ਅਤੇ ਗਣਰਾਜ ਵਿਰੋਧੀ, ਪਿਛਾਖੜੀ ਅਫ਼ਸਰਾਂ ਦੀਆਂ ਯੋਜਨਾਵਾਂ ਸਫ਼ਲ ਨਾ ਹੋਣ ਦਿੱਤੀਆਂ, ਜਿਹੜੇ ਸਾਡੇ ਸਮੁੰਦਰੀ ਜਹਾਜ਼ਾਂ ਨੂੰ ਫਰਾਂਕੋ ਦੀ ਸੇਵਾ 'ਚ ਲਾਉਣਾ ਚਾਹੁੰਦੇ ਸਨ। ਬਗ਼ਾਵਤ 'ਚ ਸ਼ਾਮਲ ਵੱਡੀ ਗਿਣਤੀ ਅਫ਼ਸਰ ਸਮੁੰਦਰੀ ਜਹਾਜ਼ ਛੱਡ ਗਏ ਅਤੇ ਕਾਰਟਾਜੇਨਾ 'ਚ ਰਹੇ, ਉਹ ਹੱਥ 'ਤੇ ਹੱਥ ਧਰਕੇ ਜੰਗ ਖ਼ਤਮ ਹੋਣ ਦੀ ਇੰਤਜ਼ਾਰ 'ਚ ਨਹੀਂ ਸੀ ਬੈਠੇ, ਸਗੋਂ ਗਣਰਾਜ ਦੇ ਵਿਰੁੱਧ ਸਰਗਰਮੀ ਨਾਲ ਸਾਜ਼ਿਸ਼ਾਂ 'ਚ ਜੁੱਟੇ ਹੋਏ ਸਨ।

ਸਰਕਾਰ ਦੀ ਫ਼ੌਜੀ ਕਾਰਵਾਈਆਂ ਦੀ ਆਮ ਯੋਜਨਾ ਨਾ ਹੋਣ ਕਾਰਣ ਬਹੁਤੇ ਸਮੁੰਦਰੀ ਜਹਾਜ਼ ਮੁੱਖ ਤੌਰ 'ਤੇ ਕਾਰਟਾਜੇਨਾ 'ਚ ਲੰਗਰ ਸੁੱਟੀ ਬੇਹਰਕਤ ਟਿਕੇ ਰਹੇ। ਸਿੱਟੇ ਵਜੋਂ, ਕੌਲ ਦੀ ਅਗਵਾਈ ਵਾਲੀ ਟੋਲੀ ਵਰਗੇ ਸਭ ਤੋਂ ਖਾੜਕੂ ਜਹਾਜ਼ੀਆਂ ਨੇ ਚੁੱਪਚਾਪ ਲੜਾਈ ਦੇਖਦੇ ਰਹਿਣ ਨਾਲੋਂ ਜਹਾਜ਼ ਛੱਡਕੇ ਫ਼ੌਜੀਆਂ ਨਾਲ ਮਿਲਕੇ ਲੜਨ ਨੂੰ ਤਰਜੀਹ ਦਿੱਤੀ ਜੋ ਸਪੇਨ ਦੀ ਹੋਣੀ ਤੈਅ ਕਰ ਰਹੀ ਸੀ ਅਤੇ ਸਾਡੇ ਅਨੇਕਾਂ ਲੋਕਾਂ ਦੀਆਂ ਜਾਨਾਂ ਦਾ ਖੌਅ ਬਣੀ ਹੋਈ ਸੀ।

ਛੋਟੇ-ਛੋਟੇ ਸਮੁੰਦਰੀ ਫ਼ੌਜੀ ਦਸਤੇ ਵੱਖ-ਵੱਖ ਬੰਦਰਗਾਹਾਂ, ਖ਼ਾਸ ਤੌਰ 'ਤੇ ਉੱਤਰ—ਅਸਟੂਰੀਅਸ ਅਤੇ ਬਾਸਕ ਦੇਸ਼—ਵਿਚ ਫ਼ੌਜੀ ਅੱਡਿਆਂ 'ਤੇ ਮੌਜੂਦ ਸਨ। ਇਨ੍ਹਾਂ 'ਚੋਂ ਹਰੇਕ ਜਹਾਜ਼ੀ ਸੂਰਮਾ ਸੀ ਜਿਸਨੇ ਬਾਸਕ ਦੇ ਜਹਾਜ਼ੀਆਂ ਦੀ ਅਤੇ ਆਮ ਰੂਪ 'ਚ ਸਪੇਨ ਦੇ ਮਲਾਹਾਂ ਦੀ ਸ਼ਾਨਦਾਰ ਰਵਾਇਤ ਜਾਰੀ ਰੱਖੀ। ਇਨ੍ਹਾਂ ਸੂਰਮਿਆਂ ਵਿਚੋਂ ਇਕ ਸੀ ਪੈਡਰੋ ਪਰੈਡੋਸ, ਮੈਨਡੇਜ਼ ਨੁਨੇਜ਼ ਦਾ ਕਮਾਂਡਰ, ਜਿਸਨੇ ਸਮੁੰਦਰੀ ਬੇੜੇ ਨੂੰ ਗਣਰਾਜ ਪ੍ਰਤੀ ਵਫ਼ਾਦਾਰ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਈ, ਜੋ ਬਾਦ 'ਚ ਸਮੁੰਦਰੀ ਫ਼ੌਜ ਦਾ ਮੁਖੀ ਬਣਿਆ।

ਸਮੁੰਦਰੀ ਬੇੜੇ ਦੇ ਚੋਟੀ ਦੇ ਸੂਰਮੇ ਜਹਾਜ਼ੀਆਂ 'ਚੋਂ ਕੁਝ *ਜੋਸ ਲੁਇਸ ਡਿਏਜ਼* ਨਾਂਅ ਦੇ ਜੰਗੀ ਜਹਾਜ਼ 'ਤੇ ਕੰਮ ਕਰਦੇ ਸਨ। ਇਨ੍ਹਾਂ ਨੇ ਉਸ ਫ਼ੈਸਲਾਕੁਨ ਭੂਮਿਕਾ ਦੀ ਕਾਬਲੇ-ਤਾਰੀਫ਼ ਮਿਸਾਲ ਕਾਇਮ ਕੀਤੀ ਜੋ ਸਮੁੰਦਰੀ ਬੇੜੇ ਜੰਗ 'ਚ ਨਿਭਾ ਸਕਦੇ ਸਨ, ਜੇ ਪਿਛਾਖੜੀ ਕਮਾਂਡਰਾਂ, ਜਿਨ੍ਹਾਂ ਨੇ ਇਸ ਨੂੰ ਭੰਨਤੋੜ ਦੀ ਸੇਵਾ 'ਚ ਲਾਇਆ ਹੋਇਆ ਸੀ, ਨੂੰ ਉਨ੍ਹਾਂ ਦੇ ਸਮੁੰਦਰੀ ਜਹਾਜ਼ਾਂ 'ਤੇ ਮੁੜ ਬਹਾਲ ਨਾ ਕੀਤਾ ਗਿਆ ਹੁੰਦਾ ਅਤੇ ਸਭ ਤੋਂ ਮਾੜੀ ਗੱਲ, ਜੇ ਗਣਰਾਜ ਦੀਆਂ ਜ਼ਮੀਨੀ ਤੇ ਸਮੁੰਦਰੀ ਫ਼ੌਜੀ ਕਾਰਵਾਈਆਂ ਦੀਆਂ ਯੋਜਨਾਵਾਂ ਬਣਾਉਣ ਵਾਲੇ ਨਾਲਾਇਕੀ ਨਾ ਦਿਖਾਉਂਦੇ।

ਜੰਗੀ ਜਹਾਜ਼ *ਜੋਸ ਲੁਇਸ ਡਿਏਜ਼* ਨੇ ਗਿਬਰਾਲਟਰ ਦੇ ਜਲ-ਡਮਰੂਆਂ 'ਚ ਦੁਸ਼ਮਣ ਦੇ ਕਈ ਸਮੁੰਦਰੀ ਜਹਾਜ਼ਾਂ ਨਾਲ ਟੱਕਰ ਲਈ। ਦੁਸ਼ਮਣ ਦੀ ਘੇਰਾਬੰਦੀ ਤੋਂ ਬਚਣ ਦੀ ਘਮਸਾਣ

ਦੀ ਲੜਾਈ ਤੋਂ ਬਾਦ ਅਤੇ ਦੁਸ਼ਮਣ ਦੀ ਫ਼ੌਜੀ ਉੱਤਮਤਾ ਦੇ ਮੱਦੇ-ਨਜ਼ਰ, ਅਮਲੇ ਨੇ ਇਹ ਸਮੁੰਦਰੀ ਜਹਾਜ਼ ਗਿਬਰਾਲਟਰ 'ਚ ਡੁਬੋ ਦਿੱਤਾ। ਜਹਾਜ਼ ਦੇ ਕਮਾਂਡਰ ਸਨ ਜੋਸ ਅਨਤੋਨੀਓ ਕਾਸਤਰੋ, ਹੇਰਨਾਡੋਰੇਨਾ, ਮਰਚੈਂਟ ਜਹਾਜ਼ਰਾਨੀ ਕਪਤਾਨ ਅਤੇ ਸਮੁੰਦਰੀ ਫ਼ੌਜ ਦੇ ਰਾਖਵੇਂ ਦਸਤਿਆਂ ਦਾ ਲਫਟੈਣ, ਜਿਸ ਨੇ ਗਣਰਾਜ ਦੇ ਪਣਡੁੱਬੀ ਬੇੜੇ 'ਚ ਨੌਕਰੀ ਕੀਤੀ, ਮਰਚੈਂਟ ਜਹਾਜ਼ਰਾਣੀ ਦਾ ਅਤੇ ਰਾਖਵੇਂ ਦਸਤਿਆਂ ਦਾ ਕਪਤਾਨ।

ਹੋਰ ਵੀ ਅਨੇਕਾਂ ਸੂਰਮੇ ਜਹਾਜ਼ੀਆਂ, ਇਨ੍ਹਾਂ 'ਚ ਕੁਝ ਕਮਿਊਨਿਸਟ ਅਤੇ ਬਾਕੀ ਦੇ ਦ੍ਰਿੜ ਜਮਹੂਰੀਅਤ-ਪਸੰਦ ਸਨ, ਨੇ ਗਣਰਾਜ ਪ੍ਰਤੀ ਵਫ਼ਦਾਰੀ ਦਿਖਾਈ ਅਤੇ ਸਾਬਤ ਕੀਤਾ ਕਿ ਜਹਾਜ਼ੀ ਬੇੜੇ ਅੰਦਰ ਐਸੇ ਯੋਧੇ ਹਨ ਜਿਨ੍ਹਾਂ ਉੱਪਰ ਲੋਕ ਕਿਸੇ ਵੀ ਹਾਲਤ 'ਚ ਰਾਖੀ ਲਈ ਭਰੋਸਾ ਕਰ ਸਕਦੇ ਹਨ। ਇਨ੍ਹਾਂ ਯੋਧਿਆਂ ਨੂੰ ਜੰਗ ਦੀ ਮਦਦ ਕਰਨ ਵਾਸਤੇ ਢੁੱਕਵਾਂ ਮੌਕਾ ਨਹੀਂ ਦਿੱਤਾ ਗਿਆ। ਦੂਜੇ ਪਾਸੇ, ਇਨਕਲਾਬ ਵਿਰੋਧੀ ਸੰਕਲਨਵਾਦ (ਕਿਸੇ ਇਕ ਸਿਧਾਂਤ ਦੀ ਬਜਾਏ ਇੱਧਰੋਂ ਉੱਧਰੋਂ ਵਿਚਾਰ ਅਪਨਾਉਣ ਦੀ ਸੋਚ—ਅਨੁਵਾਦਕ) ਦੇ ਨਾਂਅ ਹੇਠ, ਉਨ੍ਹਾਂ ਕਮਾਂਡਰਾਂ ਅਤੇ ਤਕਨੀਕੀ ਮਾਹਰਾਂ ਪ੍ਰਤੀ ਬਹੁਤ ਜ਼ਿਆਦਾ ਲਿਹਾਜ਼ ਪਾਲੀ ਜਾ ਰਹੀ ਸੀ ਜੋ ਗਣਰਾਜ ਦੇ ਦੁਸ਼ਮਣ ਸਨ। ਪਹਿਲਾ ਹਿੰਸਕ ਵਿਦ੍ਰੋਹ ਸ਼ੁਰੂ ਹੋਣ ਉਪਰੰਤ, ਇਨ੍ਹਾਂ ਨੂੰ ਅਹੁਦਿਆਂ 'ਤੇ ਬਹਾਲ ਕਰ ਦਿੱਤਾ ਗਿਆ ਅਤੇ ਇਨ੍ਹਾਂ ਨੂੰ ਐਸੇ ਪ੍ਰਮਾਣ-ਪੱਤਰ ਦੇ ਦਿੱਤੇ ਗਏ ਜੋ ਇਨ੍ਹਾਂ ਨੂੰ "ਵਫ਼ਾਦਾਰ" ਦਰਸਾਉਂਦੇ ਸਨ। ਪਰ ਬਾਦ 'ਚ ਇਨ੍ਹਾਂ ਦੇ ਸਮੁੰਦਰੀ ਜਹਾਜ਼ ਸ਼ਾਂਤ ਜ਼ਰੂਰ ਸਨ ਇਹ ਖ਼ੁਦ ਚੁੱਪ ਨਾ ਬੈਠੇ।

ਸਮੁੰਦਰੀ ਫ਼ੌਜ ਕੋਲ ਲੀਡਰਸ਼ਿਪ ਦੀ ਘਾਟ ਸੀ। ਹਥਿਆਰਬੰਦ ਤਾਕਤਾਂ ਨੂੰ "ਗ਼ੈਰ-ਸਿਆਸੀ" ਰੱਖਣ ਦੀ ਸਮਾਜਵਾਦੀ-ਅਰਾਜਕਤਾਵਾਦੀ ਨੀਤੀ ਨੂੰ ਫ਼ਲ ਪੈ ਰਿਹਾ ਸੀ। ਫਾਸ਼ੀਵਾਦੀ ਪਿਛਾਖੜ ਵਿਰੁੱਧ ਲੋਕਾਂ ਦੀ ਮਹਾਨ ਜੱਦੋਜਹਿਦ 'ਚ ਸਮੁੰਦਰੀ ਬੇੜਾ ਬੋਝ ਬਣਿਆ ਹੋਇਆ ਸੀ। ਲਾਰਗੋ ਕੈਬਾਲਿਰੋ ਅਤੇ ਨੈਗਰਿਨ ਦੋਵਾਂ ਸਰਕਾਰਾਂ 'ਚ ਕਮਿਊਨਿਸਟਾਂ ਨੇ ਅਣਗਿਣਤ ਵਾਰ ਇਹ ਤਜਵੀਜ਼ ਰੱਖੀ ਕਿ ਸਮੁੰਦਰੀ ਬੇੜੇ ਨੂੰ ਮੁੜ ਜਥੇਬੰਦ ਕੀਤਾ ਜਾਵੇ ਅਤੇ ਕਾਰਟਾਜੇਨਾ ਦੇ ਸਮੁੰਦਰੀ ਫ਼ੌਜ ਦੇ ਅੱਡੇ 'ਤੇ ਜੋ ਕੁਝ ਹੋ ਰਿਹਾ ਸੀ ਉਸ ਦੀ ਪੜਤਾਲ ਦਾ ਹੁਕਮ ਜਾਰੀ ਕੀਤਾ ਜਾਵੇ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਜਿੰਨਾ ਕੁ ਸਾਡੇ ਅਫ਼ਸਰਾਂ ਦੀ ਧੋਖੇਬਾਜ਼ੀ ਬਾਰੇ ਸ਼ੱਕ ਸੀ ਅਸਲ ਵਿਚ ਉੱਥੇ ਇਸ ਤੋਂ ਕਿਤੇ ਵੱਧ ਗ਼ਲਤ ਵਾਪਰ ਰਿਹਾ ਸੀ।

ਇਹ ਅਚਾਨਕ ਨਹੀਂ ਸੀ ਵਾਪਰਿਆ ਕਿ ਸਮੁੰਦਰੀ ਬੇੜਾ ਬੇਹਰਕਤ ਸੀ। ਕੈਟਾਲੋਨੀਆ ਦੀ ਹਾਰ ਤੋਂ ਬਾਦ, ਸਮੁੰਦਰੀ ਬੇੜਾ ਕਾਰਟਾਜੇਨਾ 'ਚ ਬਗ਼ਾਵਤ ਕਰਕੇ ਉੱਤਰੀ ਅਫ਼ਰੀਕਾ ਦੇ ਫਰਾਂਸੀਸੀ ਫ਼ੌਜੀ ਅੱਡੇ ਬਿਜ਼ਰਟੀ ਵੱਲ ਚੱਲ ਪਿਆ, ਸਿੱਟੇ ਵਜੋਂ ਗਣਰਾਜ ਨੂੰ ਸਮੁੰਦਰੀ ਫ਼ੌਜ ਤੋਂ ਵਿਰਵਾ ਕਰ ਦਿੱਤਾ ਗਿਆ। ਜਦੋਂ ਫਰਾਂਕੋ-ਫਰਾਂਸੀਸੀ ਕਮੇਟੀ ਬਿਜ਼ਰਟੀ 'ਚ ਸਮੁੰਦਰੀ ਬੇੜੇ ਨੂੰ ਕੰਟਰੋਲ 'ਚ ਲੈਣ ਲਈ ਪੁੱਜੀ ਤਾਂ ਬਾਗ਼ੀ ਅਫ਼ਸਰ ਅਤੇ ਤਕਨੀਕੀ ਮਾਹਰ ਫਰਾਂਕੋ ਪ੍ਰਤੀ ਖੁੱਲ੍ਹਕੇ ਵਫ਼ਦਾਰੀ ਦਿਖਾ ਰਹੇ ਸਨ।

ਗਣਰਾਜ ਦਾ ਸਮੁੰਦਰੀ ਬੇੜਾ ਫਰਾਂਕੋ ਦੇ ਬੇੜੇ ਨਾਲੋਂ ਵੱਧ ਤਕੜਾ ਸੀ। ਇਸ ਨੇ ਅਫ਼ਰੀਕਾ ਤੋਂ ਸਪੇਨ ਨੂੰ ਬੰਦਿਆਂ ਤੇ ਸਮਾਨ ਦੀ ਢੋਆ-ਢੁਆਈ ਰੋਕ ਦੇਣੀ ਸੀ। ਜਦੋਂ ਬਾਸਕ ਦੇਸ਼ 'ਚ ਘਮਸਾਣ ਦੀ ਲੜਾਈ ਚੱਲ ਰਹੀ ਸੀ, ਜਹਾਜ਼ੀ ਬੇੜਾ ਉੱਤਰ 'ਚ ਸਮੁੰਦਰ ਵੱਲੋਂ ਦੁਸ਼ਮਣ ਦੀ ਕਾਰਵਾਈ ਨੂੰ ਨਕਾਰਾ ਕਰ ਸਕਦਾ ਸੀ ਅਤੇ ਜ਼ਮੀਨ 'ਤੇ ਦੁਸ਼ਮਣ ਨੂੰ ਅੱਗੇ ਵਧਣੋਂ ਰੋਕ ਸਕਦਾ ਸੀ। ਜਹਾਜ਼ੀ ਬੇੜਾ ਉਨ੍ਹਾਂ ਸਮੁੰਦਰੀ ਜਹਾਜ਼ਾਂ 'ਤੇ ਹਮਲੇ ਕਰ ਸਕਦਾ ਸੀ ਜੋ ਭੂਮੱਧ ਸਾਗਰ ਅਤੇ

ਅੰਧ ਮਹਾਂਸਾਗਰ ਅੰਦਰ ਫਰਾਂਕੋ ਲਈ ਜੰਗੀ ਸਮਾਨ ਦੀ ਢੋਆ-ਢੁਆਈ ਕਰਦੇ ਸਨ। ਇਹ ਗਣਰਾਜ ਲਈ ਸਮਾਨ ਲਿਆ ਰਹੇ ਮਿੱਤਰ ਦੇਸ਼ਾਂ ਦੇ ਸਮੁੰਦਰੀ ਜਹਾਜ਼ਾਂ 'ਤੇ ਹਮਲੇ ਕਰਨ ਵਾਲੇ ਬਾਗ਼ੀ ਜਹਾਜ਼ਾਂ ਨੂੰ ਰੋਕ ਸਕਦਾ ਸੀ। ਐਸਾ ਕਰਨ ਦੀ ਬਜਾਏ, ਜਹਾਜ਼ੀ ਬੇੜੇ ਨੇ ਸੋਵੀਅਤ ਸਮੁੰਦਰੀ ਜਹਾਜ਼ ਕੋਮਸੋਮੋਲ ਨੂੰ ਡੁਬੋ ਦੇਣ, ਜਾਂ ਮਾਰ ਕੈਂਟਾਬਰਿਕੋ ਨੂੰ ਦੁਸ਼ਮਣ ਵੱਲੋਂ ਕਬਜ਼ੇ 'ਚ ਲੈ ਲੈਣ ਦੀ ਇਜਾਜ਼ਤ ਦਿੱਤੀ, ਜੋ ਗਣਰਾਜ ਲਈ ਹਵਾਈ ਜਹਾਜ਼ ਲਿਆ ਰਹੇ ਸਨ।

ਜਹਾਜ਼ੀ ਬੇੜਾ ਵਿਨਾਰੋਜ਼ ਰਾਹੀਂ ਭੂਮੱਧ ਸਾਗਰ ਦੇ ਕੰਢੇ ਵੱਲ ਵਧ ਰਹੇ ਫਰਾਂਕੋ ਦੇ ਫ਼ੌਜੀ ਦਸਤਿਆਂ ਉੱਤੇ ਹਮਲੇ ਕਰਕੇ ਉਨ੍ਹਾਂ ਨੂੰ ਦੋ ਹਿੱਸਿਆਂ 'ਚ ਖਿੰਡਾ ਸਕਦਾ ਸੀ। ਇਹ ਮੈਜੋਰਕਾ ਨੂੰ ਬਚਾ ਸਕਦਾ ਸੀ ਅਤੇ ਬਾਲੇਰਿਕ ਟਾਪੂਆਂ ਨੂੰ ਗਣਰਾਜ ਪ੍ਰਤੀ ਵਫ਼ਾਦਾਰ ਬਣਾਈ ਰੱਖ ਸਕਦਾ ਸੀ। ਇਹ ਮਲੱਗਾ ਦੀ ਹਾਰ ਨੂੰ ਰੋਕਣ ਲਈ ਮਦਦ ਦੇ ਸਕਦਾ ਸੀ। ਜਹਾਜ਼ੀ ਬੇੜਾ ਸਮੁੰਦਰੀ ਜਹਾਜ਼ਾਂ ਨੂੰ ਡੋਬਣ ਵਾਲੇ *ਜੋਸ ਲੁਇਸ ਡਿਏਜ਼* ਜਹਾਜ਼ ਦੀ ਬਾਗ਼ੀਆਂ ਦੇ ਜਹਾਜ਼ੀ ਬੇੜੇ ਵਿਰੁੱਧ ਸੂਰਮਗਤੀ ਵਾਲੀ ਲੜਾਈ 'ਚ ਮਦਦ ਕਰ ਸਕਦਾ ਸੀ। ਇਸ ਨੇ ਇਨ੍ਹਾਂ 'ਚੋਂ ਕੁਝ ਵੀ ਨਹੀਂ ਕੀਤਾ।

ਕੈਟਾਲੋਨੀਆ ਦੀ ਹਾਰ ਤੋਂ ਬਾਦ, ਜਹਾਜ਼ੀ ਬੇੜਾ ਟਾਕਰੇ ਨੂੰ ਜਥੇਬੰਦ ਕਰਨ 'ਚ ਮਦਦ ਦੇ ਕੇ ਜਾਂ ਦਹਿ-ਹਜ਼ਾਰਾਂ ਯੋਧਿਆਂ ਦੀ ਖ਼ਲਾਸੀ ਕਰਵਾਕੇ ਕੇਂਦਰੀ-ਦੱਖਣੀ ਖੇਤਰ 'ਚ ਫ਼ੌਜ ਦੀ ਫ਼ੈਸਲਾਕੁਨ ਮਦਦ ਕਰ ਸਕਦਾ ਸੀ।ਪਰ ਸਮਾਜਵਾਦੀ ਕਾਮੀਸਾਰ, ਬਰੂਨੋ ਅਲੌਂਸੋ, ਦੀ ਅਗਵਾਈ ਹੇਠ ਇਸਨੇ ਸਪੇਨੀ ਸਮੁੰਦਰੀ ਕੰਢਾ ਛੱਡਣ ਦਾ ਰਾਹ ਚੁਣਿਆ ਅਤੇ ਦੁਸ਼ਮਣ ਨਾਲ ਰਲ ਗਿਆ।

ਸਮੁੰਦਰੀ ਫ਼ੌਜ ਦੇ ਜਨਰਲ ਸਟਾਫ਼ ਦਾ, ਇਸ ਦੇ ਅਫ਼ਸਰਾਂ ਦੇ ਇਕਬਾਲ ਅਨੁਸਾਰ, ਬੈਲੀਅਰਜ਼ ਜਹਾਜ਼ ਦੇ ਡੁੱਬਣ ਨਾਲ ਕੋਈ ਲਾਗਾ ਦੇਗਾ ਨਹੀਂ ਸੀ। ਇਹ ਇਸ ਕਰਕੇ ਡੁੱਬ ਗਿਆ ਕਿਉਂਕਿ ਜਹਾਜ਼ ਦੇ ਕਮਾਂਡਰ ਇਸ ਨੂੰ ਦੋ ਵਾਰੀ ਗੋਲਾਬਾਰੀ ਦੀ ਮਾਰ ਹੇਠ ਲੈ ਗਏ ਸਨ। ਪਹਿਲੀ ਵਾਰ, ਫਾਸ਼ੀਵਾਦੀ ਅਫ਼ਸਰ, ਜੋ ਜੰਗੀ ਬੇੜੇ 'ਚ ਘੁਸੇ ਹੋਏ ਸਨ, ਇਸ ਨੂੰ ਸਿੱਧਾ ਨਿਸ਼ਾਨਾ ਬਣਾਉਣੋਂ ਰੋਕਣ 'ਚ ਸਫ਼ਲ ਹੋ ਗਏ। ਦੂਜੀ ਵਾਰ, ਜਹਾਜ਼ੀਆਂ ਨੇ ਹੁਕਮਾਂ ਦੀ ਇੰਤਜ਼ਾਰ ਕਰਨ ਤੋਂ ਬਗ਼ੈਰ ਹੀ ਗੋਲਾਬਾਰੀ ਕਰਕੇ ਇਸ ਨੂੰ ਡੁਬੋ ਦਿੱਤਾ।

ਸਮੁੰਦਰੀ ਫ਼ੌਜ ਦੇ ਜਨਰਲ ਸਟਾਫ਼ ਦੇ ਹੁਕਮ ਨਾਲ, ਇਸ ਜਹਾਜ਼ ਉੱਪਰ ਕੰਮ ਕਰ ਰਹੀ ਅਹਿਮ ਕਮਿਊਨਿਸਟ ਗੁਲੀ ਨੂੰ ਖ਼ਤਮ ਕਰਨ ਲਈ *ਜੇਮ ਪਹਿਲਾ* ਦੀ ਭੰਨਤੋੜ ਕਰਕੇ ਇਸ ਨੂੰ ਡੁਬੋ ਦਿੱਤਾ ਗਿਆ। *ਜੇਮ ਪਹਿਲਾ* ਉਨ੍ਹਾਂ ਅਫ਼ਸਰਾਂ ਨੂੰ ਕੰਡੇ ਵਾਂਗ ਚੁੱਭਦਾ ਸੀ ਜਿਨ੍ਹਾਂ ਨੇ ਜੰਗ ਦੌਰਾਨ ਸਮੁੰਦਰੀ ਫ਼ੌਜ ਦੇ ਇਤਿਹਾਸ ਦਾ ਸਭ ਤੋਂ ਸ਼ਰਮਨਾਕ ਸਫ਼ਾ ਲਿਖਿਆ।

ਇਹ ਗਣਰਾਜ ਦੇ ਜੰਗੀ ਬੇੜੇ ਦੇ ਅਫ਼ਸਰਾਂ ਅਤੇ ਤਕਨੀਕੀ ਮਾਹਰਾਂ ਵੱਲੋਂ ਫਰਾਂਕੋ-ਫਰਾਂਸੀਸੀ ਕਮੇਟੀ ਨੂੰ ਬਿਜ਼ੇਰਟੀ 'ਚ ਪੇਸ਼ ਕੀਤੀ ਐਸੀ ਭੇਟਾ ਸੀ ਜੋ ਬਹੁਤ ਦੁਖਦਾਈ ਸੀ। ਹਾਲਾਂਕਿ ਉਨ੍ਹਾਂ ਨੇ ਆਪਣੀਆਂ ਅਸਫ਼ਲਤਾਵਾਂ ਦੀ ਸੂਚੀ ਬਣਾ ਦਿੱਤੀ, ਪਰ ਇਹ ਕਲਪਨਾ ਕਰਨੀ ਔਖੀ ਨਹੀਂ ਹੈ ਕਿ ਇਨ੍ਹਾਂ ਇਕਬਾਲਾਂ ਪਿੱਛੇ ਕਿੰਨੀਆਂ ਸਚਾਈਆਂ ਲੁਕੀਆਂ ਪਈਆਂ ਹੋਣਗੀਆਂ। ਹੁਣ ਅਸੀਂ ਸਮਝ ਸਕਦੇ ਹਾਂ ਕਿਉਂ, ਬਹੁਤੇ ਜਹਾਜ਼ੀਆਂ, ਜਿਨ੍ਹਾਂ ਨੇ ਜੰਗ ਦੇ ਸ਼ੁਰੂ 'ਚ ਬਹਾਦਰੀ ਦਿਖਾਈ, ਦੀ ਗਣਰਾਜ 'ਚ ਨਿਹਚਾ ਹੋਣ ਦੇ ਬਾਵਜੂਦ, ਸਮੁੰਦਰੀ ਬੇੜਾ ਐਸਾ ਮਹੱਤਵਪੂਰਨ ਪੈਰ-ਧਰਾਅ ਬਣਿਆ ਜਿਸ ਨੇ ਫਾਸ਼ੀਵਾਦੀਆਂ ਨੂੰ ਜਿੱਤ ਤੱਕ ਪਹੁੰਚਾ ਦਿੱਤਾ ਅਤੇ ਇਹ ਸਾਡੀਆਂ ਸਭ ਤੋਂ ਵੱਡੀਆਂ ਕਮਜ਼ੋਰੀਆਂ ਵਿਚੋਂ ਇਕ ਸੀ। ਜ਼ਮੀਨ ਉੱਪਰ ਜੰਗ ਦੀਆਂ ਸਮੱਸਿਆਵਾਂ 'ਚ

ਉਲਝਕੇ, ਅਸੀਂ ਸਮੁੰਦਰੀ ਬੇੜੇ ਵੱਲ ਬਣਦਾ ਧਿਆਨ ਨਾ ਦੇ ਸਕੇ; ਇੱਥੇ ਸਮਾਜਵਾਦੀਆਂ ਨੂੰ ਆਪਣੀਆਂ ਨੀਤੀਆਂ ਲਾਗੂ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ, ਇਸ ਦੇ ਸਿੱਟੇ ਪਹਿਲਾਂ ਹੀ ਸੋਚ ਲੈਣੇ ਚਾਹੀਦੇ ਸਨ।

[41]

## ਤੇਰਾਂ ਨੁਕਤੇ

ਇਤਾਲਵੀ ਝੰਡੇ ਐਬਰੋ 'ਚ ਡੁੱਬ ਗਏ,
ਸਿਰਫ਼ ਗਣਰਾਜ ਦੇ ਝੰਡੇ ਪੁਲਾਂ 'ਤੇ ਝੂਲਦੇ।

*—ਲੋਕ ਗੀਤ*

ਬਿਨਾ ਸ਼ਰਤ ਆਤਮ-ਸਮਰਪਣ ਕਰ ਦੇਣ ਦੀ ਵਕਾਲਤ ਕਰਨ ਵਾਲਿਆਂ ਦੇ ਜਵਾਬ 'ਚ ਅਤੇ ਇਸ ਬਿਦੇਸ਼ੀ ਪ੍ਰਚਾਰ ਦਾ ਮੂੰਹ ਤੋੜ ਜਵਾਬ ਦੇਣ ਲਈ ਕਿ ਸਪੇਨ 'ਚ ਚੱਲ ਰਹੀ ਲੜਾਈ ਦਾ ਮੁੱਦਾ ਕਮਿਊਨਿਜ਼ਮ ਸੀ, ਪ੍ਰਧਾਨ ਮੰਤਰੀ ਨੇ 30 ਅਪ੍ਰੈਲ 1938 ਨੂੰ ਇਕ ਦਸਤਾਵੇਜ਼ ਜਾਰੀ ਕੀਤਾ, ਜਿਸ ਵਿਚ ਦੁਸ਼ਮਣ ਨਾਲ ਗੱਲਬਾਤ ਦੀ ਸੰਭਾਵਨਾ ਦਰਸਾਈ ਗਈ ਤਾਂ ਜੋ ਐਨਾ ਜਾਨੀ ਨੁਕਸਾਨ ਕਰ ਦੇਣ ਵਾਲੀ ਜੰਗ ਖ਼ਤਮ ਕੀਤੀ ਜਾ ਸਕੇ।

ਇਸ ਦਸਤਾਵੇਜ਼ 'ਚ, ਗਣਰਾਜੀ ਸਰਕਾਰ ਨੇ "ਤੇਰਾਂ ਨੁਕਤੇ" ਵਜੋਂ ਪ੍ਰਸਿੱਧ ਪ੍ਰੋਗਰਾਮ ਪੇਸ਼ ਕੀਤਾ। ਕਮਿਊਨਿਸਟ ਪਾਰਟੀ ਨੇ ਇਸ ਦੀ ਪੂਰੀ ਹਮਾਇਤ ਕੀਤੀ, ਇਕ ਵਾਰ ਫਿਰ ਇਹ ਦਿਖਾਉਂਦਿਆਂ ਕਿ ਇਹ ਆਪਣੇ ਵਾਅਦਿਆਂ ਅਤੇ ਜਮਹੂਰੀਅਤ ਦੇ ਕਾਜ਼ ਪ੍ਰਤੀ ਵਫ਼ਾਦਾਰ ਰਹੇਗੀ। ਦੁਸ਼ਮਣ ਦੇ ਪ੍ਰਚਾਰ ਨੇ ਪਾਰਟੀ ਵੱਲੋਂ ਇਸ ਪ੍ਰੋਗਰਾਮ ਨੂੰ ਦਿੱਤੀ ਹਮਾਇਤ ਨੂੰ ਘਟੀਆ ਢੰਗ ਨਾਲ ਤੋੜ-ਮਰੋੜਕੇ ਪੇਸ਼ ਕੀਤਾ, ਇਸਨੇ ਦੋਸ਼ ਲਾਇਆ ਕਿ ਕਮਿਊਨਿਸਟਾਂ ਦੇ ਇਰਾਦੇ ਸਾਜ਼ਿਸ਼ੀ ਹਨ।

ਸੰਖੇਪ 'ਚ ਨੈਗਰਿਨ ਪ੍ਰੋਗਰਾਮ ਦੇ ਤੇਰਾਂ ਨੁਕਤੇ ਹੇਠ ਲਿਖੇ ਸਨ :

—ਸਪੇਨੀ ਗਣਰਾਜ ਦੀ ਆਜ਼ਾਦੀ ਅਤੇ ਅਖੰਡਤਾ; ਦੇਸ਼ ਦੀ ਧਰਤੀ ਤੋਂ ਕੁਲ ਬਿਦੇਸ਼ੀ ਫ਼ੌਜੀ ਦਸਤੇ ਵਾਪਸ ਬੁਲਾਏ ਜਾਣ ਅਤੇ ਹਰ ਤਰ੍ਹਾਂ ਦੀ ਬਦੇਸ਼ੀ ਦਖ਼ਲਅੰਦਾਜ਼ੀ ਬੰਦ ਹੋਵੇ।

—ਸਪੇਨ ਦੀ ਭਵਿੱਖੀ ਸਰਕਾਰ ਦਾ ਫ਼ੈਸਲਾ ਕਰਨ ਲਈ ਜੰਗ ਮੁੱਕਣ 'ਤੇ ਰਾਇ-ਸ਼ੁਮਾਰੀ ਕਰਾਉਣਾ;

—ਕੌਮੀ ਏਕਤਾ ਦੇ ਚੌਖਟੇ ਦੇ ਅੰਦਰ ਕੌਮੀ ਆਜ਼ਾਦੀਆਂ ਦਾ ਵਿਕਾਸ; ਧਾਰਮਿਕ ਆਜ਼ਾਦੀ ਸਮੇਤ ਸਾਰੇ ਸ਼ਹਿਰੀਆਂ ਨੂੰ ਕੁਲ ਸਮਾਜਿਕ ਅਤੇ ਸ਼ਹਿਰੀ ਹੱਕ।

—ਜਾਇਦਾਦ ਅਤੇ ਪੈਦਾਵਾਰ ਦੇ ਸਾਧਨਾਂ ਦੀ ਸੁਰੱਖਿਆ, ਪਰ ਦੌਲਤ ਇਕੱਠੀ ਕਰਨ 'ਚ ਮੌਜੂਦ ਉਲੰਘਣਾਵਾਂ ਅਤੇ ਮਨੁੱਖ ਦੀ ਲੁੱਟ ਦਾ ਖ਼ਾਤਮਾ; ਜ਼ਰੱਈ ਸੁਧਾਰ। ਜੰਗ ਨੂੰ ਤਿਲਾਂਜਲੀ ਦੇਣਾ; ਮਜ਼ਦੂਰਾਂ ਦੇ ਹੱਕਾਂ ਦੀ ਜ਼ਾਮਨੀ ਦਿੰਦਾ ਸਮਾਜਿਕ ਕਾਨੂੰਨ; ਕੌਮ ਦਾ ਸੱਭਿਆਚਾਰਕ, ਸਰੀਰਕ ਅਤੇ ਇਖ਼ਲਾਕੀ ਵਿਕਾਸ।

—ਫ਼ੌਜ ਲੋਕਾਂ ਦੀ ਸੇਵਾ ਲਈ ਕੰਮ ਕਰੇ; ਕੌਮੀ ਨੀਤੀ ਦੇ ਸੰਦ ਵਜੋਂ ਜੰਗ ਦਾ ਤਿਆਗ ਅਤੇ ਕੌਮਾਂ ਦੀ ਲੀਗ ਦੇ ਸਮਝੌਤੇ ਪ੍ਰਤੀ ਵਫ਼ਾਦਾਰੀ।

—ਬਾਗ਼ੀ ਫ਼ੌਜ ਦੇ ਮੈਂਬਰਾਂ ਸਮੇਤ, ਸਹਿਯੋਗ ਦੇਣ ਲਈ ਅਤੇ ਦੇਸ਼ ਦੀ ਮੁੜ-ਉਸਾਰੀ 'ਚ ਸਹਾਈ ਹੋਣ ਲਈ ਤਿਆਰ ਸਾਰੇ ਸਪੇਨ ਵਾਸੀਆਂ ਲਈ ਆਮ ਮਾਫ਼ੀ।

ਇਹ ਸੰਖੇਪ ਤੇਰਾਂ ਨੁਕਾਤੀ ਪ੍ਰੋਗਰਾਮ ਇਕੱਲੇ ਗਣਰਾਜੀ ਖੇਤਰ ਲਈ ਨਹੀਂ ਸੀ। ਇਸ ਦਾ ਬਹੁਤਾ ਹਿੱਸਾ ਕੌਮਵਾਦੀ ਖ਼ੇਮੇ 'ਤੇ ਕੇਂਦਰਤ ਸੀ ਜਿੱਥੇ ਜੰਗ ਦੇ ਲਮਕਣ ਅਤੇ ਸਿਆਸੀ ਤੇ ਆਰਥਕ ਜ਼ਿੰਦਗੀ ਅਤੇ ਨਾਲ ਹੀ ਫ਼ੌਜੀ ਕਾਰਵਾਈਆਂ 'ਚ ਜਰਮਨਾਂ ਅਤੇ ਇਤਾਲਵੀਆਂ ਦੀ ਵਧ ਰਹੀ ਦਖ਼ਲਅੰਦਾਜ਼। ਕਰਕੇ ਆਮ ਵਸੋਂ 'ਚ ਭਾਰੀ ਬੇਚੈਨੀ ਅਤੇ ਫਰਾਂਕੋ ਤੇ ਉਸਦੇ ਜਰਨੈਲਾਂ ਵਿਚਕਾਰ ਲਗਾਤਾਰ ਖਹਿਬਾਜ਼ੀ ਪੈਦਾ ਹੋ ਰਹੀ ਸੀ। ਜਰਮਨ ਸਫ਼ੀਰ ਵੌਨ ਸਟੌਹਰਰ ਨੇ 1 ਜੁਲਾਈ 1938 ਦੀ ਰਿਪੋਰਟ 'ਚ ਬਿਆਨ ਕੀਤਾ ਸੀ :

ਲਾਲ ਤਾਕਤਾਂ ਅਨੁਸਾਰ, ਪੁਲਿਸ ਮੰਤਰੀ ਮਾਰਟੀਨੇਜ਼ ਐਨਿਡੋ ਵੱਲੋਂ ਕੌਮਵਾਦੀ ਖ਼ੇਮੇ 'ਚ ਪਾਈ ਮੌਜੂਦਾ ਦਹਿਸ਼ਤ ਅਤੇ ਰਾਜ ਦੇ ਤਾਨਾਸ਼ਾਹ ਢੰਗ-ਤਰੀਕੇ ਉੱਕਾ ਹੀ ਸਵੀਕਾਰ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਦੇ ਪ੍ਰਚਾਰ ਦਾ ਉਦੇਸ਼, ਜੋ ਜਰਮਨੀ ਤੇ ਇਟਲੀ ਦੇ ਪ੍ਰਭਾਵ ਵਿਰੁੱਧ ਉਨ੍ਹਾਂ ਦੀ ਮੁਹਿੰਮ ਨਾਲ ਨੇੜਿਉਂ ਜੁੜਿਆ ਹੋਇਆ ਹੈ, ਬਹੁਤ ਸਾਫ਼ ਹੈ : ਫਰਾਂਕੋ ਦੀ ਅਥਾਰਟੀ ਨੂੰ ਖ਼ੋਰਾ ਲਾਉਣਾ ਅਤੇ ਉਸ ਦੀ ਸਰਕਾਰ ਦੇ ਢੰਗ-ਤਰੀਕਿਆਂ ਨੂੰ ਟਕਰਾਅ ਖ਼ਤਮ ਹੋਣ 'ਚ ਅੜਿੱਕਾ ਬਣਾਕੇ ਪੇਸ਼ ਕਰਨਾ। ਜੰਗ ਦੇ ਮੱਠੇ ਵਿਕਾਸ ਅਤੇ ਕੌਮਵਾਦੀ ਖੇਤਰ 'ਚ ਫੈਲੀ ਬੇਚੈਨੀ ਦੇ ਮੱਦੇਨਜ਼ਰ, ਇਹ ਪ੍ਰਚਾਰ ਉੱਕਾ ਹੀ ਬੇਅਸਰ ਨਹੀਂ ਹੈ। ਜੰਗ ਖ਼ਤਮ ਕਰਨ ਦੀ ਮੰਗ ਕਰਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ, ਇੱਥੋਂ ਤੱਕ ਕਿ ਕੌਮਵਾਦੀ ਸਪੇਨ ਦੇ ਅੰਦਰੋਂ ਵੀ।

ਤਾਕਤਾਂ ਦੇ ਮੌਜੂਦਾ ਤਵਾਜ਼ਨ ਅਤੇ ਇਸਦੇ ਸਿੱਟੇ ਵਜੋਂ ਕੌਮਵਾਦੀ ਖੇਤਰ ਦੇ ਅੰਦਰ ਪੈਦਾ ਹੋਈ ਅਸੰਤੁਸ਼ਟੀ ਤੇ ਬੇਚੈਨੀ ਦੇ ਮੱਦੇਨਜ਼ਰ, ਇਹ ਪ੍ਰਚਾਰ ਖ਼ਤਰਨਾਕ ਸਾਬਤ ਹੋ ਸਕਦਾ ਹੈ, ਕਿਉਂਕਿ ਫਰਾਂਕੋ ਅਤੇ ਸੁਨੇਰ ਦੀਆਂ ਸਰਕਾਰੀ ਨੀਤੀਆਂ ਨਾਲ ਫਲਾਂਗੇਵਾਦੀ ਹਲਕਿਆਂ 'ਚ ਪਹਿਲਾਂ ਹੀ ਬਥੇਰੀ ਬੇਚੈਨੀ ਹੈ। ਇਸ ਤੋਂ ਬਿਨਾ, ਇਹ ਬਹੁਤ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਜਰਨੈਲ ਮਾਰਟੀਨੇਜ਼ ਦਾ ਨਿਜ਼ਾਮ ਅਸਹਿ ਹੈ, ਅਤੇ ਕਿ ਉਸ ਦੇ ਢੰਗ-ਤਰੀਕੇ, ਜਿਨ੍ਹਾਂ ਨੂੰ ਅਨੇਕਾਂ ਕੌਮਵਾਦੀ ਬਰਦਾਸ਼ਤ ਤੋਂ ਬਾਹਰ ਸਮਝਦੇ ਹਨ, ਲਾਜ਼ਮੀ ਬਦਲੇ ਜਾਣੇ ਚਾਹੀਦੇ ਹਨ। ਫਲਾਂਗੇ ਨੇ ਪਿੱਛੇ ਜਹੇ ਗ੍ਰਹਿ ਮੰਤਰਾਲੇ ਦਾ ਅਹੁਦਾ ਮੰਗਿਆ ਹੈ ਅਤੇ ਨਾਲ ਹੀ ਇਹ ਮੰਗ ਕੀਤੀ ਹੈ ਕਿ ਮਾਰਟੀਨੇਜ਼ ਐਨਿਡੋ ਨੂੰ ਬਦਲਕੇ ਜਨ ਸਿਹਤ ਮੰਤਰਾਲਾ ਦਿੱਤਾ ਜਾਵੇ; ਜੋ ਇਸ ਲਈ ਵਿਸ਼ੇਸ਼ ਤੌਰ 'ਤੇ ਬਣਾਇਆ ਗਿਆ ਸੀ।

ਮੈਨੂੰ ਚੰਗੀ ਵਾਕਫ਼ੀਅਤ ਵਾਲੇ ਵਸੀਲਿਆਂ ਤੋਂ ਆਮ ਹੀ ਪਤਾ ਲੱਗਦਾ ਰਹਿੰਦਾ ਹੈ ਕਿ ਕੌਮਵਾਦੀ ਫ਼ੌਜ ਦੀ ਆਹਲਾ ਫ਼ੌਜੀ ਕਮਾਨ ਨੇ ਵੀ ਜੰਗ ਜਾਰੀ ਰੱਖਣ ਬਾਰੇ ਸਖ਼ਤ ਇਤਰਾਜ਼ ਕੀਤੇ ਹਨ, ਜੋ ਸੁਸਤ ਚਾਲ ਚੱਲ ਰਹੀ ਹੈ ਅਤੇ ਮਨੁੱਖੀ ਜਾਨਾਂ ਅਤੇ ਸਮਾਨ ਦਾ ਖੌਅ ਬਣੀ ਹੋਈ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਹੈ ਕਿ ਦੁਸ਼ਮਣੀਆਂ ਖ਼ਤਮ ਕਰਨ ਲਈ ਕੋਈ ਜੁਗਤ ਲੱਭੀ ਜਾ ਸਕਦੀ ਹੈ।.....

ਦੂਜੇ ਪਾਸੇ, ਜੇ ਜੰਗ ਵੱਧ ਸਮਾਂ ਚੱਲਦੀ ਰਹਿੰਦੀ ਹੈ, ਜੇ ਫਰਾਂਕੋ ਦੁਸ਼ਮਣ ਦੇ ਬਿਨਾ ਸ਼ਰਤ ਆਤਮ-ਸਮਰਪਣ ਕਰਨ 'ਤੇ ਅੜਿਆ ਰਹਿੰਦਾ ਹੈ, ਅਤੇ ਜੇ ਫਰਾਂਕੋ ਛੇਤੀ ਹੀ ਨਵੀਂਆਂ ਅਤੇ ਅਹਿਮ ਜਿੱਤਾਂ ਨਹੀਂ ਜਿੱਤਦਾ, ਇਸ ਹਾਲਤ 'ਚ ਬਿਲਕੁਲ ਸੰਭਵ ਹੈ ਕਿ ਅਜਿਹਾ ਘਟਨਾ-

ਵਿਕਾਸ ਹੋ ਜਾਵੇ ਕਿ ਫਰਾਂਕੋ ਦਾ ਪੱਤਾ ਕੱਟਿਆ ਜਾਵੇ ਅਤੇ ਅੰਦਰੂਨੀ ਸਿਆਸੀ ਟਕਰਾਅ ਬਣ ਜਾਵੇ ਜਿਸ ਨਾਲ ਮੋੜਵੇਂ ਰੂਪ 'ਚ ਗੰਭੀਰ ਨਵਾਂ ਬਖੇੜਾ ਖੜ੍ਹਾ ਹੋ ਜਾਵੇਗਾ।"

ਜਿਵੇਂ ਅਸੀਂ ਦੇਖਦੇ ਹਾਂ, ਨੈਗਰਿਨ ਦਾ ਅਤੇ ਉਸਦੇ ਹਮਾਇਤੀਆਂ ਦਾ ਰੁਖ਼ ਪੂਰੀ ਤਰ੍ਹਾਂ ਸਹੀ ਸੀ। ਤੇਰਾਂ ਨੁਕਾਤੀ ਪ੍ਰੋਗਰਾਮ ਦਾ ਉਨ੍ਹਾਂ ਗਣਰਾਜਵਾਦੀਆਂ ਨੇ ਸ਼ਰੇਆਮ ਵਿਰੋਧ ਕੀਤਾ ਜੋ ਸਮਝ ਪੱਖੋਂ ਦੁਸ਼ਮਣ ਦੀ ਧਿਰ ਨਾਲ ਸਨ। ਜਦੋਂਕਿ ਰੋਜ਼ਾਨਾ ਮੁਹਾਜ਼ ਉੱਪਰ ਮੌਤ ਦਾ ਸਾਹਮਣਾ ਕਰ ਰਹੀਆਂ ਸਾਡੀਆਂ ਲੜਾਕੂ ਤਾਕਤਾਂ ਅਤੇ ਆਮ ਰੂਪ 'ਚ ਲੋਕਾਂ ਨੇ ਇਸ ਦੀ ਉਤਸ਼ਾਹ ਨਾਲ ਹਮਾਇਤ ਕੀਤੀ। ਲੋਕ ਅਤੇ ਲੜਾਕੂ ਯੋਧੇ ਹੁਣ ਜਾਣਦੇ ਸਨ ਕਿ ਉਹ ਇਸ ਕਰਕੇ ਨਹੀਂ ਸੀ ਲੜ ਰਹੇ ਕਿ ਹੋਰ ਕੋਈ ਚਾਰਾ ਨਹੀਂ ਸੀ। ਅਸਲ ਵਿਚ ਉਹ ਇਸ ਕਰਕੇ ਲੜ ਰਹੇ ਸਨ ਕਿ ਸਰਕਾਰ ਇਸ ਭਰੋਸੇ ਜੰਗ ਨੂੰ ਸਨਮਾਨਜਨਕ ਤਰੀਕੇ ਨਾਲ ਮੁਕਾਉਣ ਦੇ ਤਰੀਕੇ ਤਲਾਸ਼ ਰਹੀ ਸੀ ਕਿ ਸਮਝੌਤੇ ਰਾਹੀਂ ਇਸ ਦਾ ਹੱਲ ਨਿਕਲ ਆਵੇਗਾ। ਇਸ ਨਾਲ ਜਾਨਾਂ ਬਚ ਜਾਣਗੀਆਂ ਅਤੇ ਜਮਹੂਰੀ ਤਰੀਕੇ ਨਾਲ ਲੋਕਾਂ ਨੂੰ ਆਪਣੀ ਰਜ਼ਾ ਜ਼ਾਹਿਰ ਕਰਨ ਦੀ ਜ਼ਾਮਨੀ ਹੋ ਜਾਵੇਗੀ।

ਟਾਕਰਾ ਹੋਰ ਮਜਬੂਤ, ਹੋਰ ਠੋਸ ਬਣ ਗਿਆ। ਬਾਦ 'ਚ ਗਣਰਾਜਵਾਦੀ ਫ਼ੌਜ ਦੀਆਂ ਜਿੱਤਾਂ ਨੇ ਦਰਸਾ ਦਿੱਤਾ ਕਿ ਸਾਡੇ ਲੋਕ ਕਿਸ ਹੱਦ ਤੱਕ ਨੈਗਰਿਨ ਸਰਕਾਰ ਦੀ ਹਮਾਇਤ ਕਰਦੇ ਸਨ, ਜੋ ਟਾਕਰੇ ਦਾ ਚਿੰਨ੍ਹ ਬਣੀ ਹੋਈ ਸੀ। ਫਿਰ ਵੀ, ਗਣਰਾਜ ਦਾ ਆਤਮ-ਸਮਰਪਣ ਕਰਾ ਦੇਣ ਦੀਆਂ ਤਿਆਰੀਆਂ 'ਚ ਜੁੱਟੇ ਹੋਏ ਹਿੱਸੇ ਆਪਣੀਆਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ 'ਚ ਲੱਗੇ ਰਹੇ। ਇਹ ਆਪਾ-ਵਿਰੋਧੀ ਹਾਲਤ ਸੀ ਜਿਸ 'ਚ ਅਸੀਂ ਕੰਮ ਕਰ ਰਹੇ ਸਾਂ।

ਜੋ ਗੋਡੇ ਟੇਕਣਾ ਚਾਹੁੰਦੇ ਸਨ, ਉਨ੍ਹਾਂ ਨੇ ਹਮਾਇਤ ਜੁਟਾਉਣ ਲਈ ਸਪੇਨੀ ਸਿਆਸਤ ਅੰਦਰਲੇ ਸਭ ਤੋਂ ਮਾੜੇ ਅਨਸਰਾਂ, ਜਿਨ੍ਹਾਂ ਨੇ ਮਈ 1937 'ਚ ਕੈਟਾਲੋਨੀਆ ਅੰਦਰ ਰਾਜ ਪਲਟੇ ਦੀ ਸਾਜ਼ਿਸ਼ ਕੀਤੀ ਸੀ, ਨਾਲ ਸਾਂਝ ਪਾਈ। ਉਹ ਸਪੇਨ ਨੂੰ ਫਾਸ਼ੀਵਾਦੀਆਂ ਦੇ ਹੱਥ ਦੇ ਦੇਣ ਦੀਆਂ ਯੋਜਨਾਵਾਂ ਉੱਪਰ "ਪ੍ਰੋਲੇਤਾਰੀ" ਮੁਲੰਮਾ ਚਾੜ੍ਹਨਾ ਚਾਹੁੰਦੇ ਸਨ।

ਇਕ ਦਸਤਾਵੇਜ਼ ਰਾਹੀਂ, ਜੋ ਕਮਿਊਨਿਸਟ ਵਿਰੋਧੀ ਅਤੇ ਝੂਠ ਤੇ ਹੋਰ ਕਰਤੂਤਾਂ ਦਾ ਮੁਜੱਸਮਾ ਸੀ, ਇਨ੍ਹਾਂ ਨੇ ਨਕਲੀ ਕਾਰਣਾਂ ਦੇ ਅਧਾਰ 'ਤੇ ਪ੍ਰਧਾਨ ਮੰਤਰੀ ਦੀ ਨੀਤੀ ਨਾਲ ਅਸਹਿਮਤੀ ਦਿਖਾਉਂਦਿਆਂ ਉਸ ਨੂੰ ਅਪੀਲ ਜਾਰੀ ਕੀਤੀ। ਉਨ੍ਹਾਂ ਨੇ ਕੌਮੀ ਏਕਤਾ ਦੀ ਨੀਤੀ ਉੱਪਰ ਜ਼ੋਰਦਾਰ ਹਮਲਾ ਕੀਤਾ। ਉਨ੍ਹਾਂ ਨੇ ਮੰਗ ਕੀਤੀ ਕਿ ਕਮਿਊਨਿਸਟਾਂ ਨੂੰ ਫ਼ੌਜ ਅਤੇ ਰਾਜ ਦੇ ਅਦਾਰਿਆਂ 'ਚੋਂ ਹਟਾਇਆ ਜਾਵੇ, ਸਰਕਾਰ ਅਸਤੀਫ਼ਾ ਦੇਵੇ, ਜੰਗੀ ਕਾਮੀਸਾਰ ਖ਼ਤਮ ਕੀਤੇ ਜਾਣ ਅਤੇ ਪੇਸ਼ਾਵਰ ਕਮਾਂਡਰਾਂ ਦੀ ਅਗਵਾਈ 'ਚ ਫ਼ੌਜ ਨੂੰ ਦੁਬਾਰਾ ਜਥੇਬੰਦ ਕੀਤਾ ਜਾਵੇ।

ਦਸਤਾਵੇਜ਼ ਵਿਅਰਥ ਨਹੀਂ ਗਿਆ ਸੀ। ਇਹ ਗਣਰਾਜ ਅਤੇ ਲੋਕਾਂ ਨਾਲ ਕੀਤੇ ਜਾ ਰਹੇ ਧਰੋਹ ਨੂੰ ਤਰਕਸੰਗਤ ਬਣਾਉਣ ਦਾ ਹੀਲਾ-ਵਸੀਲਾ ਸੀ।

ਨਵੰਬਰ 1938 ਨੂੰ ਬਾਰਸੀਲੋਨਾ 'ਚ ਹੋਈ ਸਮਾਜਵਾਦੀ ਪਾਰਟੀ ਦੀ ਮੀਟਿੰਗ 'ਚ ਜੂਲੀਅਨ ਬੈਸਟੀਰੀਓ ਨੇ ਖ਼ੁਲਾਸਾ ਕੀਤਾ ਕਿ "ਕਮਿਊਨਿਸਟਾਂ ਦੀ ਸ਼ਮੂਲੀਅਤ ਤੋਂ ਬਿਨਾ

ਕਮਿਊਨਿਸਟ ਵਿਰੋਧੀ ਹੂੜ੍ਹ-ਮੱਤ ਕੀਤੀ ਗਈ, ਜਿਸ ਨੂੰ ਅੱਜ ਸਮਾਜਵਾਦੀ ਪਾਰਟੀ ਦਰਵੇਸ਼ ਮੰਨਦੀ ਹੈ।

ਲਾਰਗੋ ਕੈਬਾਲਿਰੋ ਦੇ ਚੇਲਿਆਂ ਬੈਸਟੀਰੀਓ ਅਤੇ ਹੋਰ ਸਮਾਜਵਾਦੀਆਂ ਨੇ ਆਪਣੀਆਂ ਤਮਾਮ ਕਾਰਵਾਈਆਂ ਅਤੇ ਅਸਰ-ਰਸੂਖ਼ ਇਸ ਭਰਮਾਰ, ਉਲਟ ਇਨਕਲਾਬੀ ਅਤੇ ਸਪੇਨ ਵਿਰੋਧੀ ਦਿਸ਼ਾ 'ਚ ਲਾ ਦਿੱਤੇ, ਜਿਸ ਦਾ ਸਿਖ਼ਰ ਸੀ ਕਰਨਲ ਕੈਸਾਡੋ ਦੀ ਅਗਵਾਈ ਹੇਠ ਗ਼ੱਦਾਰ ਜੁੰਡਲੀ ਦਾ ਬਣਨਾ, ਜਿਸਨੇ ਸਪੇਨ ਫਰਾਂਕੋ ਨੂੰ ਪਰੋਸਕੇ ਦੇ ਦਿੱਤਾ।

ਜਦੋਂ ਭੂਮੱਧ ਸਾਗਰ ਵੱਲ ਬਾਗ਼ੀਆਂ ਦੇ ਹਮਲੇ ਨਾਲ ਗਣਰਾਜ ਦਾ ਖੇਤਰ ਦੋ ਹਿੱਸਿਆਂ 'ਚ ਵੰਡਿਆ ਗਿਆ, ਜਿਸ ਨਾਲ ਕੈਟਾਲੋਨੀਆ ਬਾਕੀ ਵਫ਼ਾਦਾਰ ਸਪੇਨ ਤੋਂ ਕੱਟਿਆ ਗਿਆ, ਤਾਂ ਕਮਿਊਨਿਸਟ ਪਾਰਟੀ ਸਾਰੀ ਗੱਲ ਲੋਕਾਂ 'ਚ ਲੈ ਗਈ। ਇਸ ਨੇ ਭੂਮੱਧ ਸਾਗਰ 'ਚ ਬਾਗ਼ੀਆਂ ਦੇ ਪੁੱਜ ਜਾਣ ਨਾਲ ਪੈਦਾ ਹੋਈ ਨਾਜ਼ੁਕ ਹਾਲਤ ਨੂੰ ਲੁਕੋਇਆ ਨਹੀਂ। ਇਸ ਨਾਲ ਸੰਜੀਦਾ ਫਾਸ਼ੀਵਾਦ ਵਿਰੋਧੀਆਂ ਸਮੇਤ, ਕਈ ਲੋਕਾਂ ਦੇ ਹੌਸਲੇ ਢਹਿ ਗਏ ਅਤੇ ਭਾਂਜਵਾਦੀਆਂ ਦੇ ਹੌਸਲੇ ਵਧ ਗਏ, ਜੋ ਹੁਣ ਗਣਰਾਜੀ ਕੈਂਪ ਦੇ ਵੱਖੋ-ਵੱਖ ਖੇਤਰਾਂ ਅੰਦਰ ਸਾਹਮਣੇ ਆ ਰਹੇ ਸਨ।

ਮਈ 1938 ਨੂੰ ਮੈਡਰਿਡ 'ਚ ਹੋਈ ਕੇਂਦਰੀ ਕਮੇਟੀ ਦੀ ਮੀਟਿੰਗ 'ਚ, ਮੈਂ ਸਿਆਸੀ ਰਿਪੋਰਟ ਪੇਸ਼ ਕੀਤੀ ਅਤੇ ਦਿਖਾਇਆ ਕਿ ਕਿਵੇਂ, ਸਾਡੀਆਂ ਤਾਜ਼ਾ ਹਾਰਾਂ ਦੇ ਬਾਵਜੂਦ, ਟਾਕਰਾ ਹਾਲੇ ਵੀ ਸੰਭਵ ਸੀ।

"ਇਨ੍ਹਾਂ ਮਹੀਨਿਆਂ 'ਚ," ਮੈਂ ਆਪਣੀ ਰਿਪੋਰਟ 'ਚ ਦੱਸਿਆ, "ਫ਼ੌਜੀ ਹਾਰਾਂ ਨੇ ਐਸੀ ਹਾਲਤ ਪੈਦਾ ਕਰ ਦਿੱਤੀ ਹੈ ਜਿਸ ਵਿਚ ਸਾਡੇ ਦੇਸ਼ ਦੀ ਮੁਕਤੀ ਅਤੇ ਆਜ਼ਾਦੀ ਪਹਿਲਾਂ ਦੇ ਕਿਸੇ ਸਮੇਂ ਨਾਲੋਂ ਵੱਧ ਖ਼ਤਰੇ 'ਚ ਹੈ।

"ਅਸੀਂ ਸਾਫ਼ ਕਹਿ ਰਹੇ ਹਾਂ ਕਿ ਸਪੇਨ ਦੀ ਹਾਲਤ ਸਿਰੇ ਦੀ ਗੰਭੀਰ ਹੈ। ਅਸੀਂ ਡਰ ਪਾਉਣ ਵਾਲੀ ਤਾਕਤ ਨਹੀਂ ਹਾਂ, ਪਰ ਸੱਚ ਲਾਜ਼ਮੀ ਬੋਲਣਾ ਚਾਹੀਦਾ ਹੈ ਭਾਵੇਂ ਇਹ ਸਾਡੇ ਲਈ ਕਿੰਨਾ ਦੁਖਦਾਈ ਕਿਉਂ ਨਾ ਹੋਵੇ....

"ਕੇਂਦਰ ਅਤੇ ਕੈਟਾਲੋਨੀਆ ਵਿਚਕਾਰ, ਜ਼ਮੀਨੀ ਸੰਪਰਕ ਦੀ ਅਣਹੋਂਦ ਨੇ ਐਸੀ ਹਾਲਤ ਪੈਦਾ ਕਰ ਦਿੱਤੀ ਹੈ ਜਿਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ, ਜਿਸ ਦੀ ਚੀਰਫਾੜ ਲਾਜ਼ਮੀ ਕਰਨੀ ਹੋਵੇਗੀ ਤਾਂ ਕਿ ਸਹੀ ਸਬਕ ਲਏ ਜਾ ਸਕਣ। ਇਹ ਸਭ ਤੋਂ ਅਹਿਮ ਹੈ ਕਿ ਅਸੀਂ ਦਿਮਾਗ 'ਚ ਰੱਖਕੇ ਚੱਲੀਏ ਕਿ ਦੁਸ਼ਮਣ ਨੇ ਸਾਡੇ ਰਾਜ ਦਾ ਤਕੜਾ ਹਿੱਸਾ ਕਬਜ਼ੇ 'ਚ ਲੈ ਲਿਆ ਹੈ (ਸਪੇਨ ਚੀਨ ਜਾਂ ਸੋਵੀਅਤ ਯੂਨੀਅਨ ਵਾਂਗ ਵੱਡਾ ਦੇਸ਼ ਨਹੀਂ ਹੈ), ਕਿ ਅੱਜ ਸਾਡੀ ਹਾਲਤ ਇਹ ਹੈ ਜਿਸ ਵਿਚ ਸਾਡਾ ਇਲਾਕਾ ਹੋਰ ਹੱਥੋਂ ਨਿੱਕਲ ਜਾਣਾ ਘਾਤਕ ਹੋ ਸਕਦਾ ਹੈ, ਕਿਉਂਕਿ ਦੁਸ਼ਮਣ ਦੇ ਫ਼ੌਜੀ ਦਸਤੇ ਸਾਡੇ ਅਹਿਮ ਕੇਂਦਰਾਂ ਦੇ ਨੇੜੇ ਪਹੁੰਚਦੇ ਜਾ ਰਹੇ ਹਨ।......

"ਸਾਨੂੰ ਯੁਜ਼ਕੇਡੀ ਅਤੇ ਅਸਟੂਰੀਅਸ ਦੀ ਮਿਸਾਲ ਚੇਤੇ ਕਰਨੀ ਚਾਹੀਦੀ ਹੈ, ਜਿੱਥੇ ਬਾਕੀ ਸਪੇਨ ਨਾਲੋਂ ਇਨ੍ਹਾਂ ਦੇ ਕੱਟ ਜਾਣ ਦੇ ਮਗਰ ਹੀ ਵੱਖਵਾਦ ਅਤੇ ਸੌੜੇ ਸਥਾਨਕਵਾਦ ਦੇ ਇਜ਼ਹਾਰ ਆਣ ਪਹੁੰਚੇ ਸਨ ਅਤੇ ਨਾਲ ਹੀ ਗੰਭੀਰ ਸਿਆਸੀ ਗੜਬੜ ਪੈਦਾ ਹੋ ਗਈ ਸੀ—ਇਨ੍ਹਾਂ ਸਭਨਾਂ ਨੇ ਉੱਤਰ ਦੀ ਹਾਰ 'ਚ ਹਿੱਸਾ ਪਾਇਆ। ਅਸੀਂ ਪੱਕ ਨਾਲ ਨਹੀਂ ਕਹਿ ਸਕਦੇ ਕਿ ਦੁਬਾਰਾ ਐਸਾ ਨਹੀਂ ਹੋਵੇਗਾ....

"ਸਾਨੂੰ ਹਰ ਸੰਭਵ ਤਰੀਕੇ ਨਾਲ ਗਣਰਾਜ ਦੀ ਇਕੋ-ਇਕ ਵਾਜਬ ਸਰਕਾਰ ਦੀ ਅਥਾਰਟੀ ਦੀ ਰਾਖੀ ਲਾਜ਼ਮੀ ਕਰਨੀ ਹੋਵੇਗੀ ਅਤੇ ਇਸਦੀ ਮੁੜ-ਪੁਸ਼ਟੀ ਹੋਵੇਗੀ। ਜੇ ਅਸੀਂ ਭੁੱਲ ਗਏ ਕਿ

ਸਾਡਾ ਮੱਥਾ ਕਿਸ ਤਰ੍ਹਾਂ ਦੇ ਦੁਸ਼ਮਣ ਨਾਲ ਲੱਗਿਆ ਹੋਇਆ ਹੈ, ਅਤੇ ਅਸੀਂ ਆਪਣੇ ਦੇਸ਼ ਦੀ ਏਕਤਾ ਛੱਡਕੇ ਹਰੇਕ ਖੇਤਰ 'ਚ ਸਰਕਾਰਾਂ ਅਤੇ ਰੱਖਿਆ ਕਮੇਟੀਆਂ ਬਣਾਉਣ 'ਚ ਲੱਗੇ ਰਹੇ, ਤਾਂ ਅਸੀਂ ਦੁਸ਼ਮਣ ਦੀ ਮਹਾਂ ਖ਼ਿਦਮਤ ਕਰ ਰਹੇ ਹੋਵਾਂਗੇ।

"ਫ਼ੌਜ ਦਾ ਟਾਕਰਾ ਨਵੀਂ ਹਾਲਤ ਦੀ ਸ਼ੁਰੂਆਤ ਹੈ, ਇਹ ਤੱਥ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਭਿਆਨਕ ਹਾਲਾਤ 'ਚ ਵੀ, ਬੇਥਾਹ ਵਧੀਆ ਜੰਗੀ ਸਾਜ਼ੋ-ਸਮਾਨ ਦੇ ਬੋਝ ਹੇਠ ਕੁਚਲੀ ਜਾ ਰਹੀ ਸਾਡੀ ਫ਼ੌਜ ਨੇ ਬਹਾਦਰੀ ਨਾਲ ਟਾਕਰਾ ਕੀਤਾ ਹੈ। ਫ਼ੌਜ ਦੇ ਨਾਲ-ਨਾਲ ਸਾਡੇ ਲੋਕਾਂ ਨੇ ਗੋਡੇ ਟੇਕ ਦੇਣ ਦਾ ਪ੍ਰਚਾਰ ਕਰਨ ਵਾਲਿਆਂ ਦਾ ਜ਼ੁਅਰਤ ਨਾਲ ਵਿਰੋਧ ਕੀਤਾ ਹੈ। ਭਾਵੇਂ ਦੁਸ਼ਮਣ ਹਾਲੇ ਵੀ ਅਹਿਮ ਪ੍ਰਾਪਤੀਆਂ ਕਰਦਾ ਜਾ ਰਿਹਾ ਹੈ, ਪਰ ਸਾਡੇ ਟਾਕਰੇ ਸਾਹਮਣੇ ਇਸ ਦੇ ਮਨਸੂਬੇ ਪੂਰੀ ਤਰ੍ਹਾਂ ਸਿਰੇ ਚੜ੍ਹ ਨਹੀਂ ਰਹੇ।

"ਸਾਡੇ ਵੱਲੋਂ ਕੀਤੇ ਟਾਕਰੇ ਨੇ ਦੁਨੀਆਂ ਨੂੰ ਸਾਡੀ ਤਾਕਤ, ਸਾਡੇ ਲੜਾਕੂ ਜਜ਼ਬੇ ਅਤੇ ਜਥੇਬੰਦੀ 'ਚ ਸਾਡੀ ਬਹਾਦਰੀ ਅਤੇ ਸਵੈ-ਵਿਸ਼ਵਾਸ ਦੀ ਹੋਰ ਪੁਸ਼ਟੀ ਕਰਕੇ ਦਿਖਾਈ ਹੈ, ਪਰ ਹੁਣ ਸਾਡੇ ਦੇਸ਼ ਦੇ ਅੰਦਰਲੇ ਇਲਾਕੇ 'ਚ ਨਵੀਂ ਹਾਲਤ ਦੀ ਸ਼ੁਰੂਆਤ ਹੋਈ ਹੈ। ਇਸ ਨਵੀਂ ਸ਼ੁਰੂਆਤ ਦੀ ਲਾਜ਼ਮੀ ਸ਼ਰਤ, ਕੌਮੀ ਏਕਤਾ ਦੀ ਨੁਮਾਇੰਦਾ ਸਰਕਾਰ ਦੁਆਲੇ ਫਾਸ਼ੀਵਾਦ ਵਿਰੋਧੀ ਸਭਨਾਂ ਤਾਕਤਾਂ ਦੀ ਏਕਤਾ ਹੋਣੀ ਚਾਹੀਦੀ ਹੈ।

"ਦੂਜੀ ਕੌਮੀ ਏਕਤਾ ਸਰਕਾਰ, ਨੈਗਰਿਨ ਸਰਕਾਰ, ਬਣਨ ਨਾਲ ਇਹ ਹਾਲਤ ਉੱਘੜਕੇ ਸਾਹਮਣੇ ਆਈ ਹੈ। ਆਤਮ-ਸਮਰਪਣ ਦੀਆਂ ਗੋਂਦਾਂ ਗੁੰਦਣ ਵਾਲਿਆਂ ਦੀ ਹਾਰ ਅਤੇ ਲੋਕ ਤਾਕਤਾਂ ਦੀ ਏਕਤਾ ਦੀ ਮਜ਼ਬੂਤੀ ਹੋਣਾ ਇਸ ਦੀ ਖ਼ਾਸੀਅਤ ਹੈ, ਏਕਤਾ ਨਾਲ ਟਾਕਰੇ ਦਾ ਥੋੜ੍ਹੇ ਸਮੇਂ 'ਚ ਹੀ ਹਮਲੇ ਦੇ ਨਵੇਂ ਪੜਾਅ ਤੱਕ ਪਹੁੰਚ ਜਾਣਾ ਸੰਭਵ ਹੋ ਜਾਵੇਗਾ।"

ਜਦੋਂਕਿ ਲੋਕ ਮੁਹਾਜ਼ ਨੇ ਫਾਸ਼ੀਵਾਦੀ ਖ਼ਤਰੇ ਵਿਰੁੱਧ ਸਭਨਾਂ ਜਮਹੂਰੀ ਤਾਕਤਾਂ ਦੀ ਏਕਤਾ ਦਾ ਅਧਾਰ ਮੁਹੱਈਆ ਕਰ ਦਿੱਤਾ ਸੀ, ਸਾਡੇ ਦੇਸ਼ ਦੇ ਖੇਤਰ 'ਤੇ ਕਬਜ਼ਾ ਕਰੀ ਬੈਠੀਆਂ ਦੋ ਬਿਦੇਸ਼ੀ ਤਾਕਤਾਂ ਦੀਆਂ ਫ਼ੌਜਾਂ ਦਾ ਸਾਹਮਣਾ ਕਰਨ ਲਈ ਏਕਤਾ ਦੀ ਜ਼ਰੂਰਤ ਦਾ ਸਿੱਟਾ ਇਹ ਨਿੱਕਲਿਆ ਕਿ ਅਸੀਂ ਹਾਲਤ ਦੇ ਅਨੁਸਾਰ ਆਪਣੀਆਂ ਨੀਤੀਆਂ ਬਦਲ ਲਈਆਂ। ਤੇਰਾਂ ਨੁਕਾਤੀ ਪ੍ਰੋਗਰਾਮ ਵਾਲੀ ਨੈਗਰਿਨ ਸਰਕਾਰ ਕੌਮੀ ਏਕਤਾ ਦੀ ਸਰਕਾਰ ਸੀ। ਨੈਗਰਿਨ ਪ੍ਰੋਗਰਾਮ ਦਾ ਉਦੇਸ਼ ਸੀ ਐਸੀ ਏਕਤਾ ਕਾਇਮ ਕਰਨਾ ਅਤੇ ਤਮਾਮ ਖੇਤਰੀ ਰੁਝਾਨਾਂ ਦਾ ਖ਼ਾਤਮਾ ਕਰਨਾ।

"ਅੱਜ ਸਾਨੂੰ ਜਿਹੜੀ ਏਕਤਾ ਦੀ ਜ਼ਰੂਰਤ ਹੈ," ਮੈਂ ਆਪਣੀ ਰਿਪੋਰਟ 'ਚ ਕਿਹਾ, "ਇਹ ਹੈ ਨਵੀਂ ਏਕਤਾ, ਸਾਡੀ ਹੁਣ ਵਾਲੀ ਏਕਤਾ ਨਾਲੋਂ ਸੰਭਾਵਨਾ ਪੱਖੋਂ ਵਿਸ਼ਾਲ, ਵਧੇਰੇ ਨਿੱਗਰ, ਅਸਰਦਾਰ ਅਤੇ ਕਾਰਜਕੁਸ਼ਲ ਏਕਤਾ। ਸਾਡੀ ਕੌਮੀ ਏਕਤਾ ਐਸੀ ਹੋਵੇ ਅਰਥਾਤ ਸਰਕਾਰ ਦੀ ਅਗਵਾਈ ਹੇਠ ਸਾਰੀਆਂ ਫਾਸ਼ੀਵਾਦ ਵਿਰੋਧੀ ਤਾਕਤਾਂ ਵੱਲੋਂ ਪ੍ਰਵਾਨ ਕੀਤੇ ਇਕੋ ਇਕ ਪ੍ਰੋਗਰਾਮ 'ਤੇ ਅਧਾਰਤ ਏਕਤਾ, ਜਿਹੜੀ ਏਕਤਾ ਸਾਨੂੰ ਲੋਕਾਂ ਦੇ ਨਵੇਂ-ਨਵੇਂ ਗਰੁੱਪਾਂ ਨੂੰ, ਨਵੀਆਂ ਲੋਕ ਤਾਕਤਾਂ ਨੂੰ ਲਾਮਬੰਦ ਤੇ ਜਥੇਬੰਦ ਕਰਕੇ ਲੜਾਈ 'ਚ ਭੇਜਣ 'ਚ ਸਹਾਈ ਹੋਵੇ।"

ਘਟਨਾਵਾਂ ਨੇ ਲੋਕਾਂ ਅਤੇ ਸਾਡੀ ਸ਼ਾਨਦਾਰ ਲੋਕ ਫ਼ੌਜ ਦੇ ਲੜਾਕੂ ਜਜ਼ਬੇ 'ਚ ਭਰੋਸੇ ਦੀ ਛੇਤੀ ਹੀ ਪੁਸ਼ਟੀ ਕਰ ਦਿੱਤੀ।

ਫਰਾਂਕੋ ਦੀਆਂ ਤਾਕਤਾਂ ਭੂਮੱਧ ਸਾਗਰ 'ਚ ਪਹੁੰਚਣ ਤੋਂ ਬਾਦ, ਉਸ ਦੀ ਜਿੱਤ ਦੀ ਆਸ ਰੱਖਣ ਵਾਲੇ ਅਤੇ ਇੱਥੋਂ ਤੱਕ ਕਿ ਗਣਰਾਜ ਦੇ ਅਨੇਕਾਂ ਹਿਤੈਸ਼ੀ ਵੀ ਸੋਚਦੇ ਸਨ ਕਿ ਲੋਕ ਟਾਕਰਾ ਖ਼ਤਮ ਹੋ ਜਾਵੇਗਾ। ਉਹ ਗ਼ਲਤ ਸਨ ਕਿਉਂਕਿ ਉਹ ਸਾਡੇ ਲੋਕਾਂ ਬਾਰੇ ਜਾਣਦੇ ਨਹੀਂ

ਸਨ। ਜੁਲਾਈ ਦੇ ਅੱਧ 'ਚ, ਗਣਰਾਜੀ ਸਪੇਨ ਤੋਂ ਆ ਰਹੀਆਂ ਖ਼ਬਰਾਂ ਨੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ।

ਦੋ ਹਰਮਨਪਿਆਰੇ ਫ਼ੌਜੀ ਮੁਖੀਆਂ, ਲਫਟੈਣ ਮੌਡੈਸਟੋ ਅਤੇ ਲਿਸਟਰ ਦੀ ਅਗਵਾਈ 'ਚ ਐਬਰੋ ਫ਼ੌਜ ਕਮਿਊਨਿਸਟ ਕਮਾਂਡਰਾਂ, ਸਮਾਜਵਾਦੀਆਂ, ਪਾਰਟੀ ਕਾਮੀਸਾਰਾਂ ਅਤੇ ਇੰਸਟਰਕਟਰਾਂ ਦੀ ਮਦਦ ਨਾਲ, ਐਬਰੋ ਤੋਂ ਪਾਰ ਲੰਘ ਗਈ ਅਤੇ ਜੰਗ ਦੀ ਸਭ ਤੋਂ ਅਹਿਮ ਲੜਾਈ ਸ਼ੁਰੂ ਹੋ ਗਈ। ਉਨ੍ਹਾਂ ਸਾਰਿਆਂ ਲਈ ਇਹ ਬਹੁਤ ਹੈਰਾਨੀਜਨਕ ਸੀ ਜਿਹੜੇ ਸੋਚਦੇ ਸਨ ਕਿ ਫ਼ੌਜ ਸਾਹਮਣੇ ਜਿਸ ਤਰ੍ਹਾਂ ਦੇ ਔਖੇ ਹਾਲਾਤ ਹਨ ਗਣਰਾਜ ਜੰਗ ਜਾਰੀ ਨਹੀਂ ਰੱਖ ਸਕਦਾ। ਪਰ ਸਾਡੀ ਫ਼ੌਜ ਨੇ ਸਪੇਨ ਦੇ ਇਕ ਸਭ ਤੋਂ ਅਹਿਮ ਦਰਿਆ ਨੂੰ ਦਲੇਰੀ ਨਾਲ ਪਾਰ ਕਰਕੇ ਐਬਰੋ ਦੇ ਸੱਜੇ ਕੰਢੇ ਦੇ 200 ਮੀਲ ਤੋਂ ਵੱਧ ਇਲਾਕੇ 'ਤੇ ਕਬਜ਼ਾ ਕਰ ਲਿਆ ਸੀ।

ਐਬਰੋ ਨੂੰ ਪਾਰ ਕਰਨਾ ਇਕ ਔਖੀ ਲੜਾਈ ਦੀ ਸ਼ੁਰੂਆਤ ਨੂੰ ਦਰਸਾਉਂਦਾ ਸੀ। ਜਿਸ ਨਾਲ ਲੋਕ ਫ਼ੌਜ ਦੀ ਹਮਲੇ ਕਰਨ ਦੀ ਸਮਰੱਥਾ ਸਾਬਤ ਹੋ ਗਈ, ਜੋ ਦੁਸ਼ਮਣ ਨਾਲ ਬੇਮੇਚੀ ਲੜਾਈ 'ਚ ਉੱਸਰੀ ਸੀ।

ਸਾਡੀ ਫ਼ੌਜ ਨੇ ਹਫ਼ਤੇ ਤੋਂ ਵੀ ਘੱਟ ਸਮੇਂ 'ਚ ਜਿੰਨਾ ਖੇਤਰ ਜਿੱਤ ਲਿਆ ਸੀ, ਫਰਾਂਕੋ ਦੀ ਫ਼ੌਜ ਸਾਢੇ ਚਾਰ ਮਹੀਨਿਆਂ ਦੀ ਸਖ਼ਤ ਲੜਾਈ ਤੋਂ ਬਾਦ ਅਤੇ ਅਥਾਹ ਮਨੁੱਖੀ ਤਾਕਤ ਅਤੇ ਜੰਗੀ ਸਾਜ਼ੋ-ਸਮਾਨ ਝੋਕਕੇ ਹੀ ਵਾਪਸ ਲੈ ਸਕੀ ਸੀ, ਗਣਰਾਜੀ ਫ਼ੌਜ ਇਸ ਪੱਖੋਂ ਬਹੁਤ ਬੇਮੇਚੀ ਹਾਲਤ 'ਚ ਸੀ। ਜੰਗ 'ਚ ਸ਼ਾਮਲ ਜਰਮਨ ਜਰਨੈਲਾਂ ਨੇ ਬਾਦ 'ਚ ਮੰਨਿਆ ਸੀ ਕਿ ਪਹਿਲੀ ਵਾਰ ਉਨ੍ਹਾਂ ਨੂੰ ਕਿਸੇ ਫ਼ੌਜ ਦੇ ਅੱਗੇ ਵਧਦੇ ਜਾਣ ਨੂੰ ਰੋਕਣ ਲਈ ਤੋਪਖ਼ਾਨੇ ਦਾ ਬੰਨ੍ਹ ਉਸਾਰਨਾ ਪਿਆ ਸੀ। ਇਸ ਨਾਲ ਸਾਡੀਆਂ ਫ਼ੌਜਾਂ ਦੀ ਕਾਰਵਾਈ ਪੂਰੀ ਤਰ੍ਹਾਂ ਅਸੰਭਵ ਹੋ ਗਈ, ਅਤੇ ਅਸੀਂ ਦੁਸ਼ਮਣ ਨਾਲੋਂ ਵੱਡਾ ਮੋੜਵਾਂ ਬੰਨ੍ਹ ਬਣਾਕੇ ਜਵਾਬੀ ਕਾਰਵਾਈ ਕਰਨ ਦੀ ਹਾਲਤ 'ਚ ਨਹੀਂ ਸੀ।

ਕੈਟਾਲੋਨੀਆ ਵਿਚਲੇ ਗਣਰਾਜੀ ਫ਼ੌਜ ਦੇ ਸਾਰੇ ਦਸਤੇ ਐਬਰੋ ਕਾਰਵਾਈ 'ਚ ਵਰਤੇ ਗਏ ਗਏ ਸਨ। ਸਾਡੀਆਂ ਸਾਰੀਆਂ ਅਹਿਮ ਲੜਾਈਆਂ ਦੇ ਹਮਲਾਵਰ ਦਸਤੇ ਪੰਜਵੀਂ ਰੈਜੀਮੈਂਟ ਜਿਸ ਤਰ੍ਹਾਂ ਜਮਹੂਰੀ ਸਪੇਨ ਦੀ ਜਿੱਤ ਦਾ ਰਾਹ ਆਪਣੀਆਂ ਜਾਨਾਂ ਅਤੇ ਖ਼ੂਨ ਦੇ ਕੇ ਖੋਹਲਣ ਦੇ ਔਖੇ ਕੰਮ 'ਚ ਡਟੀ ਹੋਈ ਸੀ, ਇਸਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ।

ਐਬਰੋ ਦਰਿਆ 'ਚ ਪਿੱਛੇ ਹਟੀ ਫ਼ੌਜ ਦਾ ਦਸਵਾਂ ਹਿੱਸਾ ਮਾਰਿਆ ਗਿਆ ਸੀ, ਉਹ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ 'ਚ ਸੀ, ਪਰ ਹੌਸਲੇ ਬੁਲੰਦ ਸਨ। ਇਹ ਉਹ ਯੋਧੇ ਸਨ ਜਿਨ੍ਹਾਂ ਨੇ ਮੈਡਰਿਡ ਦੀ ਰਾਖੀ ਕੀਤੀ ਸੀ, ਜਿਨ੍ਹਾਂ ਨੇ ਗੁਆਡਲਾਜਾਰਾ, ਬਰੂੰਟੀ ਅਤੇ ਬੈੱਲਚਾਈਟ 'ਚ ਜਿੱਤਾਂ ਹਾਸਲ ਕੀਤੀਆਂ ਸਨ। ਇਨ੍ਹਾਂ ਨੇ ਜੰਗ ਦੀ ਸਭ ਤੋਂ ਔਖੀ ਮਾਰ ਝੱਲੀ ਸੀ, ਜਦੋਂਕਿ ਮਿਲੀਸ਼ੀਆ, ਅਤੇ ਬਾਦ 'ਚ ਬ੍ਰਿਗੇਡ, ਡਿਵੀਜ਼ਨਾਂ ਅਤੇ ਫ਼ੌਜਾਂ ਇਕ ਜਾਂ ਦੂਜੇ ਕਾਰਣ ਉੱਤਰ 'ਚ ਵਿਹਲੀਆਂ ਬੈਠੀਆਂ ਰਹੀਆਂ। ਬਾਦ 'ਚ, ਕੈਸਾਡੋ ਦੇ ਜਨਰਲ ਸਟਾਫ਼ ਅਤੇ ਮਿਆਜ਼ਾ ਵੱਲੋਂ ਭੰਨਤੋੜ ਦੀਆਂ ਕਾਰਵਾਈਆਂ ਕਾਰਣ ਕੇਂਦਰੀ-ਦੱਖਣੀ ਖੇਤਰ ਦੇ ਫ਼ੌਜੀ ਦਸਤੇ ਉੱਥੋਂ ਨਾ ਹਿੱਲੇ, ਇਹ ਅਫ਼ਸਰ ਇਕ ਵੀ ਦਸਤੇ ਨੂੰ ਜੰਗ ਲਈ ਲਾਮਬੰਦ ਕਰਨ ਦਾ ਵਿਰੋਧ ਕਰਦੇ ਰਹੇ। ਇੱਥੋਂ ਤੱਕ ਕਿ ਓਦੋਂ ਵੀ ਜਦੋਂ ਬਾਗ਼ੀ ਆਪਣੀ ਫ਼ੌਜ ਦਾ ਵੱਡਾ ਹਿੱਸਾ ਅਤੇ ਬਿਹਤਰੀਨ ਜੰਗੀ ਸਮਾਨ ਲੈ ਕੇ ਕੈਟਾਲੋਨੀਆ ਉੱਪਰ ਝਪਟੇ ਹੋਏ ਸਨ।

ਇਹ ਸਮੁੱਚੀ ਜੰਗ ਦਾ ਸਭ ਤੋਂ ਸੰਤਾਪ ਦਾ ਸਮਾਂ ਸੀ। ਦੁਸ਼ਮਣ ਦੇ ਹਮਲੇ ਦਾ ਸਾਰਾ ਬੋਝ ਸਾਡੇ ਯੋਧਿਆਂ ਉੱਤੇ ਆਣ ਪਿਆ ਸੀ। ਇਸ ਸਮੇਂ ਬਾਕੀ ਤਾਕਤਾਂ ਗਣਰਾਜ ਖ਼ਿਲਾਫ਼ ਤੇ ਬਾਗ਼ੀਆਂ ਦੇ ਹੱਕ 'ਚ ਸਾਜ਼ਿਸ਼ਾਂ 'ਚ ਲੱਗੀਆਂ ਹੋਈਆਂ ਸਨ। ਜੇ ਕਮਿਊਨਿਸਟਾਂ ਨੇ ਜੰਗ ਤੋਂ ਸਵਾਰਥੀ ਲਾਹਾ ਲੈਣਾ ਹੁੰਦਾ ਤਾਂ ਅਸੀਂ ਹੋਰ ਜਾਨਾਂ ਦੀ ਕੁਰਬਾਨੀ ਦੇਣ ਤੋਂ ਨਾਂਹ ਕਰ ਸਕਦੇ ਸਾਂ। ਓਦੋਂ ਖੁੱਡਾਂ 'ਚ ਲੁਕੇ ਚੂਹੇ ਕਮਿਊਨਿਸਟ ਪਾਰਟੀ ਬਾਰੇ ਇਹੀ ਦਾਅਵਾ ਕਰਦੇ ਸਨ ਜਿਹੜੇ ਆਪ ਖੁੱਡਾਂ 'ਚ ਹੀ ਥਰ-ਥਰ ਕੰਬੀ ਜਾ ਰਹੇ ਸਨ ਅਤੇ ਇਨ੍ਹਾਂ 'ਚ ਇਹ ਹਿੰਮਤ ਵੀ ਨਹੀਂ ਸੀ ਕਿ ਆਪਣੀਆਂ ਬੂਥੀਆਂ ਖੁੱਡਾਂ ਤੋਂ ਬਾਹਰ ਕੱਢਣ।

ਅਸੀਂ ਨਾਂਹ ਨਹੀਂ ਕੀਤੀ, ਸਗੋਂ ਕੈਟਾਲੋਨੀਆ ਦੀ ਰਾਖੀ ਲਈ ਆਪਣੇ ਬੰਦੇ ਭੇਜਦੇ ਰਹੇ ਕਿਉਂਕਿ ਸਿਆਸੀ-ਫ਼ੌਜੀ ਅਤੇ ਮਨੁੱਖੀ ਦੋਵਾਂ ਨਜ਼ਰੀਆਂ ਤੋਂ ਇਹ ਜ਼ਿੰਦਗੀ-ਮੌਤ ਦਾ ਸਵਾਲ ਬਣਿਆ ਹੋਇਆ ਸੀ।

ਐਬਰੋ ਦੀ ਲੜਾਈ ਆਖ਼ਰੀ ਜ਼ੋਰਾਂ 'ਤੇ ਸੀ। ਜਦੋਂ ਮੁਸੀਬਤ ਆਉਂਦੀ ਹੈ, ਤਾਂ ਕਿਣ ਮਿਣ ਦੀ ਥਾਂ ਮੋਹਲੇਧਾਰ ਬਾਰਿਸ਼ ਹੀ ਹੁੰਦੀ ਹੈ। ਜਿਸ ਮੌਕੇ ਜਨਰਲ ਸਟਾਫ਼ ਪਿੱਛੇ ਹਟਣ ਦੇ ਹੁਕਮ ਦੇ ਰਿਹਾ ਸੀ, ਉਸੇ ਵਕਤ ਨੈਗਰਿਨ ਨੇ ਕੌਮਾਂਤਰੀ ਬ੍ਰਿਗੇਡਾਂ ਨੂੰ ਵਾਪਸ ਭੇਜਣ ਦਾ ਫ਼ੈਸਲਾ ਸੁਣਾ ਦਿੱਤਾ। ਇਨ੍ਹਾਂ ਛੇ ਹਜ਼ਾਰ ਦੇ ਕਰੀਬ ਯੋਧਿਆਂ ਨਾਲ ਸਾਡੀ ਯੁੱਧ ਅਤੇ ਹੋਣੀ ਦੀ ਸਾਂਝ ਸੀ। ਸਰਕਾਰ ਇਹ ਸਿਰੇ ਦਾ ਕਦਮ ਇਸ ਕਰਕੇ ਚੁੱਕਣ ਲਈ ਮਜਬੂਰ ਹੋਈ ਸੀ ਤਾਂ ਜੋ ਫਰਾਂਸ ਅਤੇ ਇੰਗਲੈਂਡ ਨੂੰ ਫਰਾਂਕੋ ਦੀ ਜੰਗਬਾਜ਼ੀ ਨੂੰ ਮਾਨਤਾ ਦੇਣ ਦੋਂ ਡੱਕਿਆ ਜਾ ਸਕੇ।

ਸਪੇਨ ਲਈ ਕੌਮਾਂਤਰੀ ਬ੍ਰਿਗੇਡ ਦੇ ਸੂਰਮੇ ਜਿੰਨੇ ਕੀਮਤੀ ਸਨ, ਉਨ੍ਹਾਂ ਦੀ ਜੁਦਾਈ ਓਨੀ ਹੀ ਉਦਾਸ ਕਰਨ ਵਾਲੀ ਅਤੇ ਰੜਕਵੀਂ ਸੀ। ਜਦੋਂ ਅਸੀਂ ਉਨ੍ਹਾਂ ਨੂੰ ਬਾਰਸੀਲੋਨਾ ਦੇ ਮੁੱਖ ਰਾਹ ਵਿਚੋਂ ਦੀ ਮਾਰਚ ਕਰਦਿਆਂ ਲੰਘਦੇ ਵੇਖਿਆ, ਜਿੱਥੇ ਲੋਕ ਵਿਦਾਇਗੀ ਦੇਣ ਲਈ ਜੁੜੇ ਹੋਏ ਸਨ ਤਾਂ ਸਾਡੇ ਮਨ ਭਰੇ ਹੋਏ ਸਨ।* ਸਾਨੂੰ ਆਪਣੇ ਇਨ੍ਹਾਂ ਯੋਧਿਆਂ ਦੀ ਹੋਣੀ ਵਾਰ-ਵਾਰ ਚੇਤੇ

* 15 ਨਵੰਬਰ 1938 ਨੂੰ ਬਾਰਸੀਲੋਨਾ 'ਚ ਵਿਦਾਇਗੀ ਕਵਾਇਦ ਮੌਕੇ ਨੈਗਰਿਨ ਅਤੇ ਲਾ ਪੈਸੀਓਨਾਰੀਆ ਨੇ ਧੰਨਵਾਦੀ ਲਫ਼ਜ਼ ਕਹੇ। ਪਹਿਲਾਂ ਪੈਸੀਓਨਾਰੀਆ ਨੇ ਬਾਰਸੀਲੋਨਾ ਦੀਆਂ ਔਰਤਾਂ ਨੂੰ ਸੰਬੋਧਤ ਹੋ ਕੇ ਕਿਹਾ: "ਮਾਤਾਓ! ਇਸਤਰੀਓ! ਜਦੋਂ ਵਰ੍ਹੇ ਲੰਘ ਜਾਣ ਅਤੇ ਜੰਗ ਦੇ ਜ਼ਖ਼ਮ ਭਰ ਜਾਣ; ਜਦੋਂ ਵੈਰ-ਭਾਵ ਮੁੱਕ ਜਾਣ ਅਤੇ ਸਾਰੇ ਸਪੇਨ ਵਾਸੀ ਆਜ਼ਾਦ ਦੇਸ਼ 'ਤੇ ਬਰਾਬਰ ਮਾਣ ਕਰਨ—ਤਾਂ ਆਪਣੇ ਬੱਚਿਆਂ ਨਾਲ ਗੱਲਾਂ ਕਰਿਉ। ਉਨ੍ਹਾਂ ਨੂੰ ਕੌਮਾਂਤਰੀ ਬ੍ਰਿਗੇਡਾਂ ਦੀਆਂ ਕਹਾਣੀਆਂ ਸੁਣਾਇਓ। ਉਨ੍ਹਾਂ ਨੂੰ ਦੱਸਿਓ, ਕਿਵੇਂ ਸਮੁੰਦਰ ਅਤੇ ਪਹਾੜ ਚੀਰਕੇ, ਸੰਗੀਨਾਂ ਨਾਲ ਘਿਰੀਆਂ ਅਤੇ ਬੋਟੀਆਂ ਨੋਚਣ ਲਈ ਹਾਬੜੇ ਫਿਰਦੇ ਕੁੱਤਿਆਂ ਦੇ ਪਹਿਰੇ ਵਾਲੀਆਂ ਸਰਹੱਦਾਂ ਲੰਘਕੇ ਇਹ ਇਨਸਾਨ ਮਸੀਹੇ ਬਣਕੇ ਸਾਡੇ ਵਤਨ ਪਹੁੰਚੇ ਸਨ। ਇਹ ਆਪਣੇ ਪਰਿਵਾਰ, ਆਪਣਾ ਵਤਨ, ਘਰ ਤੇ ਸੁਖ-ਅਰਾਮ—ਮਾਂ-ਬਾਪ, ਪਤਨੀਆਂ, ਭੈਣਾਂ-ਭਰਾ ਅਤੇ ਬੱਚੇ—ਸਭ ਕੁਝ ਤਿਆਗ ਕੇ ਇੱਥੇ ਆਏ ਸਨ ਅਤੇ ਸਾਨੂੰ ਕਿਹਾ ਸੀ : "ਅਸੀਂ ਆ ਗਏ ਹਾਂ, ਤੁਹਾਡਾ ਕਾਜ਼, ਸਪੇਨ ਦਾ ਕਾਜ਼, ਸਾਡਾ ਕਾਜ਼ ਹੈ। ਇਹ ਸਮੁੱਚੀ ਅਗਾਂਹਵਧੂ ਅਤੇ ਤਰੱਕੀਪਸੰਦ ਮਨੁੱਖਤਾ ਦਾ ਕਾਜ਼ ਹੈ।" ਅੱਜ ਉਹ ਜਾ ਰਹੇ ਹਨ। ਇਨ੍ਹਾਂ 'ਚੋਂ ਅਨੇਕਾਂ, ਹਜ਼ਾਰਾਂ ਹੀ, ਇੱਥੇ ਸਪੇਨ ਦੀ ਮਿੱਟੀ 'ਚ ਦਫ਼ਨਾਏ ਹੋਏ ਸਾਡੇ ਕੋਲ ਹਨ, ਅਤੇ ਸਾਰੇ ਸਪੇਨੀ ਲੋਕ ਉਨ੍ਹਾਂ ਨੂੰ ਡੂੰਘੇ ਸਤਿਕਾਰ ਨਾਲ ਚੇਤੇ ਕਰਦੇ ਹਨ।"
ਫਿਰ ਉਸਨੇ ਬ੍ਰਿਗੇਡ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ: "ਕੌਮਾਂਤਰੀ ਬ੍ਰਿਗੇਡ ਦੇ ਸਾਥੀਓ! ਸਿਆਸੀ ਕਾਰਣਾਂ ਕਰਕੇ, ਹਾਲਾਤ ਕਰਕੇ, ਉਸੇ ਕਾਜ਼ ਦੀ ਭਲਾਈ ਲਈ ਜਿਸ ਖ਼ਾਤਰ ਤੁਸੀਂ ਅਨੰਤ ਖੁੱਲ੍ਹਦਿਲੀ ਨਾਲ ਆਪਣਾ ਖ਼ੂਨ ਭੇਟ ਕੀਤਾ, ਤੁਹਾਨੂੰ ਵਾਪਸ ਭੇਜਿਆ ਜਾ ਰਿਹੈ, ਤੁਹਾਡੇ 'ਚੋਂ ਕੁਝ ਨੂੰ ਤੁਹਾਡੇ ਵਤਨਾਂ ਨੂੰ ਅਤੇ ਬਾਕੀਆਂ ਨੂੰ ਜਬਰੀ ਜਲਾਵਤਨੀ 'ਚ। ਤੁਸੀਂ ਮਾਣ ਨਾਲ ਜਾ ਰਹੇ ਹੋ। ਤੁਸੀਂ

ਆ ਰਹੀ ਸੀ, ਜਿਨ੍ਹਾਂ 'ਚੋਂ ਅਨੇਕਾਂ ਆਪਣੇ ਵਤਨਾਂ ਨੂੰ ਵਾਪਸ ਨਹੀਂ ਜਾ ਸਕੇ ਕਿਉਂਕਿ ਇੱਥੇ ਫਾਸ਼ੀਵਾਦੀ ਤਾਨਾਸ਼ਾਹੀ ਰਾਜ ਸਨ। ਸਪੇਨ ਦੀ ਜੰਗ 'ਚ ਸ਼ਾਮਲ ਹੋਣ ਕਰਕੇ, ਦਖ਼ਲ ਨਾ ਦੇਣ ਦੀ ਕੂਟਨੀਤੀ ਵਾਲਿਆਂ ਨੇ ਇਨ੍ਹਾਂ ਯੋਧਿਆਂ ਨਾਲ ਕੋਹੜੀਆਂ ਵਾਲਾ ਵਰਤਾਓ ਕੀਤਾ, ਇਨ੍ਹਾਂ ਨੂੰ ਤੰਗ-ਪਰੇਸ਼ਾਨ ਕੀਤਾ ਗਿਆ, ਮੁਜਰਮਾਂ ਵਾਂਗ ਪਿੱਛਾ ਕੀਤਾ ਜਾਂਦਾ ਰਿਹਾ, ਵਿਸ਼ੇਸ਼ ਤਸੀਹਾ ਕੈਂਪਾਂ 'ਚ ਬੰਦ ਰੱਖਿਆ ਗਿਆ ਅਤੇ ਅੰਤ ਹਿਟਲਰ ਤੇ ਮੁਸੋਲਿਨੀ ਦੇ ਹਵਾਲੇ ਕਰ ਦਿੱਤੇ ਗਏ।

ਕੌਮਾਂਤਰੀ ਬ੍ਰਿਗੇਡਾਂ ਦੇ ਯੋਧਿਆਂ ਨੂੰ ਤਸੀਹਾ ਕੈਂਪਾਂ 'ਚ ਕੈਦ ਕਰਨ ਵਾਲੇ ਨਹੀਂ ਸੀ ਜਾਣਦੇ ਕਿ ਇਨ੍ਹਾਂ 'ਚੋਂ ਕਈ ਛੇਤੀ ਹੀ ਆਪੋ-ਆਪਣੇ ਦੇਸ਼ 'ਚ ਫਾਸ਼ੀਵਾਦ ਵਿਰੋਧੀ ਟਾਕਰੇ ਦੇ ਆਗੂ ਬਣ ਜਾਣਗੇ।

[42]

## ਆਤਮ-ਸਮਰਪਣ ਦਾ ਜ਼ੋਰ ਪੈ ਗਿਆ

ਸਪੇਨ ਦੇ ਲੋਕ ਟਾਕਰੇ ਦੇ ਉਨ੍ਹਾਂ ਔਖੇ, ਮਾੜੇ ਵਕਤਾਂ 'ਚ, ਜੋ ਦੁਨੀਆਂ ਦੇ ਅਮਨ ਲਈ ਬਦਸ਼ਗਨ ਸੀ, ਅੰਗਰੇਜ਼ ਅਤੇ ਫਰਾਂਸੀਸੀ ਸਰਕਾਰਾਂ ਨੇ, ਚੈਕੋਸਲੋਵਾਕੀਆ ਦੀ ਸਰਕਾਰ ਵੱਲੋਂ ਭਾਣਾ ਮੰਨਕੇ ਸਹਿਮਤੀ ਦੇ ਦਿੱਤੇ ਜਾਣ ਨਾਲ, ਸ਼ਰਮਨਾਕ ਮਿਊਨਿਖ਼ ਸਮਝੌਤੇ 'ਤੇ ਦਸਤਖ਼ਤ ਕਰ ਦਿੱਤੇ। ਚੈਕੋਸਲੋਵਾਕੀਆ, ਹਿਟਲਰ ਨੂੰ ਦੇ ਦਿੱਤਾ ਗਿਆ। ਯੂਰਪ ਵਿਚ ਜੰਗ ਦਾ ਨਵਾਂ ਕੇਂਦਰ ਬਣ ਗਿਆ। ਇਸਦੇ ਕਈ ਸਿੱਟਿਆਂ ਨੇ ਸਪੇਨ ਦੇ ਟਾਕਰੇ ਨੂੰ ਬੱਜਰ ਸੱਟ ਮਾਰੀ।

ਆਤਮ-ਸਮਰਪਣ ਦੇ ਹੱਕ 'ਚ ਬਣ ਰਿਹਾ ਮਾਹੌਲ, ਟਾਕਰੇ ਦੇ ਦੁਸ਼ਮਣਾਂ ਦੀ ਜ਼ੋਰਦਾਰ ਮਿਹਨਤ ਦਾ ਨਤੀਜਾ ਸੀ। ਸਤੰਬਰ 1938 ਤੋਂ ਲੈ ਕੇ, ਮਿਊਨਿਖ਼ ਸਮਝੌਤੇ ਤੋਂ ਬਾਦ, ਇਹ ਗਣਰਾਜੀ ਸਪੇਨ ਦੀ ਹਾਲਤ ਦੀ ਮੁੱਖ ਵਿਸ਼ੇਸ਼ਤਾ ਸੀ। ਆਤਮ-ਸਮਰਪਣ ਦੀ ਵਕਾਲਤ ਕਰਨ ਵਾਲਿਆਂ ਨੂੰ ਆਪਣੀ ਸਰਗਰਮੀ ਲਈ ਜੰਗ ਦੇ ਭੰਨੇ ਲੋਕਾਂ ਦੀ ਹਾਲਤ ਜ਼ਰਖੇਜ਼ ਭੋਂਇ ਵਜੋਂ ਹਾਸਲ ਹੋ ਗਈ ਅਤੇ ਨੈਗਰਿਨ ਸਰਕਾਰ ਦੀਆਂ ਕਮਜ਼ੋਰੀਆਂ ਅਤੇ ਥਿੜ੍ਹਕਣਾਂ 'ਚ ਵੀ ਇਹ ਝਲਕਦਾ ਸੀ।

ਹਾਲਾਂਕਿ ਜਦੋਂ ਨੈਗਰਿਨ ਸਰਕਾਰ ਦੂਜੀ ਵਾਰ ਬਣੀ ਤਾਂ ਇਸ ਨੇ ਕਈ ਅਹਿਮ ਸਿਆਸੀ ਅਤੇ ਫ਼ੌਜੀ ਕਦਮ ਚੁੱਕੇ ਸਨ, ਪਰ ਇਸ 'ਚ ਇਕਜੁੱਟਤਾ ਨਹੀਂ ਸੀ। ਨਾ ਹੀ ਇਸ ਕੋਲ ਫ਼ੌਰੀ ਕਾਰਵਾਈ ਪ੍ਰੋਗਰਾਮ ਸੀ। ਇਸ ਦਾ ਸਾਂਝ ਦਾ ਅਧਾਰ—ਜੰਗ ਜਿੱਤਣ ਦੀ ਇੱਛਾ-ਸ਼ਕਤੀ ਅਤੇ ਦ੍ਰਿੜਤਾ—ਬਹੁਤ ਪੇਤਲਾ ਸੀ, ਅਤੇ ਅਸਲ ਵਿਚ ਕਈ ਵਾਰ ਤਾਂ ਇਹ ਵੱਖ-ਵੱਖ ਸਿਆਸੀ ਪਾਰਟੀਆਂ ਦੀ ਸ਼ਰੀਕੇਬਾਜ਼ੀ ਅਤੇ ਦੁਸ਼ਮਣੀਆਂ ਅਤੇ ਇਨ੍ਹਾਂ ਦੇ ਆਗੂਆਂ ਦੀਆਂ ਵਿਅਕਤੀਗਤ ਖ਼ਾਹਸ਼ਾਂ 'ਚ ਗਾਇਬ ਹੀ ਹੋ ਜਾਂਦਾ ਸੀ।

---

ਇਤਹਾਸ ਹੋ। ਤੁਸੀਂ ਲੋਕ ਗਾਥਾ ਬਣ ਗਏ ਹੋ। ਤੁਸੀਂ ਜਮਹੂਰੀਅਤ ਲਈ ਇਕਮੁੱਠਤਾ ਅਤੇ ਸਰਵਵਿਆਪੀ ਸੂਰਬੀਰਤਾ ਦੀ ਮਿਸਾਲ ਹੋ। ਅਸੀਂ ਤੁਹਾਨੂੰ ਕਦੇ ਨਹੀਂ ਭੁਲਾਵਾਂਗੇ; ਅਤੇ ਜਦੋਂ ਸਪੇਨੀ ਗਣਰਾਜ ੀ ਜਿੱਤ ਦੀ ਕੀਰਤੀ ਨਾਲ ਓਤਪੋਤ ਹੋ ਕੇ ਅਮਨ ਦੇ ਜੈਤੂਨੀ ਰੁਖ਼ ਮੁੜ ਮੌਲ ਪੈਣ—ਤਾਂ ਮੁੜ ਆਇਓ!"

ਗੋਡੇ ਟੇਕਣ ਪੱਖੀ ਤਾਕਤਾਂ ਦੀ ਨੁਕਸਾਨਦੇਹ ਸਿਆਸੀ ਸਰਗਰਮੀ ਹਰ ਰੋਜ਼ ਵੱਧ ਉੱਘੜਕੇ ਸਾਹਮਣੇ ਆ ਰਹੀ ਸੀ। ਲੜਾਕੂ ਤਾਕਤਾਂ ਅਤੇ ਲੋਕਾਂ 'ਚ ਕਮਿਊਨਿਸਟਾਂ ਨੂੰ ਬੱਦੂ ਕਰਨ ਦੇ ਯਤਨਾਂ ਵਜੋਂ ਬਦਖੋਹੀ ਦੇ ਅੰਬਾਰ ਲਾਏ ਜਾ ਰਹੇ ਸਨ। ਕਮਿਊਨਿਸਟ ਵਿਰੋਧੀ ਹਮਲੇ 'ਚ ਫਰਾਂਕੋ ਦੇ ਏਜੰਟਾਂ ਦਾ ਹੱਥ ਸੁਖਾਲਿਆਂ ਹੀ ਦੇਖਿਆ ਜਾ ਸਕਦਾ ਸੀ। ਜਿਉਂ ਹੀ ਇਸ ਹਮਲੇ ਨੇ ਸਹਿਜੇ-ਸਹਿਜੇ ਜ਼ੋਰ ਫੜਿਆ, ਨੈਗਰਿਨ ਸਰਕਾਰ ਵਿਰੁੱਧ ਲੜਾਈ ਵੀ ਤਿੱਖੀ ਹੋ ਗਈ ਅਤੇ ਆਖ਼ਿਰ ਇਸ ਦਾ ਸਿੱਟਾ ਅਗਸਤ 1938 ਦੇ ਸੰਕਟ 'ਚ ਨਿਕਲਿਆ।

ਇਰੁਜੋ ਅਤੇ ਐਗੁਏਡੇ, ਜੋ ਬਾਸਕ ਕੌਮੀਅਤ ਦੇ ਨੁਮਾਇੰਦੇ ਸਨ ਅਤੇ ਕੈਟਾਲੋਨੀਆ ਦੇ ਐਸਕਵੇਰਾ* (*ਕੈਟਾਲੋਨੀਆ ਦੀ ਹੇਠਲੇ ਮੱਧਵਰਗ ਦੀ ਪਾਰਟੀ, ਜਿਸ ਦਾ ਨਾਂਅ 'ਖੱਬੇ' ਦੇ ਅਰਥ ਵਾਲਾ ਕੈਟਾਲਾਨ ਲਫ਼ਜ਼ ਸੀ) ਸਰਕਾਰ 'ਚੋਂ ਨਿੱਕਲ ਗਏ। ਇਹ ਨੈਗਰਿਨ ਲਈ ਵੱਡੀ ਸੱਟ ਸੀ। ਉਹ ਪੈਦਾ ਹੋਣ ਵਾਲੇ ਸੰਕਟ ਨੂੰ ਸਿਰਫ਼ ਕਮਿਊਨਿਸਟ ਪਾਰਟੀ ਦੇ ਦ੍ਰਿੜ ਸਟੈਂਡ ਦੀ ਬਦੌਲਤ ਹੀ ਟਾਲ ਸਕਿਆ ਸੀ ਜਿਸ ਨੇ ਉਸ ਨੂੰ ਸਲਾਹ ਦਿੱਤੀ ਕਿ ਅਸਤੀਫ਼ਾ ਦੇ ਕੇ ਸਰਕਾਰ ਭੰਗ ਕਰਨ ਦੀ ਬਜਾਏ ਮੰਤਰੀਆਂ ਦੀ ਥਾਂ ਨਵੇਂ ਮੰਤਰੀ ਲੈ ਲਵੇ। ਨੈਗਰਿਨ ਨੇ ਇਹੀ ਕੀਤਾ। ਬਾਸਕ ਦੇ ਖੱਬੇਪੱਖੀ ਕੌਮਪ੍ਰਸਤਾਂ ਵੱਲੋਂ ਬਿਲਬਾਓ ਅਤੇ ਕੈਟਾਲੋਨੀਆ ਦੀ ਯੂਨਾਈਟਿਡ ਸਮਾਜਵਾਦੀ ਪਾਰਟੀ ਵੱਲੋਂ ਮੋਇਕਸ, ਸਰਕਾਰ 'ਚ ਸ਼ਾਮਲ ਹੋ ਗਏ। ਇੰਜ ਉਨ੍ਹਾਂ ਦਾ ਛਕੜਾ ਉਲਾਰ ਹੋ ਗਿਆ ਜੋ ਨੈਗਰਿਨ ਸਰਕਾਰ 'ਚ ਡੂੰਘੇ ਸੰਕਟ ਦੀ ਆਸ ਲਾਈ ਬੈਠੇ ਸਨ।

ਗਣਰਾਜ ਦੀ ਹਾਲਤ ਜਿੰਨੀ ਖਰਾਬ ਹੁੰਦੀ ਗਈ, ਮੰਤਰੀ ਨੈਗਰਿਨ ਦੇ ਫ਼ੈਸਲਿਆਂ ਦਾ ਉਨਾ ਹੀ ਵੱਧ ਵਿਰੋਧ ਕਰਨ ਲੱਗ ਪਏ। ਨੈਗਰਿਨ ਦਾ ਪ੍ਰਤੀਕਰਮ ਕਿਸੇ ਵੀ ਕੀਮਤ 'ਤੇ ਜਿੱਤ ਹਾਸਲ ਕਰਨ ਲਈ ਦ੍ਰਿੜ ਇਨਕਲਾਬੀ ਆਗੂ ਵਾਲਾ ਨਹੀਂ ਸੀ। ਇਸ ਦੀ ਬਜਾਏ, ਉਹ ਰੋਜ਼ਮਰਾ ਦੇ ਫੌਰੀ ਝਗੜਿਆਂ ਨੂੰ ਹੱਲ ਕਰਨ 'ਚ ਲੱਗਿਆ ਰਿਹਾ ਅਤੇ ਗ਼ਲਤ ਸਲਾਹਾਂ ਦੇ ਅਸਰ ਹੇਠ ਆ ਕੇ ਉਨ੍ਹਾਂ ਨੂੰ ਸਿਆਸੀ ਰਿਆਇਤਾਂ ਦਿੰਦਾ ਰਿਹਾ ਜੋ ਗਣਰਾਜ ਦੀ ਜਿੱਤ ਖ਼ਾਤਰ ਕੋਈ ਸਮਝੌਤਾ ਕਰਨ ਤੋਂ ਇਨਕਾਰੀ ਸਨ। ਇਸੇ ਕਾਰਣ ਸਰਕਾਰ ਐਨੀ ਜ਼ਿਆਦਾ ਸੁਸਤ ਹੋ ਗਈ ਸੀ। ਫ਼ੈਸਲੇ ਲੈਣ 'ਚ ਚੋਖੀ ਦੇਰੀ ਦਾ, ਅਨੇਕਾਂ ਅਹਿਮ ਸਮੱਸਿਆਵਾਂ ਨੂੰ ਅਣਮਿੱਥੇ ਸਮੇਂ ਤੱਕ ਅੱਗੇ ਪਾਏ ਜਾਣ ਦਾ ਅਤੇ ਕਈ ਗ਼ਲਤ ਨੀਤੀਆਂ ਨੂੰ ਅਮਲ 'ਚ ਲਿਆਉਣ ਦਾ ਇਹੀ ਕਾਰਣ ਸੀ।

ਨੈਗਰਿਨ ਆਪਣੀ ਸਰਕਾਰ ਦੀਆਂ ਕਮੀਆਂ ਅਤੇ ਵਿਰਲਾਂ ਤੋਂ ਭਲੀਭਾਂਤ ਜਾਣੂੰ ਸੀ ਪਰ ਉਹ ਇਨ੍ਹਾਂ ਦਾ ਗ਼ਲਤ ਦੋਸ਼ "ਪਾਰਟੀ ਪ੍ਰਬੰਧ" ਸਿਰ ਲਾਉਂਦਾ ਰਿਹਾ। ਸਿੱਟੇ ਵਜੋਂ, ਦੋ ਦਸੰਬਰ 1938 ਨੂੰ ਉਸ ਨੇ ਕੌਮੀ ਮੁਹਾਜ਼ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਜਿਸ 'ਚ ਸਪੇਨ ਦੀਆਂ ਸਾਰੀਆਂ ਪਾਰਟੀਆਂ ਸ਼ਾਮਲ ਹੋਣਗੀਆਂ। ਉਸ ਦੀ ਸੋਚ ਸੀ ਕਿ ਇਸ ਉਪਾਅ ਨਾਲ ਹਰੇਕ ਸਿਆਸੀ ਧੜੇ ਵੱਲੋਂ ਪੈਰ-ਪੈਰ 'ਤੇ ਕੀਤੀਆਂ ਮੰਗਾਂ ਅਤੇ ਧਮਕੀਆਂ ਤੋਂ ਬੇਪ੍ਰਵਾਹ ਹੋ ਕੇ ਸਰਕਾਰ ਚਲਾਉਣੀ ਸੰਭਵ ਹੋ ਜਾਵੇਗੀ। ਕਮਿਊਨਿਸਟਾਂ ਨੇ ਇਸ ਦੇ ਉਲਟ ਸਲਾਹ ਦਿੱਤੀ। ਉਨ੍ਹਾਂ ਦੀ ਸੋਚ ਸੀ ਕਿ ਇਸ ਦੇ ਇੱਛਤ ਨਤੀਜੇ ਨਿੱਕਲਣ ਦੀ ਬਜਾਏ ਇਸ ਨਾਲ ਖ਼ਤਰਨਾਕ ਵਿਅਕਤੀਗਤ ਤਾਨਾਸ਼ਾਹੀ ਦਾ ਰਾਹ ਖੁੱਲ੍ਹ ਜਾਵੇਗਾ।

ਜੰਗ ਜਿੱਤਣ ਤੋਂ ਇਲਾਵਾ, ਸਾਰੇ ਸਮਿਆਂ 'ਤੇ ਕਮਿਊਨਿਸਟ ਪਾਰਟੀ ਦਾ ਮੁੱਖ ਸਰੋਕਾਰ ਲੋਕ ਮੁਹਾਜ਼ ਨੂੰ ਬਰਕਰਾਰ ਰੱਖਣਾ ਸੀ। ਨਿਰਾਸ਼ਤਾ, ਸਾਜ਼ਿਸ਼ਾਂ ਤੇ ਗੋਂਦਾਂ ਦੇ ਇਸ ਅਰਸੇ 'ਚ,

ਕਮਿਊਨਿਸਟਾਂ ਨੇ ਪਹਿਲਾਂ ਦੇ ਕਿਸੇ ਸਮੇਂ ਨਾਲੋਂ ਵੱਧ ਆਪਣੀ ਕੁਲ ਤਾਕਤ, ਫਾਸ਼ੀਵਾਦ ਵਿਰੋਧੀ ਧਿਰ 'ਚ ਫੁੱਟ ਪੈਣ ਨੂੰ ਰੋਕਣ 'ਚ ਲਾ ਦਿੱਤੀ।

ਪਰ ਪਾਰਟੀ ਨੂੰ ਹੁਣ ਵਧੇਰੇ ਔਖੇ ਹਾਲਾਤ 'ਚ ਕੰਮ ਕਰਨਾ ਪੈ ਗਿਆ ਸੀ। ਮੈਡਰਿਡ 'ਚ ਇਸਦਾ ਅਸਰ-ਰਸੂਖ਼ ਵਾਹਵਾ ਘਟ ਗਿਆ ਸੀ। ਪਾਰਟੀ ਦਾ ਕੌਮੀ ਸਦਰ ਮੁਕਾਮ ਕੈਟਾਲੋਨੀਆ 'ਚ, ਸਰਕਾਰ ਦੇ ਨੇੜੇ, ਲੈ ਜਾਣਾ ਕੁਝ ਪੱਖਾਂ ਤੋਂ ਜ਼ਰੂਰੀ ਸੀ, ਆਮ ਤੌਰ 'ਤੇ ਇਸ ਨਾਲ ਫ਼ਾਇਦੇ ਨਾਲੋਂ ਨੁਕਸਾਨ ਵੱਧ ਹੋਇਆ। ਕੇਂਦਰੀ-ਦੱਖਣੀ ਖੇਤਰ, ਖ਼ਾਸ ਕਰਕੇ ਮੈਡਰਿਡ, ਵਿਚ ਜਥੇਬੰਦੀ ਅਤੇ ਪ੍ਰਚਾਰ ਦਾ ਕੰਮ ਬੁਰੀ ਤਰ੍ਹਾਂ ਕਮਜ਼ੋਰ ਹੋ ਗਿਆ, ਅਤੇ ਸਾਡੇ ਸਿਆਸੀ ਦੁਸ਼ਮਣਾਂ ਨੇ ਸਾਡੀ ਇਸ ਕਮਜ਼ੋਰੀ ਦਾ ਲਾਹਾ ਲੈ ਕੇ ਆਪਣੇ ਮੋਰਚੇ ਮਜ਼ਬੂਤ ਕਰ ਲਏ।

ਇਹ ਆਮ ਜਾਣਿਆ ਤੱਥ ਸੀ ਕਿ ਪਾਰਟੀ ਨੇ ਆਪਣੀ ਮੁੱਖ ਤਾਕਤ ਮੁਹਾਜ਼ਾਂ, ਖ਼ਾਸ ਕਰਕੇ ਸਰਗਰਮ ਮੁਹਾਜ਼ਾਂ 'ਚ ਝੋਕੀ ਹੋਈ ਸੀ। ਜਿਸ ਦਾ ਅਰਥ ਇਹ ਸੀ ਕਿ ਇੱਥੋਂ ਦਾ ਬਹੁਤਾ ਨੁਕਸਾਨ ਕਮਿਊਨਿਸਟਾਂ ਦੇ ਹਿੱਸੇ ਆਇਆ ਸੀ।

ਗੋਡੇ ਟੇਕਣ ਵਾਲਿਆਂ ਦੀਆਂ ਘਾਤਕ ਨੀਤੀਆਂ ਦਾ ਮੁਲੰਕਣ ਕਰਨ ਦਾ ਇਕ ਅਹਿਮ ਨੁਕਤਾ ਇਹ ਤੱਥ ਹੈ ਕਿ ਕੈਟਾਲੋਨੀਆ ਦੀ ਹਾਰ ਨਾਲ ਸਭ ਤੋਂ ਵਧੀਆ ਅਤੇ ਲੜਾਕੂ ਇਕਾਈਆਂ, ਜਿਨ੍ਹਾਂ 'ਚ ਕਮਿਊਨਿਸਟਾਂ ਦਾ ਅਸਰ-ਰਸੂਖ਼ ਸਭ ਤੋਂ ਮਜ਼ਬੂਤ ਸੀ, ਵਫ਼ਾਦਾਰ ਸਪੇਨ ਦੇ ਖੇਤਰ ਨਾਲੋਂ ਕੱਟੀਆਂ ਗਈਆਂ।

ਕੇਂਦਰੀ ਖੇਤਰ ਦੀਆਂ ਫ਼ੌਜੀ ਇਕਾਈਆਂ 'ਚ, ਸਾਡੇ ਕਮਿਊਨਿਸਟਾਂ ਦੇ ਅਹਿਮ ਗਰੁੱਪ ਅਤੇ ਸ਼ਾਨਦਾਰ ਸਾਥੀ ਮੌਜੂਦ ਸਨ ਜਿਨ੍ਹਾਂ ਨੇ ਗਣਰਾਜ ਪ੍ਰਤੀ ਵਫ਼ਾਦਾਰੀ ਅਤੇ ਇਨਕਲਾਬੀ ਦ੍ਰਿੜਤਾ ਦਿਖਾਈ। ਫਿਰ ਵੀ, ਉਨ੍ਹਾਂ ਦੀ ਗ਼ੈਰ-ਸਰਗਰਮੀ ਦਾ ਉਨ੍ਹਾਂ ਦੇ ਲੜਾਕੂ ਜਜ਼ਬੇ ਉੱਤੇ ਅਸਰ ਪਿਆ।

ਇਸ ਤੋਂ ਇਲਾਵਾ, ਮੈਡਰਿਡ ਦੀ ਪਾਰਟੀ ਜਥੇਬੰਦੀ ਦੀਆਂ ਸਿਆਸੀ ਸਰਗਰਮੀਆਂ 'ਚ ਘਾਟਾਂ ਸਨ, ਜਿਵੇਂ ਫਰਵਰੀ 1939 'ਚ ਹੋਈ ਕਾਨਫਰੰਸ ਵੱਲੋਂ ਪੁਸ਼ਟੀ ਕੀਤੀ ਗਈ। ਆਮ ਰੂਪ 'ਚ, ਜਨਤਾ 'ਚ ਪਾਰਟੀ ਦਾ ਕੰਮ ਨਾਕਾਫ਼ੀ ਸੀ ਕਿਉਂਕਿ ਅਸੀਂ ਪਾਰਟੀ ਦੇ ਪਿਛਲੇ ਕੰਮ ਨੂੰ ਨਜ਼ਰ-ਅੰਦਾਜ਼ ਕਰਕੇ ਮੁਹਾਜ਼ਾਂ ਦੇ ਕੰਮ ਦੀ ਮਹੱਤਤਾ ਉੱਤੇ ਜ਼ੋਰ ਦਿੰਦੇ ਰਹੇ ਸਾਂ। ਇਨ੍ਹਾਂ ਘਾਟਾਂ-ਕਮੀਆਂ ਦੇ ਨਤੀਜੇ ਬਾਦ 'ਚ ਸਰਕਾਰ ਦੇ ਆਤਮ-ਸਮਰਪਣ ਦੇ ਅਰਸੇ ਅਤੇ ਖੁਫ਼ੀਆ ਕੰਮ ਦੇ ਅਰਸੇ 'ਚ ਬੁਰੀ ਤਰ੍ਹਾਂ ਮਹਿਸੂਸ ਹੋਣਗੇ।

ਸਮਾਜਵਾਦੀ ਪਾਰਟੀ ਨਾਲ ਸਾਡੇ ਸੰਬੰਧਾਂ ਦੀਆਂ ਮੁਸ਼ਕਲਾਂ ਹੋਰ ਵਧੀ ਜਾ ਰਹੀਆਂ ਸਨ। ਸਮਾਜਵਾਦੀ ਆਗੂ, ਇੱਥੋਂ ਤੱਕ ਕਿ ਉਹ ਵੀ, ਜਿਹੜੇ ਕਮਿਊਨਿਸਟ ਦ੍ਰਿਸ਼ਟੀਕੋਣ ਪ੍ਰਤੀ ਵੱਧ ਫਰਾਖ਼ਦਿਲ ਸਨ, ਦੋਵਾਂ ਪਾਰਟੀਆਂ ਦੀਆਂ ਤਾਲਮੇਲ ਕਮੇਟੀ ਦੀਆਂ ਮੀਟਿੰਗਾਂ 'ਚ ਸ਼ਾਮਲ ਹੋਣ ਤੋਂ ਨਾਂਹ-ਨੁੱਕਰ ਕਰਦੇ ਰਹੇ। ਸਮਾਜਵਾਦੀ ਆਗੂਆਂ ਨਾਲ ਸੰਬੰਧ, ਸਮਾਜਵਾਦੀ ਪਾਰਟੀ ਦੇ ਜਨਰਲ ਸਕੱਤਰ ਲੈਮੋਨੇਡਾ ਨਾਲ ਕੁਝ ਗੱਲਾਂਬਾਤਾਂ ਤੱਕ ਸੀਮਤ ਹੋ ਗਏ ਸਨ, ਜੋ ਆਨੇ-ਬਹਾਨੇ ਸਾਂਝੀ ਕਾਰਵਾਈ ਤੋਂ ਟਾਲਾ ਵੱਟਦਾ ਰਿਹਾ।

ਅਗਸਤ 1938 'ਚ ਸਮਾਜਵਾਦੀ ਪਾਰਟੀ ਦੀ ਕੌਮੀ ਕਮੇਟੀ ਦੀ ਮੀਟਿੰਗ 'ਚ, ਕਮਿਊਨਿਸਟਾਂ ਦੇ ਸ਼ਰੇਆਮ ਵਿਰੋਧੀ ਕਾਰਜਕਾਰੀ ਕੌਂਸਲ ਦੇ ਮੈਂਬਰ ਬਣ ਗਏ, ਇਨ੍ਹਾਂ 'ਚ ਸਨ ਆਹਲਾ ਦਰਜੇ ਦਾ ਰਾਜ-ਮਿਸਤਰੀ ਲੂਸੀਓ ਮਾਰਟੀਨੇਜ਼, ਬੈਸਟੀਰੀਓ, ਲਾਰਗੋ ਕੈਬਾਲਿਰੋ ਅਤੇ ਜ਼ਾਬਲਜ਼ਾ। ਲੈਮੋਨਿਡਾ ਨੇ ਇਸ ਚਾਲ ਨੂੰ ਜਾਇਜ਼ ਠਹਿਰਾਉਣ ਲਈ ਬਹਾਨਾ ਇਹ

ਬਣਾਇਆ ਕਿ ਇਹ ਸਮਾਜਵਾਦੀ ਏਕਤਾ ਦੀ ਹਿਫ਼ਾਜ਼ਤ ਦੀ ਖ਼ਾਤਰ ਕੀਤਾ ਗਿਆ ਸੀ। ਪਰ, ਅਸਲ ਵਿਚ, ਸਿੱਟਾ ਇਹ ਨਿੱਕਲਿਆ ਕਿ ਸਮਾਜਵਾਦੀ ਅਤੇ ਕਮਿਊਨਿਸਟ ਤਾਲਮੇਲ ਕਮੇਟੀ ਦੀਆਂ ਸਾਰੀਆਂ ਕਾਰਵਾਈਆਂ ਠੱਪ ਹੋ ਗਈਆਂ ਅਤੇ ਨੌਜਵਾਨ ਜਥੇਬੰਦੀ ਨੂੰ ਦੋਫਾੜ ਕਰਨ ਦੀ ਕੋਸ਼ਿਸ਼ ਕੀਤੀ ਗਈ। ਨਾਲ ਹੀ ਨਵੇਂ ਸਮਾਜਵਾਦੀ ਆਗੂਆਂ ਦੀ ਨੈਗਰਿਨ ਪ੍ਰਤੀ ਦੁਸ਼ਮਣੀ ਵੱਧ ਖੁੱਲ੍ਹਕੇ ਸਾਹਮਣੇ ਆ ਗਈ ਅਤੇ ਇਹ ਸਰਕਾਰ ਤੋਂ ਹਮਾਇਤ ਵਾਪਸ ਲੈਣ ਦੀਆਂ ਲਗਾਤਾਰ ਧਮਕੀਆਂ ਦਿੰਦੇ ਰਹੇ।

ਸਮਾਜਵਾਦੀ ਪਾਰਟੀ ਦੀਆਂ ਸਥਾਨਕ ਜਥੇਬੰਦੀਆਂ ਨਾਲ ਸਾਡੇ ਸੰਬੰਧ ਸਮਾਜਵਾਦੀ ਲੀਡਰਸ਼ਿਪ ਨਾਲ ਸਿੱਧੇ ਰਿਸ਼ਤੇ ਤੋਂ ਵੱਖਰੇ ਸਨ। ਆਮ ਤੌਰ 'ਤੇ, ਸਭ ਤੋਂ ਅਹਿਮ ਆਗੂਆਂ ਨੇ ਆਪਣਾ ਸਾਰਾ ਵਕਤ ਏਕਤਾ ਦੇ ਸੰਬੰਧ 'ਚ ਸਾਡੇ ਵੱਲੋਂ ਕੀਤੇ 'ਤੇ ਪਾਣੀ ਫੇਰਨ 'ਚ ਬਿਤਾਇਆ। ਇਸ ਸਭ ਕਾਸੇ ਦੇ ਬਾਵਜੂਦ, ਕਮਿਊਨਿਸਟਾਂ ਅਤੇ ਸਮਾਜਵਾਦੀਆਂ ਦੀਆਂ ਸਾਂਝੀਆਂ ਸਰਗਰਮੀਆਂ ਲੰਮਾ ਸਮਾਂ ਚੱਲਦੀਆਂ ਰਹੀਆਂ। ਹਾਲਾਂਕਿ ਮੈਡਰਿਡ 'ਚ ਇੰਜ ਨਹੀਂ ਸੀ, ਇੱਥੇ ਕਦੇ-ਕਦਾਈਂ ਵਧੀਆ ਸੰਬੰਧਾਂ ਵਾਲੇ ਸਮੇਂ ਦੇ ਬਾਵਜੂਦ, ਕਿਸੇ ਤਰ੍ਹਾਂ ਦਾ ਕੋਈ ਸਾਂਝਾ ਕੰਮ ਨਹੀਂ ਕੀਤਾ ਗਿਆ।

ਮਜ਼ਦੂਰ ਜਮਾਤ ਦੀਆਂ ਦੋ ਪਾਰਟੀਆਂ ਦਰਮਿਆਨ ਦੇ ਮਾਹੌਲ ਨੇ ਲੋਕ ਮੁਹਾਜ਼ ਉੱਪਰ ਨਾਂਹਪੱਖੀ ਅਸਰ ਪਾਇਆ ਅਤੇ ਇਸ ਦੀਆਂ ਸਰਗਰਮੀਆਂ 'ਚ ਰੁਕਾਵਟ ਪਾਈ। ਫਿਰ ਵੀ, ਵੱਡੀ ਸਿਆਸੀ ਮਹੱਤਤਾ ਵਾਲੀ ਗੱਲ ਇਹ ਸੀ ਕਿ ਭਾਂਜਵਾਦ ਅਤੇ ਸਾਜ਼ਿਸ਼ਾਂ ਦੀ ਇਸ ਹਾਲਤ 'ਚ, ਲੋਕ ਮੁਹਾਜ਼ ਨੇ ਕਦੇ ਵੀ ਸਰਕਾਰ ਦਾ ਸ਼ਰੇਆਮ ਵਿਰੋਧ ਨਹੀਂ ਕੀਤਾ, ਹਾਲਾਂਕਿ ਖੱਬੇਪੱਖੀ ਗਣਰਾਜਵਾਦੀ ਪਾਰਟੀ ਵੱਲੋਂ, ਅਜ਼ਾਨਾ ਅਤੇ ਅਰਾਜਕਤਾਵਾਦੀਆਂ ਦੇ ਦਬਾਅ ਹੇਠ, ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ।

ਲੋਕ ਮੁਹਾਜ਼ ਦੀਆਂ ਕਮੇਟੀਆਂ ਸੂਬਿਆਂ ਵਿਚ ਬਹੁਤ ਜ਼ਿਆਦਾ ਸਰਗਰਮ ਸਨ, ਐਨੀਆਂ ਜ਼ਿਆਦਾ ਕਿ ਇਨ੍ਹਾਂ 'ਚ ਸਰਕਾਰ ਦੇ ਕੰਮਕਾਰ ਦੀਆਂ ਜ਼ਿੰਮੇਵਾਰੀਆਂ ਸਾਂਭਦੇ ਜਾਣ ਦੀ ਪ੍ਰਵਿਰਤੀ ਸੀ। ਕਮਿਊਨਿਸਟ ਪਾਰਟੀ ਵੱਲੋਂ ਮੈਂ ਮੈਡਰਿਡ ਵਿਚ ਕਮੇਟੀਆਂ ਦੀ ਪਲੈਨਰੀ ਮੀਟਿੰਗ ਅੰਦਰ ਇਨ੍ਹਾਂ ਪ੍ਰਵਿਰਤੀਆਂ ਖ਼ਿਲਾਫ਼ ਗੱਲ ਰੱਖੀ, ਕਿਉਂਕਿ ਇਨ੍ਹਾਂ ਕਾਰਵਾਈਆਂ ਨਾਲ ਸਥਾਨਕ ਸੂਬਾਈ ਨੀਤੀਆਂ ਨੇ ਹੀ ਉਤਸ਼ਾਹਤ ਹੋਣਾ ਸੀ ਅਤੇ ਆਮ ਗੜਬੜ ਹੀ ਵਧਣੀ ਸੀ।

ਸਾਰੀਆਂ ਗਣਰਾਜਪੱਖੀ ਪਾਰਟੀਆਂ ਵਿਚੋਂ, ਖੱਬੇਪੱਖੀ ਹਿੱਸਾ ਆਮ ਜਨਤਾ ਦੀ, ਖ਼ਾਸ ਤੌਰ 'ਤੇ ਕਮਿਊਨਿਸਟਾਂ ਦੀ ਦੇਸ਼ ਦੇ ਰਾਜ ਪ੍ਰਬੰਧ ਨੂੰ ਚਲਾਉਣ 'ਚ ਹਿੱਸੇਦਾਰੀ ਦੇ ਸਭ ਤੋਂ ਜ਼ਿਆਦਾ ਖ਼ਿਲਾਫ਼ ਸੀ। ਅਜ਼ਾਨਾ ਦੇ ਪ੍ਰਭਾਵ ਹੇਠ, ਖੱਬੇਪੱਖੀ ਗਣਰਾਜਵਾਦੀ ਪਾਰਟੀ ਨੇ ਲੋਕ ਮੁਹਾਜ਼ ਦੇ ਚੌਖਟੇ ਅੰਦਰ ਰਹਿੰਦਿਆਂ ਇਸ ਨਾਅਰੇ ਤਹਿਤ ਸੱਤਾ ਦੀ ਮੰਗ ਕੀਤੀ: "ਗਣਰਾਜ ਦਾ ਰਾਜ ਪ੍ਰਬੰਧ ਗਣਰਾਜਵਾਦੀਆਂ ਨੂੰ ਚਲਾਉਣ ਦਿਉ।"

ਜੰਗ ਦੇ ਦੌਰਾਨ ਵੱਡੀਆਂ ਟਰੇਡ ਯੂਨੀਅਨ ਜਥੇਬੰਦੀਆਂ ਅੰਦਰ ਕਮਿਊਨਿਸਟ ਪਾਰਟੀ ਦਾ ਅਸਰ-ਰਸੂਖ਼ ਮਜ਼ਬੂਤ ਹੋਇਆ, ਘੱਟੋ-ਘੱਟ ਯੂ.ਜੀ.ਟੀ. ਅੰਦਰ, ਜਿਸਨੇ ਜੰਗ ਦੀਆਂ ਕਈ ਵਿਸ਼ੇਸ਼ ਸਮੱਸਿਆਵਾਂ ਨੂੰ ਹੱਲ ਕਰਨ 'ਚ ਅਤੇ ਸਰਕਾਰ ਦੀਆਂ ਨੀਤੀਆਂ ਦੀ ਹਮਾਇਤ ਕਰਨ 'ਚ ਅਹਿਮ ਭੂਮਿਕਾ ਨਿਭਾਈ। ਕੁਝ ਟਰੇਡ ਯੂਨੀਅਨਾਂ 'ਚ ਕਮਿਊਨਿਸਟਾਂ ਦਾ ਕੰਟਰੋਲ ਸੀ ਅਤੇ ਏਕਤਾ ਦੀ ਸੋਚ ਵਾਲੇ ਸਮਾਜਵਾਦੀਆਂ ਦਾ ਇਕ ਗਰੁੱਪ, ਜਿਵੇਂ ਅਮਾਰੋ ਡੈੱਲ ਰੋਸਾਲ, ਵਰਜਿਲੀਓ ਲੈਨੋਸ ਅਤੇ ਕਈ ਹੋਰ, ਕੰਮ 'ਚ ਉਨ੍ਹਾਂ ਦੀ ਮਦਦ ਕਰਦਾ ਸੀ। ਫਿਰ ਵੀ, ਯੂ.ਜੀ.ਟੀ.

ਅੰਦਰ ਸਾਡੀਆਂ ਸਿਆਸੀ ਸਰਗਰਮੀਆਂ ਨੂੰ ਇਹ ਤੱਥ ਖਾਰਜ ਕਰ ਦਿੰਦਾ ਸੀ ਕਿ ਜਥੇਬੰਦੀ ਦੀਆਂ ਤਿੰਨ ਸਭ ਤੋਂ ਅਹਿਮ ਯੂਨੀਅਨਾਂ, ਮੈਟਲਰਜ਼ੀ, ਆਵਾਜਾਈ ਅਤੇ ਖੇਤ ਮਜ਼ਦੂਰ, ਦੀ ਲੀਡਰਸ਼ਿਪ ਲਾਰਗੋ ਕੈਬਾਲਿਰੋ ਦੇ ਚੇਲਿਆਂ ਦੇ ਹੱਥ 'ਚ ਸੀ। ਇਹ ਕੋਈ ਛੋਟੀ ਗੱਲ ਨਹੀਂ ਸੀ।

ਹਾਲਤ ਬਦਲ ਸਕਦੀ ਸੀ ਜੇ ਅਸੀਂ ਯੂਨੀਅਨਾਂ 'ਚ ਵੱਧ ਸਰਗਰਮੀ ਨਾਲ ਕੰਮ ਕੀਤਾ ਹੁੰਦਾ। ਮਿਸਾਲ ਵਜੋਂ, ਪੇਂਡੂ ਖੇਤਰਾਂ 'ਚ ਕਮਿਊਨਿਸਟ ਪਾਰਟੀ ਦੇ ਅਥਾਹ ਪ੍ਰਭਾਵ ਦੇ ਬਾਵਜੂਦ ਖੇਤ ਮਜ਼ਦੂਰ ਯੂਨੀਅਨ 'ਚ ਸਾਡਾ ਕੰਮ ਬਹੁਤ ਜ਼ਿਆਦਾ ਕਮਜ਼ੋਰ ਸੀ। ਇਹ ਯੂਨੀਅਨ ਯੂ.ਜੀ.ਟੀ. ਦੀ ਸਭ ਤੋਂ ਅਹਿਮ ਮੈਂਬਰ ਸੀ ਅਤੇ ਲਾਰਗੋ ਕੈਬਾਲਿਰੋ ਦਾ ਚੇਲਾ ਜ਼ਾਬਲਜ਼ਾ ਇਸ ਦਾ ਆਗੂ ਸੀ। ਸਮਾਜਵਾਦੀਆਂ ਵੱਲੋਂ ਅਰਾਜਕਤਾਵਾਦੀਆਂ ਨਾਲ ਮੁਕਾਬਲੇਬਾਜ਼ੀ 'ਚ ਜਬਰੀ ਸਾਂਝੇ ਫਾਰਮ ਬਣਾਉਣ ਦੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ ਸਨ। ਇਨ੍ਹਾਂ ਕਰਕੇ, ਤੇ ਨਾਲ ਹੀ ਇਸ ਤੱਥ ਕਾਰਣ, ਕਿ 1936 ਤੋਂ ਯੂਨੀਅਨ ਦੇ ਮੈਂਬਰ ਬਣੇ ਕਿਸਾਨਾਂ ਨੂੰ ਵੋਟ ਦਾ ਹੱਕ ਨਹੀਂ ਸੀ, ਕਿਸਾਨਾਂ 'ਚ ਜੋ ਬੇਚੈਨੀ ਪੈਦਾ ਹੋਈ ਅਸੀਂ ਇਸ ਨੂੰ ਜਥੇਬੰਦੀ 'ਚ ਢਾਲਣ ਦਾ ਮੌਕਾ ਖੁੰਝਾ ਦਿੱਤਾ।

ਕਮਿਊਨਿਸਟ ਸੀ.ਐੱਨ.ਟੀ. ਅੰਦਰ ਏਕਤਾ ਦੇ ਹਮਾਇਤੀਆਂ ਦੀ ਮਦਦ ਵੀ ਨਹੀਂ ਕਰ ਸਕੇ ਕਿਉਂਕਿ ਸਾਡੇ ਕਿਸੇ ਵੀ ਮੈਂਬਰ ਨੂੰ ਅਰਾਜਕਤਾਵਾਦੀ ਟਰੇਡ ਯੂਨੀਅਨ 'ਚ ਸ਼ਾਮਲ ਹੋਣ ਲਈ ਪ੍ਰੇਰਤ ਨਹੀਂ ਕੀਤਾ ਜਾ ਸਕਿਆ ਸੀ ਕਿਉਂਕਿ ਉਨ੍ਹਾਂ ਦੀ ਗ਼ਲਤ ਸੋਚ ਸੀ ਕਿ ਸਾਡੇ ਕੰਮ ਦਾ ਉੱਥੇ ਕੋਈ ਫ਼ਾਇਦਾ ਨਹੀਂ ਹੋਵੇਗਾ।

ਸਰਕਾਰ ਅਤੇ ਟਾਕਰੇ ਦੀ ਮੁੱਖ ਟੇਕ ਕਮਿਊਨਿਸਟਾਂ ਨੂੰ ਅਜਿਹੇ ਹਾਲਾਤ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਮੱਦੇਨਜ਼ਰ, ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਜਦੋਂ ਕੈਟਾਲੋਨੀਆ 'ਚ ਮੁਹਾਜ਼ ਟੁੱਟ ਗਏ ਤਾਂ ਇਸ ਪਿੱਛੋਂ ਉੱਥੇ ਕੀ ਵਾਪਰਿਆ, ਅਤੇ ਜਦੋਂ ਕੈਟਾਲੋਨੀਆ ਹੱਥੋਂ ਨਿੱਕਲ ਗਿਆ ਤਾਂ ਮੈਡਰਿਡ 'ਚ ਕੀ ਵਾਪਰਿਆ।

ਦੁਸ਼ਮਣ ਜਾਣਦਾ ਸੀ ਕਿ ਐਬਰੋ ਦੇ ਮੋੜਵੇਂ ਹਮਲੇ 'ਚ ਆਪਣੀਆਂ ਸ਼ੁਰੂਆਤੀ ਜਿੱਤਾਂ ਦਾ ਲਾਹਾ ਕਿਵੇਂ ਲਿਆ ਜਾਵੇ ਅਤੇ ਆਪਣੇ ਹਮਲਿਆਂ ਦਾ ਖੇਤਰ ਕਿਵੇਂ ਵਿਸ਼ਾਲ ਕੀਤਾ ਜਾਵੇ ਤਾਂ ਕਿ ਗਣਰਾਜ ਦਾ ਬਾਹਰੀ ਦੁਨੀਆਂ ਨਾਲੋਂ ਹਰ ਤਰ੍ਹਾਂ ਦਾ ਸੰਪਰਕ ਟੁੱਟ ਜਾਵੇ।

ਆਮ ਸਟਾਫ਼ ਅਤੇ ਖ਼ੁਦ ਫ਼ੌਜੀ ਮੁਖੀਆਂ ਨੇ ਕੈਟਾਲੋਨੀਆ ਦੀ ਸੁਰੱਖਿਆ ਦੇ ਇੰਤਜ਼ਾਮ ਤਾਂ ਘਟੀਆ ਤਰੀਕੇ ਨਾਲ ਕੀਤੇ ਹੀ ਸਨ, ਪਰ ਜਿਵੇਂ ਇਨ੍ਹਾਂ ਨੇ ਕੈਟਾਲਾਨ ਖੇਤਰ ਅੰਦਰ ਲੜ ਰਹੀ ਕੇਂਦਰੀ ਫ਼ੌਜ ਦਾ ਸਾਥ ਛੱਡਿਆ ਉਹ ਹੋਰ ਵੀ ਅਫਸੋਸਨਾਕ ਸੀ।

ਜਦੋਂ ਤੋਂ ਐਬਰੋ 'ਚ ਫ਼ੌਜੀ ਕਾਰਵਾਈਆਂ ਸ਼ੁਰੂ ਹੋਈਆਂ ਸਨ, ਜਿਨ੍ਹਾਂ ਨੇ ਜੁਲਾਈ 1938 'ਚ ਵੇਲੈਂਸੀਆ ਦੀ ਹਾਰ ਨੂੰ ਰੋਕ ਦਿੱਤਾ ਸੀ, ਕੈਟਾਲਾਨ ਫ਼ੌਜ ਨੂੰ ਕੇਂਦਰੀ-ਦੱਖਣੀ ਖੇਤਰ ਦੀਆਂ ਫ਼ੌਜਾਂ ਤੋਂ ਕੋਈ ਅਸਰਦਾਰ ਸਹਾਇਤਾ ਨਹੀਂ ਸੀ ਮਿਲੀ। ਕਾਰਣ ਇਹ ਨਹੀਂ ਸੀ ਕਿ ਉਹ ਸਹਾਇਤਾ ਦੇ ਨਹੀਂ ਸਕਦੀਆਂ ਸਨ ਸਗੋਂ ਇਹ ਸੀ ਕਿ ਜਰਨੈਲ ਮਿਆਜਾ ਮੈਡਰਿਡ ਦੇ ਮੁਹਾਜ਼ ਤੋਂ ਇਕ ਵੀ ਸੈਨਿਕ ਹਿਲਾਉਣ ਦੇ ਖ਼ਿਲਾਫ਼ ਸੀ ਅਤੇ ਕੇਂਦਰ ਦੀ ਆਹਲਾ ਕਮਾਨ ਕੋਈ ਜੋਖ਼ਮ ਉਠਾਉਣ ਲਈ ਤਿਆਰ ਨਹੀਂ ਸੀ।

ਕੈਟਾਲੋਨੀਆ ਦੀ ਮਦਦ ਦੋ ਤਰੀਕਿਆਂ ਨਾਲ ਕੀਤੀ ਜਾ ਸਕਦੀ ਸੀ—ਕੇਂਦਰੀ ਖੇਤਰ 'ਚ ਅਹਿਮ ਕਾਰਵਾਈਆਂ ਕਰਨ ਵਾਲੀ ਜਥੇਬੰਦੀ ਵੱਲੋਂ ਜਾਂ ਕੇਂਦਰੀ ਖੇਤਰ ਤੋਂ ਇਕ-ਦੋ ਫ਼ੌਜੀ ਇਕਾਈਆਂ ਕੈਟਾਲੋਨੀਆ ਭੇਜਕੇ। ਗਣਰਾਜੀ ਜਨਰਲ ਸਟਾਫ਼ ਨੇ ਪਹਿਲਾ ਢੰਗ ਚੁਣਿਆ।

ਇਕ ਵਿਸ਼ਾਲ ਹਮਲੇ ਦੀ ਯੋਜਨਾ ਬਣਾਈ ਗਈ, ਜਿਸ ਦੀ ਸ਼ੁਰੂਆਤ ਦੱਖਣੀ ਮੁਹਾਜ਼ (ਐਸਟਰੀਮਾਡੁਰਾ, ਐਂਡਾਲੂਸੀਆ ਅਤੇ ਭੂਮੱਧ ਸਾਗਰੀ ਕੰਢੇ) ਤੋਂ ਕੀਤੀ ਜਾਣੀ ਸੀ। ਜੇ ਇਹ ਕਾਮਯਾਬ ਹੋ ਜਾਂਦਾ, ਇਸ ਕਾਰਵਾਈ ਨੇ ਜੰਗ ਦਾ ਨਕਸ਼ਾ ਹੀ ਬਦਲ ਦੇਣਾ ਸੀ।

ਅਸਲ ਵਿਚ, ਟੇਰੂਅਲ ਦੀ ਲੜਾਈ 'ਚ ਵੱਖ-ਵੱਖ ਹਾਲਤਾਂ 'ਚ ਜੋ ਵਾਪਰਿਆ ਸੀ ਇਹ ਯੋਜਨਾ ਉਸੇ ਦਾ ਦੁਹਰਾਅ ਸੀ, ਭਾਵ ਅਚਾਨਕ ਹਮਲੇ ਰਾਹੀਂ ਦੁਸ਼ਮਣ ਦੇ ਵਾਰ ਬੇਅਸਰ ਕਰਨ ਦੀ ਕੋਸ਼ਿਸ਼ ਅਤੇ ਬਾਗ਼ੀਆਂ ਦੇ ਜਨਰਲ ਸਟਾਫ਼ ਦੀਆਂ ਯੋਜਨਾਵਾਂ ਨੂੰ ਅਸਫ਼ਲ ਬਣਾਉਣਾ। ਸਮੁੰਦਰੀ ਫ਼ੌਜ ਨੇ ਹਮਲੇ ਦੀ ਮਦਦ ਕਰਨੀ ਸੀ ਅਤੇ 8 ਅਤੇ 11 ਦਸੰਬਰ ਦੇ ਵਿਚਕਾਰ ਮੌਟਰਿਲ ਵੱਲ ਜਹਾਜ਼ ਤੋਂ ਉੱਤਰਨਾ ਸੀ। ਇਸ ਦੇ ਮਗਰ ਹੀ ਜ਼ਾਫਰਾ ਵੱਲ ਐਸਟਰੀਮਾਡੁਰਾ ਵਿਚ ਦੀ ਭਾਰੀ ਹਮਲਾ ਕਰਕੇ ਸੇਵਾਇਲ ਅਤੇ ਬਾਡਾਜੋਜ਼ ਵਿਚਕਾਰਲੀ ਸੜਕ ਤੋੜ ਦਿੱਤੀ ਜਾਣੀ ਸੀ ਅਤੇ ਦੁਸ਼ਮਣ ਦੇ ਕਬਜ਼ੇ ਹੇਠਲੇ ਖੇਤਰ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਜਾਣਾ ਸੀ

ਮੌਟਰਿਲ ਕਾਰਵਾਈ ਕਦੇ ਵੀ ਅਮਲ 'ਚ ਨਾ ਆਈ, ਫ਼ੌਜੀ ਦਸਤੇ ਅਲਮੇਰੀਆ ਬੰਦਰਗਾਹ ਤੋਂ ਜਹਾਜ਼ 'ਚ ਚੜ੍ਹਾਏ ਗਏ ਅਤੇ ਉਹ ਜਦੋਂ ਸਮੁੰਦਰ 'ਚ ਜਾ ਰਹੇ ਸਨ ਤਾਂ ਵਾਪਸ ਜਾਣ ਦਾ ਹੁਕਮ ਦੇ ਦਿੱਤਾ ਗਿਆ।

ਪਿਛਲ ਝਾਤ ਮਾਰਦਿਆਂ, ਅਸੀਂ ਦੇਖ ਸਕਦੇ ਹਾਂ ਕਿ ਅਜਿਹੀ ਕਾਰਵਾਈ ਮਿਆਜਾ ਦੇ ਜਨਰਲ ਸਟਾਫ਼ ਵੱਲੋਂ ਕੀਤੀ ਸ਼ਰੇਆਮ ਭੰਨਤੋੜ ਅਤੇ ਗ਼ੱਦਾਰੀ ਦੀ ਕਾਰਵਾਈ ਸੀ ਜਾਂ ਸ਼ਾਇਦ ਇਸ ਤੋਂ ਵੀ ਵੱਧ ਬਣਦੀ ਸੀ। ਦੋਸ਼ੀਆਂ ਦਾ ਪਤਾ ਲਾਉਣ ਲਈ ਸਾਨੂੰ ਉਸੇ ਵਕਤ ਮਾਮਲੇ ਦੀ ਪੜਤਾਲ ਕਰਨੀ ਚਾਹੀਦੀ ਸੀ, ਪਰ ਅਸੀਂ ਨਹੀਂ ਕੀਤੀ ਕਿਉਂਕਿ, ਹੋਰ ਕਾਰਣਾਂ ਦੇ ਨਾਲ, ਪਾਰਟੀ ਨੂੰ ਇਨ੍ਹਾਂ ਧੁੰਦਲੀਆਂ ਘਟਨਾਵਾਂ ਨਾਲ ਜੁੜੇ ਤੱਥਾਂ ਦੀ ਸਹੀ ਇਤਲਾਹ ਨਹੀਂ ਦਿੱਤੀ ਗਈ, ਅਤੇ ਇਹ ਬਹੁਤ ਬਾਦ 'ਚ ਜਾ ਕੇ ਪਤਾ ਲੱਗੇ।

ਐਸਟਰੀਮਾਡੁਰਾ ਫ਼ੌਜੀ ਕਾਰਵਾਈ 18 ਦਸੰਬਰ 1938 ਨੂੰ ਕੀਤੀ ਜਾਣੀ ਸੀ। ਜਦੋਂ ਸਾਰੇ ਫ਼ੌਜੀ ਦਸਤੇ ਹਮਲੇ ਲਈ ਇਕੱਠੇ ਕਰ ਲਏ ਗਏ ਤਾਂ ਕੇਂਦਰੀ ਜਨਰਲ ਸਟਾਫ਼ ਨੇ ਯੋਜਨਾ ਬਦਲ ਦਿੱਤੀ ਅਤੇ ਗਰਾਨਾਡਾ ਵੱਲ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ, ਇਸ ਦਾ ਭਾਵ ਸੀ ਕਿ ਪੂਰੀ ਫ਼ੌਜ ਨੂੰ ਇਕ ਮੁਹਾਜ਼ ਤੋਂ ਦੂਜੇ ਤੱਕ ਜਾਣ ਲਈ ਐਸੇ ਰਾਹਾਂ ਵਿਚ ਦੀ ਤੇਜ਼ੀ ਨਾਲ ਲਿਜਾਇਆ ਜਾਣਾ ਸੀ ਜਿੱਥੋਂ ਲੰਘਣਾ ਸੰਭਵ ਹੀ ਨਹੀਂ ਸੀ।

ਜਦੋਂ ਗਰਾਨਾਡਾ ਉੱਪਰ ਹਮਲੇ ਦੀ ਪੂਰੀ ਤਿਆਰੀ ਸੀ, ਤਾਂ ਕੇਂਦਰੀ ਜਨਰਲ ਸਟਾਫ਼ ਨੇ ਮੁੜ ਕਾਰਵਾਈ ਮੁਲਤਵੀ ਕਰ ਦਿੱਤੀ ਅਤੇ ਕੇਂਦਰੀ-ਦੱਖਣੀ ਜਨਰਲ ਸਟਾਫ਼ ਨੂੰ ਕਹਿ ਦਿੱਤਾ ਗਿਆ ਕਿ ਜਿੱਥੇ ਸਭ ਤੋਂ ਕਾਰਗਰ ਲੱਗੇ ਇਹ ਉੱਥੇ ਕਾਰਵਾਈ ਕਰ ਲਵੇ। ਕਿਉਂਕਿ ਉਨ੍ਹਾਂ ਨੂੰ ਐਸਟਰੀਮਾਡੁਰਾ ਵਿਚੋਂ ਦੀ ਹਮਲਾ ਕਰਨਾ ਸੁਖਾਲਾ ਲੱਗਿਆ, ਫ਼ੌਜੀ ਦਸਤੇ ਫਿਰ ਪਹਿਲੀਆਂ ਥਾਵਾਂ 'ਤੇ ਵਾਪਸ ਮੋੜ ਲਿਆਂਦੇ ਗਏ, ਐਸੀ ਅਫਰਾ-ਤਫਰੀ ਕਦੇ ਸੁਣਨ 'ਚ ਨਹੀਂ ਆਈ। 5 ਜਨਵਰੀ 1939 ਤੱਕ ਹਮਲਾ ਸ਼ੁਰੂ ਨਹੀਂ ਹੋਇਆ, ਭਾਵ, ਸੈਗਰੇ ਮੁਹਾਜ਼ ਤੋੜ ਦਿੱਤੇ ਜਾਣ ਤੋਂ 13 ਦਿਨ ਬਾਦ ਅਤੇ ਜਦੋਂ ਦੁਸ਼ਮਣ ਕੈਟਾਲੋਨੀਆ 'ਚ ਪਹਿਲਾਂ ਹੀ ਪੂਰਾ ਲਾਹਾ ਲੈ ਚੁੱਕਿਆ ਸੀ ਉਸ ਤੋਂ ਬਾਦ ਤੱਕ।

ਗੜਬੜਾਂ ਅਤੇ ਦੇਰੀ ਦੇ ਬਾਵਜੂਦ, ਅਸੀਂ ਫਿਰ ਵੀ ਦੁਸ਼ਮਣ ਨੂੰ ਹੈਰਾਨੀ 'ਚ ਪਾ ਦਿੱਤਾ। ਇਸ ਕਾਰਵਾਈ ਦੇ ਨਤੀਜੇ ਕਮਾਲ ਦੇ ਹੋਣੇ ਸਨ, ਜੇ ਦੁਸ਼ਮਣ ਦੇ ਮੁਹਾਜ਼ ਨੂੰ ਤੋੜ ਦਿੱਤੇ ਜਾਣ

ਤੋਂ ਬਾਦ, ਜਨਰਲ ਸਟਾਫ਼ ਨੇ ਥੋੜ੍ਹੀ ਹਿੰਮਤ ਕੀਤੀ ਹੁੰਦੀ ਅਤੇ ਸਾਡੇ ਫ਼ੌਜੀ ਦਸਤਿਆਂ ਨੂੰ ਤਾਜ਼ਾ ਪਾੜ 'ਚ ਘੁਸ ਜਾਣ ਦਾ ਹੁਕਮ ਦਿੱਤਾ ਹੁੰਦਾ, ਜਿਵੇਂ ਫਾਸ਼ੀਵਾਦੀਆਂ ਨੇ ਕੈਟਾਲੋਨੀਆ 'ਚ ਕਮਜ਼ੋਰ ਸੁਰੱਖਿਆ ਵਾਲੇ ਖੇਤਰ 'ਚ ਕੀਤਾ ਸੀ ਜਿੱਥੇ ਕੋਈ ਮੋਰਚਾਬੰਦੀ ਨਹੀਂ ਸੀ ਕੀਤੀ ਹੋਈ।

ਜੇ ਅਸੀਂ ਅਜਿਹਾ ਕੀਤਾ ਹੁੰਦਾ, ਤਾਂ ਅਸੀਂ ਇਕ ਪਾਸੇ ਸੇਵਾਇਲ ਅਤੇ ਦੂਜੇ ਪਾਸੇ ਬਾਡਾਰੋਜ਼ ਦੇ ਰਾਹ ਨੂੰ ਖ਼ਤਰਾ ਖੜ੍ਹਾ ਕਰ ਦੇਣਾ ਸੀ। ਐਸਟਰੀਮਾਡੁਰਾ ਕਾਰਵਾਈ ਗਣਰਾਜ ਵੱਲੋਂ ਖੁੰਝਾਏ ਸਭ ਤੋਂ ਸ਼ਾਨਦਾਰ ਮੌਕਿਆਂ 'ਚੋਂ ਇਕ ਸੀ ਜਿਸ ਨਾਲ ਦੁਸ਼ਮਣ ਨੂੰ ਗੰਭੀਰ ਸੱਟ ਪੈਣੀ ਸੀ, ਪਰ ਜਿਸ ਤਰੀਕੇ ਨਾਲ ਕਾਰਵਾਈ ਕੀਤੀ ਗਈ ਇਸ ਦਾ ਕੈਟਾਲੋਨੀਆ 'ਚ ਬਾਗ਼ੀਆਂ ਦੀਆਂ ਕਾਰਵਾਈਆਂ ਉੱਤੇ ਉੱਕਾ ਹੀ ਕੋਈ ਅਸਰ ਨਹੀਂ ਪਿਆ।

ਪੋਲਿਟ ਬਿਊਰੋ ਨੇ ਮੈਨੂੰ ਸਾਥੀ ਗਿਰੋਨ ਦੇ ਨਾਲ ਐਸਟਰੀਮਾਡੁਰਾ ਮੁਹਾਜ਼ 'ਤੇ ਇਹ ਦੇਖਣ ਲਈ ਘੱਲਿਆ ਕਿ ਇਸ ਹਾਲਤ ਨੂੰ ਸੁਧਾਰਨ ਲਈ ਕੁਝ ਹੋ ਸਕਦਾ ਸੀ ਜਾਂ ਨਹੀਂ, ਪਰ ਪਹਿਲਾਂ ਹੀ ਕੁਝ ਕਰਨ 'ਚ ਬਹੁਤ ਦੇਰ ਹੋ ਚੁੱਕੀ ਸੀ। ਅਸੀਂ ਮੁਹਾਜ਼ 'ਤੇ ਜੋ ਅਫਰਾ-ਤਫਰੀ ਦੇਖੀ ਉਹ ਭਿਆਨਕ ਸੀ। ਕਾਰਵਾਈਆਂ ਮੁਲਤਵੀ ਕੀਤੀਆਂ ਹੋਈਆਂ ਸਨ ਕਿਉਂਕਿ ਮੀਂਹ ਨੇ ਤੋਪਖ਼ਾਨੇ ਨੂੰ ਇੱਧਰ-ਉੱਧਰ ਲਿਜਾਣਾ ਮੁਸ਼ਕਲ ਬਣਾ ਦਿੱਤਾ ਸੀ। ਫ਼ੌਜੀ ਬਿਨਾ ਕਿਸੇ ਕੰਮ ਦੇ ਆਵਾਗੌਣ ਘੁੰਮ ਰਹੇ ਸਨ, ਅਤੇ ਕਿਸਾਨ "ਬਿਹਤਰ ਸਮਿਆਂ" ਦੀ ਇੰਤਜ਼ਾਰ 'ਚ, ਖੇਤਾਂ 'ਚ ਲੇਟੇ ਹੋਏ ਸਨ।

ਜਦੋਂ ਅਸੀਂ ਫ਼ੌਜੀ ਕਾਰਵਾਈਆਂ ਦੇ ਮੁਖੀ ਅਤੇ ਜਿਨ੍ਹਾਂ ਕੁਝ ਬੰਦਿਆਂ 'ਤੇ ਭਰੋਸਾ ਕੀਤਾ ਜਾ ਸਕਦਾ ਸੀ ਉਨ੍ਹਾਂ ਵਿਚੋਂ ਇਕ ਲਫਟੈਣ ਕਰਨਲ ਇਬਾਰੋਲਾ ਨੂੰ ਪੁੱਛਿਆ, ਫ਼ੌਜ ਗ਼ੈਰ-ਸਰਗਰਮ ਕਿਉਂ ਬੈਠੀ ਸੀ, ਉਸ ਨੇ ਦੱਸਿਆ ਕਿ ਮਾੜੇ ਰਾਹਾਂ ਦੇ ਕਾਰਣ। ਜਦੋਂ ਮੈਂ ਉਜਰ ਕੀਤਾ ਅਤੇ ਸੁਝਾਅ ਦਿੱਤਾ ਕਿ ਰਾਹਾਂ ਦੀ ਤਾਂ ਕਿਸਾਨਾਂ ਦੀ ਮਦਦ ਨਾਲ ਝਟਪਟ ਮੁਰੰਮਤ ਕੀਤੀ ਜਾ ਸਕਦੀ ਸੀ, ਉਸਨੇ ਜਵਾਬ ਦਿੱਤਾ—ਅਤੇ ਸ਼ਾਇਦ ਉਹ ਪੁਰਾਣੇ ਕਾਇਦੇ ਦੇ ਨਜ਼ਰੀਏ ਤੋਂ ਸਹੀ ਸੀ— "ਕਿਉਂਕਿ ਜੰਗੀ ਹਾਲਤ ਨਹੀਂ ਸੀ, ਉਹ ਅਜਿਹਾ ਨਹੀਂ ਕਰਵਾ ਸਕਦਾ ਸੀ, ਨਾ ਹੀ ਆਮ ਵਸੋਂ ਨੂੰ ਫ਼ੌਜੀ ਮੰਤਵਾਂ ਲਈ ਲਾਮਬੰਦ ਕਰਨ ਦਾ ਉਸ ਕੋਲ ਅਧਿਕਾਰ ਸੀ।"

ਜਦੋਂ ਮੈਂ ਆਮ ਸਟਾਫ਼ ਦੇ ਸਦਰ ਮੁਕਾਮ ਗਈ ਤਾਂ ਦੇਖਿਆ ਕਿ ਜਰਨੈਲ ਮਿਆਜਾ, ਬਾਚੁਸ ਦੇ ਅਸਰ ਹੇਠ ਸੀ, ਜਦੋਂਕਿ ਫਰਾਂਕੋ ਦੇ ਏਜੰਟ—ਮੁਏਡਰਾ ਅਤੇ ਗਾਰਿਜੋ, ਜਨਰਲ ਚੀਫ਼ ਸਟਾਫ਼ ਬੈਠੇ ਤਮਾਸ਼ਾ ਦੇਖ ਰਹੇ ਸਨ—ਕਾਮੀਸਾਰ ਓਸੋਰੀਓ ਵਾਈ. ਤਾਫਾਲ ਨਿਰਾਸ਼ ਸੀ, ਉਸ ਨੂੰ ਕੁਝ ਨਹੀਂ ਸੀ ਸੁੱਝ ਰਿਹਾ ਕਿ ਕੀ ਕਰੇ। ਮੈਂ ਓਸੋਰੀਓ ਨੂੰ ਦੱਸਿਆ ਕਿ ਜਦੋਂ ਸਰਕਾਰ ਨੇ ਆਮ ਜਨਤਾ ਨੂੰ ਭਰਤੀ ਕਰਨ ਦਾ ਐਲਾਨ ਕੀਤਾ ਸੀ ਤਾਂ ਗਣਰਾਜਵਾਦੀ ਖੱਬੇਪੱਖੀ ਪਾਰਟੀ ਨੇ ਆਪਣੇ ਭਰਤੀ ਦੀ ਉਮਰ ਵਾਲੇ ਮੈਂਬਰਾਂ ਨੂੰ ਫ਼ੌਜ 'ਚ ਸ਼ਾਮਲ ਹੋਣੋਂ ਮਨ੍ਹਾਂ ਕਰ ਦਿੱਤਾ ਸੀ। ਓਸੋਰੀਓ ਇਹ ਪਤਾ ਕਰਨ ਲਈ ਕਿ ਆਮ ਜਨਤਾ ਨੂੰ ਭਰਤੀ ਕਰਨ ਦੇ ਸਰਕਾਰੀ ਐਲਾਨ ਨੂੰ ਲਾਗੂ ਕਰਨ ਲਈ ਕੀ ਕੀਤਾ ਜਾ ਸਕਦਾ ਸੀ ਤੁਰੰਤ ਮੈਡਰਿਡ ਨੂੰ ਰਵਾਨਾ ਹੋ ਗਿਆ।

[ 43 ]

# ਕੈਟਾਲੋਨੀਆ ਦੁਸ਼ਮਣ ਦੇ ਹਵਾਲੇ

ਐਬਰੋ ਦੇ ਖੱਬੇ ਪਾਸੇ ਤੋਂ ਸਾਡੀਆਂ ਫ਼ੌਜਾਂ ਦੇ ਪਿੱਛੇ ਹਟ ਜਾਣ ਤੋਂ ਬਾਦ, ਸਾਡੇ ਫ਼ੌਜੀ ਦਸਤਿਆਂ ਦੀ ਹਾਲਤ ਨਿਰਾਸ਼ਾਜਨਕ ਸੀ। ਚਾਰ ਮਹੀਨਿਆਂ ਦੇ ਸਖ਼ਤ ਟਾਕਰੇ ਤੋਂ ਬਾਦ ਉਹ ਪੂਰੀ ਤਰ੍ਹਾਂ ਹੰਭ ਗਏ ਸਨ। ਇਨ੍ਹਾਂ ਨੂੰ ਸਾਹ ਦਿਵਾਉਣ ਲਈ ਸਾਡੇ ਕੋਲ ਕੋਈ ਰਾਖਵੇਂ ਦਸਤੇ ਨਹੀਂ ਸਨ।

ਯੂਨਾਈਟਿਡ ਸਮਾਜਵਾਦੀ ਪਾਰਟੀ ਅਤੇ ਸਮੁੱਚੀ ਵਸੋਂ ਨੂੰ ਲਾਮਬੰਦ ਕਰਨ ਦੀਆਂ ਕਮਿਊਨਿਸਟਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੈਟਾਲੋਨੀਆ 'ਚ ਹੁਣ ਲੜਾਕੂ ਤਾਕਤਾਂ ਮੁਹੱਈਆ ਕਰਨ ਦੀ ਗੁੰਜਾਇਸ਼ ਨਹੀਂ ਸੀ। ਦੁਸ਼ਮਣ ਦੇ ਫ਼ੌਜੀਆਂ, ਤੋਪਖ਼ਾਨੇ, ਹਵਾਬਾਜ਼ੀ ਅਤੇ ਇਕ ਥਾਂ ਤੋਂ ਦੂਜੀ ਥਾਂ ਜਾਣ 'ਚ ਐਨੀ ਫੁਰਤੀ ਸੀ ਕਿ ਉਹ ਸਭ ਕੁਝ ਦਰੜਕੇ ਲੰਘ ਜਾਂਦਾ ਸੀ। ਕੈਟਾਲੋਨੀਆ ਤੋਂ ਸਾਡੀ ਫ਼ੌਜ ਪੂਰੀ ਤਰ੍ਹਾਂ ਹਾਰ ਖਾ ਕੇ ਪਿੱਛੇ ਹਟ ਗਈ। ਬਾਰਸੀਲੋਨਾ 'ਚ ਟਾਕਰਾ ਜਾਰੀ ਰੱਖਿਆ ਜਾ ਸਕਦਾ ਸੀ ਜੇ ਕੈਟਾਲਾਨ ਸਰਕਾਰ 'ਚ ਕਿਸੇ ਵੀ ਕੀਮਤ 'ਤੇ ਆਪਣੇ ਖੇਤਰ ਦੀ ਰਾਖੀ ਕਰਨ ਦੀ ਭਾਵਨਾ ਹੁੰਦੀ, ਜਿਵੇਂ ਪੀ.ਐੱਸ.ਯੂ.ਸੀ.ਅਤੇ ਕਮਿਊਨਿਸਟ ਪਾਰਟੀ ਦੀ ਸੀ। ਪਰ ਇਸ 'ਚ ਕੋਈ ਸ਼ੱਕ ਨਹੀਂ ਕਿ ਹਰ ਕੋਈ ਜੰਗ ਤੋਂ ਅੱਕਿਆ ਹੋਇਆ ਸੀ ਅਤੇ ਖਾਣੇ ਦੀ ਘਾਟ ਅਤੇ ਲਗਾਤਾਰ ਬੰਬਾਰੀ ਦੇ ਸਿੱਟੇ ਵਜੋਂ ਕੈਟਾਲਾਨ ਵਾਲਿਆਂ ਦੀ ਹਿੰਮਤ ਜਵਾਬ ਦੇਣ ਕਿਨਾਰੇ ਪਹੁੰਚੀ ਹੋਈ ਸੀ।

ਸਰਕਾਰ ਦੇ ਭਾਂਜਵਾਦੀ ਰਵੱਈਏ ਦਾ ਲੋਕਾਂ 'ਤੇ ਲਾਜ਼ਮੀ ਅਸਰ ਪੈਣਾ ਸੀ ਅਤੇ ਇਸ ਨੇ ਉਨ੍ਹਾਂ ਦੀਆਂ ਸਰਗਰਮੀਆਂ ਮੱਠੀਆਂ ਪਾ ਦਿੱਤੀਆਂ ਸਨ। ਇਸ ਤੋਂ ਬਿਨਾਂ, ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਕਿਸੇ ਤਰ੍ਹਾਂ ਦੀ ਸਾਂਝੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਕੈਟਾਲੋਨੀਆ ਦੀ ਹਾਰ ਤੋਂ ਦਸ ਦਿਨ ਪਹਿਲਾਂ ਤੱਕ ਜਰਨੈਲਾਂ ਦੀ ਕੌਂਸਲ 'ਚ ਸੰਕਟ ਖੜ੍ਹਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ। ਬਾਰਸੀਲੋਨਾ ਦੀ ਮਿਊਂਸਪਲ ਕੌਂਸਲ ਨੇ ਲੰਮੇ ਸਮੇਂ ਤੋਂ ਮੀਟਿੰਗਾਂ ਕਰਨੀਆਂ ਬੰਦ ਕੀਤੀਆਂ ਹੋਈਆਂ ਸਨ। ਪਰ ਇਸਨੇ ਉਸ ਵਕਤ ਚਾਣਚੱਕ ਮੀਟਿੰਗ ਸੱਦ ਲਈ ਜਦੋਂ ਇਤਾਲਵੀ ਫ਼ੌਜੀ ਦਸਤੇ ਪਹਿਲਾਂ ਹੀ ਸ਼ਹਿਰ ਨੇੜੇ ਆ ਪਹੁੰਚੇ ਸਨ। ਜਦੋਂ ਮੀਟਿੰਗ ਹੋਈ ਤਾਂ ਉੱਥੇ ਸਿਰਫ਼ ਪੀ.ਐੱਸ.ਯੂ.ਸੀ. ਦੇ ਅਤੇ ਚਾਰ ਕੈਟਾਲਾਨ ਕੌਂਸਲਰ ਹਾਜ਼ਰ ਸਨ। ਬਾਕੀ ਸਾਰੇ ਪਹਿਲਾਂ ਹੀ ਸ਼ਹਿਰ ਛੱਡਕੇ ਭੱਜ ਗਏ ਸਨ। ਅਰਾਜਕਤਾਵਾਦੀ ਆਗੂ ਪਹਿਲਾਂ ਭੱਜੇ ਸਨ।

ਕਿਉਂਕਿ ਸ਼ਹਿਰ ਵਿਚ ਕਮਿਊਨਿਸਟ ਪਾਰਟੀ ਦੀ ਆਪਣੀ ਕੋਈ ਜਥੇਬੰਦੀ ਨਹੀਂ ਸੀ, ਇਸਨੇ ਕੈਟਾਲੋਨੀਆ ਦੀ ਯੂਨਾਈਟਿਡ ਸਮਾਜਵਾਦੀ ਪਾਰਟੀ ਨਾਲ ਮਿਲਕੇ ਕੰਮ ਕੀਤਾ। ਆਪਣੇ ਸਭ ਤੋਂ ਭਰੋਸੇਯੋਗ ਬੰਦੇ ਪੀ.ਐੱਸ.ਯੂ.ਸੀ. ਨੂੰ ਸੌਂਪ ਦਿੱਤੇ ਅਤੇ ਆਪਣੇ ਬਹੁ-ਗਿਣਤੀ ਸਾਥੀ ਮੁਹਾਜ਼ ਉੱਤੇ ਭੇਜ ਦਿੱਤੇ। ਪਰ ਸਾਡੀਆਂ ਅਤੇ ਖ਼ਾਸ ਕਰਕੇ ਮੂਨੀ ਦੀ ਅਗਵਾਈ ਹੇਠ ਬਾਰਸੀਲੋਨਾ ਕਮੇਟੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਜੋ ਓਦੋਂ ਤੱਕ ਵੀ ਆਪਣੇ ਅਹੁਦਿਆਂ 'ਤੇ ਰਹੇ ਜਦੋਂ ਇਤਾਲਵੀ ਟੈਂਕ ਸ਼ਹਿਰ ਵਿਚ ਆ ਵੜੇ ਸਨ, ਅਸੀਂ ਬਹੁਤੀ ਪ੍ਰਾਪਤੀ ਨਹੀਂ ਕਰ ਸਕੇ।

ਬਾਰਸੀਲੋਨਾ ਨੂੰ ਕਿਉਂ ਨਾ ਬਚਾਇਆ ਜਾ ਸਕਿਆ?

ਕੈਟਾਲੋਨੀਆ ਦੇ ਟਾਕਰੇ ਦਾ ਇਕ ਸਭ ਤੋਂ ਕਮਜ਼ੋਰ ਪਹਿਲੂ ਕਿਲ੍ਹੇਬੰਦੀ ਦੀ ਮੁਕੰਮਲ ਅਣਹੋਂਦ ਸੀ, ਸਿਰਫ਼ ਮੁੱਖ ਮੁਹਾਜ਼ਾਂ 'ਤੇ ਹੀ ਨਹੀਂ ਸਗੋਂ ਖ਼ੁਦ ਬਾਰਸੀਲੋਨਾ 'ਚ ਵੀ। ਅਗਸਤ 'ਚ ਅਜਿਹੀ ਕਿਲ੍ਹਾਬੰਦੀ ਦੀ ਯੋਜਨਾ ਉਲੀਕੀ ਗਈ ਸੀ, ਪਰ ਇਸ ਨੂੰ ਅਮਲ 'ਚ ਲਿਆਉਣ ਲਈ ਕੱਖ ਨਹੀਂ ਕੀਤਾ ਗਿਆ ਸੀ। ਹਾਲਾਂਕਿ ਇਹ ਸੱਚ ਹੈ ਕਿ ਦੁਸ਼ਮਣ ਨੇ ਬਾਰਸੀਲੋਨਾ ਨੂੰ ਘਾਤਕ ਫੁਰਤੀ ਨਾਲ ਘੇਰਾ ਪਾਇਆ ਸੀ, ਇਹ ਵੀ ਸੱਚ ਹੈ ਕਿ ਸ਼ਹਿਰ ਦੀ ਰਾਖੀ ਦਾ ਕੋਈ ਇੰਤਜ਼ਾਮ ਕੀਤਾ ਹੀ ਨਹੀਂ ਗਿਆ ਸੀ। ਹੋਰ ਵੀ ਮਾੜੀ ਗੱਲ, ਅਸਲ ਵਿਚ ਇਹ ਆਤਮ-ਸਮਰਪਣ ਕਰਨ ਲਈ ਤਿਆਰ ਸੀ।

ਜਨਰਲ ਸਟਾਫ਼ ਨੇ ਜਰਨੈਲ ਹਰਨਾਂਡੇਜ਼ ਸਾਰਾਵੀਆ ਨੂੰ ਨਿਯੁਕਤ ਕਰਕੇ ਬਾਰਸੀਲੋਨਾ ਭੇਜਿਆ ਸੀ, ਪਰ ਇਹ ਸਪਸ਼ਟ ਸੀ ਕਿ ਉਹ ਇਸ ਦੀ ਰਾਖੀ ਕਰਨ ਦੇ ਹੀ ਕਾਬਲ ਨਹੀਂ ਸੀ। ਇਸ ਨੇ ਲਿਸਟਰ ਦੀ ਅਗਵਾਈ ਹੇਠਲੀ ਪੰਜਵੀਂ ਫ਼ੌਜ, ਜੋ ਲੜਾਈ 'ਚ ਪਰਖੀ ਹੋਈ ਸੀ, ਦੇ ਦਸਤਿਆਂ ਨੂੰ ਕੈਟਾਲਾਨ ਦੀ ਰਾਜਧਾਨੀ ਦੀ ਰਾਖੀ ਨਾਲ "ਕੋਈ ਸਰੋਕਾਰ ਨਾ ਰੱਖਣ" ਦੀ ਹਦਾਇਤ ਵੀ ਕਰ ਦਿੱਤੀ ਸੀ, ਇਹ ਬਾਰਸੀਲੋਨਾ ਦੇ ਖੇਤਰਾਂ 'ਚ ਸਾਰਾਵੀਆ ਦੇ ਹੁਕਮਾਂ ਅਧੀਨ ਸੀ। 25 ਦਸੰਬਰ ਨੂੰ ਸਾਰਾਵੀਆ ਵੱਲੋਂ ਸੁਰੱਖਿਆ ਦੇ ਬਾਰੇ ਦਿੱਤੀਆਂ ਹਦਾਇਤਾਂ 'ਚ ਸੋਚ ਇਹ ਸੀ ਕਿ ਕੋਈ ਵੀ ਸੁਰੱਖਿਆਤਮਕ ਕਾਰਵਾਈ ਕੀਤੇ ਜਾਣ ਤੋਂ ਪਹਿਲਾਂ ਹੀ ਸ਼ਹਿਰ ਖਾਲੀ ਕਰ ਦਿੱਤਾ ਜਾਵੇ।

ਉਸੇ ਰਾਤ, ਗ੍ਰਹਿ ਮੰਤਰੀ ਪਾਲਿਨੋ ਗੌਮਿਜ਼ ਨੇ ਰਾਈਫਲਾਂ, ਮਸ਼ੀਨਗੰਨਾਂ ਅਤੇ ਬਕਤਰਬੰਦ ਕਾਰਾਂ ਨਾਲ ਵਧੀਆ ਲੈਸ 2000 ਅਸਾਲਟ ਗਾਰਡਾਂ ਨੂੰ ਸ਼ਹਿਰ ਛੱਡਣ ਦਾ ਹੁਕਮ ਦੇ ਦਿੱਤਾ। ਇਸ ਨਾਲ ਸ਼ਹਿਰ ਵਾਸੀਆਂ ਦੇ ਹੌਸਲੇ ਹੋਰ ਪਸਤ ਹੋ ਗਏ ਅਤੇ ਉਹ ਭੈਭੀਤ ਹੋ ਗਏ।

ਭਿਆਨਕ ਘਚੋਲੇ ਦੀ ਹਾਲਤ 'ਚ, ਜਦੋਂ ਦੁਸ਼ਮਣ ਦੇ ਅੱਗੇ ਵਧਦੇ ਜਾਣ ਤੋਂ ਬਚਣ ਦੀ ਭਾਜੜ ਕਰਕੇ ਲੋਕਾਂ ਨਾਲ ਸੜਕਾਂ ਜਾਮ ਹੋ ਚੁੱਕੀਆਂ ਸਨ, ਪੰਜਵੀਂ ਫ਼ੌਜ ਦੇ ਦਸਤਿਆਂ ਨੇ ਕਈ ਥਾਵਾਂ 'ਤੇ ਟਾਕਰਾ ਜਾਰੀ ਰੱਖਿਆ। ਇਹ ਪੁਲਾਂ, ਸੜਕਾਂ ਅਤੇ ਹਥਿਆਰਾਂ ਦੇ ਭੰਡਾਰਾਂ ਨੂੰ ਉਡਾਉਣ ਦੀ ਯੋਜਨਾ ਲਾਗੂ ਕਰਦੇ ਹੋਏ, ਸਿਲਸਿਲੇਵਾਰ ਤਰੀਕੇ ਨਾਲ ਪਿੱਛੇ ਹਟੇ। ਇਸ ਤਰ੍ਹਾਂ ਪਹਿਲਾਂ ਉਹ ਆਮ ਵਸੋਂ ਨੂੰ ਅਤੇ ਬਾਦ 'ਚ ਬਾਰਸੀਲੋਨਾ ਦੇ ਬਹੁਤੇ ਹਥਿਆਰਾਂ ਨੂੰ ਫਰਾਂਸ ਲੈ ਜਾਣ 'ਚ ਕਾਮਯਾਬ ਹੋ ਗਏ।

ਵਾਪਰ ਰਹੇ ਤੋਂ ਦੁਖੀ ਹੋਏ, ਨੈਗਰਿਨ ਨੇ 30 ਜਨਵਰੀ ਨੂੰ ਭਰੋਸੇ ਦਾ ਵੋਟ ਲੈਣ ਲਈ ਮੰਤਰੀਆਂ ਦੀ ਮੀਟਿੰਗ ਬੁਲਾਈ। ਉਸ ਨੇ ਮੰਗ ਕੀਤੀ ਕਿ ਉਸ ਨੂੰ ਇਹ ਫ਼ੈਸਲਾ ਲੈਣ ਦਾ ਅਧਿਕਾਰ ਦਿੱਤਾ ਜਾਵੇ ਕਿ ਕੇਂਦਰੀ-ਦੱਖਣੀ ਖੇਤਰ ਨੂੰ ਸਰਕਾਰ ਨੇ ਕਦੋਂ ਛੱਡਣਾ ਹੈ। ਗਣਰਾਜ ਦੇ ਰਾਸ਼ਟਰਪਤੀ, ਸਾਰੇ ਮੰਤਰੀਆਂ (ਸਾਥੀ ਯੂਰਾਈਬ ਅਤੇ ਮੋਇਕਸ ਨੂੰ ਛੱਡਕੇ) ਅਤੇ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਨੈਗਰਿਨ ਨੂੰ ਕਿਹਾ ਕਿ ਟਾਕਰਾ ਛੱਡ ਦਿੱਤਾ ਜਾਵੇ ਅਤੇ ਫਰਾਂਕੋ ਤੋਂ "ਸਨਮਾਨਜਨਕ" ਅਹੁਦੇ ਲੈਣ ਲਈ ਫਰਾਂਸ ਤੇ ਬਰਤਾਨੀਆ ਦੀ ਵਿਚੋਲਗੀ ਮੰਨ ਲਈ ਜਾਵੇ। ਕਿਸੇ ਨੇ ਵੀ ਕਦੇ ਇਹ ਖ਼ੁਲਾਸਾ ਨਹੀਂ ਕੀਤਾ ਕਿ ਇਹ ਅਹੁਦੇ ਕਿਹੜੇ ਹੋਣੇ ਸਨ।

ਫਰਾਂਸ ਅਤੇ ਬਰਤਾਨੀਆ ਦੋਵੇਂ ਵਿਚੋਲਗੀ ਕਰਨ ਲਈ ਬਹੁਤ ਜ਼ਿਆਦਾ ਚਾਹਵਾਨ ਸਨ। ਗਣਰਾਜੀ ਸਪੇਨ ਪ੍ਰਤੀ ਫਰਾਂਸ ਦਾ ਰਵੱਈਆ ਸ਼ਰੇਆਮ ਦੋਖੀ ਵਾਲਾ ਸੀ। ਇਸ ਦੀ ਮਿਸਾਲ ਸੀ ਇਸ ਵੱਲੋਂ ਆਪਣੇ ਖੇਤਰ 'ਚੋਂ ਲੰਘ ਰਹੇ ਸੋਵੀਅਤ ਜੰਗੀ ਸਾਜ਼ੋ-ਸਮਾਨ ਨੂੰ ਗਣਰਾਜੀ

ਫ਼ੌਜ ਤੱਕ ਪਹੁੰਚਣ ਨਾ ਦੇਣਾ। ਇਸ ਦੇ ਉਲਟ, ਸੋਵੀਅਤ ਯੂਨੀਅਨ ਵਧ ਰਹੀਆਂ ਮੁਸ਼ਕਲਾਂ ਦੇ ਬਾਵਜੂਦ, ਸਪੇਨ ਨੂੰ ਸਹਾਇਤਾ ਭੇਜਦਾ ਰਿਹਾ।

ਸਪੇਨ ਸਰਕਾਰ ਨੇ ਗਣਰਾਜ ਨੂੰ ਤੁਰੰਤਪੈਰ ਲੋੜੀਂਦੇ ਸਮਾਨ ਦੀ ਸੂਚੀ ਦੇ ਕੇ ਗਣਰਾਜ ਦੀ ਫ਼ੌਜ ਦੇ ਜਰਨੈਲ ਇਗਨੈਸੀਓ ਹਿਡਾਲਗੋ ਡੀ ਸਿਸਨੈਰੋਸ ਨੂੰ ਸੋਵੀਅਤ ਯੂਨੀਅਨ ਭੇਜਿਆ ਸੀ। ਇਸ ਜਰਨੈਲ ਨੂੰ ਲੜਾਕੂ ਤਾਕਤਾਂ ਦਾ ਸਤਿਕਾਰ ਹਾਸਲ ਸੀ। ਸੋਵੀਅਤ ਆਗੂ ਮੰਗਿਆ ਹੋਇਆ ਸਭ ਕੁਝ ਭੇਜਣ ਲਈ ਤਿਆਰ ਸਨ। ਇਸ ਸਮੇਂ, ਫਰਾਂਸ ਤੇ ਇੰਗਲੈਂਡ ਨਾਕਾਬੰਦੀ ਸਖ਼ਤ ਕਰੀ ਜਾ ਰਹੇ ਸਨ ਅਤੇ ਪਹਿਲਾਂ ਹੀ ਸਪੇਨ ਨੂੰ ਦਫ਼ਨਾਉਣ ਦੀਆਂ ਰਿਹਰਸਲਾਂ ਕਰ ਰਹੇ ਸਨ। ਜੂਨ 1938 'ਚ, ਫਰਾਂਸ ਨੇ ਸਪੇਨ ਨਾਲ ਲੱਗਦੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਸਨ ਅਤੇ ਹਵਾਈ-ਜਹਾਜ਼, ਤੋਪਖ਼ਾਨਾ ਅਤੇ ਹੋਰ ਸੋਵੀਅਤ ਸਹਾਇਤਾ ਸਪੇਨ ਦੀਆਂ ਲੜਾਕੂ ਤਾਕਤਾਂ ਤੱਕ ਪਹੁੰਚਣ ਤੋਂ ਰੋਕ ਦਿੱਤੀ ਸੀ। ਇਸ ਨੇ ਤਾਂ ਗਣਰਾਜ ਦੇ ਵਫ਼ਾਦਾਰ ਫ਼ੌਜੀਆਂ ਨੂੰ ਸੁਰੱਖਿਆ ਲਈ ਫਰਾਂਸ 'ਚ ਪਿੱਛੇ ਹਟਣ ਤੋਂ ਰੋਕਣ ਦੀ ਧਮਕੀ ਵੀ ਦੇ ਦਿੱਤੀ ਸੀ।

ਇਸ 'ਚ ਕੋਈ ਸ਼ੱਕ ਨਹੀਂ ਕਿ ਅੰਤਮ ਲੜਾਈ ਸਮੇਂ ਨੈਗਰਿਨ ਦਾ ਟਾਕਰੇ ਤੋਂ ਵਿਸ਼ਵਾਸ ਉੱਠ ਚੁੱਕਿਆ ਸੀ, ਪਰ ਆਪਣੇ ਐਲਾਨਾਂ 'ਚ ਉਹ ਜੰਗ ਜਾਰੀ ਰੱਖਣ ਦੀ ਪੁਰਾਣੀ ਲਾਈਨ 'ਤੇ ਡਟਿਆ ਰਿਹਾ।

ਇਸ ਮੁਸ਼ਕਲ ਹਾਲਤ 'ਚ, ਇਕ ਫਰਵਰੀ 1939 ਨੂੰ ਫਿਗੂਏਰਸ ਮਹਿਲ 'ਚ ਸੰਸਦ ਦਾ ਸਮਾਗਮ ਹੋਇਆ ਅਤੇ ਜੰਗ ਖ਼ਤਮ ਕਰਨ ਲਈ ਸੰਭਵ ਸ਼ਰਤਾਂ ਵਜੋਂ ਛੋਟੇ ਤੋਂ ਛੋਟਾ ਤਿੰਨ ਨੁਕਾਤੀ ਪ੍ਰੋਗਰਾਮ ਪਾਸ ਕੀਤਾ ਗਿਆ। ਇਹ ਨੁਕਤੇ ਸਨ : (1) ਸਪੇਨ ਦੀ ਆਜ਼ਾਦੀ; (2) ਰਾਇਸ਼ੁਮਾਰੀ ਰਾਹੀਂ ਸਪੇਨ ਦੇ ਲੋਕਾਂ ਦਾ ਆਜ਼ਾਦ ਸਵੈ-ਨਿਰਣਾ; (3) ਜੰਗ ਤੋਂ ਬਾਦ ਸਾਰੇ ਜਾਬਰ ਕਦਮਾਂ ਦਾ ਖ਼ਾਤਮਾ।

ਇਸੇ ਸਮਾਗਮ 'ਚ ਨੈਗਰਿਨ ਨੂੰ ਵੀ ਭਰੋਸੇ ਦਾ ਵੋਟ ਮਿਲ ਗਿਆ। ਪਰ ਕੁਝ ਨਾ ਕੁਝ ਗ਼ਲਤ ਜ਼ਰੂਰ ਸੀ। ਜੋ ਨੈਗਰਿਨ ਦੀ ਟਾਕਰੇ ਦੀ ਲਾਈਨ ਦੇ ਹਮਾਇਤੀ ਸਨ ਅਤੇ ਜਿਨ੍ਹਾਂ ਨੂੰ ਉਸ ਦੀ ਸੰਜੀਦਗੀ 'ਚ ਭਰੋਸਾ ਸੀ ਉਨ੍ਹਾਂ ਨੇ ਉਸ 'ਚ ਭਰੋਸੇ ਦੇ ਪੱਖ 'ਚ ਵੋਟ ਦਿੱਤੀ, ਪਰ ਗੋਡੇ ਟੇਕਣ ਦੇ ਮੁਦੱਈਆਂ ਨੇ ਵੀ ਇਸੇ ਤਰ੍ਹਾਂ ਕੀਤਾ। ਮਗਰਲਿਆਂ ਨੇ ਉਸਦੇ ਤਿੰਨ ਨੁਕਾਤੀ ਪ੍ਰੋਗਰਾਮ ਦੀ ਹਮਾਇਤ ਕਰਦਿਆਂ ਇਸ ਨੂੰ ਗਣਰਾਜ ਦੇ ਆਤਮ-ਸਮਰਪਣ ਕਰਨ ਦੀ ਦਿਸ਼ਾ 'ਚ ਪਹਿਲਾ ਕਦਮ ਬਿਆਨ ਕੀਤਾ, ਜਿਸ ਦੀ ਰਾਖੀ ਲਈ ਉਨ੍ਹਾਂ 'ਚ ਨਾ ਹੌਂਸਲਾ ਸੀ ਅਤੇ ਨਾ ਇੱਛਾ ਸੀ।

ਰਾਸ਼ਟਰਪਤੀ ਅਜ਼ਾਨਾ, ਨਾਲ ਹੀ ਕੁਝ ਗਣਰਾਜੀ ਅਤੇ ਸਮਾਜਵਾਦੀ ਆਗੂਆਂ ਅਤੇ ਅਨੇਕਾਂ ਪੇਸ਼ਾਵਰ ਫ਼ੌਜੀਆਂ ਦਾ ਵਿਸ਼ਵਾਸ ਸੀ ਕਿ ਫਿਗੂਏਰਸ ਦੇ ਤਿੰਨ ਨੁਕਤੇ ਫਰਾਂਸ ਦੀ ਤੇ ਬਰਤਾਨਵੀ ਸਰਕਾਰ ਕੋਲੋਂ ਵਿਚੋਲਗੀ ਦੀਆਂ ਸੇਵਾਵਾਂ ਲੈਣ ਲਈ ਨੈਗਰਿਨ ਦੀ ਕੂਟਨੀਤਕ ਅਪੀਲ ਦਾ ਕੰਮ ਕਰਨਗੇ। ਪਰ ਨੈਗਰਿਨ ਨੇ ਆਤਮ-ਸਮਰਪਣ ਕਰਨ ਦੀ ਵਕਾਲਤ ਕਰਨ ਵਾਲਿਆਂ ਦੀ ਬਲੀ ਦਾ ਬੱਕਰਾ ਬਣਨ ਤੋਂ ਨਾਂਹ ਕਰ ਦਿੱਤੀ ਅਤੇ ਗੱਲਬਾਤ ਚਲਾਉਣ ਦੀ ਸਲਾਹ ਨਹੀਂ ਮੰਨੀ। ਇਸ ਸਲਾਹ ਦਾ ਕੋਈ ਹਕੀਕੀ ਠੋਸ ਅਧਾਰ ਹੀ ਨਹੀਂ ਸੀ ਅਤੇ ਇਹ ਨਿਰੇ ਤੇ ਸਿੱਧੇ ਆਤਮ-ਸਮਰਪਣ ਤੋਂ ਵੱਧ ਕੁਝ ਨਹੀਂ ਸੀ।

ਅਜ਼ਾਨਾ ਨੇ ਨੈਗਰਿਨ ਦੀ ਨਾਂਹ ਨੂੰ ਮੈਡਰਿਡ ਨਾ ਜਾਣ ਦੇ ਬਹਾਨੇ ਵਜੋਂ ਵਰਤਿਆ। ਪੰਦਰਾਂ ਦਿਨ ਬਾਦ ਉਸਨੇ ਐਲਾਨ ਕਰ ਦਿੱਤਾ "ਕਿ ਉਸਦੇ ਅਤੇ ਸਰਕਾਰ ਦੇ ਦਰਮਿਆਨ

ਮੁਕੱਰਰ ਕੀਤੀਆਂ ਸ਼ਰਤਾਂ ਦਾ ਸਤਿਕਾਰ ਨਹੀਂ ਕੀਤਾ ਗਿਆ।"

ਨੈਗਰਿਨ ਦਾ ਵਤੀਰਾ ਦਬਾਅ ਪਾਉਣ ਦੇ ਸਮਰੱਥ ਨਹੀਂ ਸੀ, ਉਹ ਟਾਕਰਾ ਜਾਰੀ ਰੱਖਣ ਦੇ ਫ਼ੈਸਲੇ 'ਤੇ ਦ੍ਰਿੜ ਰਿਹਾ, ਪਰ ਟਾਕਰੇ ਨੂੰ ਜਥੇਬੰਦ ਕਰਨ ਲਈ ਕੀਤਾ ਕੁਝ ਨਾ ਗਿਆ।

ਨੈਗਰਿਨ ਦੇ ਸਵੈ-ਵਿਰੋਧੀ ਵਤੀਰੇ ਦੀਆਂ ਹਜ਼ਾਰਾਂ ਮਿਸਾਲਾਂ 'ਚੋਂ ਇਕ ਮਿਸਾਲ ਇਹ ਸੀ ਕਿ ਉਸ ਵੱਲੋਂ ਕੈਟਾਲੋਨੀਆ ਦੇ ਜੰਗੀ ਸਾਜ਼ੋ-ਸਮਾਨ ਨੂੰ ਕੇਂਦਰੀ ਮੁਹਾਜ਼ਾਂ 'ਤੇ ਭੇਜ ਦੇਣ ਦਾ ਹੁਕਮ ਨਹੀਂ ਦਿੱਤਾ ਗਿਆ, ਅਜਿਹਾ ਕਰਕੇ ਉਸ ਖੇਤਰ 'ਚ ਫ਼ੌਜ ਨੂੰ ਕੁਮਕ ਦੇ ਕੇ ਫ਼ੌਜੀ ਸਮਰੱਥਾ ਵਿਚ ਵਾਧਾ ਤਾਂ ਕੀਤਾ ਹੀ ਜਾ ਸਕਦਾ ਸੀ।

ਆਮ ਪਤਨ ਦੇ ਇਸ ਦੌਰ 'ਚ, ਕਮਿਊਨਿਸਟ ਪਾਰਟੀ ਕੈਟਾਲੋਨੀਆ 'ਚ ਅੰਤ ਤੱਕ ਕੰਮ ਕਰਦੀ ਰਹੀ। ਇਹ ਥੋੜ੍ਹੇ ਤੋਂ ਥੋੜ੍ਹਾ ਟਾਕਰਾ ਵੀ ਜਥੇਬੰਦ ਕਰਦੇ ਰਹਿਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਤਾਂ ਜੋ ਆਮ ਵਸੋਂ, ਫ਼ੌਜੀ ਅਤੇ ਸਿਆਸੀ ਤੇ ਫ਼ੌਜੀ ਆਗੂ ਸੁਰੱਖਿਅਤ ਨਿਕਲਕੇ ਫਰਾਂਸ ਜਾ ਕੇ ਸ਼ਰਨ ਲੈ ਸਕਣ।

5 ਜਨਵਰੀ 1939 ਨੂੰ, ਜਦੋਂ ਕੈਟਾਲੋਨੀਆ ਦੇ ਮੁਹਾਜ਼ ਦੀ ਹੋਂਦ ਪਹਿਲਾਂ ਹੀ ਖ਼ਤਮ ਹੋ ਚੁੱਕੀ ਸੀ, ਮੈਂ ਪੰਜਵੀਂ ਪਾਰਟੀ ਕਾਂਗਰਸ ਦੀ ਤਿਆਰੀਆਂ 'ਚ ਲੱਗਣ ਲਈ ਇਰੀਨ, ਫਾਲਕਨ ਦੇ ਨਾਲ ਮੈਡਰਿਡ ਰਵਾਨਾ ਹੋ ਗਈ। ਅਸੀਂ ਕਾਂਗਰਸ 1939 'ਚ ਜਥੇਬੰਦ ਕਰਨ ਦੀ ਯੋਜਨਾ ਬਣਾ ਰਹੇ ਸੀ। ਇਸ ਸਭ ਕਾਸੇ 'ਚ ਮੇਰੇ ਵੱਲੋਂ ਵੀ ਥੋੜ੍ਹੀ ਭੂਮਿਕਾ ਨਿਭਾਈ। ਲੋਕਾਂ 'ਚ ਅਤੇ ਆਪਣੀ ਜਿੱਤ 'ਚ, ਟਾਕਰਾ ਜਾਰੀ ਰਹਿਣ ਦੀ ਸੰਭਾਵਨਾ 'ਚ ਸਾਡਾ ਅਡੋਲ ਭਰੋਸਾ ਸੀ ਅਤੇ ਕੁਝ ਮੌਕਿਆਂ 'ਤੇ ਇਸ ਦੇ ਕਾਰਣ ਅਸੀਂ ਹਕੀਕਤ ਨੂੰ ਸਮਝਣ 'ਚ ਟਪਲਾ ਵੀ ਖਾਧਾ।

[44]

## ਤਬਾਹੀ

ਮੈਡਰਿਡ ਦੀ ਹਾਲਤ ਉਤਸ਼ਾਹਜਨਕ ਨਹੀਂ ਸੀ। ਕੈਟਾਲੋਨੀਆ ਤੋਂ ਆਉਣ ਤੋਂ ਅਗਲੇ ਦਿਨ ਮੈਂ ਕਰਨਲ ਕੈਸਾਡੋ ਨੂੰ ਮਿਲਣ ਚਲੀ ਗਈ, ਕਿਉਂਕਿ ਉਹ ਫ਼ੌਜ ਦਾ ਮੁਖੀ ਸੀ। ਹੁਣ, ਜਰਨੈਲ ਮਿਆਜ਼ਾ ਦ੍ਰਿਸ਼ ਤੋਂ ਪੂਰੀ ਤਰ੍ਹਾਂ ਲਾਂਭੇ ਹੋ ਗਿਆ ਸੀ, ਕਦੇ-ਕਦਾਈਂ ਅਖ਼ਬਾਰਾਂ 'ਚ ਜ਼ਿਕਰ ਨੂੰ ਛੱਡਕੇ। ਉਸ ਦੀਆਂ ਫ਼ੌਜੀ ਸੇਵਾਵਾਂ ਸਪੇਨ ਪ੍ਰਤੀ ਵਫ਼ਾਦਾਰ ਫ਼ੌਜ ਦੇ ਨੁਮਾਇੰਦੇ ਵਜੋਂ ਵਿਦੇਸ਼ੀ ਪ੍ਰਤੀਨਿੱਧੀ ਮੰਡਲਾਂ ਨੂੰ ਜੀ ਆਇਆਂ ਕਹਿਣ ਤੱਕ ਸੀਮਤ ਹੋ ਗਈਆਂ ਸਨ।

ਕੈਸਾਡੋ ਮੈਨੂੰ ਬਹੁਤ ਅਪਣੱਤ ਨਾਲ ਮਿਲਿਆ, ਬਹੁਤ ਜ਼ਿਆਦਾ ਦਿਖਾਵਾ ਕਰਦਿਆਂ ਕਿ ਉਹ ਮੇਰੇ ਮੈਡਰਿਡ ਮੁੜ ਆਉਣ 'ਤੇ ਕਿੰਨਾ ਖੁਸ਼ ਸੀ। ਉਸ ਨੇ ਭਵਿੱਖੀ ਫ਼ੌਜੀ ਕਾਰਵਾਈਆਂ ਬਾਰੇ ਦੱਸਿਆ, ਜੋ ਉਸ ਦੇ ਕਹਿਣ ਅਨੁਸਾਰ, ਫ਼ੈਸਲਾਕੁੰਨ ਹੋਣਗੀਆਂ। ਕਰਨਲ ਸੈਗਿਸਮੁੰਡੋ ਕੈਸਾਡੋ ਨਾਲੋਂ ਵੱਧ ਮੱਕਾਰ, ਵੱਧ ਬੁਜ਼ਦਿਲ ਘਾਗ ਵਿਅਕਤੀ ਦੀ ਕਲਪਨਾ ਕਰਨੀ ਮੁਸ਼ਕਲ ਹੈ। ਜੋ ਗੌਡੇਟੇਕੂ ਜੁੰਡਲੀ ਦਾ ਸਰਗਨਾ ਸੀ, ਤੇ ਜਿਸਨੇ ਸਪੇਨ ਫਾਸ਼ੀਵਾਦੀਆਂ ਦੇ ਹਵਾਲੇ ਕੀਤਾ।

ਪੇਸ਼ਾਵਰ ਫ਼ੌਜੀ, ਰਾਜ-ਮਿਸਤਰੀ, ਗਣਰਾਜ ਦੇ ਪ੍ਰਧਾਨ ਮੰਤਰੀ ਲਈ ਫ਼ੌਜੀ ਮਾਮਲਿਆਂ ਦਾ ਮੁਖੀ, ਫਰਾਂਕੋ ਦੇ ਫ਼ੌਜੀ ਮੁਖੀਆਂ ਦੀ ਬੇਹੱਦ ਸ਼ਲਾਘਾ ਦਾ ਪਾਤਰ, ਅਭਿਲਾਸ਼ੀ ਸਿਆਸਤਦਾਨ, ਅਰਾਜਕਤਾਵਾਦੀਆਂ ਨਾਲ ਨੇੜਿਉਂ ਜੁੜਿਆ ਹੋਇਆ ਇਹ ਸ਼ਖਸ ਗਣਰਾਜ ਦੀਆਂ ਫ਼ੌਜੀ ਕਾਰਵਾਈਆਂ ਨੂੰ ਲਗਾਤਾਰ ਸਾਬੋਤਾਜ਼ ਕਰਦਾ ਰਿਹਾ ਸੀ ਅਤੇ ਇਹੀ ਵਿਅਕਤੀ ਸੀ ਜਿਸ ਨੂੰ ਫਰਾਂਕੋ ਦੀ ਜਿੱਤ ਦਾ ਸਿਹਰਾ ਜਾਂਦਾ ਸੀ।

ਕੈਸਾਡੋ ਨਾਲ ਮੀਟਿੰਗ ਦੌਰਾਨ, ਮੈਂ ਉਸ ਨੂੰ ਕੋਈ ਗੋਦਾਮ ਲੱਭਕੇ ਸਾਨੂੰ ਦੇਣ ਲਈ ਕਿਹਾ ਜਿੱਥੇ ਖਾਣੇ ਦੇ ਉਸ ਸਮਾਨ ਨੂੰ ਭੰਡਾਰ ਕੀਤਾ ਜਾ ਸਕੇ ਜੋ ਵੇਲੈਂਸੀਆ ਦੀ ਬੰਦਰਗਾਹ 'ਤੇ ਲੰਗਰ ਸੁੱਟੀ ਖੜ੍ਹੇ ਸਮੁੰਦਰੀ ਜਹਾਜ਼ਾਂ 'ਚ ਪਿਆ ਸੀ। ਖਾਣੇ ਦੇ ਸਮਾਨ ਦੀਆਂ ਇਹ ਖੇਪਾਂ ਫਾਸ਼ੀਵਾਦ ਵਿਰੋਧੀ ਜਥੇਬੰਦੀਆਂ ਦੀਆਂ ਔਰਤਾਂ ਨੇ ਸਹਾਇਤਾ ਵਜੋਂ ਵੱਖ-ਵੱਖ ਦੇਸ਼ਾਂ ਤੋਂ ਭੇਜੀਆਂ ਸਨ।

ਕੈਸਾਡੋ ਨੇ ਉਸੇ ਵਕਤ, ਆਪਣੇ ਇਕ ਆਦਮੀ ਨੂੰ ਸਾਡੇ ਲਈ ਇਮਾਰਤਾਂ ਲੱਭਣ ਅਤੇ ਇੱਥੋਂ ਤੱਕ ਕਿ ਚੋਰੀ ਰੋਕਣ ਲਈ ਚੌਕੀਦਾਰ ਦਾ ਇੰਤਜ਼ਾਮ ਕਰਨ ਦੀ ਹਦਾਇਤ ਕੀਤੀ। ਉਸਨੇ ਮੈਡਰਿਡ 'ਚ ਖਾਣੇ ਦੀ ਥੁੜ੍ਹ ਬਾਰੇ ਦੱਸਿਆ ਅਤੇ ਮੈਂ ਖਾਣੇ ਦਾ ਸਾਰਾ ਸਮਾਨ ਉਸ ਨੂੰ ਸੌਂਪਣ ਦੀ ਪੇਸ਼ਕਸ਼ ਕੀਤੀ ਜੋ ਸਾਡੇ ਕੋਲ ਸੀ। ਅਸੀਂ, ਜਿਵੇਂ ਬਾਰਸੀਲੋਨਾ 'ਚ ਕੀਤਾ ਸੀ, ਮੈਡਰਿਡ ਵਿਚ ਬੱਚਿਆਂ ਲਈ ਲੰਗਰ ਅਤੇ ਦੁੱਧ ਚੁੰਘਦੇ ਬੱਚਿਆਂ ਦੀਆਂ ਮਾਵਾਂ ਲਈ ਡਾ. ਪਲਾਨੌਲੀਸ ਅਤੇ ਹੋਰ ਡਾਕਟਰਾਂ ਦੀ ਸਹਾਇਤਾ ਨਾਲ, ਜੋ ਬਾਹਰ ਸਾਡੀ ਮਦਦ ਕਰਦੇ ਸਨ, ਡਿਸਪੈਂਸਰੀਆਂ ਖੋਹਲਣ ਦੀ ਯੋਜਨਾ ਬਣਾ ਰਹੇ ਸੀ।

ਕੈਸਾਡੋ ਸਿਰਫ਼ ਸਾਡੀ ਮਦਦ ਕਰਨ ਦਾ ਚਾਹਵਾਨ ਹੀ ਨਹੀਂ ਸੀ; ਉਹ ਸਾਡੀਆਂ ਯੋਜਨਾਵਾਂ ਤੋਂ ਉਤਸ਼ਾਹ 'ਚ ਵੀ ਜਾਪਿਆ। ਉਹ ਗੱਲ ਕਰਦਾ ਰਿਹਾ ਕਿ ਵਸੋਂ ਲਈ ਖਾਣਾ ਹਾਸਲ ਕਰਨਾ ਕਿੰਨਾ ਮੁਸ਼ਕਲ ਸੀ ਅਤੇ ਮੈਂ ਉਸ ਨੂੰ ਖਾਣੇ ਦਾ ਹੋਰ ਸਮਾਨ ਦੇਣ ਦੀ ਜ਼ੋਰਦਾਰ ਇੱਛਾ ਪ੍ਰਗਟਾਉਂਦੀ ਰਹੀ ਸਮੇਤ ਉਸ ਖਾਣੇ ਦੇ ਜੋ ਸਾਡੀ ਔਰਤ ਜਥੇਬੰਦੀ ਨੂੰ ਬਾਹਰੋਂ ਮਿਲਿਆ ਸੀ ਤੇ ਵੇਲੈਂਸੀਆ 'ਚ ਜਹਾਜ਼ਾਂ 'ਚ ਲੱਦਿਆ ਹੋਇਆ ਸੀ।

ਉਸ ਦੀ ਗੱਲਬਾਤ ਐਨੀ ਸਨੇਹਪੂਰਣ ਸੀ ਕਿ ਤੁਰਨ ਤੋਂ ਪਹਿਲਾਂ ਉਸਨੇ ਜ਼ੋਰ ਦਿੱਤਾ ਕਿ ਮੈਂ ਉਸਦੇ ਬੱਚੇ ਨੂੰ ਮਿਲਦੀ ਜਾਵਾਂ। ਉਸਨੇ ਆਪਣੇ ਇਕ ਘਰੇਲੂ ਨੌਕਰ ਨੂੰ ਬੱਚੇ ਨੂੰ ਲੈ ਕੇ ਆਉਣ ਲਈ ਆਖਿਆ ਜੋ ਦੋ ਸਾਲਾਂ ਦੇ ਹੋਰ ਤੰਦਰੁਸਤ ਬੱਚਿਆਂ ਵਾਂਗ, ਸੱਚਮੁੱਚ ਪਿਆਰਾ ਬੱਚਾ ਸੀ।

ਮੈਂ ਇਹ ਕਿੰਨਾ ਕੁ ਸੋਚ ਸਕੀ ਸੀ ਕਿ ਇਹ ਬੰਦਾ ਗਣਰਾਜ ਨਾਲ ਗ਼ੱਦਾਰੀ ਕਰਨ ਅਤੇ ਲੋਕਾਂ ਨੂੰ ਫਾਸ਼ੀਵਾਦ ਮੂਹਰੇ ਆਤਮ-ਸਮਰਪਣ ਕਰਾਉਣ ਦੀਆਂ ਯੋਜਨਾਵਾਂ ਪਹਿਲਾਂ ਹੀ ਬਣਾ ਚੁੱਕਾ ਹੈ।

ਡੇਨੀਅਲ ਔਰਟੇਗਾ, ਜੋ ਕੈਸਾਡੋ ਦੇ ਜਨਰਲ ਸਟਾਫ਼ ਦੇ ਸਦਰ ਮੁਕਾਮ 'ਚ ਕੰਮ ਕਰਦਾ ਸੀ, ਨੇ ਕੈਸਾਡੋ ਦੀ ਵਫ਼ਾਦਾਰੀ ਬਾਰੇ ਆਪਣੇ ਖ਼ਦਸ਼ੇ ਸਾਨੂੰ ਦੱਸੇ ਸਨ। ਉਸ ਨੇ ਦੱਸਿਆ ਸੀ ਕਿ ਕੈਸਾਡੋ ਦੇ ਬਿਦੇਸ਼ੀਆਂ, ਖ਼ਾਸ ਤੌਰ 'ਤੇ ਬਰਤਾਨਵੀਆਂ ਨਾਲ, ਸ਼ੱਕੀ ਸੰਬੰਧ ਸਨ ਜਿਨ੍ਹਾਂ ਨੇ ਉਸ ਦੇ ਦਫ਼ਤਰ 'ਚ ਹੁਣੇ ਜਹੇ ਕਈ ਲੰਮੀਆਂ ਮੁਲਾਕਾਤਾਂ ਕੀਤੀਆਂ ਸਨ। ਸੀ.ਐਨ.ਟੀ. ਸੁਰੱਖਿਆ ਕਮੇਟੀਆਂ ਦੇ ਹੋਰ ਲੋਕਾਂ ਨੇ ਵੀ ਉਸ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ ਸਨ। ਪਰ ਔਰਟੇਗਾ, ਜਿਸ ਨੂੰ ਬਾਦ 'ਚ ਫਰਾਂਕੋ ਦੇ ਫ਼ੌਜੀ ਦਸਤਿਆਂ ਨੇ ਮੈਡਰਿਡ 'ਚ ਦਾਖ਼ਲ ਹੋਣ ਸਮੇਂ ਗੋਲੀਆਂ ਮਾਰਕੇ ਕਤਲ ਕਰ ਦਿੱਤਾ, ਆਪਣੇ ਖ਼ਦਸ਼ਿਆਂ ਨੂੰ ਸਾਬਤ ਕਰਨ ਲਈ ਕੋਈ ਪੁਖ਼ਤਾ ਸਬੂਤ

ਨਹੀਂ ਦੇ ਸਕਿਆ ਸੀ। ਇਸ ਕਰਕੇ ਸਾਡੇ ਕੋਲ ਕੋਈ ਪ੍ਰਤੱਖ ਅਧਾਰ ਨਹੀਂ ਸੀ ਜਿਸ ਨੂੰ ਮੁੱਖ ਰੱਖਕੇ ਅਸੀਂ ਕੈਸਾਡੋ ਦੇ ਕਿਰਦਾਰ ਬਾਰੇ ਕੋਈ ਨਿਰਣਾ ਕਰ ਲੈਂਦੇ।

ਅਸੀਂ ਮੈਡਰਿਡ 'ਚ ਆਪਣਾ ਕੰਮ ਸ਼ੁਰੂ ਕਰ ਲਿਆ, ਇਹ ਕੰਮ ਪੰਜਵੀਂ ਪਾਰਟੀ ਕਾਂਗਰਸ, ਜੋ ਕਦੇ ਆਯੋਜਤ ਨਹੀਂ ਕੀਤੀ ਜਾ ਸਕੀ, ਦੀਆਂ ਤਿਆਰੀਆਂ ਦਾ ਨਹੀਂ, ਸਗੋਂ ਇਕ ਵੱਧ ਜ਼ਰੂਰੀ ਲੋੜ, ਬੱਚਿਆਂ ਅਤੇ ਫੈਕਟਰੀ ਕਾਮਿਆਂ ਨੂੰ ਖਾਣਾ ਸਪਲਾਈ ਕਰਨ ਦਾ ਸੀ, ਹਾਲਾਂਕਿ ਇਹ ਬਹੁਤ ਹੀ ਥੋੜ੍ਹੀ ਮਾਤਰਾ 'ਚ ਸੀ। ਅਸੀਂ ਮੈਡਰਿਡ ਦੀਆਂ ਔਰਤਾਂ ਨੂੰ ਮਦਦ ਦੀ ਅਪੀਲ ਕੀਤੀ ਅਤੇ ਹਫ਼ਤੇ ਤੋਂ ਘੱਟ ਸਮੇਂ 'ਚ ਛੇ ਹਜ਼ਾਰ ਤੋਂ ਵੱਧ ਔਰਤਾਂ ਸਵੈ-ਸੇਵੀ ਭਰਤੀ ਹੋ ਗਈਆਂ, ਇਹ ਪ੍ਰਭਾਵਸ਼ਾਲੀ ਮਿਸਾਲ ਸੀ ਕਿ ਕਿਵੇਂ ਮਾੜੀ ਹਾਲਤ ਅਤੇ ਥੁੜ੍ਹਾਂ ਦੇ ਬਾਵਜੂਦ ਮੈਡਰਿਡ 'ਚ, ਅਤੇ ਅਸਲ ਵਿਚ ਤਾਂ ਪੂਰੇ ਦੇਸ਼ 'ਚ ਹੀ, ਗਣਰਾਜਵਾਦੀ ਭਾਵਨਾਵਾਂ ਹਾਲੇ ਵੀ ਬਹੁਤ ਜ਼ਿਆਦਾ ਜ਼ਿੰਦਾ ਸਨ।

ਪਰ ਫੈਕਟਰੀਆਂ ਨੂੰ ਖਾਣਾ ਸਪਲਾਈ ਕਰਨ ਦੀ ਯੋਜਨਾ, ਜਿਸ ਬਾਰੇ ਮੈਂ ਪਹਿਲਾਂ ਕੈਸਾਡੋ ਨਾਲ ਵਿਚਾਰ-ਵਟਾਂਦਰਾ ਕੀਤਾ ਸੀ, 'ਚ ਸ਼ੁਰੂ ਤੋਂ ਹੀ ਅੜਚਣ ਪੈ ਗਈ ਸੀ। ਸਮਾਜਵਾਦੀ ਕਾਮੀਸਾਰਾਂ ਨੇ ਫੈਕਟਰੀਆਂ ਦੇ ਅੰਦਰ ਆਟਾ, ਸੂਰ ਦਾ ਮਾਸ, ਅਚਾਰ, ਸੁੱਕਾ ਦੁੱਧ, ਖੰਡ ਅਤੇ ਸਾਬਣ ਵੰਡਣ ਦੀ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਨੇ ਜ਼ਿਦ ਕੀਤੀ ਕਿ ਪੈਕਟ ਸਿੱਧੇ ਉਨ੍ਹਾਂ ਨੂੰ ਦੇ ਦਿੱਤੇ ਜਾਣ। ਉਨ੍ਹਾਂ ਨੇ ਖ਼ਦਸ਼ਾ ਜ਼ਾਹਰ ਕੀਤਾ ਕਿ ਜੇ ਖਾਣਾ ਅਸੀਂ ਵੰਡਿਆ ਤਾਂ ਇਸ ਨਾਲ ਜਨਤਾ "ਦਲ ਬਦਲੀ ਕਰ ਜਾਵੇਗੀ।" ਔਰਤਾਂ ਨੇ ਕੌਮੀਸਾਰਾਂ ਨੂੰ ਇਹ ਕੀਮਤੀ ਸਮਾਨ ਸੌਂਪਣ ਤੋਂ ਨਾਂਹ ਕਰ ਦਿੱਤੀ। ਅਸਲ ਵਿਚ ਸਾਡੀਆਂ ਸਵੈ-ਸੇਵੀ ਔਰਤਾਂ ਕਮਿਊਨਿਸਟ ਨਹੀਂ ਸਨ। ਕਈ ਸਮਾਜਵਾਦੀ ਸਨ, ਅਤੇ ਉਨ੍ਹਾਂ ਵਿਚੋਂ ਬਹੁਤੀਆਂ ਕਿਸੇ ਪਾਰਟੀ ਨਾਲ ਬਿਲਕੁਲ ਜੁੜੀਆਂ ਹੋਈਆਂ ਨਹੀਂ ਸਨ। ਕਮਿਊਨਿਸਟ ਪਾਰਟੀ ਨੇ ਕਿਸੇ ਤਰ੍ਹਾਂ ਦੇ ਸਿਆਸੀ ਟਕਰਾਅ ਤੋਂ ਬਚਣ ਲਈ, ਅਜਿਹਾ ਜਾਣ-ਬੁੱਝਕੇ ਕੀਤਾ ਸੀ।

ਬਾਰਸੀਲੋਨਾ ਹੱਥੋਂ ਨਿੱਕਲ ਜਾਣ ਤੋਂ ਬਾਦ ਗੋਡੇ ਟੇਕੂ ਚੰਮ ਬਚਾਊ ਖੁੱਡਾਂ 'ਚੋਂ ਬਾਹਰ ਨਿੱਕਲ ਆਏ। ਇਨ੍ਹਾਂ ਨੇ ਜਿੱਥੇ ਵੀ ਸੰਭਵ ਹੋਇਆ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ।

ਗਣਰਾਜ ਦੇ ਆਤਮ-ਸਮਰਪਣ ਦੀ ਵਕਾਲਤ ਕਰਨ ਵਾਲੇ ਕਈ ਲੋਕ, ਇਸ ਭਾਂਜਵਾਦੀ ਰੌਂਅ ਨੂੰ ਐਸੀ ਨਿਰਾਸ਼ਤਾ ਦਾ ਇਜ਼ਹਾਰ ਨਹੀਂ ਸਮਝਦੇ ਸਨ ਜੋ ਸਾਰੇ ਰਾਹ ਦੇਖਕੇ ਅਕਸਰ ਆ ਜਾਂਦੀ ਸੀ। ਹੁਣ ਜੰਗ ਦੇ ਸਾਰੇ ਸਮੇਂ ਦੌਰਾਨ ਕੀਤੀਆਂ ਗਈਆਂ ਕਮਿਊਨਿਸਟ ਪਾਰਟੀ ਦੇ ਵਿਰੁੱਧ ਕੀਤੀਆਂ ਜਾ ਰਹੀਆਂ ਸਰਗਰਮੀਆਂ ਦਾ ਸਿਖ਼ਰ ਆ ਗਿਆ ਸੀ। ਇਹ ਗੋਡੇ ਟੇਕੂਆਂ ਦੀ ਲੋਕਾਂ ਤੋਂ, ਉਨ੍ਹਾਂ ਸਾਰਿਆਂ ਤੋਂ ਬਦਲਾ ਲੈਣ ਦੀ ਕਾਰਵਾਈ ਸੀ ਜਿਨ੍ਹਾਂ ਨੇ ਸਿਰ ਉਠਾਕੇ ਅਤੇ ਸੂਰਮਿਆਂ ਵਾਂਗ ਗਣਰਾਜ ਦੀ ਰਾਖੀ ਕੀਤੀ ਸੀ।

ਆਤਮ-ਸਮਰਪਣ ਦੀ ਵਕਾਲਤ ਕਰਨ ਵਾਲੇ ਵਿਅਕਤੀ ਘ੍ਰਿਣਤ ਇਖ਼ਲਾਕ ਵਾਲੇ ਬੌਣੇ ਕਿਰਦਾਰ ਸਨ, ਜੋ ਦੂਸਰਿਆਂ ਦੀ ਆਪਾ-ਵਾਰ ਭਾਵਨਾ ਜਾਂ ਚੜ੍ਹਦੀ ਕਲਾ ਨੂੰ ਸਮਝਣ ਦੇ ਲਾਇਕ ਨਹੀਂ ਸਨ। ਉਨ੍ਹਾਂ ਨੇ ਆਪਣੀ ਗਲੀ-ਸੜੀ ਚਮੜੀ ਬਚਾਉਣ ਦੇ ਇਵਜ਼ 'ਚ ਸਪੇਨ ਅਤੇ ਦਹਿ-ਹਜ਼ਾਰਾਂ ਜ਼ਿੰਦਗੀਆਂ ਨੂੰ ਸ਼ਰਮਨਾਕ ਰੂਪ 'ਚ ਨੀਲਾਮ ਕਰ ਦੇਣਾ ਕਬੂਲ ਕਰ ਲਿਆ। ਇਨ੍ਹਾਂ ਨੇ ਸਾਡੇ ਮਾਣਮੱਤੇ ਅਤੇ ਜੋਸ਼ੀਲੇ ਲੋਕਾਂ ਦੇ ਟਾਕਰੇ ਨੂੰ ਖੇਰੂੰ-ਖੇਰੂੰ ਕਰਕੇ ਉਨ੍ਹਾਂ ਨੂੰ ਪੀੜਤ,

ਭੁੱਖਮਰੀ ਦਾ ਸ਼ਿਕਾਰ ਭੀੜ ਬਣਾਕੇ ਰੱਖ ਦਿੱਤਾ। ਸਪੇਨ ਦੇ ਲੋਕਾਂ ਨੂੰ ਪੈਰਾਂ ਸਿਰ ਹੋਣ ਲਈ ਲੰਮਾ ਸਮਾਂ ਸਖ਼ਤ ਮਿਹਨਤ ਕਰਨੀ ਹੋਵੇਗੀ ਅਤੇ ਬਹੁਤ ਜ਼ਿਆਦਾ ਘਾਲਣਾ ਘਾਲਣੀ ਪਵੇਗੀ।

ਬਰਤਾਨਵੀ ਸਰਕਾਰ, ਜੋ ਬਗ਼ਾਵਤ ਦੇ ਸ਼ੁਰੂ ਤੋਂ ਹੀ, ਸਪੇਨ ਦੇ ਲੋਕਾਂ ਦੀ ਸ਼ਰੇਆਮ ਦੁਸ਼ਮਣ ਬਣੀ ਹੋਈ ਸੀ, ਬਾਗ਼ੀਆਂ ਨਾਲ ਸੌਦੇਬਾਜ਼ੀ ਕਰਨ ਅਤੇ ਸਪੇਨੀ-ਪੁਰਤਗਾਲੀ ਖੇਤਰ (peninsula) ਅੰਦਰ ਆਪਣੀ ਹੈਸੀਅਤ ਨੂੰ ਬਚਾਉਣ ਦੀ ਝਾਕ 'ਚ ਬੈਠੀ ਸੀ। ਸਿਆਸੀ ਸ਼ਤਰੰਜ ਦਾ ਕੋਈ ਮੋਹਰਾ ਐਸਾ ਨਹੀਂ ਸੀ ਜਿਸ ਨੂੰ ਇਸ ਨੇ ਆਪਣੇ ਚੰਦਰੇ ਉਦੇਸ਼ਾਂ ਲਈ ਵਰਤਿਆ ਨਾ ਹੋਵੇ। "ਅਸੀਂ ਉਹੀ ਕਰਦੇ ਹਾਂ ਜੋ ਇੰਗਲੈਂਡ ਸਾਨੂੰ ਕਰਨ ਲਈ ਆਖਦਾ ਹੈ," ਇਹ ਸਾਥੀ ਮੌਂਟੂਲੀਓ ਨੂੰ ਜਰਨੈਲ ਮਿਆਜ਼ਾ ਦਾ ਜਵਾਬ ਸੀ, ਜੋ ਕੈਸਾਡੋ ਦਾ ਸੱਤ੍ਹਾਧਾਰੀ ਗੁੱਟ ਬਣ ਜਾਣ ਤੋਂ ਬਾਦ ਉਸ ਨੂੰ ਮਿਲਣ ਜਨਰਲ ਸਟਾਫ਼ ਦੇ ਸਦਰ ਮੁਕਾਮ ਗਿਆ ਸੀ ਜਿਸ ਗੁੱਟ ਨੇ ਗਣਰਾਜ ਦੀ ਪਿੱਠ 'ਚ ਛੁਰਾ ਮਾਰਨਾ ਸੀ।

ਫਿਗੂਏਰਸ ਦੇ ਸੰਸਦ ਸਮਾਗਮ ਅਤੇ ਤਿੰਨ-ਨੁਕਾਤੀ ਪ੍ਰੋਗਰਾਮ ਪ੍ਰਕਾਸ਼ਤ ਹੋਣ ਨੇ ਸਾਜ਼ਿਸ਼ ਸਿਰੇ ਲਾ ਦਿੱਤੀ।

ਕੈਟਾਲੋਨੀਆ 'ਚ ਆਪਣੀ ਹਾਰ ਦੇਖਦਿਆਂ ਅਤੇ ਤਿੰਨ-ਨੁਕਾਤੀ ਪ੍ਰੋਗਰਾਮ ਦੀ ਹਮਾਇਤ 'ਚ, ਕਮਿਊਨਿਸਟ ਪਾਰਟੀ ਨੇ ਓਦੋਂ ਕੈਟਾਲੋਨੀਆ 'ਚ ਇਕ ਐਲਾਨ ਪ੍ਰਕਾਸ਼ਤ ਕਰਕੇ ਸਰਕਾਰ ਦੀ ਕਮਜ਼ੋਰੀ ਦੀ, ਅਤੇ ਉਨ੍ਹਾਂ ਬੁਜ਼ਦਿਲਾਂ ਦੀਆਂ ਸਾਜ਼ਿਸ਼ਾਂ ਅਤੇ ਵਿਸ਼ਵਾਸਘਾਤ ਦੀ ਨਿਖੇਧੀ ਕੀਤੀ ਜੋ ਆਤਮ-ਸਮਰਪਣ ਕਰ ਦੇਣ ਦੇ ਹੱਕ 'ਚ ਸਨ।

ਗੋਡੇ ਟੇਕ ਦੇਣ ਦੇ ਹਾਮੀਆਂ ਨੇ ਕਮਿਊਨਿਸਟਾਂ ਨੂੰ ਜੰਗਬਾਜ਼ ਪਾਰਟੀ ਬਣਾਕੇ ਪੇਸ਼ ਕਰਨ ਲਈ ਇਸ ਦਾ ਇਸਤੇਮਾਲ ਕੀਤਾ। ਕਮਿਊਨਿਸਟਾਂ ਉੱਤੇ ਉਸ ਸ਼ਾਂਤਮਈ ਨਿਬੇੜੇ 'ਚ ਟੰਗ ਅੜਾਉਣ ਲਈ ਰਾਜ-ਪਲਟਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਗਿਆ ਜਿਸ ਬਾਰੇ "ਇਮਾਨਦਾਰ ਅਤੇ ਵਫ਼ਾਦਾਰ ਫ਼ੌਜੀ ਮੁਖੀ ਸੂਝਵਾਨ ਸਿਆਸਤਦਾਨਾਂ" ਨਾਲ ਗੱਲਬਾਤ ਚਲਾ ਰਹੇ ਸਨ। ਇਸ ਭੰਡੀ-ਪ੍ਰਚਾਰ ਦੇ ਸਿੱਟੇ ਵਜੋਂ ਜਨਤਾ 'ਚ ਕਮਿਊਨਿਸਟ ਪਾਰਟੀ ਦਾ ਅਕਸ "ਸਨਮਾਨਯੋਗ ਅਮਨ" ਦੇ ਰਾਹ 'ਚ ਅੜਿੱਕਾ ਡਾਹ ਰਹੀ ਤਾਕਤ ਵਾਲਾ ਬਣਾ ਦਿੱਤਾ ਗਿਆ।

ਹੁਣ ਕਰਨਲ ਕੈਸਾਡੋ ਦਾ ਬੈਂਗਣੀ ਉੱਘੜਣਾ ਸ਼ੁਰੂ ਹੋ ਗਿਆ। ਸਿਆਸੀ ਗੰਦ ਉੱਛਲਕੇ ਬਾਹਰ ਆ ਗਿਆ ਅਤੇ ਘ੍ਰਿਣਤ ਚੂਹੇ ਸਿਆਸੀ ਦ੍ਰਿਸ਼ 'ਤੇ ਪ੍ਰਗਟ ਹੋ ਗਏ। ਕੈਸਾਡੋ ਨੇ ਮੈਡਰਿਡ ਵਿਚਲੇ ਉਨ੍ਹਾਂ ਕਮਿਊਨਿਸਟਾਂ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਹੁਕਮ ਦੇ ਦਿੱਤਾ, ਜਿਨ੍ਹਾਂ ਨੇ ਤਿੰਨ-ਨੁਕਾਤੀ ਪ੍ਰੋਗਰਾਮ ਬਾਰੇ ਪਾਰਟੀ ਦਾ ਐਲਾਨ ਪ੍ਰਕਾਸ਼ਤ ਕੀਤਾ ਸੀ।

ਮੈਂ ਉਸ ਨੂੰ ਫ਼ੋਨ ਕਰਕੇ ਸਪਸ਼ਟੀਕਰਨ ਮੰਗਿਆ। ਉਸ ਨੇ ਮੈਨੂੰ ਦਾਅਵੇ ਨਾਲ ਕਿਹਾ— ਜਦੋਂਕਿ ਉਹ ਗਣਰਾਜ ਦੀ ਪਿੱਠ 'ਚ ਛੁਰਾ ਮਾਰਨ ਦੀ ਤਿਆਰੀ 'ਚ ਜੁਟਿਆ ਹੋਇਆ ਸੀ— ਕਿ ਉਸਨੇ ਇਹ ਇਸ ਲਈ ਕੀਤਾ ਸੀ "ਕਿਉਂਕਿ ਉਹ ਸਾਡੇ ਐਲਾਨਾਂ ਨੂੰ ਭਾਂਜਵਾਦੀ ਸਮਝਦਾ ਸੀ।" ਮੈਂ ਉਸਨੂੰ ਮੂੰਹ-ਤੋੜ ਜਵਾਬ ਦਿੱਤਾ, ਅਤੇ ਉਸ ਨੇ ਗ੍ਰਿਫ਼ਤਾਰੀ ਦਾ ਹੁਕਮ ਮੁਲਤਵੀ ਕਰਨ ਦਾ ਵਾਅਦਾ ਕੀਤਾ।

ਕੁਝ ਦਿਨਾਂ ਬਾਦ, ਮੈਨੂੰ ਜਨਰਲ ਸਟਾਫ਼ ਦੇ ਸਦਰ ਮੁਕਾਮ 'ਚ ਆਉਣ ਦਾ ਕੈਸਾਡੋ ਦਾ ਸੱਦਾ ਮਿਲਿਆ। ਗੁੱਝੀਆਂ ਸਾਜ਼ਿਸ਼ਾਂ ਦੇ ਉਸ ਮਾਹੌਲ 'ਚ ਇਹ ਸੱਦਾ ਬਹੁਤ ਹੀ ਸ਼ੱਕੀ ਜਾਪਦਾ ਸੀ। ਪਾਰਟੀ ਮੈਨੂੰ ਕੈਸਾਡੋ ਦੇ ਦਫ਼ਤਰ ਭੇਜਣ ਤੋਂ ਕਤਰਾਉਂਦੀ ਸੀ, ਪਾਰਟੀ ਸਮਝਦੀ ਸੀ ਕਿ

ਉਹ ਕਿਸੇ ਵੀ ਕਮੀਨਗੀ 'ਤੇ ਉੱਤਰ ਸਕਦਾ ਸੀ। ਫਿਰ ਵੀ, ਤੈਅ ਕੀਤਾ ਗਿਆ ਕਿ ਮੈਂ ਉਸ ਨੂੰ ਮਿਲਣ ਜਾਵਾਂ।

ਦਫ਼ਤਰ ਵਿਚ ਇਕ ਜੰਗ ਲੜ ਰਹੇ ਦੇਸ਼ ਦੀ ਸਰਗਰਮ ਜ਼ਿੰਦਗੀ ਧੜਕਣ ਦੀ ਬਜਾਏ ਸਿਵਿਆਂ ਜਹੀ ਖ਼ਾਮੋਸ਼ੀ ਸੀ। ਕੈਸਾਡੋ ਦਫ਼ਤਰ 'ਚ ਹੀ ਸੀ, ਮਰੀਅਲ, ਪੀਲਾ ਭੂਕ, ਉਲਝਿਆ, ਬੌਂਦਲਿਆ ਹੋਇਆ। ਜਦੋਂ ਉਸਨੇ ਮੇਰੇ ਨਾਲ ਹੱਥ ਮਿਲਾਇਆ ਤਾਂ ਉਸ ਦਾ ਹੱਥ ਠੰਡਾ ਸੀ ਅਤੇ ਉਸਨੇ ਮੈਨੂੰ ਬੈਠਣ ਲਈ ਆਖਿਆ। ਥੋੜ੍ਹੀ ਖ਼ਾਮੋਸ਼ੀ ਤੋਂ ਬਾਦ, ਉਸ ਨੇ ਕਿਹਾ :

'ਮੇਰੇ ਸੱਦੇ ਨਾਲ ਤੁਹਾਨੂੰ ਹੈਰਾਨੀ ਹੋਈ ਹੋਣੀ ਏਂ ?'

"ਹਾਂ, ਜ਼ਰੂਰ ਹੋਈ, ਖ਼ਾਸ ਕਰਕੇ ਕਮਿਊਨਿਸਟਾਂ ਪ੍ਰਤੀ ਤੁਹਾਡੇ ਤਾਜ਼ਾ ਰਵੱਈਏ ਨੂੰ ਦੇਖਦਿਆਂ," ਮੈਂ ਜਵਾਬ ਦਿੱਤਾ।

"ਤੁਸੀਂ ਲੋਕ ਮੇਰੇ ਬਾਰੇ ਗ਼ਲਤ ਸੋਚਦੇ ਹੋ।"

"ਇਹ ਸੰਭਵ ਹੈ, ਪਰ ਸਾਡਾ ਵਿਚਾਰ ਤੱਥਾਂ ਦੇ ਅਧਾਰ 'ਤੇ ਬਣਿਆ ਹੈ।"

"ਮੈਂ ਤੁਹਾਡੇ ਨਾਲ ਉਸ ਤਰੀਕੇ ਨਾਲ ਗੱਲ ਕਰਨ ਲੱਗਿਆਂ ਜਿਵੇਂ ਮੈਂ, ਸ਼ਾਇਦ ਗਣਰਾਜ ਦੇ ਰਾਸ਼ਟਰਪਤੀ ਨੂੰ ਛੱਡਕੇ, ਕਿਸੇ ਨਾਲ ਨਹੀਂ ਕੀਤੀ।"

"ਇਤਬਾਰ ਕਰਨ ਲਈ ਮਿਹਰਬਾਨੀ। ਅਗਾਂਹ ਗੱਲ ਤੋਰੋ, ਮੈਂ ਸੁਣ ਰਹੀ ਹਾਂ।"

ਉਸ ਨੇ ਮੈਨੂੰ ਦੱਸਣਾ ਸ਼ੁਰੂ ਕੀਤਾ ਕਿ ਜੰਗ ਬਾਰੇ ਉਹ ਕੀ ਸੋਚਦਾ ਸੀ। ਉਸ ਦੇ ਵਿਚਾਰ ਅਨੁਸਾਰ, "ਜੰਗ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ, ਗ਼ਲਤੀ ਸੀ। ਗਣਰਾਜ ਫ਼ੌਜ ਤੋਂ ਬਿਨਾਂ ਕਾਇਮ ਕੀਤਾ ਗਿਆ ਸੀ, ਓਦੋਂ ਤੱਕ ਇਸਨੂੰ ਟਾਕਰੇ ਦਾ ਵਿਚਾਰ ਛੱਡ ਦੇਣਾ ਚਾਹੀਦਾ ਸੀ ਅਤੇ ਹਾਲਤ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਸੀ, ਜਦੋਂ ਤੱਕ ਸਿਆਸੀ ਪੈਂਡੂਲਮ ਮੁੜਕੇ ਗਣਰਾਜ ਲਈ ਅਨੁਕੂਲ ਹਾਲਤ ਵੱਲ ਨਹੀਂ ਮੁੜ ਆਉਂਦਾ। ਹੁਣ ਇਕੋ ਇਕ ਹੱਲ ਸੀ, ਮੈਡਰਿਡ ਛੱਡ ਦੇਣਾ—ਕਾਰਟਾਜੇਨਾ ਨੂੰ ਗੜ੍ਹ ਬਣਾਉਣ ਲਈ ਸਾਰੀਆਂ ਹਥਿਆਰਬੰਦ ਤਾਕਤਾਂ ਨੂੰ ਮਜ਼ਦੂਰ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਨਾਲ ਕਾਰਟਾਜੇਨਾ ਭੇਜ ਦੇਣਾ। ਇਹ ਬਹੁਤ ਢੁੱਕਵੇਂ ਥਾਂ 'ਤੇ ਹੈ ਅਤੇ ਉੱਥੇ ਬਹੁਤ ਸਾਰੀਆਂ ਤਾਕਤਾਂ ਹਨ ਜੋ ਭੂਮੱਧ ਸਾਗਰ ਦੀ ਇਸ ਯੁੱਧਨੀਤਕ ਥਾਂ ਉੱਪਰ ਕੰਟਰੋਲ ਕਰਨਾ ਚਾਹੁਣਗੀਆਂ।"

ਪਲ ਕੁ ਮੈਨੂੰ ਖ਼ਿਆਲ ਆਇਆ ਕਿ ਮੈਂ ਉਸੇ ਤਰ੍ਹਾਂ ਦੇ ਇਕ ਸਿਰ ਫਿਰੇ ਵਿਅਕਤੀ ਦੀਆਂ ਐਧਰ-ਉੱਧਰਲੀਆਂ ਸੁਣ ਰਹੀ ਹਾਂ, ਜਿਸ ਤਰ੍ਹਾਂ ਦੇ ਲੋਕ ਅਕਸਰ ਹੀ ਜੰਗ ਖ਼ਤਮ ਕਰਨ ਦੀਆਂ ਕਾਲਪਨਿਕ ਤਜਵੀਜ਼ਾਂ ਦੀਆਂ ਜੁਗਤਾਂ ਲੈ ਕੇ ਮੇਰੇ ਕੋਲ ਲੈ ਕੇ ਆਉਂਦੇ ਰਹਿੰਦੇ ਸਨ।

ਮੈਂ ਉਸ ਦੀ ਗੱਲ ਮੁੱਕ ਲੈਣ ਦਿੱਤੀ ਅਤੇ ਫਿਰ ਕਿਹਾ :

"ਮੈਂ ਨਹੀਂ ਸੋਚਦੀ ਕਿ ਤੁਸੀਂ ਜੋ ਮੈਨੂੰ ਹੁਣੇ ਦੱਸ ਕੇ ਹਟੇ ਹੋ ਇਸ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਕੀਤੀ ਹੈ, ਕਿਉਂਕਿ ਤਿੰਨ ਸਾਲ ਦੀ ਜੰਗ ਦਰਸਾਉਂਦੀ ਹੈ ਕਿ ਟਾਕਰੇ ਦੇ ਬਾਰੇ ਵਿਚ ਤੁਹਾਡੇ ਵਿਚਾਰ ਗ਼ਲਤ ਹਨ। ਜੇ ਅਸੀਂ ਹਾਲਤ ਦਾ ਵਿਸ਼ਲੇਸ਼ਣ ਸੌੜੇ, ਕਿਤਾਬੀ ਨਜ਼ਰੀਏ, ਫ਼ੌਜੀ ਨਜ਼ਰੀਏ ਤੋਂ ਕਰਦੇ ਹਾਂ ਤਾਂ ਤੁਹਾਡੇ ਵੱਲੋਂ ਕੱਢੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ। ਪਰ, ਮੂਲ ਕਾਰਕ ਨੂੰ ਤੁਸੀਂ ਧਿਆਨ 'ਚ ਨਹੀਂ ਰੱਖਿਆ—ਉਹ ਹੈ ਲੋਕ। ਲੋਕਾਂ ਨੂੰ ਫਾਸ਼ੀਵਾਦ ਮੂਹਰੇ ਗੋਡੇ ਟੇਕ ਦੇਣਾ ਹਰਗਿਜ਼ ਮਨਜ਼ੂਰ ਨਹੀਂ ਸੀ; ਉਨ੍ਹਾਂ ਨੇ ਮਿਲੀਸ਼ੀਆ ਜਥੇਬੰਦ ਕੀਤੀਆਂ। ਲੋਕਾਂ ਨੇ ਮੈਡਰਿਡ ਨੂੰ ਕਬ 'ਚ ਲੈਣ ਦੀਆਂ ਦੁਸ਼ਮਣ ਦੀਆਂ ਵਹਿਸ਼ੀ ਕੋਸ਼ਿਸ਼ਾਂ ਦਾ ਟਾਕਰਾ ਕੀਤਾ; ਉਨ੍ਹਾਂ ਨੇ ਮੈਡਰਿਡ ਦੀ ਰਾਖੀ ਕੀਤੀ। ਉਨ੍ਹਾਂ ਨੇ ਬਗ਼ਾਵਤ ਦੇ ਪਹਿਲੇ ਦਿਨਾਂ ਦੌਰਾਨ ਬਾਰਸੀਲੋਨਾ,

ਬਾਸਕ ਦੇਸ਼, ਅਸਟੂਰੀਅਸ, ਵੇਲੈਂਸੀਆ, ਮੈਡਰਿਡ ਅਤੇ ਮੁੱਖ ਸ਼ਹਿਰਾਂ ਅਤੇ ਅਹਿਮ ਕੇਂਦਰਾਂ 'ਚ ਬਾਗ਼ੀਆਂ ਨੂੰ ਹਰਾਇਆ। ਅਤੇ ਉਹ ਹੁਣ ਤੱਕ ਟਾਕਰਾ ਕਰਦੇ ਰਹੇ ਹਨ। ਅਤੇ ਜੇ ਜੰਗ ਲੜਨ 'ਚ ਗ਼ਲਤੀਆਂ ਹੋਈਆਂ ਤਾਂ ਇਹ ਲੋਕਾਂ ਦਾ ਨਹੀਂ ਸਗੋਂ ਉਨ੍ਹਾਂ ਦਾ ਕਸੂਰ ਸੀ ਜਿਨ੍ਹਾਂ ਨੇ ਲੋਕਾਂ ਦੀ ਤਾਕਤ ਨੂੰ ਘਟਾਕੇ ਦੇਖਿਆ, ਅਤੇ ਫ਼ੌਜੀ ਪੱਖ ਤੋਂ ਅਤੇ ਟਾਕਰੇ ਦੇ ਹੋਰ ਪੱਖਾਂ ਤੋਂ ਉਨ੍ਹਾਂ ਦੀ ਮਦਦ ਕਰਨ 'ਚ ਅਸਫ਼ਲ ਰਹੇ। ਇਹ ਉਨ੍ਹਾਂ ਦਾ ਨੁਕਸ ਹੈ ਜਿਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਗਣਰਾਜ ਦੀਆਂ ਜਿੱਤਾਂ ਦਾ ਕੀ ਕਰਨ ਅਤੇ ਦੁਸ਼ਮਣ ਦੇ ਮੁਹਾਜ਼ਾਂ ਨੂੰ ਖੇਰੂੰ-ਖੇਰੂੰ ਕਰਨ ਲਈ ਇਨ੍ਹਾਂ ਜਿੱਤਾਂ ਦੀ ਵਰਤੋਂ ਕਿਵੇਂ ਕਰਨ।

"ਨਹੀਂ ਜਨਾਬ ਕੈਸਾਡੋ, ਤੁਸੀਂ ਗ਼ਲਤ ਹੋ। ਜਿੱਥੋਂ ਤੱਕ ਮੈਡਰਿਡ ਨੂੰ ਛੱਡਣ ਅਤੇ ਕਾਰਟਾਜਨਾ ਚਲੇ ਜਾਣ ਦਾ ਸਵਾਲ ਹੈ, ਜੇ ਪਹਿਲੀ ਕਾਰਵਾਈ ਬੇਵਕੂਫ਼ੀ ਹੈ, ਤਾਂ ਦੂਜੀ ਮੂੜ੍ਹ-ਮੱਤ ਵਾਲੀ ਹੈ। ਪਾਣੀ ਤੋਂ ਵਾਂਝੇ (ਹਾਲਾਂਕਿ ਇਹ ਬੰਦਰਗਾਹ ਹੈ) ਇਕ ਸ਼ਹਿਰ 'ਚ ਟਾਕਰਾ ਕਿਵੇਂ ਜਾਰੀ ਰਹਿ ਸਕਦਾ ਹੈ, ਜਿਸ ਨੂੰ ਜ਼ਮੀਨ, ਸਮੁੰਦਰ ਅਤੇ ਅਕਾਸ਼ ਵੱਲੋਂ ਦੁਸ਼ਮਣ ਨੇ ਪੂਰੀ ਤਰ੍ਹਾਂ ਘੇਰਿਆ ਹੋਵੇ, ਅਤੇ ਜਿੱਥੇ ਸਮਾਨ ਦੀ ਸਪਲਾਈ ਦੀ ਕੋਈ ਸੰਭਾਵਨਾ ਨਾ ਹੋਵੇ? ਇਨ੍ਹਾਂ ਹਾਲਤਾਂ 'ਚ ਕਿਹੜਾ ਦੇਸ਼ ਯੁੱਧਨੀਤਕ ਅੱਡਾ ਹਾਸਲ ਕਰਨ ਲਈ ਗੱਲਬਾਤ ਚਲਾ ਸਕੇਗਾ ਅਤੇ ਇਕ ਬਿਦੇਸ਼ੀ ਤਾਕਤ ਨੂੰ ਸਪੇਨੀ ਅਧਾਰ ਦੀ ਪੇਸ਼ਕਸ਼ ਕਰਨ ਲਈ ਕਿਹੜਾ ਸਪੇਨ ਵਾਸੀ ਐਨਾ ਲਿਫ ਜਾਵੇਗਾ? ਮੈਂ ਫ਼ੌਜੀ ਮਾਮਲਿਆਂ ਬਾਰੇ ਕੁਝ ਨਹੀਂ ਜਾਣਦੀ, ਪਰ ਮੈਨੂੰ ਐਨੀ ਕੁ ਆਮ ਸੂਝ ਜ਼ਰੂਰ ਹੈ ਕਿ ਤੁਹਾਡੀ ਤਜਵੀਜ਼ ਸਮੂਹਕ ਖ਼ੁਦਕੁਸ਼ੀ ਦੇ ਬਰਾਬਰ ਹੈ।"

"ਤਾਂ ਤੁਸੀਂ ਮੇਰੇ ਖ਼ਿਆਲਾਂ ਨਾਲ, ਟਾਕਰਾ ਛੱਡ ਦੇਣ ਦੇ ਮੇਰੇ ਨੇਕ ਇਰਾਦਿਆਂ ਨਾਲ ਸਹਿਮਤ ਨਹੀਂ ਹੋ ਜਿਸ ਨੂੰ ਜਾਰੀ ਰੱਖਣਾ ਅਸੰਭਵ ਬਣਦਾ ਜਾ ਰਿਹਾ ਹੈ?" ਕੈਸਾਡੋ ਨੇ ਪੁੱਛਿਆ।

"ਹਾਂ, ਮੈਂ ਇਨ੍ਹਾਂ ਨਾਲ ਸਹਿਮਤ ਨਹੀਂ ਹਾਂ, ਅਤੇ ਆਪਣੀ ਪੂਰੀ ਸੂਝ ਵਰਤਣ ਵਾਲਾ ਕੋਈ ਵੀ ਜਣਾ ਇੰਜ ਹੀ ਕਰੇਗਾ।"

ਕੈਸਾਡੋ ਖਾਣੇ ਦੀ ਥੁੜ੍ਹ ਦੇ ਮਾਮਲੇ ਵੱਲ ਮੁੜ ਪਿਆ। ਮੈਂ ਔਰਤਾਂ ਦੀ ਸਹਾਇਤਾ ਜਥੇਬੰਦੀ ਵੱਲੋਂ ਮਿਲਿਆ ਸਮਾਨ ਦੇ ਦੇਣ ਦੀ ਉਹੀ ਪੇਸ਼ਕਸ਼ ਦੁਹਰਾਈ ਜੋ ਮੈਂ ਕੁਝ ਹਫ਼ਤੇ ਪਹਿਲਾਂ ਉਸ ਨੂੰ ਕੀਤੀ ਸੀ। ਰੱਖਿਆ ਮੰਤਰਾਲਾ ਕਿੰਨਾ ਮੁਥਾਜ ਸੀ!

ਜਦੋਂ ਅਸੀਂ ਵੱਖ-ਵੱਖ ਹੋਣ ਲੱਗੇ, ਉਸ ਨੇ ਕਿਹਾ: "ਇਹ ਸਾਬਤ ਹੋ ਕੇ ਰਹਿਣਾ ਹੈ ਕਿ ਮੈਂ ਕਮਿਊਨਿਸਟ ਵਿਰੋਧੀ ਨਹੀਂ ਹਾਂ, ਨਾ ਹੀ ਕਿਸੇ ਕਮੇਟੀ ਦਾ ਹੱਥ-ਠੋਕਾ ਹਾਂ।"

"ਅਸੀਂ ਕਿਵੇਂ ਵੀ ਤੁਹਾਡੇ ਖ਼ਿਲਾਫ਼ ਨਹੀਂ ਹਾਂ। ਤੁਸੀਂ ਗਣਰਾਜ ਦੀ ਰਾਖੀ ਨਾਲ ਸੰਬੰਧਤ ਹਰ ਤਰ੍ਹਾਂ ਦੀ ਮਦਦ ਲਈ ਸਾਡੇ 'ਤੇ ਉਵੇਂ ਹੀ ਭਰੋਸਾ ਕਰ ਸਕਦੇ ਹੋ ਜਿਵੇਂ ਹਮੇਸ਼ਾ ਕਰਦੇ ਰਹੇ ਹੋ। ਪਰ ਜੇ ਤੁਸੀਂ ਹੋਰ ਰਾਹ ਫੜਦੇ ਹੋ, ਤਾਂ ਇਹ ਆਸ ਨਾ ਰੱਖਿਓ ਕਿ ਅਸੀਂ ਤੁਹਾਡੇ ਨਾਲ ਤੁਰਾਂਗੇ।"

ਕੈਸਾਡੋ ਦੇ ਦਫ਼ਤਰ ਤੋਂ ਤੁਰਨ ਸਮੇਂ, ਮੈਂ ਦੇਖਿਆ ਇੰਤਜ਼ਾਰ-ਕਮਰੇ 'ਚ ਸੀ.ਐੱਨ.ਟੀ. ਰੱਖਿਆ ਕਮੇਟੀ ਬੈਠੀ ਸੀ, ਇਨ੍ਹਾਂ 'ਚ ਉਹ ਸ਼ਖਸ ਵੀ ਸਨ ਜਿਨ੍ਹਾਂ ਨੇ ਕੈਸਾਡੋ ਨਾਲ ਮਿਲਕੇ ਗੋਡੇ-ਟੇਕੂ ਗੁੱਟ ਬਣਾਇਆ ਹੋਇਆ ਸੀ।

ਮੈਂ ਪਾਰਟੀ ਦੇ ਸਦਰ ਮੁਕਾਮ ਮੁੜ ਆਈ, ਜਿੱਥੇ ਹਰ ਕੋਈ ਬੇਚੈਨੀ ਨਾਲ ਮੈਨੂੰ ਉਡੀਕ ਰਿਹਾ ਸੀ, ਅਤੇ ਉਨ੍ਹਾਂ ਨੂੰ ਹੋਈ ਗੱਲਬਾਤ ਦੱਸੀ। ਫਿਰ ਵੀ ਅਸੀਂ ਇਸ ਨਤੀਜੇ 'ਤੇ ਨਹੀਂ ਪਹੁੰਚੇ

ਕਿ ਕੈਸਾਡੋ ਵਿਸ਼ਵਾਸਘਾਤ ਦੀ ਸਾਜ਼ਿਸ਼ ਘੜ ਰਿਹਾ ਸੀ—ਇਹ ਬੰਦਿਆਂ ਦੇ ਕਿਰਦਾਰ ਨੂੰ ਸਮਝਣ 'ਚ ਸਾਡੇ ਸਿਧਰੇਪਣ ਦੀ ਵੱਡੀ ਮਿਸਾਲ ਹੈ।

ਗਣਰਾਜ ਦਰਦਨਾਕ ਸਮੇਂ 'ਚੋਂ ਲੰਘ ਰਿਹਾ ਸੀ। ਟਾਕਰਾ ਜਾਰੀ ਰੱਖਣ ਲਈ ਲੋੜੀਂਦੇ ਸਾਜ਼ੋ-ਸਮਾਨ ਦੀ ਘਾਟ ਕਰਕੇ ਗਣਰਾਜ ਦੀ ਫ਼ੌਜ ਕੈਟਾਲੋਨੀਆ 'ਚ ਪਿੱਛੇ ਹਟ ਰਹੀ ਸੀ। ਸੈਂਕੜੇ ਹਜ਼ਾਰ ਕਿਸਾਨ ਅਤੇ ਉਨ੍ਹਾਂ ਦੇ ਟੱਬਰ-ਟੀਰ੍ਹ, ਆਪਣੇ ਥੋੜ੍ਹੇ ਜਹੇ ਡੰਗਰ ਅਤੇ ਨਿੱਕਸੁੱਕ ਚੁੱਕੀ, ਟੁੱਟੇ ਦਿਲਾਂ ਨਾਲ ਫਰਾਂਸ ਦੇ ਰਾਹ ਪਏ ਹੋਏ ਸਨ। ਪਿੱਛੇ ਪਿੱਛੇ ਫ਼ੌਜ ਜਾ ਰਹੀ ਸੀ।

ਕੈਟਾਲੋਨੀਆ 'ਚ ਸਾਡਾ ਟਾਕਰਾ ਖੇਰੂੰ-ਖੇਰੂੰ ਹੋ ਗਿਆ ਸੀ। ਸਾਡੇ ਯੋਧੇ ਕੋਈ ਚਮਤਕਾਰੀ ਤਾਂ ਹੈ ਨਹੀਂ ਸਨ। ਉਨ੍ਹਾਂ ਦੇ ਮੂਹਰੇ ਵਧੀਆ ਲੈਸ ਫ਼ੌਜੀ ਦਸਤੇ ਖੜ੍ਹੇ ਸਨ ਅਤੇ ਪਿੱਛੇ ਫਰਾਂਸ ਦੀ ਸਰਹੱਦ ਸੀ। ਸਾਡੇ ਯੋਧੇ, ਰਾਸ਼ਟਰਪਤੀ ਅਜ਼ਾਨਾ, ਕੇਂਦਰੀ ਸਰਕਾਰ ਦੇ ਮੈਂਬਰਾਂ ਅਤੇ ਸਰਕਾਰ ਦੇ ਪਿੱਛੇ ਹਟਣ ਸਮੇਂ ਉਨ੍ਹਾਂ ਦੀ ਸੁਰੱਖਿਆ ਕਰਨ ਲਈ ਲੜਾਈ 'ਤੇ ਡਟੇ ਰਹੇ। ਫਿਰ ਉਨ੍ਹਾਂ ਦੀ ਆਪਣੀ ਵਾਰੀ ਆਈ। ਇਨ੍ਹਾਂ ਗ਼ਮਗੀਨ, ਹਾਰੇ ਹੋਏ ਯੋਧਿਆਂ, ਪਰ ਜਿਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਿਆ, ਨੇ ਫਰਾਂਸੀਸੀ ਪੁਲਿਸ ਦੀਆਂ ਘੂਰਦੀਆਂ ਨਜ਼ਰਾਂ ਹੇਠ ਸਰਹੱਦ ਪਾਰ ਕੀਤੀ। ਬਾਦ 'ਚ ਇਨ੍ਹਾਂ ਨੂੰ ਅਰਗੈਲਿਸ, ਕੋਲੀਯੁਰ ਅਤੇ ਸੈਂਟ ਸਿਪਰੇਨ ਦੇ ਵਿਸ਼ੇਸ਼ ਤਸੀਹਾ ਕੇਂਦਰਾਂ 'ਚ ਲਿਜਾਇਆ ਗਿਆ।

ਮੇਰਾ ਪੁੱਤਰ ਰੂਬਿਨ ਇਨ੍ਹਾਂ 'ਚ ਸੀ। ਉਸਨੇ ਪਹੁਲ ਕੈਟਾਲੋਨੀਆ ਦੀ ਲੜਾਈ 'ਚ ਛਕਿਆ ਸੀ। ਐਬਰੋ ਦੀ ਫ਼ੌਜ ਦੀ ਸੰਚਾਰ ਬਟਾਲੀਅਨ ਦਾ ਮੈਂਬਰ ਰੂਬਿਨ, ਫ਼ੌਜੀਆਂ ਦੀ ਉਸ ਟੋਲੀ 'ਚ ਸ਼ਾਮਲ ਸੀ ਜੋ ਪਿੱਛੇ ਹਟਣ ਸਮੇਂ ਫ਼ੌਜੀ ਦਸਤਿਆਂ ਦੇ ਮੁੱਖ ਹਿੱਸੇ ਤੋਂ ਵੱਖ ਹੋ ਗਏ ਸਨ। ਉਹ ਬਲ਼ਦੀ ਦੇ ਬੁੱਥੇ 'ਚੋਂ ਆਪਣੀਆਂ ਜਾਨਾਂ ਬਚਾਉਣ 'ਚ ਕਾਮਯਾਬ ਹੋ ਗਏ। ਸਪੇਨ ਦੀ ਜੰਗ ਦੇ ਤਜ਼ਰਬੇ ਤੋਂ, ਜਿੱਥੇ ਉਸ ਨੂੰ ਸੂਰਬੀਰ ਕਮਾਂਡਰਾਂ, ਲਿਸਟਰ ਅਤੇ ਮੌਡੈਸਟੋ ਨਾਲ ਰਹਿਕੇ ਲੜਨ ਦਾ ਮੌਕਾ ਮਿਲਿਆ, ਅਤੇ ਅਰਗੈਲੀਸ ਦੇ ਤਸੀਹਾ ਕੇਂਦਰਾਂ 'ਚ ਉਸ ਨੇ ਉਨ੍ਹਾਂ ਤੋਂ ਇਹ ਸਿੱਖਿਆ ਕਿ ਲੜਨਾ ਤੇ ਮਰਨਾ ਕਿਵੇਂ ਹੈ ਅਤੇ ਬਾਦ 'ਚ ਉਹ ਸਟਾਲਿਨਗਰਾਡ ਦੀ ਰਾਖੀ ਲਈ ਲੜਾਈ 'ਚ ਸੂਰਮਿਆਂ ਦੀ ਮੌਤ ਮਰਿਆ।

ਬਾਰਸੀਲੋਨਾ ਦੀ ਹਾਰ ਤੋਂ ਪਹਿਲਾਂ ਹੀ, ਪਾਰਟੀ ਸਾਡੇ ਕੇਂਦਰੀ-ਦੱਖਣੀ ਖੇਤਰ ਦੀ ਹਾਲਤ ਬਾਰੇ, ਨਾਲ ਹੀ ਮਜ਼ਦੂਰ ਜਮਾਤ, ਲੋਕ ਮੁਹਾਜ਼ ਅਤੇ ਆਮ ਤੌਰ 'ਤੇ ਫ਼ੌਜੀ ਹਾਲਤ ਬਾਰੇ ਬਹੁਤ ਫ਼ਿਕਰਮੰਦ ਸੀ। ਫਿਰ ਵੀ, ਸਾਡੇ ਪਾਰਟੀ ਆਗੂ ਉਨ੍ਹਾਂ ਤਬਦੀਲੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਨਹੀਂ ਸਨ ਜੋ ਮੈਡਰਿਡ 'ਚ ਹੋ ਚੁੱਕੀਆਂ ਸਨ, ਜੋ ਸਾਡੇ ਪੱਖ 'ਚ ਨਹੀਂ ਸਨ।

ਪਾਰਟੀ ਨੇ ਨੈਗਰਿਨ ਨੂੰ ਆਪਣੀ ਚਿੰਤਾ ਦੱਸੀ ਅਤੇ ਫ਼ੌਜੀ ਕਮਾਨਾਂ 'ਚ ਤਬਦੀਲੀਆਂ ਕਰਨ, ਜਰਨੈਲ ਮਿਆਜ਼ਾ ਦੀ ਥਾਂ ਵੱਧ ਗਤੀਸ਼ੀਲ ਮੁਖੀ ਲਾਉਣ ਅਤੇ ਕਰਨਲ ਕੈਸਾਡੋ ਨੂੰ ਅਹੁਦੇ ਤੋਂ ਹਟਾਉਣ ਦੀ ਸਲਾਹ ਦਿੱਤੀ, ਜਿਸ ਦੀ ਵਫ਼ਾਦਾਰੀ ਸ਼ੱਕੀ ਸੀ। ਨੈਗਰਿਨ ਨੇ ਇਸ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ, ਉਸਨੇ ਦਲੀਲ ਦਿੱਤੀ ਕਿ ਇਹ ਸਲਾਹਾਂ ਗ਼ਲਤ ਹਨ ਜੋ ਟਾਕਰੇ ਨੂੰ ਖੇਰੂੰ-ਖੇਰੂੰ ਕਰ ਦੇਣਗੀਆਂ।

ਕੈਟਾਲੋਨੀਆ ਦੀ ਹਾਰ ਤੋਂ ਪਹਿਲਾਂ, ਪਾਰਟੀ ਨੇ ਨੈਗਰਿਨ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਵੱਧ ਤੋਂ ਵੱਧ ਸੰਭਵ ਜੰਗੀ ਸਾਜ਼ੋ-ਸਮਾਨ ਨੂੰ ਕੇਂਦਰੀ-ਦੱਖਣੀ ਖੇਤਰ 'ਚ ਭੇਜ ਦਿੱਤਾ ਜਾਵੇ। ਨੈਗਰਿਨ ਸਹਿਮਤ ਹੋ ਗਿਆ ਸੀ, ਪਰ ਇਸ ਸੰਬੰਧ 'ਚ ਕੀਤਾ ਕੁਝ ਵੀ ਨਹੀਂ ਗਿਆ। ਇਹ ਸਾਜ਼ੋ-ਸਮਾਨ ਜੋ ਨੈਗਰਿਨ ਕੇਂਦਰੀ-ਦੱਖਣੀ ਖੇਤਰ 'ਚ ਭਿਜਵਾ ਦੇਣ 'ਚ ਅਸਫ਼ਲ ਰਿਹਾ, ਜਾਂ

ਤਾਂ ਦੁਸ਼ਮਣ ਦੇ ਹੱਥ ਲੱਗ ਗਿਆ ਜਾਂ ਫਰਾਂਸ ਲਿਜਾਇਆ ਗਿਆ, ਇਸ ਨਾਲ ਇਸ ਖੇਤਰ 'ਚ ਸਾਡੇ ਫ਼ੌਜੀ ਦਸਤਿਆਂ ਦੀ ਲੜਾਕੂ ਸਮਰੱਥਾ ਅਤੇ ਮਨੋ-ਬਲ ਨੂੰ ਢਾਹ ਲੱਗੀ।

ਇਸ ਸਾਰੇ ਸਮੇਂ ਦੌਰਾਨ, ਪਾਰਟੀ ਕੇਂਦਰੀ-ਦੱਖਣੀ ਖੇਤਰ ਦੀ ਫ਼ੌਜ ਨੂੰ ਦੁਸ਼ਮਣ ਦੇ ਹਮਲੇ ਲਈ ਤਿਆਰ ਕਰਦੀ ਰਹੀ ਸੀ। ਜਿਉਂ ਹੀ ਕੈਟਾਲੋਨੀਆ ਦੀ ਹਾਰ ਹੋਈ, ਇੱਧਰ ਹਮਲਾ ਹੋ ਜਾਣਾ ਸੀ। ਕੈਟਾਲੋਨੀਆ ਦੀ ਹਾਰ ਹੋ ਜਾਣ 'ਤੇ, ਪਾਰਟੀ ਨੇ ਸਰਕਾਰ ਦੇ ਮੈਡਰਿਡ ਆਉਣ ਤੋਂ ਪਹਿਲਾਂ, ਕਈ ਸੂਬਾਈ ਕਾਨਫਰੰਸਾਂ ਕੀਤੀਆਂ ਜਿੱਥੇ ਅਸੀਂ ਟਾਕਰੇ ਲਈ ਕੁਮਕ ਭੇਜਣ ਦੇ ਉਦੇਸ਼ ਨਾਲ, ਹੋਰ ਭਰਤੀ ਕਰਨ ਅਤੇ ਫ਼ੌਜ ਦੀ ਤਿਆਰੀ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ।

ਫਿਰ ਵੀ, ਸਰਕਾਰ, ਫ਼ੌਜੀ ਕਮਾਨਾਂ ਅਤੇ ਕਾਮੀਸਾਰਾਂ ਦੇ ਵਿਰੋਧ ਕਾਰਣ ਇਹ ਸੌਖਾ ਕੰਮ ਨਹੀਂ ਸੀ, ਜਿਨ੍ਹਾਂ ਅੰਦਰ ਗੋਡੇ ਟੇਕਣ ਦਾ ਖ਼ਿਆਲ ਘਰ ਕਰ ਗਿਆ ਸੀ। ਸਾਡੇ ਸਾਥੀ ਟਾਕਰੇ ਦੀ ਨੀਤੀ ਦੀ ਹਮਾਇਤ ਕਰਦੇ ਰਹੇ, ਇਸ ਆਸ ਨਾਲ ਕਿ ਸਰਕਾਰ ਮੈਡਰਿਡ 'ਚ ਆ ਜਾਣ ਨਾਲ ਹਾਲਤ ਸੁਧਰ ਜਾਵੇਗੀ।

19 ਜਨਵਰੀ 1939 ਨੂੰ ਨੈਗਰਿਨ ਨੇ ਸਪੇਨ ਅੰਦਰ ਜੰਗ ਦੀ ਹਾਲਤ ਐਲਾਨ ਦਿੱਤੀ—ਜਿਵੇਂ ਕਿਤੇ ਤਿੰਨ ਸਾਲਾਂ ਤੋਂ ਦੇਸ਼ 'ਚ ਪਹਿਲਾਂ ਕੋਈ ਜੰਗ ਹੀ ਨਾ ਹੋ ਰਹੀ ਹੋਵੇ—ਇਸ ਕਾਰਵਾਈ ਨੇ ਟਾਕਰਾ ਜਾਰੀ ਰੱਖਣਾ ਹੋਰ ਵੀ ਮੁਸ਼ਕਲ ਬਣਾ ਦਿੱਤਾ। ਬੇਸ਼ੱਕ ਇਹ ਉਸ ਵਕਤ ਸਮੁੱਚੀ ਜ਼ਿੰਮੇਵਾਰੀ ਫ਼ੌਜ ਦੇ ਮੋਢਿਆਂ 'ਤੇ ਸੁੱਟਣ ਦਾ ਨੈਗਰਿਨ ਦਾ ਪੈਂਤੜਾ ਸੀ ਜਦੋਂ ਟਾਕਰਾ ਮਰਨ ਕਿਨਾਰੇ ਸੀ। ਫ਼ੌਜ ਨੇ ਨਵੇਂ ਹਾਲਾਤ 'ਚ ਕੰਮ ਕਰਨ ਤੋਂ ਕੋਈ ਝਿਜਕ ਨਾ ਦਿਖਾਈ ਅਤੇ ਹੁਣ ਤੱਕ ਇਸ ਕੋਲ ਜੋ ਤਾਕਤਾਂ ਸਨ ਉਹ ਖੁਸ਼ੀ-ਖੁਸ਼ੀ ਸਾਂਭ ਲਈਆਂ। ਜੰਗ ਦੇ ਐਲਾਨ ਦੀ ਵਰਤੋਂ ਤੁਰੰਤ ਸਰਕਾਰ, ਟਾਕਰੇ ਅਤੇ ਕਮਿਊਨਿਸਟਾਂ ਵਿਰੁੱਧ ਹੋਣ ਲੱਗ ਗਈ।

ਕਿਉਂਕਿ ਸਾਨੂੰ ਨੈਗਰਿਨ ਦੀ ਸੰਜੀਦਗੀ 'ਤੇ ਭਰੋਸਾ ਸੀ, ਅਸੀਂ ਮੌਜੂਦਾ ਹਾਲਾਤ 'ਚ ਉਸ ਦੇ ਫ਼ੁਰਮਾਨ ਨੂੰ ਸਹਿਮਤੀ ਦੇ ਕੇ ਗੰਭੀਰ ਗ਼ਲਤੀ ਕੀਤੀ। ਅਸਲ ਵਿਚ ਜੰਗ ਦੀ ਹਾਲਤ ਐਲਾਨਣ ਦਾ ਅਰਥ ਸੀ ਫ਼ੌਜ ਨੂੰ ਤਾਕਤ ਸੌਂਪ ਦੇਣਾ, ਜੋ ਪਹਿਲਾਂ ਹੀ ਆਤਮ-ਸਮਰਪਣ ਕਰਨਾ ਚਾਹੁੰਦੀ ਸੀ; ਇਸ ਦਾ ਅਰਥ ਸੀ ਦੁਸ਼ਮਣ ਦੇ ਹੱਥ ਤਾਕਤ ਦੇਣਾ, ਜਿਸ ਨੇ ਸਰਕਾਰ ਵੱਲੋਂ ਬਖਸ਼ੀ ਤਾਕਤ ਨੂੰ ਆਪਣੀ ਭਾਂਜਵਾਦੀ ਮੁਹਿੰਮ ਨੂੰ ਤੇਜ਼ ਕਰਨ ਅਤੇ ਪਾਰਟੀ ਦਾ ਮੂੰਹ ਬੰਦ ਕਰਨ ਲਈ ਵਰਤਿਆ। ਕਮਿਊਨਿਸਟ ਪਾਰਟੀ ਦੀਆਂ ਪ੍ਰਕਾਸ਼ਨਾਵਾਂ ਨੂੰ ਸੈਂਸਰ ਕਰਨ ਦਾ ਜ਼ਿੰਮਾ ਦੇਸ਼ ਦੇ ਸਭ ਤੋਂ ਹਲਕਾਏ ਕਮਿਊਨਿਸਟ ਵਿਰੋਧੀਆਂ ਨੂੰ ਦੇ ਦਿੱਤਾ ਗਿਆ। ਉਹ ਸਾਨੂੰ ਮੀਟਿੰਗਾਂ ਕਰਨ ਤੋਂ ਰੋਕਣ ਲੱਗੇ ਅਤੇ ਸਾਨੂੰ ਹਦਾਇਤਾਂ ਦੇਣ ਲੱਗੇ ਕਿ ਮੀਟਿੰਗਾਂ 'ਚ ਅਸੀਂ ਕਾਹਦੇ ਬਾਰੇ ਵਿਚਾਰ-ਚਰਚਾ ਕਰਨੀ ਹੈ—"ਸਿਰਫ਼ ਆਰਥਕ ਮਾਮਲਿਆਂ ਬਾਰੇ ਵਿਚਾਰ-ਚਰਚਾ ਕਰੋ, ਹੋਰ ਕਿਸੇ ਚਰਚਾ ਦੀ ਇਜਾਜ਼ਤ ਨਹੀਂ ਹੈ।"

ਪਾਰਟੀ ਨੇ ਮੈਡਰਿਡ ਕੌਮੀ ਕਨਵੈਨਸ਼ਨ ਦੀ ਤਿਆਰੀ ਵਜੋਂ 8 ਤੋਂ 11 ਫਰਵਰੀ ਨੂੰ ਸੂਬਾਈ ਕਾਂਗਰਸ ਬੁਲਾ ਲਈ। ਕਿਉਂਕਿ ਹੁਣ ਅਸੀਂ ਪੰਜਵੀਂ ਪਾਰਟੀ ਕਾਂਗਰਸ ਦੀ ਥਾਂ ਇਕ ਕਨਵੈਨਸ਼ਨ ਕਰਨ ਦੀ ਯੋਜਨਾ ਬਣਾ ਰਹੇ ਸੀ। ਸੂਬਾ ਕਾਂਗਰਸ ਨੇ ਉਸ ਵਕਤ ਮੈਡਰਿਡ 'ਚ ਸਾਡੇ ਕੰਮ ਦੀ ਕਮਜ਼ੋਰੀ ਸਾਹਮਣੇ ਲਿਆਂਦੀ ਜਦੋਂ ਸਮਾਜਵਾਦੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ ਅਤੇ ਉਹ ਸਾਡੇ ਉਸ ਅਸਰ-ਰਸੂਖ਼ ਨੂੰ ਖ਼ੋਰਾ ਲਾ ਰਹੇ ਸਨ ਜੋ ਅਸੀਂ ਐਨੀ ਵੱਡੀ ਘਾਲਣਾ ਅਤੇ ਕੁਰਬਾਨੀ ਦੀ ਕੀਮਤ ਦੇ ਕੇ ਬਣਾਇਆ ਸੀ। ਹਰੇਕ ਬੁਲਾਰੇ ਨੇ ਆਤਮ-

ਸਮਰਪਣ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਅਤੇ ਕਮਿਊਨਿਸਟਾਂ ਅਤੇ ਸਾਰੇ ਲੋਕਾਂ ਨੂੰ ਨੈਗਰਿਨ ਸਰਕਾਰ ਦੀ ਹਮਾਇਤ ਕਰਨ ਦੀ ਅਪੀਲ ਕੀਤੀ।

ਜੇ ਇਮਾਨਦਾਰੀ ਦੇ ਦਰਜੇ ਹਨ, ਤਾਂ ਅਸੀਂ ਬਹੁਤ ਜ਼ਿਆਦਾ ਇਮਾਨਦਾਰ ਬਣੇ ਹੋਏ ਸੀ। ਅੰਦਰੋ-ਅੰਦਰੀ ਨੈਗਰਿਨ ਐਸੀ ਆਫ਼ਤ ਦੀ ਆਸ ਲਾਈ ਬੈਠਾ ਸੀ ਜੋ ਉਸ ਨੂੰ ਰਾਜ ਦੀਆਂ ਤਮਾਮ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਕਰ ਦੇਵੇਗੀ। ਉਸ ਦੇ ਵਤੀਰੇ ਤੋਂ ਇਹ ਸਾਫ਼ ਝਲਕਦਾ ਸੀ। ਭਾਵੇਂ ਨੈਗਰਿਨ 'ਤੇ ਅਕਸਰ ਹੀ ਇਹ ਦੋਸ਼ ਲੱਗਦਾ ਰਿਹਾ ਹੈ ਕਿ ਉਹ ਕਮਿਊਨਿਸਟਾਂ ਦਾ ਹੱਥ-ਠੋਕਾ ਸੀ, ਹਕੀਕਤ ਇਹ ਸੀ ਕਿ ਉਸਨੇ ਸਾਨੂੰ ਬਲੀ ਦੇ ਬੱਕਰੇ ਬਣਾਇਆ ਹੋਇਆ ਸੀ—ਵਜ੍ਹਾ ਇਹ ਸੀ ਕਿ ਅਸੀਂ ਆਪਣੇ ਫ਼ਰਜ਼ਾਂ ਪ੍ਰਤੀ ਅੰਨ੍ਹੇ ਵਫ਼ਾਦਾਰ ਬਣੇ ਹੋਏ ਸੀ ਅਤੇ ਅਸੀਂ ਟਾਕਰੇ ਦੀ ਨੀਤੀ ਦੀ ਬਿਨਾ ਸ਼ਰਤ ਹਮਾਇਤ ਕਰਦੇ ਸੀ, ਇਹ ਵੀ ਸੱਚ ਸੀ ਕਿ ਇਸ ਵਕਤ ਇਵੇਂ ਕਰਨਾ ਹੀ ਜਾਇਜ਼ ਸੀ।

ਕਾਂਗਰਸ ਦੇ ਸਮਾਪਤ ਹੋਣ ਸਮੇਂ ਸਾਨੂੰ ਖ਼ਬਰ ਮਿਲੀ ਕਿ ਸਰਕਾਰ ਦੇਸ਼ ਦੇ ਕੇਂਦਰੀ ਖੇਤਰ 'ਚ ਆ ਗਈ ਸੀ। ਇਸ ਨਾਲ ਸਾਰੇ ਡੈਲੀਗੇਟਾਂ 'ਚ ਉਤਸ਼ਾਹ ਦੀ ਲਹਿਰ ਦੌੜ ਗਈ। ਸਾਡੀ ਸਾਰਿਆਂ ਦੀ ਇਹੀ ਸੋਚ ਸੀ ਕਿ ਹੁਣ ਸਾਜ਼ਿਸ਼ੀਆਂ ਨੂੰ ਨੱਥ ਪੈ ਜਾਵੇਗੀ। ਕੇਂਦਰੀ-ਦੱਖਣੀ ਖੇਤਰ ਦੇ ਟਾਕਰੇ ਨੂੰ ਮਜ਼ਬੂਤ ਕਰਨ ਅਤੇ ਜੇ ਹਾਲਤ ਨੂੰ ਮੋੜਾ ਪੈ ਗਿਆ ਤਾਂ ਬਾਗ਼ੀਆਂ ਨੂੰ ਸ਼ਰਤਾਂ ਤਜ਼ਵੀਜ ਕਰਨ 'ਚ ਮਦਦ ਕਰਨ ਲਈ, ਸਰਕਾਰ ਦੇ ਨਾਲ ਹੀ ਪ੍ਰਮੁੱਖ ਕਮਿਊਨਿਸਟ ਫ਼ੌਜੀ ਕਮਾਂਡਰ ਵੀ ਇੱਥੇ ਆ ਗਏ।

ਸਰਕਾਰ ਅਤੇ ਫ਼ੌਜੀ ਮੁਖੀਆਂ ਦੀ ਆਮਦ ਨਾਲ ਸਾਡੇ ਦੁਸ਼ਮਣਾਂ ਵੱਲੋਂ ਫੈਲਾਈਆਂ ਅਫ਼ਵਾਹਾਂ ਬੰਦ ਹੋ ਗਈਆਂ ਕਿ ਕਮਿਊਨਿਸਟਾਂ ਨੇ ਦੇਸ਼ ਉੱਪਰ ਕਬਜ਼ਾ ਕਰ ਲੈਣਾ ਹੈ। ਝੂਠ ਜਿੰਨਾ ਵੱਡਾ ਹੁੰਦਾ ਹੈ ਉਨਾ ਹੀ ਇਸ 'ਤੇ ਵੱਧ ਵਿਸ਼ਵਾਸ ਕੀਤਾ ਜਾਂਦਾ ਹੈ, ਅਤੇ ਇਸ ਹਾਲਤ 'ਚ ਲੋਕ ਟਾਕਰੇ ਨੂੰ ਨੁਕਸਾਨ ਪਹੁੰਚਾਉਣ ਲਈ ਫਾਸ਼ੀਵਾਦੀ ਏਜੰਟਾਂ ਵੱਲੋਂ ਫੈਲਾਈਆਂ ਬੇਤੁਕੀਆਂ ਅਫ਼ਵਾਹਾਂ ਨੂੰ ਖ਼ੁਦ ਸਰਕਾਰ ਨੇ ਵੀ ਸੱਚ ਮੰਨ ਲਿਆ ਸੀ।

ਨੈਗਰਿਨ, ਜੋ ਸਰਕਾਰ ਦੇ ਬੋਝ ਤੋਂ ਮੁਕਤ ਹੋਣ ਅਤੇ ਸਖ਼ਤ ਕਦਮਾਂ ਦੀ ਵਾਜਬੀਅਤ ਲੱਭਣ ਲਈ ਬੇਤਾਬ ਸੀ, ਨੇ ਮੈਡਰਿਡ 'ਚ ਸਰਕਾਰ ਦੇ ਪਹਿਲੇ ਸੈਸ਼ਨ 'ਚ ਰੰਗ ਬਦਲ ਲਿਆ, ਉਹ ਕਮਿਊਨਿਸਟਾਂ ਨੂੰ ਓਦੋਂ ਤੱਕ ਧਮਕਾਉਂਦਾ ਰਿਹਾ ਜਦੋਂ ਤੱਕ ਸਾਡੇ ਮੰਤਰੀ ਯੂਰਾਈਬ ਨੇ ਉਸ ਨੂੰ ਰੋਕ ਨਹੀਂ ਦਿੱਤਾ ਅਤੇ ਲੀਹ 'ਤੇ ਨਹੀਂ ਲੈ ਆਂਦਾ।

ਉਹ ਬੁੱਧੂ ਤਾਂ ਹੈ ਨਹੀਂ ਸੀ, ਫਿਰ ਕੌਣ ਵਿਸ਼ਵਾਸ ਕਰ ਲੈਂਦਾ ਕਿ ਕਮਿਊਨਿਸਟ ਸੱਤਾ 'ਤੇ ਕਬਜ਼ਾ ਕਰਨ ਦੀ ਤਿਆਰੀ 'ਚ ਹਨ, ਜਦੋਂਕਿ ਕਮਿਊਨਿਸਟ ਪਾਰਟੀ ਦੀਆਂ ਸਫ਼ਾਂ ਦਾ ਸਭ ਤੋਂ ਉੱਤਮ ਹਿੱਸਾ ਫਰਾਂਸ ਦੇ ਤਸੀਹਾ ਕੈਂਪਾਂ 'ਚ ਕੈਦ ਸੀ ?ਅਤੇ ਜਦੋਂ ਕੇਂਦਰੀ ਫ਼ੌਜ ਨੂੰ ਵਿਸ਼ਵਾਸਘਾਤ ਨੇ ਛਲਣੀ ਕੀਤਾ ਹੋਇਆ ਸੀ ? ਕਮਿਊਨਿਸਟ 1939 'ਚ ਸੱਤਾ 'ਤੇ ਕਬਜ਼ਾ ਕਰਨ ਦੀ ਯੋਜਨਾ ਕਿਵੇਂ ਬਣਾ ਸਕਦੇ ਸਨ ਅਤੇ ਉਨ੍ਹਾਂ ਨੇ 1937 'ਚ ਅਜਿਹਾ ਕਿਉਂ ਨਾ ਕੀਤਾ, ਜਦੋਂ ਹਾਲਾਤ ਸਾਜ਼ਗਰ ਸਨ, ਜਦੋਂ ਥਕਾਵਟ ਨੇ ਹਾਲੇ ਜਨਤਕ ਉਤਸ਼ਾਹ ਨੂੰ ਮੱਠਾ ਨਹੀਂ ਸੀ ਕੀਤਾ ਅਤੇ ਜਦੋਂ ਲੜਾਕੂ ਤਾਕਤਾਂ ਦਾ ਵੱਡਾ ਹਿੱਸਾ ਪਾਰਟੀ ਦਾ ਹਮਾਇਤੀ ਸੀ ?

ਅਸੀਂ ਆਮ ਜਨਤਾ 'ਚ ਆਪਣੀ ਤਾਕਤ ਅਤੇ ਅਸਰ-ਰਸੂਖ਼ ਤੋਂ ਅਣਜਾਣ ਨਹੀਂ ਸੀ। ਨਾ ਹੀ ਅਸੀਂ ਇਸ ਤੱਥ ਤੋਂ ਲਾਪ੍ਰਵਾਹ ਸੀ ਕਿ ਜੇ ਟਾਕਰਾ ਤਿੰਨ ਸਾਲ ਤੱਕ ਜਾਰੀ ਰੱਖਿਆ ਜਾ ਸਕਿਆ ਤਾਂ ਇਹ ਕੁਲ ਘਾਟਾਂ-ਕਮਜ਼ੋਰੀਆਂ ਦੇ ਬਾਵਜੂਦ ਲੋਕ ਮੁਹਾਜ਼, ਅਤੇ ਸਾਰੀਆਂ ਜਮਹੂਰੀ

ਤਾਕਤਾਂ, ਖ਼ਾਸ ਤੌਰ 'ਤੇ ਕਮਿਊਨਿਸਟ ਪਾਰਟੀ ਦੇ, ਬਹੁਤ ਜ਼ਿਆਦਾ ਸਿਆਸੀ ਅਤੇ ਜਥੇਬੰਦਕ ਕੰਮ ਦੀ ਬਦੌਲਤ ਸੰਭਵ ਹੋਇਆ ਸੀ। ਪਾਰਟੀ ਨੇ ਸਮੁੱਚੀ ਜੰਗ ਦੌਰਾਨ, ਦੁਸ਼ਮਣ ਦਾ ਮੁੱਖ ਨਿਸ਼ਾਨਾ ਬਣਕੇ, ਮੁਹਾਜ਼ ਉੱਤੇ ਅਤੇ ਦੇਸ਼ ਅੰਦਰ ਸਿਆਸੀ ਤੇ ਫ਼ੌਜੀ ਟਾਕਰੇ ਦਾ ਬੋਝ ਝੱਲਿਆ ਸੀ, ਕਿਉਂਕਿ ਗਣਰਾਜੀ ਟਾਕਰੇ ਦੀ ਇਕੋ ਇਕ ਦ੍ਰਿੜ ਤਾਕਤ ਇਹੀ ਸੀ। ਕਮਿਊਨਿਸਟ ਪਾਰਟੀ ਗਣਰਾਜ ਦੀ ਚਾਲਕ ਸ਼ਕਤੀ ਸੀ, ਜੋ ਕਦੇ ਨਾਂਹਪੱਖੀ ਅਤੇ ਕਦੇ ਹਾਂਪੱਖੀ ਵਜੂਦ ਉੱਪਰ ਲਗਾਤਾਰ ਦਬਾਅ ਪਾਉਂਦੀ, ਪਰ ਬਦਕਿਸਮਤੀ ਨਾਲ ਆਪਣੀ ਮਹੱਤਤਾ ਦੇ ਬਾਵਜੂਦ ਇਹ ਫ਼ੈਸਲਾਕੁੰਨ ਕਾਰਕ ਨਹੀਂ ਸੀ।

ਜਲਾਵਤਨੀ ਦੇ ਲੰਮੇ ਅਰਸੇ ਦੌਰਾਨ, ਕਈ ਸਾਥੀ ਮੈਨੂੰ ਅਕਸਰ ਪੁੱਛਦੇ ਰਹਿੰਦੇ ਸਨ : "ਕੀ ਕਮਿਊਨਿਸਟ ਪਾਰਟੀ ਸਪੇਨ 'ਚ ਸੱਤਾ 'ਤੇ ਕਬਜ਼ਾ ਕਰ ਸਕਦੀ ਸੀ? ਜੇ ਇਹ ਕਰ ਸਕਦੀ ਸੀ ਤਾਂ ਕੀਤਾ ਕਿਉਂ ਨਹੀਂ?"

ਇਸ ਦਾ ਮੇਰੇ ਕੋਲ ਇਕੋ ਜਵਾਬ ਸੀ : ਜੰਗ ਦੌਰਾਨ ਕਿਸੇ ਵਕਤ ਵੀ ਕਮਿਊਨਿਸਟ ਪਾਰਟੀ ਦੀ ਸਪੇਨ 'ਚ ਸੱਤਾ 'ਤੇ ਕਬਜ਼ਾ ਕਰਨ ਦੀ ਚਾਹਤ ਨਹੀਂ ਸੀ। ਸਪੇਨ ਦੀ ਹਾਲਤ ਦੀ ਤੁਲਨਾ ਅਕਤੂਬਰ 1917 ਦੇ ਰੂਸ ਨਾਲ ਕਰਨ ਵਾਲੇ ਅਤੇ ਇਸ ਸਿੱਟੇ 'ਤੇ ਪਹੁੰਚਣ ਵਾਲੇ ਕਿ ਅਸੀਂ ਇਨਕਲਾਬ ਕਰ ਸਕਦੇ ਸੀ, ਘੋਰ ਗ਼ਲਤੀ ਕਰਦੇ ਹਨ। ਰੂਸ ਸਾਮਰਾਜੀ ਜੰਗ ਨਾਲ ਲਹੂ-ਲੁਹਾਣ ਸੀ ਜਿਸ ਨੂੰ ਇਸਦੇ ਸਾਰੇ ਲੋਕ ਨਫ਼ਰਤ ਕਰਦੇ ਸਨ। ਸਪੇਨ ਵੱਲੋਂ ਫਾਸ਼ੀਵਾਦ ਵਿਰੁੱਧ ਕੌਮੀ ਇਨਕਲਾਬੀ ਜੰਗ ਸਿਰਫ਼ ਮਜ਼ਦੂਰ ਜਮਾਤ ਦੀ ਹੀ ਨਹੀਂ, ਸਗੋਂ ਭਾਰੂ ਤੌਰ 'ਤੇ ਕਿਸਾਨਾਂ ਅਤੇ ਨਾਲ ਹੀ ਨੀਮ ਤੇ ਵੱਡੀ ਬੁਰਜੂਆਜ਼ੀ ਦੀ ਸ਼ਮੂਲੀਅਤ ਨਾਲ ਲੜੀ ਜਾ ਰਹੀ ਸੀ।

ਜੇ ਜੰਗ ਦੇ ਇਕ ਹਾਸਲ ਮੌਕੇ 'ਤੇ, 1937 'ਚ, ਜਦੋਂ ਲਾਰਗੋ ਕੈਬਾਲਿਰੋ ਸਰਕਾਰ ਸੰਕਟ 'ਚ ਸੀ, ਤਾਂ ਐਸੀ ਨਿਸ਼ਚਿਤ ਹਾਲਤ ਮੌਜੂਦ ਸੀ ਜੋ ਸੱਤ੍ਹਾ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਦੇ ਦਿੰਦੀ ਪਰ ਜੇ ਪਾਰਟੀ ਨੇ ਅਜਿਹਾ ਨਹੀਂ ਕੀਤਾ (ਹਾਲਾਂਕਿ ਸਾਡੇ ਅਨੇਕਾਂ ਲੜਾਕੂਆਂ ਦੀ ਇਹ ਇੱਛਾ ਸੀ) ਤਾਂ ਇਸਦਾ ਬੁਨਿਆਦੀ ਕਾਰਣ ਇਹ ਸੀ: ਨਾ ਕੌਮੀ ਹਾਲਤ ਅਜਿਹੀ ਤਬਦੀਲੀ ਲਈ ਸਾਜ਼ਗਰ ਸੀ ਅਤੇ ਨਾ ਕੌਮਾਂਤਰੀ।

ਕਮਿਊਨਿਸਟ ਇਨਕਲਾਬ ਨਾਲ ਖਿਲਵਾੜ ਨਹੀਂ ਕਰਦੇ, ਕਿਉਂਕਿ ਮਜ਼ਦੂਰਾਂ ਦੀਆਂ ਜਾਨਾਂ ਅਤੇ ਦੇਸ਼ ਦੀ ਹੋਣੀ ਉਨ੍ਹਾਂ ਲਈ ਐਨੀਆਂ ਕੀਮਤੀ ਹਨ ਕਿ ਇਨਕਲਾਬ ਦੀ ਕਾਮਯਾਬੀ ਦੀ ਮੁਨਾਸਬ ਸੰਭਾਵਨਾ ਤੋਂ ਬਗ਼ੈਰ ਇਨ੍ਹਾਂ ਨੂੰ ਦਾਅ 'ਤੇ ਨਹੀਂ ਲਾਇਆ ਜਾ ਸਕਦਾ। ਜੇ ਕਮਿਊਨਿਸਟ ਪਾਰਟੀ ਅਜਿਹੇ ਵਿਸ਼ੇਸ਼ ਸੁਭਾਅ ਵਾਲੀ ਖ਼ਾਨਾਜੰਗੀ, ਜਿਸ ਨਾਲ ਸਪੇਨ ਪਾਟੋਧਾੜ ਹੋਇਆ ਪਿਆ ਸੀ, ਅਤੇ ਜਦੋਂ ਸਰਮਾਏਦਾਰ ਦੁਨੀਆਂ ਹਿਟਲਰ ਦਾ ਦੱਲਪੁਣਾ ਕਰਦੀ ਹੋਈ ਦੂਜੀ ਸੰਸਾਰ ਜੰਗ ਦੀ ਤਿਆਰੀ 'ਚ ਲੱਗੀ ਹੋਈ ਸੀ, ਦੀ ਹਾਲਤ 'ਚ ਸੱਤਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦੀ, ਤਾਂ ਇਹ ਮੁਜਰਮਾਨਾ ਮਾਅਰਕੇਬਾਜ਼ੀ ਤੋਂ ਬਿਨਾ ਕੁਝ ਨਹੀਂ ਸੀ ਹੋਣਾ। ਸਾਡੇ ਲੋਕ ਮੁਹਾਜ਼ ਦੇ ਸਾਰੇ ਸੰਗੀ ਪਾਸੇ ਧੱਕੇ ਜਾਣੇ ਸਨ। ਅਤੇ, ਇੰਜ ਫਾਸ਼ੀਵਾਦੀ ਤਾਕਤਾਂ ਅਤੇ ਕੌਮਾਂਤਰੀ ਪਿਛਾਖੜੀ ਹਲਕਿਆਂ ਲਈ ਸਪੇਨ 'ਚ ਸ਼ਰੇਆਮ ਦਖ਼ਲਅੰਦਾਜ਼ੀ ਕਰਨ ਲਈ ਰਾਹ ਪੱਧਰਾ ਹੋ ਜਾਣਾ ਸੀ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਪੇਨ ਦੀ ਮਜ਼ਦੂਰ ਜਮਾਤ ਵੰਡੀ ਹੋਈ ਸੀ ਅਤੇ ਇਸ ਤਰ੍ਹਾਂ ਦੀ ਤਬਦੀਲੀ ਨੂੰ ਦੇਖਕੇ ਨਾ ਸਮਾਜਵਾਦੀ ਪਾਰਟੀ ਨੇ ਚੁੱਪ ਬੈਠਣਾ ਸੀ ਨਾ

ਅਰਾਜਕਤਾਵਾਦੀਆਂ ਨੇ। ਜੰਗ ਦੇ ਸਮੇਂ, ਤਾਨਾਸ਼ਾਹੀ ਕਾਇਮ ਕਰਨ ਦੀ ਜਿਹੜੀ ਇਕੋ ਇਕ ਗੰਭੀਰ ਅਤੇ ਖੁੱਲ੍ਹੇਆਮ ਕੋਸ਼ਿਸ਼ ਕਿਸੇ ਸਿਆਸੀ ਧੜੇ ਵਜੋਂ ਕੀਤੀ ਗਈ ਉਹ ਸੀ ਮਈ 1937 ਦਾ ਅਰਾਜਕਤਾਵਾਦੀ-ਟਰਾਟਸਕੀਵਾਦੀ ਰਾਜ-ਪਲਟਾ, ਜੋ ਨਾਕਾਮਯਾਬ ਰਿਹਾ, ਇਸੇ ਤਰ੍ਹਾਂ ਦਾ ਹਸ਼ਰ ਅਜਿਹੀ ਕਿਸੇ ਹੋਰ ਕੋਸ਼ਿਸ਼ ਦਾ ਹੋਣਾ ਸੀ।

ਜੰਗ ਨਾਲ ਸਪੇਨ ਦੇ ਬੁਰਜੂਆ ਜਮਹੂਰੀ ਇਨਕਲਾਬ ਦਾ ਹੋਰ ਵਿਕਾਸ ਤੇ ਹੋਰ ਰੂਪ ਬਦਲੀ ਹੋਈ। ਸਾਰੇ ਲੋਕਾਂ ਦੇ ਹਥਿਆਰਬੰਦ ਹੋਣ ਨਾਲ ਸਪੇਨ ਦਾ ਬੁਰਜੂਆ ਗਣਰਾਜ ਲੋਕ ਗਣਰਾਜ ਬਣ ਗਿਆ, ਜੋ ਸਮਕਾਲੀ ਜਮਹੂਰੀ ਇਨਕਲਾਬਾਂ ਦੇ ਇਤਹਾਸ 'ਚ ਪਹਿਲੀ ਮਿਸਾਲ ਸੀ। ਰੂਸ ਦੇ 1905 ਦੇ ਇਨਕਲਾਬ ਨੇ ਆਪਣੇ ਮਗਰ ਪ੍ਰੋਲੇਤਾਰੀ ਸੱਤਾ ਦੀ ਸਭ ਤੋਂ ਜਮਹੂਰੀ ਸ਼ਕਲ ਵਜੋਂ ਮਜ਼ਦੂਰ ਦੀਆਂ ਕੌਂਸਲਾਂ ਜਾਂ ਸੋਵੀਅਤਾਂ ਦਾ ਹਾਂਪੱਖ ਛੱਡਿਆ ਸੀ, ਇੱਧਰ ਫਾਸ਼ੀਵਾਦ ਵਿਰੁੱਧ ਕੌਮੀ ਇਨਕਲਾਬੀ ਜੰਗ ਨੇ ਲੋਕ ਜਮਹੂਰੀਅਤ ਨੂੰ ਜਨਮ ਦਿੱਤਾ, ਜੋ ਦੂਜੀ ਸੰਸਾਰ ਜੰਗ ਤੋਂ ਬਾਦ ਕੁਝ ਦੇਸ਼ਾਂ 'ਚ ਸਮਾਜਵਾਦ ਵੱਲ ਸ਼ਾਂਤਮਈ ਤਬਦੀਲੀ ਦੀ ਇਕ ਸ਼ਕਲ ਬਣ ਗਈ।

ਜੇ ਜੰਗ ਦੇ ਦੌਰਾਨ ਦੇਸ਼ ਅੰਦਰ ਸੱਚੀਮੁੱਚੀਂ ਦੀ ਇਨਕਲਾਬੀ ਕਾਇਆਕਲਪ ਪਹਿਲਾਂ ਹੀ ਹੋ ਰਹੀ ਸੀ ਤਾਂ ਕਮਿਊਨਿਸਟ, ਆਪਣੇ ਸੰਗੀਆਂ ਨੂੰ ਛੱਡਕੇ ਸੱਤ੍ਹਾ ਖੋਹਣ ਲਈ ਕਾਹਲੇ ਕਿਉਂ ਪੈਂਦੇ ? ਕਮਿਊਨਿਸਟ ਪਾਰਟੀ ਦੀ ਮੁੱਖ ਦਿਲਚਸਪੀ ਬਾਗ਼ੀਆਂ ਨੂੰ ਹਰਾਉਣ 'ਚ ਸੀ ਅਤੇ ਇਸ ਕਾਰਜ 'ਚ ਇਹ ਤਨੋ-ਮਨੋ ਲੱਗੀ ਰਹੀ। ਬਾਗ਼ੀਆਂ ਦੀ ਹਾਰ ਲੋਕਾਂ ਦੀਆਂ ਜਿੱਤਾਂ ਦੇ ਪੱਕੇ ਪੈਰੀਂ ਹੋਣ ਅਤੇ ਸਪੇਨ 'ਚ ਜਮਹੂਰੀ ਇਨਕਲਾਬ ਦੇ ਵਿਕਾਸ ਦੀ ਕੁੰਜੀ ਸੀ।

[45]

## ਨੈਗਰਿਨ ਕਿੱਧਰ ਨੂੰ ?

ਜਿਸ ਢੀਠਪੁਣੇ ਨਾਲ ਨੈਗਰਿਨ ਸਾਜ਼ਿਸ਼ੀਆਂ ਦੀਆਂ ਕਾਰਵਾਈਆਂ ਨੂੰ ਚੁੱਪ ਬੈਠਕੇ ਸਹਿਣ ਕਰਦਾ ਰਿਹਾ, ਉਸ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਉਹ ਚਾਹੁੰਦਾ ਸੀ ਕਿ ਘਟਨਾਵਾਂ ਜਿਵੇਂ ਮਰਜ਼ੀ ਵਾਪਰਦੀਆਂ ਰਹਿਣ ਅਤੇ ਇਨ੍ਹਾਂ ਨੂੰ ਗਣਰਾਜ ਦੇ ਹਿੱਤਾਂ ਲਈ ਸਾਜ਼ਗਰ ਦਿਸ਼ਾ 'ਚ ਮੋੜਾ ਦੇਣ ਲਈ ਉਸ ਨੇ ਕੁਝ ਨਾ ਕੀਤਾ।

ਪੋਲਿਟ ਬਿਊਰੋ ਦੀ ਇਕ ਮੀਟਿੰਗ 'ਚ ਇਹ ਫ਼ੈਸਲਾ ਲਿਆ ਗਿਆ ਕਿ ਸਾਥੀ ਚੇਕਾ, ਡੈਲੀਕੈਡੋ, ਡੀਇਗੁਏਜ਼ ਅਤੇ ਮੈਨੂੰ ਸ਼ਾਮਲ ਕਰਕੇ ਬਣਾਈ ਕਮੇਟੀ ਨੈਗਰਿਨ ਨੂੰ ਮਿਲਕੇ ਆਪਣੇ ਵਿਚਾਰਾਂ ਅਤੇ ਤੌਖ਼ਲਿਆਂ ਬਾਰੇ ਚਰਚਾ ਕਰੇਗੀ। ਨੈਗਰਿਨ ਸਾਨੂੰ ਮਿਲਿਆ, ਅਤੇ ਅਸੀਂ ਹਾਲਤ ਬਾਰੇ ਕਮਿਊਨਿਸਟ ਪਾਰਟੀ ਦੀ ਪੁਜੀਸ਼ਨ ਉਸ ਨੂੰ ਦੱਸ ਦਿੱਤੀ: "ਜੇ ਸਰਕਾਰ ਟਾਕਰਾ ਜਾਰੀ ਰੱਖਣ ਦੀ ਇੱਛਕ ਸੀ ਤਾਂ ਕਮਿਊਨਿਸਟ ਪਾਰਟੀ ਇਸ ਦੀ ਹਮਾਇਤ ਕਰੇਗੀ। ਜੇ ਉਲਟਾ ਇਹ ਅਮਨ ਦੀਆਂ ਸ਼ਰਤਾਂ ਬਾਰੇ ਗੱਲਬਾਤ ਚਲਾਏਗੀ, ਤਾਂ ਕਮਿਊਨਿਸਟ ਪਾਰਟੀ ਇਸ ਦੇ ਰਾਹ 'ਚ ਅੜਿੱਕੇ ਖੜ੍ਹੇ ਨਹੀਂ ਕਰੇਗੀ।"

ਅਸੀਂ ਉਸਨੂੰ ਚੇਤੇ ਕਰਾਇਆ ਕਿ ਕਮਿਊਨਿਸਟ ਪਾਰਟੀ ਨੇ 1938 'ਚ ਆਪਣਾ ਇਕ ਮੰਤਰੀ ਵਾਪਸ ਲੈ ਲਿਆ ਸੀ, ਕਿ ਕਮਿਊਨਿਸਟਾਂ ਨੇ ਉਸਦੇ ਤੇਰਾਂ ਨੁਕਾਤੀ ਪ੍ਰੋਗਰਾਮ ਦੀ

ਉਤਸ਼ਾਹ ਨਾਲ ਹਮਾਇਤ ਕੀਤੀ ਸੀ, ਜਿਵੇਂ ਹੁਣ ਇਹ ਤਿੰਨ ਨੁਕਾਤੀ ਪ੍ਰੋਗਰਾਮ ਦੀ ਹਮਾਇਤ ਕਰ ਰਹੀ ਸੀ, ਅਤੇ ਕਿ ਗਣਰਾਜ ਨੂੰ ਬਚਾਉਣ ਅਤੇ ਲੋਕਾਂ ਨੂੰ ਹੋਰ ਕੁਰਬਾਨੀਆਂ ਤੋਂ ਨਿਜਾਤ ਦਿਵਾਉਣ ਦੀ ਖ਼ਾਤਰ ਅਸੀਂ ਕੋਈ ਵੀ ਛੋਟ ਦੇਣ ਲਈ ਤਿਆਰ ਸੀ।

ਨੈਗਰਿਨ ਨੇ ਸਾਨੂੰ ਦੱਸਿਆ ਕਿ ਇਕੋ ਇਕ ਹੱਲ ਹੈ ਟਾਕਰਾ ਜਾਰੀ ਰੱਖਣਾ ਅਤੇ ਕਿ ਉਹ ਮਾਰਟੀਨੇਜ਼ ਬੈਰੀਓ ਨੂੰ ਆਪਣਾ ਅਸਤੀਫ਼ਾ ਸੌਂਪਣਾ ਚਾਹੁੰਦਾ ਸੀ, ਜੋ ਹੁਣ ਰਾਸ਼ਟਰਪਤੀ ਸੀ ਕਿਉਂਕਿ ਅਜ਼ਾਨਾ ਨੇ ਅਸਤੀਫ਼ਾ ਦੇ ਦਿੱਤਾ ਸੀ,* ਪਰ ਉਹ ਓਦੋਂ ਤੱਕ ਅਜਿਹਾ ਨਹੀਂ ਕਰ ਸਕਦਾ ਸੀ ਜਦੋਂ ਤੱਕ ਮੈਡਰਿਡ ਵਾਪਸ ਨਾ ਆ ਜਾਂਦਾ। ਉਹ ਨਹੀਂ ਸੀ ਸੋਚਦਾ ਕਿ ਰਾਸ਼ਟਰਪਤੀ ਦੀ ਗ਼ੈਰ-ਹਾਜ਼ਰੀ 'ਚ ਸ਼ਾਂਤੀ ਵਾਰਤਾਵਾਂ ਸ਼ੁਰੂ ਕਰਨੀਆਂ ਸੰਭਵ ਸਨ।

"ਫਿਰ," ਅਸੀਂ ਪੁੱਛਿਆ, "ਹੱਲ ਕੀ ਹੈ?"

"ਟਾਕਰਾ," ਨੈਗਰਿਨ ਨੇ ਜਵਾਬ ਦਿੱਤਾ, "ਮੈਂ ਘਰੇਲੂ ਮੁਹਾਜ਼ਾਂ ਉੱਪਰ ਤਾਕਤਾਂ ਨਵੇਂ ਸਿਰਿਉਂ ਜਥੇਬੰਦ ਕਰਨ ਅਤੇ ਆਪਣੀ ਹਾਲਤ ਨੂੰ ਮਜ਼ਬੂਤ ਬਣਾਉਣ ਵਾਲੇ ਕਦਮ ਚੁੱਕਣ ਦੀ ਯੋਜਨਾ ਬਣਾ ਰਿਹਾ ਹਾਂ।"

ਜਦੋਂ ਅਸੀਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ ਸੀ ਤਾਂ ਸਾਨੂੰ ਜਰਨੈਲ ਮਿਆਜਾ ਦਾ ਇਕ ਸਹਾਇਕ ਨੈਗਰਿਨ ਦੇ ਦਫ਼ਤਰੋਂ ਨਿੱਕਲਦਾ ਮਿਲ ਗਿਆ ਸੀ। ਕੀ ਕੁਝ ਹੋ ਰਿਹਾ ਸੀ ਇਹ ਜਾਨਣ ਦੀ ਉਤਸੁਕਤਾ ਨਾਲ ਅਸੀਂ ਨੈਗਰਿਨ ਨੂੰ ਪੁੱਛਿਆ ਕਿ ਸਹਾਇਕ ਉਸ ਲਈ ਕੋਈ ਚੰਗੀ ਖ਼ਬਰ ਲਿਆਇਆ ਹੋਵੇਗਾ।

"ਚੰਗੀ ਖ਼ਬਰ? ਜਰਨੈਲ ਮਿਆਜਾ ਨੇ ਮੈਥੋਂ ਦਸ ਲੱਖ ਪਿਸੇਟਾ ਮੰਗੇ ਹਨ, ਜਿਸ ਤਰ੍ਹਾਂ ਦੇ ਫਰਾਂਕੋ ਪਸੰਦ ਕਰਦਾ ਹੈ।"

"ਫਰਾਂਕੋ ਕਿਸ ਕਿਸਮ ਦੇ ਪਿਸੇਟਾ ਪਸੰਦ ਕਰਦੈ?"

"ਕੋਈ ਕਿਸਮ ਨਹੀਂ। ਗੱਲ ਐਨੀ ਕੁ ਹੀ ਹੈ ਕਿ ਉਹ ਦਸ ਲੱਖ ਪਿਸੇਟਾ ਡਾਲਰਾਂ 'ਚ ਭਾਲਦੈ। ਇਹ ਲੋਕ ਐਨੇ ਕੁ ਦਿਆਨਤਦਾਰ ਹਨ। ਇਹ ਫ਼ੌਜ ਦੀ ਕਮਾਨ ਕਿਵੇਂ ਕਰ ਸਕਦੇ ਹਨ?"

ਨੈਗਰਿਨ ਦੇ ਦਫ਼ਤਰੋਂ ਨਿੱਕਲਣ ਸਮੇਂ ਸਾਡਾ ਮਨ ਉਦਾਸ ਸੀ, ਜੋ ਕੁਝ ਉਸ ਨੇ ਕਿਹਾ ਸੀ ਉਸ ਕਰਕੇ ਐਨਾ ਨਹੀਂ, ਸਗੋਂ ਜੋ ਕੁਝ ਉਸ ਨੇ ਨਹੀਂ ਕਿਹਾ ਸੀ ਉਸ ਕਾਰਣ, ਜੋ ਉਸਦੇ ਇਸ਼ਾਰਿਆਂ, ਉਸ ਦੇ ਹੰਭੇ ਹੋਣ ਅਤੇ ਉਸ ਦੀ ਉਦਾਸੀਨ ਸੁਰ ਤੋਂ ਪੜ੍ਹਿਆ ਜਾ ਸਕਦਾ ਸੀ। ਉਹ ਪੂਰੀ ਤਰ੍ਹਾਂ ਘਟਨਾਵਾਂ 'ਚ ਘਿਰਿਆ ਬੰਦਾ ਜਾਪਦਾ ਸੀ, ਇਕ ਐਸਾ ਬੰਦਾ ਜਿਸਨੇ ਆਪਣੀ ਸਾਰੀ ਤਾਕਤ ਸਾਜ਼ਿਸ਼ੀਆਂ ਵਿਰੁੱਧ ਮੁਸ਼ਕਲ ਲੜਾਈ 'ਚ ਲਾ ਦਿੱਤੀ ਸੀ ਅਤੇ ਹੁਣ ਉਹ ਵਹਿਣ 'ਚ ਵਹਿੰਦਾ ਹੋਇਆ, ਅਹੁਦਾ ਛੱਡਦੇ ਸਮੇਂ ਬਚੇ ਹੋਏ ਵੱਕਾਰ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਸੀ।

ਪਾਰਟੀ ਨੇ ਲੋਕਾਂ ਨੂੰ ਹਾਲਤ ਦੀ ਵਿਆਖਿਆ ਕਰਦਿਆਂ ਅਤੇ ਉਨ੍ਹਾਂ ਨੂੰ ਇਕ ਵਾਰ ਫਿਰ ਗਣਰਾਜ ਦੀ ਰਾਖੀ ਅਤੇ ਆਪਣੀ ਹੋਣੀ ਦੀ ਖ਼ਾਤਰ ਮੁੜ ਕੋਸ਼ਿਸ਼ਾਂ ਜੁਟਾਉਣ ਦਾ ਸੱਦਾ ਦਿੰਦਿਆਂ ਦਸਤਾਵੇਜ਼ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ।

---

* ਜਦੋਂ ਇਹ ਖ਼ਬਰ ਆਈ ਕਿ ਬਰਤਾਨੀਆ ਅਤੇ ਫਰਾਂਸ ਨੇ ਫਰਾਂਕੋ ਨੂੰ ਮਾਨਤਾ ਦੇ ਦਿੱਤੀ ਹੈ, ਅਜ਼ਾਨਾ ਉਸ ਵਕਤ ਪੈਰਿਸ ਵਿਚ ਸੀ, ਉਸ ਨੇ ਉੱਥੋਂ ਹੀ ਅਸਤੀਫ਼ਾ ਦੇ ਦਿੱਤਾ ਸੀ।

ਇਸ ਦਸਤਾਵੇਜ਼ ਦਾ ਡੂੰਘਾ ਪ੍ਰਭਾਵ ਪਿਆ ਅਤੇ ਇਸਨੇ ਕਮਿਊਨਿਸਟ ਵਿਰੋਧੀਆਂ ਨੂੰ ਝੂਠ ਪ੍ਰਚਾਰਨ ਲਈ ਮਸਾਲਾ ਵੀ ਮੁਹੱਈਆ ਕੀਤਾ। ਇਸ 'ਚ ਐਲਾਨ ਕੀਤਾ ਗਿਆ: "ਜਿੰਨੀ ਭੈੜੀ ਹਾਲਤ ਸਾਡੀ ਹੁਣ ਹੈ, ਜੇ ਸਾਡੀਆਂ ਜਥੇਬੰਦੀਆਂ ਅਤੇ ਪਾਰਟੀਆਂ ਦੇ ਆਗੂ, ਜੇ ਸਰਕਾਰ ਅਤੇ ਫ਼ੌਜ ਦੇ ਕਮਾਂਡਰ ਸੁੱਧ-ਬੁੱਧ ਖੋਹ ਬਹਿੰਦੇ ਹਨ ਅਤੇ ਜੇ ਉਨ੍ਹਾਂ ਦਾ ਸਾਡੇ ਫ਼ੌਜੀਆਂ ਅਤੇ ਸਾਡੇ ਲੋਕਾਂ ਦੀ ਲੜਾਕੂ ਸਮਰੱਥਾ ਅਤੇ ਕੁਰਬਾਨੀ ਦੇ ਜਜ਼ਬੇ 'ਚ ਭਰੋਸਾ ਨਹੀਂ ਰਹਿੰਦਾ, ਜੇ ਉਹ ਹੁਣ ਟਾਕਰੇ ਲਈ ਨਹੀਂ ਸਗੋਂ ਆਤਮ-ਸਮਰਪਣ ਲਈ ਕੰਮ ਕਰਦੇ ਹਨ ਤਾਂ ਇਹ ਨਿਰੀ ਤਬਾਹੀ ਸਾਬਤ ਹੋਵੇਗੀ ।"

ਇਹ ਖ਼ੁਲਾਸਾ ਕਰਨ ਤੋਂ ਬਾਦ ਕਿ ਸਪੇਨ 'ਚ ਫਾਸ਼ੀਵਾਦ ਦੀ ਜਿੱਤ ਦਾ ਅਰਥ ਹੋਵੇਗਾ ਉਸ ਸਭ ਕੁਝ ਦਾ ਖ਼ਾਤਮਾ ਜੋ ਮਜ਼ਦੂਰਾਂ ਤੇ ਕਿਸਾਨਾਂ ਨੇ ਦਰਜਣਾਂ ਵਰ੍ਹਿਆਂ ਦੀ ਘਾਲਣਾ ਅਤੇ ਲਹੂ ਡੋਲ੍ਹਵੀਂ ਲੜਾਈ 'ਚ ਹਾਸਲ ਕੀਤਾ ਹੈ, ਪਾਰਟੀ ਨੇ ਵਿਸ਼ਵਾਸ ਪ੍ਰਗਟਾਇਆ ਕਿ "ਟਾਕਰਾ ਸੰਭਵ ਹੈ ਅਤੇ ਇਸ ਨਾਲ ਸਾਡੇ ਲੱਖਾਂ ਭਰਾਵਾਂ ਦੀਆਂ ਜਾਨਾਂ ਅਤੇ ਆਜ਼ਾਦੀ ਬਚੀ ਰਹੇਗੀ।" ਕੈਟਾਲੋਨੀਆ 'ਚ ਹਾਰ ਨਾਲ ਸਾਹਮਣੇ ਆਈਆਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਤੇਜ਼ੀ ਨਾਲ ਅਤੇ ਦ੍ਰਿੜ ਕੋਸ਼ਿਸ਼ਾਂ ਕਰਨ 'ਤੇ ਜ਼ੋਰ ਦਿੰਦਿਆਂ ਪਾਰਟੀ ਨੇ ਕਿਹਾ: "ਟਾਕਰਾ ਇਕ ਵਾਰ ਫਿਰ ਮੁਹਾਣ ਬਦਲ ਸਕਦਾ ਹੈ, ਜਿਵੇਂ ਨਵੰਬਰ 1936 ਅਤੇ ਮਾਰਚ-ਅਪ੍ਰੈਲ 1938 ਦੇ ਮੌਕਿਆਂ 'ਤੇ ਹੋਇਆ ਸੀ, ਜਦੋਂ ਬਹੁਤਿਆਂ ਦੀ ਸੋਚ ਸੀ ਕਿ ਸਭ ਕੁਝ ਖ਼ਤਮ ਹੋ ਚੁੱਕਾ ਸੀ। ਸਪੇਨ 'ਚ ਜਾਂ ਕੌਮਾਂਤਰੀ ਦ੍ਰਿਸ਼ 'ਤੇ ਨਵੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਜੋ ਪੂਰੀ ਤਰ੍ਹਾਂ ਸਾਡੇ ਹੱਕ 'ਚ ਹੋ ਸਕਦੀਆਂ ਹਨ ਅਤੇ ਜਿੱਤ ਦਾ ਰਾਹ ਖੋਹਲ ਸਕਦੀਆਂ ਹਨ।"

ਪਾਰਟੀ ਨੇ ਕੌਂਸਲ ਦੇ ਪ੍ਰਧਾਨ ਮੰਤਰੀ ਵੱਲੋਂ ਐਲਾਨ ਕੀਤੇ ਤਿੰਨ ਨੁਕਤਿਆਂ ਦੀ ਬਿਨਾ ਸ਼ਰਤ ਹਮਾਇਤ ਮੁੜ ਦੁਹਰਾਈ, ਅਤੇ ਜ਼ੋਰ ਦਿੱਤਾ ਕਿ ਦੁਸ਼ਮਣ ਦੇ ਕਿਸੇ ਵੀ ਹਮਲੇ ਦਾ ਟਾਕਰਾ ਕਰਨ ਅਤੇ ਇਸਦਾ ਮੂੰਹ ਭੰਨਣ ਲਈ ਕਾਫ਼ੀ ਹਥਿਆਰ ਹੱਥ ਹੇਠ ਸਨ, ਅਤੇ ਕਿ ਜਿੱਤ ਹਾਸਲ ਕਰਨ ਲਈ ਸਨਅਤ ਅਤੇ ਵਸੀਲਿਆਂ—"ਸਾਰਿਆਂ ਦੀਆਂ ਬਰਾਬਰ ਕੁਰਬਾਨੀਆਂ" ਨਾਲ—ਨੂੰ ਲਾਮਬੰਦ ਕੀਤਾ ਜਾ ਸਕਦਾ ਸੀ। ਇਸ ਨੇ ਮੰਗ ਕੀਤੀ, "ਪੰਜਵੇਂ ਕਾਲਮ ਵਿਰੁੱਧ ਲੜਾਈ ਤੇਜ਼ ਕੀਤੀ ਜਾਵੇ, ਅਤੇ ਦੁਸ਼ਮਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਬੇਕਿਰਕ ਹੋ ਕੇ ਕੁਚਲਣ ਲਈ ਮੁਹਾਜ਼ਾਂ ਉੱਤੇ ਅਤੇ ਦੇਸ਼ ਦੇ ਅੰਦਰ ਸਾਰੇ ਲੋਕਾਂ ਦੀ ਚੌਕਸੀ ਵਧਾਈ ਜਾਵੇ।" ਇਕ ਵਾਰ ਫਿਰ ਇਸ ਨੇ ਫਾਸ਼ੀਵਾਦ ਵਿਰੁੱਧ ਏਕਤਾ ਅਤੇ ਭਰਾਤਰੀਵਾਦ ਦਾ ਸੱਦਾ ਦਿੰਦਿਆਂ, ਲੋਕ ਮੁਹਾਜ਼ ਅਤੇ ਫਾਸ਼ੀਵਾਦ ਵਿਰੋਧੀ ਸਾਰੀਆਂ ਪਾਰਟੀਆਂ ਅਤੇ ਯੂਨੀਅਨਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। " ਲੋਕ ਮੁਹਾਜ਼ ਨਾ ਸਿਰਫ਼ ਲਾਜ਼ਮੀ ਜਾਰੀ ਅਤੇ ਕੰਮ ਕਰਦਾ ਰਹਿਣਾ ਚਾਹੀਦਾ ਹੈ, ਸਗੋਂ ਇਸ ਨੂੰ ਆਪਣੀਆਂ ਸਰਗਰਮੀਆਂ ਜ਼ਰੂਰ ਹੀ ਵਧਾਉਣੀਆਂ ਚਾਹੀਦੀਆਂ ਹਨ। ਇਸਨੂੰ ਲੋਕ ਟਾਕਰੇ ਦਾ ਧੁਰਾ ਬਨਣਾ ਚਾਹੀਦਾ ਹੈ।" ਇਸ ਨੇ ਐਲਾਨ ਕੀਤਾ ਕਿ "ਕਮਿਊਨਿਸਟ ਸਾਰੀਆਂ ਪਾਰਟੀਆਂ, ਸਾਰੇ ਆਗੂਆਂ, ਸਾਰੀਆਂ ਟਰੇਡ ਯੂਨੀਅਨਾਂ, ਸਾਰੇ ਸਿਆਸਤਦਾਨਾਂ ਅਤੇ ਮਿਲੀਸ਼ੀਆ ਵਾਲਿਆਂ ਦੀ ਏਕਤਾ ਦੀ ਲਾਈਨ ਕਦੇ ਨਹੀਂ ਛੱਡਣਗੇ। ਇਸਦਾ ਇਹ ਅਰਥ ਨਹੀਂ ਕਿ ਅਸੀਂ ਥਿੜਕਣਾਂ, ਭਗੌੜਿਆਂ, ਬੁਜ਼ਦਿਲਾਂ ਅਤੇ ਦੁਸ਼ਮਣ ਦੇ ਹੋਰ ਏਜੰਟਾਂ ਦੀ ਨਿਖੇਧੀ ਨਹੀਂ ਕਰਾਂਗੇ ਜਾਂ ਇਨ੍ਹਾਂ ਵਿਰੁੱਧ ਲੜਾਈ ਨਹੀਂ ਦੇਵਾਂਗੇ। ਇਸ ਦਾ ਅਰਥ ਹੈ ਕਿ ਅਸੀਂ ਕਮਿਊਨਿਸਟ ਸਿਰਫ਼ ਉਨ੍ਹਾਂ 'ਚ ਨਿਖੇੜਾ ਕਰਦੇ ਹਾਂ ਜੋ ਲੋਕਾਂ ਦੀ ਏਕਤਾ ਲਈ ਕੰਮ ਕਰਦੇ ਹਨ

ਅਤੇ ਜੋ ਇਸ ਏਕਤਾ ਨੂੰ ਢਾਹ ਲਾਉਂਦੇ ਹਨ। ਮਜ਼ਦੂਰ ਜਮਾਤ ਦੀ ਏਕਤਾ ਸਾਰੇ ਲੋਕਾਂ ਦੀ ਏਕਤਾ ਦੀ ਜ਼ਾਮਨੀ ਦੇਵੇਗੀ।"

ਪਾਰਟੀ ਨੂੰ ਲਗਾਤਾਰ ਲਾਮਬੰਦੀ ਕਰਨੀ ਪੈ ਰਹੀ ਸੀ, ਇਸਦੇ ਦਫ਼ਤਰਾਂ 'ਤੇ ਦਿਨ-ਰਾਤ ਪਹਿਰਾ ਲੱਗਿਆ ਰਹਿੰਦਾ ਸੀ, ਫ਼ੌਜ 'ਚ ਨਕਾਰਾ ਹੋਏ ਇਸ ਦੇ ਆਗੂਆਂ ਦੀ ਥਾਂ ਖ਼ੁਦ-ਬ-ਖ਼ੁਦ ਐਸੇ ਮਰਦ-ਔਰਤਾਂ ਲੈ ਰਹੇ ਸਨ ਜਿਨ੍ਹਾਂ ਦੀ ਫ਼ੌਜੀ ਕੰਮ ਕਰਨ ਦੀ ਯੋਗਤਾ ਨਹੀਂ ਸੀ।

23 ਫਰਵਰੀ 1939 ਨੂੰ ਪ੍ਰਕਾਸ਼ਤ ਕੀਤੇ ਦਸਤਾਵੇਜ਼ ਨੇ ਸਹੀ ਰੂਪ 'ਚ ਦਿਖਾਇਆ ਕਿ ਕਮਿਊਨਿਸਟ ਪਾਰਟੀ ਦਾ ਸਟੈਂਡ ਕੀ ਸੀ? ਸਾਡਾ ਮੁੱਖ ਸਰੋਕਾਰ ਸਾਡੇ ਲੋਕਾਂ ਦੇ ਟਾਕਰੇ ਨੂੰ ਮਜਬੂਤ ਬਣਾਉਣ ਲਈ ਮਜ਼ਦੂਰ ਜਮਾਤ ਅਤੇ ਜਮਹੂਰੀ ਤਾਕਤਾਂ ਦੀ ਏਕਤਾ ਨੂੰ ਬਣਾਈ ਰੱਖਣਾ ਸੀ।

ਕੀ ਕੇਂਦਰੀ-ਦੱਖਣੀ ਖੇਤਰ 'ਚ ਟਾਕਰਾ ਸੱਚਮੁੱਚ ਸੰਭਵ ਸੀ ?ਹਾਂ, ਸੰਭਵ ਸੀ।28 ਜਨਵਰੀ ਨੂੰ ਐਗੁਆਨਾ, ਕੈਟਾਲੋਨੀਆ 'ਚ ਹੋਈ ਮੀਟਿੰਗ 'ਚ ਕੁਝ ਫ਼ੌਜੀ ਮੁਖੀਆਂ ਦਾ ਕਹਿਣਾ ਸੀ ਕਿ ਜੰਗੀ ਸਮਾਨ ਦੀ ਘਾਟ ਕਰਕੇ ਟਾਕਰਾ ਅਸੰਭਵ ਹੋ ਗਿਆ ਸੀ; ਜਦੋਂਕਿ, ਫਰਵਰੀ ਦੇ ਅੱਧ 'ਚ ਕੇਂਦਰੀ-ਦੱਖਣੀ ਖੇਤਰ 'ਚ ਕੀਤੀ ਗਈ ਮੀਟਿੰਗ 'ਚ ਮੁਹਾਜ਼ਾਂ ਦੇ ਮੁਖੀ ਕਮਾਂਡਰ ਇਸ ਤੋਂ ਵੱਖਰੇ ਨਿਰਣੇ 'ਤੇ ਪਹੁੰਚੇ ਸਨ, ਹਾਲਾਂਕਿ ਇਹ ਨਿਰਣਾ ਆਰਜੀ ਸੀ।

ਮੈਟਾਲਾਨਾ ਅਨੁਸਾਰ, "ਹਥਲੇ ਹਥਿਆਰਾਂ ਅਤੇ ਯੋਧਿਆਂ ਨਾਲ ਅਸੀਂ ਤਕਰੀਬਨ ਚਾਰ ਮਹੀਨੇ ਟਾਕਰਾ ਕਰ ਸਕਦੇ ਹਾਂ।" ਪਰ ਨਾਲ ਹੀ ਉਸਨੇ ਕਿਹਾ, "ਅਸੀਂ ਟਾਕਰਾ ਕਿਉਂ ਕਰੀਏ ਜੇ ਅਸੀਂ ਅੰਤ ਇਸੇ ਤਰ੍ਹਾਂ ਹਾਰਨਾ ਹੈ ?"

ਲੇਵਾਂਤੇ ਮੁਹਾਜ਼ ਦੇ ਮੁਖੀ ਮੈਨੇਨਡੇਜ਼ ਦਾ ਕਹਿਣਾ ਸੀ: "ਅਸੀਂ ਚਾਰ ਜਾਂ ਪੰਜ ਮਹੀਨੇ ਟਾਕਰਾ ਜਾਰੀ ਰੱਖ ਸਕਦੇ ਹਾਂ, ਫਿਰ ਸਾਨੂੰ ਇੰਤਜ਼ਾਰ ਕਰਨੀ ਪਵੇਗੀ ਅਤੇ ਦੇਖਣਾ ਪਵੇਗਾ। ਜੇ ਦੁਸ਼ਮਣ ਲੇਵਾਂਤੇ ਮੁਹਾਜ਼ ਉੱਪਰ ਹਮਲਾ ਕਰਨ ਦਾ ਫ਼ੈਸਲਾ ਕਰ ਲੈਂਦਾ ਹੈ, ਤਾਂ ਇਹ ਪੱਥਰ ਦੀ ਕੰਧ 'ਚ ਟੱਕਰ ਮਾਰੇਗਾ, ਕਿਉਂਕਿ ਅਸੀਂ ਵਧੀਆ ਤਿਆਰੀ 'ਚ ਹਾਂ ਅਤੇ ਸਾਡੇ ਹੌਸਲੇ ਬੁਲੰਦ ਹਨ।"

ਕੈਸਾਡੋ ਦਾ ਵਿਚਾਰ ਸੀ : "ਟਾਕਰਾ ਸਿਰਫ਼ ਕਾਰਟਾਜੇਨਾ 'ਚ ਸੰਭਵ ਹੈ ਅਤੇ ਇਸ ਕਾਰਣ ਸਾਨੂੰ ਇਸ ਸ਼ਹਿਰ ਨੂੰ ਤਕੜਾ ਕਰਨਾ ਚਾਹੀਦਾ ਹੈ ਅਤੇ ਸਾਰਾ ਜੰਗੀ ਸਮਾਨ, ਖਾਣਾ ਅਤੇ ਤਾਕਤ ਉੱਥੇ ਭੇਜ ਦੇਣੀ ਚਾਹੀਦੀ ਹੈ। ਮੈਡਰਿਡ ਹਫ਼ਤਾ ਵੀ ਨਹੀਂ ਟਿਕ ਸਕੇਗਾ।"

ਫਰਵਰੀ ਦੇ ਅਖ਼ੀਰ 'ਚ ਨੈਗਰਿਨ ਦਾ ਵਿਸ਼ਵਾਸ ਸੀ ਕਿ ਜੇ ਸਾਨੂੰ ਤਿੰਨ-ਚਾਰ ਹਫਤੇ ਲੜਾਈ ਤੋਂ ਰਾਹਤ ਮਿਲ ਜਾਵੇ ਤਾਂ ਅਸੀਂ ਸੱਤ-ਅੱਠ ਮਹੀਨੇ ਟਾਕਰਾ ਕਰ ਲਵਾਂਗੇ, ਇਹ ਦੁਸ਼ਮਣ ਦੀ ਫ਼ੌਜ ਲਈ ਪਛਾੜ ਸਾਬਤ ਹੋਵੇਗਾ। ਇਤਾਲਵੀ-ਜਰਮਨ ਦਖ਼ਲਅੰਦਾਜ਼ੀ ਪਹਿਲਾਂ ਹੀ ਬਾਗੀਆਂ ਦੇ ਮਨੋਂ ਲਹਿ ਰਹੀ ਸੀ। ਨੈਗਰਿਨ ਦਾ ਵੀ ਵਿਸ਼ਵਾਸ ਸੀ ਕਿ ਸਾਨੂੰ ਕੌਮਾਂਤਰੀ ਦ੍ਰਿਸ਼ ਉੱਪਰ ਹੋਣ ਵਾਲੀਆਂ ਤਬਦੀਲੀਆਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਜੋ ਗਣਰਾਜ ਦੀ ਹਾਲਤ ਲਈ ਸਾਜ਼ਗਾਰ ਕਾਰਕ ਬਣ ਸਕਦੀਆਂ ਹਨ।

ਬਾਕੀ ਫ਼ੌਜੀ ਮੁਖੀ ਸੋਚਦੇ ਸਨ ਕਿ ਫ਼ੌਜੀ ਨਜ਼ਰੀਏ ਤੋਂ ਅਸੀਂ ਪੰਜ-ਛੇ ਮਹੀਨੇ ਟਾਕਰਾ ਕਰ ਲਵਾਂਗੇ ਪਰ ਸਪੇਨ ਨੂੰ ਐਸੀ ਮਜ਼ਬੂਤ, ਇਕਮੁੱਠ ਸਿਆਸੀ ਅਗਵਾਈ ਦੀ, ਐਸੀ ਮਜ਼ਬੂਤ ਤੇ ਵਫ਼ਦਾਰ ਕਮਾਨ ਦੀ ਅਤੇ ਮੁਹਾਜ਼ਾਂ ਅਤੇ ਪਿਛਵਾੜੇ ਨੂੰ ਭਾਂਜਵਾਦੀਆਂ ਅਤੇ ਭੰਨਤੋੜ ਕਰਨ

ਵਾਲਿਆਂ ਤੋਂ ਮੁਕਤ ਕਰਾਉਣ ਲਈ ਐਸੀ ਨੀਤੀ ਦੀ ਲੋੜ ਸੀ ਜੋ ਦਬਾਅ ਹੇਠ ਆ ਕੇ ਲਿਫੇ ਨਾ।

## [46]
## ਬੱਜਰ ਜੁਰਮ

ਗਣਰਾਜ ਦੀ ਰਾਖੀ ਕਰਨ ਦੀ ਸਾਡੀ ਸਪਸ਼ਟ ਅਤੇ ਦ੍ਰਿੜ ਪੁਜੀਸ਼ਨ ਦੇ ਉਲਟ, ਗਣਰਾਜ ਦੁਆਲੇ ਸਾਜ਼ਿਸ਼ੀਆਂ ਦਾ ਫੰਦਾ ਮਜ਼ਬੂਤ ਹੁੰਦਾ ਗਿਆ। ਫਰਵਰੀ ਦੇ ਅਖ਼ੀਰ 'ਚ, ਇਕ ਸਥਾਨਕ ਸੀ.ਐੱਨ.ਟੀ. ਆਗੂ ਨੇ ਸਾਡੇ ਸਾਥੀਆਂ ਨੂੰ ਖ਼ਬਰਦਾਰ ਕੀਤਾ ਕਿ ਸਾਡੇ ਪਾਰਟੀ ਦਫ਼ਤਰਾਂ 'ਤੇ ਹਮਲੇ ਦੀ ਯੋਜਨਾ ਬਣਾਈ ਜਾ ਰਹੀ ਸੀ। "ਮੈਂ ਇਨਕਲਾਬੀ ਹਾਂ," ਉਸ ਦਾ ਕਹਿਣਾ ਸੀ, "ਅਤੇ ਮੈਂ ਉਨ੍ਹਾਂ ਦੇ ਨਾਲ ਨਹੀਂ ਚੱਲ ਸਕਦਾ ਜਿਹੜੇ ਕੁਝ ਲੋਕ ਤੁਹਾਡੇ ਅਤੇ ਗਣਰਾਜ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੇ ਹਨ।"

ਉਸ ਨੇ ਸਾਨੂੰ ਦੱਸਿਆ ਕਿ ਕਿਵੇਂ ਕਮਿਊਨਿਸਟਾਂ ਦੇ ਘਰਾਂ ਉੱਤੇ ਨਿਗਾਹ ਰੱਖੀ ਜਾ ਰਹੀ ਸੀ ਅਤੇ ਹਮਲਾ ਕਦੋਂ ਹੋਣਾ ਸੀ। ਉਸ ਦਾ ਦਿੱਤਾ ਵੇਰਵਾ ਉਸ ਦੀ ਰਿਪੋਰਟ ਦੀ ਪ੍ਰੋੜਤਾ ਕਰਦਾ ਸੀ ਜਿਸ ਦੀ ਅਸੀਂ ਤੁਰੰਤ ਪੁਸ਼ਟੀ ਕਰ ਲਈ। ਸਾਵਧਾਨੀ ਵਜੋਂ, ਅਸੀਂ ਵੱਖ-ਵੱਖ ਪਾਰਟੀ ਜਥੇਬੰਦੀਆਂ ਦੀਆਂ ਇਮਾਰਤਾਂ ਦੀ ਰਾਖੀ ਦੇ ਇੰਤਜ਼ਾਮ ਕਰਨ ਦਾ ਅਤੇ ਕਿਸੇ ਵੀ ਹਮਲੇ ਤੋਂ ਚੁਕੰਨੇ ਰਹਿਕੇ ਟੱਕਰ ਲੈਣ ਦੀ ਤਿਆਰੀ ਕਰਨ ਦਾ ਫ਼ੈਸਲਾ ਕੀਤਾ। ਡੁਮਿੰਗੋ ਗਿਰੋਨ ਨੇ ਅਤੇ ਮੈਂ ਮੈਡਰਿਡ ਛੱਡ ਦਿੱਤਾ ਅਤੇ ਮੁਰਸੀਆ ਦੇ ਬਾਹਰਵਾਰ ਸਥਿਤ ਐੱਲ ਪਾਲਮਰ ਚਲੇ ਗਏ।

ਅਗਲੇ ਦਿਨ ਹੋਰ ਸਾਥੀ ਵੀ ਇੱਥੇ ਆ ਗਏ, ਇਨ੍ਹਾਂ 'ਚ ਪਲਮੀਰੋ ਤੋਗਲਿਆਤੀ ਵੀ ਸੀ, ਜਿਸ ਨੇ ਸਮੁੱਚੀ ਕੈਟਾਲਾਨ ਮੁਹਿੰਮ 'ਚ ਹਿੱਸਾ ਲਿਆ ਸੀ। ਲਗਾਤਾਰ ਵਧ ਰਹੇ ਖ਼ਤਰੇ ਦੇ ਬਾਵਜੂਦ ਉਹ ਆਪਣੇ ਸਾਥੀਆਂ ਨਾਲ ਸਾਡੀ ਮਦਦ ਉੱਤੇ ਮੈਡਰਿਡ ਆਇਆ ਸੀ, ਉਸ ਨੇ ਇਹ ਸਾਬਤ ਕਰ ਦਿਖਾਇਆ ਸੀ ਕਿ ਉਹ ਮਹਾਨ ਪ੍ਰੋਲੇਤਾਰੀ ਆਗੂ ਸੀ।

ਫਰਵਰੀ ਦੇ ਆਖ਼ਰੀ ਦਿਨਾਂ 'ਚ, ਨੈਗਰਿਨ ਨੇ ਆਪਣੀ ਰਿਹਾਇਸ਼ ਅਤੇ ਸਰਕਾਰ ਐਲਡਾ 'ਚ ਲਿਜਾਣ ਦਾ ਫ਼ੈਸਲਾ ਕੀਤਾ ਜੋ ਇਕ ਛੋਟੀ ਜਿਹੀ ਘਾਟੀ 'ਚ ਸਥਿਤ ਸੀ ਤੇ ਹਮਲੇ ਦੀ ਮਾਰ ਤੋਂ ਬਾਹਰ ਸੀ। ਸਰਕਾਰ ਅਤੇ ਟਰੇਡ ਯੂਨੀਅਨ ਦੇ ਆਗੂਆਂ ਦੇ ਮੈਡਰਿਡ ਛੱਡਕੇ ਚਲੇ ਜਾਣ ਤੋਂ ਬਾਦ (ਯੂ.ਜੀ.ਟੀ. ਵਾਲੇ ਨੈਗਰਿਨ ਦੇ ਨਾਲ ਐਲਡਾ ਚਲੇ ਗਏ, ਜਦੋਂਕਿ ਸੀ.ਐੱਨ.ਟੀ. ਵਾਲੇ ਮੁਰਸੀਆ ਚਲੇ ਗਏ ਸਨ) ਪੋਲਿਟ ਬਿਊਰੋ ਨੇ ਤੈਅ ਕੀਤਾ ਕਿ ਕਮਿਊਨਿਸਟ ਪਾਰਟੀ ਵੀ ਦੁਸ਼ਮਣ ਦੇ ਹਮਲੇ ਦੀ ਸੰਭਾਵਨਾ ਤੋਂ ਬਚਾਅ ਕਰਨ ਲਈ ਐੱਲ ਪਾਲਮਰ ਚਲੀ ਜਾਵੇ, ਕਿਉਂਕਿ ਜੇ ਪਾਰਟੀ ਲੀਡਰਸ਼ਿਪ ਅੱਡ-ਅੱਡ ਰਹੀ ਤਾਂ ਹਮਲਾ ਭਾਰੂ ਹੋ ਸਕਦਾ ਸੀ।

ਪਾਰਟੀ ਵੀ ਉਸ ਜਗ੍ਹਾ ਚਲੀ ਗਈ। ਜੋ ਐਲਡਾ 'ਚ ਸਰਕਾਰ ਦੀ ਰਿਹਾਇਸ਼ ਅਤੇ ਮੈਡਰਿਡ ਦੇ ਵਿਚਕਾਰ ਸੀ। ਇਹ ਇਸ ਲਈ ਕੀਤਾ ਗਿਆ ਤਾਂ ਜੋ ਸਾਨੂੰ ਸਰਕਾਰ ਦੇ ਫ਼ੈਸਲਿਆਂ ਦੀ ਖ਼ਬਰ ਫਟਾਫਟ ਮਿਲਦੀ ਰਹੇ ਅਤੇ ਅਸੀਂ ਰਾਜਧਾਨੀ 'ਚ ਕਾਰਵਾਈ ਕਰਨ ਦੀ ਤਿਆਰੀ 'ਚ ਰਹੀਏ। ਟੈਲੀਫ਼ੋਨ ਅਤੇ ਤਾਰ-ਸੰਚਾਰ ਪਹਿਲਾਂ ਹੀ ਮੁਸ਼ਕਲ ਹੋ ਗਿਆ ਸੀ।

ਪਹਿਲੀ ਮਾਰਚ ਨੂੰ, ਮੰਤਰੀਆਂ ਦੀ ਮੀਟਿੰਗ ਹੋਈ ਅਤੇ ਗਣਰਾਜ ਦੇ ਰਾਸ਼ਟਰਪਤੀ ਵਜੋਂ ਅਜ਼ਾਨਾ ਦੇ ਅਸਤੀਫ਼ੇ ਨੂੰ ਜਨਤਕ ਕਰ ਦੇਣ ਦੀ ਸਹਿਮਤੀ ਹੋ ਗਈ। ਇਸ ਮੀਟਿੰਗ 'ਚ, ਅਰਾਜਕਤਾਵਾਦੀ ਬਲੈਂਕੋ, ਉਸ ਦੇ ਮਗਰ ਹੀ ਪੇਨਾ, ਪਾਲਿਨੋ ਗੋਮੇਜ਼, ਬਿਲਬਾਓ ਅਤੇ ਵੇਲਾਓ ਨੇ ਨੈਗਰਿਨ ਉੱਤੇ ਕੈਸਾਡੋ ਨੂੰ ਕੇਂਦਰੀ ਕਮਾਂਡ ਤੋਂ ਹਟਾਉਣ ਦੀ ਯੋਜਨਾ ਬਣਾਉਣ ਦਾ ਦੋਸ਼ ਲਾ ਕੇ ਤਿੱਖਾ ਹਮਲਾ ਕੀਤਾ।

ਨੈਗਰਿਨ ਨਾਲ ਇਨ੍ਹਾਂ ਵਿਅਕਤੀਆਂ ਦੇ ਸੰਬੰਧਾਂ ਨੂੰ ਦੇਖਦਿਆਂ, ਇਹ ਸਮਝ ਪੈਂਦਾ ਸੀ ਕਿ ਇਹ ਹਮਲਾ ਖ਼ੁਦ ਨੈਗਰਿਨ ਦਾ ਬਹੁਤ ਹੀ ਚਲਾਕੀ ਨਾਲ ਘੜਿਆ ਨਾਟਕ ਸੀ ਜੋ ਕਮਿਊਨਿਸਟਾਂ ਨੂੰ ਇਹ ਦਿਖਾਉਣ ਲਈ ਕੀਤਾ ਗਿਆ ਸੀ ਕਿ ਕੈਸਾਡੋ ਉੱਤੇ ਹਰ ਕਿਸੇ ਨੂੰ ਭਰੋਸਾ ਸੀ। ਜੂਡਾਸ ਨੇ ਪਹਿਲਾਂ ਹੀ ਬਥੇਰਾ ਧਨ ਹਥਿਆ ਲਿਆ ਸੀ। ਭਾਵੇਂ ਸਾਡੀ ਮੌਜੂਦਗੀ 'ਚ ਉਸ ਦੀ ਹਾਸੋਹੀਣੀ ਹਮਾਇਤ ਕੀਤੀ ਜਾ ਰਹੀ ਸੀ, ਪਰ ਕਮਿਊਨਿਸਟਾਂ ਦਾ ਕੈਸਾਡੋ ਦੇ ਧੋਖੇਬਾਜ਼ ਹੋਣ ਬਾਰੇ ਨਿਰਣਾ ਦਰੁਸਤ ਸੀ ਜੋ ਬਾਦ 'ਚ ਉਸ ਵੱਲੋਂ ਫਰਾਂਕੋ ਮੂਹਰੇ ਸਪੇਨ ਦਾ ਆਤਮ-ਸਮਰਪਣ ਕਰਵਾਏ ਜਾਣ ਨਾਲ ਸਹੀ ਸਾਬਤ ਹੋਵੇਗਾ।

2 ਮਾਰਚ ਨੂੰ, ਮਾਰਟੀਨੇਜ਼ ਬੈਰੀਓ ਨੇ ਪੈਰਿਸ ਤੋਂ ਸਰਕਾਰ ਨੂੰ ਰਾਸ਼ਟਰਪਤੀ ਦਾ ਅਹੁਦਾ ਕਬੂਲ ਕਰ ਲੈਣ ਦਾ ਬਿਆਨ ਭੇਜਿਆ। ਸ਼ਰਤ ਇਹ ਲਾਈ ਗਈ ਸੀ ਕਿ ਨੈਗਰਿਨ ਸਾਰੇ ਸਪੇਨ ਵਾਸੀਆਂ ਦੀ ਖ਼ਾਤਰ "ਸਨਮਾਨਜਨਕ ਅਮਨ" ਲਈ ਗੱਲਬਾਤ ਤੁਰੰਤ ਚਲਾਵੇ, ਜਿਵੇਂ ਸੰਸਦ ਦੇ ਸਥਾਈ ਡੈਲੀਗੇਟਾਂ ਅਤੇ ਕਮਿਊਨਿਸਟਾਂ ਨੂੰ ਛੱਡਕੇ ਬਾਕੀ ਸਿਆਸੀ ਨੁਮਾਇੰਦਿਆਂ ਦੇ ਸਮਾਗਮ 'ਚ ਸਹਿਮਤੀ ਬਣੀ ਸੀ, ਕਮਿਊਨਿਸਟ ਇਸ ਸਮਾਗਮ 'ਚ ਸ਼ਾਮਲ ਨਹੀਂ ਸੀ ਹੋਏ ਕਿਉਂਕਿ ਉਨ੍ਹਾਂ ਨੂੰ ਸੱਦਿਆ ਨਹੀਂ ਗਿਆ ਸੀ।

ਉਸੇ ਦਿਨ, ਸਰਕਾਰੀ ਗਜ਼ਟ ਨੇ ਫ਼ੌਜ 'ਚ ਨਵੀਆਂ ਨਿਯੁਕਤੀਆਂ ਅਤੇ ਕੁਝ ਰੱਦੋ-ਬਦਲ ਦੀ ਖ਼ਬਰ ਛਾਪੀ, ਸਪਸ਼ਟ ਸੀ ਕਿ ਇਹ ਫ਼ੌਜ ਦੇ ਪ੍ਰਭਾਵ ਨੂੰ ਵਧਾਉਣ ਲਈ ਕੀਤੀਆਂ ਗਈਆਂ ਸਨ।

ਮੌਡੈਸਟੋ ਅਤੇ ਕੌਰਡਨ ਨੂੰ ਜਰਨੈਲ, ਜਦੋਂਕਿ ਲਿਸਟਰ, ਗਾਲਨ ਅਤੇ ਮਾਰਕੁਏਜ਼ ਨੂੰ ਕਰਨਲ ਬਣਾਇਆ ਗਿਆ ਸੀ। ਕੈਸਾਡੋ ਨੂੰ ਜਰਨੈਲ ਬਣਾ ਦਿੱਤਾ ਗਿਆ, ਅਤੇ ਮੈਟਲਾਨਾ ਨੂੰ ਚੀਫ਼ ਆਫ ਸਟਾਫ਼ ਨਾਮਜ਼ਦ ਕੀਤਾ ਗਿਆ। ਕਰਨਲ ਮੁਏਡਰਾ ਨੂੰ ਜ਼ਮੀਨੀ ਫ਼ੌਜ ਦਾ ਅਧੀਨ ਸਕੱਤਰ ਬਣਾਇਆ ਗਿਆ ਅਤੇ ਕਰਨਲ ਗੈਰੀਜੋ ਨੂੰ ਮਿਆਜਾ ਦੇ ਹੁਕਮਾਂ ਅਧੀਨ ਰੱਖਿਆ ਗਿਆ, ਜਿਸ ਨੂੰ ਹਥਿਆਰਬੰਦ ਤਾਕਤਾਂ ਦੇ ਸੁਪਰੀਮ ਮੁਖੀ ਦੀ ਜ਼ਿੰਮੇਵਾਰੀ ਤੋਂ ਹਟਾ ਦਿੱਤਾ ਗਿਆ, ਅਤੇ ਉਸ ਨੂੰ ਜ਼ਮੀਨੀ, ਸਮੁੰਦਰੀ ਅਤੇ ਹਵਾਈ ਫ਼ੌਜ ਦੇ ਦਸਤਿਆਂ ਦਾ ਇੰਸਪੈਕਟਰ ਨਾਮਜ਼ਦ ਕੀਤਾ ਗਿਆ। ਫਰਾਂਸਿਸਕੋ ਗਾਲਨ ਨੂੰ ਕਾਰਟਾਜੇਨਾ ਦੇ ਸਮੁੰਦਰੀ ਫ਼ੌਜ ਦੇ ਅੱਡੇ ਦਾ ਮੁਖੀ ਨਿਯੁਕਤ ਕੀਤਾ ਗਿਆ (ਜਦੋਂ ਉਹ ਕਮਾਨ ਸਾਂਭਣ ਲਈ ਉੱਥੇ ਗਿਆ ਤਾਂ ਬਾਗ਼ੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ)। ਕੁਝ ਘੱਟ ਮਹੱਤਤਾ ਵਾਲੀ ਰੱਦੋ-ਬਦਲ ਵੀ ਕੀਤੀ ਗਈ ਸੀ, ਇਨ੍ਹਾਂ 'ਚ ਸਨ ਏਟੈਲਵਿਨੋ ਵੈਗਾ, ਕੁਰਟੋ ਅਤੇ ਮੈਂਡੀਓਲਾ ਦੀਆਂ ਐਲੀਕੈਂਟੇ, ਮੁਰਸੀਆ ਅਤੇ ਐਲਬਾਸੇਟੀ ਕਮਾਂਡਾਂ 'ਚ ਨਿਯੁਕਤੀਆਂ।

ਜੇ ਇਹ ਤਬਦੀਲੀਆਂ ਪਹਿਲਾਂ ਕਰ ਲਈਆਂ ਜਾਂਦੀਆਂ, ਇਹ ਹਾਲਤ ਨੂੰ ਸੁਧਾਰ ਸਕਦੀਆਂ ਸਨ, ਪਰ ਉਸ ਵਕਤ, ਜਦੋਂ ਗੋਡੇਟੇਕੂ ਰੁਝਾਨ ਅਡੋਲ ਅੱਗੇ ਵਧ ਰਿਹਾ ਸੀ, ਓਦੋਂ, ਜੇ ਘੱਟੋ-ਘੱਟ ਵੀ ਕਹਿਣਾ ਹੋਵੇ, ਤਾਂ ਇਹ ਹਾਲਤ ਨੂੰ ਵਿਗਾੜ ਹੀ ਰਹੀਆਂ ਸਨ। ਤਰੱਕੀਆਂ

ਆਪਣੇ ਆਪ 'ਚ ਹਾਲਤ ਨੂੰ ਸੁਧਾਰਨ ਦਾ ਜ਼ਰੀਆ ਨਹੀਂ ਹੋ ਸਕਦੀਆਂ ਸਨ; ਅਸਲ ਵਿਚ, ਸਾਡੀ ਲੋੜ ਇਹ ਸੀ ਕਿ ਕਿਸੇ ਵੀ ਕੀਮਤ 'ਤੇ ਗਣਰਾਜ ਦੀ ਰਾਖੀ ਲਈ ਦ੍ਰਿੜ ਵਫ਼ਾਦਾਰ ਯੋਧਿਆਂ ਨੂੰ ਫ਼ੌਜ ਦੇ ਮੁਖੀ ਬਣਾਇਆ ਜਾਵੇ ਚਾਹੇ ਅਧਿਕਾਰਤ ਤੌਰ 'ਤੇ ਉਨ੍ਹਾਂ ਨੂੰ ਨਾਮਜ਼ਦ ਕੀਤਾ ਗਿਆ ਸੀ ਜਾਂ ਨਹੀਂ।

ਇਨ੍ਹਾਂ ਨਿਯੁਕਤੀਆਂ ਨਾਲ ਸਾਜ਼ਿਸ਼ੀਆਂ ਨੂੰ ਅੱਗ ਲੱਗ ਗਈ, ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਦੀਆਂ ਯੋਜਨਾਵਾਂ ਹੁਣ ਅਸਫ਼ਲ ਹੋ ਜਾਣਗੀਆਂ। ਪਰ ਉਨ੍ਹਾਂ ਦੀ ਮਦਦ ਲਈ ਐਸਾ ਸੰਗੀ ਬਹੁੜ ਪਿਆ ਜਿਸ ਬਾਰੇ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ। ਨੈਗਰਿਨ ਨੇ ਖ਼ੁਦ ਹੀ ਨਵੇਂ ਨਿਯੁਕਤ ਕੀਤੇ ਕਮਾਂਡਰਾਂ ਨੂੰ ਅਹੁਦੇ ਸੰਭਾਲਣ ਤੋਂ ਵਰਜ਼ ਦਿੱਤਾ ਜਿਸ ਦੀ ਕੋਈ ਵਿਆਖਿਆ ਹੀ ਨਹੀਂ ਸੀ। ਨੈਗਰਿਨ ਦੇ ਹੁਕਮਾਂ 'ਤੇ, ਫਰਾਂਸ ਤੋਂ ਆ ਰਹੇ ਸਾਰੇ ਹੀ ਸਿਆਸੀ ਤੇ ਫ਼ੌਜੀ ਆਗੂ ਜ਼ਿੰਮੇਵਾਰੀਆਂ ਸੰਭਾਲਣ ਦੀ ਉਡੀਕ 'ਚ ਐਲਡਾ 'ਚ ਇਕੱਠੇ ਹੋ ਰਹੇ ਸਨ, ਇਹ ਅਮਲ ਕਦੇ ਵੀ ਸਾਕਾਰ ਨਾ ਹੋਇਆ।

ਚਾਰ ਮਾਰਚ ਨੂੰ, ਕਾਰਟਾਜੇਨਾ ਦੇ ਫ਼ੌਜੀ ਅੱਡੇ 'ਤੇ ਬਗ਼ਾਵਤ ਹੋ ਗਈ। ਅਸੀਂ ਤੁਰੰਤ ਐਲਡਾ 'ਚ ਸਰਕਾਰ ਨੂੰ ਇਸ ਦੀ ਇਤਲਾਹ ਦਿੱਤੀ ਅਤੇ ਲੋਕ ਫ਼ੌਜ ਦੀ ਡਿਵੀਜ਼ਨ ਰੌਡਰਿਗੁਏਜ਼ ਅਤੇ ਕਾਮੀਸਾਰ ਲੈਨੋਸ ਦੀ ਕਮਾਨ ਹੇਠ ਕਾਰਟਾਜੇਨਾ ਭੇਜ ਦਿੱਤੀ ਗਈ। ਬਗ਼ਾਵਤ ਫੁਰਤੀ ਨਾਲ ਦਬਾ ਦਿੱਤੀ ਗਈ, ਪਰ ਜੰਗੀ ਸਮੁੰਦਰੀ ਬੇੜਾ ਅਫ਼ਰੀਕਾ ਵੱਲ ਚਲਾ ਗਿਆ।

ਪੋਲਿਟ ਬਿਊਰੋ ਨੇ ਪੰਜ ਮਾਰਚ ਨੂੰ ਸਾਥੀ ਡੈਲੀਕੈਡੋ ਅਤੇ ਮੈਨੂੰ ਐਲਡਾ ਭੇਜਣ ਦਾ ਫ਼ੈਸਲਾ ਕੀਤਾ ਤਾਂ ਜੋ ਸਰਕਾਰ ਨੂੰ ਕਾਰਟਾਜੇਨਾ ਦੀਆਂ ਘਟਨਾਵਾਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਜਾ ਸਕੇ।

ਜਦੋਂ ਅਸੀਂ ਮੁਰਸੀਆ ਤੋਂ ਜਾਣ ਲੱਗੇ, ਤਾਂ ਸਾਨੂੰ ਅਸਾਲਟ ਗਾਰਡਾਂ ਨੇ ਰੋਕ ਲਿਆ। ਜਦੋਂ ਉਨ੍ਹਾਂ ਨੇ ਸਾਨੂੰ ਪਛਾਣ ਲਿਆ, ਤਾਂ ਕਹਿਣ ਲੱਗੇ: "ਲੰਘ ਜਾਉ! ਤੁਸੀਂ ਸਹੀ ਲੋਕ ਹੋ। ਤੁਸੀਂ ਜਾ ਸਕਦੇ ਹੋ!"

"ਕੀ ਹੋ ਰਿਹੈ?" ਮੈਂ ਪੁੱਛਿਆ।

"ਅਸੀਂ ਨਹੀਂ ਜਾਣਦੇ, ਪਰ ਸਾਨੂੰ ਹੁਕਮ ਹੈ ਕਿਸੇ ਨੂੰ ਮੁਰਸੀਆ ਤੋਂ ਜਾਣ ਨਾ ਦਿਉ।"

ਹੁਕਮ ਮੁਰਸੀਆ ਦੇ ਸਮਾਜਵਾਦੀ ਰਾਜਪਾਲ ਯੁਸਟਾਸੀਓ ਕੈਨਸ ਨੇ ਦਿੱਤਾ ਸੀ। ਅਸਾਲਟ ਗਾਰਡਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ ਕਿ ਕੈਨਸ ਵੱਲੋਂ ਇਹ ਕਮਿਊਨਿਸਟਾਂ ਨੂੰ ਉੱਥੋਂ ਨਿਕਲਣ ਤੋਂ ਰੋਕਣ ਲਈ ਕੀਤਾ ਸੀ। ਮੁਰਸੀਆ ਪੁਲਿਸ ਨੂੰ ਪਤਾ ਸੀ ਅਸੀਂ ਕਿੱਥੇ ਠਹਿਰੇ ਹੋਏ ਸਾਂ। ਕੈਨਸ ਨਾਲ ਮਿਲਕੇ ਸਾਜ਼ਿਸ਼ੀਆਂ ਦੀ ਯੋਜਨਾ ਹੋਰ ਸੀ। ਉਹ ਕੇਂਦਰੀ-ਦੱਖਣੀ ਖੇਤਰ ਦੇ ਕਮਿਊਨਿਸਟ ਆਗੂਆਂ ਅਤੇ ਯੂਨਾਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਦੇ ਆਗੂਆਂ ਦੇ ਰੂਪ 'ਚ ਫਰਾਂਕੋ ਨੂੰ ਤੋਹਫਾ ਭੇਂਟ ਕਰਕੇ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਉਹ ਵਧੀਆ ਕਮਿਊਨਿਸਟ ਵਿਰੋਧੀ ਹਨ, ਜਿਵੇਂ ਉਨ੍ਹਾਂ ਨੇ ਡੁਮਿੰਗੋ ਗਿਰੋਨ, ਐਸਕੈਸੀਓ, ਕੈਜ਼ੋਰਲਾ, ਮੇਸਨ ਅਤੇ ਅਨੇਕਾਂ ਹੋਰ ਨਾ ਭੁਲਾਏ ਜਾ ਸਕਣ ਵਾਲੇ ਸਾਥੀਆਂ ਦੇ ਸੰਬੰਧ 'ਚ ਕੀਤਾ ਸੀ। ਵਫ਼ਾਦਾਰ ਅਸਾਲਟ ਗਾਰਡਾਂ ਦੀ ਮਿਹਰਬਾਨੀ ਨਾਲ ਅਸੀਂ ਐਲਡਾ ਪਹੁੰਚ ਗਏ, ਜਿੱਥੇ ਯੂਰਾਈਬ ਨੇ ਖੇਤੀਬਾੜੀ ਮੰਤਰਾਲੇ ਦਾ ਦਫ਼ਤਰ ਬਣਾਇਆ ਹੋਇਆ ਸੀ। ਸਾਨੂੰ ਮੰਤਰੀ ਮੰਡਲ ਦੀ ਮੀਟਿੰਗ ਖ਼ਤਮ ਹੋਣ ਤੱਕ ਉਡੀਕਣਾ ਪਿਆ, ਜੋ ਪਹਿਲਾਂ ਹੀ ਕਈ ਘੰਟਿਆਂ ਤੋਂ ਚੱਲ ਰਹੀ ਸੀ। ਸਾਡੇ ਆਉਣ ਤੋਂ ਛੇਤੀ ਬਾਦ ਯੂਰਾਈਬ ਸਾਨੂੰ ਤੇ ਸਰਕਾਰ ਨੂੰ ਬਗ਼ਾਵਤ ਦੇ ਉਸ ਮਾਹੌਲ ਦੀ ਜਾਣਕਾਰੀ

ਦੇਣ ਲਈ ਵੇਲੈਂਸੀਆ ਤੋਂ ਆ ਗਿਆ ਜੋ ਉਸ ਖੇਤਰ 'ਚ ਕਰਨਲ ਮੁਏਡਰਾ ਅਤੇ ਗੋਰਿਜੋ ਦੀ ਅਗਵਾਈ ਹੇਠ ਸਿਰਜਿਆ ਜਾ ਰਿਹਾ ਸੀ। ਅਸੀਂ ਇਨ੍ਹਾਂ ਵਿਅਕਤੀਆਂ ਦੀ ਵਾਰ-ਵਾਰ ਨਿਖੇਧੀ ਕਰਦੇ ਰਹੇ ਸਾਂ, ਅਤੇ ਹੁਣ ਉਹ ਫਰਾਂਕੋ ਦੇ ਏਜੰਟਾਂ ਵਜੋਂ ਆਪਣੀ ਅਸਲ ਭੂਮਿਕਾ 'ਚ ਸਾਹਮਣੇ ਆ ਗਏ ਸਨ। ਲਿਸਟਰ ਅਤੇ ਮੋਡੈਸਟੋ ਵੀ ਆ ਕੇ ਨੈਗਰਿਨ ਦੇ ਹੁਕਮਾਂ ਦੀ ਇੰਤਜ਼ਾਰ ਕਰਨ ਲੱਗੇ।

5 ਮਾਰਚ ਦੀ ਦੁਪਹਿਰ ਨੂੰ, ਰੇਡੀਓ ਨੇ ਐਲਾਨ ਕੀਤਾ ਕਿ ਸ਼ਾਮ ਨੂੰ ਕੈਸਾਡੋ ਰੇਡੀਓ ਉੱਤੇ ਸੰਦੇਸ਼ ਦੇਵੇਗਾ। ਉਹ ਵੱਡੀ ਗਿਣਤੀ ਪੇਸ਼ਾਵਰ ਫ਼ੌਜੀਆਂ ਨੂੰ ਇਹ ਝੂਠ ਬੋਲਕੇ ਸਰਕਾਰ ਤੋਂ ਦੂਰ ਕਰਨ 'ਚ ਕਾਮਯਾਬ ਹੋ ਗਿਆ ਸੀ ਕਿ ਉਨ੍ਹਾਂ ਨੂੰ ਅਹੁਦਿਆਂ ਤੋਂ ਲਾਹ ਦਿੱਤਾ ਗਿਆ ਹੈ।

ਮਲੱਗਾ ਮੁਹਾਜ਼ ਦੇ ਕੈਬਰੇਰਾ, ਜੋ ਹੁਣ ਮੈਡਰਿਡ ਦਾ ਫ਼ੌਜੀ ਕਮਾਂਡਰ ਸੀ, ਨੇ ਹੁਕਮ ਦਿੱਤਾ ਸੀ ਕਿ ਪੋਲਿਟ ਬਿਊਰੋ ਦੇ ਮੈਂਬਰਾਂ ਨੂੰ "ਪੰਜਵੇਂ ਕਾਲਮ (ਦੇਸ਼ਧ੍ਰੋਹੀਆਂ) ਦੇ ਸੰਭਾਵੀ ਹਮਲੇ ਤੋਂ ਬਚਾਉਣ ਲਈ" ਸੁਰੱਖਿਆ ਹੇਠ ਰੱਖਿਆ ਜਾਵੇ। ਅਸਲ 'ਚ ਉਹ ਦੰਭੀ ਤੇ ਬੁਜ਼ਦਿਲ ਸੀ।

ਉਸੇ ਦੁਪਹਿਰ ਕੈਸਾਡੋ, ਜਿਸਨੇ ਜਰਨੈਲ ਦੇ ਰੂਪ 'ਚ ਤਰੱਕੀ ਨੂੰ ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ ਸੀ, ਨੇ ਕੇਂਦਰੀ ਕਮਾਨ ਨਾਲ ਮੀਟਿੰਗ ਕੀਤੀ ਅਤੇ ਆਪਣੀ ਯੋਜਨਾ ਨੂੰ ਅੰਤਮ ਛੋਹਾਂ ਦਿੱਤੀਆਂ।

ਉਸੇ ਸ਼ਾਮ, ਜਦੋਂ ਮੰਤਰੀ ਮੰਡਲ ਦੇ ਸਮਾਗਮ 'ਚ ਕਾਰਟਾਜੇਨਾ ਦੀ ਬਗ਼ਾਵਤ ਅਤੇ ਥੋੜ੍ਹੇ ਸਮੇਂ ਬਾਦ ਨੈਗਰਿਨ ਵੱਲੋਂ ਕੀਤੇ ਜਾਣ ਵਾਲੀ ਰੇਡੀਓ ਤਕਰੀਰ ਬਾਰੇ ਵਿਚਾਰ-ਚਰਚਾ ਚੱਲ ਰਹੀ ਸੀ, ਤਾਂ ਰੇਡੀਓ ਨੇ ਖ਼ਬਰ ਪ੍ਰਸਾਰਤ ਕਰ ਦਿੱਤੀ ਕਿ ਕਰਨਲ ਕੈਸਾਡੋ ਨੇ ਬਗ਼ਾਵਤ ਕਰ ਦਿੱਤੀ ਹੈ।

ਨੈਗਰਿਨ ਨੇ ਕੈਸਾਡੋ ਨਾਲ ਮੈਡਰਿਡ 'ਚ ਟੈਲੀਫ਼ੋਨ 'ਤੇ ਸੰਪਰਕ ਕੀਤਾ :

"ਏਥੇ ਕੀ ਹੋ ਰਿਹਾ ?" ਨੈਗਰਿਨ ਨੇ ਪੁੱਛਿਆ।

"ਅਸੀਂ ਬਗ਼ਾਵਤ ਕਰ ਦਿੱਤੀ ਹੈ !" ਕੈਸਾਡੋ ਨੇ ਜਵਾਬ ਦਿੱਤਾ।

"ਕਿਸ ਦੇ ਖ਼ਿਲਾਫ਼ ?"

"ਤੇਰੇ ਖ਼ਿਲਾਫ਼ !"

"ਮੇਰੇ ਖ਼ਿਲਾਫ਼ ? ਤੈਨੂੰ ਬਰਖ਼ਾਸਤ ਕੀਤਾ ਜਾਂਦਾ ਹੈ !"

"ਮੈਨੂੰ ਇਹੀ ਆਸ ਸੀ !"

ਕੈਸਾਡੋ ਨੇ ਫ਼ੋਨ ਕੱਟ ਦਿੱਤਾ। ਨੈਗਰਿਨ ਨੇ ਸਮਾਗਮ ਚਲਾਉਣ ਦੀ ਕੋਸ਼ਿਸ਼ ਕੀਤੀ, ਜਿਵੇਂ ਕੁਝ ਹੋਇਆ ਹੀ ਨਹੀਂ ਸੀ, ਪਰ ਯੂਰਾਈਬ ਨੇ ਮੰਗ ਕੀਤੀ ਕਿ ਬਗ਼ਾਵਤ ਨੂੰ ਦਬਾਉਣ ਲਈ ਤੁਰੰਤ ਸਾਰੇ ਕਦਮ ਚੁੱਕੇ ਜਾਣ ਜੋ ਇਸ ਸਮੇਂ ਲੋੜੀਂਦੇ ਹਨ।

ਸਵੇਰ ਨੂੰ ਨੈਗਰਿਨ ਸਾਨੂੰ ਮਿਲਣ ਆਇਆ। ਅਸੀਂ ਲੋਕਾਂ ਨੂੰ ਅਤੇ ਫ਼ੌਜ ਨੂੰ ਹਾਲਤ ਬਾਰੇ ਜਾਣੂੰ ਕਰਾਉਣ ਦੀ ਲੋੜ ਬਾਰੇ ਨੈਗਰਿਨ ਨਾਲ ਵਿਚਾਰ-ਚਰਚਾ ਕੀਤੀ। ਪਹਿਲਾਂ ਉਸ ਨੇ ਨਾਂਹ ਕਰ ਦਿੱਤੀ, ਪਰ ਅਖ਼ੀਰ ਉਹ ਸੰਖੇਪ ਤਕਰੀਰ ਕਰਨੀ ਮੰਨ ਗਿਆ। ਪ੍ਰਧਾਨ ਮੰਤਰੀ ਦੇ ਸਕੱਤਰ, ਬੈਨਿਗਨੋ ਨੇ ਇਹ ਤਕਰੀਰ ਪ੍ਰਸਾਰਤ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਰੇਡੀਓ ਵਿਵਸਥਾ ਤਹਿਸ਼-ਨਹਿਸ਼ ਕਰ ਦਿੱਤੀ ਗਈ ਸੀ। ਕਿਉਂਕਿ ਇਸ ਵਕਤ, ਐਲਡਾ 'ਚ ਹਾਲਤ ਖ਼ਤਰਨਾਕ ਬਣਦੀ ਜਾ ਰਹੀ ਸੀ, ਸਾਥੀਆਂ ਨੇ ਤੈਅ ਕੀਤਾ ਕਿ ਮੈਂ ਸਪੇਨ ਛੱਡ ਦਿਆਂ। ਮੈਂ ਆਪਣੀਆਂ

ਦਲੀਲਾਂ ਦੇ ਕੇ ਨਾਂਹ ਕਰਦੀ ਰਹੀ, ਪਰ ਕੋਈ ਫ਼ਾਇਦਾ ਨਹੀਂ ਸੀ। ਪਾਰਟੀ ਨੇ ਤੈਅ ਕਰ ਲਿਆ ਸੀ ਕਿ ਮੈਂ ਚਲੀ ਜਾਵਾਂ, ਅਤੇ ਮੈਂ ਜਾਣ ਦਾ ਫ਼ੈਸਲਾ ਲੈ ਲਿਆ।

ਅਸੀਂ ਹਾਰ ਗਏ ਸੀ। ਬੇਜ਼ਮੀਰੇ ਵਿਅਕਤੀਆਂ ਦੀਆਂ ਸਾਜ਼ਿਸ਼ਾਂ ਅਤੇ ਵੱਡੀਆਂ ਤਾਕਤਾਂ ਦੇ ਦਬਾਅ ਹੇਠ ਟਾਕਰਾ ਖ਼ਤਮ ਹੋ ਗਿਆ ਸੀ ਅਤੇ ਇਹ ਸਪੇਨ ਦੀ ਰਾਖੀ ਕਰਨ ਅਤੇ ਆਪਣੇ ਵਤਨ ਨੂੰ ਜਮਹੂਰੀਅਤ ਤੇ ਅਮਨ ਦੇ ਖ਼ੇਮੇ 'ਚ ਰੱਖਣ ਦੀ ਲੋਕ ਇੱਛਾ 'ਤੇ ਭਾਰੂ ਪੈ ਗਏ ਸਨ।

ਫਿਰ ਵੀ, ਸਾਡੀ ਲੜਾਈ ਅਜਾਈਂ ਨਹੀਂ ਸੀ ਗਈ। ਲੜਨ ਤੋਂ ਨਾਂਹ ਐਨੀ ਨਮੋਸ਼ੀ ਭਰੀ ਹੋਣੀ ਸੀ ਕਿ ਨਾ ਲੋਕਾਂ ਨੇ ਸਾਨੂੰ ਕਦੇ ਮਾਫ਼ ਕਰਨਾ ਸੀ ਅਤੇ ਨਾ ਇਤਹਾਸ ਨੇ।

ਸਾਨੂੰ ਸਪੇਨ ਛੱਡਣਾ ਪਿਆ, ਜਲਾਵਤਨ ਹੋਣਾ ਪਿਆ, ਸਾਡੇ ਲਈ ਪਿਆਰੇ ਸਭ ਕਾਸੇ ਤੋਂ ਦੂਰ। ਤਾਂ ਕੀ ਹੋਇਆ! ਅਸੀਂ ਫਰਜ਼ ਨਿਭਾਇਆ ਸੀ ਅਤੇ ਲੋਕ ਸਮਝ ਜਾਣਗੇ।

ਇਸ ਵਕਤ, ਸਾਥੀ ਜੀਨ ਕੈਟੇਲਸ ਆ ਗਿਆ। ਉਹ ਫਰਾਂਸ ਦਾ ਡਿਪਟੀ ਸੀ ਜੋ ਫਰਾਂਸ ਦੀਆਂ ਹਮਦਰਦ ਜਥੇਬੰਦੀਆਂ ਵੱਲੋਂ ਕੇਂਦਰੀ-ਦੱਖਣੀ ਖੇਤਰ 'ਚ ਮਦਦ ਜੁਟਾ ਰਿਹਾ ਸੀ। ਬਾਦ 'ਚ ਨਾਜ਼ੀਵਾਦ ਦੇ ਖ਼ਿਲਾਫ਼ ਫਰਾਂਸੀਸੀ ਟਾਕਰੇ 'ਚ ਸ਼ਮੂਲੀਅਤ ਦੇ ਜੁਰਮ 'ਚ, ਗੈਸਟਾਪੋ ਨੇ ਉਸ ਦਾ ਸਿਰ ਲਾਹ ਦਿੱਤਾ ਸੀ।

ਉਨ੍ਹਾਂ ਸਾਥੀਆਂ ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਸੀ ਜਿਨ੍ਹਾਂ ਨੇ ਪਿੱਛੇ ਰਹਿਣਾ ਸੀ। ਉਨ੍ਹਾਂ ਨੂੰ ਕੀ ਕਹਾਂ ? ਚੇਕਾ, ਤੋਗਲਿਆਤੀ, ਪਿਆਰੇ ਦੋਸਤਾਂ ਨੂੰ ? ਕੀ ਅਸੀਂ ਦੁਬਾਰਾ ਇਕ ਦੂਜੇ ਨੂੰ ਮਿਲ ਸਕਾਂਗੇ ?

ਇਰੀਨ ਦਾ ਕੀ ਬਣੇਗਾ, ਜਿਸ ਨੂੰ ਅਲਬਾਸੇਟੀ ਭੇਜਿਆ ਸੀ, ਅਤੇ ਹਾਲੇ ਤੱਕ ਨਹੀਂ ਸੀ ਮੁੜੀ ? ਕੀ ਉਹ ਮਹਿਫ਼ੂਜ਼ ਸੀ ? ਸਾਡੇ ਸਾਰੇ ਸਾਥੀਆਂ ਦਾ, ਸਪੇਨ ਦਾ, ਲੋਕਾਂ ਦਾ ਕੀ ਬਣੇਗਾ ?

ਮੈਂ ਆਪਣੀਆਂ ਸਾਰੀਆਂ ਚੀਜ਼ਾਂ ਘਰ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਦੇ ਦਿੱਤੀਆਂ— ਆਪਣੀ ਨਵੀਂ ਪੁਸ਼ਾਕ; ਮੈਡਰਿਡ ਦੇ ਸਾਥੀਆਂ ਦਾ ਤੋਹਫਾ, ਨਵੀਂ ਜੁੱਤੀ; ਅਲਮਡੇਨ ਦੀਆਂ ਔਰਤਾਂ ਦੀ ਯਾਦ, ਸਿਲਕੀ ਰੁਮਾਲ। ਬਲਾਸਕੋ ਇਬਾਨੇਜ਼ ਦੀ *ਲਾ ਬਰਾਕਾ* ਦਾ ਨਿਰਾਲਾ ਐਡੀਸ਼ਨ ਮੈਨੂੰ ਸਾੜਨਾ ਪਿਆ, ਇਹ ਜੂਲੀਓ ਜਾਸਟ ਵੱਲੋਂ ਨਿੱਜੀ ਸਮਰਪਿਤ ਕਰਕੇ ਦਿੱਤਾ ਤੋਹਫ਼ਾ ਸੀ, ਮੈਂ ਨਹੀਂ ਸੀ ਚਾਹੁੰਦੀ ਇਹ ਦੁਸ਼ਮਣ ਦੇ ਹੱਥ ਆਵੇ ਅਤੇ ਤੋਹਫ਼ਾ ਦੇਣ ਵਾਲੇ ਨੂੰ ਖ਼ਤਰਾ ਖੜ੍ਹਾ ਹੋਵੇ।

ਅਸੀਂ ਮੋਨੋਵਰ ਦੇ ਹਵਾਈ ਅੱਡੇ 'ਤੇ ਪਹੁੰਚੇ। ਹਿਡਾਲਗੋ ਡੀ ਸਿਸਨੈਰੋ ਨੇ ਕੁਝ ਛੋਟੇ ਹਵਾਈ ਜਹਾਜ਼ ਸਰਕਾਰ ਦੀ ਵਰਤੋਂ ਲਈ ਰਾਖਵੇਂ ਰੱਖੇ ਹੋਏ ਸਨ ਅਤੇ ਇਕ ਸਾਨੂੰ ਦੇ ਦਿੱਤਾ ਗਿਆ। ਉਹ ਸਰਕਾਰ ਅਤੇ ਕਮਿਊਨਿਸਟ ਪਾਰਟੀ ਦੇ ਫ਼ੌਜੀ ਅਤੇ ਸਿਆਸੀ ਆਗੂਆਂ ਦੇ ਜਾਣ ਤੱਕ ਸਪੇਨ 'ਚ ਹੀ ਰਿਹਾ।

ਛਾਪਾਮਾਰਾਂ ਦੀ ਇਕ ਟੋਲੀ ਸਾਨੂੰ ਅਲਵਿਦਾ ਕਹਿਣ ਆਈ। "ਸੁਭਾਗੀ ਹੋਵੇਂ, ਸਾਥੀ ਪੈਸੀਓਨਾਰੀਆ! ਫਿਰ ਮਿਲਾਂਗੇ!"

ਮੈਂ ਉਨ੍ਹਾਂ ਸਾਰਿਆਂ ਨੂੰ ਗਲ ਲੱਗ ਕੇ ਮਿਲੀ। ਉਹ ਮੇਰੇ ਸਾਥੀ, ਦੋਸਤ ਅਤੇ ਪੁੱਤਰ ਸਨ। ਮੈਂ ਜਾਣਦੀ ਸੀ ਮੈਂ ਉਨ੍ਹਾਂ 'ਚੋਂ ਕਈਆਂ ਨੂੰ ਕਦੇ ਮਿਲ ਨਹੀਂ ਸਕਣਾ; ਅਤੇ ਕੌਣ ਜਾਣਦਾ ਸੀ ਬਾਕੀਆਂ ਨੂੰ ਮੈਂ ਕਦੋਂ ਮਿਲ ਸਕਾਂਗੀ ?

ਮੇਰੇ ਨਾਲ ਕੈਟੇਲਸ, ਮੈਨਜ਼ੋਨ, ਮੋਰੈਨੋ ਅਤੇ ਇਕ ਹਵਾਈ ਮਾਹਰ, ਪਾਰਟੀ ਮੈਂਬਰ ਗਏ। ਹਵਾਈ ਮਾਹਰ ਨੇ ਹਵਾਈ ਜਹਾਜ਼ ਦੇ ਦਰਵਾਜ਼ੇ ਬੰਦ ਕੀਤੇ। ਹਵਾਈ ਜਹਾਜ਼ ਦਾ ਪ੍ਰੋਪੈਲਰ

ਘੁੰਮਣਾ ਸ਼ੁਰੂ ਹੋ ਗਿਆ ਅਤੇ ਜਹਾਜ਼ ਮੁਕਤ ਸਪੇਨੀ ਖੇਤਰ ਦੀ ਆਖ਼ਰੀ ਪੱਟੀ 'ਤੇ ਰਿੜ੍ਹਨਾ ਸ਼ੁਰੂ ਹੋ ਗਿਆ।

ਛਾਪਾਮਾਰ ਕਤਾਰਾਂ 'ਚ ਖੜ੍ਹੇ ਸਨ। ਫਿਰ ਉਹ ਇਕਦਮ ਖਿੰਡ ਗਏ। ਇਹ ਸੀ ਸਪੇਨ ਦੀ ਆਖ਼ਰੀ ਝਲਕ ਜੋ ਮੇਰੇ ਨਾਲ ਗਈ—ਹੇਠਾਂ ਸਲਾਮੀ ਦੇਣ ਲਈ ਬੰਦੂਕਾਂ ਚੁੱਕੀ ਖੜ੍ਹੇ ਛਾਪਾਮਾਰਾਂ ਦਾ ਦ੍ਰਿਸ਼।

ਕੁਝ ਘੰਟੇ ਬਾਦ ਸਰਕਾਰ ਨੇ ਸਪੇਨ ਛੱਡ ਦਿੱਤਾ। ਸਾਥੀ ਚੇਕਾ ਅਤੇ ਤੋਗਲਿਆਤੀ ਫ਼ੌਜ ਨੂੰ ਬਿਲਕੁਲ ਖੇਰੂੰ-ਖੇਰੂੰ ਹੋ ਜਾਣ ਤੋਂ ਬਚਾਉਣ ਲਈ ਅਤੇ ਐਲੀਕੈਂਟੇ ਬੰਦਰਗਾਹ ਦੇ ਰਸਤਿਉਂ ਉਨ੍ਹਾਂ ਦੇ ਸੁਰੱਖਿਅਤ ਨਿਕਲਣ ਦੇ ਇੰਤਜ਼ਾਮ ਕਰਨ ਲਈ ਪਿੱਛੇ ਰਹਿ ਗਏ ਜਿਨ੍ਹਾਂ ਨੂੰ ਆਪਣੀਆਂ ਸਰਗਰਮੀਆਂ ਦੇ ਕਾਰਣ ਖ਼ਤਰਾ ਸੀ। ਤੋਗਲਿਆਤੀ ਨੂੰ ਚੇਕਾ ਨਾਲ ਵਲੈਂਸੀਆ 'ਚ ਗ੍ਰਿਫ਼ਤਾਰ ਕਰ ਲਿਆ ਗਿਆ; ਚੰਗੇ ਭਾਗੀਂ ਦੁਸ਼ਮਣ ਉਸਨੂੰ ਜਾਣਦਾ ਨਹੀਂ ਸੀ। ਬਾਦ 'ਚ ਕਲਾਡੀਨ, ਮੈਲਕਰ, ਗਲੈਗੋ ਅਤੇ ਯੂਨਾਈਟਿਡ ਸਮਾਜਵਾਦੀ ਨੌਜਵਾਨ ਜਥੇਬੰਦੀ ਦੇ ਹੋਰ ਸਾਥੀ ਆ ਰਲੇ, ਜਿਨ੍ਹਾਂ ਨੇ ਕੈਸਾਡੋ ਦੀ ਬਗ਼ਾਵਤ ਦੀਆਂ ਦੁਖਾਂਤਕ ਘੜੀਆਂ ਹੱਡੀਂ ਹੰਢਾਈਆਂ ਸਨ ਅਤੇ ਮੁਹਾਜ਼ਾਂ ਨੂੰ ਖਤਮ ਹੋਣ ਤੋਂ ਬਚਾਉਣ ਲਈ ਲੜੇ ਸਨ।

ਗਣਰਾਜ ਦਾ ਆਤਮ-ਸਮਰਪਣ ਕਰਾਉਣ ਦੇ ਉਦੇਸ਼ ਨਾਲ ਕੈਸਾਡੋ ਗੁੱਟ ਦਾ ਬਣਨਾ, ਸਾਡਾ ਗ਼ਲਤ ਬੰਦੇ 'ਤੇ ਭਰੋਸਾ ਕਰਨ ਕਰਕੇ ਅਚਿੰਤੇ ਹੋਇਆ ਵਾਰ ਸੀ। ਜਿਵੇਂ ਮਾਰਕਸ ਨੇ ਅਠਾਰਵੀਂ ਬਰੂਮੇਰ 'ਚ ਲਿਖਿਆ ਸੀ: "ਕੌਮ ਤੇ ਔਰਤ ਨੂੰ ਅਸੁਰੱਖਿਅਤ ਸਮੇਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ ਜਿਸ ਵਿਚ ਆ ਟਪਕਣ ਵਾਲਾ ਪਹਿਲਾ ਧਾੜਵੀ ਇਨ੍ਹਾਂ ਨੂੰ ਬੇਇੱਜ਼ਤ ਕਰ ਸਕਦਾ ਹੋਵੇ।"

ਸਾਨੂੰ ਕਈ ਪੇਸ਼ਾਵਰ ਫ਼ੌਜੀਆਂ ਦੇ ਕਮਿਊਨਿਜ਼ਮ ਵਿਰੋਧੀ ਹੋਣ ਦਾ ਇਲਮ ਸੀ ਜਿਨ੍ਹਾਂ ਦੀ ਕਮਾਨ ਨੂੰ ਕੈਟਾਲੋਨੀਆ ਦੀ ਹਾਰ ਨੇ ਪੂਰੀ ਤਰ੍ਹਾਂ ਨਕਾਰਾ ਬਣਾ ਦਿੱਤਾ ਸੀ। ਅਸੀਂ ਜਾਣਦੇ ਸੀ ਕਿ ਇਹ ਕਮਿਊਨਿਸਟ ਪਾਰਟੀ ਵਿਰੁੱਧ ਕੋਈ ਵੀ ਜੁਰਮ ਕਰ ਸਕਦੇ ਸਨ ਕਿਉਂਕਿ ਇਹ ਪ੍ਰੋਲੇਤਾਰੀ ਇਨਕਲਾਬੀ ਜਥੇਬੰਦੀ ਸੀ। ਸਾਰੀ ਜੰਗ ਦੌਰਾਨ ਇਸ ਦੀ ਪੁਸ਼ਟੀ ਹੁੰਦੀ ਰਹੀ ਸੀ, ਮਿਸਾਲ ਵਜੋਂ ਮੈਡਰਿਡ ਵਿਚ ਭਿਆਨਕ ਥੋੜ੍ਹੇ ਸਮੇਂ ਦੇ ਦਹਿਸ਼ਤ ਦੇ ਬੋਲਬਾਲੇ ਦੌਰਾਨ ਕਮਿਊਨਿਸਟਾਂ ਦੇ ਕਤਲਾਂ ਨਾਲ। ਹਾਲਾਂਕਿ ਸਾਨੂੰ ਇਹ ਸਭ ਕੁਝ ਪਤਾ ਸੀ, ਅਤੇ ਸਬੂਤਾਂ ਦੇ ਬਾਵਜੂਦ, ਅਸੀਂ ਉਨ੍ਹਾਂ ਪ੍ਰਤੀ ਉਸ ਤੋਂ ਵਧੀਆ ਸੋਚ ਰੱਖਦੇ ਸੀ, ਜਿੰਨੀ ਦੇ ਉਹ ਹੱਕਦਾਰ ਸਨ।

ਸਾਡੇ ਲਈ ਇਹ ਵਿਸ਼ਵਾਸ ਕਰਨਾ ਔਖਾ ਸੀ ਕਿ ਇਹ ਸਪੇਨ ਅਤੇ ਲੋਕਾਂ ਨਾਲ ਧ੍ਰੋਹ ਕਮਾ ਸਕਦੇ ਸਨ, ਹਾਲਾਂਕਿ ਇਤਹਾਸ ਨੇ ਸ਼ੱਕ ਦੀ ਭੋਰਾ ਗੁੰਜਾਇਸ਼ ਛੱਡੇ ਬਗ਼ੈਰ, ਪਹਿਲਾਂ ਹੀ ਦਿਖਾ ਦਿੱਤਾ ਸੀ ਕਿ ਸਿਆਸਤ ਅੰਦਰ ਕਮਿਊਨਿਜ਼ਮ ਦਾ ਵਿਰੋਧ ਸਭ ਤੋਂ ਭਿਆਨਕ ਪਿਛਾਖੜ ਨਾਲ ਜੋਟੀ ਪਾ ਕੇ ਚੱਲਦਾ ਹੈ : ਨਿਆਂ ਦੇ ਕਟਹਿਰੇ 'ਚ ਇਹ ਝੂਠੀ ਗਵਾਹੀ ਦਿੰਦਾ ਹੈ; ਸਮਾਜਿਕ ਜ਼ਿੰਦਗੀ 'ਚ ਇਹ ਭੰਡੀ ਅਤੇ ਜਸੂਸੀ ਦਾ ਵਣਜਾਰਾ ਹੈ; ਅਤੇ ਕੌਮੀ ਸੰਘਰਸ਼ 'ਚ ਇਸ ਦਾ ਸਿੱਟਾ ਵਿਸ਼ਵਾਸਘਾਤ 'ਚ ਨਿੱਕਲਦਾ ਹੈ।

ਬਾਗ਼ੀਆਂ ਦੀ ਜਿੱਤ ਨੂੰ ਰੋਕਣ ਦਾ ਭੂਤ ਸਾਡੇ ਸਿਰ ਐਨਾ ਸਵਾਰ ਸੀ, ਕਿ ਅਸੀਂ ਉਨ੍ਹਾਂ ਰੋਜ਼ਮਰਾ ਘਟਨਾਵਾਂ ਵੱਲ ਧਿਆਨ ਨਾ ਦੇ ਸਕੇ ਜੋ ਸਾਡੇ ਐਨ ਨੱਕ ਹੇਠਾਂ ਵਾਪਰ ਰਹੀਆਂ ਸਨ, ਜਿਨ੍ਹਾਂ ਘਟਨਾਵਾਂ ਤੋਂ ਸਾਡੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਸਨ ਕਿ ਵਿਸ਼ਵਾਸਘਾਤ ਦੀ ਸਾਜ਼ਿਸ਼ ਰਚੀ ਜਾ ਰਹੀ ਸੀ। ਇਸ ਤੋਂ ਇਹ ਖ਼ੁਲਾਸਾ ਹੋ ਜਾਂਦਾ ਹੈ ਕਿ ਸਾਡੇ ਸਾਥੀਆਂ ਦੀ

ਘਰੇਲੂ ਮੁਹਾਜ਼ਾਂ ਦੀਆਂ ਅਨੇਕਾਂ ਔਕੜਾਂ ਦਾ ਸਾਹਮਣਾ ਕਰਨ ਲਈ ਤਿਆਰੀ ਨਾ ਹੋਣ ਦੀ ਵਜ੍ਹਾ ਕੀ ਸੀ ਅਤੇ ਕਿਉਂ ਸਾਡੇ ਲੋਕਾਂ ਕੋਲ ਹਾਰ ਦੀ ਸੰਭਾਵਨਾ ਨਾਲ ਨਜਿੱਠਣ ਦੀ ਯੋਜਨਾ ਨਹੀਂ ਸੀ। ਅਤੇ ਸਾਡੇ ਕੋਲ ਗੁਪਤ ਪ੍ਰਿੰਟਿੰਗ ਪ੍ਰੈਸਾਂ, ਅਖ਼ਬਾਰ, ਰੇਡੀਓ, ਪੈਸਾ, ਸੁਰੱਖਿਅਤ ਠਾਹਰਾਂ, ਜਾਂ ਅਸਲ ਵਿਚ ਕੋਈ ਖ਼ੁਫ਼ੀਆ ਜਥੇਬੰਦਕ ਢਾਂਚਾ ਨਹੀਂ ਸੀ। ਅਸੀਂ ਐਸਾ ਕੁਝ ਵੀ ਨਹੀਂ ਸੀ ਬਣਾਇਆ ਹੋਇਆ ਅਤੇ ਸਾਨੂੰ ਇਨ੍ਹਾਂ ਨਵੇਂ ਹਾਲਾਤ ਹੇਠ ਲੜਾਈ ਦੀਆਂ ਸਭ ਤੋਂ ਜ਼ਰੂਰੀ ਲੋੜਾਂ ਦੀ ਪੂਰਤੀ ਕਰਨ ਲਈ ਕੰਮ ਚਲਾਊ ਜੁਗਾੜ ਕਰਨੇ ਪਏ ਸਨ।

ਮੁਸ਼ਕਲ ਹਾਲਤ ਅਤੇ ਠੋਸ ਅਗਵਾਈ-ਸੇਧ ਦੀ ਘਾਟ ਦੇ ਬਾਵਜੂਦ—ਕਮਿਊਨਿਸਟਾਂ ਕੋਲ ਸੇਧ ਲੈਣ ਲਈ ਸਿਰਫ਼ 20 ਫਰਵਰੀ ਨੂੰ ਛਾਪੇ ਗਏ ਕੇਂਦਰੀ ਕਮੇਟੀ ਦੇ ਦਸਤਾਵੇਜ਼ ਹੀ ਸਨ—ਸਾਡੇ ਮੈਡਰਿਡ ਦੇ ਸਾਥੀਆਂ ਨੇ ਗੌਡੇਟੇਕੂ ਗੁੱਟ ਨਾਲ ਲੜਨ ਲਈ ਤੁਰੰਤ-ਪੈਰ ਤਿਆਰੀ ਕੀਤੀ। ਮੈਰਾ ਦੀ ਨਿਰਦੇਸ਼ਨਾ ਹੇਠ ਇਸ ਗੁੱਟ ਦੇ ਪਹਿਲੇ ਹੁਕਮ ਪੁਲਿਸ, ਕਸਟਮ ਪੁਲਿਸ ਅਤੇ ਅਰਾਜਕਤਾਵਾਦੀ ਤਾਕਤਾਂ ਦੀ ਮਦਦ ਨਾਲ ਕਮਿਊਨਿਸਟਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਦੇ ਦਫ਼ਤਰਾਂ 'ਤੇ ਹਮਲੇ ਕਰਨ ਦੇ ਸਨ। ਇਨ੍ਹਾਂ ਸਭ ਤਾਕਤਾਂ ਨੂੰ ਪਹਿਲਾਂ ਹੀ ਮੁਹਾਜ਼ ਤੋਂ ਵਾਪਸ ਬੁਲਾ ਲਿਆ ਗਿਆ ਸੀ, ਸਭਨਾਂ ਲੜਾਕੂ ਤਾਕਤਾਂ ਲਈ ਇਹ ਅਚੰਭੇ ਵਾਲੀ ਗੱਲ ਸੀ ਪਰ ਉਨ੍ਹਾਂ ਨੇ ਇਸ ਕਾਰਵਾਈ ਦਾ ਇਹ ਸੋਚਕੇ ਵਿਰੋਧ ਨਹੀਂ ਕੀਤਾ ਸੀ ਕਿ ਇਸ ਦਾ ਹੁਕਮ ਰੱਖਿਆ ਮੰਤਰਾਲੇ ਨੇ ਦਿੱਤਾ ਹੋਣਾ ਹੈ।

ਜਿਨ੍ਹਾਂ ਫ਼ੌਜੀ ਤਾਕਤਾਂ 'ਚ ਕਮਿਊਨਿਸਟਾਂ ਦਾ ਅਸਰ-ਰਸੂਖ਼ ਸੀ, ਉਹ ਮੁਹਾਜ਼ਾਂ 'ਤੇ ਸਨ, ਅਤੇ ਇੰਜ ਉਨ੍ਹਾਂ ਰੌਲ-ਘਚੋਲੇ ਵਾਲੀਆਂ ਘੜੀਆਂ 'ਚ ਸਾਡੇ ਪਾਰਟੀ ਦਫ਼ਤਰਾਂ ਉੱਤੇ ਹਮਲੇ ਕਰਨ ਅਤੇ ਰਾਜਧਾਨੀ 'ਚ ਸੈਂਕੜੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਰਾਹ ਪੱਧਰਾ ਸੀ।

ਅਨੇਕਾਂ ਸਾਥੀਆਂ, ਖ਼ਾਸ ਤੌਰ 'ਤੇ ਕਾਬਲ ਫ਼ੌਜੀ ਮੁਖੀ ਅਤੇ ਨਾਲ ਹੀ ਮਹਾਨ ਸਿਆਸੀ ਆਗੂ ਐਸਕੈਨੀਓ, ਨੇ ਇਸ ਗੁੱਟ ਦੀ ਹਿੰਸਾ ਦਾ ਟਾਕਰਾ ਜਥੇਬੰਦ ਕੀਤਾ ਅਤੇ ਮੁਹਾਜ਼ਾਂ 'ਤੇ ਦੁਸ਼ਮਣ ਦੀ ਘੁਸਪੈਠ ਨੂੰ ਰੋਕਣ ਦੀ ਵਾਹ ਲਾਈ। ਸਾਥੀ ਸਿਮੋਨ ਸਾਂਚੇਜ਼ ਮੌਨਟੈਰੋ ਅੰਤ ਤੱਕ ਐਸਕੈਨੀਓ ਦੀ ਡਿਵੀਜ਼ਨ 'ਚ ਲੜਦਾ ਰਿਹਾ। ਬਾਦ 'ਚ ਉਸ ਨੂੰ ਫਰਾਂਕੋ ਦੇ ਫ਼ੌਜੀ ਦਸਤਿਆਂ ਨੇ ਕੈਦੀ ਬਣਾ ਲਿਆ ਅਤੇ ਅਨੇਕਾਂ ਸਾਲ ਜੇਲ੍ਹ 'ਚ ਰਿਹਾ।

ਜਦੋਂ ਕੁਝ ਸਾਥੀਆਂ ਨੇ ਸਾਥੀ ਐਸਕੈਨੀਓ ਵੱਲੋਂ ਸੁਰੱਖਿਆ ਅਤੇ ਹਮਲੇ ਸੰਬੰਧੀ ਦਿੱਤੇ ਜਾ ਰਹੇ ਹੁਕਮਾਂ 'ਤੇ ਇਹ ਕਹਿਕੇ ਇਤਰਾਜ਼ ਕੀਤਾ ਕਿ ਉਸ ਕੋਲ ਹੁਕਮ ਜਾਰੀ ਕਰਨ ਦੀਆਂ ਹਦਾਇਤਾਂ ਨਹੀਂ, ਤਾਂ ਉਸ ਨੇ ਜਵਾਬ ਦਿੱਤਾ: "ਕੈਸਾਡੋ ਵਰਗੇ ਦੇ ਵਿਸ਼ਵਾਸਘਾਤ ਨਾਲ ਨਜਿੱਠਣ ਲਈ ਮੈਨੂੰ ਕਿਸੇ ਦੇ ਹੁਕਮਾਂ ਦੀ ਲੋੜ ਨਹੀਂ ਹੈ। ਹਰੇਕ ਕਮਿਊਨਿਸਟ ਨੂੰ ਆਪਣਾ ਫਰਜ਼ ਨਿਭਾਉਣਾ ਹੋਵੇਗਾ।"

ਐਸਕੈਨੀਓ ਨੇ, ਕੈਸਾਡੋ ਦੇ ਜਨਰਲ ਸਟਾਫ਼ ਦੇ ਪਹਿਲੇ ਮੁਖੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਮੈਨੂਅਲ ਕੌਰਟਿਨਾ ਅਤੇ ਸਾਡੇ ਦਸਤਿਆਂ 'ਚ ਸ਼ਾਮਲ ਹੋਏ ਕਸਟਮ ਦਸਤਿਆਂ ਦੀ ਮਦਦ ਨਾਲ, ਅਸੀਂ ਕੌਮੀ ਇਤਿਹਾਸ ਦੇ ਅਜਾਇਬ ਘਰ ਨੂੰ ਕਬਜ਼ੇ 'ਚ ਲੈ ਲਿਆ ਸੀ ਅਤੇ ਇਸ ਗੁੱਟ ਦੀ ਪਨਾਹਗਾਹ, ਗ੍ਰਹਿ ਮੰਤਰਾਲੇ ਉੱਪਰ ਹਮਲਾ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਪਰ ਬਾਗ਼ੀਆਂ ਦੇ ਚਾਣਚੱਕ ਹਮਲੇ ਨਾਲ ਕਮਿਊਨਿਸਟਾਂ ਨੂੰ ਫਰਾਂਕੋ ਦੇ ਫ਼ੌਜੀ ਦਸਤਿਆਂ ਦਾ ਰਾਹ ਬੰਦ ਕਰਨ ਲਈ ਇਸ ਗੁੱਟ ਦੇ ਬਾਗ਼ੀਆਂ ਨਾਲ ਜੰਗਬੰਦੀ ਕਰਨੀ ਪਈ। ਕੈਸਾਡੋ ਨੇ ਜੰਗਬੰਦੀ ਦੀ ਵਰਤੋਂ ਆਪਣੀ ਪੁਜ਼ੀਸ਼ਨ ਨੂੰ ਮਜ਼ਬੂਤ ਬਣਾਉਣ ਲਈ ਕੀਤੀ, ਜਦੋਂਕਿ ਫਰਾਂਕੋ

ਨੂੰ ਮੈਡਰਿਡ ਪਹੁੰਚਣ ਤੋਂ ਰੋਕਣ ਲਈ ਕਮਿਊਨਿਸਟਾਂ ਨੂੰ ਇਕ ਵਾਰ ਫਿਰ ਆਪਣਾ ਖ਼ੂਨ ਡੋਲ੍ਹਣਾ ਪਿਆ। ਫਾਸ਼ੀਵਾਦੀਆਂ ਦੀ ਇਸ ਤਾਜ਼ਾ ਕੋਸ਼ਿਸ਼ ਉੱਤੇ ਜਿੱਤ ਹਾਸਲ ਕਰਕੇ ਵੀ, ਅਸੀਂ ਹਾਲਤ ਨੂੰ ਸੁਧਾਰ ਨਹੀਂ ਸਕੇ। ਸਾਡੇ ਫ਼ੌਜੀ ਦਸਤਿਆਂ ਦਾ ਮਨੋ-ਬਲ ਹੋਰ ਡਿੱਗ ਗਿਆ ਸੀ।

ਮੈਡਰਿਡ ਦੇ ਟਾਕਰੇ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਉਣ ਦੇ ਯਤਨਾਂ 'ਚ, ਵੇਲੈਂਸੀਆ ਅਤੇ ਉੱਤਰ ਦੇ ਕਮਿਊਨਿਸਟਾਂ ਨੇ ਫ਼ੌਜੀ ਅਤੇ ਘਰੇਲੂ ਦੋਵਾਂ ਮੁਹਾਜ਼ਾਂ 'ਤੇ ਬਹੁਤ ਮਦਦ ਕੀਤੀ, ਖ਼ਾਸ ਤੌਰ 'ਤੇ ਲੇਵਾਂਤੇ 'ਚ। ਯੂਰਾਈਬ, ਪਾਲੌਅ ਅਤੇ ਹੋਰ ਆਗੂਆਂ ਨੇ ਪਾਰਟੀ ਅਤੇ ਫ਼ੌਜ ਨੂੰ ਹਾਲਤ ਨਾਲ ਨਜਿੱਠਣ ਅਤੇ ਗੁੱਟ ਦੇ ਖ਼ਿਲਾਫ਼ ਸਮੁੱਚੀਆਂ ਪਾਰਟੀ ਤਾਕਤਾਂ ਦੀ ਸਾਂਝੀ ਕਾਰਵਾਈ ਨੂੰ ਜਥੇਬੰਦ ਕਰਨ ਲਈ ਤਿਆਰ ਕੀਤਾ।

ਇਸ ਵਕਤ, 22ਵੀਂ ਫ਼ੌਜ ਦੀ 47ਵੀਂ ਡਿਵੀਜ਼ਨ, ਜੋ ਚੇਲਵਾ ਅਤੇ ਕੈਸੀਨੋਸ ਵਿਚਕਾਰਲੀ ਵੇਲੈਂਸੀਆ-ਅਡੇਮਜ਼ ਸੜਕ 'ਤੇ ਮੌਜੂਦ ਸੀ, 10 ਮਾਰਚ ਨੂੰ ਲੈਫਟੀਨੈਂਟ ਕਰਨਲ ਰੀਕਾਲਡੇ ਜਿਸ ਨੇ ਐਸਟਰੀਮਾਡੁਰਾ ਦੀ ਮੁਹਿੰਮ 'ਚ ਬਹੁਤ ਬਹਾਦਰੀ ਨਾਲ ਕੰਮ ਕੀਤਾ ਸੀ ਅਤੇ ਕਾਮੀਸਾਰ ਗੈਲਿਗੋ ਅਤੇ ਫੈਰੇ ਦੀ ਕਮਾਨ ਹੇਠ ਆਪਣੇ ਫ਼ੌਜੀ ਦਸਤਿਆਂ ਨਾਲ ਮੈਡਰਿਡ ਵੱਲ ਚੱਲ ਪਈ। ਇਨ੍ਹਾਂ ਨੇ ਇਟਾਪਸ ਦੇ ਫ਼ੌਜੀ ਦਸਤਿਆਂ ਤੋਂ ਹਥਿਆਰ ਖੋਹ ਲਏ, ਲੇਵਾਂਤੇ ਫ਼ੌਜ ਦੀਆਂ ਟੈਲੀਗ੍ਰਾਫ਼ ਅਤੇ ਟੈਲੀਫ਼ੋਨ ਲਾਈਨਾਂ ਕੱਟ ਦਿੱਤੀਆਂ ਅਤੇ ਚੱਲਦੇ ਸਮੇਂ ਟਰੱਕ ਤੇ ਹੋਰ ਜਿਹੜੇ ਵੀ ਵਾਹਨ ਮਿਲੇ ਸਭ ਕਬਜ਼ੇ 'ਚ ਲੈ ਲਏ।

ਜਦੋਂ ਕਮਿਊਨਿਸਟ ਮੁਹਾਜ਼ਾਂ ਦੀ ਫੁੱਟ ਨੂੰ ਰੋਕਣ ਦੇ ਯਤਨ ਕਰ ਰਹੇ ਸਨ, ਉਸ ਸਮੇਂ ਉਨ੍ਹਾਂ ਨੂੰ ਦੁਸ਼ਮਣ ਦੇ ਘਾਣ ਤੋਂ ਬਚਣ ਲਈ ਐਨੀ ਜ਼ੋਰਦਾਰ ਲੜਾਈ ਲੜਨੀ ਪਈ ਜਿੰਨੀ ਪਹਿਲਾਂ ਕਦੇ ਨਹੀਂ ਸੀ ਲੜੀ ਗਈ।

ਉਨ੍ਹਾਂ ਦੀ ਦ੍ਰਿੜਤਾ ਅਤੇ ਹੌਸਲੇ ਦੀ ਹਰ ਕਿਸੇ ਨੇ ਦਾਦ ਦਿੱਤੀ, ਉਨ੍ਹਾਂ ਫ਼ੌਜੀ ਮੁਖੀਆਂ ਨੇ ਵੀ ਜੋ ਲੱਗਭੱਗ ਗੌਡੇਟੇਕੂ ਗੁੱਟ 'ਚ ਹੀ ਸ਼ਾਮਲ ਸਨ। ਜਦੋਂ ਕਰਨਲ ਲਾ ਇਗਲੇਸ਼ੀਆ ਨੂੰ 47ਵੀਂ ਡਿਵੀਜ਼ਨ ਦੀਆਂ ਕਾਰਵਾਈਆਂ ਮਾਲੂਮ ਹੋਈਆਂ, ਉਸਨੇ ਹੇਠ ਲਿਖੇ ਹੁਕਮ ਜਾਰੀ ਕਰ ਦਿੱਤੇ:

"(1) ਹਾਕਮ ਗੁੱਟ ਖ਼ਿਲਾਫ਼ ਆਪਣੀ ਡਿਵੀਜ਼ਨ ਨੂੰ ਲੈ ਕੇ ਬਾਗ਼ੀ ਹੋਣ ਵਾਲੇ ਸਾਥੀ ਰਿਕਾਲਡੇ ਨੂੰ 22ਵੀਂ ਫ਼ੌਜ ਦਾ ਐਕਟਿੰਗ ਕਮਾਂਡਰ ਨਾਮਜ਼ਦ ਕੀਤਾ ਜਾਂਦਾ ਹੈ। (2) ਫ਼ੌਜ ਦੀਆਂ ਹੋਰ ਇਕਾਈਆਂ, ਲੇਵਾਂਤੇ ਵਿਚਲੀ ਫ਼ੌਜ, ਇਟਾਪਸ ਦੇ ਨਿਰਦੇਸ਼ਨ ਅਤੇ ਫ਼ੌਜ ਦੀ ਢੋਆ-ਢੁਆਈ ਇਕਾਈ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਕਿਸੇ ਵੀ ਹਾਲਤ 'ਚ 22ਵੀਂ ਫ਼ੌਜ ਦੇ ਸਾਥੀਆਂ ਦਾ ਵਿਰੋਧ ਨਾ ਕਰੇ। (3) ਗੋਲੀ-ਬਾਰੂਦ, ਸਫ਼ਾਈ ਅਤੇ ਹੋਰ ਸਹੂਲਤਾਂ ਦਾ ਸਮਾਨ ਭੇਜਣ ਲਈ, ਤੋਪਖ਼ਾਨੇ ਦੇ ਮੁਖੀਆਂ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ 22ਵੀਂ ਫ਼ੌਜ ਨੂੰ ਆਮ ਵਾਂਗ ਸਪਲਾਈ ਕਰਦੇ ਰਹਿਣ।"

ਇਹ ਸੀ ਗਣਰਾਜੀ ਟਾਕਰੇ ਦਾ ਆਖ਼ਰੀ ਜਲਵਾ। ਹੁਣ ਸਭ ਤੋਂ ਅਹਿਮ ਕੰਮ ਸੀ ਲੜਾਕੂ ਤਾਕਤਾਂ, ਫ਼ੌਜੀ ਮੁਖੀਆਂ ਅਤੇ ਜਾਣੇ-ਪਛਾਣੇ ਸਾਥੀਆਂ ਨੂੰ ਵੱਧ ਤੋਂ ਵੱਧ ਬਚਾਉਣਾ, ਦੁਸ਼ਮਣ ਦੀ ਜਿੱਤ ਹੋਣ ਦੀ ਹਾਲਤ 'ਚ ਇਨ੍ਹਾਂ ਦੀਆਂ ਜਾਨਾਂ ਨੂੰ ਸਭ ਤੋਂ ਵੱਧ ਖ਼ਤਰਾ ਸੀ। ਜਿੰਨੀ ਤੇਜ਼ੀ ਨਾਲ ਘਟਨਾਵਾਂ ਵਾਪਰੀਆਂ ਅਸੀਂ ਸਾਰਿਆਂ ਨੂੰ ਬਚਾਉਣ ਦੀ ਹਾਲਤ 'ਚ ਨਹੀਂ ਸੀ।

ਪਹਿਲਾਂ ਦੁਸ਼ਮਣ ਨੇ ਗੌਡੇਟੇਕੂ ਗੁੱਟ ਦੀਆਂ ਤਜਵੀਜ਼ਾਂ ਠੁਕਰਾ ਦਿੱਤੀਆਂ ਅਤੇ ਬਿਨਾ ਸ਼ਰਤ ਆਤਮ-ਸਮਰਪਣ ਦੀ ਮੰਗ ਕੀਤੀ ਪਰ ਜਦੋਂ ਇਸਨੇ ਐਸਟਰੀਮਾਡੁਰਾ ਅਤੇ ਐਂਡਾਲੂਸੀਆ

ਵਿਚੋਂ ਦੀ ਹੋ ਕੇ ਹਮਲਾ ਕੀਤਾ, ਤਾਂ ਇਸ ਗੁੱਟ ਨੇ ਬੁਰਕਾ ਲਾਹ ਮਾਰਿਆ ਅਤੇ ਫਰਾਂਕੋ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ।

ਲੇਵਾਂਤੇ ਵੱਲ ਦੁਸ਼ਮਣ ਦੇ ਵਧਣ ਅਤੇ ਐਲੀਕੈਂਟੇ ਬੰਦਰਗਾਹ, ਜਿੱਥੇ ਹਜ਼ਾਰਾਂ ਫ਼ੌਜੀ, ਔਰਤਾਂ ਤੇ ਬੱਚਿਆਂ ਨੇ ਪਨਾਹ ਲਈ ਹੋਈ ਸੀ, ਦੁਆਲੇ ਇਤਾਲਵੀ ਫ਼ੌਜ ਦੇ ਘੇਰੇ ਨੇ ਸਾਡੇ ਸਾਥੀਆਂ ਨੂੰ, ਸਾਡੀ ਯੋਜਨਾ ਅਨੁਸਾਰ ਆਪਣੀਆਂ ਲੜਾਕੂ ਤਾਕਤਾਂ ਅਤੇ ਉੱਘੇ ਸਾਥੀਆਂ ਨੂੰ ਸੁਰੱਖਿਅਤ ਬਾਹਰ ਲਿਜਾਣ 'ਚ ਰੁਕਾਵਟ ਪਾ ਦਿੱਤੀ।

ਕੈਸਾਡੋ ਦੀ ਜਿੱਤ ਤੋਂ ਬਾਦ, ਜਦੋਂ ਕਮਿਊਨਿਸਟਾਂ ਦਾ ਸ਼ਿਕਾਰ ਪਿੱਛਾ ਕੀਤਾ ਜਾ ਰਿਹਾ ਸੀ, ਜਿਹੜੇ ਸਾਥੀ ਪਾਰਟੀ ਦੇ ਹੁਕਮ 'ਤੇ ਪਿੱਛੇ ਰਹਿ ਗਏ ਸਨ, ਉਹ ਹੁਣ ਸਪੇਨ ਛੱਡ ਕੇ ਚਲੇ ਗਏ। ਉਨ੍ਹਾਂ ਲਈ ਹੁਣ ਸਪੇਨ 'ਚ ਕਰਨ ਲਈ ਕੁਝ ਨਹੀਂ ਸੀ ਬਚਿਆ; ਹੁਣ ਕੋਈ ਵੀ ਕੁਰਬਾਨੀ ਵਿਅਰਥ ਸੀ।

ਇਸ ਸਮੇਂ ਜਿਨ੍ਹਾਂ ਦਰਜਣਾਂ ਕਮਿਊਨਿਸਟਾਂ ਨੂੰ ਕੈਦੀ ਬਣਾ ਲਿਆ ਗਿਆ ਸੀ, ਉਹ ਇਸ ਗੁੱਟ ਦੇ ਏਜੰਟਾਂ, ਖ਼ਾਸ ਤੌਰ 'ਤੇ ਅਰਾਜਕਤਾਵਾਦੀ ਰੌਡਰਿਗਜ਼ ਨੇ ਫਰਾਂਕੋ ਦੇ ਹਵਾਲੇ ਕਰ ਦਿੱਤੇ।

ਮੈਡਰਿਡ ਦੀ ਰਾਖੀ ਕਰਦੇ ਰਹੇ ਬਹਾਦਰ ਯੋਧਿਆਂ, ਡੁਮਿੰਗੋ ਗਿਰੋਨ, ਕਾਜ਼ੋਰਲਾ, ਐਸਕੈਨੀਓ, ਮੈਸਨ ਅਤੇ ਅਨੇਕ ਹੋਰਾਂ, ਨੂੰ ਫਰਾਂਕੋ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਬਾਦ 'ਚ ਗੋਲੀ ਮਾਰ ਦਿੱਤੀ ਗਈ। ਉਹ ਜਿਵੇਂ ਜ਼ਿੰਦਗੀ 'ਚ ਬਹਾਦਰ ਸਨ, ਉਵੇਂ ਹੀ ਬਹਾਦਰੀ ਨਾਲ ਮਰੇ, ਉਨ੍ਹਾਂ ਨੇ ਫਾਸ਼ੀਵਾਦੀ ਜਲਾਦਾਂ ਨੂੰ ਦਿਖਾ ਦਿੱਤਾ ਕਿ ਕਮਿਊਨਿਸਟ ਜਾਣਦੇ ਹਨ ਕਿ ਕਿਵੇਂ ਲੜਨਾ ਹੈ ਤੇ ਕਿਵੇਂ ਮਰਨਾ ਹੈ।

ਕੈਸਾਡੋ ਗੁੱਟ ਨੂੰ ਸ਼ਹਿ ਤੇ ਸਰਪ੍ਰਸਤੀ ਦੇਣ ਵਾਲੀ ਬਰਤਾਨਵੀ ਸਰਕਾਰ, ਜੋ ਪਹਿਲਾਂ ਦਖ਼ਲ ਨਾ ਦੇਣ ਦੀ ਨੀਤੀ ਦਾ ਦਿਖਾਵਾ ਕਰਦੀ ਸੀ, ਨੇ ਦੇਸ਼ਧ੍ਰੋਹੀਆ ਨੂੰ ਬਚਾਉਣ ਲਈ ਵੇਲੈਂਸੀਆ ਬੰਦਰਗਾਹ 'ਤੇ ਜੰਗੀ ਜਹਾਜ਼ ਭੇਜ ਦਿੱਤਾ, ਜਿਸ ਰਾਹੀਂ ਉਹ ਆਪਣੇ ਕਲੰਕਤ ਬੂਥੇ ਲੈ ਕੇ ਸਪੇਨ ਤੋਂ ਚਲੇ ਗਏ।

ਫਾਸ਼ੀਵਾਦੀ ਫ਼ੌਜੀ ਹਮਲੇ ਅਤੇ ਬਿਦੇਸ਼ੀ ਦਖ਼ਲ-ਅੰਦਾਜ਼ੀ ਵਿਰੁੱਧ ਸਪੇਨੀ ਲੋਕਾਂ ਦੇ ਬਹਾਦਰ ਹਥਿਆਰਬੰਦ ਟਾਕਰੇ ਦਾ ਅੰਤ ਹੋ ਗਿਆ ਸੀ।

ਹੁਣ ਸਪੇਨ 'ਚ "ਸਨਮਾਨਜਨਕ ਅਮਨ", ਫਾਸ਼ੀਵਾਦੀ ਅਮਨ, ਜੇਲ੍ਹਾਂ ਅਤੇ ਕਬਰਾਂ ਦੇ ਅਮਨ ਦਾ ਆਲਮ ਸੀ, ਜਿਸ ਨੇ ਹਜ਼ਾਰਾਂ ਘਰਾਂ 'ਚ ਸੋਗ ਪਾ ਦਿੱਤਾ ਸੀ।

## [47]
## ਨਵੀਂ ਸ਼ੁਰੂਆਤ

ਸਾਡੇ ਇਤਹਾਸ ਦਾ ਇਕ ਸ਼ਾਨਦਾਰ ਅਤੇ ਦੁਖਦਾਈ ਕਾਂਡ ਖ਼ਤਮ ਹੋ ਰਿਹਾ ਸੀ। ਲੜਾਈ ਦੇ ਨਵੇਂ ਦੌਰ ਦਾ ਆਗਾਜ਼ ਹੋ ਰਿਹਾ ਸੀ।

ਮਰ ਮਿਟ ਗਏ ਸੂਰਮੇ ਅਜਿੱਤ ਸਨ। ਲੜਾਕੂ ਯੋਧਿਆਂ ਦੀ ਇਕ ਨਵੀਂ ਪੀੜ੍ਹੀ ਉਨ੍ਹਾਂ ਸਿਆੜਾਂ 'ਚ ਖ਼ਾਮੋਸ਼ ਉੱਗ ਰਹੀ ਸੀ ਜਿਹੜੇ ਸਿਆੜ ਜੰਗ ਨੇ ਸਪੇਨ ਦੀ ਲਹੂ-ਲੁਹਾਣ ਧਰਤੀ 'ਤੇ ਕੱਢੇ ਹੋਏ ਸਨ।

ਜ਼ੰਜੀਰਾਂ 'ਚ ਜਕੜੇ ਵਤਨ ਉੱਪਰ; ਜੇਲ੍ਹਾਂ, ਤਸੀਹਿਆਂ, ਰਸਮੀ ਮੁਕੱਦਮਿਆਂ ਦੇ ਮਾਹੌਲ ਵਾਲੇ ਸਪੇਨ ਉੱਪਰ ਨਵੇਂ ਵਿਸ਼ਵਾਸ ਅਤੇ ਆਸ ਦੇ ਚਾਨਣ ਨੇ ਦਸਤਕ ਦਿੱਤੀ ਸੀ। ਚਾਨਣ ਜੋ ਵਿਸ਼ਵਾਸਘਾਤੀ ਹਮਲੇ ਵਿਰੁੱਧ ਸਾਡੇ ਲੋਕਾਂ ਦੇ ਟਾਕਰੇ ਦੀ ਬੀਰ ਗਾਥਾ ਦੀ ਪ੍ਰੇਰਣਾ ਸੀ; ਚਾਨਣ ਜੋ ਮਨੁੱਖਤਾ ਦੇ ਭਵਿੱਖ ਦਾ ਰਾਹ ਦਰਸਾਉਂਦਾ ਹੈ; ਚਾਨਣ ਜੋ ਕਿਸੇ ਕੌਮ ਦੀ ਵੇਦਨਾ ਦੀਆਂ ਗਹਿਰਾਈਆਂ 'ਚੋਂ ਲਿਸ਼ਕ ਉੱਠਦਾ ਹੈ ਅਤੇ ਜੇਲ੍ਹਾਂ ਦੀਆਂ ਭਾਰੀ ਕੰਧਾਂ ਚੀਰਕੇ ਲੰਘ ਜਾਂਦਾ ਹੈ, ਉਹ ਅਮਿੱਟ ਲੋਕਾਂ ਦੀ ਗੂੰਜਵੀਂ ਆਵਾਜ਼ 'ਚ ਦੁਨੀਆਂ ਨੂੰ ਦੱਸਦਾ ਹੈ :

ਸਪੇਨ ਜ਼ਿੰਦਾ ਹੈ! ਸਪੇਨ ਲੜ ਰਿਹਾ ਹੈ! ਸਪੇਨ ਕਾਇਮ ਹੈ!

ਹੁਣ ਸਪੇਨ 'ਚ ਨਵੀਂ ਪੀੜ੍ਹੀ ਮੌਜੂਦ ਹੈ। 1939 ਦੀ ਪੀੜ੍ਹੀ। ਇਹ ਇਕਹਿਰੀ ਬਣਤਰ ਵਾਲੀ ਪੀੜ੍ਹੀ ਨਹੀਂ ਹੈ; ਸਗੋਂ ਇਹ ਵੰਨਸੁਵੰਨੀ, ਮਜ਼ਦੂਰਾਂ, ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਕਿਸਾਨਾਂ ਦੀ ਵੰਨਸੁਵੰਨੀ ਬਣਤਰ ਹੈ। ਵੱਖ-ਵੱਖ ਰੁਚੀਆਂ, ਵੱਖ-ਵੱਖ ਉਮੰਗਾਂ ਵਾਲੀ ਪਰ ਸਾਂਝੇ ਬੰਧਨਾਂ 'ਚ ਬੱਝੀ ਇਕ ਮਾਤਰ ਪੀੜ੍ਹੀ: ਇਹ ਫਰਾਂਕੋ ਵਿਰੋਧੀ ਹੈ।

ਸਪੇਨ ਦੇ ਸ਼ਹਿਰਾਂ ਅਤੇ ਮੈਦਾਨਾਂ 'ਚ ਤਿੰਨ ਸਾਲ ਚੱਲੀ ਖ਼ੂਨੀ ਜੰਗ ਬਾਰੇ, ਨਵੀਂ ਪੀੜ੍ਹੀ ਦੇ ਇਕ ਹਿੱਸੇ ਨੂੰ ਸਰਕਾਰੀ ਪੱਖ ਭਾਵ ਫਰਾਂਕੋ ਦੇ ਮਹਾਂ ਜੁਰਮ ਨੂੰ ਜਾਇਜ਼ ਠਹਿਰਾਉਣ ਲਈ ਕੀਤੀ ਤੋੜ-ਮਰੋੜ ਅਤੇ ਝੂਠੀਆਂ ਦਲੀਲਾਂ ਦੀ ਹੀ ਜਾਣਕਾਰੀ ਹੈ। ਇਸ ਪੀੜ੍ਹੀ ਦੇ ਦੂਜੇ ਹਿੱਸੇ ਨੂੰ ਸਿਰਫ਼ ਆਪਣੇ ਪਰਿਵਾਰਕ ਪੱਖ—ਦਰਦਨਾਕ, ਦੁਖਾਂਤਕ ਅਤੇ ਜਜ਼ਬਾਤੀ ਪੱਖ—ਦੀ ਹੀ ਜਾਣਕਾਰੀ ਹੈ।

ਵੱਖ-ਵੱਖ ਰਾਹਾਂ ਤੋਂ, ਵੱਖ-ਵੱਖ ਅਤੇ ਦੂਰ-ਦੁਰਾਡੇ ਸ਼ੁਰੂਆਤੀ ਨੁਕਤਿਆਂ ਤੋਂ ਚੱਲਕੇ, ਪਹਿਲਾ ਅਤੇ ਦੂਜਾ ਦੋਵੇਂ ਹਿੱਸੇ ਉਸੇ ਇਕੋ ਨਿਰਣੇ 'ਤੇ ਪਹੁੰਚਦੇ ਹਨ: "ਜ਼ਿੰਦਗੀ ਨੂੰ ਮੁਰਦਾ ਬੋਝ ਤੋਂ ਮੁਕਤ ਕਰਾਉਣ ਲਈ ਜੂਝਣਾ। ਸਪੇਨ ਦੇ ਇਤਹਾਸ ਨੂੰ ਅੱਗੇ ਤੋਰਨਾ ਜਿਸ ਨੂੰ ਫਰਾਂਕੋ ਨੇ ਆਪਣੀਆਂ ਲੀਹਾਂ 'ਤੇ ਮੋੜਾ ਲਾ ਦਿੱਤਾ ਸੀ।"

ਸਦੀਆਂ ਤੋਂ, ਸਾਡੇ ਵਤਨ ਉੱਪਰ ਐਸਕੋਰੀਅਲ ਦੇ ਮਕਬਰਿਆਂ ਦੀ ਉਦਾਸੀ ਦਾ ਸਾਇਆ ਹੈ। ਸ਼ਹੀਦ ਹੋਏ ਸੂਰਮਿਆਂ ਦੀ ਯਾਦਗਾਰ ਸਾਡੇ ਲੋਕਾਂ ਦੇ ਅੱਗੇ ਵਧਣ 'ਚ ਅੜਿੱਕਾ ਨਹੀਂ ਬਣੇਗੀ। ਮੋਏ ਨੂੰ ਮੋਏ ਦੇ ਨਾਲ ਦਫ਼ਨਾ ਦਿਉ। ਫਰਾਂਕੋ ਦੀਆਂ ਜੇਲ੍ਹਾਂ ਦੇ ਸਾਏ ਦੀ ਦਬੋਚੀ ਅਤੇ ਜ਼ਬਾਨ ਬੰਦ ਕਰੀ ਬੈਠੀ ਨਵੀਂ ਪੀੜ੍ਹੀ ਨੂੰ ਫਲਾਂਗੇ ਵੱਲੋਂ ਬਦੇਸ਼ੀ ਸੰਗੀਨਾਂ ਸਹਾਰੇ ਉਸਾਰਿਆ ਸਪੇਨ ਮਨਜ਼ੂਰ ਨਹੀਂ ਹੈ, ਜਿਸ ਸਪੇਨ ਦੀ ਉਸਾਰੀ ਫਰਾਂਕੋ ਤਾਨਾਸ਼ਾਹੀ ਨੇ ਖ਼ੂਨ ਤੇ ਚਿੱਕੜ ਨਾਲ ਕੀਤੀ ਸੀ। ਫਰਾਂਕੋ ਦੀ ਤਾਨਾਸ਼ਾਹੀ ਰੋਕ ਤੇ ਬੰਧਨ ਦਾ ਕੰਮ ਕਰਦੀ ਹੈ। ਇਸ ਨੂੰ ਚੱਲਦਾ ਕਰਨਾ ਇਤਹਾਸਕ ਜ਼ਰੂਰਤ ਹੈ।

ਜਿਸ ਚੌਰਾਹੇ 'ਤੇ ਨਵੀਂ ਪੀੜ੍ਹੀ ਦੀਆਂ ਆਸਾਂ ਤੇ ਉਮੰਗਾਂ ਦਾ ਮੇਲ ਹੁੰਦਾ ਹੈ, ਉੱਥੇ ਇਹ ਸਵਾਲ ਫੱਟੇ 'ਤੇ ਉੱਕਰੇ ਵਾਂਗ ਮੌਜੂਦ ਹਨ: "ਕੀ ਅਸੀਂ ਬੀਤੇ ਵੱਲ ਮੁੜ ਜਾਈਏ?"

ਜਵਾਬ ਖ਼ੁਦ ਜ਼ਿੰਦਗੀ 'ਚ ਲੱਭਿਆ ਜਾ ਸਕਦਾ ਹੈ। ਬੀਤੇ ਨੂੰ ਕਦੇ ਵੀ ਵਾਪਸ ਨਹੀਂ ਮੋੜਿਆ ਜਾ ਸਕਦਾ, ਅੱਜ ਸਪੇਨ ਅਤੇ ਇਸ ਦੇ ਆਲੇ-ਦੁਆਲੇ ਦੀ ਦੁਨੀਆਂ 1930 ਦੇ ਜਾਂ 1936 ਦੇ ਸਪੇਨ ਅਤੇ ਉਸ ਸਮੇਂ ਦੀ ਦੁਨੀਆਂ ਨਾਲੋਂ ਵੱਖਰੀ ਹੈ।

ਡੂੰਘੀਆਂ ਤਬਦੀਲੀਆਂ ਹੋ ਰਹੀਆਂ ਹਨ, ਤਬਦੀਲੀਆਂ ਜੋ ਪੁਰਾਣੇ ਭਾਰੂ ਵਰਗ ਦੇ ਹੱਕ 'ਚ ਨਹੀਂ ਹਨ। ਅੱਜ, ਸਮਾਜਵਾਦੀ ਖ਼ੇਮਾ ਮੌਜੂਦ ਹੈ ਅਤੇ ਦਿਨ-ਬ-ਦਿਨ ਤਕੜਾ ਹੋ ਰਿਹਾ ਹੈ, ਇਸ ਦਾ ਅਸਰ-ਰਸੂਖ਼ ਸਾਮਰਾਜੀ ਨਿਜ਼ਾਮ ਵਾਲੇ ਦੇਸ਼ਾਂ 'ਚ ਵੀ ਫੈਲ ਰਿਹਾ ਹੈ। ਸਾਮਰਾਜੀ ਨਿਜ਼ਾਮ ਹਾਲੇ ਮਜਬੂਤ ਹੈ ਅਤੇ ਹੋਰ ਸੱਤਾ ਦੀ ਲਾਲਸਾ 'ਚ ਇਹ ਲੋਕਾਂ ਨੂੰ ਹੋਰ ਵੀ ਭਿਆਨਕ ਦੁੱਖਾਂ 'ਚ ਪਾ ਸਕਦਾ ਹੈ। ਪਰ ਦੁਨੀਆਂ 'ਚ ਇਸ ਦੀ ਭਾਰੂ ਹੈਸੀਅਤ ਖੁਸ ਚੁੱਕੀ ਹੈ। ਅੱਜ ਇਹ ਇਕ ਜਾਂ ਦੂਜੇ ਦੇਸ਼ ਦੇ ਸਨਅਤੀ ਵਿਕਾਸ ਨੂੰ ਆਪਣੀ ਮਰਜ਼ੀ ਨਾਲ ਕੰਟਰੋਲ ਨਹੀਂ ਕਰ ਸਕਦਾ, ਜਿਵੇਂ ਇਹ ਬੀਤੇ 'ਚ ਕਰ ਲੈਂਦਾ ਸੀ, ਨਾ ਹੀ ਇਹ ਦੂਜੇ ਦੇਸ਼ਾਂ ਦੇ ਤਕਨਾਲੋਜੀ ਦੇ ਵਿਕਾਸ ਨੂੰ ਜਕੜ ਸਕਦਾ ਹੈ, ਤੇ ਨਾ ਇਹ ਵਿਗਿਆਨ ਦੀ ਦੁਨੀਆਂ 'ਤੇ ਗ਼ਲਬਾ ਪਾ ਸਕਦਾ ਹੈ। ਜਿਸ ਤੇਜ਼ੀ ਨਾਲ ਸਮਾਜਵਾਦੀ ਦੇਸ਼ਾਂ, ਮੁੱਖ ਤੌਰ 'ਤੇ ਸੋਵੀਅਤ ਯੂਨੀਅਨ, ਦਾ ਵਿਕਾਸ ਹੋ ਰਿਹਾ ਹੈ, ਉਸ ਨੇ ਇਸ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ।

ਇਹ ਕੋਈ ਪੱਖਪਾਤੀ ਸ਼ੇਖੀ ਨਹੀਂ, ਸਗੋਂ ਅਟੱਲ ਸਚਾਈ ਹੈ। ਹਕੀਕਤ ਇਹ ਹੈ ਕਿ ਅਸੀਂ ਸਰਮਾਏਦਾਰੀ ਦੇ ਢਹਿ-ਢੇਰੀ ਹੋਣ ਅਤੇ ਸਮਾਜਵਾਦ ਦੀ ਜਿੱਤ ਦੇ ਯੁੱਗ 'ਚ ਰਹਿ ਰਹੇ ਹਾਂ।

ਸਪੇਨ 'ਚ ਲੋਕਾਂ ਨੇ ਵੱਖ-ਵੱਖ ਤਰ੍ਹਾਂ ਦਾ ਸਿਆਸੀ ਬੁਰਜੂਆ ਗ਼ਲਬਾ ਹੱਢੀਂ ਹੰਢਾਇਆ ਹੈ : ਨਿਰੰਕੁਸ਼ਵਾਦ, ਗਣਰਾਜ, ਫਾਸ਼ੀਵਾਦੀ ਤਾਨਾਸ਼ਾਹੀ। ਜੰਗ ਦੀ ਕੁਠਾਲੀ 'ਚ, ਮਨੁੱਖਾਂ, ਪਾਰਟੀਆਂ, ਸਿਧਾਂਤਾਂ, ਅਮਲਾਂ ਅਤੇ ਪ੍ਰਬੰਧਾਂ ਦੀ ਨਿਰਣਾਇਕ ਪਰਖ ਹੋਈ ਹੈ।

ਇਸ ਨੇੜਲੇ ਬੀਤੇ ਦੇ, ਜਿਊਂਦੇ-ਜਾਗਦੇ, ਸ਼ਾਨਦਾਰ ਸਿੱਖਿਆਦਾਇਕ ਤਜ਼ਰਬੇ ਤੋਂ ਜੋ ਨਤੀਜਾ ਸਾਹਮਣੇ ਆਇਆ ਹੈ, ਉਸ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਉਹ ਹੈ : ਦੇਸ਼ ਦੇ ਸੱਚੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਤਾਕਤਾਂ, ਜੋ ਸਮਾਜਿਕ ਵਿਕਾਸ ਦੀਆਂ ਧਾਰਾਵਾਂ ਨੂੰ ਦਰਸਾਉਂਦੀਆਂ ਹਨ, ਅਤੇ ਇਨ੍ਹਾਂ ਦੇ ਨਾਲ ਅੱਗੇ ਵਧ ਰਹੀਆਂ ਹਨ, ਉਹ ਹੀ ਸਪੇਨ ਦੇ ਸਿਆਸੀ ਪੁਨਰ-ਜਨਮ, ਆਰਥਕ ਤੇ ਸਭਿਆਚਾਰਕ ਪੁਨਰ-ਜਨਮ, ਦਾ ਅਧਾਰ ਮੁਹੱਈਆ ਕਰ ਸਕਦੀਆਂ ਹਨ।

ਕੀ ਮੇਰੀ ਮੁਰਾਦ ਸਮਾਜਵਾਦੀ ਹੱਲ ਤੋਂ ਹੈ ?ਹਾਂ, ਬਿਲਕੁਲ। ਸਿਰਫ਼ ਸਮਾਜਵਾਦੀ ਹੱਲ ਹੀ ਇਨਕਲਾਬਾਂ ਤੇ ਉਲਟ-ਇਨਕਲਾਬਾਂ ਦੇ ਅਮੁੱਕ ਸਿਲਸਿਲੇ ਨੂੰ ਰੋਕ ਸਕਦਾ ਹੈ ਜੋ ਸਪੇਨੀ ਰਾਜ ਦਾ ਇਤਹਾਸ ਰਹੇ ਹਨ।

ਕੌਮ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨਾਲ ਕਦਮ ਮਿਲਾਕੇ ਚੱਲਣ ਵਾਲਾ, ਨਾ ਸਿਰਫ਼ ਮਾਰਕਸਵਾਦੀਆਂ, ਸਮਾਜਿਕ ਜਮਹੂਰੀਅਤਪਸੰਦਾਂ ਅਤੇ ਅਰਾਜਕਤਾਵਾਦੀ-ਸਿੰਡੀਕਲਵਾਦੀਆਂ ਦੀ, ਸਗੋਂ ਉਨ੍ਹਾਂ ਸਾਰੇ ਧੜਿਆਂ ਅਤੇ ਹਿੱਸਿਆਂ ਦੀ ਹਿੱਸੇਦਾਰੀ ਵਾਲਾ ਸਮਾਜਵਾਦ, ਜੋ ਸਾਡੇ ਦੇਸ਼ ਦੇ ਆਰਥਕ ਤੇ ਸਿਆਸੀ ਢਾਂਚੇ 'ਚ ਇਤਿਹਾਸਕ ਤੌਰ 'ਤੇ ਅਟੱਲ ਤਬਦੀਲੀਆਂ ਤੋਂ ਨਹੀਂ ਡਰਦੇ।

ਸਿਰਫ਼ ਸਮਾਜਵਾਦ ਹੀ ਊਰਜਾ, ਤਾਕਤ ਅਤੇ ਸਮਰੱਥਾ ਦੇ ਉਨ੍ਹਾਂ ਅਥਾਹ ਭੰਡਾਰਾਂ ਨੂੰ ਖੋਹਲਣ ਦੀ ਕੁੰਜੀ ਬਣ ਸਕਦਾ ਹੈ, ਜੋ ਸਪੇਨ ਦੇ ਲੋਕਾਂ ਅੰਦਰ ਦੱਬੇ ਪਏ ਹਨ। ਸਿਰਫ਼ ਸਮਾਜਵਾਦ ਹੀ ਸਾਡੇ ਵਤਨ ਦੇ ਸਦੀਆਂ ਪੁਰਾਣੇ ਪਛੜੇਵੇਂ ਦਾ ਨਾਮੋ-ਨਿਸ਼ਾਨ ਮਿਟ ਸਕਦਾ ਹੈ।

ਸਿਰਫ਼ ਸਮਾਜਵਾਦ ਹੀ ਕੇਂਦਰੀਵਾਦ, ਖੇਤਰੀਵਾਦ ਅਤੇ ਪਛੜੇਵੇਂ ਮਾਰੀ ਸੂਬਾਪ੍ਰਸਤੀ ਦਾ ਖ਼ਾਤਮਾ ਕਰ ਸਕਦਾ ਹੈ। ਸਿਰਫ਼ ਸਮਾਜਵਾਦ ਹੀ ਸਮਾਜਿਕ ਨਾਬਰਾਬਰੀਆਂ ਦਾ ਸਫ਼ਾਇਆ ਕਰ ਸਕਦਾ ਹੈ ਅਤੇ ਸਪੇਨ ਦੇ ਰਾਜ ਦੇ ਢਾਂਚੇ ਨੂੰ ਨਵੀਂਆਂ ਆਰਥਕ ਤੇ ਸਿਆਸੀ ਨੀਂਹਾਂ 'ਤੇ

ਮੁੜ ਜਥੇਬੰਦ ਕਰ ਸਕਦਾ ਹੈ। ਸਿਰਫ਼ ਸਮਾਜਵਾਦ ਹੀ ਪੁਨਰ-ਜਾਗ੍ਰਿਤੀ ਲਿਆ ਸਕਦਾ ਹੈ, ਜਿਸ ਨੂੰ ਮੌਜੂਦਾ ਜਾਂ ਇਹੋ ਜਿਹੇ ਕਿਸੇ ਪ੍ਰਬੰਧ 'ਚ ਹਾਸਲ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜਾਂ ਜਿਸ ਵਿਚ ਅਜਿਹਾ ਸੰਭਵ ਹੀ ਨਹੀਂ ਹੈ।

ਅਤੇ ਇੱਥੇ ਅਸੀਂ ਜਬਰੀ ਥੋਪੀ ਹਾਲਤ ਦੀ ਗੱਲ ਨਹੀਂ ਕਰ ਰਹੇ। ਜੇ ਸਮਾਜਵਾਦ ਸਮਾਜ ਦੇ ਵਿਕਾਸ ਅੰਦਰ ਪੜਾਅ ਵਜੋਂ ਸੁਭਾਵਿਕ ਤੌਰ 'ਤੇ ਪੈਦਾ ਹੋਣ ਵਾਲਾ ਅਮਲ ਹੈ, ਤਾਂ ਇਸ ਵੱਲ ਜਾਣ ਦੇ ਰਾਹ ਨੂੰ ਨਿਰਾ ਮਨੁੱਖਾਂ ਦੀਆਂ ਇੱਛਾਵਾਂ ਨਾਲ ਤੈਅ ਨਹੀਂ ਕੀਤਾ ਜਾ ਸਕਦਾ। ਇਹ ਇਤਿਹਾਸਕ ਕਾਰਣਾਂ ਦੇ ਤੈਅ ਕੀਤੇ ਵਿਸ਼ੇਸ਼ ਹਾਲਾਤ ਅੰਦਰ ਹੋਂਦ 'ਚ ਆਉਂਦਾ ਹੈ।

ਬੀਤੇ 'ਚ, ਜਦੋਂ ਦੁਨੀਆਂ ਉੱਪਰ ਸਰਮਾਏਦਾਰੀ ਦਾ ਪੂਰਾ ਬੋਲਬਾਲਾ ਸੀ, ਤਾਂ ਸਮਾਜਵਾਦ ਦੇ ਰਾਹ ਨੂੰ ਮੁੱਖ ਤੌਰ 'ਤੇ ਖ਼ਾਨਾਜੰਗੀ ਅਤੇ ਹਿੰਸਕ ਇਨਕਲਾਬ ਦੇ ਰੂਪ 'ਚ ਚਿਤਵਿਆ ਗਿਆ ਸੀ ਪਰ ਅੱਜ, ਤਾਕਤ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਰੱਦ ਤਾਂ ਨਹੀਂ ਕੀਤਾ ਜਾ ਸਕਦਾ, ਜਿਸ ਦੇ ਇਸਤੇਮਾਲ ਨੂੰ ਮਰ ਰਹੀਆਂ ਜਮਾਤਾਂ ਵੱਲੋਂ ਕੀਤੇ ਜਾਣ ਵਾਲੇ ਵਿਰੋਧ ਦੀ ਮਿਕਦਾਰ ਤੈਅ ਕਰਦੀ ਹੈ, ਪਰ ਸ਼ਾਂਤਮਈ ਰਾਹ, ਸਮਾਜਵਾਦ ਵੱਲ ਜਮਹੂਰੀ ਰਾਹ ਦੀ ਸੰਭਾਵਨਾ ਮੌਜੂਦ ਹੈ; ਇਹ ਰਾਹ ਜੋ ਲੰਮਾ ਅਤੇ ਟੱਕਰਾਂ ਤੇ ਲੜਾਈਆਂ ਵਾਲਾ ਹੋ ਸਕਦਾ ਹੈ। ਇਸ ਰਾਹ ਦੀ ਵਿਸ਼ੇਸ਼ਤਾ ਇਹ ਹੈ, ਇਕ-ਇਕ ਕਦਮ ਅੱਗੇ ਵਧਾਉਣ ਲਈ, ਜਿਉਂ-ਜਿਉਂ ਲੋੜ ਉੱਭਰਦੀ ਹੈ ਹਰੇਕ ਢਾਂਚਾਗਤ ਤਬਦੀਲੀ ਲਿਆਉਣ ਲਈ, ਸਿਆਸੀ ਤੇ ਆਰਥਕ ਦੋਵਾਂ ਖੇਤਰਾਂ 'ਚ ਰੋਜ਼ਾਨਾ, ਲਗਾਤਾਰ, ਸਥਾਈ ਸੰਘਰਸ਼।

ਸਪੇਨ ਦੀ ਜੰਗ ਨਵੀਂ ਪੀੜ੍ਹੀ ਲਈ ਅਨੇਕਾਂ ਲਾਹੇਵੰਦ ਸਬਕ ਮੁਹੱਈਆ ਕਰਦੀ ਹੈ।

ਜਦੋਂ ਅਸੀਂ ਜੰਗ ਲੜ ਰਹੇ ਸੀ ਅਸੀਂ ਐਸੀਆਂ ਖ਼ਾਸੀਅਤਾਂ ਵਾਲਾ ਜਮਹੂਰੀ ਇਨਕਲਾਬ ਵੀ ਕਰ ਰਹੇ ਸੀ ਜਿਸ ਤਰ੍ਹਾਂ ਦੀਆਂ ਖ਼ਾਸੀਅਤਾਂ ਪਹਿਲਾਂ ਦੇ ਬੁਰਜੂਆ ਇਨਕਲਾਬ 'ਚ ਕਦੇ ਨਹੀਂ ਰਹੀਆਂ। ਜਿਵੇਂ ਇਹ ਪੰਨੇ ਦਰਸਾਉਂਦੇ ਹਨ, ਇਹ ਖ਼ੁਦ ਗਣਰਾਜੀ ਖ਼ੇਮੇ ਵੱਲੋਂ ਹਿੰਸਕ ਵਿਰੋਧ ਤੋਂ ਬਿਨਾ ਨਹੀਂ ਹੋਇਆ।

ਇਨਕਲਾਬ ਇਤਹਾਸ ਦੀ ਚਾਲਕ ਸ਼ਕਤੀ ਹੈ। ਇਨਕਲਾਬ ਦੌਰਾਨ ਸਮੁੱਚੇ ਲੋਕ ਖ਼ੁਦ ਨੂੰ ਅਨੋਖੇ ਕਾਰਨਾਮਿਆਂ ਦੀ ਸਿਰਜਣਾ ਕਰਦੇ ਦੇਖਦੇ ਹਨ। ਪਰ ਇਨਕਲਾਬ ਜਿਉਂ ਹੀ ਅੱਗੇ ਵਧਦਾ ਹੈ ਇਹ ਸਮਾਜ ਦੀ ਗਾਰ, ਕੂੜਾ-ਕਰਕਟ ਵੀ ਬਾਹਰ ਲਿਆ ਸੁੱਟਦਾ ਹੈ। ਇਹ ਖਾਹਸ਼ਾਂ ਨੂੰ ਨਸ਼ਰ ਕਰ ਦਿੰਦਾ ਹੈ ਅਤੇ ਸਿਆਸਤਦਾਨਾਂ ਦੀਆਂ ਲਾਲਸਾਵਾਂ ਨੂੰ ਭੜਕਾ ਦਿੰਦਾ ਹੈ ਜੋ ਇਨਕਲਾਬ ਨੂੰ ਆਪਣੀ ਖ਼ਾਤਰ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਖ਼ਤਰਿਆਂ ਖ਼ਿਲਾਫ਼ ਦ੍ਰਿੜਤਾ ਨਾਲ ਲੜਾਈ ਦੇਣੀ ਹੋਵੇਗੀ, ਜਿਵੇਂ ਕਮਿਊਨਿਸਟ ਪਾਰਟੀ ਸਮੁੱਚੀ ਜੰਗ ਦੌਰਾਨ ਉਨ੍ਹਾਂ ਖ਼ਿਲਾਫ਼ ਲੜਦੀ ਰਹੀ, ਜੋ ਇਨਕਲਾਬ ਦੇ ਖ਼ਾਸੇ ਨੂੰ ਵਿਗਾੜਕੇ ਆਪਣੇ ਹਿੱਤ 'ਚ ਭੁਗਤਾਉਣਾ ਚਾਹੁੰਦੇ ਸਨ।

ਹਾਲਾਂਕਿ ਇਹ ਵਿਨਾਸ਼ਕਾਰੀ ਅਨਸਰ ਅਟੱਲ ਹੁੰਦੇ ਹਨ, ਪਰ ਇਹ ਇਨਕਲਾਬੀ ਸੰਘਰਸ਼ ਤੋਂ ਟਾਲਾ ਵੱਟਣ ਦਾ ਜਾਂ ਇਨਕਲਾਬ ਦੇ ਦੁਸ਼ਮਣਾਂ ਵੱਲੋਂ ਘੜੇ ਸਨਕੀ ਨਾਅਰੇ "ਸਾਰੇ ਇਕੋ ਜਹੇ ਹਨ" ਦਾ ਸਹਾਰਾ ਲੈਣ ਦਾ ਕਾਰਣ ਨਹੀਂ ਬਣ ਸਕਦੇ।

ਅਸੀਂ ਸਾਰੇ ਇਕੋ ਜਹੇ ਨਹੀਂ ਹਾਂ। ਸਪੇਨ ਦੇ ਬੀਤੇ ਤੀਹ ਸਾਲਾਂ ਦੇ ਇਤਹਾਸ ਨੇ ਨੇਕ ਨੀਅਤ ਇਨਕਲਾਬੀਆਂ ਅਤੇ ਮੌਕਾਤਾੜੂਆਂ ਵਿਚਕਾਰ, ਸਮੁੱਚੇ ਲੋਕਾਂ ਦੀ ਜੂਨ ਸੁਧਾਰਨ ਲਈ ਕੰਮ ਕਰਨ ਵਾਲਿਆਂ ਅਤੇ ਦੇਸ਼ ਦੇ ਵਿਕਾਸ 'ਚ ਯੋਗਦਾਨ ਪਾਉਣ ਵਾਲਿਆਂ, ਅਤੇ

ਆਪਣੇ ਵਿਅਕਤੀਗਤ ਜਾਂ ਧੜੇ ਦੇ ਮੁਫ਼ਾਦਾਂ ਦੇ ਪੱਧਰ ਤੱਕ ਨਿੱਘਰਕੇ ਸਿਆਸਤ ਖੇਡ੍ਹਣ ਵਾਲਿਆਂ ਵਿਚਕਾਰ, ਨਿਖੇੜਾ ਕਰਕੇ ਦਿਖਾਇਆ ਹੈ।

ਫਾਸ਼ੀਵਾਦੀ ਹਮਲੇ ਦਾ ਟਾਕਰਾ ਨੀਮ-ਬੁਰਜੂਆ ਗਣਰਾਜਵਾਦੀ ਸਰਕਾਰ ਦੀ ਅਗਵਾਈ ਹੇਠ ਲੋਕ ਮੁਹਾਜ਼ ਨੇ ਸ਼ੁਰੂ ਕੀਤਾ ਸੀ। ਇਹ ਟਾਕਰਾ ਮੁੱਖ ਤੌਰ 'ਤੇ ਮਜ਼ਦੂਰਾਂ ਤੇ ਕਿਸਾਨਾਂ, ਵੱਖ-ਵੱਖ ਜਥੇਬੰਦੀਆਂ ਦੇ ਮੈਂਬਰਾਂ ਅਤੇ ਉਨ੍ਹਾਂ ਦੀ ਆਪੋ-ਆਪਣੀ ਸਿਖਲਾਈ ਅਤੇ ਰਵੱਈਏ ਉੱਤੇ ਨਿਰਭਰ ਹੋ ਕੇ ਚੱਲਿਆ।

ਲੋਕ ਮੁਹਾਜ਼ ਦੀ ਏਕਤਾ ਭਰੋਸੇਯੋਗ ਨਹੀਂ ਸੀ। ਇਹ ਮਜ਼ਦੂਰ ਜਮਾਤ ਦੀ ਏਕਤਾ 'ਤੇ ਅਧਾਰਤ ਨਹੀਂ ਸੀ। ਲੋਕ ਮੁਹਾਜ਼ ਵੱਖ-ਵੱਖ ਜਮਾਤਾਂ, ਵੱਖ-ਵੱਖ ਹਿੱਸਿਆਂ, ਵੱਖ-ਵੱਖ ਹਿੱਤਾਂ ਅਤੇ ਵੱਖ-ਵੱਖ ਸਿਆਸੀ ਧੜਿਆਂ ਨੂੰ ਲੈ ਕੇ ਬਣਾਇਆ ਗਿਆ ਸੀ। ਇਸ ਕਾਰਣ, ਪੈਰ-ਪੈਰ 'ਤੇ ਗਣਰਾਜ ਵਿਰੋਧਾਂ ਅਤੇ ਟਕਰਾਵਾਂ ਦੇ ਪੁਆੜਿਆਂ 'ਚ ਉਲਝਿਆ ਰਿਹਾ, ਹੋਰ ਵੀ ਵੱਧ ਇਸ ਕਰਕੇ ਕਿ ਫਰਾਂਕੋ ਵਿਰੋਧੀ ਖ਼ੇਮੇ 'ਚ ਸ਼ਾਮਲ ਬਾਸਕ ਕੌਮਪ੍ਰਸਤ ਅਤੇ ਅਰਾਜਕਤਾਵਾਦੀ, ਲੋਕ ਮੁਹਾਜ਼ ਦੇ ਮੈਂਬਰ ਨਹੀਂ ਸਨ।

ਇਸ ਨਾਲ ਜੰਗ ਅਤੇ ਇਸ ਦੇ ਭਵਿੱਖ-ਨਕਸ਼ੇ ਦੇ ਦੇਖਣ ਦੇ ਵੱਖ-ਵੱਖ ਚੌਖਟੇ, ਵੱਲ-ਵੱਖ ਖ਼ਿਆਲ, ਵੱਖ-ਵੱਖ ਤੌਰ-ਤਰੀਕੇ ਵੀ ਪੈਦਾ ਹੋ ਗਏ—ਸਪੇਨੀ ਲੋਕਾਂ ਦੀ ਸਿਆਸੀ ਤੇ ਫ਼ੌਜੀ ਜ਼ਿੰਦਗੀ ਉੱਪਰ ਇਹ ਸਾਰੇ ਹਾਵੀ ਹੋਏ ਰਹੇ।

ਜਿਨ੍ਹਾਂ ਪੁਜੀਸ਼ਨਾਂ ਨੂੰ ਅਸੀਂ ਕਮਿਊਨਿਸਟ ਟਾਕਰੇ ਲਈ ਨੁਕਸਾਨਦੇਹ ਸਮਝਦੇ ਸੀ, ਕਿਸੇ-ਕਿਸੇ ਸਮੇਂ ਅਸੀਂ ਇਨ੍ਹਾਂ ਦੇ ਸੰਬੰਧ 'ਚ ਜ਼ਰੂਰੀ ਲਚਕ ਦਿਖਾਉਣ 'ਚ ਅਸਫ਼ਲ ਰਹੇ, ਜਾਂ ਫਿਰ ਅਸੀਂ ਭਾਂਜਵਾਦੀ ਵਤੀਰਿਆਂ ਅਤੇ ਗੁੱਝੀਆਂ ਚਾਲਾਂ ਦੀ ਲੋੜੀਂਦੀ ਆਲੋਚਨਾ ਜਾਂ ਮੁਲੰਕਣ ਨਹੀਂ ਕਰਦੇ ਰਹੇ। ਫਿਰ ਵੀ, ਓਦੋਂ ਤੇ ਹੁਣ ਇਕ ਪਲ ਲਈ ਵੀ ਅਸੀਂ ਫਾਸ਼ੀਵਾਦ ਦੇ ਵਿਰੁੱਧ ਲੋਕ ਟਾਕਰੇ 'ਚ ਜਮਹੂਰੀ ਬੁਰਜੂਆਜ਼ੀ ਦੀ ਇਤਿਹਾਸਕ ਅਤੇ ਇਨਕਲਾਬੀ ਮਹੱਤਤਾ ਨੂੰ ਘਟਾਕੇ ਨਹੀਂ ਦੇਖਿਆ।

ਫਾਸ਼ੀਵਾਦੀ ਬਗ਼ਾਵਤ ਸ਼ੁਰੂ ਹੋਣ ਅਤੇ ਬਾਦ 'ਚ ਜੰਗ ਦੌਰਾਨ, ਦੋਵਾਂ ਸਮਿਆਂ 'ਚ ਗਣਰਾਜੀ ਖ਼ੇਮੇ ਵਿਚਲੇ ਅਨੇਕਾਂ ਨਾਂਹਪੱਖੀ ਕਾਰਕ ਸਾਡੇ ਦੇਸ਼ ਦੇ ਵੱਖ-ਵੱਖ ਜਮਹੂਰੀ ਧੜਿਆਂ ਅਤੇ ਪਾਰਟੀਆਂ ਵਿਚਕਾਰ ਏਕਤਾ, ਸਮਝਦਾਰੀ ਅਤੇ ਸਮਝੌਤੇ ਦੀ ਜ਼ਰੂਰਤ ਦੇ ਖ਼ਿਲਾਫ਼ ਨਹੀਂ ਸਗੋਂ ਪੱਖ 'ਚ ਭੁਗਤਦੇ ਹਨ, ਉਨ੍ਹਾਂ ਤੱਤਾਂ ਨਾਲ ਸਮਝੌਤੇ ਦੀ ਜ਼ਰੂਰਤ ਦੇ ਹੱਕ 'ਚ ਵੀ, ਜੋ ਆਪਣੀ ਬਣਤਰ, ਆਪਣੇ ਹਿੱਤਾਂ, ਜ਼ਿੰਦਗੀ ਨੂੰ ਦੇਖਣ ਅਤੇ ਸਮਝਣ ਦੇ ਆਪਣੇ ਢੰਗ ਕਰਕੇ, ਸਪੇਨੀ ਰਾਜ ਦੇ ਸਿਆਸੀ ਢਾਂਚੇ ਅੰਦਰ ਜਮਹੂਰੀ ਤਬਦੀਲੀਆਂ ਲਿਆਉਣ ਦੇ ਅਮਲ 'ਚ ਬਹੁਤ ਥੋੜ੍ਹੀ ਭੂਮਿਕਾ ਹੀ ਲੈ ਸਕਦੇ ਹਨ।

ਸਭ ਤੋਂ ਵੱਧ, ਸਪੇਨ ਦੀ ਜੰਗ ਨੇ ਜੋ ਫ਼ੈਸਲਾਕੁੰਨ ਤੌਰ 'ਤੇ ਸਾਬਤ ਕੀਤਾ ਉਹ ਇਹ ਸੀ ਕਿ ਮਜ਼ਦੂਰ ਜਮਾਤ ਦੀ ਏਕਤਾ ਤੋਂ ਬਗੈਰ, ਜਮਹੂਰੀ ਇਨਕਲਾਬ ਦੀ ਅਗਵਾਈ ਅਟੱਲ ਤੌਰ 'ਤੇ ਬੁਰਜੂਆਜ਼ੀ ਦੇ ਹੱਥਾਂ 'ਚ ਚਲੇ ਜਾਂਦੀ ਹੈ, ਜੋ ਇਨਕਲਾਬ ਨੂੰ ਮੱਠਾ ਪਾ ਦੇਵੇਗੀ, ਇਸ ਨੂੰ ਅੱਧ ਵਿਚਾਲੇ ਛੱਡ ਦੇਵੇਗੀ ਅਤੇ ਇੱਥੋਂ ਤੱਕ ਕਿ ਇਸ ਨੂੰ ਪ੍ਰੋਲੇਤਾਰੀ ਦੇ ਵਿਰੁੱਧ ਹਥਿਆਰ ਬਣਾ ਦੇਵੇਗੀ।

ਫਰਾਂਕੋ ਦੀ ਜਿੱਤ ਨਾਲ ਸਪੇਨ ਦਾ ਜਮਹੂਰੀ ਵਿਕਾਸ ਅਮਲ ਠੱਪ ਹੋ ਗਿਆ। ਤਿੰਨ ਦਹਾਕੇ ਲੰਮੀ ਫਾਸ਼ੀਵਾਦੀ ਤਾਨਾਸ਼ਾਹੀ ਤੋਂ ਬਾਦ ਉਹ ਸਿਆਸੀ ਅਤੇ ਆਰਥਕ ਸਮੱਸਿਆਵਾਂ

ਜਿਹੜੀਆਂ ਸਪੇਨ ਦੇ ਇਤਿਹਾਸਕ ਵਿਕਾਸ ਨੂੰ ਮਹਾਂਮਾਰੀ ਬਣਕੇ ਚਿੰਬੜੀਆਂ ਹੋਈਆਂ ਸਨ, ਅਤੇ ਜਿਨ੍ਹਾਂ ਨੂੰ ਜੰਗ ਦੇ ਸਮੇਂ ਗਣਰਾਜੀ ਸਰਕਾਰ ਨੇ ਹੱਲ ਕਰਨ ਦੀ ਸ਼ੁਰੂਆਤ ਕੀਤੀ ਸੀ, ਅਸੀਂ ਹਾਲੇ ਵੀ ਉਨ੍ਹਾਂ ਦੀ ਗ੍ਰਿਫ਼ਤ 'ਚ ਹਾਂ—ਤਿੰਨ ਦਹਾਕੇ ਲੰਮੀ ਫਾਸ਼ੀਵਾਦੀ ਤਾਨਾਸ਼ਾਹੀ ਤੋਂ ਬਾਦ ਇਨ੍ਹਾਂ ਦੇ ਹੋਰ ਵਿਗੜ ਜਾਣ ਨਾਲ ਇਨ੍ਹਾਂ ਨੂੰ ਹੱਲ ਕਰਨਾ ਹੋਰ ਵੀ ਜ਼ੋਰਦਾਰ ਲੋੜ ਬਣ ਗਈ ਹੈ। ਜਮਹੂਰੀ ਅਤੇ ਮਜ਼ਦੂਰ ਜਮਾਤ ਦੀਆਂ ਤਾਕਤਾਂ ਦੀ, ਸਪੇਨ ਦੀ ਤਰੱਕੀ ਦੇ ਚਾਹਵਾਨ ਸਭਨਾਂ ਕੌਮੀ ਹਿੱਸਿਆਂ ਦੀ ਏਕਤਾ ਦੀਆਂ ਜੜ੍ਹਾਂ 'ਚ ਹਾਲੇ ਵੀ ਬਥੇਰੀ ਜਾਨ ਹੈ।

ਸਪੇਨ ਦੀ ਜਵਾਨੀ ਦੇ ਮੂਹਰੇ ਨਿਸ਼ਾਨਾ ਹੈ ਇਸ ਵਿਸ਼ਾਲ ਏਕਤਾ ਨੂੰ ਹੁਲਾਰਾ ਦੇਣ ਦਾ, ਪਿਛਾਖੜ ਅਤੇ ਪਛੜੇਵੇਂ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦਾ; ਜੇਲ੍ਹਾਂ ਅਤੇ ਦਹਿਸ਼ਤ ਅਤੇ ਭ੍ਰਿਸ਼ਟਾਚਾਰੀ ਦੇ ਵਰਤਮਾਨ ਦਾ ਸਫ਼ਾਇਆ ਕਰ ਦੇਣ ਦਾ।

ਸਪੇਨ ਦੀ ਨੌਜਵਾਨੀ ਸਾਡੀ ਆਸ ਹੈ। ਮੈਨੂੰ ਭਰੋਸਾ ਹੈ ਕਿ ਉਹ ਇਹ ਰਾਹ ਅਪਣਾਉਣਗੇ, ਉਨ੍ਹਾਂ ਨੇ ਹੁਣ ਇਹ ਰਾਹ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਇਕੋ ਇਕ ਰਾਹ ਜੋ ਸਾਧਾਰਣ ਮਨੁੱਖਾਂ ਨੂੰ ਸੂਰਮੇ ਬਣਾ ਦਿੰਦਾ ਹੈ, ਜੋ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇ, ਨਵੀਂ ਦੁਨੀਆਂ ਦੇ ਸਿਰਜਣਹਾਰੇ ਬਣਾ ਦਿੰਦਾ ਹੈ : ਇਹ ਰਾਹ ਹੈ ਜਮਹੂਰੀਅਤ, ਅਮਨ ਅਤੇ ਸਮਾਜਵਾਦ ਲਈ ਸੰਗਰਾਮ ਦਾ ਰਾਹ।

•••••



ਸਪੇਨ ਦੀ ਪ੍ਰਮੁੱਖ ਕਮਿਊਨਿਸਟ ਆਗੂ ਡੋਲੋਰਸ ਇਬਾਰੂਰੀ, ਜੋ ਆਪਣੇ ਕਲਮੀ ਨਾਂਅ ਲਾ ਪੈਸੀਓਨਾਰੀਆ ਵਜੋਂ ਪ੍ਰਸਿੱਧ ਸੀ, ਦੀ ਸਵੈ-ਜੀਵਨੀ **"ਫਾਸ਼ੀਵਾਦ ਨੂੰ ਵੰਗਾਰ"**, ਖ਼ਾਨਾਜੰਗੀ ਤੋਂ ਪਹਿਲਾਂ ਦੇ ਸਪੇਨ ਦੇ ਆਰਥਕ-ਸਮਾਜੀ ਹਾਲਾਤ ਦਾ ਅਤੇ ਸਪੇਨ ਦੀ ਤਿੰਨ ਵਰ੍ਹੇ ਲੰਮੀ ਖ਼ਾਨਾਜੰਗੀ (1936-39) ਦਾ ਇਕ ਜਾਣਕਾਰੀ ਭਰਪੂਰ ਇਤਿਹਾਸਕ ਦਸਤਾਵੇਜ਼ ਹੈ। ਸਵੈ-ਜੀਵਨੀ 'ਚ, ਖ਼ਾਨਾਜੰਗੀ ਦੌਰਾਨ ਸਰਗਰਮ ਰਹੀਆਂ ਵੱਖ-ਵੱਖ ਤਾਕਤਾਂ—ਸਪੇਨ ਦੀਆਂ ਕੁਲ ਸਿਆਸੀ ਤਾਕਤਾਂ, ਖ਼ਾਸ ਕਰਕੇ ਯੂਰਪ ਦੇ ਕੁਝ ਦੇਸ਼ਾਂ ਦੀਆਂ ਅਖੌਤੀ ਸਮਾਜਵਾਦੀ ਤਾਕਤਾਂ-ਦੀ ਭੂਮਿਕਾ ਅਤੇ ਯੂਰਪ ਦੀਆਂ ਮੁੱਖ ਬੁਰਜੂਆ ਜਮਹੂਰੀਅਤਾਂ ਦੀ ਇਤਿਹਾਸਕ ਭੂਮਿਕਾ ਨੂੰ ਡੋਲੋਰਸ ਨੇ ਜਿਵੇਂ ਤੱਥਾਂ ਦੇ ਅਧਾਰ 'ਤੇ ਅਤੇ ਖੁੱਲ੍ਹੇ ਮਨ ਨਾਲ ਬਿਆਨ ਕੀਤਾ ਹੈ ਅਜਿਹੀ ਬੇਬਾਕੀ ਤੇ ਸਪਸ਼ਟਤਾ ਬਹੁਤ ਘੱਟ ਲਿਖਤਾਂ 'ਚ ਦੇਖਣ ਨੂੰ ਮਿਲਦੀ ਹੈ।

ਸਪੇਨ ਦੀ ਕਮਿਊਨਿਸਟ ਪਾਰਟੀ ਤਾਨਾਸ਼ਾਹ ਫਰਾਂਕੋ ਦੀਆਂ ਤਾਕਤਾਂ ਅਤੇ ਇਸ ਦੀਆਂ ਹਮਾਇਤੀ ਨਾਜ਼ੀ ਤੇ ਇਤਾਲਵੀ ਧਾੜਵੀ ਫ਼ੌਜਾਂ ਵਿਰੁੱਧ ਲੋਕ ਟਾਕਰੇ ਦੀ ਮੁੱਖ ਤਾਕਤ ਸੀ ਜਿਸਨੇ ਖ਼ਾਨਾਜੰਗੀ ਵਿਰੁੱਧ ਲੋਕ ਮੁਹਾਜ਼ ਨੂੰ ਉਸਾਰਨ 'ਚ ਵੱਡੀ ਭੂਮਿਕਾ ਨਿਭਾਈ। ਡੋਲੋਰਸ ਇਬਾਰੂਰੀ ਸਪੇਨ ਦੇ ਲੋਕਾਂ ਦੇ ਇਸ ਬਹਾਦਰ ਟਾਕਰੇ ਦੇ ਪ੍ਰਮੁੱਖ ਆਗੂਆਂ 'ਚੋਂ ਇਕ ਅਤੇ ਇਸ ਦੀ ਨਾਇਕਾ ਸੀ। ਇਹ ਸਵੈ-ਜੀਵਨੀ ਇਕ ਖਾਣ ਮਜ਼ਦੂਰ ਦੀ ਧੀ ਦੇ ਕਮਿਊਨਿਸਟ ਵੀਰਾਂਗਣਾ ਅਤੇ ਅੰਤ ਕੌਮਾਂਤਰੀ ਪ੍ਰਸਿੱਧੀ ਵਾਲੀ ਕਮਿਊਨਿਸਟ ਆਗੂ ਬਣਕੇ ਉੱਭਰਨ ਦੇ ਸੰਗਰਾਮੀ ਅਮਲ ਦੀ ਗਾਥਾ ਹੈ। ਜਿਸ ਨੇ ਸਪੇਨ ਦੇ ਭਵਿੱਖ ਦੀ ਸਿਰਜਣਾ 'ਚ ਲੋਕਾਂ ਦੀ ਤਾਕਤ ਨੂੰ ਹਮੇਸ਼ਾ ਕੁੰਜੀ ਸਮਝਿਆ ਅਤੇ ਲੋਕਾਂ ਦੀ ਜਿੱਤ 'ਚ ਉਸ ਨੂੰ ਲੋਹੜੇ ਦਾ ਅਡੋਲ ਭਰੋਸਾ ਸੀ ਜੋ ਆਖ਼ਰੀ ਸਾਹਾਂ ਤੱਕ ਕਾਇਮ ਰਿਹਾ।

ਸਪੇਨ ਦੀ ਖ਼ਾਨਾਜੰਗੀ 'ਚ ਗਣਰਾਜਵਾਦੀ ਤਾਕਤਾਂ ਦੀ ਹਾਰ ਹੋਣ 'ਤੇ 1939 'ਚ ਡੋਲੋਰਸ ਸਪੇਨ ਛੱਡਕੇ ਸੋਵੀਅਤ ਯੂਨੀਅਨ ਚਲੀ ਗਈ। ਉਹ ਚਾਲੀ ਸਾਲ ਜਲਾਵਤਨੀ 'ਚ ਰਹੀ। ਉਸ ਦੇ ਇਕੋ ਇਕ ਬੇਟੇ ਰੂਬਿਨ ਨੇ ਖ਼ਾਨਾਜੰਗੀ 'ਚ ਹਿੱਸਾ ਲਿਆ ਅਤੇ ਹਜ਼ਾਰਾਂ ਲੜਾਕੂਆਂ ਸਮੇਤ ਉਸ ਨੂੰ ਵੀ ਸਪੇਨ ਛੱਡਣਾ ਪਿਆ। ਬਾਦ 'ਚ ਉਹ 1942 'ਚ ਸਟਾਲਿਨਗ੍ਰਾਡ ਦੀ ਰਾਖੀ ਲਈ ਜੂਝਦਿਆਂ ਮਾਰਿਆ ਗਿਆ। ਡੋਲੋਰਸ 1944 ਤੋਂ ਲੈ ਕੇ 1960 ਤੱਕ ਸਪੇਨ ਦੀ ਕਮਿਊਨਿਸਟ ਪਾਰਟੀ ਦੀ ਜਨਰਲ ਸਕੱਤਰ ਰਹੀ। ਇਸ ਸਮੇਂ ਤੋਂ ਲੈ ਕੇ ਅੰਤਮ ਸਾਹ ਤੱਕ ਉਹ ਪਾਰਟੀ ਪ੍ਰਧਾਨ ਦੇ ਆਨਰੇਰੀ ਅਹੁਦੇ ਦੀ ਜ਼ਿੰਮੇਵਾਰੀ ਨਿਭਾਉਂਦੀ ਰਹੀ।

ਜਦੋਂ ਸਪੇਨ ਦੀ ਕਮਿਊਨਿਸਟ ਪਾਰਟੀ ਨੇ ਉਸ ਦੀ ਅਗਵਾਈ ਹੇਠ ਪਾਰਟੀ ਪ੍ਰੋਗਰਾਮ ਵਿਚੋਂ ਲੈਨਿਨਵਾਦ ਦੀ ਕੌਮਾਂਤਰੀ ਤੌਰ 'ਤੇ ਪ੍ਰਵਾਨਤ ਧਾਰਨਾ ਨੂੰ ਹਟਾਕੇ 'ਯੂਰੋ ਕਮਿਊਨਿਜ਼ਮ' ਦਾ ਵਿਵਾਦਮਈ ਸਿਧਾਂਤ ਅਪਨਾ ਲਿਆ ਤਾਂ ਕਮਿਊਨਿਸਟ ਲਹਿਰ 'ਚ ਕਾਫ਼ੀ ਵਾਦ-ਵਿਵਾਦ ਵੀ ਪੈਦਾ ਹੋਇਆ। 1967 'ਚ ਜਦੋਂ ਸੋਵੀਅਤ ਯੂਨੀਅਨ ਨੇ ਚੈਕੋਸਲੋਵਾਕੀਆ 'ਤੇ ਹਮਲਾ ਕੀਤਾ ਤਾਂ ਉਸ ਨੇ ਇਸ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕੀਤੀ।

ਸਪੇਨੀ ਲੋਕਾਂ 'ਚ ਡੋਲੋਰਸ ਐਨੀ ਹਰਮਨਪਿਆਰੀ ਸੀ ਕਿ ਜਦੋਂ 40 ਸਾਲ ਜਲਾਵਤਨ ਰਹਿਕੇ 1977 'ਚ ਸਪੇਨ ਵਾਪਸ ਮੁੜੀ ਤਾਂ 81 ਸਾਲ ਦੀ ਉਮਰ 'ਚ ਉਹ ਮੁੜ ਸਪੇਨ ਦੀ ਸੰਸਦ ਲਈ ਡਿਪਟੀ ਚੁਣੀ ਗਈ। 12 ਨਵੰਬਰ 1989 ਨੂੰ ਮੈਡਰਿਡ 'ਚ ਉਸ ਦਾ ਦੇਹਾਂਤ ਹੋ ਗਿਆ।

-ਅਨੁਵਾਦਕ

5 ਆਬ ਪ੍ਰਕਾਸ਼ਨ, ਜਲੰਧਰ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com www.5aabparkashan.com
200/-